1.
**ਮੇਰੀ ਵੀ ਸੁਣੋ-ਬਲਬੀਰ ਮੋਮੀ**

ਬੜੀ ਦੇਰ ਤੋਂ ਦੋਸਤ ਕਹਿ ਰਹੇ ਸਨ ਕਿ ਮੈਂ ਕਹਾਣੀਆਂ, ਨਾਵਲ, ਡਰਾਮੇ ਲਿਖਣ ਤੋਂ ਇਲਾਵਾ ਖੋਜ, ਸੰਪਾਦਕੀ ਅਤੇ ਅਨੁਵਾਦ ਦਾ ਕਾਫੀ ਕੰਮ ਕੀਤਾ ਹੈ। ਉਮਰ ਦਾ ਵਡਾ ਹਿੱਸਾ ਲੇਖਕਾਂ ਦੀ ਦੁਨੀਆ ਵਿਚ ਹੰਢਾਇਆ ਹੈ। ਕਈ ਦੇਸ਼ਾਂ ਦਾ ਰਟਨ ਕੀਤਾ ਹੈ। ਹਜ਼ਾਰਾਂ ਲੋਕਾਂ ਵਿਚ ਵਿਚਰਿਆ ਹਾਂ। ਪਿੰਡਾਂ, ਸ਼ਹਿਰਾਂ, ਕੈਨੇਡਾ, ਅਮਰੀਕਾ ਆਦਿ ਮੁਲਕਾਂ ਦਾ ਜੀਵਨ ਵੇਖਿਆ ਹੈ। ਕਈ ਕਿਸਮ ਦੇ ਚੰਗੇ ਮਾੜੇ ਲੋਕਾਂ ਵਿਚ ਵਿਚਰਿਆ ਹਾਂ। ਅਨੇਕਾਂ ਕੌੜੇ ਮਿਠੇ ਤਜਰਬੇ ਹੋਏ ਹਨ। ਭਾਰਤ ਅਤੇ ਕੈਨੇਡਾ ਵਿਚ ਕਈ ਜ਼ਿੰਮੇਵਾਰੀ ਵਾਲੀਆਂ ਸਰਕਾਰੀ ਨੌਕਰੀਆਂ ਕੀਤੀਆਂ ਹਨ। ਕਈ ਸਰਕਾਰੀ ਤੇ ਗੈਰ ਸਰਕਾਰੀ ਇਨਾਮ ਹਾਸਲ ਕੀਤੇ ਹਨ। ਇਹ ਸਭ ਤਾਂ ਜ਼ਿੰਦਗੀ ਦਾ ਇਕ ਪਾਸਾ ਸਨ। ਮੈਨੂੰ ਕਿਸੇ ਹੋਰ ਪਾਸੇ ਵੀ ਝਾਤ ਮਾਰਨੀ ਚਾਹੀਦੀ ਹੈ ਅਤੇ ਕੁਝ ਹਟ ਕੇ ਨਵਾਂ ਲਿਖਣਾ ਚਾਹੀਦਾ ਹੈ। ਇਹ ਸੁਝਾ ਦੇਣ ਵਾਲਿਆਂ ਵਿਚ ਬਹੁਤ ਸਾਰੇ ਅਦਬੀ ਲੋਕ ਵੀ ਸਨ।
ਮੈਂ ਸਭ ਨੂੰ ਧਿਆਨ ਨਾਲ ਸੁਣ ਰਿਹਾ ਸਾਂ ਅਤੇ ਸੋਚ ਰਿਹਾ ਸਾਂ ਕਿ ਕੀ ਕੀਤਾ ਜਾਵੇ। ਵੰਡ ਦੀ ਸੂਲ ਚੁਭੀ ਨੂੰ ਭਾਵੇਂ 60 ਸਾਲ ਤੋਂ ਉਤੇ ਹੋ ਗਏ ਸਨ ਪਰ ਓਸ ਦਾ ਦਰਦ ਦਿਲ ਵਿਚੋਂ ਅਜੇ ਵੀ ਨਹੀਂ ਜਾਂਦਾ ਸੀ। ਬਚਪਨ ਦੇ ਦਿਨ ਭੁਲਾਇਆਂ ਵੀ ਨਹੀਂ ਭੁਲਦੇ ਸਨ। ਵੰਡ ਵੇਲੇ ਪਾਕਿਸਤਾਨ ਛਡਣ ਦਾ ਦਰਦ ਅਤੇ ਮੁੜ ਵਸੇਬੇ ਦੀਆਂ ਤਕਲੀਫਾਂ ਦਾ ਦੁਖ ਹਰ ਵੇਲੇ ਸਤਾਉਂਦਾ ਰਹਿੰਦਾ ਸੀ।

ਭਾਵੇਂ ਦੋਵੇਂ ਮੁਲਕ ਆਪੋ ਆਪਣੀ ਹੋਂਦ ਨੂੰ ਬਰਾਬਰ ਕਾਇਮ ਰਖਦੇ ਅਗੇ ਵਧ ਰਹੇ ਸਨ ਪਰ ਲੋਕਾਂ ਦੀ ਸਾਂਝ ਵਧਾਉਣ ਲਈ ਹੋਰ ਕਦਮ ਪੁਟਣ ਦੀ ਲੋੜ ਸੀ। ਲਿਖਾਰੀ ਅਤੇ ਸਕਾਫਤੀ ਗਤੀ ਵਿਧੀਆਂ ਵਾਲੇ ਕਲਾਕਾਰ ਇਹ ਵਿਥਾਂ ਪੂਰਨ ਲਈ ਕੰਮ ਕਰ ਰਹੇ ਸਨ। ਆਪਣਾ ਹਿੱਸਾ ਪਾਣ ਲਈ ਮੈਂ ਸੋਚ ਸੋਚ ਕੇ ਆਪਣੀ ਸਵੈ ਜੀਵਨੀ ਲਿਖਣ ਦਾ ਫੈਸਲਾ ਕੀਤਾ। ਸਵੈ ਜੀਵਨੀ ਲਿਖਣ ਵਿਚ ਵਡੀ ਔਕੜ ਸੀ ਸੱਚ ਲਿਖਣਾ ਜੋ ਬਹੁਤ ਕੌੜਾ ਲਗਦਾ ਹੈ ਅਤੇ ਝੂਠ ਲਿਖਣ ਨੂੰ ਮਨ ਨਹੀਂ ਮੰਨਦਾ ਸੀ। ਬੜਾ ਸਾਰਾ ਹੌਸਲਾ ਕਰ ਕੇ ਕਲਮ ਚੁਕੀ ਅਤੇ ਆਪਣੀ ਜੀਵਨੀ ਲਿਖਣੀ ਸ਼ੁਰੂ ਕਰ ਦਿਤੀ ਜੋ ਖਬਰਨਾਮਾ ਵੀਕਲੀ ਵਿਚ ਕਿਸ਼ਤਵਾਰ ਛਪਣੀ ਸ਼ੁਰੂ ਹੋ ਗਈ। ਇਸ ਵਿਚ ਸੋਸੀਓ-ਕਲਚਰਲ ਜਾਣਕਾਰੀ ਨਾਲ ਭਰਪੂਰ ਅਜੇ ਕੁਝ ਕਿਸ਼ਤਾਂ ਹੀ ਛਪੀਆਂ ਸਨ ਕਿ ਸਾਹਿਤ ਦੀ ਇਸ ਵਿਧਾ ਨੂੰ ਸਲਾਹੁਣ ਵਾਲੇ ਪਾਠਕਾਂ ਦੇ ਦੂਰ ਦੂਰ ਅਤੇ ਕਈ ਦੇਸ਼ਾਂ ਵਿਚੋਂ ਫੋਨ ਆਉਣ ਲੱਗੇ। ਸਭ ਦੀ ਮੰਗ ਸੀ ਕਿ ਇਸ ਸਵੈ ਜੀਵਨੀ ਨੂੰ ਕਿਤਾਬੀ ਸ਼ਕਲ ਦਿਤੀ ਜਾਵੇ। ਹਾਲੇ ਇਸ ਦੀਆਂ 49 ਕਿਸ਼ਤਾਂ ਹੀ ਛਪੀਆਂ ਸਨ ਕਿ ਆਸਫ ਰਜ਼ਾ ਨੇ ਲਾਹੌਰ ਤੋਂ ਫੋਨ ਕਰ ਕੇ ਅਤੇ ਈਮੇਲ ਭੇਜ ਕੇ ਇਹ ਸੁਪਨਾ ਸੱਚ ਕਰ ਦਿਤਾ ਕਿ ਉਸ ਨੇ ਇਸ ਨੂੰ ਸ਼ਾਹਮੁਖੀ ਵਿਚ ਬਦਲ ਕੇ ਤਿਕਾਬੀ ਰੂਪ ਵਿਚ ਛਾਪਣ ਲਈ ਮੌਸੂਦਾ ਤਿਆਰ ਵੀ ਕਰ ਲਿਆ ਏ। ਇਹਨਾਂ ਹੀ ਦਿਨਾਂ ਵਿਚ ਇਕ ਹੋਰ ਸੁਪਨਾ ਸੱਚ ਹੋ ਗਿਆ ਕਿ ਪਾਕਿਸਤਾਨ ਅਕੈਡਮੀ ਆਫ ਲੈਟਰਜ਼ ਨੇ ਮੈਨੂੰ ਕੈਨੇਡਾ ਤੋਂ ਆਣ ਜਾਣ ਦਾ ਹਵਾਈ ਜਹਾਜ਼ ਦਾ ਟਿਕਟ ਅਤੇ ਰਹਿਣ ਸਹਿਣ ਦੇ ਖਰਚੇ ਸਮੇਤ ਪਾਕਿਸਤਾਨ ਸਰਕਾਰ ਵੱਲੋਂ ਇਸਲਾਮਾਬਾਦ ਵਿਚ ਹੋ ਰਹੀ ਇੰਟਰਨੈਸ਼ਨਲ ਕਾਨਫਰੰਸ ਆਨ "ਸੂਫਇਜ਼ਮ ਅਤੇ ਪੀਸ" ਦੇ ਡੈਲੀਗੇਟ ਵਜੋਂ ਸੱਦਾ ਘੱਲ ਦਿਤਾ ਤੇ ਮੈਨੂੰ ਪਾਕਿਸਤਾਨ ਆਣ ਦਾ ਫਖਰ ਹਾਸਲ ਹੋਇਆ। ਇਸ ਤੋਂ ਇਲਾਵਾ ਟਰਾਂਟੋ ਵਿਚ ਪਾਕਿਸਤਾਨ ਦੇ ਡਿਪਟੀ ਕੌਂਸਲ ਜਨਰਲ ਜਨਾਬ ਆਸਿਮ ਜੀ ਨੇ ਮੈਨੂੰ ਪਾਕਿਸਤਾਨ ਦਾ ਤਿੰਨ ਮਹੀਨੇ ਦਾ ਖੁਲ੍ਹਾ ਵੀਜ਼ਾ ਦੇ ਕੇ ਬੜੀ ਫਰਾਖਦਿਲੀ ਦਾ ਸਬੂਤ ਦਿਤਾ ਕਿ ਮੈਂ "ਸੂਫਇਜ਼ਮ ਅਤੇ ਅਮਨ" ਦੇ ਦੂਤ ਦਾ ਰੋਲ ਨਿਭਾਂਦਿਆਂ ਸੰਸਾਰ ਸ਼ਾਂਤੀ ਦੀ ਖੈਰ ਮੰਗਾਂ ਤੇ ਪਾਵਾਂ। ਕਰਾਚੀ ਨਾਲ ਸਬੰਧਤ ਜਨਾਬ ਅਸ਼ਫਾਕ ਹੁਸੈਨ ਜੋ ਪਿਛਲੇ 25 ਸਾਲਾਂ ਤੋਂ ਮੇਰੇ ਦੋਸਤ ਹਨ ਨੇ ਕਿਤਾਬ ਛਪਵਾਣ ਵਿਚ ਹੋਰ ਵੀ ਹਲਾਸ਼ੇਰੀ ਦਿਤੀ। ਮੈਂ ਆਪਣੇ 35 ਸਾਲ ਪੁਰਾਣੇ ਦੋਸਤ ਫਖਰ ਜ਼ਮਾਨ ਦਾ ਵੀ ਬੜਾ ਮਸ਼ਕੂਰ ਹਾਂ ਕਿ ਉਹਨਾਂ ਨੇ ਬਹੁਤ ਪੁਰਾਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਮੈਨੂੰ 1975 ਤੋਂ ਬਾਅਦ ਫਿਰ ਪਾਕਿਸਤਾਨ ਦੀ ਧਰਤੀ ਦੇ ਦਰਸ਼ਨ ਕਰਨ ਦਾ ਸਬੱਬ ਬਖਸ਼ਿਆ। ਮੈਂ ਪਿੰਡ ਬੁਰਜ ਕਲਾਂ ਜ਼ਿਲਾ ਕਸੂਰ ਦੇ ਵਾਸੀ ਆਪਣੇ ਦੋਸਤ ਪ੍ਰਸਿਧ ਵਕੀਲ ਮੁਹੰਮਦ ਨਵਾਜ਼ ਦਾ ਵੀ ਬੜਾ ਸ਼ੁਕਰਗਜ਼ਾਰ ਹਾਂ ਜਿਨ੍ਹਾਂ ਮੇਰੀ 1961 ਅਤੇ ਫਿਰ 1962 ਦੀ ਪਾਕਿਸਤਾਨ ਫੇਰੀ ਵੇਲੇ ਮਹਿਮਾਨ ਨਿਵਾਜ਼ੀ, ਮੁਹਬਤ ਅਤੇ ਖਲੂਸ ਨਾਲ ਸਰਸ਼ਾਰ ਕੀਤਾ ਕਿ ਜੋ ਸਾਰੀ ਹਯਾਤੀ ਨਹੀਂ ਭੁਲਿਆ। ਕੁਝ ਦਿਨ ਪਹਿਲਾਂ 49 ਸਾਲਾਂ ਬਾਅਦ ਜਦ ਮੈਂ ਕੈਨੇਡਾ ਤੋਂ ਉਹਨਾਂ ਨੂੰ ਫੋਨ ਕੀਤਾ ਤਾਂ ਪੰਜ ਦਹਾਕੇ ਲੰਘਣ ਬਾਅਦ ਵੀ ਨਵਾਜ਼ ਦੇ ਦਿਲ ਵਿਚ ਪਿਆਰ ਦੇ ਸਾਰੇ ਜਜ਼ਬੇ ਪਹਿਲਾਂ ਵਾਂਗ ਹੀ ਕਾਇਮ ਸਨ। ਮੈਂ ਜਨਾਬ ਜਾਵੇਦ ਸਲੀਮ ਸਾਹਿਬ ਦਾ ਵੀ ਬੜਾ ਮਸ਼ਕੂਰ ਹਾਂ ਜਿਨ੍ਹਾਂ ਨੇ ਬੜੇ ਪਿਆਰ ਨਾਲ ਇਸ ਕਿਤਾਬ ਨੂੰ ਤੁਹਾਡੇ ਹਥਾਂ ਤੀਕ ਅਪੜਾਣ ਲਈ ਬੜੀ ਮਿਹਨਤ ਕੀਤੀ।
ਮੈਂ ਆਪਣੀ ਜੀਵਨੀ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਵੰਡ ਤੋਂ ਪਹਿਲਾਂ ਦਾ ਪੰਜਾਬ, ਵੰਡ ਤੋਂ ਪਿਛੋਂ ਦਾ ਪੰਜਾਬ ਅਤੇ ਕੈਨੇਡਾ ਵਿਚ ਪੰਜਾਬ। ਤਿੰਨ ਹਿੱਸਿਆਂ ਵਿਚੋਂ ਪਹਿਲਾ ਹਿੱਸਾ ਤੁਹਾਡੀ ਖਿਦਮਤ ਵਿਚ ਹਾਜ਼ਰ ਹੈ। ਮਿਹਰਬਾਨੀ ਕਰ ਕੇ ਕਬੂਲ ਕਰਨਾ।
ਮੁੜ ਮਿਲਣ ਦੀ ਤਾਂਘ ਵਿਚ

ਬਲਬੀਰ ਸਿੰਘ ਮੋਮੀ-ਕੈਨੇਡਾ
ਫੋਨ: 416-949-0706

2.
ਵੱਲੋਂ: ਕੁਲਵੰਤ ਭਟੋਆ

ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਦੇ ਮਸ਼ਹੂਰ ਲੇਖਕ ਤੇ ਪਤਰਕਾਰ ਸ. ਬਲਬੀਰ ਸਿੰਘ ਮੋਮੀ ਦੀ ਬੜੀ ਮਿਹਨਤ ਤੇ ਸ਼ਿਦਤ ਨਾਲ ਤਿਆਰ ਕੀਤੀ ਪੁਸਤਕ "ਕਿਹੋ ਜਿਹਾ ਸੀ ਜੀਵਨ?" ਛਾਪੀ ਜਾ ਰਹੀ ਹੈ। ਹਰ ਕਮਿਉਨਿਟੀ ਵਿਚ ਕੁਝ ਐਸੇ ਬੁਧੀਜੀਵੀ ਲੋਕ ਹੁੰਦੇ ਹਨ ਜੋ ਉਸ ਕਮਿਉਨਿਟੀ ਨੂੰ ਸਹੀ ਦਿਸ਼ਾ ਦੇਣ ਲਈ ਸਮੇਂ ਸਮੇਂ ਅਨੁਸਾਰ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਭਾਵੇਂ ਉਹ ਕਿਸੇ ਵੀ ਖੇਤਰ ਵਿਚ ਹੋਵੇ, ਹਰ ਖੇਤਰ ਦੀ ਆਪਣੀ ਇਕ ਅਹਿਮੀਅਤ ਤੇ ਮਹਤਤਾ ਹੁੰਦੀ ਹੈ। ਸਰਦਾਰ ਬਲਬੀਰ ਸਿੰਘ ਮੋਮੀ ਜੀ ਇਕ ਉਹ ਸ਼ਖਸੀਅਤ ਹਨ ਜਿਨ੍ਹਾਂ ਬਾਰੇ ਕੁਝ ਕਹਿਣਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੋਵੇਗੀ। ਮੈਂ ਆਪ ਦੀ ਸ਼ਖਸੀਅਤ ਬਾਰੇ ਵਾਕਿਫ ਤਾਂ ਉਦੋਂ ਤੋਂ ਹਾਂ ਜਦੋਂ ਮੈਂ ਇੰਡੀਆ ਵਿਚ ਰਹਿੰਦਾ ਸਾਂ ਕਿਉਂਕਿ ਪੰਜਾਬੀ ਦੇ ਕੁਝ ਉਘੇ ਲੇਖਕਾਂ ਨਾਲ ਮੇਰੇ ਬਹੁਤ ਨਜ਼ਦੀਕੀ ਸਬੰਧ ਹਨ ਤੇ ਅਕਸਰ ਆਪ ਜੀ ਦਾ ਜ਼ਿਕਰ ਹੁੰਦਾ ਰਹਿੰਦਾ ਸੀ। ਕੈਨੇਡਾ ਆਇਆ ਤਾਂ ਮੈਨੂੰ ਤਕਰੀਬਨ ਦਸ ਸਾਲ ਦਾ ਸਮਾਂ ਹੋ ਚੁਕਾ ਹੈ ਪਰ ਆਪ ਨਾਲ ਰੂਬਰੂ ਹੋਣ ਅਤੇ ਜਾਨਣ ਦਾ ਮੌਕਾ ਕੁਝ ਦੇਰ ਪਹਿਲਾਂ ਹੀ ਹੋਇਆ ਹੈ।
ਆਪ ਦੀ ਕਲਮ ਕੋਈ ਸਾਧਾਰਨ ਕਲਮ ਨਹੀਂ ਹੈ। ਆਪ ਨੂੰ ਪੜ੍ਹ ਕੇ ਸੋਚਣ ਲਈ  ਮਜਬੂਰ ਹੋਣਾ ਆਪ ਦੀ ਕਲਮ ਦੀ ਵਡੀ ਖਾਸੀਅਤ ਹੈ।
ਆਪ ਦੇ ਵਿਅੰਗ ਮਈ ਲੇਖਾਂ ਵਿਚ ਰਾਜਨੀਤਿਕ, ਸਮਾਜਿਕ, ਸਭਿਆਚਾਰਕ ਆਦਿ ਬੁਰਿਆਈਆਂ ਨੂੰ ਬੜੇ ਹਲਕੇ ਫੁਲਕੇ ਢੰਗ ਨਾਲ ਚੋਟ ਕਰ ਕੇ ਸਮਾਜ ਵਿਚ ਚਾਨਣ ਅਤੇ ਸੁਧਾਰ ਲਿਆਉਣ ਦੀ ਕੋਸ਼ਿਸ਼ ਹੁੰਦੀ ਹੈ। ਆਪ ਉਹ ਸ਼ਖਸੀਅਤ ਹਨ ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ, ਸਾਹਿਤ ਅਤੇ ਪਤਰਕਾਰੀ ਦੀ ਦੁਨੀਆ ਵਿਚ ਨਵੇਕਲਾ ਸਥਾਨ ਬਣਾਇਆ ਹੈ। ਆਪ ਭਿੰਨ ਭਿੰਨ ਵਿਸ਼ਿਆਂ ਤੇ ਦੋ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁਕੇ ਹਨ ਜਿਨ੍ਹਾਂ ਨੂੰ ਲੋਕਾਂ ਵਲੋਂ ਬਹੁਤ ਪਸੰਦ ਕੀਤਾ ਗਿਆ ਹੈ ਅਤੇ ਆਪ ਜੀ ਦੇ ਪਾਠਕਾਂ ਦਾ ਘੇਰਾ ਬਹੁਤ ਵਿਸ਼ਾਲ ਹੈ।
ਮੈਨੂੰ ਪੂਰਾ ਵਿਸ਼ਵਾਸ਼ ਹੈ ਕਿ ਆਪ ਦੀ ਇਹ ਨਵੀਂ ਪੁਸਤਕ ਜੋ ਸਵੈਜੀਵਨੀ ਦੇ ਰੂਪ ਵਿਚ ਸ਼ਾਹਮੁਖੀ ਅਤੇ ਗੁਰਮਖੀ ਵਿਚ ਛਪ ਰਹੀ ਹੈ, ਨੂੰ ਵੀ ਓਨਾ ਹੀ ਪਿਆਰ ਅਤੇ ਹੁੰਗਾਰਾ ਮਿਲੇਗਾ ਜਿੰਨਾ ਆਪ ਜੀ ਦੀਆਂ ਪਹਿਲੀਆਂ ਪੁਸਤਕਾਂ ਨੂੰ ਮਿਲਿਆ ਅਤੇ ਮਿਲ ਰਿਹਾ ਹੈ।
ਇਸ ਵਿਚ ਕੋਈ ਅਤਿਕਥਨੀ ਨਹੀਂ ਹੈ ਜੇ ਮੈਂ ਇਹ ਕਹਾਂ ਕਿ ਆਪ ਦੇ ਮਨ ਅੰਦਰ ਇਕ ਅਥਾਹ ਸਮੁੰਦਰ ਹੈ ਤੇ ਉਸ ਵਿਚ ਕੀਮਤੀ ਮੋਤੀਆਂ ਦੀ ਆਮਦ ਸਮੇਂ ਸਮੇਂ ਅਨੁਸਾਸਨ ਹੁੰਦੀ ਰਹਿੰਦੀ ਹੈ ਅਤੇ ਉਹ ਕੀਮਤੀ ਮੋਤੀ ਆਪ ਪੰਜਾਬ ਅਤੇ ਪੰਜਾਬੀਅਤ ਦੀ ਝੋਲੀ ਪਾਉਂਦੇ ਰਹਿੰਦੇ ਹਨ।
ਅੰਤ ਵਿਚ ਮੇਰੀ ਵਾਹਿਗੁਰੂ ਅਗੇ ਏਹੀ ਅਰਦਾਸ ਹੈ ਕਿ ਤੁਸੀਂ ਹਮੇਸ਼ਾ ਮਾਂ ਬੋਲੀ ਦੀ ਸੇਵਾ ਕਰਦੇ ਰਹੋ ਅਤੇ ਆਪ ਦੀ ਕਲਮ ਅਤੇ ਸਿਹਤ ਨੂੰ ਵਾਹਿਗੁਰੂ ਚੜ੍ਹਦੀ ਕਲਾ ਵਿਚ ਰਖੇ।
ਕੁਲਵੰਤ ਭਟੋਆ, ਬਰੈਂਪਟਨ, ਕੈਨੇਡਾ

3.

ਕਿਨਾਤੀਸੀ ਸ਼ਖਸੀਅਤ-ਬਲਬੀਰ ਸਿੰਘ ਮੋਮੀ
ਪ੍ਰਿੰਸੀਪਲ ਪਾਖਰ ਸਿੰਘ ਡਰੋਲੀ

ਅਦਬੀ ਤੇ ਬੌਧਿਕ ਹਲਕਿਆਂ ਵਿਚ ਸਥਾਪਤ ਲੇਖਕ ਬਲਬੀਰ ਸਿੰਘ ਮੋਮੀ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ। ਕਲਮ ਦਾ ਧਨੀ ਇਹ ਲੇਖਕ ਬਹੁ-ਪਖੀ ਪ੍ਰਤਿਭਾ ਦਾ ਮਾਲਕ ਹੈ ਅਤੇ ਉਸ ਨੇ ਸਾਹਿਤਕ ਖੇਤਰ ਵਿਚ ਢੇਰ ਸਾਰੀਆਂ ਮੱਲਾਂ ਮਾਰੀਆਂ ਹਨ। ਨਾਵਲ, ਕਹਾਣੀ, ਨਾਟਕ, ਰੇਖਾ ਚਿਤਰ, ਆਲੋਚਨਾ, ਵਿਅੰਗ ਗੁਸਤਾਖੀ ਮੁਆਫ, ਖੋਜ, ਸੰਪਾਦਕੀ ਲੇਖ ਅਤੇ ਹੋਰਨਾਂ ਜ਼ਬਾਨਾਂ ਦੇ ਸੰਸਾਰ ਪ੍ਰਸਿਧ ਲੇਖਕਾਂ ਦੇ ਅਨੁਵਾਦ ਆਦਿ ਮਾਂ ਬੋਲੀ ਪੰਜਾਬੀ ਦੀ ਝੋਲੀ ਵਿਚ ਪਾ ਕੇ ਬਹੁਤ ਨਿਗਰ ਵਾਧਾ ਕੀਤਾ ਹੈ। ਵਡੀ ਗੱਲ ਇਹ ਵੀ ਹੈ ਕਿ ਇਹ ਲਿਖਤਾਂ ਮਾਨਵ ਪਿਆਰ ਨਾਲ ਓਤ ਪੋਤ ਹਨ।
ਫੁਲਾਂ ਵਾਂਗ ਦੁਨੀਆ ਦੀ ਖੁਸ਼ੀ ਉਸਦਾ ਮਕਸਦ ਹੈ। ਪੰਜਾਬੀ ਬੂਟੇ ਨੂੰ ਫਲਦਾ ਫੁਲਦਾ ਵੇਖਣ ਦਾ ਲੋਚਕ ਇਹ ਲਿਖਾਰੀ ਸੰਘਰਸ਼-ਸ਼ੀ ਅਤੇ ਕਿਰਿਆਸ਼ੀਲ ਜ਼ਿੰਦਗੀ ਬਸਰ ਕਰਨ ਵਿਚ ਵਿਸ਼ਵਾਸ਼ ਰਖਦਾ ਹੈ। ਇਸ ਪਖ ਤੋਂ ਨਿਮਨ ਲਿਖਤ ਸਤਰਾਂ ਉਸ ਤੇ ਪੂਰੀਆਂ ਢੁਕਦੀਆਂ ਹਨ:-

ਜ਼ਿੰਦਗੀ ਹੈ ਜੂਝਣਾ, ਜ਼ਿੰਦਗੀ ਹੈ ਲਿਸ਼ਕਣਾ
ਅੰਬਰ ਤੋਂ ਟੁਟਾ ਹਰ ਸਿਤਾਰਾ ਰਹਿ ਗਿਆ
ਪ੍ਰਸਿਧ ਰੂਸੀ ਲੇਖਕ ਚੈਖੋਵ ਆਦਿ ਦੀਆਂ ਨਿਮਨ ਸਤਰਾਂ ਨੂੰ ਮੋਮੀ ਹਰ ਸਮੇਂ ਦ੍ਰਿਸ਼ਟੀਗੋਚਰ ਰਖ ਕੇ ਜੀਵਨ ਚੰਗਿਆੜੀ ਨੂੰ ਭਖਦਿਆਂ ਰਖਣ ਵਿਚ ਵਿਸ਼ਵਾਸ਼ ਰਖਦਾ ਹੈ।
"ਸੂਰਜ ਦਿਨ ਵਿਚ ਦੋ ਵਾਰ ਨਹੀਂ ਚੜ੍ਹਦਾ ਤੇ ਜ਼ਿੰਦਗੀ ਦੋਬਾਰਾ ਨਹੀਂ ਮਿਲਦੀ। ਜੋ ਕੁਝ ਤੁਹਾਡੇ ਕੋਲ ਜ਼ਿੰਦਗੀ ਦਾ ਬਾਕੀ ਬਚਿਆ ਹੈ, ਘੁਟ ਕੇ ਫੜ ਲਵੋ ਤੇ ਇਸ ਦੀ ਰਖਿਆ ਕਰੋ ਅਤੇ ਜਵਾਨੀ ਦੇ ਦਿਨਾਂ ਵਿਚ ਆਪਣੀ ਪਤ ਦੀ ਰਾਖੀ ਕਰੋ"
ਮੋਮੀ ਨੂੰ ਪ੍ਰਮਾਤਮਾ ਵਿਚ ਅਥਾਹ ਵਿਸ਼ਵਾਸ਼ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਓਟ ਆਸਰਾ ਲੈ ਕੇ ਆਪਣੇ ਦੈਨਿਕ ਕਾਰਜ ਨੇਪਰੇ ਚਾੜ੍ਹਦਾ ਤੇ ਪ੍ਰਮਾਤਮਾ ਦਾ ਹਰ ਸਮੇਂ ਸ਼ੁਕਰਗੁਜ਼ਾਰ ਰਹਿੰਦਾ ਹੈ। ਕਥਨ ਹੈ, "ਟਿਬਿਆਂ ਵਾਂਗ ਨਾਸ਼ੁਕਰੇ ਨਾ ਬਣੋ ਜੋ ਮੀਂਹ ਦਾ ਪਾਣੀ ਤਾਂ ਪੀ ਜਾਂਦੇ ਨੇ ਪ੍ਰੰਤੂ ਸ਼ੁਕਰਗੁਜ਼ਾਰੀ ਦੀ ਹਰਿਆਵਲ ਕਦੇ ਵੀ ਪਰਗਟ ਨਹੀਂ ਕਰਦੇ।
ਮੇਰੇ ਗੂੜ੍ਹੇ ਮਿਤਰ ਬਲਬੀਰ ਮੋਮੀ ਦੀ ਉਮਰ ਭਾਵੇਂ 75 ਵਰ੍ਹਿਆਂ ਦੇ ਨੇੜੇ ਪੁਗ ਚੁਕੀ ਹੈ ਪ੍ਰਤੂੰ ਉਸ ਦਾ ਦਿਲ ਜਵਾਨ ਹੈ ਜਿਸ ਅਨੁਸਾਰ ਉਹ ਅਕਸਰ ਕਹਿੰਦਾ ਹੈ:-
"ਆਦਮੀ ਉਦੋਂ ਬੁੱਢਾ ਹੁੰਦਾ ਹੈ ਜਦੋਂ ਜੀਉਣ ਵਿਚ ਦਿਲਚਸਪੀ ਛਡ ਦੇਵੇ। ਜਦ ਉਸ ਦੀਆਂ ਤਾਂਘਾਂ ਤੇ ਸਧਰਾਂ ਮਰ ਜਾਂਦੀਆਂ ਹਨ ਤੇ ਉਹ ਮਹਾਨ ਸੁਪਨੇ ਲੈਣੇ ਛਡ ਦਿੰਦਾ ਹੈ।"
ਮੇਰੀ ਦੁਆ ਹੈ ਕਿ ਮੋਮੀ ਲੰਮੇਰੀ ਤੇ ਚੰਗੇਰੀ ਉਮਰ ਭੋਗੇ। ਉਸ ਦੀਆਂ ਵਡਮੁਲੀਆਂ ਰਚਨਾਵਾਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਅਥਾਹ ਸੇਵਾ ਕਰਦਿਆਂ ਮਾਨਵਤਾ ਦਾ ਪਥ ਪਰਦਰਸ਼ਨ ਕਰਦੀਆਂ ਰਹਿਣ।
ਮੇਰੀ ਇਹ ਵੀ ਲੋਚਾ ਹੈ ਕਿ ਉਸ ਦੀਆਂ ਰਚਨਾਵਾਂ ਨਵੇਂ ਦਿਸਹਦਿਓ ਤੀਕ ਪੁਜਣ, ਹਾਲੀਂ ਮੰਜ਼ਲ ਦੂਰ ਹੈ।
ਕਿਹੜਾ ਲਭ ਸਿਰਾ ਸਕਿਆਂ ਜ਼ਿੰਦਗੀ ਦੇ ਰਾਹਵਾਂ ਦਾ
ਹਰ ਪੜਾਅ ਸੁਨੇਹਾ ਹੈ, ਅਗਲਿਆਂ ਪੜਾਵਾਂ ਦਾ

4.
ਵੱਲੋਂ: ਜਰਨੈਲ ਸਿੰਘ ਜੋਸਨ
ਸਤਿਕਾਰ ਯੋਗ ਵਡੇ ਵੀਰ ਬਲਬੀਰ ਸਿੰਘ ਮੋਮੀ ਜੀ

ਮੈਨੂੰ ਜਦੋਂ ਇਹ ਪਤਾ ਲੱਗਾ ਕਿ ਤੁਹਾਡੀ ਨਵੀਂ ਪੁਸਤਕ "ਕਿਹੋ ਜਿਹਾ ਸੀ ਜੀਵਨ?" ਭਾਰਤ ਅਤੇ ਪਾਕਿਸਤਾਨ ਵਿਚ ਛਪ ਰਹੀ ਹੈ ਤਾਂ ਮੇਰੀ ਖੁਸ਼ੀ ਦੀ ਕੋਈ ਇੰਤਹਾ ਨਾ ਰਹੀ। ਇਸ ਕਿਤਾਬ ਵਿਚ ਜ਼ਿੰਦਗੀ ਦੀ ਸੱਚਾਈ ਅਤੇ ਅਖੀਂ ਦੇਖੇ ਹਿੰਦ ਪਾਕ ਵੰਡ ਦੇ ਉਜਾੜੇ ਦਾ ਦਿਲ ਟੁੰਬਵਾਂ ਅਤੇ ਹਡੀਂ ਹੰਢਾਇਆ ਹਾਲ ਹੈ। ਸੁਖੀ ਵਸਦੇ ਲੋਕ ਕਿਸ ਤਰ੍ਹਾਂ ਉਜੜ ਕੇ ਅਤੇ ਭਾਰੀ ਤਕਲੀਫਾਂ ਉਠਾ ਕੇ ਇਕ ਦੂਜੇ ਮੁਲਕ ਵਿਚ ਦੋਬਾਰਾ ਆਬਾਦ ਹੋਏ, ਦਾ ਹੰਢਾਇਆ ਬਿਆਨ ਕਰ ਕੇ ਦੋਹਾਂ ਮੁਲਕਾਂ ਦੀ ਸਾਂਝ ਦਾ ਵਰਨਣ ਜਿਸ ਤਰ੍ਹਾਂ ਤੁਹਾਡੀ ਕਲਮ ਨੇ ਕੀਤਾ ਹੈ, ਪੜ੍ਹ ਕੇ ਜਿਥੇ ਦਿਲ ਦੁਖੀ ਹੁੰਦਾ ਹੈ, ਓਥੇ ਤੁਹਾਡੀ ਲੇਖਣੀ ਲਈ ਵਾਹ ਵਾਹ ਵੀ ਆਪ ਮੁਹਾਰੀ ਦਿਲ ਵਿਚੋਂ ਫੁਟ ਫੁਟ ਪੈਂਦੀ ਹੈ ਜਿਸ ਲਈ ਤੁਸੀਂ ਵਧਾਈ ਦੇ ਪਾਤਰ ਹੋ। ਜੋ ਕਿ ਜ਼ਿੰਦਗੀ ਦੇ ਸ਼ੁਰੂ, ਜਵਾਨੀ ਫੁੱਟਣ ਤੋਂ ਲੈ ਕੇ ਅਜ ਵਡੇਰੀ ਉਮਰ ਤਕਰੀਬਨ ਸੱਤ ਦਹਾਕੇ ਹੰਢਾ ਚੁਕੀ ਜ਼ਿੰਦਗੀ ਵਿਚ ਓਸੇ ਤਰ੍ਹਾਂ ਨਿਰੰਤਰ ਚਾਲੂ ਹੈ।
ਹਿੰਦ ਪਾਕ ਦੀ ਵੰਡ ਨੇ ਜਿਥੇ ਦੋਹਾਂ ਮੁਲਕਾਂ ਦੀ ਵਿਥ ਪਾਈ, ਉਥੇ ਤੁਹਾਡੀ ਕਲਮ ਨੇ ਸਾਂਝ ਵਧਾਉਣ ਵਿਚ ਚੋਖਾ ਤੇ ਬਹੁਤ ਵਡਾ ਯੋਗਦਾਨ ਪਾਇਆ ਹੈ। ਮੈਂ ਤੁਹਾਡੇ ਤੋਂ ਹੋਰ ਆਸਮੰਦ ਹਾਂ। ਇਸ ਕਿਤਾਬ ਵਿਚ ਜ਼ਿੰਦਗੀ ਦੀ ਅਟਲ ਸਚਾਈ ਅਤੇ ਹਡ ਭਮਨਵੀਂ ਮਿਹਨਤ ਦਾ ਵਰਨਣ ਹੈ, ਉਥੇ ਦੂਜਿਆਂ ਲਈ ਮਿਹਨਤ ਕਰਨ ਦਾ ਪ੍ਰੇਰਣਾ ਸਰੋਤ ਵੀ ਹੈ।
ਮੈਂ ਤੁਹਾਡੀ ਇਸ ਸਵੈ ਜੀਵਨੀ ਨੂੰ ਅਖਬਾਰ ਰਾਹੀਂ ਪੜ੍ਹਿਆ ਅਤੇ ਮਹਿਸੂਸ ਕੀਤਾ ਕਿ ਕਿੰਨੀਆਂ ਵਡੀਆਂ ਵਡੀਆਂ ਮੁਸੀਬਤਾਂ ਝਲ ਕੇ ਹਿੰਦੂ ਸਿਖ ਅਤੇ ਮੁਸਲਮਾਨ ਵੀਰਾਂ ਨੇ ਇਕ ਦੂਜੇ ਦਾ ਪਿਆਰ ਹਮੇਸ਼ਾ ਲਈ ਛਡ ਕੇ ਮੁੜ ਨਾ ਮਿਲਣ ਸਕਣ ਦਾ ਸਦਮਾ ਸਹਿਣ ਕੀਤਾ। ਮੇਰੀਆਂ ਆਪ ਮੁਹਾਰੀਆਂ ਅਖਾਂ ਸੇਜਲ ਵਸ ਹੋ ਗਈਆਂ ਜੋਕਿ ਤੁਹਾਡੀ ਲੇਖਣੀ ਅਤੇ ਕਲਾ ਦਾ ਕਮਾਲ ਹੈ। ਮੇਰਾ ਜਨਮ ਤਾਂ ਇਸ ਵੰਡ ਵਿਚ ਹੀ 1946 ਵਿਚ ਹੋਇਆ ਸੀ ਅਤੇ ਮੈਂ ਬਹੁਤ ਛੋਟਾ ਸਾਂ।
ਅੰਤ ਵਿਚ ਮੈਂ ਆਸਮੰਦ ਹਾਂ ਅਤੇ ਮੇਰਾ ਯਕੀਨ ਵੀ ਹੈ ਕਿ ਇਹ ਕਿਤਾਬ ਦੋਹਾਂ ਮੁਲਕਾਂ ਭਾਵ ਹਿੰਦ ਪਾਕ ਸਾਂਝ ਵਧਾਉਣ ਵਿਚ ਸਹਾਈ ਹੋਵੇਗੀ ਅਤੇ ਨਫਰਤ ਦੀ ਕੰਧ ਟੁਟੇਗੀ। ਵਾਹਿਗੁਰੂ ਅਗੇ ਅਰਦਾਸ ਹੈ ਕਿ ਤੁਹਾਡੀ ਹੋਰ ਲੰਮੇਰੀ ਉਮਰ ਹੋਵੇ ਅਤੇ ਤੁਸੀਂ ਇਸੇ ਤਰ੍ਹਾਂ ਆਪਣੀ ਕਲਾਮਈ ਲੇਖਣੀ ਰਾਹੀਂ ਮਨੁਖਤਾ ਦੀ ਸੇਵਾ ਕਰਦੇ ਰਹੋ।
ਓਪ ਦਾ ਸ਼ੁਭ ਚਿੰਤਕ ਅਤੇ ਪਾਠਕ
ਜਰਨੈਲ ਸਿੰਘ ਜੋਸਨ

5.

ਧਰਤੀ ਤੇ ਆਕਾਸ਼ ਨਾਲ ਮੋਹ ਰੱਖਣ ਵਾਲਾ ਲੇਖਕ ਬਲਬੀਰ ਸਿੰਘ ਮੋਮੀ

ਹਰਚੰਦ ਸਿੰਘ ਬਾਸੀ ਐਮ. ਏ. ਬੀ. ਐਡ.

ਮਾਂ ਬੋਲੀ ਪੰਜਾਬੀ ਦੀ ਨਿਰੰਤਰ ਸੇਵਾ ਕਰਨ ਵਾਲਾ ਪ੍ਰੋਫੈਸਰ ਬਲਬੀਰ ਸਿੰਘ ਮੋਮੀ ਇਕ ਅਜਿਹਾ ਲੇਖਕ ਹੈ ਜੋ ਤਕਰੀਬਨ ਸੱਠ ਸਾਲ ਤੋਂ ਨਿਰੰਤਰ ਪੰਜਾਬੀ ਵਿਚ ਲਿਖਦਾ ਆ ਰਿਹਾ ਹੈ। ਚੌਦਾਂ ਪੰਦਰਾਂ ਸਾਲ ਦੀ ਉਮਰ ਤੋਂ ਕਲਮ ਚੁੱਕੀ ਅਤੇ ਆਪਣੀ ਕਲਮ ਨਾਲ ਅਜਿਹੀਆਂ ਸਾਹਿਤਕ ਵੰਨਗੀਆਂ ਪਾਠਕਾਂ ਲਈ ਲਿਖੀਆਂ ਜੋ ਸਾਹਿਤਕ ਪੱਖ ਤੋਂ ਅਤਿ ਸੁੰਦਰ ਅੱਤੇ ਸਲਾਹੁਣ ਯੋਗ ਹਨ। ਇਹ ਉਹ ਲੇਖਕ ਹੈ ਜਿਸ ਨੇ ਸੱਚ ਪਿੰਡੇ ਤੇ ਹੰਢਾਇਆ ਹੈ ਅਤੇ ਕੌੜੀਆਂ, ਕੁਸੈਲੀਆਂ, ਫਿੱਕੀਆਂ ਤੇ ਸਵਾਦਲੀਆਂ ਯਾਦਾਂ ਵਿਚੋਂ ਸੱਚ ਹੀ ਲੋਕਾਂ ਦੀ ਭੇਟ ਕੀਤਾ ਹੈ। ਸੁਕਦੇ ਦਰਿਆ ਦੀ ਤਰ੍ਹਾਂ ਕੰਢਿਆਂ ਤੇ ਘਾਟੀਆਂ ਨੂੰ ਖੋਰਦਾ ਉਹ ਆਪਣੀ ਤੋਰ ਤੁਰਿਆ ਹੈ। ਉਸ ਨੂੰ ਕਿਸੇ ਦੀ ਪ੍ਰਵਾਹ ਨਹੀਂ ਕਿ ਕੋਈ ਉਸ ਬਾਰੇ ਕੀ ਵਿਚਾਰ ਰੱਖਦਾ ਹੈ ਕਿਉਂਕਿ ਉਸ ਨੂੰ ਆਪਣੀ ਮੰਜ਼ਲ ਬਾਰੇ ਕੋਈ ਭੁਲੇਖਾ ਨਹੀਂ ਹੈ। ਇਹ ਚਾਹੇ ਸਾਹਿਤਕ ਹੈ ਜਾਂ ਜੀਵਨ ਦੀਆਂ ਦੁਸ਼ਵਾਰੀਆਂ ਦੀ। ਉਹ ਦੂਸਰੇ ਲੇਖਕਾਂ ਦਾ ਬੇਹੱਦ ਸਤਿਕਾਰ ਕਰਦਾ ਹੈ ਭਾਵੇਂ ਉਹਦੀ ਲੋਕ ਪ੍ਰਿਅਤਾ ਉਹਨਾਂ ਦੇ ਮਨਾਂ ਵਿਚ ਹਸਦ ਦੇ ਭਾਂਬੜ ਉਚੇ ਕਰਦੀ ਹੈ ਪਰ ਉਸਦਾ ਕਹਿਣਾ ਹੈ ਕਿ ਇਹ ਸਭ ਥੋੜ੍ਹ-ਚਿਰੀਆਂ ਅਵਸਥਾਵਾਂ ਹੁੰਦੀਆਂ ਹਨ। ਨਵੇ ਲੇਖਕਾਂ ਨੂੰ ਉਂਗਲੀ ਲਾ ਕੇ ਤੋਰ ਲੈਂਦਾ ਹੈ ਬੜੇ ਪਿਆਰ ਨਾਲ ਉਹਨਾਂ ਨੂੰ ਅੱਗੇ ਤੁਰਨ ਦੀ ਪ੍ਰੇਰਨਾ ਤੇ ਅਗਵਾਈ ਦਿੰਦਾ ਹੈ। ਉਸ ਦਾ ਵਿਸ਼ਾਲ ਹਿਰਦਾ, ਚੇਹਰੇ ਤੇ ਮੁਕਰਾਹਟ, ਪਾਰਦਰਸ਼ੀ ਨੀਝ, ਸੂਝ ਅਤੇ ਵਿਚਾਰਾਂ ਵਿੱਚ ਗੰਭੀਰਤਾ ਉਸ ਦੇ ਫਕੀਰੀ ਸੁਭਾਅ ਦੀ ਝਲਕ ਦਿੰਦੀ ਹੈ। ਉਸ ਦੀ ਲਿਖਣ ਸ਼ੈਲੀ ਏਨੀ ਜ਼ਿਆਦਾ ਰੌਚਕ ਹੈ ਕਿ ਪਾਠਕ ਇਕ ਵਾਰ ਉਸ ਦੀ ਕਿਸੇ ਰਚਨਾ ਨੂੰ ਪੜ੍ਹਨਾ ਸ਼ੁਰੂ ਕਰ ਲਵੇ ਤਾਂ ਬੰਦ ਕਰਨ ਨੂੰ ਜੀਅ ਨਹੀਂ ਕਰਦਾ। ਉਹ ਪਾਠਕ ਨੂੰ ਨਾਲ ਤੋਰ ਲੈਂਦਾ ਹੈ। ਵਾਕ ਬਣਤਰ ਇੰਨੀ ਸਰਲ, ਦਿਲਕਸ਼ ਅਤੇ ਸੁਆਦਲੀ ਹੁੰਦੀ ਹੇ ਕਿ ਪਾਠਕ ਦੇ ਮਨ ਵਿੱਚ ਉਤਰ ਜਾਂਦੀ ਹੈ।

ਲੇਖਕ ਜੋ ਹਥਲੀ ਪੁਸਤਕ "ਕਿਹੋ ਜਿਹਾ ਸੀ ਜੀਵਨ? ਸਵੈ ਜੀਵਨੀ ਦੇ ਰੂਪ ਵਿਚ ਪਾਠਕਾਂ ਦੀ ਭੇਟ ਕਰ ਰਿਹਾ ਹੈ, ਇਸ ਵਿਚ ਉਸ ਨੇ ਜੀਵਨ ਵਿਚ ਬਹੁਤ ਨੇੜਿਓਂ ਤਕੇ ਓਸ ਸੱਚ ਨੂੰ ਪਾਠਕਾਂ ਅਗੇ ਪੇਸ਼ ਕੀਤਾ ਹੈ ਜਿਸ ਵਿਚ ਵੰਡ ਤੋਂ ਪਹਿਲਾਂ ਦਾ ਪੰਜਾਬ, ਵੰਡ ਤੋਂ ਪਿਛੋਂ ਦਾ ਪੰਜਾਬ ਅਤੇ ਨਾਰਥ ਅਮਰੀਕਾ ਵਿਚ ਪੰਜਾਬ ਦਾ ਅਜਿਹਾ ਹਿਰਦੇ-ਵੇਦਕ ਬਿਆਨ ਕੀਤਾ ਹੈ ਜਿਵੇਂ ਤੁਸੀਂ ਉਹ ਸਭ ਕੁਝ ਅਖੀਂ ਵੇਖ ਰਹੇ ਹੋਵੋ। ਭਾਵੇਂ ਇਸ ਤੋਂ ਪਹਿਲਾਂ ਉਹ ਦਰਜਨਾਂ ਪੁਸਤਕਾਂ ਜਿਵੇਂ ਕਹਾਣੀ ਸੰਗ੍ਰਹਿ, ਨਾਟਕ, ਨਾਵਲ, ਰੇਖਾ ਚਿੱਤਰ, ਅਨੁਵਾਦ ਅਤੇ ਖੋਜ ਪੱਤਰ ਮਾਂ ਬੋਲੀ ਦੀ ਝੋਲੀ ਵਿੱਚ ਪਾਠਕਾਂ ਨੂੰ ਦੇ ਚੁੱਕਾ ਹੈ ਪਰ ਆਪਣੀ ਸਵੈ ਜੀਵਨੀ ਲਿਖਣ ਵੇਲੇ ਉਹ ਸਾਰੀਆਂ ਹੱਦਾਂ ਟੱਪ ਕੇ ਇਹ ਸਾਬਤ ਕਰਨ ਵਿਚ ਕਾਮਯਾਬ ਹੋ ਗਿਆ ਹੈ ਕਿ ਉਸਦਾ ਜੀਵਨ ਵੀ ਤੁਹਾਣੇ ਮੇਚ ਦਾ ਸੀ ਪਰ ਲਿਖ ਕੇ ਸਾਂਝੇ ਕਰਨ ਦੀ ਜ਼ਿੰਮੇਵਾਰੀ ਉਸ ਨੇ ਨਿਭਾ ਦਿਤੀ ਹੈ। ਉਹ ਸੈਂਕੜੇ ਮਾਨ ਸਨਮਾਨ ਹਾਸਲ ਕਰ ਚੁਕਾ ਹੈ ਜਿਨ੍ਹਾਂ ਵਿਚ ਪੰਜਾਬੀ ਸਥ ਦਾ ਸਈਅਦ ਵਾਰਸ ਸ਼ਾਹ ਅਵਾਰਡ ਵੀ ਸ਼ਾਮਲ ਹੈ ਪਰ ਹਉਮੇ ਕਦੀ ਨੇੜੈ ਨਹੀਂ ਆਈ। ਉਹਦਾ ਕਹਿਣਾ ਹੈ ਕਿ ਇਹ ਸਭ ਦੁਨਿਆਵੀ ਗੱਲਾਂ ਹਨ।

"ਕਿਹੋ ਜਿਹਾ ਸੀ ਜੀਵਨ" ਪੁਸਤਕ ਲਿਖਦਿਆਂ ਲੇਖਕ ਨੇ ਆਪਣੀ ਜੀਵਨ ਕਥਾ ਬੇਝਿਕ ਅਤੇ ਬਿਨਾ ਕਿਸੇ ਲੁਕ ਲਪੇਟ ਦੇ ਲਿਖੀ ਹੈ। ਅਪਣੇ ਬਾਰੇ ਸੱਚ ਲਿਖਣਾ ਬੜਾ ਕਠਿਨ ਹੁੰਦਾ ਹੈ ਪਰ ਲੇਖਕ ਨੇ ਇਹ ਕਠਨਾਈ ਦੀ ਪਰਵਾਹ ਨਹੀਂ ਕੀਤੀ। ਪਾਕਿਸਤਾਨ ਤੋਂ ਉਜੜ ਕੇ ਆਏ ਸਮੇਂ ਦੇ ਦਿਨਾਂ ਨੂੰ ਬੜੇ ਦਰਦ ਭਰੇ ਸ਼ਬਦਾਂ ਰਾਹੀ ਵਰਨਣ ਕੀਤਾ ਹੈ ਅਤੇ ਉਸ ਤੋਂ ਪਿਛੋਂ ਦੀਆਂ ਅਤਿ ਗਰੀਬੀ, ਤੰਗਦਸਤੀ ਅਤੇ ਮਜਬੂਰੀ ਦੀਆਂ ਹਾਲਤਾਂ ਵਿਚ ਜੀਵਨ ਗੁਜ਼ਾਰੇ ਲਈ ਛੋਟੇ ਤੋਂ ਛੋਟਾ ਕੰਮ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਅਜਿਹੇ ਦਰਦਨਾਕ ਸਮੇਂ ਦੀਆਂ ਨੰਗੇ ਪਿੰਡੇ ਤੇ ਹੰਢਾਈਆਂ ਲਾਸਾਂ ਨੂੰ ਵਰਨਣ ਕਰਨੋ ਕੋਈ ਲੱਜ ਨਹੀਂ ਰੱਖੀ। ਪਾਕਿਸਤਾਨ ਵਿਚੋਂ ਜ਼ਿਮੀਂਦਾਰ ਘਰਾਣੇ ਵਿਚ ਹੰਢਾਏ ਅਮੀਰ ਬਚਪਨ ਤੋਂ ਬਾਅਦ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਬਗੈਰ ਪੱਗ, ਬਗੈਰ ਜੁਤੀ ਅਤੇ ਕਈ ਵਾਰ ਢਿਡੋਂ ਭੁਖੇ ਰਹਿ ਕੇ ਆਪਣੀ ਟੁਟਵੀਂ ਪੜ੍ਹਾਈ ਨੂੰ ਅਗੇ ਤੋਰਦਿਆਂ ਯੂਨੀਵਰਸਿਟੀ ਤਕ ਪੁਜਣਾ ਉਸ ਦੇ ਸਿਰੜ ਦੀ ਲਾਮਿਸਾਲ ਸੱਚੀ ਕਹਾਣੀ ਹੈ ਜੋ ਅਜ ਦੇ ਨੌਜਵਾਨਾਂ ਨੂੰ ਬਹੁਤ ਉਤਸ਼ਾਹ ਦੇ ਸਕਦੀ ਹੈ।

ਇਹ ਲਿਖਣਾ ਬਿਲਕੁਲ ਹੀ ਅਣ-ਉਚਤ ਨਹੀਂ ਹੈ ਕਿ ਐਨੀਆਂ ਕਠਿਨ ਹਾਲਤਾਂ ਵਿੱਚੋਂ ਲੰਘਦਿਆ ਅਪਣੀ ਜੀਵਨ ਤੋਰ ਨੂੰ ਨਿਰੰਤਰ ਜਾਰੀ ਰੱਖਣਾ ਅਤੇ ਸਕਰੈਚ ਤੋਂ ਸ਼ੁਰੂ ਕਰ ਕੇ ਜੀਵਨ ਦੀਆਂ ਉਚਾਈਆਂ ਨੂੰ ਛੂਹਣਾ ਪਾਠਕਾਂ ਲਈ ਅਤਿਅੰਤ ਪ੍ਰੇਰਨਾ ਸਰੋਤ ਹੋ ਗੁਜ਼ਰੇਗਾ।

ਮੈਂ ਸਮਝਦਾ ਹਾਂ ਮੋਮੀ ਸਾਹਿਬ ਨੇ ਸਵੈ ਜੀਵਨੀ ਲਿਖ ਕੇ ਉਸ ਸਮੇਂ ਦੇ ਇਤਿਹਾਸਕ, ਸਮਾਜਿਕ ਆਰਥਿਕ ਅਤੇ ਸੱਭਿਆਚਾਰ ਪਹਿਲੂਆਂ ਦਾ ਬਾਖੂਬੀ ਵਰਨਣ ਕੀਤਾ ਹੈ ਜਿਸ ਨਾਲ ਉਹਨਾਂ ਨੇ ਪਾਠਕਾਂ ਨੂੰ ਉਸ ਸਮੇਂ ਦੀ ਮਹੱਤਵ ਪੂਰਨ

ਜਾਣਕਾਰੀ ਦੇਣ ਦਾ ਕਾਰਜ ਕੀਤਾ ਹੈ। ਇਸ ਵਿੱਚੋਂ ਲੇਖਕ ਦੀ ਸੂਖਮ ਬੌਧਿਕਤਾ ਦੀ ਰੌਸ਼ਨੀ ਦਿਖਾਈ ਦਿੰਦੀ ਹੈ। ਐਨੀ ਕੁਸ਼ਲਤਾ ਪਰਮਾਤਮਾ ਕਿਸੇ ਵਿਰਲੇ ਦੀ ਝੋਲੀ ਹੀ ਪਾਉਂਦਾ ਹੈ। ਮੋਮੀ ਸਾਹਿਬ ਤੇ ਕੁਦਰਤ ਮੇਹਰਬਾਨ ਹੈ। ਉਸ ਨੇ ਹੁਸਨਗਾਹਾਂ ਦੀਆਂ ਚੋਟੀਆਂ ਤੇ ਬਹੁਤ ਖੂਬਸੂਰਤ ਜਵਾਨੀ ਹੰਢਾਈ ਹੈ ਤੇ ਅਨੇਕਾਂ ਲੋਕਾਂ ਦੀਆਂ ਅਖਾਂ ਦਾ ਤਾਰਾ ਰਿਹਾ ਹੈ। ਬੁਢਾਪਾ ਕਿਵੇਂ ਖੂਬਸੂਰਤ ਬਣਾਇਆ ਜਾ ਸਕਦਾ ਹੈ, ਟਾਲਸਟਾਏ, ਟੈਗੋਰ, ਮੁਪਾਸਾਂ ਅਤੇ ਓਲਡਮੈਨ ਐਂਡ ਦਾ ਸੀ ਦੇ ਰਿਚੇਤਾ ਹੇਮਿੰਗਜ਼ਵੇ ਨੂੰ ਆਪਣੀਆਂ ਸੋਚਾਂ ਵਿਚ ਕਿਆਸਦਿਆਂ ਇਸ ਦੇ ਨੁਸਖੇ ਤਿਆਰ ਕਰਦਾ ਰਹਿੰਦਾ ਹੈ। ਪ੍ਰਮਾਤਮਾ ਕਰੇ ਉਸਦੀ ਉਮਰ ਲੰਮੀ ਤੇ ਸਿਹਤ ਠੀਕ ਰਹੇ ਤਾਂ ਜੋ ਉਹ ਮਾਂ ਬੋਲੀ ਪ੍ਰਤੀ ਆਪਣੀ ਜ਼ਿੰਮੇਵਾਰੀ ਅਤੇ ਵਫਾਦਾਰੀ ਨਿਭਾਉਣ ਵਿਚ ਅਵੇਸਲਾ ਨਾ ਹੋਵੇ। ਉਸ ਬਾਰੇ ਦੱਸ ਸਕਣਾ ਅਤਿ ਕਠਿਨ ਨਹੀਂ ਸਗੋਂ ਮੁਹਾਲ ਹੈ ਪਰ ਫਿਰ ਵੀ ਥਲਵੀਆਂ ਕੁਝ ਲਾਈਨਾਂ ਵਿਚ ਉਸ ਦੀ ਝਲਕ:-

ਝੋਲੇ ਵਾਲਾ ਕੋਈ ਫਕੀਰ ਬੰਦਾ
ਵਗਦੀ ਹਵਾ ਤੇ ਨਿਰਮਲ ਨੀਰ ਬੰਦਾ
ਮਸਤ ਮੌਲਾ ਸਹਿਜ ਧੀਰ ਬੰਦਾ
ਰਖੇ ਜਾਗਦੀ ਉਹ ਜ਼ਮੀਰ ਬੰਦਾ
ਉਕਰੀ ਪੱਥਰ ਤੇ ਜਿਉਂ ਲਕੀਰ ਬੰਦਾ
ਚੇਤਨ ਪੁਰਸ਼ ਤੇ ਗਹਿਰ ਗੰਭੀਰ ਬੰਦਾ
ਕੌਣ ਹੈ? ਉਹ ਕੌਣ ਹੈ, ਹੋਣਾ ਹੈ ਕੋਈ ਬੋਹੜ ਬੰਦਾ
ਆਪਣੀ ਛਾਂ ਵਿਚ ਨਿੱਘ ਦਿੰਦਾ ਨਾ ਰਹਿਣ ਦੇਵੇ ਥੋਹੜ ਬੰਦਾ

**ਕਿਹੋ ਜਿਹਾ ਸੀ ਜੀਵਨ?**

**ਸਵੈ ਜੀਵਨੀ**

ਬਲਬੀਰ ਸਿੰਘ ਮੋਮੀ
Balbir Singh Momi

ਪ੍ਰਕਾਸ਼ਕ
ਏਸ਼ੀਅਨ ਕੈਨੇਡਾ ਬਾਇਓਗ੍ਰਾਫੀਕਲ ਸੈਂਟਰ, ਬਰੈਂਪਟਨ, ਕੈਨੇਡਾ

ਕਿਹੋ ਜਿਹਾ ਸੀ ਜੀਵਨ?
**Autobiography**
by
Balbir Singh Momi

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ
**ISBN 0-9686956-4-8**

ਪਹਿਲੀ ਵਾਰ ਜਨਵਰੀ 2010

ਮੁੱਲ: 600-00 ਰੁਪਏ ਭਾਰਤ
30-00 ਡਾਲਰ, ਕੈਨੇਡਾ ਅਮਰੀਕਾ

ਮਿਲਣ ਦਾ ਪਤਾ:
ਸਿੰਘ ਬ੍ਰਦਰਜ਼
ਸਿਟੀ ਸੈਂਟਰ, ਅਮ੍ਰਿਤਸਰ-143001
ਫੋਨ: 0183-2550739

ਪ੍ਰਕਾਸ਼ਕ:
**ASIAN CANADA BIOGRAPHICAL CENTRE**
**17 Donaldson Drive, Brampton, Ont. L6Y 3H1**
**Email: momi@rogers.com**

ਛਾਪਕ
ਪ੍ਰਿੰਟਵੈੱਲ
146-ਇੰਡਸਟਰੀਅਲ ਫੋਕਲ ਪੁਆਇੰਟ, ਅਮ੍ਰਿਤਸਰ

**(ਕਿਹੋ ਜਿਹਾ ਸੀ ਜੀਵਨ? ਲੇਖਣੀ ਦੀ ਲੋਕ ਪ੍ਰਿਅਤਾ ਅਤੇ ਪੇਸ਼ਕਾਰੀ ਦੀ ਕਦਰ ਕਰਦਿਆਂ ਤਾਂਗੜੀ ਇਨਸ਼ੋਰੰਸ ਐਂਡ ਫਿਨਾਂਸ਼ਲ ਗਰੁੱਪ ਇਨਕ ਦੇ ਪ੍ਰਸਿਧ ਬਿਜ਼ਨਸਮੈਨ ਸ੍ਰੀ ਅਸ਼ਵਨੀ ਤਾਂਗੜੀ ਅਤੇ ਨੀਨਾ ਤਾਂਗੜੀ ਜੀ ਇਹ ਪੰਨਾ ਸਪਾਂਸਰ ਕਰ ਰਹੇ ਹਨ। ਇਨਸ਼ੋਰੰਸ ਦੀਆਂ ਤਸੱਲੀਬਖਸ਼ ਸੇਵਾਵਾਂ ਲਈ ਆਪ ਬਹੁਤ ਮਸ਼ਹੂਰ ਹਨ ਅਤੇ ਲੰਮੇ ਸਮੇਂ ਤੋਂ ਮਨੂਲਾਈਫ ਕੰਪਨੀ ਨਾਲ ਜੁੜੇ ਹੋਏ ਹਨ। ਆਪ ਪਹਿਲੇ ਪੰਜਬੀ ਕੈਨੇਡੀਅਨ ਹਨ ਜਿਨ੍ਹਾਂ ਨੂੰ ਕੰਪਨੀ ਵੱਲੋਂ ਅਮਰੀਕਾ ਦੇ ਸ਼ਹਿਰ ਪੋਟਰੀਲੋ ਵਿਖੇ ਵਧੀਆ ਸੇਵਾਵਾਂ ਵਾਸਤੇ ਸਨਮਾਨਤ ਕੀਤਾ ਗਿਆ ਹੈ।**

ਤਾਂਗੜੀ ਪਰਵਾਰ ਸਪੋਰਟਸ ਦੀ ਪਰੋਮੋਸ਼ਨ ਤੋਂ ਇਲਾਵਾ ਪੰਜਾਬ ਵਿਚ ਗਰੀਬ ਬੱਚਿਆਂ ਦੀ ਮਦਦ ਕਰਦਾ ਹੈ ਅਤੇ ਆਪਣੀ ਪੂਜਨੀਕ ਮਾਤਾ ਸ਼ੀਲਾ ਤਾਂਗੜੀ ਜੀ ਦੇ ਨਾਂ ਤੇ ਆਪਣੇ ਪਿੰਡ ਬਿਲਗਾ ਵਿਖੇ ਇਕ ਬਹੁਤ ਸਫਲ ਡੀ. ਏ. ਵੀ. ਸਿਨੀਅਰ ਸੈਕੰਡਰੀ ਸਕੂਲ ਚਲਾ ਰਿਹਾ ਹੈ। ਮਿਸਜ਼ ਨੀਨਾ ਤਾਂਗੜੀ ਇਨਸ਼ੋਰੰਸ ਬਿਜ਼ਨਸ ਦੇ ਨਾਲ ਨਾਲ ਲੰਮੇ ਸਮੇਂ ਤੋਂ ਕੈਨੇਡਾ ਦੀ ਰਾਜਨੀਤੀ ਵਿਚ ਸਰਗਰਮ ਹਨ ਅਤੇ ਕੈਨੇਡਾ ਵਿਚ ਰਾਜ ਕਰ ਰਹੀ ਕੰਸਰਵੇਟਿਵ ਪਾਰਟੀ ਨਾਲ ਸਬੰਧਤ ਹਨ। ਇਨਸ਼ੁਰੰਸ ਦੀਆਂ ਕਿਸੇ ਵੀ ਕਿਸਮ ਦੀਆਂ ਸੇਵਾਵਾਂ ਲਈ ਇਨ੍ਹਾਂ ਨਾਲ 905-405-1200 ਤੇ ਸੰਪਰਕ ਕੀਤਾ ਜਾ ਸਕਦਾ ਹੈ।)

ਸਪਰਪਣ

ਤਤਕਰਾ

**ਲੇਖਕ ਵੱਲੋਂ ਕੁਝ ਸ਼ਬਦ**

**ਬਲਬੀਰ ਸਿੰਘ ਮੋਮੀ ਬਾਰੇ ਸੰਖੇਪ ਜਾਣਕਾਰੀ**

ਜਨਮ ਮਿਤੀ: 20 ਨਵੰਬਰ, 1935, ਜ਼ਿਲਾ ਬਠਿੰਡਾ ਵਿਚ ਨਾਨਕੇ ਪਿੰਡ। ਪਾਲਣ ਪੋਸ਼ਨ: ਨਵਾਂ ਪਿੰਡ, ਚੱਕ ਨੰਬਰ 78, ਜ਼ਿਲਾ ਸ਼ੇਖੂਪੁਰਾ, (ਪਾਕਿਸਤਾਨ)
ਪਤਨੀ: ਸਰਦਾਰਨੀ ਬਲਦੇਵ ਕੌਰ, ਜਨਮ 20 ਦਸੰਬਰ, 1935, ਲਾਹੌਰ, (ਪਾਕਿਸਤਾਨ),
ਬੱਚੇ: ਚਾਰ ਬੇਟੀਆਂ

ਮਾਤਾ: ਸ਼ਾਮ ਕੌਰ, ਸੁਰਗਵਾਸ 4 ਜਨਵਰੀ, 1999, ਉਮਰ ਲਗ ਭਗ 84 ਸਾਲ
ਪਿਤਾ: ਸੁਤੰਤਰਤਾ ਸੰਗਰਮੀ ਜਥੇਦਾਰ ਭਗਤ ਸਿੰਘ, ਸੁਰਗਵਾਸ 11 ਜੁਲਾਈ, 1986, ਉਮਰ ਲਗ ਭਗ 87 ਸਾਲ
ਚਾਰ ਭੈਣਾਂ, ਇਕ ਭਰਾ
ਰਿਹਾਇਸ਼: ਦੇਸ਼ ਦੀ ਵੰਡ ਉਪਰੰਤ ਜ਼ਮੀਨ ਅਲਾਟਮੈਂਟ ਦੇ ਸਿਲਸਿਲੇ ਵਿਚ ਪਹਿਲਾਂ ਪਿੰਡ ਮਹਿਤਾ, ਜ਼ਿਲਾ ਬਠਿੰਡਾ, ਫਿਰ ਗੁੱਦੜ ਢੰਡੀ, ਜ਼ਿਲਾ ਫਿਰੋਜ਼ਪੁਰ ਅਤੇ ਆਖਰ ਤੇ ਪਿੰਡ ਸਾਧਨਵਾਸ, ਜ਼ਿਲਾ ਹਿਸਾਰ (ਹਰਿਆਣਾ)

**ਵਿਦਿਆ:**

ਮਿਡਲ: ਖਾਲਸਾ ਹਾਈ ਸਕੂਲ, ਨਵਾਂ ਪਿੰਡ, ਚੱਕ ਨੰਬਰ 78, ਜ਼ਿਲਾ ਸੇਖੂਪੁਰਾ, (ਹੁਣ ਪਾਕਿਸਤਾਨ)
ਮੈਟਰਿਕ: ਸ਼ਵਿੰਦਰਾ ਹਾਈ ਸਕੂਲ, ਗੋਨਿਆਣਾ ਮੰਡੀ,ਰਿਆਸਤ ਫਰੀਦਕੋਟ, (ਹੁਣ ਜ਼ਿਲਾ ਬਠਿੰਡਾ)1951
ਐਫ. ਏ.: ਆਰ. ਐਸ. ਡੀ. ਕਾਲਜ, ਫਿਰੋਜ਼ਪੁਰ ਸ਼ਹਿਰ, 1953
ਆਨਰਜ਼ ਇਨ ਪੰਜਾਬੀ: ਪੰਜਾਬ ਯੂਨੀਵਰਸਿਟੀ, ਸੋਲਨ-ਸ਼ਿਮਲਾ ਹਿਲਜ਼, 1953
ਡਿਪਲੋਮਾ ਸੈਨੇਟਰੀ ਇਨਸਪੈਕਟਰ: ਨਵੀਂ ਦਿੱਲੀ, 1956
ਓ. ਟੀ. ਪੰਜਾਬ ਸਿੱਖਿਆ ਵਿਭਾਗ, ਸ਼ਿਮਲਾ, 1957
ਬੀ.ਏ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1967
ਬੀ. ਏ. ਫਾਰਸੀ: (ਵਧੀਕ ਵਿਸ਼ਾ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974

ਐਮ. ਏ. ਪੰਜਾਬੀ: ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1970
ਇੰਟਰਨੈਸ਼ਨਲ ਲੈਂਗੁਏਜ ਇਨਸਟਰਕਟਰ ਇਨ ਸਰਵਿਸ ਟਰੇਨਿੰਗ ਕੋਰਸ: ਪੀਲ ਬੋਰਡ ਆਫ ਐਜੂਕੇਸ਼ਨ, ਮਿਸੀਸਾਗਾ, ਉਨਟੈਰੀਓ, ਕੈਨੇਡਾ, 1994

ਕਿੱਤੇ: ਅਧਿਆਪਨ: ਗੌਰਮਿੰਟ ਮਿਡਲ ਸਕੂਲ, ਮੁਰਾਦਵਾਲਾ ਦਲ ਸਿੰਘ, ਜ਼ਿਲਾ ਫਿਰੋਜ਼ਪੁਰ 1954-1956
ਗੌਰਮਿੰਟ ਮਿਡਲ ਸਕੂਲ, ਭਾਗੂ, ਜ਼ਿਲਾ ਫਿਰੋਜ਼ਪੁਰ 1956-59
ਗੌਰਮਿੰਟ ਮਿਡਲ/ਹਾਈ ਸਕੂਲ, ਲਖੋ ਕੇ ਬਹਿਰਾਮ, ਜ਼ਿਲਾ ਫਿਰੋਜ਼ਪੁਰ 1959-63
ਗੌਰਮਿੰਟ ਹਾਇਰ ਸੈਕੰਡਰੀ ਸਕੂਲ, ਫਿਰੋਜ਼ਪੁਰ, 1963-71

ਖੋਜ ਅਤੇ ਮੁਲਅੰਕਣ ਅਫਸਰ/ਐਡੀਟਰ ਪੰਖੜੀਆਂ: ਪੰਜਾਬ ਸਕੂਲ ਸਿਖਿਆ ਬੋਰਡ ਚੰਡੀਗੜ੍ਹ,1971-74
ਖੋਜ ਸਹਾਇਕ/ਲੈਕਚਰਰ: ਪੰਜਾਬੀ ਸਾਹਿਤ, ਭਾਸ਼ਾ ਅਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974-76
ਵਿਸ਼ਾ ਮਾਹਿਰ/ਲੋਕ ਸੰਪਰਕ ਅਫਸਰ: ਪੰਜਾਬ ਸਕੂਲ ਸਿਖਿਆ ਬੋਰਡ, ਮੋਹਾਲੀ, 1976-82
ਆਵਾਸ ਕੈਨੇਡਾ: ਅਕਤੂਬਰ 1982
ਇੰਟਰਨੈਸ਼ਨਲ ਲੈਂਗੁਏਜ ਟੀਚਰ: ਈਟੋਬੀਕੋਕ ਬੋਰਡ ਆਫ ਐਜੂਕੇਸ਼ਨ, ਪੀਲ ਬੋਰਡ ਆਫ ਐਜੂਕੇਸ਼ਨ ਅਤੇ ਟਰਾਂਟੋ ਬੋਰਡ ਆਫ ਐਜੂਕੇਸ਼ਨ: 1990-2000
ਕਨਸਲਟੰਟ: ਐਥਨੋਮੀਡੀਆ ਮੌਨੀਟਰ ਸਰਵਿਸਜ਼, ਟਰਾਂਟੋ: 1992-2000
ਮੈਂਬਰ ਜਿਊਰੀ: ਦੀ ਰਿਜਨਲ ਮਿਓਂਸਪੈਲਟੀ ਆਫ ਪੀਲ ਕੋਰਟਸ, 1998
ਮੈਂਬਰ: (ਜੱਜ) ਕਸਟੱਡੀ ਰੀਵੀਊ ਬੋਰਡ, ਗੌਰਮਿੰਟ ਆਫ ਉਨਟੈਰੀਓ, ਕੈਨੇਡਾ: 1994-96
ਫਰੀਲਾਂਸ ਲੇਖਕ ਅਤੇ ਪੱਤਰਕਾਰ: ਸਾਊਥ ਏਸ਼ੀਅਨ ਪ੍ਰਿੰਟ/ਇਲੈਕਟਰੌਨਿਕ ਮੀਡੀਆ ਅਤੇ ਪੰਜ ਸਾਲ ਆਨਰੇਰੀ ਸੰਪਾਦਕ ਨਗਾਰਾ

ਰਚਨਾਵਾਂ:

ਕਹਾਣੀ ਸੰਗਰਹਿ: ਮਸਾਲੇ ਵਾਲਾ ਘੋੜਾ, 1959, 1973; ਜੇ ਮੈਂ ਮਰ ਜਾਵਾਂ: 1965; ਸ਼ੀਸ਼ੇ ਦਾ ਸਮੁੰਦਰ, 1968; ਫੁੱਲ ਖਿੜੇ ਹਨ (ਸੰਪਾਦਨਾ) 1971; ਸਰ ਦਾ ਬੂਝਾ, 1973
ਨਾਵਲ: ਜੀਜਾ ਜੀ, 1961, ਪੀਲਾ ਗੁਲਾਬ, 1975, ਇਕ ਫੁੱਲ ਮੇਰਾ ਵੀ, 1986;

ਨਾਟਕ: ਨੌਕਰੀਆਂ ਹੀ ਨੌਕਰੀਆਂ: 1960; ਲੌਢਾ ਵੇਲਾ, 1961 ਅਤੇ ਕੁਝ ਇਕਾਂਗੀ ਨਾਟਕ
ਬਲਬੀਰ ਸਿੰਘ ਮੋਮੀ ਤੇ ਉਸਦਾ ਰਚਨਾ ਸੰਸਾਰ,1999, ਆਪੋ ਆਪਣੇ ਨਕਸ਼, 2005, ਧਰਤ ਪਰਾਈ ਆਪਣੇ ਲੋਕ, 2008
ਸੰਪਾਦਕੀ ਕਾਰਜ: ਪੰਖੜੀਆਂ, ਪਰਦੇਸੀ ਪੰਜਾਬ, ਅਜੀਤ, ਪੰਜਾਬੀ ਪਤ੍ਰਿਕਾ, ਕੈਨੇਸ਼ੀਆ, ਆਸ਼ਾ ਕਿਰਨ, ਨਗਾਰਾ, ਪੰਜਾਬੀ ਨਿਊਜ਼, ਖਬਰਸਾਰ, ਪੰਜਾਬੀ ਡੇਲੀ, ਖਬਰਨਾਮਾ ਆਦਿ
ਜੀਵਨੀ: ਕਿਹੋ ਜਿਹਾ ਸੀ ਜੀਵਨ? (ਲਿਖਣ ਅਧੀਨ)

ਅਨੁਵਾਦ: ਸੁਆਦਤ ਹਸਨ ਮੰਟੋ ਦੀਆਂ ਉਰਦੂ ਕਹਾਣੀਆਂ ਦਾ ਪੰਜਾਬੀ ਅਨੁਵਾਦ: ਟੋਭਾ ਟੇਕ ਸਿੰਘ, 1975, ਨੰਗੀਆਂ ਆਵਾਜ਼ਾਂ, 1980; ਅੰਗਰੇਜ਼ੀ ਨਾਵਲ ਇਮੀਗਰੰਟ ਦਾ ਪੰਜਾਬੀ ਅਨੁਵਾਦ, ਆਵਾਸੀ, 1986; ਫਖਰ ਜ਼ਮਾਨ ਦੇ ਨਾਵਲ ਸੱਤ ਗਵਾਚੇ ਲੋਕ ਦਾ ਲਿੱਪੀ ਅੰਤਰ, 1975; ਡਾ: ਕੋਠਾਰੀ ਰਚਿਤ Science, Education and National Development ਦਾ ਪੰਜਾਬੀ ਅਨੁਵਾਦ, 1973 (ਵਾਸਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ; ਜੈਕਾਂਤਨ ਦੀਆਂ ਤਮਿਲ ਕਹਾਣੀਆਂ ਦਾ ਹਿੰਦੀ ਵਿਚੋਂ ਪੰਜਾਬੀ ਅਨੁਵਾਦ, 1982,(ਵਾਸਤੇ ਨੈਸ਼ਨਲ ਬੁਕ ਟਰਸਟ ਆਫ ਇੰਡੀਆ, ਨਵੀਂ ਦਿੱਲੀ); Canada, Yesterday, Today and Tomorrow ਦਾ ਅੰਗਰੇਜ਼ੀ ਵਿਚੋਂ ਪੰਜਾਬੀ ਅਨੁਵਾਦ, 1982; ਅਨੇਕ ਸਰਕਾਰੀ ਤੇ ਗੈਰ ਸਰਕਾਰੀ ਬਰੋਸ਼ਰਜ਼, ਜਾਣਕਾਰੀ ਸ਼ੀਟਸ, ਸਰਕਾਰੀ ਇਸ਼ਤਿਹਾਰਾਂ ਦਾ ਕੈਨੇਡਾ ਵਿਚ ਅੰਗਰੇਜ਼ੀ ਤੋਂ ਪੰਜਾਬੀ ਅਤੇ ਉਰਦੂ ਵਿਚ ਅਨੁਵਾਦ; ਕੈਨੇਡੀਅਨ ਪੰਜਾਬੀ ਅਖਬਾਰਾਂ ਲਈ ਅੰਗਰੇਜ਼ੀ ਖਬਰਾਂ ਦਾ ਪੰਜਾਬੀ ਅਨੁਵਾਦ; ਕੈਨੇਡੀਅਨ ਸੀਨ ਪੰਦਰਵਾੜੇ ਦਾ 9 ਸਾਲ ਤੀਕ ਅੰਗਰੇਜ਼ੀ ਚੋਂ ਪੰਜਾਬੀ ਅਨੁਵਾਦ; ਐਥਨੋਮੀਡੀਆ

ਮਾਨੀਟਰ ਸਰਵਿਸਜ਼ ਟਰਾਂਟੋ ਲਈ 10 ਸਾਲ ਹਰ ਹਫਤੇ 30 ਐਥਨਿਕ ਅਖਬਾਰਾਂ ਦਾ ਅੰਗਰੇਜ਼ੀ ਵਿਚ ਵਿਸ਼ਲੇਸ਼ਨ; ਕ੍ਰਿਸ਼ਨ ਚੰਦਰ ਅਤੇ ਅਹਿਮਦ ਨਸੀਮ ਕਾਸਮੀ ਦੀਆਂ ਕਹਾਣੀਆਂ ਦਾ ਉਰਦੂ ਵਿਚੋਂ ਪੰਜਾਬੀ ਅਨੁਵਾਦ

ਖੋਜ-ਪਤਰ/ਨਿਬੰਧ: ਪੰਜਾਬ ਦੇ ਲੋਕ ਨਾਚ, 1978, ਵਾਸਤੇ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਓਡਾਂ ਦਾ ਕਬੀਲਾ, 1974, ਵਾਸਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਪਾਕਿਸਤਾਨੀ ਪੰਜਾਬੀ ਗਲਪ ਸਾਹਿਤ, 1980, ਵਾਸਤੇ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ; ਉਨਟੈਰੀਓ ਦੀ ਪੰਜਾਬੀ ਕਹਾਣੀ 1990, ਕੈਨੇਡਾ ਵਿਚ ਪੰਜਾਬੀ ਭਾਸ਼ਾ ਦਾ ਭਵਿਖ, 1989, "ਪੰਜਾਬੀ ਭਾਸ਼ਾ: ਮਹਤਵ, ਪਛਾਣ ਤੇ ਭਵਿਖ" 2009

ਰੇਖਾ ਚਿਤਰ: 75 ਦੇ ਕਰੀਬ ਲੇਖਕਾਂ, ਪੱਤਰਕਾਰਾਂ, ਰਾਜਨੀਤਿਕ ਲੋਕਾਂ, ਵਿਸ਼ੇਸ਼ ਵਿਅਕਤੀਆਂ ਆਦਿ ਦੇ ਰੇਖਾ ਚਿਤਰ; ਗੁਸਤਾਖੀ ਮੁਆਫ ਕਾਲਮ ਹੇਠ ਸੌ ਦੇ ਕਰੀਬ ਹਾਸ ਵਿਅੰਗ, ਨਗਾਰਾ ਅਖਬਾਰ ਵਿਚ 5 ਸਾਲ ਹਫਤੇਵਾਰ ਕਾਲਮ ਖੁੰਢ ਚਰਚਾ, ਐਡੀਟੋਰੀਅਲ ਅਤੇ ਖਬਰਾਂ।

ਜ਼ਿਮੇਵਾਰੀਆਂ: ਜਨਰਲ ਸਕੱਤਰ, ਪੰਚ ਕਲਾ ਫਿਰੋਜ਼ਪੁਰ, 1960-70, ਪ੍ਰਧਾਨ, ਇੰਟਰਨੈਸ਼ਨਲ ਪਰਦੇਸੀ ਪੰਜਾਬ ਸਾਹਿਤ ਸਭਾ, ਟਰਾਂਟੋ, 1983-93; ਚੇਅਰਮੈਨ, ਏਸ਼ੀਅਨ ਕੈਨੇਡਾ ਬਾਇਓਗ੍ਰਾਫੀਕਲ ਸੈਂਟਰ, ਬਰੈਂਪਟਨ, 1992-ਹੁਣ ਤਕ; ਅਡਵਾਈਜ਼ਰ, ਇੰਟਰਨੈਸ਼ਨਲ ਬਾਇਓਗ੍ਰਾਫੀਕਲ ਸੈਂਟਰ ਅਡਵਾਇਜ਼ਰੀ ਕੌਂਸਲ, ਇੰਗਲੈਂਡ 1992 ਤੋਂ; ਹੂ ਇਜ਼ ਹੂ ਆਫ ਦੀ ਇੰਟਰਨੈਸ਼ਨਲ ਰਾਈਟਰਜ਼ ਆਫ ਦੀ ਵਰਲਡ ਇਨਸਾਈਕਲੋਪੀਡੀਆ ਵਿਚ ਨਾਂ ਦੀ ਐਂਟਰੀ, ਇੰਟਰਨੈਸ਼ਨਲ ਫਸਟ ਵਾਈਸ ਪ੍ਰੈਜ਼ੀਡੈਂਟ, ਇੰਟਰਨੈਸ਼ਨਲ ਕਲਚਰਲ ਫੋਰਮ, 1993, ਪ੍ਰੈਜ਼ੀਡੈਂਟ, ਕੈਨੇਡੀਅਨ ਪੰਜਾਬੀ ਲਿਟਰੇਰੀ ਸਰਕਲ, ਨਵੰਬਰ 1998-99

ਮਾਣ-ਸਨਮਾਨ:
ਮੁਖ ਮੰਤਰੀ ਪੰਜਾਬ ਸਵ: ਲਛਮਨ ਸਿੰਘ ਗਿੱਲ ਦੁਆਰਾ ਟੈਗੋਰ ਥੀਏਟਰ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਵੱਲੋਂ ਸਨਮਾਨ ਪੱਤਰ, ਅਪ੍ਰੈਲ 1968; ਕਲਾ ਮੰਚ 1976; ਪੰਜਾਬੀ ਦਰਬਾਰ ਜਲੰਧਰ, 1980; ਸਾਹਿਤ ਸਮੀਖਿਆ ਬੋਰਡ ਚੰਡੀਗੜ੍ਹ, 1989; ਨੈਸ਼ਨਲ ਸਾਹਿਤ ਅਕਾਡਮੀ ਮੋਹਾਲੀ, 1989; ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ, 1989; ਕਵੀ ਮੰਡਲ, ਚੰਡੀਗੜ੍ਹ 1989; ਸਿਪਸਾ, (ਕੈਨੇਡਾ), 1990; ਬਰੈਂਪਟਨ ਸਪੋਰਟਸ ਐਂਡ ਕਲਚਰਲ ਕਲੱਬ, ਬਰੈਂਪਟਨ, 1991; ਅਮਰੀਕਨ ਪੰਜਾਬੀ ਸਾਹਿਤ ਸਭਾ ਬਾਲਟੀਮੋਰ, 1992; ਕੰਬੋਜ ਸਭਾ ਜਲੰਧਰ, 1993; ਇੰਟਰਨੈਸ਼ਨਲ ਕਲਚਰਲ ਫੋਰਮ ਵੱਲੋਂ,ਟੈਗੋਰ ਥੇਟਰ, ਚੰਡੀਗੜ੍ਹ ਵਿਖੇ 7 ਜਨਵਰੀ 1994 ਨੂੰ ਸ. ਬੇਅੰਤ ਸਿੰਘ ਮੁਖ ਮੰਤਰੀ ਦੁਆਰਾ ਸਨਮਾਨ; ਸਰਟੀਫਿਕੇਟ ਆਫ ਐਪਰੀਸੀਏਸ਼ਨ ਬਾਈ ਇੰਟਰਨੈਸ਼ਨਲ ਕਲਚਰਲ ਫੋਰਮ, ਟਰਾਂਟੋ, 23 ਮਾਰਚ, 1995; ਗਲੋਬਲ ਐਨ. ਆਈ. ਆਰ. ਅਵਾਰਡ, ਟਰਾਂਟੋ, 6 ਫਰਵਰੀ, 1995; ਨਾਮਧਾਰੀ ਸੰਗਤ ਟਰਾਂਟੋ, ਕੈਨੇਡਾ ਵੱਲੋਂ ਸਨਮਾਨ, 18 ਮਈ, 1996; ਪੰਜਾਬੀ ਸਾਹਿਤ ਸੰਗਮ ਜਲੰਧਰ ਵੱਲੋਂ, ਪਹਿਲੀ ਮਈ, 1999; ਰੂ-ਬਰੂ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ, 3 ਅਪ੍ਰੈਲ, 1999; ਗੀਤਾਂ ਨਾਲ ਪ੍ਰੀਤਾਂ ਰੇਡੀਓ/ਟੈਲੀਵੀਜ਼ਨ ਵੱਲੋਂ ਐਪਰੀਸੀਏਸ਼ਨ ਅਵਾਰਡ, ਸੰਗਮ ਬੈਂਕੁਇਟ ਹਾਲ, ਮਿਸੀਸਾਗਾ ਵਿਖੇ, 13 ਮਈ, 2000, ਸਨਮਾਨ ਮਾਝਾ ਸਪੋਰਟਸ ਐਂਡ ਕਲਚਰਲ ਕਲੱਬ ਟਰਾਂਟੋ-2001 ਰੈਕਸਡੇਲ ਵਿਚ ਇਕਠ ਵਿਖੇ; ਓਲਡ ਏਜ ਬੈਨੀਫਿਟ ਫੋਰਮ ਵੱਲੋਂ ਸਨਮਾਨ 29 ਅਪ੍ਰੈਲ, 2002 ਨੂੰ ਰੈਕਸਡੇਲ ਗੁਰਦਵਾਰਾ ਵਿਖੇ; ਪੰਜਾਬੀ ਕਲਾ ਸੰਗਮ ਨਵੀਂ ਦਿੱਲੀ ਵੱਲੋਂ 16 ਦਸੰਬਰ, 2001 ਨੂੰ 21 ਹਜ਼ਾਰ ਰੁਪੈ ਅਤੇ ਲੋਈ ਦਾ ਸੰਤ ਸਿੰਘ ਸੇਖੋਂ ਅਵਾਰਡ ; ਪਾਖਰ ਸਿੰਘ ਸੰਸਥਾ ਵੱਲੋਂ ਸਨਮਾਨ ਯੌਰਕਵੁਡ ਲਾਇਬਰੇਰੀ ਵਿਖੇ, 15-11-2002, ਰੂਬਰੂ ਮੋਹਾਲੀ ਸਾਹਿਤ ਸਭਾ ਅਤੇ ਚੰਡੀਗੜ੍ਹ ਸਾਹਿਤ ਸਭਾ ਨਵੰਬਰ 2004 ਨੂੰ, ਲੋਕ ਕਲਾ ਮੰਚ ਜ਼ੀਰਾ ਵੱਲੋਂ ਸਭਿਆਚਾਰਕ ਮੇਲੇ ਵਿਖੇ 9 ਜਨਵਰੀ, 2005 ਨੂੰ; ਮੋਹਾਲੀ ਇੰਡਸਟਰੀ ਐਸੋਸੀਏਸ਼ਨ: ਮਾਰਚ, 2005; ਹਰਿਆਣਾ ਪੰਜਾਬੀ ਸਾਹਿਤ ਸਭਾ 1 ਜੁਲਾਈ, 2006 ਸਥਾਨ ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ;ਰੂਬਰੂ ਪੰਜਾਬੀ ਸਾਹਿਤ ਸਭਾ ਪਟਿਆਲਾ; ਅਕਤੂਬਰ, 2006; ਸ਼ਹੀਦ ਬਾਬੂ ਅਵਾਰਡ ਪਿੰਡ ਲਾਗੇ ਬਟਾਲਾ-ਅਮ੍ਰਿਤਸਰ ਮਿਤੀ ਦਸੰਬਰ 20, 2006
ਮਖਨ ਸ਼ਾਹ ਲੁਬਾਣਾ ਅਵਾਰਡ 21 ਜਨਵਰੀ, 2007, ਨੈਸ਼ਨਲ ਬੈਂਕੁਇਟ ਹਾਲ, ਮਿਸੀਸਾਗਾ;
ਅੰਬੇਦਕਰ ਮਿਸ਼ਨ ਟਰਾਂਟੋ ਮਿਤੀ 5 ਮਈ, 2007, ਵਿਲੀਅਮ ਪਾਰਕਵੇ ਸੈਕੰਡਰੀ ਸਕੂਲ, ਬਰੈਂਪਟਨ , ਕਲਚਰਲ ਐਂਡ ਸਪੋਰਟਸ ਕਲੱਬ ਫਿਰੋਜ਼ਪੁਰ ਵੱਲੋਂ ਸਨਮਾਨ 2 ਅਗਸਤ, 2008
ਸ਼ਹੀਦ ਊਧਮ ਸਿੰਘ ਸੰਸਥਾ ਵਲੋਂ ਜੁਲਾਈ 09 ਵਿਚ ਅਵਾਰਡ,
ਜਨਵਰੀ 2009 ਵਿਚ ਨਿਊਯਾਰਕ ਵ੍ਰਿਖੇ ਸਨਮਾਨ, 24 ਜੁਲਾਈ ਨੂੰ ਵਿਸ਼ਵ ਪੰਜਾਬੀ ਕਾਨਫਰੰਸ ਵਿਖੇ ਸਨਮਾਨ,
30 ਅਗਸਤ , 2009 ਨੂੰ ਬਰੈਂਪਟਨ, ਕੈਨੇਡਾ ਵਿਚ ਪੰਜਾਬੀ ਸਥ ਵੱਲੋਂ ਵਾਰਿਸ ਸ਼ਾਹ ਅਵਾਰਡ,
6 ਸਤੰਬਰ, 2009 ਨੂੰ ਫਿਰਜ਼ਪੁਰ ਕਲੱਬ ਵੱਲੋਂ ਅਵਾਰਡ,

ਪਤਾ:-
17 Donaldson Drive, Brampton, Ont. L6Y 3H1, Canada
PH: 905-455-3229, Cell: 416-949-0706
Email: momi@rogers.com

## ਕਿਹੋ ਜਿਹਾ ਸੀ ਜੀਵਨ?

(ਬਹੁਤ ਸਾਰੇ ਦੋਸਤਾਂ, ਪਾਠਕਾਂ ਅਤੇ ਸਾਥੀ ਲੇਖਕਾਂ ਦੇ ਸੁਝਾਵਾਂ ਨੂੰ ਮੰਨਦਿਆਂ ਮੈਂ ਆਪਣੀ ਸਵੈ ਜੀਵਨੀ ਕਿਸ਼ਤਵਾਰ ਲਿਖਣੀ ਸ਼ੁਰੂ ਕਰ ਦਿਤੀ ਹੈ। ਭਾਵੇਂ ਮੇਰੀ ਵਿਕੋਲਿਤਰੀ ਜ਼ਿੰਦਗੀ ਕੋਈ ਮਹਾਨਤਾ ਨਹੀਂ ਰਖਦੀ ਤੇ ਨਾ ਹੀ ਮੈਂ ਆਪਣੇ ਆਪ ਨੂੰ ਕੋਈ ਉਚ ਕੋਟੀ ਦਾ ਲੇਖਕ, ਵਿਦਵਾਨ ਜਾਂ ਸਿਆਣਾ ਅਭਿਵਿਅਕਤੀ ਹੀ ਸਮਝਦਾ ਹਾਂ ਪਰ ਏਨਾ ਕੁ ਅਹਿਸਾਸ ਜ਼ਰੂਰ ਹੈ ਕਿ ਮੇਰੇ ਜੀਵਨ ਵਿਚ ਸਾਧਾਰਨਤਾ ਤੋਂ ਉਚਾ ਉਠ ਕੇ ਕੁਝ ਨਾ ਕੁਝ ਅਨੋਖਾ ਜ਼ਰੂਰ ਹੈ ਜੋ ਪਾਠਕਾਂ ਨੂੰ ਅਨੇਕਾਂ ਅਲੋਕਾਰੀ, ਖੱਟੀਆਂ, ਮਿਠੀਆਂ, ਕੌੜੀਆਂ, ਖਾਰੀਆਂ ਤੇ ਕੁਸੈਲੀਆਂ ਯਾਦਾਂ ਤੇ ਤਜਰਬਿਆਂ ਨਾਲ ਜੋੜ ਸਕਦਾ ਹੈ। ਇਸ ਵਿਚ 1947 ਦੀ ਭਾਰਤ ਵੰਡ ਦਾ ਅਖੀਂ ਡਿਠਾ ਭਿਆਨਕ ਉਜਾੜਾ, ਲੱਖਾਂ ਦੀ ਗਿਣਤੀ ਵਿਚ ਹੋਈਆਂ ਅਣਲਿਖਤ ਮੌਤਾਂ ਤੇ ਮੁੜ ਮੁੜ ਕੇ ਉਜੜਨ ਦੇ ਵਸੇਬੇ ਦਾ ਕੁਰਲਾਉਂਦਾ ਦੁਖਾਂਤ ਸ਼ਾਮਲ ਹੈ। ਜੀਵਨੀ ਲਿਖਣ ਦੀ ਸਭ ਤੋਂ ਵਡੀ ਸਮਸਿਆ ਹੈ ਸੱਚ ਲਿਖਣਾ ਜੋ ਬਹੁਤ ਕੌੜਾ ਲਗਦਾ ਹੈ ਅਤੇ ਝੂਠ ਲਿਖਣ ਨੂੰ ਜ਼ਮੀਰ ਨਹੀਂ ਮੰਨਦੀ। ਜ਼ਿੰਦਗੀ ਦੇ ਇਸ ਲੰਮੇ ਸਫਰ ਵਿਚ ਅਮੀਰੀ ਤੇ ਗਰੀਬੀ ਹੰਢਾਈ, ਕਈ ਚੰਗੇ ਮਾੜੇ ਦੋਸਤ ਮਿਲੇ। ਜੀਵਨ ਭਰ ਦਾ ਸਾਥ ਨਿਭਾਣ ਦੀਆਂ ਕਸਮਾਂ ਖਾਣ ਵਾਲੀਆਂ ਕਈ ਮਨ ਮੋਹਣੀਆਂ ਸੂਰਤਾਂ ਆਈਆਂ ਤੇ ਗਈਆਂ ਪਰ ਪਾਤਰਾਂ ਦੇ ਰੂਪ ਵਿਚ ਉਹ ਮੇਰੀਆਂ ਦਿਲਕਸ਼ ਲਿਖਤਾਂ ਵਿਚ ਬਿਰਾਜਮਾਨ ਹੋ ਗਈਆਂ। ਦੁੱਖ ਸੁੱਖ ਦੇ ਸੱਪ ਕੰਢਿਆਂ ਅੰਦਰ ਦਿਲ ਗੰਗਾ ਦੀ ਧਾਰਾ ਵਾਂਗ ਵਹਿੰਦਾ ਰਿਹਾ। ਜੀਵਨ ਦੇ ਡੂੰਘੇ ਸਰ ਦੀ ਝਾਤ ਕੋਈ ਵੀ ਨਾ ਪਾ ਸਕਿਆ। ਸ਼ਾਇਦ ਮੈਂ ਖੁਦ ਵੀ ਨਹੀਂ-ਬਲਬੀਰ ਮੋਮੀ)

## 1947 ਦੇ ਆਰ ਪਾਰ

ਪਿਛੇ ਮੁੜ ਕੇ ਵੇਖਦਾ ਹਾਂ ਤਾਂ ਮਨ ਅਤੇ ਸੋਚ ਦੀ ਸੂਈ 1947 ਦੇ ਆਰ ਪਾਰ ਜਾ ਕੇ ਰੁਕ ਜਾਂਦੀ ਹੈ। ਭੁਲਾਇਆਂ ਵੀ ਨਹੀਂ ਭੁਲਦਾ ਕਿ ਪਾਕਿਸਤਾਨ ਬਨਣ ਤੋਂ ਪਹਿਲਾਂ ਅਤੇ ਪਿਛੋਂ ਦਾ ਸਮਾਂ ਜਦੋਂ ਅਸੀਂ ਬਾਰ ਦੇ ਨਵਾਂ ਪਿੰਡ, ਚੱਕ ਨੰਬਰ 78, ਜਿਲ੍ਹਾ ਸ਼ੇਖੂਪੁਰਾ ਵਿਚ ਰਿਹਾ ਕਰਦੇ ਸਾਂ ਜਿਥੇ ਜਿਲ੍ਹਾ ਅਮ੍ਰਿਤਸਰ ਦੇ ਪਿੰਡ ਨਵਾਂ ਪਿੰਡ ਤੋਂ ਉਠ ਕੇ ਸਾਡੇ ਵਡੇਰਿਆਂ ਨੂੰ ਅੰਗਰੇਜ਼ਾਂ ਵੱਲੋਂ ਮੁਰੱਬੇ ਮਿਲੇ ਹੋਏ ਸਨ। ਅਸਲੀਅਤ ਇਹ ਸੀ ਕਿ ਮੁਖ ਤੌਰ ਤੇ ਇਹ ਮੁਰੱਬੇ ਪਹਿਲਾਂ ਜੰਗਲ ਸਨ ਤੇ ਵਡੇਰਿਆਂ ਨੇ ਇਹਨਾਂ ਜੰਗਲਾਂ ਨੂੰ ਬੜੀ ਸਖਤ ਮਿਹਨਤ ਕਰ ਕੇ ਸਾਫ ਕਰ ਵਾਹੀ ਹੇਠ ਲਿਆ ਇਸ ਇਲਾਕੇ ਨੂੰ ਆਬਾਦ ਕੀਤਾ ਸੀ। ਅੰਗਰੇਜ਼ ਹਕੂਮਤ ਦਾ ਵਾਧਾ ਇਹ ਸੀ ਕਿ ਉਹਨਾਂ ਨੇ ਹਿੰਦੋਸਤਾਨ ਦੇ ਇਤਿਹਾਸ ਵਿਚ ਪਹਿਲੀ ਵਾਰ ਇਸ ਇਲਾਕੇ ਨੂੰ ਨਹਿਰਾਂ ਕਢ ਕੇ ਪਾਣੀ ਦਿਤਾ ਸੀ। ਇਹਨਾਂ ਥਾਵਾਂ ਤੇ ਪਹੁੰਚਣ ਲਈ ਰੇਲਵੇ ਲਾਈਨ ਵਿਛਾਈ ਸੀ ਤੇ ਸੜਕਾਂ ਬਣਾਈਆਂ ਸਨ। ਸਕੂਲ ਤੇ ਹਸਪਤਾਲ ਖੋਲ੍ਹੇ ਸਨ ਤੇ ਵਡੇ ਵਡੇ ਸ਼ਹਿਰਾਂ ਵਿਚ ਬਿਜਲੀ ਲਿਆਂਦੀ ਸੀ। ਚਿੱਠੀ ਪੱਤਰ ਰਾਹੀਂ ਇਕ ਦੂਜੇ ਤਕ ਸੁੱਖ ਸਾਂਦ ਜਾਂ ਕੋਈ ਅਫਸੋਸ ਦੀ ਖਬਰ ਪੁਚਾਉਣ ਲਈ ਡਾਕਖਾਨੇ ਤੇ ਤਾਰ ਘਰ ਖੋਲ੍ਹੇ ਸਨ। ਲੋਕਾਂ ਦੀ ਜਾਨ ਮਾਲ ਦੀ ਹਿਫਾਜ਼ਤ ਲਈ ਇੰਡੀਅਨ ਪੈਨਲ ਕੋਡ ਬਣਾਇਆ ਸੀ। ਜੁਰਮਾਂ ਨੂੰ ਰੋਕਣ ਲਈ ਪੋਲੀਸ ਦਾ ਮਹਿਕਮਾ ਕਾਇਮ ਕਰ ਕੇ ਥਾਣੇ ਬਣਾਏ ਸਨ ਤੇ ਇਨਸਾਫ ਪ੍ਰਾਪਤ ਕਰਨ ਲਈ ਕੋਰਟਾਂ ਕਾਇਮ ਕੀਤੀਆਂ ਸਨ ਜਿਥੇ ਫੌਜਦਾਰੀ ਤੇ ਦੀਵਾਨੀ ਮੁਕਦਮੇ ਚਲਦੇ ਸਨ। ਇਸ ਤਰ੍ਹਾਂ ਦੇ ਨਵੇਂ ਮਹਿਕਮੇ ਬਣਾ ਕੇ ਅਤੇ ਫੌਜੀ ਭਰਤੀ ਕਰ ਕੇ ਲਖਾਂ ਲੋਕਾਂ ਨੂੰ ਰੁਜ਼ਗਾਰ ਮੁਹਈਆ ਕੀਤਾ ਸੀ। ਭਾਵੇਂ ਕਈ ਲੋਕਾਂ ਨੂੰ ਨੌਕਰੀਆਂ ਮਿਲ ਗਈਆਂ ਸਨ ਪਰ ਨਸਲੀ ਵਿਤਕਰੇ ਕਾਰਨ ਹਿੰਦੋਸਤਾਨ ਦੇ ਲੋਕ ਅੰਗਰੇਜ਼ਾਂ ਕੋਲੋਂ ਆਜ਼ਾਦੀ ਚਹੁੰਦੇ ਸਨ। ਅੰਗਰੇਜ਼ਾਂ ਨੇ ਸਾਰੇ ਭਾਰਤ ਉੱਤੇ ਕਰੀਬ ਦੋ ਸੌ ਸਾਲ ਅਤੇ ਪੰਜਾਬ ਉੱਤੇ ਕਰੀਬ ਸੌ ਸਾਲ ਰਾਜ ਕੀਤਾ ਸੀ। ਪੰਜਾਬ ਦਾ ਰਾਜ ਅੰਗਰੇਜ਼ਾਂ ਨੇ ਸਿੱਖਾਂ ਤੋਂ ਖੋਹਿਆ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਹੋਈ ਆਪੋ ਧਾਪੀ ਅਤੇ ਖਾਨਾਜੰਗੀ ਕਾਰਨ ਪਾਟ ਗਏ ਸਨ। ਸਿੱਖ ਰਾਜ ਨੂੰ ਸੰਭਾਲਣ ਵਾਲਾ ਕੋਈ ਯੋਗ ਸਿੱਖ ਹੁਕਮਰਾਨ ਬਾਕੀ ਨਹੀਂ ਰਿਹਾ ਸੀ। ਅਥਰੀਆਂ ਤੇ ਬੇਲਗਾਮ ਫੌਜਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਿਥੀ ਹੱਦ ਟੱਪ ਕੇ ਅੰਗਰੇਜ਼ਾਂ ਦੀ ਦੇਖ ਰੇਖ ਹੇਠ ਵਾਲੇ ਇਲਾਕਿਆਂ ਮੁਦਕੀ, ਫੇਰੂ ਸ਼ਹਿਰ (ਫਿਰੋਜ਼ ਸ਼ਾਹ), ਸਭਰਾਵਾਂ ਆਦਿ ਥਾਵਾਂ ਤੇ ਅੰਗਰਜੀ ਫੌਜ ਨਾਲ ਲੜਾਈਆਂ ਵਿਚ ਹਾਰ ਖਾਧੀ ਸੀ। ਓਸ ਵੇਲੇ ਦੇ ਮਸ਼ਹੂਰ ਸ਼ਾਇਰ ਸ਼ਾਹ ਮੁਹੰਮਦ ਨੇ ਜੰਗਨਾਮਾ ਸਿੱਖਾਂ ਅਤੇ ਅੰਗਰੇਜ਼ਾਂ ਵਿਚ

ਹੋਈਆਂ ਲੜਾਈਆਂ ਅਤੇ ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ਾ ਕਰਨ ਦਾ ਜੋ ਹਿਰਦੇ ਵੇਧਕ ਜ਼ਿਕਰ ਕੀਤਾ ਹੈ, ਓਸ ਵੇਲੇ ਦੇ ਪੰਜਾਬ ਨੂੰ ਸਮਝਣ ਲਈ ਕਿਤੇ ਵੀ ਨਹੀਂ ਮਿਲਦਾ। 29 ਮਾਰਚ, ਸੰਨ 1849 ਈ. ਵਿਚ ਅੰਗਰੇਜ਼ਾਂ ਨੇ ਪੰਜਾਬ ਉਤੇ ਕਬਜ਼ਾ ਕਰ ਕੇ ਇਸ ਨੂੰ ਹਿੰਦੋਸਤਾਨ ਵਿਚ ਮਿਲਾ ਲਿਆ। ਫਿਰ ਉਹ ਸਮਾਂ ਆਇਆ ਜਦੋਂ ਪੰਜਾਬ ਅਤੇ ਹਿੰਦੋਸਤਾਨ ਦੇ ਲੋਕਾਂ ਨੇ ਹਰ ਤਰ੍ਹਾਂ ਦੀਆਂ ਕੁਰਬਾਨੀਆਂ ਅਤੇ ਅੰਦੋਲਨਾਂ ਦੁਆਰਾ ਬ੍ਰਿਟਸ਼ ਹਕੂਮਤ ਨੂੰ ਮਜਬੂਰ ਕਰ ਦਿਤਾ ਕਿ ਉਹ ਹਿੰਦੋਸਤਾਨ ਨੂੰ ਆਜ਼ਾਦ ਕਰ ਦੇਣ।

ਇਹ ਘਟਨਾ ਅਗਸੱਤ 1947 ਦੇ ਮੁਢਲੇ ਦਿਨਾਂ ਦੀ ਹੈ। ਅਜੇ ਪਾਕਿਸਤਾਨ ਬਣਨ ਦਾ ਐਲਾਨ ਨਹੀਂ ਸੀ ਹੋਇਆ ਪਰ ਮੁਸਲਿਮ ਲੀਡਰ ਮੁੰਹਮਦ ਅਲੀ ਜਿਨਾਹ ਦੀ ਮੰਗ ਸੀ ਕਿ ਹਿੰਦੋਸਤਾਨ ਨੂੰ ਆਜ਼ਾਦ ਕਰਨ ਵੇਲੇ ਮੁਸਲਮਾਨਾਂ ਦੀ ਵਧੇਰੇ ਵੱਸੋਂ ਵਾਲੇ ਇਲਾਕੇ ਵੰਡ ਕੇ ਵਖਰਾ ਮੁਲਕ ਪਾਕਿਸਤਾਨ ਬਣਾ ਦਿਤਾ ਜਾਵੇ। ਹਿੰਦੂ, ਸਿੱਖ ਅਤੇ ਮੁਸਲਿਮ ਨੇਤਾ ਆਪੋ ਆਪਣੀਆਂ ਵਿਚਾਰਾਂ ਲੈ ਕੇ ਮੁਲਕ ਦੇ ਗੋਰੇ ਹਾਕਮਾਂ ਅਗੇ ਲੰਮੇ ਸਮੇਂ ਤੋਂ ਆਪਣੇ ਪਖ ਪੇਸ਼ ਕਰ ਰਹੇ ਸਨ। ਲਾਰਡ ਮਾਊਂਟ ਬੈਟਨ ਓਸ ਵੇਲੇ ਸਾਰੇ ਹਿੰਦੋਸਤਾਨ ਦਾ ਗਵਰਨਰ ਜਨਰਲ ਸੀ। ਹਿੰਦੋਸਤਾਨ ਦੀਆਂ ਰਿਆਸਤਾਂ ਕਿਸ ਪਾਸੇ ਜਾਣਗੀਆਂ, ਵਰਗੀਆਂ ਅੜਿਚਣਾਂ ਵੀ ਦੇਸ਼ ਦੀ ਵੰਡ ਲਈ ਭਾਰੀ ਅੜਿਕਾ ਬਣੀਆਂ ਹੋਈਆਂ ਸਨ। ਖਚਰਾ ਗੋਰਾ ਦਿਮਾਗ ਭਾਵੇਂ ਹਿੰਦੋਸਤਾਨ ਨੂੰ ਆਜ਼ਾਦੀ ਦੇਣ ਲਈ ਮਜਬੂਰ ਹੋ ਚੁਕਾ ਸੀ ਪਰ ਉਹ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਕੇ ਮੁਲਕ ਨੂੰ ਆਜ਼ਾਦ ਕਰਨਾ ਚਹੁੰਦਾ ਸੀ ਜਿਸ ਦੇ ਸੇਕ ਨਾਲ ਆਉਣ ਵਾਲੇ ਸਮੇਂ ਵਿਚ ਇਸ ਦੇਸ਼ ਦੇ ਲੋਕ ਕਦੇ ਵੀ ਚੈਨ ਨਾਲ ਜੀ ਨਾ ਸਕਣ।
ਆਖਰ ਇੰਡੀਅਨ ਇੰਡੀਪੈਂਡੇਸ ਐਕਟ 1947 ਅਨੁਸਾਰ ਹਿੰਦੋਸਤਾਨ ਦੀ ਵੰਡ ਕਰ ਕੇ 14 ਅਗਸਤ, 1947 ਦੀ ਰਾਤ ਨੂੰ ਸੈਂਕੜਿਆਂ ਵਰ੍ਹਿਆਂ ਦੀ ਅੰਗਰੇਜ਼ਾਂ ਦੀ ਤੇ ਉਸ ਤੋਂ ਪਹਿਲਾਂ ਹੋਏ ਮੁਸਲਿਮ ਹੁਕਮਰਾਨਾਂ ਜਿਵੇਂ ਮੁਗਲਾਂ, ਲੋਧੀਆਂ, ਖਿਲਜੀਆਂ, ਤੁਗਲਕਾਂ, ਕੁਤਬਦੀਨ ਐਬਕ, ਅਲਤਮਸ਼, ਬਲਬਨ, ਖਾਨਦਾਨੇ ਗੁਲਾਮਾਂ, ਸੁਬਕਤਗੀਨ ਤੇ ਉਸਦੇ ਪੁਤਰ ਮਹਿਮੂਦ ਗਜ਼ਨਵੀ, ਸਈਅਦਾਂ, ਮੁਹੰਮਦ ਗੌਰੀ ਅਤੇ ਇਬਨ ਬਿਨ ਕਾਸਮ ਆਦਿ ਦੀਆਂ ਭਾਰਤ ਦੇ ਲੋਕਾਂ ਵੱਲੋਂ ਸਮੇਂ ਸਮੇਂ ਹੰਢਾਈਆਂ ਲੁੱਟਾਂ ਅਤੇ ਗੁਲਾਮੀਆਂ ਤੋਂ ਬਾਅਦ ਹਿੰਦੋਸਤਾਨ ਦੇ ਦੋ ਟੁਕੜੇ ਕਰ ਕੇ ਮੁਲਕ ਆਜ਼ਾਦ ਕਰ ਦਿਤਾ ਗਿਆ ਅਤੇ ਬ੍ਰਿਟਸ਼ ਇੰਡੀਅਨ ਐਮਪਾਇਰ ਦਾ ਅੰਤ ਹੋ ਗਿਆ। ਹਿੰਦੋਸਤਾਨ ਦੀਆਂ 562 ਰਾਜਿਆਂ ਦੀਆਂ ਰਿਆਸਤਾਂ ਵਿਚੋਂ ਸਭ ਤੋਂ ਵਡੀ ਸਮਸਿਆ ਰਿਆਸਤ ਜੰਮੂ ਕਸ਼ਮੀਰ ਦੀ ਸੀ ਜਿਸ ਦਾ ਮੁਖੀ ਹਿੰਦੂ ਮਹਾਰਾਜਾ ਹਰੀ ਸਿੰਘ ਡੋਗਰਾ ਸੀ ਅਤੇ ਪਰਜਾ ਵਧੇਰੇ ਤੌਰ ਤੇ ਮੁਸਲਮਾਨ ਸੀ। 1947 ਵਿਚ ਕਸ਼ਮੀਰ ਦੇ ਮੁੱਦੇ ਨੂੰ ਲੈ ਕੇ ਇੰਡੋ ਪਾਕਿਸਤਾਨ ਬਣ ਉਭਰੀ ਲੜਾਈ ਦੋਹਾਂ ਮੁਲਕਾਂ ਦੀ ਵੰਡ ਵਿਚ ਇਕ ਅਜਿਹੇ ਜ਼ਹਿਰ ਆਲੂਦਾ ਕਿੱਲ ਵਾਂਗ ਠੁਕ ਕੇ ਬਾਕੀ ਰਹਿ ਗਈ ਜੋ ਪਿਛੋਂ ਨਾਸੂਰ ਦਾ ਰੂਪ ਧਾਰ ਕੇ ਰਹਿ ਗਈ।

ਵੱਢ ਟੁੱਕ, ਛੁਰੇ ਬਾਜ਼ੀ ਅਤੇ ਮੁਸਲਮਾਨਾਂ ਵੱਲੋਂ ਹਿੰਦੂ ਸਿੱਖਾਂ ਅਤੇ ਹਿੰਦੂ ਸਿੱਖਾਂ ਵੱਲੋਂ ਮੁਸਲਮਾਨਾਂ ਨੂੰ ਮਾਰਨ ਮਰਾਨ ਦੀਆਂ ਖਬਰਾਂ ਪਿਛਲੇ ਕਈ ਮਹੀਨਿਆਂ ਤੋਂ ਆਮ ਬਣ ਕੇ ਰਹਿ ਗਈਆਂ ਸਨ। ਕਿਸੇ ਕਿਸੇ ਵੇਲੇ ਗੱਡੀ ਵਿਚ ਇਕ ਫਿਰਕੇ ਦੇ ਸਵਾਰ ਸਾਰੇ ਦੇ ਸਾਰੇ ਮੁਸਾਫਰਾਂ ਨੂੰ ਵੱਢਣ ਦੀਆਂ ਖਬਰਾਂ ਵੀ ਆ ਜਾਂਦੀਆਂ। ਅਫਵਾਹਾਂ ਆਂਦੀਆਂ ਕਿ ਜੇ ਮੁਸਲਮਾਨਾਂ ਦੀ ਵੱਢੀ ਗੱਡੀ ਅਮ੍ਰਿਤਸਰੋਂ ਲਾਹੌਰ ਵੱਲ ਆਉਂਦੀ ਤਾਂ ਲਾਹੌਰ ਵੱਲੋਂ ਹਿੰਦੂ ਸਿੱਖਾਂ ਦੀ ਵੱਢੀ ਗੱਡੀ ਅਮ੍ਰਿਤਸਰ ਨੂੰ ਭੇਜ ਦਿਤੀ ਜਾਂਦੀ। ਸ਼ਹਿਰਾਂ ਵਿਚ ਛੁਰੇਬਾਜ਼ੀ ਦੀਆਂ ਖਬਰਾਂ ਲਾਹੌਰ ਰੇਡੀਓ ਤੋਂ ਨਸ਼ਰ ਹੁੰਦੀਆਂ ਸਨ। ਸਾਡੇ ਪਿੰਡ ਨੂੰ ਲਗਦੀ ਮੰਡੀ ਢਾਬਾਂ ਸਿੰਘ ਦੇ ਸਟੇਸ਼ਨ ਤੇ ਬਲੋਚ ਮਿਲਟਰੀ ਨੇ ਗੱਡੀ ਖਲ੍ਹਾਰ ਕੇ ਮੰਡੀ ਦੇ ਲੋਕਾਂ ਤੇ ਅੰਨ੍ਹੇ ਵਾਹ ਗੋਲਾ ਬਾਰੀ ਕੀਤੀ ਅਤੇ ਮੰਡੀ ਲੁੱਟੀ ਸੀ। ਮੰਡੀ ਵਿਚ ਵਧੇਰੇ ਤੌਰ ਤੇ ਹਿੰਦੂਆਂ ਜਾਂ ਸਿੱਖਾਂ ਦੀ ਆਬਾਦੀ ਸੀ। ਮੰਡੀ ਦੇ ਖੱਤਰੀ, ਮਹਾਜਨ ਤੇ ਅਰੋੜੇ ਬਾਲ ਬੱਚੇ ਸਮੇਤ ਮੰਡੀ ਛਡ ਕੇ ਜਾਨਾਂ ਬਚਾਉਂਦੇ ਸਾਡੇ ਅਤੇ ਲਾਗਲੇ ਪਿੰਡਾਂ ਵਿਚ ਪਨਾਹ ਲੈਣ ਲਈ ਭੱਜ ਆਏ ਸਨ। ਕਈਆਂ ਨੇ ਸਾਡੇ ਪਿੰਡ ਦੇ ਗੁਰਦਵਾਰੇ ਜਾਂ ਸਾਡੇ ਘਰਾਂ ਵਿਚ ਡੇਰੇ ਲਾ ਲਏ ਸਨ। ਲੋਕ ਸ਼ਰ੍ਹੇ ਆਮ ਮੰਡੀ ਦੀਆਂ ਦੁਕਾਨਾਂ ਵਿਚੋਂ ਸਾਮਾਨ ਚੁਕ ਚੁਕ ਕੇ ਲਿਜਾ ਰਹੇ ਸਨ ਤੇ ਉਹਨਾਂ ਨੂੰ ਰੋਕਣ ਜਾਂ ਹਟਕਣ ਵਾਲਾ ਕੋਈ ਨਹੀਂ ਸੀ। ਉਜੜੀ ਮੰਡੀ ਵਿਚੋਂ ਲੋਕ ਵੜੇਵਿਆਂ ਦੀਆਂ ਬੋਰੀਆਂ ਲਿਆ ਕੇ ਆਪਣੇ ਪਸੂਆਂ ਅਗੇ ਸੁਟ ਰਹੇ ਸਨ ਪਰ ਪਸੂ ਇਹਨਾਂ ਵੜੇਵਿਆਂ ਨੂੰ ਮੂੰਹ ਨਹੀਂ ਲਾ ਰਹੇ ਸਨ। ਇਥੋਂ ਤਕ ਕਿ ਪਸੂਆਂ ਨੇ ਸਾਬਤ ਵਢ ਕੇ ਲਿਆਂਦੀ ਚਰ੍ਹੀ ਤੇ ਮੱਕੀ ਦੇ ਟਾਂਡੇ ਜੋ ਉਹਨਾਂ ਅਗੇ ਸੁਟੇ ਜਾਂਦੇ ਸਨ, ਉਹ ਵੀ ਖਾਣੇ ਛਡ ਦਿਤੇ ਸਨ। ਮੈਂ ਵੀ ਆਪਣੇ ਹਾਣੀਆਂ ਨਾਲ ਘਰ ਦਿਆਂ ਤੋਂ ਚੋਰੀ ਉਜੜੀ ਮੰਡੀ ਵੇਖਣ ਗਿਆ ਕੁਝ ਕਿਤਾਬਾਂ ਤੇ ਕਾਪਆਂ ਚੁਕ ਲਿਆਇਆ।

ਪਿਸ਼ਾਵਰ ਅਤੇ ਰਾਵਲਪਿੰਡੀ ਦੇ ਸਿੱਖ ਤੇ ਹਿੰਦੂ ਜਿਨ੍ਹਾਂ ਨੂੰ ਭਾਪੇ ਕਹਿੰਦੇ ਸਨ, ਪਹਿਲਾਂ ਹੀ ਆਪਣੇ ਪ੍ਰੀਵਾਰਾਂ ਨੂੰ ਸਾਡੇ ਪਿੰਡ ਜਾਂ ਲਾਗਲੇ ਪਿੰਡਾਂ ਵਿਚ ਛਡ ਗਏ ਸਨ ਤੇ ਵਿਚ ਵਿਚਾਲੇ ਚੱਕਰ ਮਾਰਦੇ ਰਹਿੰਦੇ ਸਨ। ਉਹਨਾਂ ਨੂੰ ਪਤਾ ਨਹੀਂ ਸੀ ਕਿ ਸ਼ੇਖੂਪੁਰਾ ਜਿਲ੍ਹਾ ਵੀ ਪਾਕਿਸਤਾਨ ਵਿਚ ਆ ਜਾਣਾ ਹੈ। ਉਹਨਾਂ ਦਾ ਖਿਆਲ ਸੀ ਕਿ ਬਾਬਾ ਨਾਨਕ ਦਾ ਨਨਕਾਣਾ ਅਤੇ ਸੱਚਾ

ਸੌਦਾ ਜ਼ਿਲਾ ਸ਼ੇਖੂਪੁਰਾ ਵਿਚ ਹੋਣ ਕਰ ਕੇ ਇਹ ਇਲਾਕਾ ਪਾਕਿਸਤਾਨ ਵਿਚ ਨਹੀਂ ਆਵੇਗਾ। ਜਦ ਹੱਦਬੰਦੀ ਹੋ ਜਾਵੇਗੀ ਤੇ ਰੌਲੇ ਗੌਲੇ ਮਠੇ ਪੈ ਜਾਣਗੇ ਤਾਂ ਫਿਰ ਆਪਣੇ ਇਲਾਕੇ ਜਾਂ ਘਰਾਂ ਨੂੰ ਪਰਤ ਜਾਵਾਂਗੇ।

ਵੰਡ ਵੇਲੇ ਮੇਰੀ ਉਮਰ ਬਾਰਾਂ ਸਾਲ ਤੋਂ ਉਤੇ ਸੀ ਤੇ ਮੈਂ ਪਿੰਡ ਦੇ ਖਾਲਸਾ ਹਾਈ ਸਕੂਲ ਦੀ ਅਠਵੀਂ ਜਮਾਤ ਵਿਚ ਪੜ੍ਹਦਾ ਸਾਂ। ਗਰਮੀਆਂ ਦੀਆਂ ਛੁਟੀਆਂ ਕਾਰਨ ਸਕੂਲ ਬੰਦ ਸਨ। ਸਾਡੀ ਤੇ ਹੈਡਮਾਸਟਰ ਹਰਨਾਮ ਸਿੰਘ ਦੇ ਘਰ ਦੀ ਕੰਧ ਸਾਂਝੀ ਸੀ। ਸਾਂਝੀ ਕੰਧ ਦੇ ਸਾਡੇ ਤੇ ਉਹਨਾਂ ਵਾਲੇ ਪਾਸੇ ਖੁਰਲੀਆਂ ਸਨ ਜਿਥੇ ਸਾਡੇ ਤੇ ਉਹਨਾਂ ਦੇ ਪਸੂ ਮਝਾਂ, ਗਊਆਂ ਤੇ ਬਲਦ ਬਝਦੇ ਸਨ। ਓਸ ਵੇਲੇ ਸਾਡੇ ਪਿੰਡ ਨਵਾਂ ਪਿੰਡ, ਚੱਕ ਨੰਬਰ 78 ਜਿਲ੍ਹਾ ਸ਼ੇਖੂਪੁਰਾ ਵਿਚ ਸਿਰਫ ਇਕ ਰੇਡੀਓ ਸੀ ਜੋ ਹੈਡਮਾਸਟਰ ਹਰਨਾਮ ਸਿੰਘ ਦੀ ਬੈਠਕ ਵਿਚ ਹੁੰਦਾ ਸੀ। ਸ਼ਾਮੀਂ ਇਹ ਰੇਡੀਓ ਬਾਹਰ ਥੜ੍ਹੇ ਤੇ ਲਿਆ ਕੇ ਮੇਜ਼ ਤੇ ਰਖ ਕੇ ਤੇ ਬੈਟਰੀ ਵਿਚ ਰੇਡੀਓ ਦਾ ਸਵਿਚ ਅਤੇ ਏਰੀਅਲ ਦੀ ਤਾਰ ਰੇਡੀਓ ਵਿਚ ਫਿੱਟ ਕਰਨਾ ਮੇਰਾ ਕੰਮ ਸੀ। ਓਸ ਸਮੇਂ ਸਾਡੇ ਪਿੰਡ ਤਾਂ ਕੀ ਮੰਡੀ ਵਿਚ ਵੀ ਬਿਜਲੀ ਨਹੀਂ ਸੀ ਆਈ। ਇਸ ਲਈ ਇਹ ਰੇਡੀਓ ਲਾਗੇ ਰਖੀ ਬੈਟਰੀ ਨਾਲ ਹੀ ਚਲਦਾ ਸੀ। ਸ਼ਾਮੀਂ ਬੈਠਕ ਦੇ ਬਾਹਰ ਬਣੇ ਥੜ੍ਹੇ ਤੇ ਪਾਣੀ ਛਿੜਕ ਕੇ ਮੰਜੇ ਡਾਹ ਦਿਤੇ ਜਾਂਦੇ ਤੇ ਰੇਡੀਓ ਤੇ ਦੇਹਾਤੀ ਪਰੋਗਰਾਮ ਤੇ ਖਬਰਾਂ ਸੁਣਨ ਵਾਲੇ ਲੋਕ ਮੰਜਿਆਂ ਤੇ ਆ ਬੈਠਦੇ। ਕੁਝ ਭੁੰਜੇ ਵੀ ਬੈਠ ਜਾਂਦੇ ਜਾਂ ਖੜ੍ਹੇ ਰਹਿੰਦੇ। ਲਾਹੌਰ ਤੋਂ ਨਸ਼ਰ ਹੁੰਦਾ ਦੇਹਾਤੀ ਪਰੋਗਰਾਮ ਸਭ ਦੀ ਪਸੰਦ ਸੀ। ਚਾਚਾ ਨਿਜ਼ਾਮਦੀਨ ਨੂੰ ਗੱਲ ਬੜੀ ਫੁਰਦੀ ਸੀ। ਇਸ ਦੇਹਾਤੀ ਪਰੋਗਰਾਮ ਵਿਚ ਪੰਜਾਬੀ ਗਾਣੇ ਵੀ ਸੁਣਾਏ ਜਾਂਦੇ ਸਨ। "ਕੰਧ ਟੱਪ ਕੇ ਗੁਲਾਬੀ ਫੁੱਲ ਤੋੜਿਆ ਆਸ਼ਕਾਂ ਦੇ ਬਾਗ ਦੇ ਵਿਚੋਂ," ਵਿਦਿਆ ਨਾਥ ਸੇਠ ਦਾ ਗਾਇਆ "ਨਿੱਕੀ ਜਹੀ ਗੱਲ ਦੀ ਕਹਾਣੀ ਬਣ ਗਈ-ਤੇਰੀ ਮੇਰੀ ਖੇਡ ਸੀ ਬਿਗਾਨੀ ਬਣ ਗਈ," ਅਤੇ "ਸੂਹੇ ਵੇ ਚੀਰੇ ਵਾਲਿਆ ਮੈਂ ਕਹਿੰਦੀ ਆਂ, ਕਰ ਛਤਰੀ ਦੀ ਛਾਂ ਮੈਂ ਛਾਵੇਂ ਬਹਿੰਦੀ ਆਂ" ਆਦਿ ਓਸ ਵੇਲੇ ਦੇ ਬੜੇ ਮਸ਼ਹੂਰ ਗਾਣੇ ਸਨ। ਕਦੀ ਕਦੀ "ਹਲਾ ਵੀ ਪੁਤਰ ਬੂਟਿਆ ਤੇ ਨਾਇਬ ਕੋਟੀਆ ਘੁਮਿਆਰਾ" ਕਹਿ ਅਲਗੋਜੇ ਵਜਾਉਂਦਿਆਂ ਤੇ "ਜੁਗਨੀ ਕੀ ਕਹਿੰਦੀ ਆ," ਵੀ ਸੁਣਾਈ ਜਾਂਦੀ।

ਆਖਰ 14 ਅਗਸਤ, 1947 ਦੀ ਰਾਤ ਨੂੰ ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ। ਸਾਡਾ ਪਿੰਡ ਪਾਕਿਸਤਾਨ ਵਿਚ ਆ ਗਿਆ ਸੀ। ਸਾਰੇ ਪਿੰਡ ਵਿਚ ਸਨਾਟਾ ਛਾ ਗਿਆ ਪਰ ਇਹ ਦੱਸਣ ਵਾਲਾ ਕੋਈ ਨਹੀਂ ਸੀ ਕਿ ਹੁਣ ਅਸੀਂ ਕੀ ਕਰਨਾ ਹੈ। ਅਸੀਂ ਆਪਣੇ ਇਸ ਪਿੰਡ ਵਿਚ ਰਹਿਣਾ ਹੈ ਜਾਂ ਇਹ ਪਿੰਡ ਛਡ ਕੇ ਚਲੇ ਜਾਣਾ ਹੈ। ਵੱਢ ਟੁੱਕ ਦੀਆਂ ਖਬਰਾਂ ਵਿਚ ਵਾਧਾ ਹੋਣਾ ਸ਼ੁਰੂ ਹੋ ਗਿਆ ਸੀ। ਸਖਤ ਗਰਮੀ ਦੇ ਬਾਵਜੂਦ ਲੋਕ ਰਾਤ ਨੂੰ ਦੋ ਦੋ ਕਮੀਜ਼ਾਂ ਪਾ ਕੇ ਸੌਂਦੇ ਕਿ ਪਤਾ ਨਹੀਂ ਕਿਹੜੇ ਵੇਲੇ ਭੱਜਣਾ ਪੈ ਜਾਣਾ ਹੈ। ਲਾਗਲੇ ਪਿੰਡਾਂ ਵਿਚੋਂ ਗਡਿਆਂ ਤੇ ਸਾਮਾਨ ਲੱਦੀਂ ਕੁਝ ਲੋਕ ਕਾਫਲੇ ਦੇ ਰੂਪ ਵਿਚ ਸੱਚਾ ਸੌਦਾ ਕੈਂਪ ਵੱਲ ਰਵਾਨਾ ਹੋਣੇ ਸ਼ੁਰੂ ਹੋ ਗਏ ਸਨ। ਇਹਨਾਂ ਕਾਫਲਿਆਂ ਤੇ ਮੁਸਲਮਾਨ ਲੁਟੇਰੇ ਹਮਲੇ ਕਰਦੇ, ਕਤਲੋ ਗਾਰਤ ਵੀ ਹੁੰਦੀ। ਨਕਦੀ, ਗਹਿਣੇ ਅਤੇ ਸਾਮਾਨ ਲੁਟ ਲਿਆ ਜਾਂਦਾ ਅਤੇ ਕਈ ਵਾਰ ਜਵਾਨ ਕੁੜੀਆਂ ਤੇ ਔਰਤਾਂ ਵੀ ਖੋਹ ਲਈਆਂ ਜਾਂਦੀਆਂ। ਜੋ ਮੁਕਾਬਲਾ ਕਰਦੇ, ਮਾਰੇ ਜਾਂਦੇ। ਕਈ ਜਵਾਨ ਔਰਤਾਂ ਜੇ ਕੋਈ ਲਾਗੇ ਖੂਹ ਹੁੰਦਾ ਤਾਂ ਭਜ ਕੇ ਓਸ ਵਿਚ ਛਾਲਾਂ ਮਾਰ ਦੇਂਦੀਆਂ। ਰਾਤ ਨੂੰ ਪਿੰਡ ਵਿਚ ਮਰਦ ਹਥਾਂ ਵਿਚ ਬਰਛੇ ਲੈ ਕੇ ਹਮਲਾਆਵਰਾਂ ਤੋਂ ਬਚਾਅ ਲਈ ਪਹਿਰਾ ਦੇਂਦੇ। ਮੁਸਲਮਾਨ ਤੇਲੀ ਤੇ ਸੇਪੀਆਂ ਕਰਨ ਵਾਲੇ ਕੁਝ ਹੋਰ ਗਰੀਬ ਮੁਸਲਮਾਨ ਸਿੱਖਾਂ ਤੋਂ ਡਰਦੇ ਇਕ ਰਾਤ ਪਿੰਡ ਛਡ ਕੇ ਭੱਜ ਗਏ। ਮੈਂ ਆਪਣਾ ਸਕੂਲ ਵਾਲਾ ਬਸਤਾ ਤੇ ਚਾਕੂ ਨਾਲ ਲੈ ਕੇ ਸੌਂਦਾ ਕਿ ਜੇ ਰਾਤ ਬਰਾਤੇ ਭਜਣਾ ਪੈ ਗਿਆ ਤਾਂ ਆਪਣੀਆਂ ਕਿਤਾਬਾਂ ਤਾਂ ਕੋਲ ਹੋਣਗੀਆਂ।

ਆਖਰ ਜਦ ਹਾਲਾਤ ਬਹੁਤ ਵਿਗੜਣ ਲਗੇ ਤੇ ਦੋ ਵਾਰ ਰਾਤ ਨੂੰ ਪਿੰਡ ਤੇ ਧਾੜਵੀਆਂ ਨੇ ਹਮਲੇ ਵੀ ਕੀਤੇ ਤਾਂ 3 ਸਤੰਬਰ, 1947 ਦੀ ਸਵੇਰ ਨੂੰ ਸਾਡੇ ਪਿੰਡ ਦੇ ਲੋਕਾਂ ਨੇ ਆਪਣੇ ਵਡੇਰਿਆਂ ਦੀ ਸਖਤ ਮਿਹਨਤ ਨਾਲ ਆਬਾਦ ਕੀਤੀ ਹੋਈ ਸਾਂਦਲ ਬਾਰ ਦੇ ਮੁਰਬਿਆਂ ਦੀ ਜ਼ਮੀਨ ਵਿਚੋਂ ਆਪਣੇ ਹਸਦੇ ਵਸਦੇ ਘਰ ਬਾਰ ਛਡ ਕੇ ਕਾਫਲੇ ਦੇ ਰੂਪ ਵਿਚ ਸੱਚਾ ਸੌਦਾ ਕੈਂਪ ਵਿਚ ਜਾਣ ਦਾ ਫੈਸਲਾ ਕਰ ਲਿਆ ਜਿਥੋਂ ਭਾਰਤੀ ਫੌਜ ਦੀਆਂ ਟੁਕੜੀਆਂ ਦੀ ਹਿਫਾਜ਼ਤ ਵਿਚ ਆਪਣੇ ਘਰਾਂ ਤੋਂ ਉਜੜੇ ਲੋਕ ਹੌਲੀ ਹੌਲੀ ਅਗੇ ਰੇਲ ਗੱਡੀਆਂ, ਟਰੱਕਾਂ ਅਤੇ ਕਾਫਲਿਆਂ ਦੀ ਸ਼ਕਲ ਵਿਚ ਹਿੰਦੋਸਤਾਨ ਨੂੰ ਜਾ ਰਹੇ ਸਨ।

2.

## ਉਨੀਵੀਂ ਸਦੀ ਦਾ ਅੰਤ ਤੇ ਬਾਰ ਦਾ ਆਬਾਦ ਹੋਣਾ

ਬਚਪਨ ਦੀ ਅਵਸਥਾ ਵਿਚ ਵਡੇ ਵਡੇਰੇ ਦਸਿਆ ਕਰਦੇ ਸਨ ਬਾਰ 1880-90 ਦੇ ਆਸ ਪਾਸ ਆਬਾਦ ਹੋਈ ਸੀ। ਬਹੁਤਾ ਇਲਾਕਾ ਮੁਖ ਤੌਰ ਤੇ ਜੰਗਲ ਸੀ ਤੇ ਇਸ ਬਾਰ ਵਿਚ ਟਾਵੇਂ ਟਾਵੇਂ ਜਾਂਗਲੀਆਂ ਦੇ ਪਿੰਡ ਸਨ ਜੋ ਬਾਰ ਦੇ ਆਦਿਵਾਸੀ ਸਨ।

ਉਂਜ ਸਿੱਖ ਵਿਰਕਾਂ, ਵੜੈਚਾਂ, ਚੀਮਿਆ, ਚਠਿਆਂ ਆਦਿ ਦੇ ਪੁਰਾਣੇ ਪਿੰਡ ਵੀ ਸਨ ਜੋ ਬਾਰ ਆਬਾਦ ਹੋਣ ਤੋਂ ਪਹਿਲਾਂ ਦੇ ਏਥੇ ਰਹਿੰਦੇ ਸਨ। ਬਹੁਤੇ ਪਿੰਡ ਜਾਂਗਲੀ ਮੁਸਲਮਾਨਾਂ ਦੇ ਸਨ। ਇਹਨਾਂ ਦੇ ਰੰਗ ਭਾਵੇਂ ਕਾਲੇ ਤੇ ਸੌਲੇ ਸਨ ਪਰ ਇਹਨਾਂ ਦੇ ਜਿਸਮ ਦੀ ਚਮੜੀ ਆਪਣੀ ਕਿਸਮ ਦੀ ਭਾਅ ਮਾਰਦੀ ਸੀ। ਇਹ ਗਲ ਕੁੜਤਾ ਤੇ ਪੈਰੀਂ ਜੁੱਤੀ ਘੱਟ ਹੀ ਪਾਉਂਦੇ ਸਨ। ਸਾਡੇ ਨਵਾਂ ਪਿੰਡ ਚੱਕ ਨੰਬਰ 78 ਲਾਗੇ ਮਸਾਂ ਮੀਲ ਕੁ ਦੀ ਵਿਥ ਤੇ ਇਹਨਾਂ ਦੇ ਦੋ ਪਿੰਡ ਮਜੌਰਾਂ ਵਾਲਾ ਤੇ ਗੋਂਦਰਾਂਵਾਲਾ ਵਸੇ ਹੋਏ ਸਨ। ਮਜੌਰਾਂ ਵਾਲਾ ਤਾਂ ਨਿਰੋਲ ਜਾਂਗਲੀਆਂ ਦਾ ਪਿੰਡ ਸੀ ਪਰ ਗੋਂਦਰਾਂਵਾਲਾ ਵਿਚ ਕੁਝ ਘਰ ਸਿੱਖ ਵਿਰਕਾਂ, ਵੜੈਚਾਂ ਤੇ ਚੀਮਿਆਂ ਦੇ ਵੀ ਸਨ। ਇਹਨਾਂ ਦੇ ਕੱਚੇ ਘਰ ਬੜੇ ਲਿੱਪੇ ਪੋਚੇ ਹੁੰਦੇ ਸਨ। ਇਲਾਕੇ ਵਿਚ ਅੰਗਰੇਜ਼ੀ ਦਾ ਮਸ਼ਹੂਰ ਮਾਸਟਰ ਕਿਰਪਾਲ ਸਿੰਘ ਏਸੇ ਪਿੰਡ ਗੋਂਦਰਾਂਵਾਲਾ ਦਾ ਸੀ ਜੋ ਸਾਂਗਲਾ ਹਿੱਲ ਸਕੂਲ ਦੀ ਨੌਕਰੀ ਛਡ ਕੇ ਸਾਡੇ ਪਿੰਡ ਦੇ ਖਾਲਸਾ ਹਾਈ ਸਕੂਲ ਵਿਚ ਆਣ ਲੱਗਾ ਸੀ। ਮੈਂ ਇਹਦੇ ਕੋਲੋਂ ਪੰਜਵੀਂ ਤੋਂ ਲੈ ਕੇ ਛੇਵੀਂ ਜਮਾਤ ਤਕ ਅੰਗਰੇਜ਼ੀ ਪੜ੍ਹੀ ਸੀ, ਸੱਤਵੀਂ ਵਿਚ ਸਾਡਾ ਅੰਗਰੇਜ਼ੀ ਦਾ ਮਾਸਟਰ ਬਦਲ ਗਿਆ ਸੀ। ਮਾਸਟਰ ਕਿਰਪਾਲ ਸਿੰਘ ਕੋਲੋਂ ਜੋ ਇਕ ਵਾਰ ਅੰਗਰੇਜ਼ੀ ਪੜ੍ਹ ਗਿਆ, ਉਹ ਉਸ ਨੂੰ ਸਦਾ ਯਾਦ ਕਰਦਾ ਰਹਿੰਦਾ ਸੀ। ਇਹ ਗੱਲ ਮੈਨੂੰ ਕੈਨੇਡਾ ਆਇਆਂ ਕਾਮਰੇਡ ਬਲਰਾਜ ਚੀਮੇ ਨੇ ਵੀ ਦੱਸੀ ਜਿਸ ਦਾ ਪਿੰਡ ਸਾਂਗਲਾ ਹਿੱਲ ਲਾਗੇ ਜ਼ਿਲਾ ਗੁੱਜਰਾਂਵਾਲਾ ਵਿਚ ਪੈਂਦਾ ਸੀ ਤੇ ਮਾਸਟਰ ਕਿਰਪਾਲ ਸਿੰਘ ਉਹਦਾ ਰਿਸ਼ਤੇਦਾਰ ਲਗਦਾ ਸੀ। ਸ਼ੇਖੂਪੁਰਾ ਮੁਗਲ ਬਾਦਸ਼ਾਹ ਜਹਾਂਗੀਰ ਦੇ ਨਾਂ ਤੇ ਬਣਿਆ ਸੀ ਜਿਸ ਨੂੰ ਬਚਪਨ ਵਿਚ ਪਿਆਰ ਨਾਲ ਸ਼ੇਖੂ ਕਹਿੰਦੇ ਸਨ। ਸ਼ੇਖੂਪੁਰਾ ਪਹਿਲਾਂ ਜ਼ਿਲਾ ਗੁੱਜਰਾਂਵਾਲੇ ਦੀ ਇਕ ਤਹਿਸੀਲ ਸੀ ਪਰ 1920 ਵਿਚ ਇਹ ਪੂਰਾ ਜ਼ਿਲਾ ਬਣਾ ਦਿਤਾ ਗਿਆ ਸੀ ਤੇ ਨਨਕਾਣਾ ਸਾਹਿਬ ਤੇ ਰਾਵੀ ਕੰਢੇ ਵਸਿਆ ਸ਼ਹਿਰ ਸ਼ਾਹਦਰਾ ਇਸ ਦੀਆਂ ਤਹਿਸੀਲਾਂ ਸਨ। ਜਹਾਂਗੀਰ ਦਾ ਮਕਬਰਾ ਸ਼ਾਹਦਰੇ ਵਿਚ ਹੀ ਹੈ ਅਤੇ ਨੂਰ ਜਹਾਂ ਦਾ ਕੁਝ ਹਟਵਾਂ ਰਾਵੀ ਦਰਿਆ ਦੇ ਐਨ ਕੰਢੇ ਤੇ ਹੈ ਜਿਸ ਦੇ ਉਪਰ ਦੀ ਰੇਲ ਗਡੀ ਲੰਘਦੀ ਹੈ। ਇਥੇ 1955 ਵਿਚ ਸ਼ਹੀਦੇ ਆਜ਼ਮ ਮੁਹਬਤ ਬੂਟਾ ਸਿੰਘ ਉਰਫ ਜਮੀਲ ਅਹਿਮਦ ਨੇ ਜਲੰਧਰ ਲਾਗੇ ਦੇ ਇਕ ਪਿੰਡ ਵਿਚੋਂ ਲਾਹੌਰ ਪਾਕਿਸਤਾਨ ਆ ਕੇ ਆਪਣੀ ਮੁਸਲਿਮ ਪਤਨੀ ਨੂੰ ਦੋਬਾਰਾ ਨਾ ਹਾਸਲ ਕਰ ਸਕਣ ਦੇ ਮੁਕੱਦਮੇ ਵਿਚ ਹਾਰ ਖਾਣ ਪਿਛੋਂ ਗਡੀ ਹੇਠਾਂ ਆ ਕੇ ਖੁਦਕੁਸ਼ੀ ਕਰ ਲਈ ਸੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਪੰਜਾਬ ਵਿਚ ਸਿੱਖ ਰਾਜ ਦੀ ਹੋਈ ਅਧੋਗਤੀ ਤੋਂ ਬਾਅਦ ਮੁਦਕੀ, ਫਿਰੋਜ਼ਸ਼ਾਹ, ਸਭਰਾਵਾਂ, ਚੇਲਿਆਂਵਾਲਾ ਆਦਿ ਦੀਆਂ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿਚ ਖਾਲਸਾ ਰਾਜ ਦੀਆਂ ਬੇਲਗਾਮ ਹੋਈਆਂ ਸਿੱਖ ਫੌਜਾਂ ਦੀਆਂ ਹਾਰਾਂ ਤੋਂ ਬਾਅਦ ਮਾਰਚ 1849 ਵਿਚ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਅਧੀਨ ਚਲਾ ਗਿਆ। ਅੰਗਰੇਜ਼ਾਂ ਨੇ ਪੂਰੇ ਭਾਰਤ ਤੇ ਲਗ ਭਗ 200 ਸਾਲ ਅਤੇ ਪੰਜਾਬ ਉਤੇ 100 ਸਾਲ ਦੇ ਦੇ ਕਰੀਬ ਰਾਜ ਕੀਤਾ। ਜੋ ਕੁਝ ਅੰਗਰੇਜ਼ਾਂ ਨੇ ਪੰਜਾਬ ਨੂੰ ਦਿਤਾ, ਮੁਸਲਿਮ ਹਕੂਮਤਾਂ ਕਾਇਮ ਹੋਣ ਤੋਂ ਬਾਅਦ ਅਤੇ ਓਸ ਤੋਂ ਪਹਿਲਾਂ ਦੇ ਹਿੰਦੂ ਤੇ ਬੋਧੀ ਰਾਜਿਆਂ ਨੇ ਵੀ ਪੰਜਾਬ ਦਾ ਉਹ ਕੁਝ ਨਹੀਂ ਕੀਤਾ ਜੋ ਕਰਨਾ ਚਾਹੀਦਾ ਸੀ। ਅਕਸਰ ਕਈ ਲੋਕ ਕਹਿੰਦੇ ਹਨ ਕਿ ਅੰਗਰੇਜ਼ ਪੰਜਾਬ ਜਾਂ ਭਾਰਤ ਨੂੰ ਲੁਟ ਕੇ ਲੈ ਗਏ ਪਰ ਮੈਂ ਕਹਿੰਦਾ ਹਾਂ ਕਿ ਮੁਲਸਮਾਨ ਲੁਟੇਰਿਆਂ ਦੇ ਹਮਲਿਆਂ ਤੋਂ ਬਾਅਦ ਏਥੇ ਲੁਟੇ ਜਾਣ ਵਾਲੀ ਕਿਹੜੀ ਚੀਜ਼ ਬਾਕੀ ਰਹਿ ਗਈ ਸੀ। ਇਸ ਤਥ ਵੱਲ ਕਿਉਂ ਧਿਆਨ ਨਹੀਂ ਦਿਤਾ ਜਾਂਦਾ ਕਿ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਦੇ ਕਿਸੇ ਦਰਿਆ ਉਤੇ ਕੋਈ ਪੁਲ ਨਹੀਂ ਸੀ। ਕੋਈ ਨਹਿਰ ਨਹੀਂ ਸੀ। ਕੋਈ ਰਲੇਵੇ ਲਾਈਨ ਨਹੀਂ ਸੀ। ਕੋਈ ਡਾਕਖਾਨਾ ਜਾਂ ਤਾਰ ਘਰ ਨਹੀਂ ਸੀ। ਕੋਈ ਪੱਕੀ ਸੜਕ ਨਹੀਂ ਸੀ। ਕੋਈ ਬਿਜਲੀ ਨਹੀਂ ਸੀ। ਕੋਈ ਤਹਿਸੀਲ ਬੰਦੀ, ਜਿਲ਼ਾਬੰਦੀ, ਥਾਣਾਬੰਦੀ ਨਹੀਂ ਸੀ। ਜੁਰਮ ਦੀ ਸਜ਼ਾ ਦੇਣ ਲਈ ਕੋਈ ਇੰਡੀਅਨ ਪੈਨਲ ਕੋਡ ਨਹੀਂ ਸੀ। ਰਾਜਾਸ਼ਾਹੀ ਕਾਨੂੰਨ ਵਿਚ ਰਾਜਾ ਜਾਂ ਉਹਦੇ ਮੁਖਤਾਰ ਜੋ ਸਜ਼ਾ ਕਿਸੇ ਨੂੰ ਦੇਣਾ ਚਾਹੁਣ, ਦੇ ਸਕਦੇ ਸਨ। ਬੱਚਿਆਂ ਦੇ ਪੜ੍ਹਨ ਲਈ ਕੋਈ ਸਕੂਲ ਸਿਸਟਮ ਨਹੀਂ ਸੀ। ਕੋਈ ਵਿਦਿਅਕ ਕਾਲਜ ਤੇ ਯੂਨੀਵਰਸਿਟੀ ਨਹੀਂ ਸੀ। ਤਾਲੀਮ ਦੇਣ ਵਾਲੇ ਕੁਝ ਪੰਡਤ ਜਾਂ ਮੌਲਵੀ ਹੀ ਸਨ ਜੋ ਸੀਮਤ ਲੋਕਾਂ ਨੂੰ ਹੀ ਮੰਦਰਾਂ ਮਸੀਤਾਂ ਵਿਚ ਮੁਖ ਤੌਰ ਤੇ ਮਜ਼ਹਬੀ ਤਾਲੀਮ ਦੇਂਦੇ ਸਨ। ਨਹਿਰਾਂ ਕਢ ਕੇ ਬੰਜਰ ਧਰਤੀ ਨੂੰ ਪਾਣੀ ਦੇਣਾ ਤੇ ਨਹਿਰਾਂ, ਰੇਲਾਂ ਅਤੇ ਸੜਕਾਂ ਦੇ ਕੰਢੇ ਨਵੇਂ ਪਿੰਡ ਵਸਾਣ ਦਾ ਕੰਮ ਅੰਗਰੇਜ਼ਾਂ ਦੇ ਦਿਮਾਗ ਦੀ ਕਾਢ ਹੀ ਸੀ। ਫਿਰ ਇਹ ਅੰਗਰੇਜ਼ ਹਾਕਮਾਂ ਦੀ ਸੋਚ ਸੀ ਜਿਨ੍ਹਾਂ ਨੇ ਬਾਰਾਂ ਆਬਾਦ ਕੀਤੀਆਂ ਤੇ ਜਾਂਗਲੀਆਂ ਦੇ ਇਲਾਕਿਆਂ ਵਿਚ ਨਵੇਂ ਚੱਕ ਬਣਾਏ। ਜ਼ਿਲਾ ਸ਼ੇਖੂਪਰਾ, ਲਾਇਲਪੁਰ, ਮਿੰਟਗੁਮਰੀ, ਮੁਲਤਾਨ, ਸਿਆਲਕੋਟ ਆਦਿ ਜ਼ਿਲਿਆਂ ਵਿਚ ਭਾਵੇਂ ਇਹਨਾਂ ਚੱਕਾਂ ਨੂੰ ਨੰਬਰ ਦਿਤੇ ਗਏ ਪਰ ਏਥੇ ਆ ਕੇ ਆਬਾਦ ਹੋਣ ਵਾਲਿਆਂ ਨੇ ਆਪਣੇ ਪਿਛਲੇ ਪਿੰਡਾਂ ਦੇ ਨਾਂ ਇਹਨਾਂ ਚੱਕਾਂ ਨਾਲ ਜੋੜ ਲਏ ਜਿਵੇਂ ਸਾਡੇ ਪਿੰਡ ਦਾ ਨਾਂ ਚੱਕ ਨੰਬਰ 78 ਸੀ ਪਰ ਬੋਲਣ ਲਗਿਆਂ ਇਸ ਨੂੰ ਨਵਾਂ ਪਿੰਡ ਚੱਕ ਨੰਬਰ 78 ਬੋਲਿਆ ਜਾਂਦਾ ਸੀ। ਇਹ ਅੰਗਰੇਜ਼ਾਂ ਦੀ ਕਾਢ ਸੀ ਕਿ ਉਹਨਾਂ ਨੇ ਜ਼ਿਲਾ ਅਮ੍ਰਿਤਸਰ, ਗੁਰਦਾਸ ਪੁਰ, ਜਲੰਧਰ, ਰੋਪੜ, ਹੋਸ਼ਿਆਰਪੁਰ, ਲੁਧਿਆਣਾ ਆਦਿ ਦੇ ਪਿੰਡਾਂ ਵਿਚੋਂ ਜਿਨ੍ਹਾਂ ਲੋਕਾਂ ਨੂੰ ਬਾਰ ਦੇ ਇਲਾਕੇ ਵਿਚ ਲਿਆ ਕੇ ਆਬਾਦ ਕੀਤਾ, ਉਹਨਾਂ ਵਿਚ ਇਕੋ ਪਿੰਡ ਦੇ ਲੋਕਾਂ ਨੂੰ ਅਗੇ ਇਕੋ ਪਿੰਡ ਵਿਚ ਹੀ ਜ਼ਮੀਨਾਂ ਦਿਤੀਆਂ ਗਈਆਂ ਤਾਂ ਜੋ ਉਹਨਾਂ ਨੂੰ ਪਿਛਲਾ ਪਿੰਡ ਛਡ ਕੇ ਕਿਸੇ ਸਭਿਆਚਾਰਕ ਸਦਮੇ ਦਾ ਸਾਹਮਣਾ ਨਾ ਕਰਨਾ ਪਵੇ ਜੋ 1947 ਦੀ ਵੰਡ ਤੋਂ ਬਾਅਦ ਉਜੜ ਕੇ ਆਏ ਲੋਕਾਂ ਨੂੰ ਇਕੋ ਪਿੰਡ ਵਿਚ ਜ਼ਮੀਨਾਂ ਅਲਾਟ ਨਾ ਹੋਣ ਕਾਰਨ ਹੋਇਆ ਹੈ।

ਬਾਪੂ ਜੀ ਦਸਦੇ ਹੁੰਦੇ ਸਨ ਕਿ ਲਾਹੌਰ ਤਕ ਰੇਲ ਚਲ ਪਈ ਸੀ ਪਰ ਅਗੇ ਉਹਨਾਂ ਦੇ ਵਡੇਰੇ ਬਾਰ ਆਬਾਦ ਕਰਨ ਲਈ ਆਪਣੇ ਸਿਰਾਂ ਤੇ ਆਪਣੀਆਂ ਗੰਢਾਂ ਚੁਕ ਕੇ ਸ਼ੇਖੂਪੁਰੇ ਤੇ ਲਾਇਲਪੁਰ ਤਕ ਪੈਦਲ ਤੁਰ ਕੇ ਹੀ ਜਾਇਆ ਕਰਦੇ ਸਨ। ਫਿਰ ਜਿਥੇ ਉਹਨਾਂ ਨੂੰ ਮੁਰੱਬੇ ਅਲਾਟ ਹੋ ਜਾਂਦੇ, ਓਥੇ ਝੁਗੀਆਂ ਪਾ ਕੇ ਰਹਿੰਦੇ ਤੇ ਦਿਨ ਰਾਤ ਜੰਗਲਾਂ ਦਾ ਵਢ ਵਢਾ ਕਰਦੇ ਅਤੇ ਜ਼ਮੀਨ ਨੂੰ ਵਾਹੀ ਹੇਠ ਲਿਆਉਂਦੇ। ਇਹ ਕੋਈ ਸੌਖਾ ਕੰਮ ਨਹੀਂ ਸੀ। ਇਸ ਜੰਗਲੀ ਇਲਾਕੇ ਵਿਚ ਓਸ ਵੇਲੇ ਸੱਪ ਅਤੇ ਜੰਗਲੀ ਜੀਵ ਬਹੁਤ ਸਨ। ਖਾਸ ਕਰ ਬਘਿਆੜ ਜੋ ਬੰਦਿਆਂ ਦਾ ਬਹੁਤ ਨੁਕਸਾਨ ਕਰਦੇ ਸਨ। ਪਰ ਜੋ ਬਾਪੂ ਦਸਿਆ ਕਰਦਾ ਸੀ, ਇਹ ਸਭ ਕੁਝ ਮੈਂ ਆਪਣੇ ਜਨਮ ਤੋਂ ਬਾਅਦ ਨਹੀਂ ਤਕਿਆ ਸੀ। ਹਾਂ ਸੱਪ, ਲੂੰਬੜ, ਜੰਗਲੀ ਬਿੱਲੇ ਤੇ ਗਿੱਦੜ ਖਤਾਨਾਂ ਵਿਚ ਕਈ ਵਾਰ ਦਿਸ ਜਾਂਦੇ ਸਨ। ਸਾਡੇ ਕੋਲ 25 ਏਕੜ ਦਾ ਸਾਲਮ ਸਬੂਤ ਇਕ ਮੁਰੱਬਾ ਸੀ ਜਿਸ ਦੀ ਦੋ ਹਲਾਂ ਦੀ ਵਾਹੀ ਸੀ। ਸਾਰੀ ਦੀ ਸਾਰੀ ਜ਼ਮੀਨ ਜਿਸ ਵਿਚ ਬੰਦਾ ਵਢ ਕੇ ਬੀਜ ਦਈਏ ਤਾਂ ਉਹ ਉਗ ਪੈਂਦਾ ਸੀ। ਸਾਰੀ ਜ਼ਮੀਨ ਨੂੰ ਨਹਿਰੀ ਪਾਣੀ ਲਗਦਾ ਸੀ ਅਤੇ ਸਾਰੀ ਜ਼ਮੀਨ ਵਡੀ ਨਹਿਰ ਦੇ ਕੰਢੇ ਦੇ ਨਾਲ ਲਗਦੀ ਸੀ। ਨਾਲ ਲਗਦੀ ਹੋਰ ਜ਼ਮੀਨ ਠੇਕੇ ਜਾਂ ਹਿੱਸੇ ਤੇ ਲਈ ਹੋਣ ਕਾਰਨ ਕਈ ਵਾਰ ਹੋਰ ਹਲਾਂ ਦੀ ਮੰਗ ਪਾਈ ਜਾਂਦੀ ਸੀ। ਵਡੀ ਨਹਿਰ ਵਿਚੋਂ ਨਿਕਲੀ ਛੋਟੀ ਨਹਿਰ ਦੇ ਖਬੇ ਹਥ ਪੈਂਦੇ ਪਹਿਲੇ ਮੋਘੇ ਦਾ ਪਾਣੀ ਸਾਡੀ ਜ਼ਮੀਨ ਨੂੰ ਪੈਂਦਾ ਸੀ। ਇਕ ਘੰਟੇ ਵਿਚ ਇਕ ਏਕੜ ਭਰ ਜਾਂਦਾ ਸੀ। ਨੱਕਾ ਪੂਰਨ ਲਈ ਪਾਣੀ ਦੇ ਤੇਜ਼ ਵਹਾ ਕਾਰਨ ਕਈ ਵਾਰ ਬਾਪੂ ਮੈਨੂੰ ਨੱਕੇ ਵਿਚ ਬਿਠਾ ਕੇ ਪਾਸਿਆਂ ਤੋਂ ਕਹੀ ਨਾਲ ਮੇਰੇ ਆਲੇ ਦਵਾਲੇ ਮਿੱਟੀ ਪਾਈ ਜਾਂਦਾ ਤੇ ਜਦੋਂ ਨੱਕਾ ਪੂਰੇ ਜਾਣ ਦੇ ਲਾਗੇ ਹੁੰਦਾ ਤਾਂ ਮੈਂ ਵਿਚੋਂ ਉਠ ਖਲੋਂਦਾ। ਨਹਿਰ ਅਤੇ ਸਾਡੀ ਜ਼ਮੀਨ ਦੇ ਵਿਚੁਕਾਰ ਸੰਘਣੇ ਖਤਾਨ ਸਨ ਜਿਥੇ ਕਾਨੇ, ਬੇਰੀਆਂ, ਮਲ੍ਹੇ, ਵਣਾਂ, ਕਰੀਰਾਂ, ਕਿੱਕਰਾਂ ਅਤੇ ਹੋਰ ਕਈ ਪਰਕਾਰ ਦੀਆਂ ਸੰਘਣੀਆਂ ਝਾੜੀਆਂ ਉਗੀਆਂ ਹੋਈਆਂ ਸਨ। ਇਥੇ ਦਿਨ ਵੇਲੇ ਵੀ ਰਾਤ ਵਰਗਾ ਹਨੇਰਾ ਹੁੰਦਾ ਤੇ ਜੇ ਕਿਤੇ ਮਖਿਆਲ ਲਹੁਣ, ਮਲ੍ਹਿਆਂ ਦੇ ਬੇਰ ਤੋੜਨ ਜਾਂ ਗਰਮੀ ਤੋਂ ਹਫੇ ਡੰਗਰਾਂ ਨੂੰ ਆਰਾਮ ਕਰਦਿਆਂ ਬਾਹਰ ਕਢਣ ਲਈ ਖਤਾਨਾਂ ਦੇ ਵਿਚ ਜਾਣਾ ਪੈਂਦਾ ਤਾਂ ਸਰੀਰ ਕੰਡਿਆਂ ਨਾਲ ਪਛਿਆ ਜਾਂਦਾ ਸੀ। ਇਹਨਾਂ ਖਤਾਨਾਂ ਵਿਚ ਮਖਿਆਲ ਵੀ ਬੜੇ ਲਗਦੇ ਸਨ। ਕਿਸੇ ਕਿਸੇ ਵਡੇ ਦਰਖਤ ਨੂੰ ਉਚਾ ਜਾ ਕੇ ਡੂਮਨਾ ਵੀ ਲੱਗਾ ਹੁੰਦਾ ਜਿਸਦਾ ਮਖਿਆਲ ਚੋਣਾ ਬੜਾ ਮੁਸ਼ਕਲ ਸੀ। ਗਰਮੀਆਂ ਵਿਚ ਮੈਂ ਕਈ ਵਾਰ ਆਪਣੇ ਹਾਣ ਦਿਆਂ ਨਾਲ ਵੱਗ ਦੇ ਰੂਪ ਵਿਚ ਆਪਣਾ ਮਾਲ ਡੰਗਰ ਚਾਰਨ ਜਾਂਦਾ ਹੁੰਦਾ ਸਾਂ। ਖਤਾਨਾਂ ਲਾਗੇ ਪੈਂਦੀ ਏਸੇ ਨਹਿਰ ਵਿਚ ਜਿਥੇ ਪਾਣੀ ਮੈਨੂੰ ਡੋਬੂ ਸੀ, ਮੈਂ ਮੱਝਾਂ ਦੀਆਂ ਪੂਛਾਂ ਫੜ ਫੜ ਕੇ ਤਰਨਾ ਸਿਖਿਆ ਸੀ। ਇਹ ਨਹਿਰ ਕਾਫੀ ਚੌੜੀ ਤੇ ਡੂੰਘੀ ਸੀ ਜਿਸ ਵਿਚ ਮੇਰੇ ਬਾਪੂ ਦੇ ਪੈਰ ਵੀ ਨਹੀਂ ਲਗਦੇ ਸਨ। ਇਕ ਵਾਰ ਮੈਂ ਮੱਝ ਦੀ ਪੂਛ ਫੜ ਕੇ ਨਹਿਰ ਦੇ ਦੂਜੇ ਕੰਢੇ ਜਾ ਲੱਗਾ ਪਰ ਮੱਝ ਪੂਛ ਛਡਾ ਕੇ ਵਾਪਸ ਆ ਗਈ ਤੇ ਮੈਂ ਦੂਜੇ ਕੰਢੇ ਬਿਨਾਂ ਕਪੜਿਆਂ ਦੇ ਨੰਗਾ ਧੜੰਗਾ ਬੈਠਾ ਡਰ ਰਿਹਾ ਸਾਂ ਕਿ ਜੇ ਛਾਲ ਮਾਰ ਕੇ ਦੂਜੇ ਪਾਸੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਨਹਿਰ ਵਿਚ ਬਹੁਤਾ ਚਿਰ ਤਰ ਨਾ ਸਕਣ ਕਾਰਨ ਡੁਬ ਜਾਵਾਂਗਾ। ਆਖਰ ਇਕ ਪਠਾਨ ਜੋ ਨਹਿਰ ਕੰਢੇ ਬੈਠਾ ਨਿਮਾਜ਼ ਪੜ੍ਹ ਰਿਹਾ ਸੀ, ਨੇ ਮੈਨੂੰ ਆਪਣੀ ਕੰਡ ਤੇ ਚੜ੍ਹਾ ਕੇ ਨਹਿਰ ਪਾਰ ਕਰਾਈ ਤੇ ਅਗੇ ਤੋਂ ਮੈਂ ਸਹੁੰ ਖਾ ਲਈ ਕਿ ਮੁੜ ਕੇ ਇਸ ਤਰ੍ਹਾਂ ਮਝ ਦੀ ਪੂਛ ਫੜ ਕੇ ਵਡੀ ਨਹਿਰ ਵਿਚ ਨਹੀਂ ਵੜਾਂਗਾ।

ਸਾਡੇ ਮੁਰੱਬੇ ਵਿਚ ਪੈਂਦੇ ਖਾਲਾਂ ਦੇ ਕੰਢੇ ਮੇਰੇ ਬਾਪੂ ਅਤੇ ਮੇਰੇ ਤਾਏ ਨੇ ਲੋੜੀਂਦੀ ਵਿੱਥ ਛਡ ਛਡ ਕੇ ਅੰਬਾਂ ਦੇ ਬੂਟੇ ਲਾਏ ਹੋਏ ਸਨ ਜਿਨ੍ਹਾਂ ਦੀ ਗਿਣਤੀ ਦੋ ਸੌ ਤੋਂ ਵਧ ਸੀ। ਮੁੱਰਬੇ ਦੇ ਇਕ ਪਾਸੇ ਜਿਥੇ ਕਵਾਨਾ ਤੇ ਪਸੂਆਂ ਲਈ ਖੁਰਲੀਆਂ ਤੇ ਟੋਕਾ ਸੀ, ਏਕੜ ਤੋਂ ਵਧ ਦੀ ਸੰਘਣੀ ਝਿੜੀ ਵਿਚ ਟਾਹਲੀਆਂ, ਤੂਤ, ਸ਼ਹਿਤੂਤ, ਫਾਲਸਾ, ਨਿਕੇ ਤੇ ਵਡੇ (ਰਾਅ) ਜਾਮਨੂੰ, ਨਿੰਬੂ, ਮਿਠੇ, ਕੇਲੇ, ਆੜੂ, ਅਮਰੂਦ, ਨਾਖਾਂ, ਆਲੂਚੇ, ਨਾਸ਼ਪਾਤੀਆਂ ਆਦਿ ਦੇ ਬੂਟੇ ਸਨ ਜਿਨ੍ਹਾਂ ਦੀ ਛਾਵੇਂ ਗਰਮੀਆਂ ਵਿਚ ਮੰਜੀ ਡਾਹ ਕੇ ਮੈਨੂੰ ਪੜ੍ਹਨ ਦਾ ਬੜਾ ਸਵਾਦ ਆਉਂਦਾ ਹੁੰਦਾ ਸੀ। ਨਾਲ ਦੀ ਨਾਲ ਇਸ ਛੋਟੇ ਜਿਹੇ ਬਾਗ ਦੀ ਰਾਖੀ ਵੀ ਹੋਈ ਜਾਂਦੀ ਸੀ। ਏਥੇ ਹੀ ਪਸੂਆਂ ਦੇ ਪਾਣੀ ਪੀਣ ਲਈ ਇਕ ਨਿੱਕੀ ਜਹੀ ਛਪੜੀ ਵੀ ਸੀ ਜਿਸ ਦੇ ਤਿੰਨੀਂ ਪਾਸੀਂ ਗੁਲਾਬਾਸੀ ਦੇ ਫੁੱਲ ਲਗੇ ਹੋਏ ਸਨ। ਕਈ ਵਾਰ ਸਣ ਵਢ ਕੇ ਗਰ੍ਹਨੇ ਵੀ ਇਸੇ ਛਪੜੀ ਵਿਚ ਦੱਬ ਦਿਤੇ ਜਾਂਦੇ ਅਤੇ ਟਾਹਲੀਆਂ ਦੇ ਮੋਛੇ ਵੀ। ਵਿਰਕਾਂ ਦੇ ਖੇਤ ਸਾਡੇ ਮੁਰੱਬੇ ਦੇ ਨਾਲ ਹੋਣ ਕਰ ਕੇ ਚੋਰੀ ਦਾ ਬੜਾ ਭੈਅ ਬਣਿਆ ਰਹਿੰਦਾ ਸੀ। ਵਿਰਕ ਭਾਵੇਂ ਮੇਰੇ ਬਾਪੂ ਦੇ ਯਾਰ ਸਨ ਪਰ ਚੋਰੀ ਕਰਨ ਵੇਲੇ ਉਹ ਕਿਸੇ ਦੇ ਯਾਰ ਜਾਂ ਰਿਸ਼ਤੇਦਾਰ ਨਹੀਂ ਹੁੰਦੇ ਸਨ। ਪਸੂਆਂ ਦੀ ਚੋਰੀ ਦੇ ਏਡੇ ਮਾਹਿਰ ਸਨ ਕਿ ਪਸੂ ਦਾ ਖੁਰਾ ਨਪਣਾ ਵੀ ਔਖਾ ਹੋ ਜਾਂਦਾ ਸੀ।

ਇਸ ਬਾਰ ਨੂੰ ਆਬਾਦ ਕਰਨ ਵਾਸਤੇ ਸਾਡੇ ਵਡੇਰਿਆਂ ਨੇ ਮਿੱਟੀ ਨਾਲ ਮਿੱਟੀ ਹੋ ਕੇ ਬੜੀ ਸਖਤ ਮਿਹਨਤ ਕੀਤੀ ਸੀ। ਖੁਲ੍ਹੇ ਡੁਲ੍ਹੇ ਘਰ, ਪਕੀਆਂ ਬੈਠਕਾਂ, ਖੁਲ੍ਹੀਆਂ ਹਵੇਲੀਆਂ, ਪਸੂਆਂ ਲਈ ਵਖਰੇ ਕੋਠੇ ਤੇ ਪਤਾ ਨਹੀਂ ਹੋਰ ਕੀ ਕੁਝ ਬਣਾਇਆ ਹੋਇਆ ਸੀ। ਸਾਰੇ ਜ਼ਿਲਾ ਸ਼ੇਖੂਪੁਰਾ ਵਿਚ ਤਿੰਨ ਜਾਂ ਚਾਰ ਹਾਈ ਸਕੂਲ ਸਨ ਜਿਨ੍ਹਾਂ ਵਿਚੋਂ ਇਕ ਸਾਡੇ ਪਿੰਡ ਸੀ। ਇਕ ਸ਼ੇਖੂਪੁਰੇ, ਦੂਜਾ ਨਨਕਾਣਾ ਸਾਹਿਬ ਤੇ ਇਕ ਸ਼ਾਇਦ ਸ਼ਾਹਦਰੇ ਸੀ। ਬਾਅਦ ਵਿਚ ਇਕ ਬਾਵਾ ਕੁਟੀਆ ਚੇਤਨ ਦਾਸ ਨਾਂ ਦਾ ਹਾਈ ਸਕੂਲ ਵੀ ਮੇਰੀ ਵਡੀ ਭੈਣ ਦੇ ਪਿੰਡ ਨਿਜ਼ਾਮ ਪੁਰ ਲਾਗੇ ਖੁਲ੍ਹ ਗਿਆ ਸੀ। ਇਹਨਾਂ ਚੱਕਾਂ ਵਿਚ ਵਧੇਰੇ ਆਬਾਦੀ ਕੰਬੋਜ ਬਰਾਦਰੀ ਦੀ ਸੀ ਜਿਨ੍ਹਾਂ ਦਾ ਪਿਛਾ ਮੁਖ ਤੌਰ ਤੇ ਜ਼ਿਲਾ ਅਮ੍ਰਿਤਸਰ ਦੇ ਪਿੰਡ ਸਨ। ਜਿਲਾ ਜਲੰਧਰ ਵਿਚੋਂ ਵੀ ਬਾਰ ਬੱਝਣ ਵੇਲੇ ਮੁਰੱਬੇ ਮਿਲਣ ਦੇ ਲਾਲਚ ਵਿਚ ਬਹੁਤ ਲੋਕ ਬਾਰ ਵਿਚ ਆ ਕੇ ਆਬਾਦ ਹੋ ਗਏ ਸਨ। ਇਸ ਨੂੰ ਸਾਂਦਲ ਬਾਰ

ਦਾ ਇਲਾਕਾ ਵੀ ਕਿਹਾ ਜਾਂਦਾ ਸੀ। ਆਪਣੇ ਵਡੇਰਿਆਂ ਦੀ ਆਬਾਦ ਕੀਤੀ ਬਾਰ ਜਿਥੇ ਉਹ 1880-90 ਦੇ ਦਰਮਿਆਣ ਆ ਕੇ ਵਸੇ ਸਨ ਤੇ ਉਹ ਬਾਰ ਦੇ ਵਿਸ਼ੇਸ਼ ਸਭਿਆਚਾਰ ਦੇ ਜਨਮ ਦਾਤੇ ਸਨ। ਜਿਸ ਬਾਰ ਵਿਚ ਮੇਰਾ ਅਮੀਰ ਬਚਪਨ ਬੀਤਿਆ ਸੀ, ਜਿਸ ਘਰ ਵਿਚ ਕਈ ਲਵੇਰੀਆਂ ਮਝਾਂ ਬਝੀਆਂ ਹੁੰਦੀਆਂ ਸਨ ਅਤੇ ਘਰ ਦੇ ਕਢੇ ਦੇਸੀ ਘਿਓ ਦੀਆਂ ਚਾਟੀਆਂ ਤੇ ਪੀਪੇ ਭਰੇ ਹੁੰਦੇ ਸਨ। ਜਿਥੇ ਪਾਣੀ ਦੀ ਥਾਂ ਦੁਧ ਪੀਣ ਨੂੰ ਤਰਜੀਹ ਦਿਤੀ ਜਾਂਦੀ ਸੀ। ਵਗਦੀ ਨਹਿਰ ਦੇ ਕੰਢਿਓਂ ਬ੍ਰਹਮ ਬੂਟੀ ਦੇ ਪੱਤੇ ਤੋੜ, ਬਾਦਾਮਾਂ ਤੇ ਮਿਸ਼ਰੀ ਪਾ ਕੇ ਕੋਰੀ ਕੂੰਡੀ ਵਿਚ ਰਗੜ ਤੇ ਗੋਕੇ ਦੁਧ ਵਿਚ ਮਿਲਾ ਕੇ ਬਾਪੂ ਤੇ ਮਾਂ ਮੈਨੂੰ ਪਿਆਇਆ ਕਰਦੇ ਸਨ ਕਿ ਮੇਰੀ ਯਾਦਦਾਸ਼ਤ ਤੇਜ਼ ਹੋ ਜਾਵੇ। ਜਿਥੇ ਮਝਾਂ ਦੇ ਡੋਕੇ ਚੁੰਘਾ ਕੇ ਮੇਰੇ ਬਾਪੂ ਅਤੇ ਮੇਰੀ ਮਾਂ ਨੇ ਮੈਨੂੰ ਪਾਲਿਆ ਸੀ ਤੇ ਮੈਂ ਪਿੰਡ ਦੇ ਖਾਲਸਾ ਹਾਈ ਸਕੂਲ ਦੀ ਅਠਵੀਂ ਜਮਾਤ ਤਕ ਪੁਜਾ ਸਾਂ। ਦਸਵੀਂ ਕਰਨ ਪਿਛੋਂ ਬਾਪੂ ਮੈਨੂੰ ਐਗਰੀਕਲਚਰ ਕਾਲਜ ਲਾਇਲਪੁਰ ਦਾਖਲ ਕਰਾਉਣ ਦੀਆਂ ਗੱਲਾਂ ਕਰਿਆ ਕਰਦਾ ਸੀ ਜਾਂ ਵਲਾਇਤ ਪਾਸ ਕਰਾਉਣ ਦੀਆਂ ਤਾਂ ਜੋ ਬਾਪੂ ਪਿੰਡ ਵਿਚ ਲੋਕਾਂ ਨੂੰ ਆਖਿਆ ਕਰੇਗਾ ਕਿ ਮੇਰਾ ਮੁੰਡਾ ਵਲੈਤ ਪਾਸ ਆ ਤੇ ਡੀ ਸੀ ਲਗੂਗਾ। ਜਿਸ ਬਾਰ ਵਿਚ ਗੁਰੂ ਨਾਨਕ ਦੇਵ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਤੇ ਸੱਚਾ ਸੌਦਾ ਦਾ ਗੁਰਦਵਾਰਾ ਸੀ। ਜਿਥੇ ਮੈਂ ਪਿੰਡੋਂ ਜਾਂ ਮੁਰਬਿਓਂ ਦੌੜ ਲਾ ਕੇ ਈ ਸੱਚਾ ਸੌਦਾ ਗੁਰਦਵਾਰੇ ਮਥਾ ਟੇਕ ਆਇਆ ਕਰਦਾ ਸਾਂ। ਓਸ ਬਾਰ ਵਿਚਲੇ ਆਪਣੇ ਪਿੰਡ, ਆਪਣੇ ਘਰ, ਅਪਣੇ ਮੁਰੱਬੇ, ਆਪਣੇ ਬਾਗ ਤੇ ਆਪਣੇ ਪਸੂ ਡੰਗਰਾਂ ਨੂੰ ਛਡ ਕੇ ਜਾਣ ਨੂੰ ਦਿਲ ਨਹੀਂ ਕਰਦਾ ਸੀ। ਵੈਸੇ ਤਾਂ ਬਾਪੂ ਨੇ ਕਈ ਕੁੱਤੇ ਰਖੇ ਹੋਏ ਸਨ ਪਰ ਕਾਲੇ ਰੰਗ ਦੇ ਡੱਬੂ ਕੁੱਤੇ ਦਾ ਮੇਰੇ ਨਾਲ ਬਹੁਤ ਪਿਆਰ ਸੀ। ਜਦ ਮੈਂ ਸਕੂਲ ਜਾਂਦਾ ਤਾਂ ਡਬੂ ਮੇਰੇ ਨਾਲ ਹੀ ਜਾਂਦਾ ਸੀ ਤੇ ਸਾਰਾ ਦਿਨ ਮੇਰੇ ਤੱਪੜ ਦੇ ਮਗਰ ਈ ਬੈਠਾ ਰਹਿੰਦਾ ਸੀ। ਪਤਾ ਨਹੀਂ ਡਬੂੱ ਨੂੰ ਕੀ ਹੋ ਗਿਆ ਸੀ, ਜਿਥੇ ਪਸੂ ਪਠੇ ਖਾਣੇ ਛਡ ਗਏ ਸਨ, ਉਸ ਵੀ ਰੋਟੀ ਖਾਣੀ ਛਡ ਦਿਤੀ ਸੀ ਤੇ ਕਈ ਵਾਰ ਅਸਮਾਨ ਵੱਲ ਮੂੰਹ ਉਚਾ ਕਰ ਕੇ ਉਚੀ ਉਚੀ ਰੋਂਦਾ ਸੀ। ਮੈਂ ਉਸਦੀ ਕੰਡ ਤੇ ਹਥ ਫੇਰਦਾ ਤਾਂ ਉਸ ਦੀਆਂ ਅਖਾਂ ਵਿਚ ਅਥਰੂ ਵੇਖਦਾ। ਉਸ ਨੂੰ ਬੁਕਲ ਵਿਚ ਲੈ ਕੇ ਪਿਆਰ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਹਦਾ ਵਤੀਰਾ ਇਸ ਤਰ੍ਹਾਂ ਦਾ ਸੀ ਜਿਵੇਂ ਉਹ ਜਾਨਦਾਰ ਨਹੀਂ ਸਗੋਂ ਰਬੜ ਦਾ ਬਣਿਆ ਨਕਲੀ ਕੁੱਤਾ ਹੋਵੇ।

ਆਖਿਰ ਬਾਰ ਦੇ ਇਲਾਕੇ ਵਿਚ ਵਡੇ ਵਡੇਰਿਆਂ ਦਾ ਵਸਾਇਆ ਹੋਇਆ ਇਹ ਘਰ, ਅੰਬਾਂ ਦੇ ਬਾਗਾਂ ਵਾਲਾ ਮੁਰੱਬਾ, ਖਾਲਸਾ ਹਾਈ ਸਕੂਲ ਵਾਲਾ ਇਹ ਪਿੰਡ ਜਿਥੇ ਮੈਂ ਮੁਢਲੀ ਪੜ੍ਹਾਈ ਕੀਤੀ ਸੀ, ਛਡ ਕੇ ਚਲੇ ਜਾਣ ਦਾ ਫੈਸਲਾ ਹੋ ਗਿਆ ਤੇ ਰਾਹ ਦੇ ਸਫਰ ਲਈ ਜਿਥੇ ਪੰਜੀਰੀ ਆਦਿ ਬਨਾਉਣ ਦੀ ਤਿਆਰੀ ਹੋਣ ਲਗੀ, ਓਥੇ ਬਰਛੇ, ਤਲਵਾਰਾਂ, ਨੇਜ਼ੇ ਤੇ ਚਾਕੂ ਵੀ ਆਪਣੀ ਹਿਫਾਜ਼ਤ ਲਈ ਜ਼ਰੂਰੀ ਸਨ। ਸਭ ਤੋਂ ਵਡਾ ਸਵਾਲ ਇਹ ਸੀ ਕਿ ਕਿਹੜੀ ਚੀਜ਼ ਨਾਲ ਲਿਜਾਈ ਜਾਵੇ ਤੇ ਕਿਹੜੀ ਪਿਛੇ ਛਡੀ ਜਾਵੇ। ਇਸ ਗੱਲ ਦਾ ਤਾਂ ਕਿਸੇ ਨੂੰ ਪਤਾ ਨਹੀਂ ਸੀ ਕਿ ਕੀ ਅਸੀਂ ਇਹ ਆਪਣਾ ਪਿੰਡ ਸਦਾ ਲਈ ਛਡ ਕੇ ਜਾ ਰਹੇ ਹਾਂ ਜਾਂ ਕੁਝ ਚਿਰ ਲਈ ਤੇ ਰੌਲੇ ਗੌਲੇ ਮਠੇ ਪੈਣ ਤੇ ਵਾਪਸ ਪਰਤ ਆਵਾਂਗੇ।

**ਵਿਰਕਾਂ ਦਾ ਗਵਾਂਢ ਤੇ ਛੋਟੀ ਉਮਰੇ ਮੰਗਣੀ**

ਇਹ ਗੱਲ 1945 ਦੀ ਹੈ-

ਮਾਂ ਬਾਪੂ ਨਾਲ ਅਕਸਰ ਏਸ ਗੱਲੋਂ ਲੜ ਪੈਂਦੀ ਕਿ ਸਾਡਾ ਮੁਰੱਬਾ ਪਿੰਡੋਂ ਬਹੁਤ ਦੂਰ ਸੀ ਤੇ ਓਹਨੂੰ ਇਕ ਹਥ ਵਿਚ ਲੱਸੀ ਦਾ ਕਰਮੰਡਲ ਫੜ ਤੇ ਪੋਣੇ ਵਿਚ ਵਲ੍ਹੇਟੀਆਂ ਤੰਦੂਰੇ ਪਕਾਈਆਂ ਰੋਟੀਆਂ ਦਾ ਥੱਬਾ ਤੇ ਦਾਲ ਸਬਜ਼ੀ ਦੇ ਕੁੱਜੇ, ਸਿਰ ਤੇ ਚੁੱਕ ਕੇ ਲਿਜਾਂਦੀ ਨੂੰ ਆਖ਼ਰਾਂ ਦੀ ਧੁੱਪ ਚੜ੍ਹ ਆਉਂਦੀ ਤੇ ਉਹਦੇ ਸਿਰ ਵਿਚੋਂ ਸੇਕ ਨਿਕਲਣ ਲੱਗ ਪੈਂਦਾ। ਪਹਿਰ ਰਾਤ ਰਹਿੰਦਿਆਂ ਹਾਲੀਂ ਗਏ ਆਥੜੀ ਦੀਆਂ ਆਂਦਰਾਂ ਭੁੱਖ ਨਾਲ ਲੂਸਣ ਲੱਗ ਪੈਂਦੀਆਂ ਤੇ ਉਹ ਬਲਦ ਖਲ੍ਹਾਰ, ਖਾਲ ਦੀ ਵੱਟ ਤੇ ਚੜ੍ਹ, ਘੜੀ ਮੁੜੀ ਪਿੰਡ ਵੱਲੋਂ ਆਉਂਦੀ ਰੋਟੀ ਨੂੰ ਵਿੰਹਦਾ। ਕੁਝ ਦਿਨਾਂ ਪਿਛੋਂ ਉਹ ਮੁਰੱਬਿਉਂ ਈ ਕਿਧਰੇ ਨੱਸ ਜਾਂਦਾ ਤੇ ਬਾਪੂ ਕੋਈ ਨਵਾਂ ਕਾਮਾ ਰੱਖ ਕੇ ਉਹਦੇ ਘਰ ਵਾਲਿਆਂ ਨਾਲ ਵਹੀ ਤੇ ਲਿਖੇ ਲਏ ਦਿੱਤੇ ਦੇ ਹਿਸਾਬ ਦਾ ਯੱਬ ਪਾਈ ਰੱਖਦਾ। ਇਕ ਨਾਮ੍ਹਾ (ਹਰਨਾਮ ਸਿੰਘ) ਆਥੜੀ (ਕਾਮਾ) ਹੀ ਸੀ ਜਿਹੜਾ ਕਦੇ ਨਹੀਂ ਭਜਿਆ ਸੀ ਤੇ ਉਹਦੀ ਰੋਟੀ ਨਾਲ ਨਹੀਂ ਕੀਤੀ ਹੋਈ ਸੀ। ਉਹਦੀ ਰੋਟੀ ਉਹਦੀ ਘਰ ਵਾਲੀ ਲੈ ਕੇ ਆਉਂਦੀ ਸੀ ਜੋ ਸਾਡਾ ਗੋਹਾ ਕੂੜਾ ਵੀ ਕਰਦੀ ਸੀ। ਦੂਜੇ ਮੁਰੱਬਾ ਦੂਰ ਹੋਣ ਕਰ ਕੇ ਕੋਈ ਦਿਨ ਖਾਲੀ ਨਾ ਜਾਂਦਾ ਜਿਸ ਦਿਨ ਕੋਈ ਮੁਰੱਬਿਉਂ ਪੱਠੇ ਨਾ ਵੱਢ ਖੜਦਾ, ਮੱਕੀ ਦੀਆਂ ਛੱਲੀਆਂ ਨਾ ਭੰਨ ਲਿਜਾਂਦਾ। ਕਈ ਵਾਰ ਖਲਵਾੜਿਆਂ ਵਿਚੋਂ ਕਣਕ ਦੀਆਂ ਭਰੀਆਂ ਵੀ ਚੁੱਕੀਆਂ ਜਾਂਦੀਆਂ, ਰੂੜੀ ਵਿਚ ਦੱਬੇ ਮੱਟ ਖਿਸਕਾ ਲਏ ਜਾਂਦੇ, ਖੁਰਲੀਆਂ ਤੋਂ ਡੰਗਰ ਵੱਛਾ ਵੀ ਖੋਲ੍ਹ ਲਿਆ ਜਾਂਦਾ। ਇਹ ਸਭ ਕੁਝ ਦੂਰ ਮੁਰੱਬਾ ਹੋਣ ਕਰ ਕੇ ਹੀ ਹੁੰਦਾ ਤੇ ਮੇਰੀ ਮਾਂ ਮੇਰੇ ਬਾਪੂ ਨਾਲ ਲੜਦੀ ਤੇ ਫਿਰ ਵਿਰਕਾਂ ਨੂੰ ਗਾਲ੍ਹਾਂ ਕੱਢਦੀ, ਕਿਉਂ ਜੋ ਵਿਰਕਾਂ ਦੇ ਮੁਰੱਬੇ ਸਾਡੇ ਮੁਰੱਬਿਆਂ ਦੇ ਨਾਲ ਲੱਗਦੇ ਸਨ ਤੇ ਵਿਰਕਾਂ ਬਾਰੇ ਮਸ਼ਹੂਰ ਸੀ ਕਿ ਜਿਹੜਾ ਵਿਰਕ ਚੋਰੀ ਨਾ ਕਰੇ, ਸ਼ਰਾਬ ਨਾ ਪੀਵੇ, ਉਹ ਭਾਵੇਂ ਕਿੰਨੀ ਵੀ ਜਾਇਦਾਦ ਦਾ ਮਾਲਕ ਕਿਉਂ ਨਾ ਹੋਵੇ, ਉਹਦੇ ਸਿਰ ਤੇ ਪੱਗ ਨਹੀਂ ਸੀ ਬੱਝ ਸਕਦੀ, ਉਹਦਾ ਵਿਆਹ ਨਹੀਂ ਸੀ ਹੋ ਸਕਦਾ।
ਮੇਰੀ ਮਾਂ ਵਿਰਕਾਂ ਨੂੰ ਗਾਲ੍ਹਾਂ ਕੱਢਦੀ ਤੇ ਮੈਂ ਵਿਰਕਾਂ ਨੂੰ ਮਨ ਹੀ ਮਨ ਵਿਚ ਕੋਈ ਰਾਖ਼ਸ਼ ਸਮਝਦਾ। ਆਖ਼ਰ ਮੈਂ ਹਾਲੇ ਦਸਾਂ ਕੁ ਸਾਲਾਂ ਦਾ ਨਿਆਣਾ ਈ ਸਾਂ। ਬਾਪੂ ਬੜੇ ਠਰ੍ਹੰਮੇ ਨਾਲ ਮਾਂ ਨੂੰ ਸਮਝਾਉਂਦਾ:

"ਤੈਨੂੰ ਤਾਂ ਐਵੇਂ ਲਤਰ-ਲਤਰ ਕਰਨ ਦੀ ਆਦਤ ਆ, ਦੂਰ ਮੁਰੱਬਾ ਹੋਣਾ ਕੋਈ ਮਾੜੀ ਗੱਲ ਆ…? ਵੱਡੇ ਵਡੇਰਿਆਂ ਨੇ ਜਦੋਂ ਬਾਰ ਆਬਾਦ ਹੋਈ ਤਾਂ ਜਾਣ ਬੁੱਝ ਕੇ ਮੁਰੱਬਾ ਦੂਰ ਲਿਆ ਸੀ, ਬਈ ਮਾਲ ਡੰਗਰ ਮੁਰੱਬੇ ਤੀਕ ਜਾਂਦਾ ਰਾਹ ਵਿਚ ਹੀ ਚਰ ਚਰ ਕੇ ਰੱਜ ਜਾਇਆ ਕਰੇਗਾ।" ਬਾਪੂ ਦੇ ਏਸ ਅਰਥਚਾਰੇ ਦਾ ਮਾਂ ਤੇ ਕੋਈ ਅਸਰ ਨਾ ਹੁੰਦਾ ਤੇ ਉਹ ਫੇਰ ਵਿਰਕਾਂ ਨੂੰ ਗਾਲ੍ਹਾਂ ਕੱਢਣ ਲੱਗ ਪੈਂਦੀ। ਵਿਰਕਾਂ ਦੀ ਸਾਡੇ ਨਾਲ ਵੱਟ ਸਾਂਝੀ ਸੀ। ਵਿਰਕ ਸਾਡੀਆਂ ਛੱਲੀਆਂ ਭੰਨਦੇ, ਗੰਨੇ ਚੂਪਦੇ, ਰੂੜੀ ਵਿਚ ਦੱਬੇ ਮੱਟ ਕੱਢ ਲਿਜਾਂਦੇ, ਵਿਰਕਾਂ ਦੀਆਂ ਘੋੜੀਆਂ ਖੁਲ੍ਹੀਆਂ ਸਾਡੀਆਂ ਪੈਲੀਆਂ ਵਿਚ ਚਰਦੀਆਂ ਤੇ ਕਈ ਵਾਰ ਬਾਪੂ ਦੇ ਕੁਝ ਵਿਰਕ ਯਾਰ ਬਾਪੂ ਨੂੰ ਘੋੜੀ ਤੇ ਚੜ੍ਹਾ ਕੇ ਨਾਲ ਈ ਲੈ ਜਾਂਦੇ ਤੇ ਬਾਪੂ ਜੀ ਕਈ ਕਈ ਦਿਨ ਵਿਰਕਾਂ ਨਾਲ ਘਰ ਦੀ ਕਢੀ ਸ਼ਰਾਬ ਪੀਂਦੇ ਰਹਿੰਦੇ ਤੇ ਮਾਂ ਆਏ ਬਾਪੂ ਨਾਲ ਫੇਰ ਲੜਦੀ। ਵਿਰਕਾਂ ਦੇ ਖੁਲ੍ਹੇ ਡੁਲ੍ਹੇ ਡੇਰੇ ਸਨ। ਉਥੇ ਈ ਉਹ ਘੋੜੀਆਂ ਬੰਨ੍ਹਦੇ, ਮੱਝਾਂ ਬੰਨ੍ਹਦੇ ਅਤੇ ਉਥੋਂ ਈ ਮੱਝਾਂ ਚੋ ਕੇ ਦੁੱਧ ਦੀਆਂ ਬਲ੍ਹਣੀਆਂ ਸਿਰਾਂ ਤੇ ਰੱਖ ਕੇ ਘਰਾਂ ਨੂੰ ਲੈ ਜਾਂਦੇ। ਵਿਰਕ, ਵੜੈਚ, ਚੀਮੇ, ਚਠੇ ਜੋ ਵਿਰਕ ਟੱਪਾ ਕਰ ਕੇ ਜਾਣੇ ਜਾਂਦੇ ਸਨ, ਮੱਝਾਂ ਚੁੰਘ ਚੁੰਘ ਚੋਰੀਆਂ ਕਰਦੇ, ਘੋੜੀਆਂ ਤੇ ਚੜ੍ਹ ਦੂਰ ਰਾਵੀ ਦਰਿਆ ਦੀ ਕੱਛੋਂ ਪਾਰ ਤਾਈਂ ਹੱਥ ਮਾਰ ਆਉਂਦੇ। ਪ੍ਰਸਿਧ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਦਾ ਪਿੰਡ ਫੁਲਰਵੰਨ ਤੇ ਡੀ. ਸੀ. ਰਹੇ ਕੁਲਦੀਪ ਸਿੰਘ ਵਿਰਕ ਦਾ ਪਿੰਡ ਸਾਡੇ ਲਾਗੇ ਈ ਪੈਂਦੇ ਸਨ।

ਜਦੋਂ ਬਾਪੂ ਵਿਰਕਾਂ ਦੇ ਪਸੂ ਚੋਰੀ ਕਰਨ ਦੇ ਜੇਰੇ ਦੀਆਂ ਗੱਲਾਂ ਕਰਦਾ ਤੇ ਮੈਂ ਸੁਣ ਸੁਣ ਕੇ ਖ਼ੁਸ਼ ਵੀ ਹੁੰਦਾ ਤੇ ਡਰਦਾ ਵੀ। ਸਾਡੇ ਮੁਰੱਬੇ ਨਾਲ ਲਗਦੀ ਵਿਰਕਾਂ ਦੀ ਇਕ ਬੇਰੀ ਨੂੰ ਬੇਬਹਾ ਬੇਰ ਲੱਗਦੇ। ਬਾਪੂ ਕਈ ਵਾਰੀ ਮੈਨੂੰ ਮਾਲ ਚਾਰਦੇ ਉਸ ਬੇਰੀ ਦੇ ਬੇਰ ਖੁਆ ਕੇ ਲਿਆਉਂਦੇ ਪਰ ਮੇਰਾ ਡਰਦੇ ਦਾ ਕਦੀ ਇਕੱਲੇ ਦਾ ਹੌਸਲਾ ਨਾ ਪੈਂਦਾ ਕਿ ਵਿਰਕਾਂ ਦੀ ਓਸ ਬੇਰੀ ਦੇ ਮਿਠੇ ਬੇਰ ਤੋੜ ਲਿਆਵਾਂ। ਜਦ ਕਦੀ ਮੈਂ ਇਕੱਲਾ ਮਾਲ ਚਾਰਨ ਜਾਂਦਾ ਤਾਂ ਕੀ ਮਜਾਲ ਜੇ ਕਿਸੇ ਪਸ਼ੂ ਨੂੰ ਵਿਰਕਾਂ ਦੀ ਹੱਦ ਵੀ ਟੱਪਣ ਦੇਂਦਾ। ਸਾਡੀ ਇਕ ਗਾਂ ਬੜੀ ਅੱਖੜ ਤੇ ਮੂੰਹ ਜ਼ੋਰ ਸੀ, ਉਹਨੂੰ ਮੈਂ ਮਹਿਰੂ ਨਾਲ ਜੁੱਟ ਕਰ ਲੈਂਦਾ ਤੇ ਇੰਜ ਉਹ ਵੀ ਆਕੀ ਹੋ ਕੇ ਵਿਰਕਾਂ ਦੀ ਹੱਦ ਵਿਚ ਨਾ ਜਾ ਸਕਦੀ।

ਬਾਬੇ ਨਾਨਕ ਦੇ ਨਾਂ ਤੇ ਬਣੇ ਗੁਰਦਵਾਰੇ ਸੱਚੇ ਸੌਦੇ ਦੀ ਮੱਸਿਆ ਲਗਦੀ। ਮੈਂ ਬਾਪੂ ਨਾਲ ਮੱਸਿਆ ਤੇ ਜਾਂਦਾ। ਛੋਟੇ ਜਿਹੇ ਤਲਾ ਵਿਚ ਨਹਾਉਂਦਾ। ਬਾਪੂ ਤਲੀ ਹੋਈ ਮਛੀ ਦੇ ਪਕੌੜੇ ਖਵਾਉਂਦਾ। ਭਾਵੇਂ ਇਸ ਤੋਂ ਬਾਅਦ ਸਾਰੀ ਉਮਰ ਹਜ਼ਾਰਾਂ ਵਾਰ ਮਛੀ ਦੇ ਪਕੌੜੇ ਖਾਧੇ ਹੋਣਗੇ ਪਰ ਬਚਪਨ ਵਿਚ ਖਾਧੇ ਉਹਨਾਂ ਪਕੌੜਿਆਂ ਦਾ ਸਵਾਦ ਕਦੇ ਨਹੀਂ ਭੁਲਿਆ। ਬਾਪੂ ਭਕਾਣਾ ਲੈ ਕੇ ਦੇਂਦਾ ਜਿਸ ਨੂੰ ਫਲਾਉਣ ਲਈ ਮੇਰੇ ਮੂੰਹ ਤੇ ਗਲ੍ਹਾਂ ਦਾ ਸਾਰਾ ਜ਼ੋਰ ਲਗ ਜਾਂਦਾ। ਮੈਂ ਬੁਢੀ ਮਾਈ ਦਾ ਝਾਟਾ ਵੀ ਖਾਣ ਲਈ ਲੈਂਦਾ। ਕਦੀ ਕਦੀ ਠੰਢੇ ਰਸਗੁੱਲੇ ਵੀ ਖਾਣ ਨੂੰ ਮਿਲਦੇ। ਪੇਂਡੂਆਂ ਲਈ ਇਹ ਬਹੁਤ ਵਡੀਆਂ ਤੇ ਅਨਮੋਲ ਸੁਗਾਤਾਂ ਸਨ। ਬਾਪੂ ਕਈ ਵਾਰ ਸਰਕਸ ਦਾ ਖੇਲ ਵੀ ਵਖਾਉਂਦਾ ਜੋ ਸੱਚਾ ਸੌਦਾ ਸਟੇਸ਼ਨ ਦੇ ਲਾਗੇ ਲਗਦੀ ਸੀ। ਸਾਰਾ ਵਿਰਕ ਟੱਪਾ ਮਸਿਆ ਤੇ ਇਕੱਠਾ ਹੁੰਦਾ। ਵਿਰਕ ਦੁੱਧ ਦੀਆਂ ਬਾਲਟੀਆਂ ਤੇ ਲੰਗਰ ਦੀ ਸਾਰੀ ਰਸਦ ਲੈ ਕੇ ਉਥੇ ਪਹੁੰਚਦੇ। ਵਿਰਕਾਂ ਦਾ ਲੰਗਰ ਬੜਾ ਮਸ਼ਹੂਰ ਸੀ। ਸੱਚੇ ਸੌਦੇ ਦੀ ਮੱਸਿਆ ਨਹਾ ਕੇ ਜਦੋਂ ਵਿਰਕਾਂ ਦੀਆਂ ਟੋਲੀਆਂ ਘਰਾਂ ਨੂੰ ਮੁੜਦੀਆਂ ਤਾਂ ਰਾਹ ਵਿਚ ਜਿਥੇ ਵੀ ਕਿਸੇ ਦਾ ਨੇੜੇ ਪਿੰਡ ਹੁੰਦਾ, ਉਥੇ ਈ ਉਹ ਤਾਰ ਖਿੱਚ ਕੇ ਗੱਡੀ ਖਲ੍ਹਾਰ ਲੈਂਦਾ। ਕਦੀ ਕਿਸੇ ਵਿਰਕ ਨੇ ਟਿਕਟ

ਨਹੀਂ ਸੀ ਲਈ। ਕਦੀ ਕਿਸੇ ਵਿਰਕ ਨੂੰ ਟੀ ਟੀ ਨੇ ਨਹੀਂ ਸੀ ਫੜਿਆ। ਵਿਰਕ ਬਿਗਾਨੀਆਂ ਤੀਵੀਂਆਂ ਨੂੰ ਭਰੇ ਮੇਲੇ ਵਿਚ ਤੇ ਭਰੀ ਗੱਡੀ ਵਿਚ ਚੂੰਢੀਆਂ ਵੱਢਦੇ ਤੇ ਗੁਆਚ ਜਾਂਦੇ। ਵਿਰਕਾਂ ਦੀ ਹੈਂਕੜ ਅੱਗੇ ਸਾਰਾ ਇਲਾਕਾ ਕੰਬਦਾ ਸੀ।

ਮੇਰੇ ਦਸਾਂ ਗਿਆਰਾਂ ਸਾਲ ਦੇ ਬੱਚੇ ਦੇ ਮਨ ਤੇ ਵਿਰਕਾਂ ਦੀ ਬਹਾਦਰੀ, ਦਲੇਰੀ ਤੇ ਹੈਂਕੜ ਦਾ ਚੰਗਾ ਦਬ-ਦਬਾ ਪੈ ਗਿਆ ਸੀ। ਕਦੀ ਕਦੀ ਕੋਈ ਵਿਰਕ ਘੋੜੀ ਤੇ ਚੜ੍ਹਿਆ ਸਾਡੇ ਪਿੰਡ ਆਉਂਦਾ। ਵੱਡੀ ਸਾਰੀ ਪੱਗ ਸਿਰ ਤੇ ਵਲੀ ਹੁੰਦੀ। ਤੇੜ ਲੱਕ ਦੀ, ਖੁਲ੍ਹਾ ਬੰਦ ਗਲੇ ਦਾ ਕੁੜਤਾ ਪਾਇਆ ਹੁੰਦਾ। ਉਹ ਅੱਡੀ ਲਾਈਂ ਘੋੜੇ ਨੂੰ ਬਜ਼ਾਰਾਂ ਥਾਣੀਂ ਭਜਾਈ ਤੁਰਿਆ ਜਾਂਦਾ। ਐਤਲ ਔਤਲ ਦੀ ਉਹਨੂੰ ਕੋਈ ਪਰਵਾਹ ਨਾ ਹੁੰਦੀ, ਭਾਵੇਂ ਕੋਈ ਥੱਲੇ ਆਵੇ ਪਿਆ।

ਨਾਲ ਦਿਆਂ ਪਿੰਡਾਂ ਚੋਂ ਵਿਰਕਾਂ ਦੇ ਮੁੰਡੇ ਘੋੜੀਆਂ ਤੇ ਚੜ੍ਹ ਕੇ ਸਾਡੇ ਪਿੰਡ ਦੇ ਹਾਈ ਸਕੂਲ ਵਿਚ ਪੜ੍ਹਨ ਲਈ ਆਉਂਦੇ ਤੇ ਸਕੂਲ ਦੀ ਗਰਾਊਂਡ ਵਿਚ ਘੋੜੀਆਂ ਚਰਣ ਲਈ ਖੁੱਲ੍ਹੀਆਂ ਛੱਡ ਦੇਂਦੇ। ਹੈੱਡ ਮਾਸਟਰ ਕਈ ਵਾਰ ਉਹਨਾਂ ਨੂੰ ਰੋਕਦਾ। ਉਹ ਪੜ੍ਹਨੋਂ ਹਟ ਜਾਂਦੇ ਪਰ ਆਪਣੀ ਆਦਤੋਂ ਨਾ ਭੌਂਦੇ।

ਮੈਂ ਵਿਰਕਾਂ ਨੂੰ ਵਿਰਕ ਸਮਝਦਾ, ਜਾਣੀ ਦੀ ਵਿਰਕ ਬੰਦੇ ਨਹੀਂ ਸਗੋਂ ਕੁਝ ਹੋਰ ਸਨ। ਇਕ ਚੌੜੇ ਚਕਲੇ ਸਰੀਰ ਵਾਲਾ ਬੁੱਢਾ ਵਿਰਕ ਜਿਸ ਨੂੰ ਡੋਰਾ ਡੋਰਾ ਕਹਿੰਦੇ ਸਨ, ਕਈ ਵਾਰ ਕਿਸਾਨ ਕਾਨਫ਼ਰੰਸ ਤੇ ਸਾਡੇ ਪਿੰਡ ਆਉਂਦਾ। ਇਕ ਹੱਥ ਕੰਨ ਤੇ ਰੱਖ ਦੂਜੇ ਹੱਥ ਵਿਚ ਖੂੰਡਾ ਫੜੀ ਉਹ ਸਟੇਜ ਤੇ ਚੜ੍ਹ ਕੇ ਗਾਉਂਦਾ,
"ਮੁੜ ਅਸੀਂ ਦੇਸ਼ 'ਚ ਆਜ਼ਾਦੀ 'ਚ ਲਿਆ ਦਿਆਂਗੇ ਤੇ ਘਰ ਘਰ 'ਚ ਮੁੜ 'ਚ ਬਿਜਲੀ ਦੇ ਲਾਟੂ ਜਗਾ ਦਿਆਂਗੇ।"

ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਲਈ ਸਾਡੇ ਪਿੰਡ ਜਲਸੇ ਜਲੂਸ ਅਕਸਰ ਹੁੰਦੇ ਰਹਿੰਦੇ ਸਨ। ਜਵਾਨੀ ਚੜ੍ਹਨ ਵੇਲੇ ਬਾਪੂ ਨੇ ਅਕਤੂਬਰ 1922 ਵਿਚ ਅਮ੍ਰਿਤਸਰ ਲੱਗੇ ਗੁਰੂ ਕੇ ਬਾਗ ਦੇ ਮੋਰਚੇ ਵਿਚ ਅਟਕ ਜੇਲ੍ਹ ਵਿਚ ਕੈਦ ਕੱਟੀ ਸੀ ਤੇ ਉਸ ਤੋਂ ਪਹਿਲਾਂ ਅਪ੍ਰੈਲ 1919 ਵਿਚ ਢਾਬਾਂ ਸਿੰਘ ਰੇਲਵੇ ਸਟੇਸ਼ਨ ਰਾਇਟ ਕੇਸ ਵਿਚ ਵੀ ਹਿੱਸਾ ਲਿਆ ਸੀ ਜਿਸ ਵਿਚ ਤਾਏ ਗਿਆਨ ਸਿੰਘ ਨੂੰ ਪਹਿਲਾਂ ਫਾਂਸੀ ਤੇ ਫਿਰ ਕਾਲੇ ਪਾਣੀਆਂ ਦੀ ਸਜ਼ਾ ਹੋਈ ਸੀ। ਬਾਪੂ ਨੂੰ ਸਿਰਫ ਜੁਰਮਾਨਾ ਹੋਇਆ ਸੀ। ਇਸ ਲਈ ਪਿੰਡ ਵਿਚ ਬਾਪੂ ਨੂੰ ਜਥੇਦਾਰ ਕਹਿੰਦੇ ਸਨ ਅਤੇ ਬਾਪੂ ਆਜ਼ਾਦੀ ਲੈਣ ਦੇ ਜਲਸੇ ਜਲੂਸਾਂ ਵਿਚ ਜ਼ਰੂਰ ਸ਼ਾਮਲ ਹੁੰਦਾ ਸੀ।

ਵਡੀ ਮਾਂ ਚੋਂ ਮੇਰੀ ਇਕੋ ਇਕ ਭੈਣ ਬੀਬੀ ਜੀਤ ਕੌਰ ਨੇ ਪਿੰਡ ਦੇ ਲੜਕੀਆਂ ਦੇ ਸਕੂਲ ਵਿਚੋਂ ਚਾਰ ਜਮਾਤਾਂ ਪਾਸ ਕਰ ਲਈਆਂ ਸਨ। ਹੁਣ ਉਹ ਵਿਆਹੀਆਂ ਜਾਣ ਵਾਲੀਆਂ ਆਪਣੀਆਂ ਸਹੇਲੀਆਂ ਨਾਲ ਫੁਲਕਾਰੀਆਂ ਕਢਣੀਆਂ, ਕਸੀਦਾ ਕਢਣਾ, ਸਰ੍ਹਾਣਿਆਂ ਤੇ ਤੋਤੇ ਤੇ ਮੋਰ ਬਨਾਉਣੇ ਤੇ ਦਰੀਆਂ ਬੁਣਨੀਆਂ ਸਿੱਖ ਰਹੀ ਸੀ। ਮਲਕ ਪੁਰ ਵਾਲੀ ਮੇਰੀ ਭੂਆ ਆਤੋ ਦਾ ਮੇਰੇ ਬਾਪੂ ਨਾਲ ਨਾਲ ਬੜਾ ਪਿਆਰ ਸੀ। ਮਲਕ ਪੁਰ ਜ਼ਿਲਾ ਸ਼ੇਖੂਪੁਰਾ ਅਤੇ ਲਾਇਲਪੁਰ ਦੀ ਹੱਦ ਉਤੇ ਪੈਂਦਾ ਸੀ। ਸ਼ਾਹਕੋਟ ਦੀਆਂ ਪਹਾੜੀਆਂ ਅਤੇ ਸਾਂਗਲਾ ਹਿੱਲ ਜਿਥੇ ਸਿਕੰਦਰ ਤੇ ਪੋਰਸ ਦੀ ਲੜਾਈ ਹੋਈ ਸੀ, ਵੀ ਮਲਕ ਪੁਰ ਦੇ ਲਾਗੇ ਪੈਂਦੇ ਸਨ। ਭੂਆ ਨੇ ਮੇਰੀ ਭੈਣ ਦਾ ਰਿਸ਼ਤਾ ਪਿੰਡ ਨਜ਼ਾਮਪੁਰ ਦੇ ਹਰਦਿਤ ਸਿੰਘ ਦੇ ਮੁੰਡੇ ਭਗਵਾਨ ਸਿੰਘ ਨਾਲ ਕਰ ਦਿਤਾ ਸੀ। ਭਾਵੇਂ ਮੇਰੀ ਮਾਂ ਦੀ ਮੇਰੀ ਮਤਰਈ ਮਾਂ ਨਾਲ ਨਹੀਂ ਬਣਦੀ ਸੀ ਅਤੇ ਬੜਾ ਕਲੇਸ਼ ਰਹਿੰਦਾ ਸੀ ਪਰ ਵਡੀ ਮਾਂ ਤੇ ਭੈਣ ਬੀਬੀ ਜੀਤ ਕੌਰ ਮੈਨੂੰ ਬਹੁਤ ਪਿਆਰ ਕਰਦੀਆਂ ਸਨ। ਜ਼ਿਆਦਾ ਕਲੇਸ਼ ਰਹਿਣ ਕਾਰਨ ਪੰਚਾਇਤ ਨੇ ਗੁਰਦਵਾਰੇ ਲਾਗੇ ਪੈਂਦੀ ਹਵੇਲੀ ਤੇ ਧੁੱਪਸੜੀ ਪਿੰਡ ਵਾਲੀ ਜ਼ਮੀਨ ਦਾ ਛੋਟਾ ਟੋਟਾ ਉਹਨਾਂ ਨੂੰ ਦੇ ਦਿਤਾ ਸੀ। ਗੁਰਦਵਾਰੇ ਮਥਾ ਟੇਕਣ ਗਿਆ ਮੈਂ ਅਕਸਰ ਓਧਰੋਂ ਈ ਰੋਟੀ ਖਾ ਆਉਂਦਾ ਤੇ 1945 ਵਿਚ ਜਨਮੀ ਮੇਰੀ ਛੋਟੀ ਭੈਣ ਨੂੰ ਖਿਡਾਉਣ ਲਈ ਵੀ ਮੈਂ ਉਹਨੂੰ ਵਡੀ ਮਾਂ ਤੇ ਬੀਬੀ ਦੇ ਹਵਾਲੇ ਕਰ ਆਪ ਮੁੰਡਿਆਂ ਨਾਲ ਗੁੱਲੀ ਡੰਡਾ ਜਾਂ ਖਿਦੋ ਖੂੰਡੀ ਖੇਡਣ ਭੱਜ ਜਾਂਦਾ।

1945 ਵਿਚ ਜਦੋਂ ਮੈਂ ਹਾਲੇ ਪੰਜਵੀਂ ਵਿਚ ਪੜ੍ਹਦਾ ਸਾਂ, ਬੜਾ ਕੁਝ ਹੋਇਆ ਜਿਵੇਂ ਬੀਬੀ ਜੀਤ ਕੌਰ ਦਾ ਵਿਆਹ ਹੋ ਗਿਆ। ਨਿਜ਼ਾਮਪੁਰੇ ਤੋਂ ਜੰਜ, ਟਾਂਗਿਆਂ, ਗਡਿਆਂ ਅਤੇ ਪੈਦਲ ਆਈ। ਓਦੋਂ ਜੰਜ ਨੂੰ ਰਾਤ ਰਖਣ ਦਾ ਰਿਵਾਜ ਸੀ। ਜੰਜ ਦਾ ਉਤਾਰਾ ਗੁਰਦਵਾਰੇ ਵਿਚ ਸੀ ਤੇ ਪਿੰਡ ਵਿਚੋਂ ਮੰਜੇ ਤੇ ਬਿਸਤਰੇ ਇਕਠੇ ਕੀਤੇ ਜਾਂਦੇ ਸਨ। ਮੰਜਿਆਂ ਤੇ ਬਿਸਤਿਰਆਂ ਤੇ ਘਰ ਵਾਲਿਆਂ ਦੇ ਨਾਂ ਲਿਖੇ ਜਾਂਦੇ ਸਨ। ਵਿਆਹ ਪਿਛੋਂ ਇਹ ਸਭ ਕੁਝ ਵਾਪਸ ਕਰਨਾ ਪੈਂਦਾ ਸੀ। ਸਾਰੇ ਪਿੰਡ ਵਿਚੋਂ ਦੋ ਡੰਗਾਂ ਦਾ ਦੁਧ ਵੀ ਇਕਠਾ ਕੀਤਾ ਜਾਂਦਾ। ਸਾਦਗੀ ਨਾਲ ਹੋਏ ਇਸ ਵਿਆਹ ਦੀ ਚੁਫੇਰੇ ਚਰਚਾ ਸੀ ਕਿਉਂਕਿ ਦਾਜ ਲੈਣਾ ਦੇਣਾ ਪੰਚਾਇਤ ਵੱਲੋਂ ਬਿਲਕੁਲ ਮਨ੍ਹਾਂ ਕੀਤਾ ਹੋਇਆ ਸੀ। ਮਹੀਨੇ ਬਾਅਦ ਮੁਕਲਾਵਾ ਤੋਰਨ ਵੇਲੇ ਪਿੰਡ ਦੀ ਨੈਣ ਦੇ ਨਾਲ ਮੈਨੂੰ ਵੀ ਭੈਣ ਦੇ ਸਹੁਰੀਂ ਤੋਰਿਆ ਗਿਆ। ਭੈਣ ਨਾਲ ਭਰਾ ਦਾ ਜਾਂ ਕਿਸੇ ਨੇੜੇ ਦੇ ਰਿਸ਼ਤੇਦਾਰ ਦਾ ਜਾਣਾ ਉਹਨਾਂ ਸਮਿਆਂ ਦੇ ਸਭਿਆਚਾਰੇ ਦਾ ਜ਼ਰੂਰੀ ਅੰਗ ਸੀ। ਪਿਛੋਂ ਭਾਈਏ ਭਗਵਾਨ ਸਿੰਘ ਨਾਲ ਸਾਰੀ ਉਮਰ ਮੇਰਾ ਬੜਾ ਪਿਆਰ ਰਿਹਾ। ਭਾਈਏ ਨੇ ਕਈ ਵਾਰ ਉਹਨਾਂ ਦੇ ਪਿੰਡ ਲਾਗੇ ਖੁਲ੍ਹੇ ਨਵੇਂ ਹਾਈ ਸਕੂਲ ਕੁਟੀਆ ਬਾਵਾ ਚੇਤਨ ਦਾਸ ਜਿਥੇ ਸਾਡੇ ਪਿੰਡ ਵਾਲੇ ਹਾਈ

ਸਕੂਲ ਦਾ ਹੈਡਮਾਸਟਰ ਵਧਾਵਾ ਸਿੰਘ ਜਾ ਲੱਗਾ ਸੀ, ਮੈਨੂੰ ਆਪਣੇ ਕੋਲ ਰਖ ਕੇ ਓਥੇ ਦਾਖਲ ਕਰਾਉਣ ਦਾ ਜ਼ੋਰ ਲਾਇਆ ਪਰ ਸਾਡੇ ਆਪਣੇ ਪਿੰਡ ਵਿਚ ਹਾਈ ਸਕੂਲ ਹੋਣ ਕਰ ਕੇ ਮੇਰੀ ਮਾਂ ਤੇ ਮੇਰਾ ਬਾਪੂ ਨਾ ਮੰਨੇ। ਮੈਂ ਵੀ ਓਥੇ ਜਾ ਕੇ ਬਹੁਤਾ ਖੁਸ਼ ਨਹੀਂ ਸਾਂ। ਪਰ ਅਨੋਖੀ ਗੱਲ ਜੋ ਵਾਪਰੀ, ਉਹ ਇਹ ਸੀ ਕਿ ਭਾਈਏ ਨੇ ਮੰਡੀ ਢਾਬਾਂ ਸਿੰਘ ਦੇ ਪਰਲੇ ਪਾਸੇ ਪੈਂਦੇ ਇਕ ਪਿੰਡ ਜਿਸ ਦਾ ਨਾਂ ਮਤਾਬਾ ਸੀ, ਵਿਚੋਂ ਆਪਣੇ ਰਿਸ਼ਤਦਾਰਾਂ ਦੀ ਇਕ ਕੁੜੀ ਨਾਲ ਮੇਰੀ ਮੰਗਣੀ ਕਰਵਾ ਦਿਤੀ। ਓਸ ਕੁੜੀ ਦਾ ਭਰਾ ਅਰਜਨ ਪੰਜਵੀਂ ਵਿਚ ਮੇਰੇ ਨਾਲ ਪੜ੍ਹਦਾ ਸੀ ਅਤੇ ਰੋਜ਼ ਦੂਰੋਂ ਪੈਦਲ ਪੜ੍ਹਨ ਆਉਂਦਾ ਸੀ। ਮੈਨੂੰ ਏਨਾ ਯਾਦ ਹੈ ਕਿ ਉਹ ਬਹੁਤ ਗੋਰਾ ਚਿਟਾ ਤੇ ਸੋਹਣਾ ਸੀ ਤੇ ਮੇਰੇ ਹਾਣ ਦਾ ਸੀ। ਦੂਰੋਂ ਪੜ੍ਹਨ ਆਏ ਕਈ ਮੁੰਡੇ ਅਕਸਰ ਆਪਣੇ ਬਸਤੇ ਸਾਡੀ ਘਰ ਦੀ ਬੈਠਕ ਵਿਚ ਰਖ ਜਾਂਦੇ ਤੇ ਸਵੇਰੇ ਓਥੋਂ ਲੈ ਲੈਂਦੇ। ਜਦ ਓਸ ਦੀ ਭੈਣ ਜਿਸ ਦਾ ਨਾਂ ਸਵਰਨੀ ਸੀ, ਨਾਲ ਮੇਰੀ ਮੰਗਣੀ ਹੋ ਗਈ ਤਾਂ ਓਸ ਦਿਨ ਤੋਂ ਬਾਅਦ ਓਸ ਨੇ ਸਾਡੇ ਘਰ ਆਪਣਾ ਬਸਤਾ ਰਖਣਾ ਛਡ ਦਿਤਾ। ਮੇਰੀ ਭੈਣ ਕਹਿੰਦੀ ਕਿ ਤੇਰੀ ਹੋਣ ਵਾਲੀ ਵਹੁਟੀ ਮੇਮਾਂ ਨਾਲੋਂ ਜ਼ਿਆਦਾ ਸੋਹਣੀ ਹੈ ਤੇ ਵਡੀ ਹੋ ਕੇ ਉਹਨੇ ਬੜੀ ਜਵਾਨ ਨਿਕਲਣਾ ਹੈ। ਮੈਨੂੰ ਇਸ ਮੰਗਣੀ ਦੀ ਕੋਈ ਸਮਝ ਨਹੀਂ ਆ ਰਹੀ ਸੀ ਕਿ ਏਨੀ ਛੋਟੀ ਉਮਰ ਵਿਚ ਕਿਉਂ ਮੇਰੀ ਮੰਗਣੀ ਕਰ ਦਿਤੀ ਗਈ ਸੀ।

ਘਰ ਦੀ ਬੈਠਕ ਵਿਚ ਵਿਚ ਮੇਰੀ ਮਾਂ ਗਰਮੀਆਂ ਦੀਆਂ ਦੋਪਹਿਰਾਂ ਨੂੰ ਚਰਖਾ ਕਤਦੀ ਤੇ ਨਾਲੇ ਮੇਰੇ ਵਿਆਹ ਦੇ ਗੀਤ ਗਾਉਂਦੀ। ਜਦੋਂ ਗਲੋਲਣਆਣੀਆਂ ਸਾਡੇ ਘਰ ਮੰਗਣ ਆਉਂਦੀਆਂ ਤਾਂ ਉਹਨਾਂ ਨੂੰ ਬੈਠਕ ਅਗੇ ਬਣੇ ਥੜ੍ਹੇ ਜਾਂ ਘਰ ਦੇ ਵਿਹੜੇ ਵਿਚ ਬਿਠਾ ਕੇ ਮੇਰੇ ਵਿਆਹ ਦੀਆਂ ਘੋੜੀਆਂ ਸੁਣਦੀ। ਦਾਣਿਆਂ ਨਾਲ ਉਹਨਾਂ ਦੀਆਂ ਝੋਲੀਆਂ ਭਰ ਦੇਂਦੀ। ਅੰਬਾਂ ਦੇ ਬੂਟਿਆਂ ਨੂੰ ਲੱਗੇ ਅੰਬ ਜਦੋਂ ਆਚਾਰ ਪੈਣ ਵਾਲੇ ਹੋ ਜਾਂਦੇ ਤਾਂ ਸੱਤਾਂ ਸਾਲਾਂ ਤੋਂ ਲਗਾਤਾਰ ਕੰਮ ਕਰਦੇ ਕਾਮੇ ਨਾਮ੍ਹੇ ਦੇ ਸਿਰ ਤੇ ਅੰਬਾਂ ਦੀ ਬੋਰੀ ਰਖਵਾ ਕੇ ਆਪਣੇ ਬਣਨ ਵਾਲੇ ਕੁੜਮਾਂ ਦੇ ਘਰ ਰੇਲੋਂ ਪਾਰ ਪੈਂਦੇ ਪਿੰਡ ਮਤਾਬੇ ਘਲਵਾ ਦੇਂਦੀ। ਇਕ ਵਾਰ ਮੈਂ ਪਿੰਡ ਧੁੱਪਸੜੀ ਜੋ ਸਾਡੇ ਮੁਰਬਿਆਂ ਅਤੇ ਸਾਡੇ ਪਿੰਡ ਦੇ ਵਿਚਕਾਰ ਪੈਂਦਾ ਸੀ, ਵਿਚ ਬਣ ਰਹੇ ਸਾਡੇ ਨਵੇਂ ਮਕਾਨ ਵੇਖਣ ਜਾ ਰਿਹਾ ਸਾਂ ਕਿ ਸਵਰਨੀ ਤੇ ਉਹਦਾ ਭਰਾ, ਮੈਨੂੰ ਅਚਾਣਕ ਟੱਕਰ ਗਏ। ਮੈਨੂੰ ਵੇਖਦਿਆਂ ਹੀ ਉਸਦੇ ਭਰਾ ਨੇ ਉਹਨੂੰ ਬਾਂਹੋ ਖਿਚਿਆ ਤੇ ਭਜਾ ਕੇ ਲਾਗੇ ਇਕ ਘਰ ਵਿਚ ਵੜ ਗਿਆ। ਮੈਂ ਏਨਾ ਜ਼ਰੂਰ ਵੇਖ ਲਿਆ ਸੀ ਕਿ ਸਵਰਨੀ ਜੋ ਓਦੋਂ ਮਸਾਂ ਅਠਾਂ ਨੌਵਾਂ ਸਾਲਾਂ ਦੀ ਹੋਵੇਗੀ, ਵਾਕਿਆ ਈ ਭੈਣ ਜੀਤ ਕੌਰ ਦੇ ਦੱਸਣ ਅਨੁਸਾਰ ਵਲੈਤੀ ਗੁੱਡੀਆਂ ਵਰਗੀ ਸੁਹਣੀ ਸੀ। ਸਵਰਨੀ ਨੂੰ ਵੇਖਣ ਦਾ ਜ਼ਿੰਦਗੀ ਵਿਚ ਇਹ ਮੇਰਾ ਪਹਿਲਾ ਤੇ ਆਖਰੀ ਮੌਕਾ ਸੀ। 1985 ਵਿਚ ਮੈਂ ਸਵਰਨੀ ਤੇ ਕਹਾਣੀ ਲਿਖੀ ਸੀ “ਚਿਕੜ” ਜੋ ਕਈ ਵਾਰ ਛਪੀ ਤੇ ਬਹੁ ਚਰਚਤ ਹੋਈ। ਵਿਆਹ ਤੋਂ ਪਹਿਲਾਂ ਹੋਣ ਵਾਲੀ ਵਹੁਟੀ ਨੂੰ ਵੇਖਣਾ ਬਹੁਤ ਬੁਰਾ ਸਮਝਿਆ ਜਾਂਦਾ ਸੀ। ਇਸ ਗੱਲ ਦਾ ਪਤਾ ਬਾਅਦ ਵਿਚ ਮੇਰੀ ਮਾਂ ਨੂੰ ਵੀ ਲੱਗ ਗਿਆ ਸੀ ਪਰ ਓਸ ਨੇ ਮੈਨੂੰ ਕੁਝ ਨਾ ਆਖਿਆ ਕਿਉਂਕਿ ਮੈਂ ਕਿਹੜਾ ਉਸ ਨੂੰ ਵੇਖਣ ਲਈ ਉਹਦੇ ਪਿੰਡ ਗਿਆ ਸਾਂ। ਇਹ ਤਾਂ ਅਚਾਣਕ ਰਾਹ ਜਾਂਦਿਆਂ ਈ ਵਾਪਰ ਗਿਆ ਸੀ। ਹੁਸਨ ਨੂੰ ਸਮਝਣ ਤੇ ਮਾਣਨ ਦੀ ਰਮਜ਼ ਅਜੇ ਮੇਰੇ ਅੰਦਰ ਨਹੀਂ ਸੀ ਜਾਗੀ। ਹਾਂ ਕਾਲੇ ਗੋਰੇ ਰੰਗ ਦੀ ਤਮੀਜ਼ ਦਾ ਗਿਆਨ ਜ਼ਰੂਰ ਸੀ। ਮਾਂ ਇਹ ਜ਼ਰੂਰ ਚਹੁੰਦੀ ਸੀ ਕਿ ਮੈਂ ਜਲਦੀ ਜਲਦੀ ਜਵਾਨ ਹੋ ਜਾਵਾਂ ਤੇ ਉਹ ਸਵਰਨੀ ਨਾਲ ਮੇਰਾ ਵਿਆਹ ਕਰ ਕੇ ਆਪਣੀ ਨੋਂਹ ਨੂੰ ਘਰ ਲੈ ਆਵੇ ਤੇ ਉਹਦਾ ਵਿਹੜਾ ਭਰਿਆ ਭਰਿਆ ਲਗੇ ਪਰ ਮੈਂ ਤਾਂ ਹਾਲੇ ਮਸਾਂ ਦਸਾਂ ਗਿਆਰਾਂ ਸਾਲਾਂ ਦਾ ਬੱਚਾ ਈ ਸਾਂ।

## ਉਸ ਦਿਨ ਤੋਂ ਬਾਅਦ

ਅੰਦਾਜ਼ਨ ਮੇਰਾ ਜਨਮ ਸੰਨ 1935 ਵਿਚ ਰਿਆਸਤ ਫਰੀਦਕੋਟ ਹੁਣ ਜ਼ਿਲਾ ਬਠਿੰਡਾ ਲਾਗੇ ਇਕ ਪਛੜੇ ਪਿੰਡ ਵਿਚ ਆਪਣੇ ਨਾਨਕੇ ਘਰ ਮੱਘਰ ਦੇ ਮਹੀਨੇ ਵਿਚ ਹੋਇਆ। ਮਾਂ ਦਸਦੀ ਕਿ ਵੀਰਵਾਰ ਦੀ ਰਾਤ ਨੂੰ ਜਦੋਂ ਸਵੇਰੇ 4 ਵਜੇ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੀ ਗੱਡੀ ਲੰਘੀ ਸੀ, ਮੇਰਾ ਜਨਮ ਉਸ ਵੇਲੇ ਦਾ ਹੈ। ਵੀਰਵਾਰ ਜਨਮ ਹੋਣ ਕਰ ਕੇ ਮੇਰਾ ਨਾਂ ਬਲਬੀਰ ਸਿੰਘ

ਰਖ ਦਿਤਾ ਗਿਆ। ਮੱਘਰ ਮਹੀਨੇ ਦਾ ਕਿਹੜੀ ਤਾਰੀਖ ਸੀ, ਇਸ ਬਾਰੇ ਕੋਈ ਪਤਾ ਨਹੀਂ ਕਿਉਂਕਿ ਮੇਰੀ ਮਾਂ ਨੂੰ ਦਸ ਤੋਂ ਅਗੇ ਗਿਣਤੀ ਨਹੀਂ ਆਉਂਦੀ ਸੀ। 1947 ਵਿਚ ਪਾਕਿਸਤਾਨ ਵਿਚੋਂ ਉਜੜ ਕੇ ਜਦੋਂ ਮੈਂ ਸ਼ਵਿੰਦਰਾ ਹਾਈ ਸਕੂਲ ਗੋਨਿਆਣਾ ਮੰਡੀ ਵਿਚ ਅਠਵੀਂ ਵਿਚ ਦਾਖਲ ਹੋਣ ਗਿਆ ਤਾਂ ਪਿਛਲੇ ਸਕੂਲ ਦੀ ਪੜ੍ਹਾਈ ਦਾ ਕੋਈ ਸਰਟੀਫਿਕੇਟ ਨਾ ਹੋਣ ਕਾਰਨ ਜਨਮ ਮਿਤੀ ਪੁਛੀ ਤਾਂ ਮੈਂ ਆਪਣੀ ਮਾੜੀ ਮੋਟੀ ਸਮਝ ਅਨੁਸਾਰ 20 ਨਵੰਬਰ, 1935 ਲਿਖ ਦਿਤੀ। 1977 ਵਿਚ ਜਦੋਂ ਪੰਜਾਬ ਸਰਕਾਰ ਵੱਲੋਂ ਮੇਰੀ ਡਿਊਟੀ ਇਕ ਕੇਂਦਰੀ ਮੰਤਰੀ ਨਾਲ ਲੱਗੀ ਹੋਈ ਸੀ ਤਾਂ ਮਨਿਸਟਰ ਸਟਾਫ ਦੇ ਇਕ ਬਹੁਤ ਜ਼ਿਆਦਾ ਹੋਸਿਆਰ ਕਰਮਚਾਰੀ ਤੋਂ ਪਤਾ ਲੱਗਾ ਕਿ ਵੀਰਵਾਰ ਤਾਂ 21 ਨਵੰਬਰ, 1935 ਨੂੰ ਪੈਂਦਾ ਹੈ। 20 ਨਵੰਬਰ, 1935 ਨੂੰ ਤਾਂ ਬੁਧਵਾਰ ਸੀ। ਇਸ ਲਈ ਸਹੀ ਜਨਮ ਤਾਰੀਖ ਦਾ ਤਾਂ ਸਿਰਫ ਮੈਨੂੰ ਹੀ ਨਹੀਂ, ਭਾਰਤ ਦੀ ਅਧੀ ਆਬਾਦੀ ਦੇ ਲੋਕਾਂ ਨੂੰ ਵੀ ਪਤਾ ਨਹੀਂ ਹੈ।

ਬਾਪੂ ਨੇ ਆਪਣੇ ਬਾਰ ਦੇ ਮੁਰੱਬਿਆਂ ਵਾਲੇ ਨਵਾਂ ਪਿੰਡ ਚੱਕ ਨੰਬਰ 78 ਵਿਚ ਪੁਤਰ ਜੰਮਣ ਦੀ ਬੜੀ ਖੁਸ਼ੀ ਮਨਾਈ। ਚੌਕੀਦਾਰ ਵੱਲੋਂ ਪਿੰਡ ਵਿਚ ਡੌਂਡੀ ਪਿਟੀ ਗਈ। ਪਿੰਡ ਦੇ ਗੁਰਦਵਾਰੇ ਵਿਚ ਪਾਠ ਕਰਾਇਆ ਗਿਆ ਤੇ ਕਈ ਦਿਨ ਸਾਡੇ ਘਰ ਬਿਨ ਬਾਂਗੇ ਮੁਰਗੇ ਤੇ ਦੇਸੀ ਸ਼ਰਾਬ ਦੇ ਦੌਰ ਚਲਦੇ ਰਹੇ। ਮੇਰੇ ਖਿਆਲ ਵਿਚ ਓਦੋਂ ਸਰਕਾਰੀ ਸ਼ਰਾਬ ਦੇ ਠੇਕੇ ਕਿਤੇ ਦੂਰ ਦੂਰ ਹੀ ਹੁੰਦੇ ਸਨ। ਮੈਂ ਆਪਣੇ ਬਚਪਨ ਵਿਚ ਕਦੀ ਠੇਕੇ ਦੀ ਸ਼ਰਾਬ ਨਹੀਂ ਵੇਖੀ ਸੀ। ਹਾਂ ਏਨਾ ਕੁ ਯਾਦ ਆਉਂਦਾ ਏ ਕਿ ਕਦੀ ਕਦੀ ਸਾਂਗਲਾ ਹਿੱਲ ਠਾਣੇ ਦੀ ਪੁਲਸ ਘਰ ਦੀ ਸ਼ਰਾਬ ਕਢਣ ਵਾਲਿਆਂ ਤੇ ਛਾਪੇ ਮਾਰਦੀ ਹੁੰਦੀ ਸੀ। ਬਾਪੂ ਤੋਂ ਮੈਂ ਕਈ ਵਾਰ ਸੁਣਿਆ ਸੀ ਕਿ ਜੇਕਰ ਘਰ ਵਿਚ ਰੋਟੀ ਪਕਾ ਕੇ ਖਾਣ ਦੀ ਖੁਲ੍ਹ ਸੀ ਤਾਂ ਘਰ ਦੀ ਸ਼ਰਾਬ ਕਢ ਕੇ ਪੀਣ ਦੀ ਖੁਲ੍ਹ ਕਿਉਂ ਨਹੀਂ ਸੀ। ਇਕ ਵਾਰ ਬਾਪੂ ਤੇ ਤਾਇਆ ਰੂੜੀ ਵਿਚ ਦੱਬੇ ਮੱਟ ਕਢ ਕੇ ਜਿਨ੍ਹਾਂ ਵਿਚ ਕਿੱਕਰਾਂ ਦੇ ਸੱਕ, ਗੁੜ, ਬਿਨ ਬਾਂਗੇ ਮੁਰਗੇ, ਗਿਰੀ, ਛੁਹਾਰੇ ਤੇ ਸੌਗੀ ਤੋਂ ਇਲਾਵਾ ਅੰਗੂਰ ਵੀ ਸੁਟੇ ਹੋਏ ਸਨ, ਨਾਲਾਂ ਜੋੜ ਕੇ ਸ਼ਰਾਬ ਕਢ ਰਹੇ ਸਨ। ਮੈਂ ਸ਼ਰਾਬ ਦੀ ਭੱਠੀ ਨੂੰ ਕਮਾਦ ਦੀ ਖੋਰੀ ਤੇ ਵੇਲਣੇ ਵਿਚੋਂ ਕਢੀਆਂ ਸੁਕੀਆਂ ਪੱਛੀਆਂ ਦਾ ਝੋਕਾ ਦੇ ਰਿਹਾ ਸਾਂ। ਗਰਮ ਗਰਮ ਸ਼ਰਾਬ ਤੁਪਕਾ ਤੁਪਕਾ ਕਰ ਕੇ ਨਿਕਲ ਰਹੀ ਸੀ। ਠੰਢੀ ਹੋਣ ਤੇ ਬੋਤਲਾਂ ਵਿਚ ਪਾ ਲਈ ਜਾਂਦੀ ਸੀ। ਵਿਚ ਵਿਚ ਬਾਪੂ ਤੇ ਤਾਇਆ ਇਕ ਇਕ ਹਾੜਾ ਤੱਤੀ ਸ਼ਰਾਬ ਦਾ ਵੀ ਲਾ ਲੈਂਦੇ ਸਨ। ਤਿੰਨ ਕੁ ਪਹਿਲੇ ਤੋੜ ਦੀਆਂ ਬੋਤਲਾਂ ਤਿਆਰ ਹੋ ਚੁਕੀਆਂ ਸਨ ਕਿ ਘੋੜਿਆਂ ਵਾਲੀ ਪੁਲਸ ਦਾ ਛਾਪਾ ਪੈ ਗਿਆ। ਬਾਪੂ ਨੇ ਭਠੀ ਪੈਰ ਮਾਰ ਕੇ ਭੰਨ ਦਿਤੀ, ਨਾਲਾਂ ਅਲਗ ਕਰ ਦਿਤੀਆਂ। ਚੁਲ੍ਹਾ ਤੋੜ ਦਿਤਾ ਤੇ ਬਾਕੀ ਕੁਝ ਡੋਲ੍ਹ ਦਿਤਾ। ਬਾਪੂ ਤੇ ਤਾਇਆ ਇਕ ਇਕ ਬੋਤਲ ਲੈ ਕੇ ਸੰਘਣੇ ਕਮਾਦ ਵਿਚੋਂ ਦੀ ਵਿਰਕਾਂ ਦੀ ਜੂਹ ਵੱਲ ਨੱਸ ਗਏ। ਪਤਾ ਨਹੀਂ ਓਸ ਵੇਲੇ ਮੇਰੇ ਅੰਦਰ ਐਨੀ ਫੁਰਤੀ ਕਿਥੋਂ ਆ ਗਈ ਕਿ ਮੈਂ ਇਕ ਬੋਤਲ ਜਿਸ ਵਿਚ ਪੂਰੇ ਜ਼ੋਰ ਨਾਲ ਮੱਕੀ ਦਾ ਗੁੱਲ ਦਿਤਾ ਹੋਇਆ ਸੀ, ਕਛੇ ਮਾਰ ਕੇ ਕਵਾਣੇ ਦੇ ਪਿਛਲੇ ਪਾਸੇ ਵਾਲੇ ਵਡੇ ਬੋਹੜ ਤੇ ਗਾਲੜ੍ਹ ਵਾਂਗ ਚੜ੍ਹ ਕੇ ਧੁਰ ਟੀਸੀ ਦੇ ਸੰਘਣੇ ਪਤਿਆਂ ਵਾਲੀ ਟਹਿਣੀਆਂ ਵਿਚ ਲੁਕ ਗਿਆ। ਪੁਲਸ ਵਾਲਿਆਂ ਨੇ ਮੈਨੂੰ ਭਜਦੇ ਨੂੰ ਤਾਂ ਵੇਖ ਲਿਆ ਸੀ ਪਰ ਮੈਂ ਕਿਥੇ ਛਪਣ ਛਊਆ ਹੋ ਗਿਆ ਸਾਂ, ਉਹਨਾਂ ਨੂੰ ਸਮਝ ਨਹੀਂ ਆ ਰਹੀ ਸੀ। ਉਹ ਥਲੇ ਘੋੜਿਆਂ ਤੇ ਚੜ੍ਹੇ ਮੈਨੂੰ, ਮੇਰੇ ਬਾਪੂ ਤੇ ਮੇਰੇ ਤਾਏ ਨੂੰ ਗਾਲਾਂ ਕਢ ਰਹੇ ਸਨ। ਕੁਝ ਦਿਨਾਂ ਬਾਅਦ ਬਾਪੂ ਤੇ ਤਾਇਆ ਪਿੰਡ ਦੇ ਨੰਬਰਦਾਰ ਸੁਰੈਨ ਸਿੰਘ ਨੂੰ ਨਾਲ ਲੈ ਕੇ ਸਾਂਗਲਾ ਹਿੱਲ ਜਾ ਕੇ ਥਾਣੇਦਾਰ ਦੇ ਪੇਸ਼ ਹੋ ਗਏ ਸਨ ਤੇ ਥਾਣੇਦਾਰ ਨੂੰ ਦੇਸੀ ਘਿਓ ਦਾ ਪੀਪਾ ਦੇਣ ਪਿਛੋਂ ਉਹਨਾਂ ਦੀ ਜਾਨ ਛੁਟ ਗਈ ਸੀ। ਮੈਂ ਜਿਹੜੀ ਬੋਤਲ ਬੋਹੜ ਦੇ ਪਤਿਆਂ ਵਿਚ ਲੁਕੋ ਕੇ ਬੋਹੜ ਦੀਆਂ ਮੋਟੀਆਂ ਟਹਿਣੀਆਂ ਵਿਚ ਲੁਕਾ ਆਇਆ ਸਾਂ, ਪਿਛੋਂ ਬਾਪੂ, ਤਾਏ ਅਤੇ ਨੰਬਰਦਾਰ ਨੇ ਪਹਿਲੇ ਤੋੜ ਦੀ ਉਹ ਬੋਤਲ ਬੜੀਆਂ ਚੁਸਕੀਆਂ ਲੈ ਲੈ ਕੇ ਪੀਤੀ ਸੀ ਕਿਉਂਕਿ ਨਿੱਕੀ ਨਹਿਰ ਦੇ ਪੁਲ ਲਾਗਿਉਂ ਨਾਮ੍ਹੇ ਆਥੜੀ ਵੱਲੋਂ ਫੜੀ ਮੁਰਗਾਬੀ ਵੀ ਬਾਪੂ ਨੇ ਬੜੀ ਰੀਝ ਨਾਲ ਵਧੀਆ ਮਸਾਲੇ ਵਿਚ ਭੁੰਨੀ ਸੀ ਜਿਸ ਦੇ ਖਸਤਾ ਮੀਟ ਦੀਆਂ ਗੱਲਾਂ ਨੰਬਰਦਾਰ ਸੁਰੈਨ ਸਿੰਘ ਦਾਰੂ ਪੀਣ ਪਿਛੋਂ ਬਾਰ ਬਾਰ ਕਰ ਰਿਹਾ ਸੀ।

ਮੇਥੋਂ ਪਿਛੋਂ ਦੋ ਦੋ ਸਾਲ ਦੀ ਵਿੱਥ ਤੇ ਹੋਏ ਮੇਰੇ ਦੋ ਛੋਟੇ ਭਰਾ ਅਜੀਤ ਤੇ ਮੋਹਨ ਜੋ ਥੋੜ੍ਹੀ ਥੋੜ੍ਹੀ ਉਮਰ ਭੋਗ ਕੇ ਮਰ ਗਏ ਸਨ। ਇਕ ਨੂੰ ਠੰਢ ਲੱਗੀ ਸੀ ਭਾਵ ਡਬਲ ਨਮੂਨੀਆ ਹੋਇਆ ਸੀ ਕਿਉਂਕਿ ਮੈਂ ਭਾਵੇਂ ਬਹੁਤ ਛੋਟਾ ਸਾਂ ਪਰ ਮੈਨੂੰ ਏਨਾ ਯਾਦ ਹੈ ਕਿ ਹਕੀਮ ਨੇ ਕਿਹਾ ਸੀ ਕਿ ਇਹਦੇ ਲਾਗੇ ਪਾਥੀਆਂ ਦੀ ਅਗ ਨਾ ਬੁਝਣ ਦਿਓ। ਇਹ ਠੰਢ ਦੇ ਘਰ ਵਿਚ ਜਾ ਚੁਕਾ ਹੈ। ਹਕੀਮ ਦੇ ਦਿਤੇ ਕੁਸ਼ਤੇ ਵੀ ਉਹਨੂੰ ਬਚਾ ਨਾ ਸਕੇ। ਦੂਜਾ ਭਰਾ ਮੋਹਰਕੇ ਦਾ ਤਾਪ ਚੜ੍ਹਨ ਨਾਲ ਮਰ ਗਿਆ ਸੀ। ਉਹਨਾਂ ਦੇ ਮਰਨ ਤੋਂ ਬਾਅਦ ਮਾਂ ਉਹਨਾਂ ਦੇ ਨਾਂ ਲੈ ਲੈ ਕੇ ਉਚੇ ਉਚੇ ਵੈਣ ਪਾਉਂਦੀ ਤੇ ਰੋਂਦੀ ਰਹਿੰਦੀ। ਇਕ ਦਿਨ ਇਕ ਸੰਤ ਬੂਹੇ ਤੇ ਬਗਲੀ ਪਾਈਂ ਖੈਰ ਮੰਗਣ ਆਇਆ ਕਹਿ ਗਿਆ ਬੀਬੀ ਹੁਣ ਮੋਹਨ ਤੇ ਜੀਤ ਨੇ ਨਹੀਂ ਮੁੜਨਾ, ਤੂੰ ਛੇਹਰਟਾ ਸਾਹਿਬ ਦੀਆਂ ਪੰਚਮੀਆਂ ਸੁਖ। ਘਰ ਅਗੋਂ ਲੰਘਣ ਵਾਲੇ ਰਾਹੀਆਂ ਪਾਂਧੀਆਂ ਨੂੰ ਪਰਸ਼ਾਦਾ ਛਕਾਇਆ ਕਰ। ਜਦੋਂ ਊਠਾਂ ਜਾਂ ਘੋੜਿਆਂ ਵਾਲੇ ਲੰਘਣ ਤੇ ਤੇਰੇ ਘਰ ਅਗੇ ਪਿੱਪਲਾਂ ਤੇ ਬੋਹੜਾਂ ਦੀ ਛਾਂ ਹੇਠਾਂ ਬੇਜ਼ਬਾਨਿਆਂ ਨੂੰ ਘੜੀ ਆਰਾਮ ਕਰਨ ਲਈ ਖਲ੍ਹਾਰਣ ਤਾਂ ਪਸੂਆਂ ਨੂੰ ਦਾਣਾ ਪੌਣਾ ਤੇ ਪਾਣੀ ਪਿਲੌਣਾ ਨਾ ਭੁਲੀਂ। ਤੇਰੇ ਘਰ ਔਲਾਦ ਦਾ ਘਾਟਾ ਨਹੀਂ ਰਹੇਗਾ।

ਇਹ ਗੱਲ 1944-1945 ਦੀ ਹੋ ਸਕਦੀ ਹੈ। ਮੈਂ ਬਾਪੂ ਤੇ ਮਾਂ ਮੰਡੀ ਢਾਬਾਂ ਸਿੰਘ ਦੇ ਰੇਲਵੇ ਸਟੇਸ਼ਨ ਤੋਂ ਰੇਲ ਗੱਡੀ ਫੜ ਕੇ ਲਾਹੌਰ ਜਾਂਦੇ। ਮੈਂ ਰਾਹ ਵਿਚ ਆਉਂਦੇ ਸਾਰੇ ਸਟੇਸ਼ਨ ਗਿਣੀ ਜਾਂਦਾ ਜਿਵੇਂ ਬਹਾਲੀਕੇ, ਸੱਚਾ ਸੌਦਾ, ਚੂਹੜਕਾਣਾ, ਚੀਚੋ ਕੀਆਂ ਮਲੀਆਂ, ਸ਼ੇਖੂਪੁਰਾ, ਸ਼ਾਹਦਰਾ, ਬਾਦਾਮੀ ਬਾਗ, ਲਾਹੌਰ ਆਦਿ ਤੇ ਇਹ ਸਾਰੇ ਸਟੇਸ਼ਨਾਂ ਦੇ ਨਾਂ ਮੈਨੂੰ ਜ਼ਬਾਨੀ ਯਾਦ ਹੋ ਜਾਂਦੇ। ਲਾਹੌਰੋਂ ਅਮ੍ਰਿਤਸਰ ਵਾਲੀ ਗੱਡੀ ਪਕੜ ਕੇ ਮੁਗਲਸਰਾਏ, ਮੀਆਂ ਮੀਰ, ਅਟਾਰੀ ਤੇ ਛੇਹਰਟਾ ਸਾਹਿਬ ਸਟੇਸ਼ਨ ਆਦਿ। ਗੱਡੀ ਅਕਸਰ ਛੇਹਰਟਾ ਸਾਹਿਬ ਨਹੀਂ ਖਲੋਂਦੀ ਸੀ। ਅਮ੍ਰਿਤਸਰੋਂ ਫਿਰ ਛੇਹਰਟਾ ਸਾਹਿਬ ਆਉਣ ਲਈ ਲਾਹੌਰ ਨੂੰ ਜਾਂਦੀ ਪੈਸਿੰਜਰ ਗੱਡੀ ਫੜ ਕੇ ਛੇਹਰਟੇ ਆ ਜਾਂਦੇ ਜਿਥੇ ਛੇ ਮਾਹਲਾਂ ਵਾਲਾ ਖੂਹ ਚਲਦਾ ਸੀ ਤੇ ਛੇਵੀਂ ਪਾਤਸ਼ਾਹੀ ਦਾ ਗੁਰਦਵਾਰਾ ਸੀ। ਮੈਂ ਥਕ ਜਾਂਦਾ ਤਾਂ ਬਾਪੂ ਮੈਨੂੰ ਆਪਣੇ ਮੋਢਿਆਂ ਤੇ ਚੁੱਕ ਲੈਂਦਾ। ਇੰਜ ਮੋਢਿਆਂ ਤੇ ਚੜ੍ਹ ਕੇ ਮੈਨੂੰ ਪੰਚਮੀ ਦਾ ਮੇਲਾ ਵੇਖਣ ਦਾ ਬੜਾ ਸਵਾਦ ਆਉਂਦਾ। ਮਾਂ ਪੌਣੇ ਵਿਚ ਅਸ਼ਨਾਨ ਕਰ ਕੇ ਆਪਣੀ ਸੁਖਣਾ ਲਾਹੁਣ ਲਈ ਗੁਰਦਵਾਰੇ ਮਥਾ ਟੇਕਣ ਚਲੀ ਜਾਂਦੀ। ਮੈਨੂੰ ਛੇਹਰਟਾ ਸਾਹਿਬ ਦਾ ਏਡਾ ਵਡਾ ਖੂਹ ਸੋਹਣਾ ਵੀ ਲਗਦਾ ਤੇ ਡਾਰਾਉਣਾ ਵੀ।

ਪੰਚਮੀ ਨਹਾ ਕੇ ਅਸੀਂ ਫਿਰ ਅਮ੍ਰਿਤਸਰ ਹਰਿਮੰਦਰ ਸਾਹਿਬ ਮਥਾ ਟੇਕਣ ਆਉਂਦੇ ਤੇ ਰਾਤ ਸਰਾਂ ਵਿਚ ਠਹਿਰਦੇ। ਫਿਰ ਤਰਨ ਤਾਰਨ ਵੀ ਮਥਾ ਟੇਕਣ ਤੇ ਅਸ਼ਨਾਨ ਕਰਨ ਜਾਂਦੇ। ਤਰਨ ਤਾਰਨ ਕੰਬੋਆਂ ਦਾ ਬੁੰਗਾ ਬਣਿਆ ਹੋਇਆ ਸੀ ਜਿਥੇ ਸਾਡਾ ਪੱਕਾ ਟਿਕਾਣਾ ਹੁੰਦਾ। ਮੇਰਾ ਤਾਇਆ ਗਿਆਨੀ ਗਿਆਨ ਸਿੰਘ ਜਿਸ ਨੇ ਢਾਬਾਂ ਸਿੰਘ ਰਾਇਟ ਕੇਸ ਵਿਚ ਪਹਿਲਾਂ ਫਾਂਸੀ ਤੇ ਫਿਰ ਕਾਲੇ ਪਾਣੀ ਸਜ਼ਾ ਕੱਟੀ ਸੀ, ਪਾਠੀ ਬਣ ਕੇ ਇਸ ਬੁੰਗੇ ਵਿਚ ਰਹਿਣ ਲਗ ਪਿਆ ਸੀ ਤੇ ਉਹਨੇ ਇਕ ਬੜੀ ਖੂਬਸੂਰਤ ਗੋਰੀ ਚਿੱਟੀ ਖਤਰਾਣੀ ਨਾਲ ਵਿਆਹ ਕਰਵਾ ਲਿਆ ਸੀ। ਫਿਰ ਉਹ ਬੁੰਗਾ ਛਡ ਬਹਾਵਲਪੁਰ ਚਲਾ ਗਿਆ ਜਿਥੇ ਉਹਨੇ ਕੁਝ ਜ਼ਮੀਨ ਲੈ ਕੇ ਵਾਹੀ ਕਰਨੀ ਸ਼ੁਰੂ ਕਰ ਦਿਤੀ ਸੀ। ਉਹਦੀਆਂ ਦੋ ਕੁੜੀਆਂ ਇਕ ਮੇਰੇ ਹਾਣ ਦੀ ਤੇ ਦੂਜੀ ਥੋੜ੍ਹੀ ਛੋਟੀ ਸੀ। ਆਜ਼ਾਦੀ ਘੁਲਾਟੀਆ ਹੋਣ ਕਰ ਕੇ ਉਹਦੀ ਸਾਰੀ ਬਰਾਦਰੀ ਵਿਚ ਬੜੀ ਕਦਰ ਸੀ। ਜਦੋਂ ਕਦੇ ਤਾਏ ਦਾ ਇਹ ਪਰਵਾਰ ਸਾਡੇ ਬਾਰ ਵਾਲੇ ਨਵੇਂ ਪਿੰਡ ਆਉਂਦਾ ਤਾਂ ਕਈ ਕਈ ਦਿਨ ਸਾਡੇ ਘਰ ਹੀ ਠਹਿਰਦਾ ਤੇ ਤਾਇਆ ਤੇ ਬਾਪੂ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਨਾਲ ਜੋ ਸ਼ਰੀਕੇ ਚੋਂ ਮੇਰੇ ਭਰਾ ਤੇਜਾ ਸਿੰਘ ਮੋਮੀ ਦਾ ਸਹੁਰਾ ਤੇ ਭਾਬੀ ਜੀਤ ਕੌਰ ਦਾ ਪਿਤਾ ਸੀ, ਅਕਾਲੀ ਕਾਨਫਰੰਸਾਂ ਵਿਚ ਹਿੱਸਾ ਲੈਣ ਲਈ ਚਲੇ ਜਾਂਦੇ। ਤਾਈ ਦਾ ਤੇ ਉਹਦੀਆਂ ਕੁੜੀਆਂ ਦਾ ਮੇਰੇ ਨਾਲ ਬੜਾ ਮੋਹ ਸੀ।

ਤਰਨਤਾਰਨ ਅਸ਼ਨਾਨ ਕਰ ਕੇ ਤੇ ਮਥਾ ਟੇਕ ਕੇ ਅਸੀਂ ਆਪਣੇ ਪਿਛਲੇ ਨਵਾਂ ਪਿੰਡ ਪੈਦਲ ਤੁਰ ਕੇ ਆ ਜਾਂਦੇ। ਭਾਵੇਂ ਏਸ ਪਿੰਡ ਵਿਚੋਂ ਸਾਡੇ ਸ਼ਰੀਕੇ ਦੇ ਜ਼ਿਆਦਾ ਕੰਬੋ ਬਾਰ ਵਾਲੇ ਪਿੰਡ ਨਵਾਂ ਪਿੰਡ ਚੱਕ ਨੰਬਰ 78 ਜਾ ਵਸੇ ਸਨ ਪਰ ਕੁਝ ਘਰ ਅਜੇ ਏਥੇ ਰਹਿੰਦੇ ਸਨ ਜੋ ਸਾਡੀ ਪੁਰਾਣੀ ਜ਼ਮੀਨ ਠੇਕੇ ਤੇ ਲੈ ਲੈਂਦੇ ਸਨ। ਇੰਜ ਦੋ ਕੁ ਹਫਤਿਆਂ ਦਾ ਗੇੜਾ ਕਢ ਕੇ ਅਸੀਂ ਫਿਰ ਵਾਪਸ ਆਪਣੇ ਪਿੰਡ ਆ ਜਾਂਦੇ। ਇਕ ਵਾਰ ਬਾਪੂ ਵਾਹੀ ਵਿਚ ਜ਼ਿਆਦਾ ਰੁੱਝਾ ਹੋਣ ਕਰ ਕੇ ਅਮ੍ਰਿਤਸਰ ਦੀ ਦੀਵਾਲੀ ਤੇ ਸਾਡੇ ਨਾਲ ਨਾ ਜਾ ਸਕਿਆ। ਸ਼ਾਇਦ ਇਹ 1946 ਦੀ ਦੀਵਾਲੀ ਸੀ। ਬਾਪੂ ਮਾਂ ਨੂੰ ਕਹਿਣ ਲਗਾ ਕਿ ਹੁਣ ਤੇਰਾ ਮੁੰਡਾ ਸਿਆਣਾ ਹੋ ਗਿਆ ਏ। ਤੁਸੀਂ ਦੋਵੇਂ ਮਾਂ ਪੁਤ ਚਲੇ ਜਾਓ। ਮੈਂ ਓਦੋਂ ਗਿਆਰਾਂ ਬਾਰਾਂ ਸਾਲਾਂ ਦੇ ਵਿਚ੍ਹਕਾਰ ਹੋਵਾਂਗਾ। ਅਸੀਂ ਚਲੇ ਤਾਂ ਗਏ ਪਰ ਜੋ ਮਜ਼ਾ ਬਾਪੂ ਨਾਲ ਮੇਲਿਆਂ ਤੇ ਜਾਣ ਦਾ ਆਉਂਦਾ ਸੀ, ਉਹ ਮਾਂ ਨਾਲ ਜਾ ਕੇ ਨਹੀਂ ਸੀ। ਮੈਂ ਜੋ ਮੰਗਦਾ ਬਾਪੂ ਉਹ ਲੈ ਕੇ ਦੇ ਦੇਂਦਾ ਪਰ ਮਾਂ ਕੁਝ ਲੈ ਕੇ ਨਾ ਦੇਂਦੀ। ਮਾਂ ਹਰ ਵੇਲੇ ਘਬਰਾਈ ਹੋਈ ਰਹਿੰਦੀ। ਦੀਵਾਲੀ ਤੇ ਸਵੇਰੇ ਸਵੇਰੇ ਥੋੜ੍ਹੀ ਥੋੜ੍ਹੀ ਠੰਡ ਹੋ ਜਾਂਦੀ ਸੀ। ਮਾਂ ਮੈਨੂੰ ਅਖਾਂ ਮਲਦੇ ਨੂੰ ਗੁਰੂ ਰਾਮਦਾਸ ਸਰਾਂ ਚੋਂ ਉਠਾ ਕੇ ਜਦ ਅਜੇ ਦਿਨ ਵੀ ਨਹੀਂ ਚੜ੍ਹਿਆ ਸੀ, ਅਸ਼ਨਾਨ ਕਰਨ ਲਈ ਦੁਖ ਭੰਜਨੀ ਬੇਰੀ ਲਾਗੇ ਬਣੇ ਜਨਾਨੀਆਂ ਦੇ ਬੁੰਗੇ ਵਿਚ ਲੈ ਵੜੀ ਤੇ ਦਬਾ ਦਬ ਕਪੜੇ ਲਾਹ ਕੇ ਤਲਾ ਵਿਚ ਵੜ ਗਈ ਤੇ ਮੈਨੂੰ ਆਪਣੇ ਕਪੜਿਆਂ ਕੋਲ ਖੜ੍ਹਾ ਕਰ ਦਿਤਾ। ਇਕ ਦਮ ਹੀ ਕਈ ਅਰਧ ਵਸਤਰ ਜ਼ਨਾਨੀਆਂ ਮੇਰੀ ਮਾਂ ਦੇ ਗਲ ਪੈ ਗਈਆਂ ਤੇ ਉਚੀ ਉਚੀ ਕਹਿਣ ਲਗੀਆਂ, "ਨੀ ਭੈਣੇ ਤੇਰਾ ਮੁੰਡਾ ਹੁਣ ਸਿਆਣਾ ਹੋ ਗਿਆ ਆ। ਇਹਨੂੰ ਬਾਹਰ ਖਲੋਣ ਲਈ ਕਹੁ" ਤੇ ਮਾਂ ਨੇ ਮੈਨੂੰ ਦੁਖ ਭੰਜਨੀ ਬੇਰੀ ਹੇਠਾਂ ਖਲੋਣ ਲਈ ਕਹਿ ਤੇ ਕਿਤੇ ਗੁੰਮ ਨਾ ਹੋਣ ਦੀ ਚਿਤਾਵਨੀ ਦੇ ਕੇ ਪੌਣੇ ਵਿਚੋਂ ਇਕ ਦਮ ਬਾਹਰ ਕਢ ਦਿਤਾ। ਭਾਵੇਂ ਉਹ ਅਸ਼ਨਾਨ ਕਰ ਤੇ ਜਲਦੀ ਕਪੜੇ ਪਾ ਕੇ ਬਾਹਰ ਆ ਗਈ ਪਰ ਮੈਨੂੰ ਪੌਣੇ ਵਿਚੋਂ ਬਾਹਰ ਕਿਉਂ ਕਢ ਦਿਤਾ ਗਿਆ ਸੀ। ਪੌਣੇ ਦੇ ਅੰਦਰ ਕੀ ਸੀ? ਇਹ ਫਰਕ ਦਾ ਪਤਾ ਮੈਨੂੰ ਉਸ ਦਿਨ ਤੋਂ ਬਾਅਦ ਹੀ ਲੱਗਾ।

## ਮਿੱਟੀ ਦਾ ਤੇਲ

ਇਹ ਘਟਨਾ 1946 ਦੀ ਹੈ। ਬਾਪੂ, ਮਾਂ ਅਤੇ ਮੈਂ ਤੀਰਥ ਅਸਥਾਨਾਂ ਦੀ ਯਾਤਰਾ ਕਰ ਕੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਤੇ ਬੈਠੇ ਲਾਹੌਰ ਜਾਣ ਵਾਲੀ ਗੱਡੀ ਦਾ ਇੰਤਜ਼ਾਰ ਕਰ ਰਹੇ ਸਾਂ। ਮੈਂ ਪਲੇਟਫਾਰਮ ਤੇ ਪਈਆਂ ਗੀਟੀਆਂ ਨਾਲ

ਖੇਡ ਰਿਹਾ ਸਾਂ। ਬਾਪੂ ਮਾਂ ਨਾਲ ਵਿਚਾਰ ਕਰ ਰਿਹਾ ਸੀ ਕਿ ਲਾਹੌਰ ਵਡੇ ਸਟੇਸ਼ਨ ਤੇ ਉਤਰ ਕੇ ਨੌ-ਲਖਾ ਬਾਜ਼ਾਰ ਵਿਚ ਪੈਂਦੇ ਸ਼ਹੀਦਗੰਜ ਗੁਰਦਵਾਰੇ ਜਿਸ ਵਿਚ ਇਕ ਬਹੁਤ ਵਡਾ ਖੂਹ ਸੀ ਤੇ ਹਜ਼ਾਰਾਂ ਸਿੰਘਾਂ, ਸਿੰਘਣੀਆਂ ਅਤੇ ਬੱਚਿਆਂ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਕਈਆਂ ਨੂੰ ਜ਼ਿੰਦਾ ਉਸ ਖੂਹ ਵਿਚ ਸੁਟ ਦਿਤਾ ਗਿਆ ਸੀ, ਦੇ ਦਰਸ਼ਨ ਵੀ ਕਰ ਚਲੀਏ ਤੇ ਗੁਰਦਵਾਰਾ ਡੇਰਾ ਸਾਹਿਬ ਜਿਥੇ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਤਿਾ ਗਿਆ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਵੀ ਮਥਾ ਟੇਕ ਚੱਲੀਏ ਜਾਂ ਲਾਹੌਰੋਂ ਲਾਇਲਪੁਰ ਨੂੰ ਜਾਣ ਵਾਲੀ ਮਾੜੀ ਇੰਡਸ ਗੱਡੀ ਫੜ ਕੇ ਮੰਡੀ ਢਾਬਾਂ ਸਿੰਘ ਦੇ ਸਟੇਸ਼ਨ ਤੇ ਉੱਤਰ ਕੇ ਸਿੱਧੇ ਪਿੰਡ ਪਹੁੰਚ ਜਾਈਏ। ਅਜੇ ਇਹ ਸਲਾਹਾਂ ਹੋ ਹੀ ਰਹੀਆਂ ਸਨ ਕਿ ਇਕ ਅਪ ਟੂ ਡੇਟ ਸਰਦਾਰ ਜਿਸ ਨਾਲ ਉਹਦੀ ਘਰਵਾਲੀ ਵੀ ਸੀ। ਉਨ੍ਹਾਂ ਦੇ ਹਥਾਂ ਵਿਚ ਫਲਾਂ ਦੀ ਟੋਕਰੀ ਅਤੇ ਝੋਲੇ ਸਨ, ਮੇਰੇ ਬਾਪੂ ਨੂੰ ਆਖਣ ਲੱਗਾ ਕਿ ਮੇਰੀ ਜੇਬ ਕੱਟੀ ਗਈ ਆ ਤੇ ਅਸੀਂ ਲਾਇਲਪੁਰ ਜਾਣਾ ਏ। ਸਾਡੇ ਕੋਲ ਕਿਰਾਏ ਲਈ ਪੈਸੇ ਨਹੀਂ ਹਨ। ਸਾਡੇ ਕੋਲੋਂ ਇਹ ਫਲ ਲੈ ਲਵੋ ਤੇ ਸਾਨੂੰ ਕੁਝ ਪੈਸੇ ਦੇ ਦਿਓ। ਅਸੀਂ ਲਾਇਲਪੁਰ ਦੀਆਂ ਟਿਕਟਾਂ ਖਰੀਦ ਲਈਏ। ਬਾਪੂ ਨੇ ਓਸ ਨੂੰ ਕੋਈ ਠੱਗ ਸਮਝ ਪੈਸੇ ਦੇਣੋ ਨਾਂਹ ਕਰ ਦਿਤੀ। ਇਸ ਗੱਲ ਦਾ ਮੇਰੇ ਬਾਲ ਮਨ ਤੇ ਕਾਫੀ ਅਸਰ ਹੋਇਆ ਅਤੇ ਮੈਂ ਲੰਮਾ ਸਮਾਂ ਇਸ ਘਟਨਾ ਨੂੰ ਭੁਲ ਨਾ ਸਕਿਆ। ਮੇਰੇ ਖਿਆਲ ਅਨੁਸਾਰ ਉਹ ਬੰਦਾ ਠੱਗ ਨਹੀਂ ਸੀ ਤੇ ਵਾਕਿਆ ਈ ਉਹਦੀ ਜੇਬ ਕੱਟੀ ਗਈ ਹੋਣੀ ਆ। ਬਾਪੂ ਨੂੰ ਓਸ ਨੂੰ ਕਿਰਾਏ ਲਈ ਮੰਗੇ ਪੈਸੇ ਜ਼ਰੂਰ ਦੇ ਦੇਣੇ ਚਾਹੀਦੇ ਸਨ। ਜੀਵਨ ਵਿਚ ਮੈਂ ਜੋ ਪਹਿਲੀ ਕਹਾਣੀ "ਠੀਕ ਓਵੇਂ ਹੀ" ਲਿਖੀ ਤੇ ਦਸੰਬਰ 1950 ਵਿਚ ਅਮਰ ਕਹਾਣੀਆਂ ਵਿਚ ਛਪੀ, ਦਾ ਸਬੰਧ ਇਸ ਘਟਨਾ ਨਾਲ ਹੀ ਸੀ।

ਹਾਂ ਤਾਂ ਦੂਸਰੀ ਸੰਸਾਰ ਜੰਗ ਤੋਂ ਬਾਅਦ ਮਿੱਟੀ ਦੇ ਤੇਲ ਦੀ ਬੜੀ ਕਿੱਲਤ ਸੀ। ਵੈਸੇ ਤਾਂ ਹਿੰਦੋਸਤਾਨ ਵਿਚ ਮਿੱਟੀ ਦੇ ਤੇਲ ਦੀ ਕਿੱਲਤ ਸਦਾ ਹੀ ਰਹੀ ਹੈ। ਜਦੋਂ ਮਿੱਟੀ ਦਾ ਤੇਲ ਇਜਾਦ ਨਹੀਂ ਸੀ ਹੋਇਆ ਤੇ ਬਿਜਲੀ ਵੀ ਨਹੀਂ ਸੀ ਆਈ। ਅਕਸਰ ਲੋਕ ਰਾਤ ਪੈਣ ਤੋਂ ਪਹਿਲਾਂ ਖਾ ਪੀ ਕੇ ਸੌਂ ਜਾਂਦੇ ਅਤੇ ਸਵੇਰੇ ਸੂਰਜ ਦੀ ਲੋਅ ਨਾਲ ਉਠ ਖਲੋਂਦੇ। ਵਾਰਸ ਸ਼ਾਹ ਨੇ ਆਪਣੇ ਹੀਰ ਦੇ ਮਸ਼ਹੂਰ ਕਿੱਸੇ ਵਿਚ ਏਸੇ ਲਈ ਲਿਖਿਆ ਸੀ ਕਿ "ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ, ਪਈਆਂ ਦੁਧ ਦੇ ਵਿਚ ਮਧਾਣੀਆਂ ਨੇ।" ਚਾਨਣ ਲਈ ਮੋਮ ਬੱਤੀਆਂ ਜਾਂ ਸਰ੍ਹੋਂ ਦੇ ਤੇਲ ਦਾ ਦੀਵਾ ਬਾਲਿਆ ਜਾਂਦਾ ਜਿਸ ਵਿਚ ਰੂੰ ਦੀਆਂ ਵੱਟੀਆਂ ਵੱਟ ਕੇ ਪਾਈਆਂ ਜਾਂਦੀਆਂ। ਤੇਜ਼ ਹਵਾ ਚਲਦੀ ਤਾਂ ਇਹ ਦੀਵਾ ਅਕਸਰ ਬੁਝ ਜਾਂਦਾ। ਗਾਣਾ "ਬੱਤੀ ਬਾਲ ਕੇ ਬਨੇਰੇ ਉਤੇ ਰੱਖਦੀ ਹਾਂ, ਕਿਤੇ ਭੁੱਲ ਨਾ ਜਾਵੇ ਚੰਨ ਮੇਰਾ" ਇਹਨਾਂ ਦੀਵਿਆਂ ਦੀ ਉਪਜ ਹੀ ਹੈ। ਸਿਆਲਾਂ ਦੀਆਂ ਰਾਤਾਂ ਨੂੰ ਘਰ ਅੰਦਰ ਬਣੀ ਦੀਵੇ ਵਾਲੀ ਥਾਂ ਦੀਵੇ ਦੀ ਲਾਟ ਨਾਲ ਕਾਲੀ ਹੋਈ ਹੁੰਦੀ। ਕਈ ਵਾਰ ਸਵੇਰੇ ਨੱਕ ਸੁਣਕਦਿਆਂ ਨੱਕ ਵਿਚੋਂ ਕਾਲਖ ਨਿਕਲਦੀ। ਕਈ ਵਾਰ ਕਿਸੇ ਖਾਸ ਖੁਸ਼ੀ ਦੇ ਮੌਕੇ ਤੇ ਘਿਓ ਦੇ ਦੀਵੇ ਵੀ ਬਾਲੇ ਜਾਂਦੇ। ਜਦੋਂ ਰਾਸਧਾਰੀਏ ਪਿੰਡ ਵਿਚ ਰਾਸ ਪਾਉਣ ਆਉਂਦੇ ਤਾਂ ਵੜੇਵਿਆਂ ਵਿਚ ਤੇਲ ਪਾ ਕੇ ਮਿਸ਼ਾਲਾਂ ਜਗਾਈਆਂ ਜਾਂਦੀਆਂ ਜੋ ਨਚਾਰਾਂ ਦੇ ਚਿਹਰਿਆਂ ਲਾਗੇ ਲਿਜਾ ਕੇ ਉਹਨਾਂ ਦੇ ਚੋਪੜੇ ਮੁਖੜਿਆਂ ਨੂੰ ਹੋਰ ਉਤੇਜਿਤ ਕਰਦੀਆਂ। ਰਾਸ ਪੈਣ ਵੇਲੇ ਜੋ ਉਸ ਵੇਲੇ ਦੇ ਨਾਟਕ ਹੀ ਸਨ, ਕੁੜੀ ਦਾ ਰੋਲ ਮੁੰਡੇ ਹੀ ਕਰਦੇ ਸਨ ਪਰ ਮੁੰਡਿਆਂ ਨੇ ਵਹੁਟੀਆਂ ਵਾਲੇ ਕਪੜੇ ਪਾਏ ਹੁੰਦੇ ਜੋ ਸ਼ਰਾਬੀ ਦਰਸ਼ਕਾਂ ਨੂੰ ਪਹਿਲਾਂ ਮੁੰਡਿਆਂ ਤੋਂ ਬਣੀਆਂ ਕੁੜੀਆਂ ਕੂਲੇ ਕੂਲੇ ਮੁੰਡੇ ਲਗਦੀਆਂ ਪਰ ਪਿਛੋਂ ਦਾਰੂ ਦੀ ਲੋਰ ਵਿਚ ਆ ਕੇ ਉਹਨਾਂ ਨੂੰ ਉਹ ਮੁੰਡੇ ਕੁੜੀਆਂ ਲਗਣ ਲਗ ਪੈਂਦੀਆਂ ਤੇ ਉਹਨਾਂ ਦੇ ਸਿਰਾਂ ਤੇ ਅਠਿਆਨੀ ਜਾਂ ਰੁਪਈਏ ਦੀ ਵੇਲ ਕਰਾਈ ਜਾਂਦੀ। ਵੇਲਾਂ ਵਧ ਚੜ੍ਹ ਕੇ ਹੁੰਦੀਆਂ ਤੇ ਓਨਾ ਚਿਰ ਨਾਟਕ ਅਗੇ ਨਾ ਤੁਰਦਾ। ਕਈ ਵਾਰ ਇਸ ਮੌਕੇ ਡਾਂਗਾਂ, ਖੂੰਡੇ ਅਤੇ ਤਲਵਾਰਾਂ ਵੀ ਚੱਲ ਪੈਂਦੀਆਂ। ਖੂਨ ਖਰਾਬੇ ਹੋ ਜਾਂਦੇ ਜਿਸ ਕਰ ਕੇ ਸਾਡੇ ਪਿੰਡ ਦੀ ਪੰਚਾਇਤ ਨੇ ਫੈਸਲਾ ਕੀਤਾ ਕਿ ਅਗੇ ਤੋਂ ਜਦੋਂ ਵੀ ਰਾਸਧਾਰੀਏ ਰਾਸ ਪਾਉਣ ਲਈ ਆਇਆ ਕਰਨਗੇ, ਉਹਨਾਂ ਨੂੰ ਪਿੰਡ ਤੋਂ ਬਾਹਰ ਰੋੜਾਂ ਵਾਲੇ ਮੈਦਾਨ ਵਿਚ ਰਾਸ ਪਾਉਣ ਦਿਤੀ ਜਾਵੇਗੀ ਨਾ ਕਿ ਪਿੰਡ ਦੇ ਵਿਚੁਕਾਰ ਜਿਥੇ ਲੋਕਾਂ ਤੇ ਪਰ੍ਹੇ ਦੇ ਬੈਠਣ ਲਈ ਤਖਤਪੋਸ਼ ਪਏ ਹੁੰਦੇ ਸਨ।

ਗਰਮੀਆਂ ਵਿਚ ਜਦੋਂ ਪਕੇ ਡਲੇ ਦਾ ਮੇਲਾ ਲਗਦਾ ਤਾਂ ਨੂੰ ਨਿੱਕੀ ਨਹਿਰ ਦੇ ਕੰਢੇ ਤੀਆਂ ਵੀ ਲਗਦੀਆਂ। ਘੋਲ, ਕੁਸ਼ਤੀਆਂ ਤੇ ਕੌਡੀ ਵੀ ਪੈਂਦੀ। ਵੀਣੀਆਂ ਫੜਨ ਦੇ ਮੁਕਾਬਲੇ ਵੀ ਹੁੰਦੇ। ਜਵਾਨ ਤੇਲ ਮਲਦੇ, ਬੈਠਕਾਂ ਕਢਦੇ, ਡੰਡ ਪੇਲਦੇ, ਵਰਜ਼ਸ਼ਾਂ ਕਰਦੇ ਤੇ ਗਰਮ ਗਰਮ ਪਕੌੜੇ, ਲੱਡੂ, ਜਲੇਬੀਆਂ, ਫਲੂਦਾ, ਬਰਫ ਦੇ ਗੋਲੇ, ਹਦਵਾਣੇ ਤੇ ਹੋਰ ਕਈ ਕੁਝ ਖਾਣ ਦੀਆਂ ਦੁਕਾਨਾਂ ਲਗਦੀਆਂ। ਏਥੇ ਪੱਕੇ ਡੱਲੇ ਦੇ ਜੰਗਲ ਵਿਚ ਨਿੱਕੀ ਨਹਿਰ ਦੇ ਪੁਲ ਤੋਂ ਧੁੱਪਸੜੀ ਜਾਣ ਵਾਲੇ ਪਹੇ ਦੇ ਮੁਢ ਵਿਚ ਪੀਰਾਂ ਫਕੀਰਾਂ ਦੇ ਡੇਰੇ ਸਨ ਜਿਥੇ ਹਰੇ ਚੋਗਿਆਂ ਵਾਲੇ ਪੀਰ ਫਕੀਰ ਗਲਾਂ ਵਿਚ ਮੋਟੇ ਮੋਟੇ ਮਣਕਿਆਂ ਦੀਆ ਮਾਲਾਂ ਪਾ ਕੇ ਰਖਦੇ ਅਤੇ ਚਿਲਮਾਂ ਦੇ ਸੂਟੇ ਲਾਉਂਦੇ। ਉਹਨਾਂ ਦੇ ਵਾਲ ਪਿੱਛਾਂ ਨੂੰ ਸੁਟੇ ਹੁੰਦੇ ਤੇ ਹਾਲ ਖੇਡੇ ਜਾਂਦੇ, ਕਵਾਲਾਂ ਦੀਆਂ ਟੋਲੀਆਂ ਦੇ ਕਵਾਲੀਆਂ ਗਾਣ ਦੇ ਮੁਕਾਬਲੇ ਹੁੰਦੇ।

ਗੱਲ ਚੱਲ ਰਹੀ ਸੀ ਕਿ ਸਾਨੂੰ ਸਕੂਲ ਦੀ ਪੜ੍ਹਾਈ ਕਰਨ ਲਈ ਰਾਤ ਨੂੰ ਲਾਲਟੈਨ ਜਾਂ ਮਿੱਟੀ ਦੇ ਤੇਲ ਦਾ ਛੋਟਾ ਦੀਵਾ ਜਗਾਉਣ ਲਈ ਮਿੱਟੀ ਦੇ ਤੇਲ ਦੀ ਲੋੜ ਪੈਂਦੀ ਸੀ। ਤੇਲ ਦਾ ਰਾਸ਼ਨ ਸੀ ਅਤੇ ਇਸਦੀ ਮਨਜ਼ੂਰੀ ਤਹਿਸੀਲਦਾਰ ਨੂੰ ਅਰਜ਼ੀ ਦੇ ਕੇ ਇਕ ਬੋਤਲ ਮਿਲਦੀ ਹੁੰਦੀ ਸੀ। ਤਹਿਸੀਲਦਾਰ ਦਾ ਦਫਤਰ ਸ਼ੇਖੂਪੁਰੇ ਸੀ ਜੋ ਸਾਡੇ ਪਿੰਡ ਨੂੰ ਲਗਦੇ ਰੇਲਵੇ ਸਟੇਸ਼ਨ

ਮੰਡੀ ਢਾਬਾਂ ਸਿੰਘ ਤੋਂ ਲਾਹੌਰ ਨੂੰ ਜਾਣ ਵਾਲੀ ਲਾਈਨ ਤੇ ਪੰਜਵਾਂ ਸਟੇਸ਼ਨ ਸੀ। ਮੈਂ ਓਦੋਂ ਸੱਤਵੀਂ ਵਿਚ ਪੜ੍ਹਦਾ ਸਾਂ ਜਦੋਂ ਮੈਂ, ਪਟਵਾਰੀਆਂ ਦਾ ਚੰਨੀ, ਰੇਲਵੇ ਸਟੇਸ਼ਨ ਤੇ ਕੰਮ ਕਰਦੇ ਬਾਬੂ ਦਾ ਮੁੰਡਾ ਸਤੀਸ਼, ਮਾਸਟਰ ਜਗਤ ਸਿੰਘ ਦਾ ਮੁੰਡਾ ਜੀਤ, ਉੱਜਲ, ਦੀਪਾ ਢਾਡੀ, ਮੁਖਾ ਤੇ ਕੁਝ ਹੋਰ ਹਾਣੀ ਉਰਦੂ ਵਿਚ ਮਿੱਟੀ ਦੇ ਤੇਲ ਦੀ ਬੋਤਲ ਲੈਣ ਲਈ ਦਰਖਾਸਤ ਲਿਖ ਕੇ ਬਿਨ ਟਿਕਟੇ ਗਡੀ ਚੜ੍ਹ ਕੇ ਸ਼ੇਖੂਪਰੇ ਜਾ ਉਤਰਦੇ ਅਤੇ ਸਟੇਸ਼ਨ ਤੋਂ ਭੱਜ ਕੇ ਜਾ ਕੇ ਤਹਿਸੀਲਦਾਰ ਦੇ ਪੇਸ਼ ਹੋ ਜਾਂਦੇ। ਸਟੂਡੰਟ ਹੋਣ ਕਰ ਕੇ ਸਾਨੂੰ ਮਿੱਟੀ ਦੇ ਤੇਲ ਦੀ ਇਕ ਇਕ ਬੋਤਲ ਦੇਣ ਦਾ ਹੁਕਮ ਅਰਜ਼ੀ ਉਤੇ ਹੋ ਜਾਂਦਾ। ਫਿਰ ਇਹ ਅਰਜ਼ੀ ਲੈ ਕੇ ਅਸੀਂ ਭੱਜ ਕੇ ਤੇਲ ਵਾਲੇ ਡੀਪੋ ਤੋਂ ਤੇਲ ਦੀ ਬੋਤਲ ਭਰਵਾ ਕੇ ਵਾਪਸ ਜਾਣ ਵਾਲੀ ਗਡੀ ਫੜਨ ਲਈ ਸਟੇਸ਼ਨ ਤੇ ਆ ਜਾਂਦੇ। ਜ਼ਿਆਦਾ ਭੱਜ ਨੱਠ ਇਸ ਲਈ ਹੁੰਦੀ ਕਿ ਵਾਪਸ ਜਾਣ ਵਾਲੀ ਗਡੀ ਲੰਘ ਨਾ ਜਾਵੇ। ਕਈ ਵਾਰ ਗਡੀ ਲੰਘ ਵੀ ਜਾਂਦੀ ਤੇ ਅਗਲੀ ਗਡੀ ਛੇ ਘੰਟਿਆਂ ਬਾਅਦ ਰਾਤ ਨੂੰ ਆਉਂਦੀ ਸੀ ਤੇ ਇਹ ਸਾਰਾ ਵਕਤ ਸਟੇਸ਼ਨ ਤੇ ਗੁਜ਼ਾਰਨਾ ਪੈਂਦਾ ਸੀ। ਭਾਵੇਂ ਬੋਤਲ ਨੂੰ ਮੱਕੀ ਦੇ ਤੁੱਕੇ ਦਾ ਗੁੱਲ ਫਸਾ ਕੇ ਬੰਦ ਵੀ ਕੀਤਾ ਹੁੰਦਾ ਪਰ ਇਸ ਦੌੜ ਭਜ ਵਿਚ ਕਈ ਵਾਰ ਬੋਤਲ ਵਿਚੋਂ ਕਿੰਨਾ ਸਾਰਾ ਤੇਲ ਡੁਲ੍ਹ ਵੀ ਜਾਂਦਾ। ਪਟਵਾਰੀਆਂ ਦੀ ਬੈਠਕ ਵਿਚ ਜਿਥੇ ਅਸੀਂ ਰਾਤ ਨੂੰ ਪੜ੍ਹਦੇ ਤੇ ਮੰਜੇ ਬਿਸਤਰੇ ਵੀ ਓਥੇ ਲਾਏ ਹੁੰਦੇ, ਇਕ ਦੂਜੇ ਦਾ ਤੇਲ ਚੋਰੀ ਵੀ ਹੋ ਜਾਂਦਾ। ਲਾਲਟੈਨ ਦੀ ਬੱਤੀ ਉਚੀ ਨੀਵੀਂ ਕਰਨੀ ਜਾਂ ਚਿਮਨੀ ਸਾਫ ਕਰਨ ਦਾ ਕੰਮ ਵੀ ਵੰਡਿਆ ਹੁੰਦਾ ਸੀ। ਕਈ ਵਾਰ ਜਦ ਤੇਲ ਮੁਕ ਜਾਂਦਾ ਤਾਂ ਚੰਦ ਜਾਂ ਤਾਰਿਆਂ ਦੀ ਲੋਅ ਵਿਚ ਵੀ ਪੜ੍ਹਾਈ ਕਰਦੇ। ਅਜ ਦੇ ਅਤੇ ਓਸ ਵੇਲੇ ਦੇ ਸਮੇਂ ਵਿਚ ਕਿੰਨਾ ਫਰਕ ਸੀ। ਹੁਣ ਤਾਂ ਪਿੰਡਾਂ ਵਿਚ ਵੀ ਬਿਜਲੀ ਦੇ ਲਾਟੂ ਜਗ ਪਏ ਹਨ ਪਰ ਉਹਨਾਂ ਸਮਿਆਂ ਦੇ ਗਵਾਚੇ ਨਕਸ਼ ਜੋ ਹਨੇਰਿਆਂ ਵਿਚ ਵੀ ਦਿਸਦੇ ਸਨ, ਹੁਣ ਦੇ ਯੁਗ ਵਿਚ ਐਨੇ ਗਵਾਚ ਗਏ ਹਨ ਕਿ ਬਿਜਲੀ ਦੀ ਤੇਜ਼ ਰੋਸ਼ਨੀ ਵਿਚ ਵੀ ਨਹੀਂ ਦਿਸਦੇ।

ਹਾਂ ਅਜੇ ਬਾਰ ਵਾਲੇ ਨਵੇਂ ਪਿੰਡ ਚੱਕ ਨੰਬਰ 78 ਨੂੰ ਛਡਣ ਦੀ ਗੱਲ ਚੱਲ ਰਹੀ ਸੀ ਪਰ ਹਾਲੇ ਤਕ ਪਾਕਿਸਤਾਨ ਬਨਣ ਦਾ ਐਲਾਨ ਨਹੀਂ ਸੀ ਹੋਇਆ। ਜਿੰਨਾ ਚਿਰ ਐਲਾਨ ਨਹੀਂ ਸੀ ਹੁੰਦਾ, ਓਨਾ ਚਿਰ ਤਕ ਇਹ ਪਤਾ ਨਹੀਂ ਚਲ ਸਕਦਾ ਸੀ ਕਿ ਸਾਡਾ ਪਿੰਡ ਕਿਸ ਪਾਸੇ ਵਲ ਜਾ ਰਿਹਾ ਹੈ। ਨਨਕਾਣਾ ਸਾਹਿਬ ਗੁਰਦਵਾਰਾ ਜ਼ਿਲਾ ਸ਼ੇਖੂਪੁਰਾ ਵਿਚ ਹੋਣ ਕਰ ਕੇ ਬਹੁਤਿਆਂ ਦਾ ਖਿਆਲ ਸੀ ਇਹ ਜ਼ਿਲਾ ਪਾਕਿਸਤਾਨ ਵਿਚ ਨਹੀਂ ਜਾਵੇਗਾ। ਹੈਡਮਾਸਟਰ ਹਰਨਾਮ ਸਿੰਘ ਦੀ ਬੈਠਕ ਅਗੇ ਬਣੇ ਥੜ੍ਹੇ ਤੇ ਸ਼ਾਮੀਂ ਜਦੋਂ ਲਾਹੌਰ ਤੋਂ ਖਬਰਾਂ ਆਉਂਦੀਆਂ ਤਾਂ ਉਹ ਜ਼ਿਆਦਾ ਵਢ ਟੁਕ, ਛੁਰੇਬਾਜ਼ੀ ਅਤੇ ਅਗਾਂ ਲੱਗਣ ਦੀਆਂ ਹੀ ਹੁੰਦੀਆਂ ਸਨ। ਆਖਰ 14 ਅਗਸਤ, 1947 ਦੀ ਰਾਤ ਨੂੰ ਹਿੰਦੋਸਤਾਨ ਨੂੰ ਵੰਡ ਕੇ ਆਜ਼ਾਦ ਕਰਨ ਦਾ ਐਲਾਨ ਕਰ ਦਿਤਾ ਗਿਆ। ਸਾਡਾ ਜ਼ਿਲਾ ਸ਼ੇਖੂਪੁਰਾ ਤਾਂ ਕੀ, ਲਾਹੌਰ ਦਾ ਜ਼ਿਲਾ ਵੀ ਪਾਕਿਸਤਾਨ ਵਿਚ ਆ ਗਿਆ ਸੀ। ਰਾਵੀ ਅਤੇ ਸਤਲੁਜ ਦਰਿਆਵਾਂ ਨੂੰ ਕਿਸੇ ਹਦ ਤਕ ਕੁਦਰਤੀ ਹੱਦਾਂ ਮੰਨ ਲਿਆ ਗਿਆ ਸੀ। ਸਾਰੇ ਪਿੰਡ ਦੇ ਲੋਕਾਂ ਦੇ ਸਿਰਾਂ ਉਤੇ ਸੌ ਘੜਾ ਪਾਣੀ ਦਾ ਪੈ ਗਿਆ ਸੀ। ਇਹ ਪਿੰਡ ਛਡ ਕੇ ਚਲੇ ਜਾਣਾ ਹੈ ਜਾਂ ਇਥੇ ਰਹਿਣਾ ਹੈ, ਕਿਸੇ ਨੂੰ ਕੋਈ ਪਤਾ ਨਹੀਂ ਲਗ ਰਿਹਾ ਸੀ। ਲੁਟ ਖੋਹ ਤੇ ਕਤਲੋ ਗਾਰਤ ਦੀਆਂ ਵਾਰਦਾਤਾਂ ਵਿਚ ਵਾਧਾ ਹੋਣ ਲਗ ਪਿਆ ਸੀ। ਲਾਗਲੇ ਪਿੰਡਾਂ ਦੇ ਲੋਕ ਉਠਣੇ ਸ਼ੁਰੂ ਹੋ ਗਏ ਸਨ ਅਤੇ ਗਡਿਆਂ ਦੇ ਕਾਫਲੇ ਬਣਾ ਕੇ ਕੁਝ ਬਣੇ ਕੈਂਪਾਂ ਵੱਲ ਜਾ ਰਹੇ ਸਨ ਅਤੇ ਕਈ ਹਿੰਦੋਸਤਾਨ ਦੀ ਹਦ ਵਲ ਵਧ ਰਹੇ ਸਨ। ਇਹਨਾਂ ਕਾਫਲਿਆਂ ਨੂੰ ਰਸਤੇ ਵਿਚ ਧਾੜਵੀ ਲੁੱਟ ਅਤੇ ਮਾਰ ਵੀ ਰਹੇ ਸਨ । ਔਰਤਾਂ ਵੀ ਖੋਹੀਆਂ ਜਾ ਰਹੀਆਂ ਸਨ।

ਅਗਸੱਤ ਦਾ ਸਾਰਾ ਮਹੀਨਾ ਬੀਤ ਚਲਿਆ ਸੀ। ਪਿੰਡ ਅਜੇ ਤਕ ਇਹ ਫੈਸਲਾ ਨਹੀਂ ਕਰ ਸਕਿਆ ਸੀ ਕਿ ਹੁਣ ਕੀ ਕਰਨਾ ਹੈ? ਏਥੇ ਰਹਿਣਾ ਹੈ ਜਾਂ ਇਹ ਪਿੰਡ ਛਡ ਕੇ ਚਲੇ ਜਾਣਾ ਹੈ। ਵਢ ਟੁੱਕ ਦੀਆਂ ਖਬਰਾਂ ਤੇਜ਼ ਹੋ ਗਈਆਂ ਸਨ। ਸਾਲਮ ਸਿੱਖਾਂ ਦੇ ਪਿੰਡਾਂ ਤੇ ਬਲਵੇ ਹੋਣ ਤੇ ਅਗ ਲਾਉਣ ਦੀਆਂ ਵਾਰਦਾਤਾਂ ਵਿਚ ਵਾਧੇ ਹੋਣ ਲਗ ਪਏ ਸਨ। ਪੀਤੂ ਲੁਹਾਰ ਦੀ ਭਠੀ ਤੇ ਰੋਜ਼ ਕਿਰਪਾਨਾਂ ਬਨਣ ਵਿਚ ਵਾਧਾ ਹੋ ਰਿਹਾ ਸੀ। ਮੈਂ ਵੀ ਆਪਣਾ ਕਮਾਨੀ ਵਾਲਾ ਚਾਕੂ ਜੋ ਮੈਨੂੰ ਬਾਪੂ ਨੇ ਪਿਸ਼ੌਰ ਤੋਂ ਲੈ ਕੇ ਦਿਤਾ ਸੀ, ਸਾਣ ਤੇ ਲੁਆ ਕੇ ਤਿਖਾ ਕਰ ਲਿਆ ਸੀ ਤੇ ਹਰ ਵੇਲੇ ਕੋਲ ਰਖਦਾ ਸਾਂ। ਰਾਤ ਨੂੰ ਗਰਮੀ ਹੋਣ ਦੇ ਬਾਵਜੂਦ ਪਿੰਡ ਦੇ ਬਾਕੀ ਲੋਕਾਂ ਵਾਂਗ ਦੋ ਦੋ ਝਗੇ ਪਾ ਕੇ ਸੌਂਦਾ ਕਿ ਪਤਾ ਨਹੀਂ ਕਿਹੜੇ ਵੇਲੇ ਭਜਣਾ ਪੈ ਜਾਣਾ ਹੈ।

ਮੰਡੀ ਢਾਬਾਂ ਸਿੰਘ ਦੇ ਪਰਲੇ ਪਾਰ ਮਜ਼੍ਹਬੀ ਸਿੱਖ ਸਰਦਾਰਾਂ ਦੇ ਸੱਤ ਪਿੰਡ ਸਨ ਜੋ ਉਹਨਾਂ ਨੂੰ ਪਹਿਲੇ ਸੰਸਾਰ ਯੁਧ ਵਿਚ ਵਿਖਾਈ ਬਹਾਦਰੀ ਸਦਕਾ ਮਿਲੇ ਸਨ। ਇਹਨਾਂ ਨੂੰ ਜਾਂ ਇਹਨਾਂ ਦੇ ਪਰਵਾਰਾਂ ਨੂੰ ਫੌਜੀ ਪੈਨਸ਼ਨਾਂ ਵੀ ਮਿਲਦੀਆਂ ਸਨ। ਇਹ ਹਥੀਂ ਵਾਹੀ ਵੀ ਨਹੀਂ ਕਰਦੇ ਸਨ ਅਤੇ ਕਾਫੀ ਸ਼ਾਹਾਨਾ ਜੀਵਨ ਬਿਤਾਉਂਦੇ ਸਨ। ਬਕਰੇ ਝਟਕਾਉਣੇ, ਮੁਰਗੇ ਭੁੰਨਣੇ ਤੇ ਦਾਰੂ ਪੀਣੀ ਇਹਨਾਂ ਦੇ ਸ਼ੁਗਲ ਵਿਚ ਸ਼ਾਮਲ ਸਨ। ਇਹਨਾਂ ਦੇ ਕਪੜੇ ਵੀ ਸਾਫ ਧੋਤੇ ਹੋਏ ਤੇ ਕਈ ਵਾਰ ਪ੍ਰੈਸ ਕੀਤੇ ਹੁੰਦੇ ਸਨ। ਇਹਨਾਂ ਦੀਆਂ ਘਰਾਂ ਵਾਲੀਆਂ ਜਿਨ੍ਹਾਂ ਦੇ ਰੰਗ ਭਾਵੇਂ ਥੋੜ੍ਹੇ ਪਕੇ ਸਨ, ਪਰ ਮੰਡੀ ਵਿਚ ਪੂਰਾ ਬਣ ਫੱਬ ਕੇ ਆਉਂਦੀਆਂ ਤੇ ਖੂਬ ਖਰੀਦੋ ਫਰੋਖਤ ਕਰਦੀਆਂ। ਕਈ ਵਾਰ ਮੇਰੇ ਬਾਲ ਮਨ ਵਿਚ ਆਉਂਦਾ ਕਿ ਜਿਵੇਂ ਅਸੀਂ ਗਰੀਬ ਹੋਈਏ ਤੇ ਇਹ ਅਮੀਰ ਹੋਣ। ਇਹਨਾਂ ਵਿਚੋਂ ਕਈ ਜ਼ਮੀਨਾਂ ਵੇਚ ਕੇ ਵੀ ਖਾ ਪੀ ਜਾਂਦੇ ਸਨ। ਇਹਨਾਂ ਵਿਚੋਂ ਕਈਆਂ ਕੋਲ ਲਾਇਸੰਸੀ ਤੇ ਨਾਜਾਇਜ਼ ਹਥਿਆਰ ਵੀ ਸਨ ਅਤੇ ਫੌਜੀ ਪਿਛੋਕੜ ਹੋਣ ਕਰ ਕੇ ਲੜਨ ਮਰਨ ਤੋਂ ਨਹੀਂ ਡਰਦੇ ਸਨ। ਇਹਨਾਂ ਦੇ ਪਿੰਡਾਂ ਵਿਚੋਂ ਆਵਾਜ਼ ਆ ਰਹੀ ਸੀ ਕਿ ਅਸੀਂ ਆਪਣੇ ਪਿੰਡ ਛਡ ਕੇ ਨਹੀਂ ਜਾਵਾਂਗੇ ਅਤੇ ਜੇ ਮੁਸਲਮਾਨਾਂ ਨੇ ਉਹਨਾਂ ਤੇ ਹਮਲਾ

ਕੀਤਾ ਤਾਂ ਪੂਰਾ ਡਟ ਕੇ ਮੁਕਾਬਲਾ ਕਰਾਂਗੇ। ਪਰ "ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ" ਦੇ ਵਿਦਵਾਨ ਲੇਖਕ ਡਾ: ਕਿਰਪਾਲ ਸਿੰਘ ਨੇ ਲਿਖਿਆ ਹੈ ਕਿ "ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੇ ਕਈ ਕਾਰਨ ਸਨ। ਸਭ ਤੋਂ ਵਡਾ ਕਾਰਨ ਪਾਕਿਸਤਾਨ ਸਰਕਾਰ ਦੀ ਮੰਦ ਭਾਵਨਾ ਸੀ। ਪਛਮੀ ਪੰਜਾਬ ਦੇ ਗਵਰਨਰ ਸਰ ਫਰਾਂਸਿਸ ਮੂਡੀ ਨੇ ਪਾਕਿਸਤਾਨ ਦੇ ਗਵਰਨਰ ਜਨਰਲ ਮੁਹੰਮਦ ਅਲੀ ਜਿਨਾਹ ਨੂੰ ਲਿਖਿਆ, ਸਿੱਖ ਭਾਵੇਂ ਕਿਸੇ ਤਰ੍ਹਾਂ ਵੀ ਪਾਕਿਸਤਾਨੋਂ ਜਾਣ, ਉਨ੍ਹਾਂ ਤੋਂ ਛੇਤੀ ਤੋਂ ਛੇਤੀ ਛੁਟਕਾਰਾ ਪਾਉਣਾ ਚਹੁੰਦਾ ਹਾਂ ਕਿਉਂਕਿ ਸਿੱਖਾਂ ਕਰ ਕੇ ਅਮਨ ਭੰਗ ਹੁੰਦਾ ਸੀ। ਦੂਜੇ ਲਾਰਡ ਮਾਊਂਟ ਬੈਟਨ ਦੇ ਚੀਫ ਆਫ ਸਟਾਫ ਲਾਰਡ ਇਸਮੇਂ ਨੇ ਦਸਿਆ ਕਿ ਉਨ੍ਹਾਂ ਬਹੁਤ ਜ਼ੋਰ ਲਾਇਆ ਕਿ ਜਿਨਾਹ ਬਿਆਨ ਦੇਵੇ ਕਿ ਪਾਕਿਸਤਾਨ ਸਿੱਖਾਂ ਦਾ ਵੀ ਓਨਾ ਹੀ ਹੈ ਜਿੰਨਾ ਮੁਸਲਮਾਨਾਂ ਦਾ ਪਰ ਜਿਨਾਹ ਨਾ ਮੰਨਿਆ। ਜਿਨਾਹ ਕਹਿੰਦਾ ਸੀ ਕਿ ਕਿ ਸਿੱਖ ਪਾਕਿਸਤਾਨ ਨੂੰ ਨਹੀਂ ਮੰਨਦੇ, ਇਸ ਲਈ ਉਹਨਾਂ ਨੂੰ ਕੋਈ ਰਿਆਇਤ ਨਹੀਂ ਦਿਤੀ ਜਾ ਸਕਦੀ।"

ਆਖਰ ਪਹਿਲੀ ਸਤੰਬਰ, 1947 ਨੂੰ ਬਾਪੂ ਨੇ ਪੰਚਾਇਤ ਵਿਚੋਂ ਆ ਕੇ ਫੈਸਲਾ ਸੁਣਾ ਦਿਤਾ ਕਿ ਸਵੇਰੇ ਸਾਰਿਆਂ ਨੇ ਇਕ ਦੋ ਦਿਨਾਂ ਵਿਚ ਆਪਣੇ ਘਰ ਬਾਰ ਅਤੇ ਇਹ ਪਿੰਡ ਖਾਲੀ ਕਰ ਦੇਣਾ ਹੈ। ਪਿਛੋਂ ਖਾਲੀ ਹੋ ਰਹੇ ਸਿੱਖਾਂ ਅਤੇ ਹਿੰਦੂਆਂ ਦੇ ਪਿੰਡਾਂ ਵਿਚੋਂ ਆਉਂਦੇ ਕਾਫਲਿਆਂ ਦੇ ਨਾਲ ਆਪਣੇ ਗਡੇ ਰਲਾ ਕੇ ਸਚੇ ਸੌਦੇ ਬਣੇ ਕੈਂਪ ਪੁਜਣਾ ਹੈ। ਇਸ ਕੈਂਪ ਵਿਚ ਹਿੰਦੂ ਸਿੱਖਾਂ ਦੀ ਹਿਫਾਜ਼ਤ ਲਈ ਹਿੰਦੋਸਤਾਨੀ ਫੌਜ ਦੇ ਕੁਝ ਦਸਤੇ ਮੌਜੂਦ ਹਨ ਜੋ ਕੈਂਪ ਦੀ ਰਾਖੀ ਕਰਦੇ ਹਨ। ਇਥੋਂ ਅਗੇ ਹੌਲੀ ਹੌਲੀ ਟਰੱਕਾਂ ਅਤੇ ਗੱਡੀਆਂ ਵਿਚ ਲੋਕਾਂ ਨੂੰ ਹਿੰਦੋਸਤਾਨ ਪੁਚਾਇਆ ਜਾ ਰਿਹਾ ਹੈ।

## 3 ਸਤੰਬਰ, 1947 ਨੂੰ ਪਿੰਡ ਛਡਣ ਦਾ ਦਰਦਨਾਕ ਹਾਲ

ਮਾਂ ਨੇ ਮਝਾਂ ਦੇ ਗਲਾਂ ਵਿਚੋਂ ਰੱਸੇ ਖੋਲ੍ਹ ਦਿਤੇ ਤੇ ਬੜੇ ਭਰੇ ਮਨ ਨਾਲ ਕਿਹਾ, "ਜਾਓ ਭਲੀਓ ਲੋਕੋ ਜਿਧਰ ਮਰਜ਼ੀ ਜਾਓ, ਜਿਧਰ ਤੁਹਾਡਾ ਜੀਅ ਕਰਦਾ, ਚਲੀਆਂ ਜਾਓ, ਤੁਹਾਡਾ ਸਾਡਾ ਰਿਸ਼ਤਾ ਖਤਮ"। ਮਝਾਂ ਨੇ ਮਾਂ ਦੀ ਗੱਲ ਨਾ ਮੰਨੀ, ਜਿਵੇਂ

ਗੈਬੀ ਤੌਰ ਤੇ ਪਸ਼ੂਆਂ ਨੂੰ ਪੈਣ ਵਾਲੇ ਵਿਛੋੜੇ ਦਾ ਪਤਾ ਕਈ ਦਿਨ ਪਹਿਲਾਂ ਹੀ ਲੱਗ ਗਿਆ ਸੀ। ਘਰ ਦਾ ਗੋਹਾ ਕੂੜਾ ਕਰਨ ਵਾਲੀ ਗਰੇਸ ਕੋਲ ਖੜ੍ਹੀ ਸੀ ਤੇ ਮੇਰੇ ਨਾਲ ਬਚਪਨ ਵਿਚ ਖੇਡਣ ਵਾਲਾ ਉਸਦਾ ਮੁੰਡਾ ਹਲੀਮ ਵੀ ਜੋ ਕਦੀ ਕਦੀ ਸਾਡਾ ਮਾਲ ਡੰਗਰ ਚਾਰਣ ਜਾਇਆ ਕਰਦਾ ਸੀ। ਕਹਿਣ ਲੱਗੀ, "ਸਰਦਾਰਨੀਏ ਇਕ ਮਝ ਮੈਂ ਲੈ ਜਾਵਾਂ"। ਮਾਂ ਕਹਿਣ ਲੱਗੀ ਸਾਨੂੰ ਘਰੋਂ ਬਾਹਰ ਹੋ ਲੈਣ ਦੇ ਜੋ ਮਰਜ਼ੀ ਲੈ ਜਾਵੀਂ। ਅਸੀਂ ਭਰਿਆ ਭਰਾਇਆ ਘਰ ਛਡ ਕੇ ਚੱਲੇ ਆਂ। ਮੱਝਾਂ ਦੀਆਂ ਅਖਾਂ ਵਿਚੋਂ ਅਥਰੂ ਵਗ ਰਹੇ ਸਨ ਜਿਵੇਂ ਉਹਨਾਂ ਨੂੰ ਵੀ ਇਸ ਪੈਣ ਵਾਲੇ ਵਿਛੋੜੇ ਦਾ ਪਤਾ ਲਗ ਗਿਆ ਸੀ। ਮੈਂ ਡੱਬੂ ਕੁੱਤੇ ਦੀ ਪਿਠ ਤੇ ਹਥ ਫੇਰ ਰਿਹਾ ਸਾਂ ਪਰ ਉਹ ਅਗੋਂ ਪੂਛ ਨਹੀਂ ਹਿਲਾ ਰਿਹਾ ਸੀ। ਕੁਕੜੀ ਨੇ ਆਂਡਿਆਂ ਵਿਚੋਂ ਨਿਕਲੇ ਛੋਟੇ ਛੋਟੇ ਬੋਟਾਂ ਵਰਗੇ ਚੂਚਿਆਂ ਨੂੰ ਆਪਣੇ ਖੰਭਾਂ ਥਲੇ ਲੁਕਾ ਲਿਆ ਸੀ। ਪਤਾ ਨਹੀਂ ਕੀ ਹੋਇਆ ਕਿ ਡੱਬੂ ਅਤੇ ਦੂਜੇ ਕੁੱਤੇ ਅਸਮਾਨ ਵੱਲ ਮੂੰਹ ਕਰ ਕੇ ਉਚੀ ਉਚੀ ਰੋਣ ਲਗ ਪਏ। ਬਾਪੂ ਨੇ ਬਾਹਰ ਗੱਡਾ ਲਿਆ ਕੇ ਖੜ੍ਹਾ ਕਰ ਦਿਤਾ। ਰਾਤੋ ਰਾਤ ਬਣਾਇਆ ਪੰਜੀਰੀ ਦਾ ਪੀਪਾ ਤੇ ਖਾਣ ਪੀਣ ਦਾ ਸਾਮਾਨ ਗਡੇ ਵਿਚ ਰਖ ਦਿਤਾ। ਆਟੇ ਵਿਚ ਦੁਧ ਤੇ ਗੁੜ੍ਹ ਗੁੰਨ੍ਹ ਕੇ ਕਾਫੀ ਸਾਰੇ ਪਰੌਂਠੇ ਪਕਾ ਲਏ ਸਨ। ਰਾਸ਼ਨ ਪਾਣੀ ਤੇ ਘਰ ਦਾ ਹੋਰ ਸਾਮਾਨ ਜਿੰਨਾ ਕੁ ਗਡੇ ਤੇ ਲਦਿਆ ਜਾ ਸਕਦਾ ਸੀ, ਲੱਦ ਲਿਆ। ਜ਼ਿਆਦਾ ਦਰੀਆਂ, ਵਿਛਾਉਣੇ, ਸਰ੍ਹਾਣੇ, ਚਾਦਰਾਂ ਤੇ ਖੇਸ ਸਨ। ਬਾਪੂ ਨੇ ਕੁਝ ਪਸ਼ੂਆਂ ਦੇ ਲੱਕਾਂ ਦਵਾਲੇ ਰਜਾਈਆਂ ਵਲ ਕੇ ਉਤੋਂ ਰੱਸੇ ਬੰਨ੍ਹ ਦਿਤੇ ਸਨ। ਕਈ ਮਹੀਨਿਆਂ ਤੋਂ ਸਾਡੀ ਬੈਠਕ ਵਿਚ ਪਿਸ਼ੌਰੋਂ ਆ ਕੇ ਰਹਿੰਦੇ ਭਾਪਿਆਂ ਨੇ ਮੇਰੀ ਮਾਂ ਦੇ ਬਾਰ ਬਾਰ ਮਨ੍ਹਾ ਕਰਨ ਦੇ ਬਾਵਜੂਦ ਆਪਣਾ ਕਾਫੀ ਸਾਮਾਨ ਵੀ ਸਾਡੇ ਗੱਡੇ ਤੇ ਲੱਦ ਦਿਤਾ। ਘਰ ਵਿਚ ਸਾਮਾਨ ਏਨਾ ਜ਼ਿਆਦਾ ਸੀ ਕਿ ਕਈ ਗਡਿਆਂ ਵਿਚ ਵੀ ਨਹੀਂ ਆ ਸਕਦਾ ਸੀ। ਸਾਡੇ ਨਾਲ ਲਗਦੇ ਦੀਪੇ ਢਾਡੀ ਦੇ ਘਰ ਦੇ ਬਾਹਰ ਵੀ ਉਹਨਾਂ ਦਾ ਗੱਡਾ ਸਾਮਾਨ ਨਾਲ ਭਰਿਆ ਪਿਆ ਸੀ। ਇਹੀ ਦੀਪਾ ਢਾਡੀ ਪਿਛੋਂ ਪੜ੍ਹ ਲਿਖ ਕੇ ਸਾਡੇ ਮਾਝੇ ਵਾਲੇ ਪਿੰਡ "ਨਵਾਂ ਪਿੰਡ" ਵਿਚ ਬਹੁਤ ਸਾਲ ਖਾਲਸਾ ਹਾਈ ਸਕੂਲ ਦਾ ਕਾਮਯਾਬ ਪ੍ਰਿੰਸੀਪਲ ਰਿਹਾ ਤੇ ਹੁਣ ਫਤਹਿਪੁਰ ਰਾਜਪੂਤਾਂ ਪਿੰਡ ਵਿਚ ਬੁਢਾਪੇ ਦੇ ਰੰਗ ਮਾਣ ਰਿਹਾ ਹੈ। ਪਾਕਿਸਤਾਨ ਵਿਚ ਰਹਿ ਗਿਆ ਖਾਲਸਾ ਸਕੂਲ ਪੁਰਾਣੀ ਕਮੇਟੀ ਦੇ ਮੈਂਬਰਾਂ ਵੱਲੋਂ ਏਸ ਪਿੰਡ ਵਿਚ ਖੋਲ੍ਹ ਦਿਤਾ ਗਿਆ ਸੀ। ਭਾਦੋਂ ਦਾ ਮਹੀਨਾ ਹੋਣ ਕਰ ਕੇ ਗਰਮੀ ਵੀ ਬੜੀ ਸੀ ਤੇ ਲਗਾਤਾਰ ਮੀਂਹ ਪੈਂਦੇ ਰਹਿਣ ਕਾਰਨ ਜਿਥੇ ਬਹੁਤ ਚੁਮਾਸਾ ਲੱਗਾ ਹੋਇਆ ਸੀ, ਓਥੇ ਖੋਭਾ ਵੀ ਬੜਾ ਹੋ ਗਿਆ ਸੀ। ਹੈਡਮਾਸਟਰ ਹਰਨਾਮ ਸਿੰਘ ਨੇ ਗਲ ਵਿਚ ਪਠਾਣੀ ਬੰਦੂਕ ਪਾਈ ਹੋਈ ਸੀ ਤੇ ਘੋੜ੍ਹੀ ਤੇ ਚੜ੍ਹ ਬਾਜ਼ਾਰ ਵਿਚ ਘੋੜੀ ਘੁਮਾਉਂਦਾ ਹਮਲਾਵਰਾਂ ਦੀ ਬਿੜਕ ਰਖ ਰਿਹਾ ਸੀ। ਆਪੋ ਆਪਣੇ ਗਡਿਆਂ ਕੋਲ ਖੜ੍ਹੇ ਪਿੰਡ ਦੇ ਬਹੁਤੇ ਲੋਕਾਂ ਦੇ ਹਥਾਂ ਵਿਚ ਬਰਛੇ ਤੇ ਤਲਵਾਰਾਂ ਸਨ ਜੋ ਹਮਲਾ ਹੋਣ ਦੀ ਸੂਰਤ ਵਿਚ ਉਹਨਾਂ ਨੇ ਬਚਾਓ ਲਈ ਵਰਤਣੀਆਂ ਸਨ। ਇਹ ਵੀ ਸੁਣਨ ਵਿਚ ਆ ਰਿਹਾ ਸੀ ਕਿ ਜਿਥੇ ਮੁਸਲਮਾਨ ਧਾੜਵੀਆਂ ਨੇ ਨੌਜਵਾਨ ਸਿੱਖ ਕੁੜੀਆਂ ਖੋਹਣ ਦੀ ਕੋਸ਼ਿਸ਼ ਕੀਤੀ ਸੀ, ਓਥੇ ਉਹਨਾਂ ਦੇ ਪਿਓਵਾਂ ਜਾਂ ਜਵਾਨ ਭਰਾਵਾਂ ਨੇ ਆਪਣੇ ਹਥੀਂ ਉਹਨਾਂ ਕੁੜੀਆਂ ਨੂੰ ਵਢ ਦਿਤਾ ਸੀ ਤਾਂ ਜੋ ਉਹ ਜ਼ਾਲਮਾਂ ਦੇ ਹਥੀਂ ਜਾ ਕੇ ਖਵਾਰ ਹੋਣ ਤੇ ਮੁਸਲਮਾਨ ਬਣਨ ਤੋਂ ਬਚ ਜਾਣ। ਲਾਗੇ ਦੇ ਇਕ ਪਿੰਡ ਵਿਚ ਇੰਜ ਵੀ ਹੋਇਆ ਸੀ ਕਿ ਰੌਲਾ ਪੈ ਗਿਆ ਕਿ ਪਿੰਡ ਤੇ ਮੁਸਲਮਾਨ ਮਿਲਟਰੀ ਆਣ ਪਈ ਹੈ ਅਤੇ ਮੁਕਾਬਲੇ ਲਈ ਤਿਆਰ ਹੋ ਰਹੇ ਸਿੱਖਾਂ ਨੇ ਆਪਣੀਆਂ ਕੁੜੀਆਂ ਵਢ ਕੇ ਖੂਹ ਵਿਚ ਸੁਟ ਦਿਤੀਆਂ। ਮਗਰੋਂ ਉਹ ਮਿਲਟਰੀ ਵਾਲੇ ਗੋਰਖੇ ਅਤੇ ਹਿੰਦੂ ਫੌਜੀ ਨਿਕਲੇ ਜੋ ਓਸ ਪਿੰਡ ਦੇ ਕਿਸੇ ਰਸੂਖ ਵਾਲੇ ਹਿੰਦੂ ਪਰਵਾਰ ਨੂੰ ਆਪਣੀ ਹਿਫਾਜ਼ਤ ਵਿਚ ਇੰਡੀਆ ਲਿਜਾਣ ਲਈ ਆਏ ਸਨ।

ਪਿੰਡ ਦੇ ਗੁਰਦਵਾਰੇ ਵਿਚੋਂ ਬੜੇ ਅਦਬ ਨਾਲ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਲਿਆ ਕੇ, ਅਰਦਾਸ ਕਰ ਕੇ ਸਾਡੇ ਘਰ ਲਾਗਲੇ ਖੂਹ ਵਿਚ ਜਲ ਪਰਵਾਹ ਕਰ ਦਿਤੀਆਂ ਸਨ। ਮਜੌਰਾਂ ਵਾਲੇ ਦੇ ਜਾਂਗਲੀਆਂ ਦਾ ਕਾਲੇ ਰੰਗ ਵਾਲਾ ਮੁਸਲਮਾਨ ਚੌਧਰੀ ਵੀ ਹਥ ਵਿਚ ਬੰਦੂਕ ਲੈ ਕੇ ਆ ਗਿਆ ਸੀ ਤੇ ਪਕੇ ਡਲੇ ਵਾਲੇ ਸਰਕਾਰੀ ਬੰਗਲੇ ਦਾ ਮੁਸਲਮਾਨ ਡਾਕਟਰ ਵੀ ਪਿੰਡ ਵਾਲਿਆਂ ਨੂੰ ਅਲਵਿਦਾ ਕਹਿਣ ਲਈ ਆਪਣੇ ਰੈਲੇ ਸਾਈਕਲ ਤੇ ਤੁਰਿਆ ਫਿਰਦਾ ਪਿੰਡ ਛਡ ਕੇ ਜਾ ਰਹੇ ਲੋਕਾਂ ਨੂੰ ਮਿਲ ਰਿਹਾ ਸੀ। ਜਾਂਗਲੀ ਮੁਸਲਮਾਨ ਚੌਧਰੀ ਕਹਿ ਰਿਹਾ ਸੀ ਕਿ ਉਹਦੇ ਹੁੰਦਿਆਂ ਤੁਹਾਡੇ ਤੇ ਕੋਈ ਮੁਸਲਮਾਨ ਹਮਲਾ ਨਹੀਂ ਕਰੇਗਾ ਤੇ ਜੇ ਕੋਈ ਅਜਿਹਾ ਕਰੇਗਾ ਤਾਂ ਉਹ ਉਹਦੇ ਕੋਲੋਂ ਬਚ ਕੇ ਨਹੀਂ ਜਾਏਗਾ। ਉਹ ਇਹ ਵੀ ਕਹਿ ਰਿਹਾ ਸੀ ਕਿ ਚਾਰ ਦਿਨਾਂ ਦਾ ਰੌਲਾ ਗੌਲਾ ਖਤਮ ਹੋਣ ਤੋਂ ਬਾਅਦ ਤੁਸਾਂ ਸਾਰਿਆਂ ਵਾਪਸ ਘਰਾਂ ਨੂੰ ਪਰਤ ਆਉਣਾ ਹੈ। ਪਰ ਕੌਣ ਜਾਣਦਾ ਸੀ ਕਿ ਰਾਜ਼ੀ ਬਾਜ਼ੀ ਵਸਦੇ ਹਿੰਦੋਸਤਾਨ ਦੀ ਏਸ ਵੰਡ ਵਿਚੋਂ ਬਣੇ ਨਵੇਂ ਮੁਲਕ ਪਾਕਿਸਤਾਨ ਵਿਚਲੇ ਇਸ ਪਿੰਡ ਨਾਲੋਂ ਕੁਝ ਘੜੀਆਂ ਪਲਾਂ ਵਿਚ ਸਦਾ ਲਈ ਨਾਤਾ ਟੁਟਣ ਵਾਲਾ ਸੀ। ਕਈਆਂ ਨੇ ਰਾਹ ਵਿਚ ਲੁਟੇਰਿਆਂ ਤੋਂ ਲੁਟੇ ਜਾਣ ਦੇ ਡਰੋਂ ਨਕਦੀ ਤੇ ਜ਼ੇਵਰ ਕੰਧਾਂ ਵਿਚ ਆਲੇ ਬਣਾ ਕੇ, ਖੁਰਲੀਆਂ ਜਾਂ ਚੱਕੀ ਦੇ ਪੁੜਾਂ ਹੇਠਾਂ ਥਾਂ ਪੁਟ ਕੇ ਸਾਂਭ ਦਿਤੇ ਸਨ ਕਿ ਜਦੋਂ ਫਿਰ ਆਵਾਂਗੇ ਤਾਂ ਕਢ ਲਵਾਂਗੇ। ਪਿੰਡ ਧੁਪਸੜੀ ਵਾਲੇ ਤਾਏ ਸੰਤਾ ਸਿਹੁੰ ਨੇ ਪਹਿਲੇ ਤੋੜ ਦੀਆਂ ਕਢੀਆਂ ਛੇ ਬੋਤਲਾਂ ਨਲਕੇ ਦੇ ਚੋਬਚੇ ਲਾਗਿਓਂ ਕੇਲਿਆਂ ਨੂੰ ਜਾਂਦੇ ਪਾਣੀ ਵਾਲੇ ਪਾਸੇ ਕਹੀ ਨਾਲ ਡੂੰਘੀ ਥਾਂ ਪੁਟ ਕੇ ਨੱਪ ਦਿਤੀਆਂ ਸਨ ਕਿ ਠੰਢ ਠੁਕਰ ਹੋਣ ਤੇ ਜਦੋਂ ਵਾਪਸ ਆ ਜਾਵਾਂਗੇ ਤਾਂ ਫਿਰ ਯਾਰਾਂ ਦੀਆਂ ਢਾਣੀਆਂ ਵਿਚ ਬੈਠ ਕੇ ਪੀਆਂਗੇ। ਸਾਡੇ ਸਰੀਕੇ ਦੇ ਬਹੁਤੇ ਘਰ ਜਿਵੇਂ ਤਾਇਆ ਸੰਤਾ ਸਿਹੁੰ, ਪਰੇਮ ਸਿਹੁੰ, ਉਜਾਗਰ ਸਿਹੁੰ, ਚਾਚਾ ਗਿਆਨੀ ਸੋਹਨ ਸਿੰਘ ਆਦਿ ਨੇ ਇਸ ਨਵੇਂ ਬਣੇ ਪਿੰਡ ਧੁਪਸੜੀ ਵਿਚ ਮਕਾਨ ਬਣਾ ਲਏ ਸਨ। ਇਸ ਪਿੰਡੋਂ ਉਹਨਾਂ ਦੇ ਮੁਰੱਬੇ ਨੇੜੇ ਪੈਂਦੇ ਸਨ। ਅਸੀਂ ਵੀ ਇਸ ਪਿੰਡ ਨਵੇਂ ਮਕਾਨ ਪਾ ਲਏ ਸਨ ਪਰ ਬਾਪੂ ਕਹਿੰਦਾ ਸੀ ਕਿ ਜਦੋਂ ਤਕ ਮੈਂ ਦਸਵੀਂ ਪਾਸ ਨਹੀਂ ਕਰ ਲੈਂਦਾ, ਨਵੇਂ ਪਿੰਡ ਹੀ ਰਹਾਂਗੇ। ਮੁੰਡਾ ਕਿਥੋਂ

ਸਵੇਰੇ ਸਵੇਰੇ ਧੁਪਸੜੀ ਤੋਂ ਤੁਰ ਕੇ ਸਕੂਲ ਜਾਇਆ ਕਰੇਗਾ। ਨਵਾਂ ਪਿੰਡ ਬਹੁਤ ਵਡਾ ਪਿੰਡ ਸੀ ਤੇ ਇਸ ਤੋਂ ਪਹਿਲਾਂ ਏਸੇ ਪਿੰਡ ਵਿਚੋਂ ਇਕ ਹੋਰ ਪਿੰਡ "ਚੋਰ ਕੋਟ" ਵੀ ਬਝ ਚੁਕਾ ਸੀ। ਫੋਟੋਗਰਾਫਰ ਪੱਤਰਕਾਰ ਅਤੇ "ਸਮੇਂ" ਹਿੰਦੀ ਦੇ ਐਡੀਟਰ ਵਜੋਂ ਕੈਨੇਡਾ ਵਿਚ ਛਾ ਚੁਕਿਆ ਕੰਵਲਜੀਤ ਸਿੰਘ ਕੰਵਲ ਵੀ ਪਿਛੋਂ ਇਸੇ ਪਿੰਡ ਦਾ ਸੀ ਜਿਥੇ ਇਸ ਦਾ ਪਿਤਾ ਅਠਵੀਂ ਤਕ ਮੇਰੇ ਨਾਲ ਪੜ੍ਹਦਾ ਰਿਹਾ ਸੀ। ਇਸਦੇ ਵਡੇਰੇ ਅਤੇ ਪ੍ਰੋ: ਡਾ: ਪਰਕਾਸ਼ ਸਿੰਘ ਜਮੂ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਰੀਟਾਇਰ ਹੋ ਕੇ ਹੁਣ ਕੈਨੇਡਾ ਸੈਟਲ ਹੋ ਗਏ ਹਨ, ਇਸੇ ਪਿੰਡ ਦੇ ਸਨ ਤੇ ਇਸਦੇ ਕਰੀਬੀ ਰਿਸ਼ਤੇਦਾਰ ਸਨ, ਓਥੇ ਸਾਡੀ ਭੂਆ ਬੀਬੀ ਭਾਨੀ ਦੇ ਪਰਵਾਰ ਵਿਚੋਂ ਸਨ।

ਸਾਮਾਨ ਨਾਲ ਨਕੋ ਨਕ ਭਰਿਆ ਗੱਡਾ ਤੁਰਨ ਲੱਗਾ ਤਾਂ ਕਿਸੇ ਨੂੰ ਕੋਈ ਪਤਾ ਨਹੀਂ ਸੀ ਕਿ 1890 ਵਿਚ ਬਾਰ ਆਬਾਦ ਹੋਣ ਵੇਲੇ ਬਝੇ ਇਸ ਪਿੰਡ ਦੇ ਲੋਕ ਸਦਾ ਲਈ ਖੇਰੂੰ ਖੇਰੂੰ ਹੋ ਜਾਣਗੇ ਅਤੇ ਜ਼ਿੰਦਗੀ ਵਿਚ ਮੁੜ ਕਦੀ ਵੀ ਇਕਠੇ ਨਹੀਂ ਹੋ ਸਕਣਗੇ। ਫਿਰ ਕਦੀ ਇਕ ਦੂਜੇ ਨੂੰ ਮਿਲ ਵੀ ਨਹੀਂ ਸਕਣਗੇ ਤੇ ਸਠਾਂ-ਸੱਤਰ ਸਾਲਾਂ ਵਿਚ ਬਾਰ ਦੇ ਇਲਾਕੇ ਵਿਚ ਪੈਦਾ ਹੋਇਆ ਇਕ ਨਵਾਂ ਸਭਿਆਚਾਰ ਸਦਾ ਲਈ ਸਮਾਪਤ ਹੋ ਜਾਵੇਗਾ ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ, ਈਸਾਈ ਤੇ ਪਿੰਡ ਦੇ ਕਮੀ ਕਮੀਨ ਇਕਠੇ ਹੋ ਵਸਦੇ ਸਨ ਤੇ ਇਕ ਦੂਜੇ ਦੀ ਖੈਰ ਸੁਖ ਦੇ ਭਾਈਵਾਲ ਸਨ। ਗੱਡਾ ਅਜੇ ਪਿੰਡ ਦੇ ਬਾਹਰਵਾਰ ਛਪੜ ਲਾਗੇ ਈ ਪੁਜਾ ਸੀ ਕਿ ਚਲ੍ਹੇ ਵਿਚ ਐਸਾ ਖੁਭਿਆ ਕਿ ਮੁੜ ਨਾ ਨਿਕਲਿਆ। ਗਰਮੀ ਦੇ ਮਾਰੇ ਪਸ਼ੂ ਛਪੜ ਵਿਚ ਜਾ ਵੜੇ ਸਨ। ਖਾਸ ਕਰ ਜਿਨ੍ਹਾਂ ਦਵਾਲੇ ਰਜ਼ਾਈਆਂ ਲਪੇਟ ਕੇ ਰੱਸੇ ਬੰਨ੍ਹੇ ਹੋਏ ਸਨ। ਮੇਰਾ ਸੱਜਾ ਪੈਰ ਗਾਰੇ ਵਿਚ ਏਨਾ ਜ਼ਿਆਦਾ ਖੁਭ ਗਿਆ ਕਿ ਜਦੋਂ ਮੈਂ ਪੈਰ ਬਾਹਰ ਕਢਿਆ ਤਾਂ ਬੂਟ ਥਲੇ ਈ ਰਹਿ ਗਿਆ ਸੀ। ਦੂਜਾ ਪੈਰ ਕਢਣ ਲਗਾ ਤਾਂ ਉਸ ਪੈਰ ਵਾਲਾ ਬੂਟ ਵੀ ਥਲੇ ਗਾਰੇ ਵਿਚ ਨਪਿਆ ਗਿਆ। ਓਧਰੋਂ ਮੁਸਲਮਾਨਾਂ ਦੀ ਵਾਹਰ ਵੱਲੋਂ ਅੱਲਾ ਹੂ ਦੇ ਨਾਅਰੇ ਮਾਰਦਿਆਂ ਹੱਲਾ ਕਰਨ ਦੀਆਂ ਅਫਵਾਹਾਂ ਆ ਰਹੀਆਂ ਸਨ। ਅਖੀਰ ਬਾਪੂ ਨੇ ਗੱਡਾ ਸਣੇ ਸਾਮਾਨ ਹੀ ਓਥੇ ਛਡ ਦਿਤਾ ਤੇ ਅਸੀਂ ਪਾਣੀ ਵਿਚੋਂ ਦੀ ਤੁਰਦੇ, ਡਿਗਦੇ ਢਹਿੰਦੇ ਧੁੱਪਸੜੀ ਵਾਲੇ ਰਾਹ ਤੇ ਆ ਪਏ ਚਾਚੇ ਗਿਆਨੀ ਸੋਹਨ ਸਿੰਘ ਹੀ ਹਵੇਲੀ ਕੋਲੋਂ ਸੱਜੇ ਜਾਂਦੇ ਰਾਹ ਤੇ ਮੁੜ ਕੇ ਕਾਫਲੇ ਵਿਚ ਜਾ ਰਲੇ। ਹੋਰਨਾਂ ਲੋਕਾਂ ਦੇ ਗੱਡੇ ਵੀ ਚਿੱਕੜ ਵਿਚ ਫਸ ਗਏ ਸਨ ਤੇ ਉਹ ਵੀ ਜੋ ਹਥ ਵਿਚ ਚੁਕਿਆ ਜਾ ਸਕਦਾ ਸੀ, ਚੁਕ ਕੇ ਪੈਦਲ "ਸੱਚੇ ਸੌਦੇ" ਨੂੰ ਜਾਂਦੇ ਕਾਫਲੇ ਵਿਚ ਰਲਣ ਦੀ ਕੋਸ਼ਿਸ਼ ਕਰ ਰਹੇ ਸਨ।

ਮੈਂ ਆਪਣੀ ਢਾਈ ਸਾਲ ਦੀ ਛੋਟੀ ਭੈਣ ਰਣਜੀਤ ਨੂੰ ਕੁਛੜ ਚੁਕਿਆ ਅਤੇ ਮਾਂ ਨੇ ਓਸ ਤੋਂ ਛੋਟੀ 21 ਦਿਨਾਂ ਦੀ ਛੋਟੀ ਭੈਣ ਛਿੰਦੋ ਨੂੰ। ਬਾਪੂ ਜਿਸ ਦੀਆਂ ਗਰਮੀ ਕਰ ਕੇ ਅਖਾਂ ਦੁਖਣ ਆਈਆਂ ਹੋਈਆਂ ਸਨ, ਨੇ ਪੰਜੀਰੀ ਵਾਲਾ ਪੀਪਾ ਸਿਰ ਤੇ ਚੁਕਿਆ ਹੋਇਆ ਸੀ। ਨਵੇਂ ਪਿੰਡ ਵਿਚਲਾ ਭਰਿਆ ਭਰਾਇਆ ਘਰ, ਮੱਝਾਂ ਗਾਈਆਂ ਤੇ ਬਲਦਾਂ ਦੀਆਂ ਜੋੜੀਆਂ, ਕਣਕ ਤੇ ਛੋਲਿਆਂ ਦੀਆਂ ਭਰੀਆਂ ਬੋਰੀਆਂ ਤੇ ਭੜੋਲੇ, ਦੇਸੀ ਘਿਓ ਦੇ ਜੋੜ ਜੋੜ ਕੇ ਭਰੇ ਪੀਪੇ ਅਤੇ ਚਾਟੀਆਂ, ਵਡੀ ਨਹਿਰ ਦੀ ਵਖੀ ਚੋਂ ਖਬੇ ਨਿਕਲਦੀ ਛੋਟੀ ਨਹਿਰ ਚੋਂ ਖਬੇ ਪਾਸੇ ਨਿਕਲਦੇ ਪਹਿਲੇ ਵਡੇ ਮੋਘੇ ਵਾਲੀ ਜ਼ਮੀਨ ਜਿਥੇ ਪਾਣੀ ਦਾ ਜ਼ੋਰ ਐਨਾ ਜ਼ਿਆਦਾ ਸੀ ਕਿ ਘੰਟੇ ਵਿਚ ਕਿੱਲਾ ਭਰ ਜਾਂਦਾ ਸੀ। ਭਰਿਆ ਭਰਾਇਆ ਬਾਗ ਤੇ ਉਸ ਵਿਚ ਅੰਬਾਂ ਤੋਂ ਇਲਾਵਾ ਲਗੇ ਅਨੇਕਾਂ ਫਲਾਂ ਦੇ ਵਖੋ ਵਖਰੇ ਦਰਖਤ, ਸਭ ਕੁਝ ਛਡ ਕੇ ਹੁਣ ਇਹ ਸਾਡਾ ਨਿੱਕਾ ਜਿਹਾ ਪਰਵਾਰ ਕਾਫਲੇ ਵਿਚ ਰਲਣ ਲਈ ਓਸ ਸੁੱਕੀ ਡੰਡੀ ਤੇ ਤੁਰਿਆ ਜਾ ਰਿਹਾ ਸੀ ਜਿਥੇ ਅਗੇ ਮੇਰਾ ਪਿਓ, ਪਿਛੇ ਮਾਂ, ਧੀ ਨੂੰ ਗਲ ਨਾਲ ਲਾਈਂ ਮਾਂ ਟੁਰ ਰਹੀ ਸੀ। ਓਹਨਾਂ ਪਿਛੇ ਢਾਈ ਸਾਲ ਦੀ ਛੋਟੀ ਭੈਣ ਨੂੰ ਮੋਢਿਆਂ ਤੇ ਚੁਕ ਤੇ ਕਿਤਾਬਾਂ ਵਾਲਾ ਬਸਤਾ ਗਲ ਵਿਚ ਪਾਈਂ ਨੰਗੇ ਪੈਰੀਂ ਮੈਂ ਤੁਰ ਰਿਹਾ ਸਾਂ। ਗਰਮ ਧਰਤੀ ਨਾਲ ਪੈਰ ਸੜਦੇ ਸਨ ਤੇ ਕੰਡੇ ਵਜ ਵਜ ਕੇ ਪੈਰਾਂ ਵਿਚੋਂ ਲਹੂ ਵਗਣ ਲਗ ਪਿਆ ਸੀ। ਕਈ ਮੀਲ ਤੁਰ ਕੇ ਜਦ ਇਹ ਕਾਫਲਾ ਇਕ ਰਾਤ ਲਈ ਵਿਰਕਾਂ ਦੇ ਇਕ ਪਿੰਡ ਵਿਚ ਰੁਕਿਆ ਤਾਂ ਉਹਨਾਂ ਨੇ ਉਜੜ ਕੇ ਆ ਰਹੇ ਲੋਕਾਂ ਦੇ ਖਾਣ ਪੀਣ ਲਈ ਲੰਗਰ ਲਾ ਦਿਤੇ। ਰਾਤ ਜਦੋਂ ਉਹਨਾਂ ਦੇ ਘਰਾਂ ਦੀਆਂ ਛੱਤਾਂ ਤੇ ਅਸੀਂ ਜ਼ਿੰਦਗੀ ਵਿਚ ਪਹਿਲੀ ਵਾਰ ਭੁੰਜੇ ਸੁਤੇ ਤਾਂ ਮੇਰੀ ਮਾਂ ਨੇ ਕੰਡੇ ਵਜ ਵਜ ਕੇ ਮੇਰੇ ਲਹੂ ਲੁਹਾਣ ਹੋਏ ਪੈਰ ਜਿਨ੍ਹਾਂ ਵਿਚ ਧੁਪੇ ਤੁਰਨ ਨਾਲ ਛਾਲੇ ਵੀ ਹੋ ਗਏ ਸਨ, ਆਪਣੀਆਂ ਗਲ੍ਹਾਂ ਨਾਲ ਲਾ ਲਏ। ਉਹਦੀਆਂ ਅਖਾਂ ਦੇ ਅਥਰੂ ਮੇਰੇ ਲਹੂ ਲੁਹਾਨ ਪੈਰਾਂ ਨੂੰ ਧੋ ਰਹੇ ਸਨ। ਫਿਰ ਉਹ ਭਰੇ ਭਰਾਏ ਘਰ ਨੂੰ ਛਡਣ ਦੇ ਗਮ ਵਿਚ ਵੈਣ ਪਾਉਣ ਲਗ ਪਈ। ਓਸ ਅਨਪੜ੍ਹ ਔਰਤ ਜਿਸ ਨੂੰ ਦਸ ਤੋਂ ਅਗੇ ਗਿਣਤੀ ਨਹੀਂ ਆਉਂਦੀ ਸੀ, ਨੂੰ ਕੀ ਪਤਾ ਸੀ ਅਗੇ ਆਉਣ ਵਾਲੇ ਦਿਨ ਹੋਰ ਵੀ ਕਿੰਨੇ ਕੁ ਭਿਆਨਕ ਹੋਣੇ ਹਨ। ਅਜ ਦੀ ਰਾਤ ਤਾਂ ਵਿਰਕਾਂ ਵੜੈਚਾਂ ਦੇ ਪਿੰਡ ਵਿਚ ਖਾਣ ਲਈ ਰੋਟੀ ਤੇ ਲੰਮੇ ਪੈਣ ਲਈ ਕੋਠੇ ਦੀ ਛੱਤ ਮਿਲ ਗਈ ਸੀ। ਅਗਲੇ ਦਿਨ ਤਾਂ ਉਹਨਾਂ ਨੇ ਵੀ ਸਾਡੇ ਕਾਫਲੇ ਦੇ ਨਾਲ ਈ ਰਲ ਕੇ ਗੁਰੂ ਨਾਨਕ ਦੇਵ ਦੇ ਗੁਰਦਵਾਰੇ ਸੱਚੇ ਸੌਦੇ ਵਿਖੇ ਬਣੇ ਹਿੰਦੂ ਸਿੱਖਾਂ ਦੇ ਕੈਂਪ ਲਈ ਸਾਡੇ ਨਾਲ ਈ ਰਵਾਨਾ ਹੋ ਪੈਣਾ ਸੀ। ਰਾਤ ਨੂੰ ਗਭਰੂ ਵਿਰਕ ਕਿਰਪਾਨਾਂ ਤੇ ਬਰਛੇ ਲੈ ਕੇ ਜਾਗਦੇ ਰਹਿਣ ਦੀਆਂ ਆਵਾਜ਼ਾਂ ਲਾਉਂਦੇ ਪਿੰਡ ਵਿਚ ਪਹਿਰਾ ਦੇਂਦੇ ਰਹੇ। ਅਗਲੇ ਦਿਨ ਓਥੋਂ ਸਵੇਰੇ ਕਾਫਲਾ ਫਿਰ ਚਲਿਆ ਤਾਂ ਸ਼ਾਮ ਤਕ ਸੱਚੇ ਸੌਦੇ ਤੋਂ ਉਰ੍ਹਾਂ ਇਕ ਹੋਰ ਪਿੰਡ ਦੇ ਗੁਰਦਵਾਰੇ ਵਿਚ ਆ ਠਹਿਰਿਆ।

**ਸੱਚਾ ਸੌਦਾ ਕੈਂਪ ਦੇ ਹਿੰਦੂ ਸਿੱਖਾਂ ਉਤੇ ਬਲੋਚ ਮਿਲਟਰੀ ਵੱਲੋਂ ਅੰਧਾ ਧੁੰਦ ਫਾਇਰਿੰਗ**

ਗੁਰੂ ਨਾਨਕ ਦੇਵ ਦੇ ਗੁਰਦਵਾਰੇ ਸੱਚਾ ਸੌਦਾ ਵਿਖੇ ਬਣੇ ਕੈਂਪ ਵਿਚ ਲੋਕਾਂ ਦੇ ਕਹਿਣ ਸੁਣਨ ਅਨੁਸਾਰ ਘਟੋ ਘੱਟ 10 ਲਖ ਤੋਂ ਵਧ ਉਜੜੇ ਤੇ ਬੇਘਰ ਹੋਏ ਅਮੀਰ ਗਰੀਬ ਹਿੰਦੂ ਅਤੇ ਸਿੱਖ ਲੋਕਾਂ ਦਾ ਕੈਂਪ ਲੱਗਾ ਹੋਇਆ ਸੀ। ਇਸ ਦੀ ਹਿਫਾਜ਼ਤ ਬਹੁਤ ਥੋੜ੍ਹੇ ਜਿਹੇ ਭਾਰਤੀ ਫੌਜ ਦੇ ਮੁਲਾਜ਼ਮ ਕਰ ਰਹੇ ਸਨ। ਚੂਹੜਕਾਣੇ ਵਾਲੀ ਵਡੀ ਨਹਿਰ ਤੋਂ ਲੈ ਕੇ ਬਹਾਲੀਕੇ ਸਟੇਸ਼ਨ ਵੱਲ ਨੂੰ ਜਾਂਦੀ ਰੇਲਵੇ ਲਾਈਨ ਦੇ ਦੋਹੀਂ ਪਾਸੀਂ ਮੀਲਾਂ ਤਕ ਭੁਖ ਨਾਲ ਵਿਲਕਦੇ ਲੋਕ ਜਿਨ੍ਹਾਂ ਵਿਚ ਬੱਚੇ, ਔਰਤਾਂ, ਜਵਾਨ ਅਤੇ ਬਜ਼ੁਰਗ ਸ਼ਾਮਲ ਸਨ, ਭੁੰਝੇ ਜ਼ਮੀਨ ਤੇ ਬੈਠੇ ਹੋਏ ਸਨ। ਕਿਸੇ ਕਿਸੇ ਨੇ ਚਾਰ ਡਾਂਗਾਂ ਬੰਨ੍ਹ ਕੇ ਗਰਮੀ, ਧੁਪ ਅਤੇ ਮੀਂਹ ਕਣੀ ਤੋਂ ਬਚਣ ਲਈ ਉਪਰ ਚਾਦਰਾਂ ਤਾਣੀਆਂ ਹੋਈਆਂ ਸਨ। ਇਹਨਾਂ ਲਖਾਂ ਲੋਕਾਂ ਦੀ ਰੋਟੀ ਪਾਣੀ ਜਾਂ ਸੁਰਖਿਆ ਦਾ ਕਿਸੇ ਹਕੂਮਤ ਵੱਲੋਂ ਕੋਈ ਪ੍ਰਬੰਧ ਨਹੀਂ ਸੀ। ਥੋੜ੍ਹੇ ਜਿਹੇ ਭਾਰਤੀ ਫੌਜ ਦੇ ਮੁਲਾਜ਼ਮ ਕੈਂਪ ਦਵਾਲੇ ਕਦੀ ਕਦੀ ਚੱਕਰ ਮਾਰਦੇ ਪਰ ਉਹਨਾਂ ਦੇ ਜਾਣ ਪਿਛੋਂ ਮੁਸਲਮਾਨ ਲੁਟੇਰੇ ਕੈਂਪ ਉਤੇ ਹਮਲਾ ਕਰ ਕੇ ਪਨਾਹਗਜ਼ੀਨਾਂ ਨੂੰ ਲੁਟਦੇ, ਮਾਰਦੇ ਤੇ ਜੋ ਕੁਝ ਵੀ ਹਥ ਲਗਦਾ, ਲੈ ਜਾਂਦੇ। ਕਈ ਵਾਰ ਉਹਨਾਂ ਮੁਸਲਮਾਨ ਹਮਲਾਆਵਰਾਂ ਵਿਚੋਂ ਕੁਝ ਮੁਕਾਬਲੇ ਵਿਚ ਮਾਰੇ ਵੀ ਜਾਂਦੇ। ਪਾਕਿਸਤਾਨ ਦੀ ਨਵੀਂ ਬਣੀ ਹਕੂਮਤ ਵੱਲੋਂ ਕੋਈ ਵੀ ਅਜਿਹਾ ਲਿਖਤੀ ਹੁਕਮ ਨਹੀਂ ਸੀ ਕਿ ਹਿੰਦੂਓ ਅਤੇ ਸਿੱਖੋ, ਤੁਸੀਂ ਹਿੰਦੋਸਤਾਨ ਦਾ ਕਲੇਜਾ ਚੀਰ ਕੇ ਬਣਾਏ ਗਏ ਨਵੇਂ ਮੁਲਕ ਪਾਕਿਸਤਾਨ ਵਿਚੋਂ ਨਿਕਲ ਜਾਓ ਪਰ ਹੁਕਮ ਤਾਂ ਓਸ ਹਵਾ ਦਾ ਸੀ ਜਿਸ ਵਿਚ ਜ਼ਹਿਰ ਘੁਲ ਗਿਆ ਸੀ ਕਿ ਇਸ ਨਵੇਂ ਬਣੇ ਮੁਲਕ ਪਾਕਿਸਤਾਨ ਵਿਚ ਹਿੰਦੂ ਅਤੇ ਸਿੱਖਾਂ ਲਈ ਸਿਰਫ ਦੋ ਹੀ ਰਸਤੇ ਸਨ ਕਿ ਜੇ ਜਾਨਾਂ ਬਚਾਉਣੀਆਂ ਹਨ ਤਾਂ ਚਲੇ ਜਾਓ ਨਹੀਂ ਤਾਂ ਮਾਰ ਦਿਤੇ ਜਾਓਗੇ। ਹਾਲਾਂਕਿ ਜਿਸ ਧਰਤੀ ਤੇ ਪਾਕਿਸਤਾਨ ਬਣਿਆ ਸੀ, ਓਸ ਧਰਤੀ ਤੇ ਰਹਿਣ ਵਾਲੇ ਹਿੰਦੂ ਸਿੱਖਾਂ ਦਾ ਵੀ ਓਨਾ ਈ ਹੱਕ ਸੀ ਜਿੰਨਾ ਮੁਸਲਮਾਨਾਂ ਦਾ ਸੀ। ਭਾਵ ਜੇ ਹਿੰਦੋਸਤਾਨ ਵਿਚ ਮੁਸਲਮਾਨ ਰਹਿ ਸਕਦੇ ਸਨ ਤਾਂ ਪਾਕਿਸਤਾਨ ਵਿਚ ਹਿੰਦੂ ਸਿੱਖ ਕਿਉਂ ਨਹੀਂ ਰਹਿ ਸਕਦੇ ਸਨ ਪਰ ਵਿਚ ਵਿਚ ਸਿਆਣੇ ਗੱਲਾਂ ਕਰਦੇ ਕਿ ਜਿਨਾਹ ਅੰਦਰੋਂ ਇਹੀ ਚਹੁੰਦਾ ਸੀ ਕਿ ਇਹ ਲੋਕ ਦਫਾ ਹੋ ਜਾਣ ਅਤੇ ਨਵੇਂ ਬਣੇ ਪਾਕਿਸਤਾਨ ਲਈ ਕੋਈ ਖਤਰਾ ਨਾ ਪੈਦਾ ਕਰਨ ਅਤੇ ਪਾਕਿਸਤਾਨ ਦਾ ਅਮਨ ਚੈਨ ਖਰਾਬ ਨਾ ਹੋਵੇ।

ਮਾਰੇ ਜਾਣ, ਲੁੱਟੇ ਜਾਣ ਤੇ ਪਿੰਡਾਂ ਨੂੰ ਅੱਗਾਂ ਲਾ ਕੇ ਸਾੜੇ ਜਾਣ ਦੀਆਂ ਖਬਰਾਂ ਹੁਣ ਝੂਠੀਆਂ ਨਹੀਂ ਰਹਿ ਗਈਆਂ ਸਨ। ਜੋ ਡਰਦੇ ਮਾਰੇ ਜਾਂ ਆਪਣੀਆਂ ਜਾਇਦਾਦਾਂ ਦੇ ਲਾਲਚ ਵਿਚ ਮੁਸਲਮਾਨ ਬਣ ਕੇ ਓਧਰ ਰਹਿ ਗਏ ਸਨ, ਪਿਛੋਂ ਸੁਣਨ ਵਿਚ ਆਉਂਦਾ ਰਿਹਾ ਕਿ ਉਹਨਾਂ ਦਾ ਜੀਵਨ ਵੀ ਸੌਖਾ ਨਹੀਂ ਰਿਹਾ ਸੀ। ਉਹਨਾਂ ਨੂੰ ਨਵ ਮੁਸਲਮਾਨ ਕਿਹਾ ਜਾਂਦਾ ਸੀ ਤੇ ਉਹਨਾਂ ਨੂੰ ਬਹੁਤ ਨਫਰਤ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ। ਭਾਵੇਂ ਉਹਨਾਂ ਨਵ ਮੁਸਲਮਾਨਾਂ ਵਿਚੋਂ ਕਈ ਦੋ ਦੋ ਵਾਰ ਮਕੇ ਦਾ ਹੱਜ ਵੀ ਕਰ ਆਏ ਸਨ ਪਰ ਹਾਲੇ ਵੀ ਉਹਨਾਂ ਨੂੰ ਕਾਫਰਾਂ ਦੀ ਔਲਾਦ ਹੀ ਦਸਿਆ ਜਾਂਦਾ ਸੀ। ਉਹਨਾਂ ਨਾਲ ਰਿਸ਼ਤੇ ਨਾਤੇ ਕਰਨ ਲਈ ਵੀ ਕੋਈ ਤਿਆਰ ਨਹੀਂ ਹੁੰਦਾ ਸੀ। ਉਹਨਾਂ ਦੀਆਂ ਜਵਾਨ ਹੋ ਰਹੀਆਂ ਕੁੜੀਆਂ ਨਾਲ ਮੁਸਲਮਾਨ ਪਰਿਵਾਰਾਂ ਦੇ ਮੁੰਡੇ ਤਾਂ ਵਿਆਹ ਕਰਨ ਲਈ ਤਿਆਰ ਹੋ ਜਾਂਦੇ ਸਨ ਪਰ ਇਹਨਾਂ ਨਵ ਮੁਸਲਮਾਨਾਂ ਨੂੰ ਉਹ ਆਪਣੀਆਂ ਕੁੜੀਆਂ ਦੇ ਡੋਲੇ ਦੇਣ ਲਈ ਤਿਆਰ ਨਹੀਂ ਸਨ। ਇਸ ਤਰ੍ਹਾਂ ਪਾਕਿਸਤਾਨ ਵਿਚ ਇਸ ਨਵੀਂ ਧਿਰ "ਨਵ-ਮੁਸਲਮਾਨਾਂ" ਹੋਂਦ ਵਿਚ ਆਈ ਜਿਸ ਵਿਚ ਉਹ ਹਿੰਦੂ ਅਤੇ ਸਿੱਖ ਲੋਕ ਸਨ ਜੋ ਕਾਫਲਿਆਂ ਵਿਚ ਰਲ ਕੇ ਹਿੰਦੋਸਤਾਨ ਨਾ ਆਏ ਅਤੇ ਆਪਣੀਆਂ ਜ਼ਮੀਨਾਂ-ਜਾਇਦਾਦਾਂ ਦੇ ਲਾਲਚ ਵਿਚ ਉਹਨਾਂ ਮਜ਼ੁਬ ਬਦਲ ਕੇ ਪਾਕਿਸਤਾਨ ਵਿਚ ਰਹਿਣਾ ਹੀ ਕਬੂਲ ਕਰ ਲਿਆ।

ਜ਼ਿਲਾ ਸ਼ੇਖੂਪੁਰਾ ਦੇ ਸੱਚਾ ਸੌਦਾ ਕੈਂਪ ਵਿਚ ਜਿਥੇ ਲੋਕ ਹਿੰਦੋਸਤਾਨ ਜਾਣ ਦੇ ਚੱਕਰ ਵਿਚ ਜ਼ਿੰਦਗੀ ਅਤੇ ਮੌਤ ਨਾਲ ਘੁਲ ਰਹੇ ਸਨ, ਅਕਸਰ ਭੁਖੇ ਭਾਣੇ ਜ਼ਮੀਨ ਤੇ ਸੌਂਦੇ, ਪੀਣ ਲਈ ਪਾਣੀ ਵੀ ਨਹੀਂ ਸੀ। ਜੇ ਲਾਗੇ ਵਗਦੇ ਕਿਸੇ ਸੂਏ ਵਿਚੋਂ ਪਾਣੀ ਲੈਣ ਜਾਂਦੇ ਤਾਂ ਓਸ ਸੂਏ ਵਿਚ ਪਾਣੀ ਘੱਟ ਤੇ ਲਹੂ ਲੁਹਾਣ ਲਾਸ਼ਾਂ, ਮਲ ਮੂਤਰ ਤੇ ਗੰਦਗੀ ਦੇ ਢੇਰ ਜ਼ਿਆਦਾ ਹੁੰਦੇ। ਕਈ ਵਾਰ ਪਿਆਸ ਨਾਲ ਮਰਦੇ ਲੋਕ ਇਸ ਤਰ੍ਹਾਂ ਦੇ ਗੰਦੇ ਤੇ ਲਹੂ ਮਿਲੇ ਪਾਣੀ ਦਾ ਘੁੱਟ ਹੀ ਭਰ ਲੈਂਦੇ। ਮੈਨੂੰ ਸਿਰ ਨਹਾਤੇ ਨੂੰ ਪਤਾ ਨਹੀਂ ਕਿੰਨੇ ਦਿਨ ਹੋ ਗਏ ਸਨ। ਮੇਰੀ ਪੱਗ ਦੁਆਲੇ ਚਾਰ ਸੋਟੀਆਂ ਬੰਨ੍ਹ ਕੇ ਕੁਝ ਛਾਂ ਕੀਤੀ ਹੋਈ ਸੀ। ਕਦੀ ਕਦੀ ਬਾਪੂ ਹੋਰ ਜਵਾਨ ਲੋਕਾਂ ਨਾਲ ਰਲ ਕੇ ਲਾਗੇ ਪੈਂਦੇ ਪਿੰਡਾਂ ਵਿਚੋਂ ਕਿਸੇ ਖਰਾਸ ਤੋਂ ਆਟਾ ਪਿਸਵਾ ਕੇ ਜਾਂ ਰੋਟੀਆਂ ਪਕਵਾ ਕੇ ਲਿਆਉਂਦਾ ਤੇ ਅਸੀਂ ਲੂਣ ਦੀਆਂ ਡਲੀਆਂ ਜਾਂ ਆਚਾਰ ਨਾਲ ਉਹ ਅਣਚੋਪੜੀਆਂ ਰੋਟੀਆਂ ਚੱਬ ਲੈਂਦੇ। ਬਹੁਤ ਦਿਨਾਂ ਤੋਂ ਜ਼ਮੀਨ ਤੇ ਸੌਣ ਅਤੇ ਨਾ ਨਹਾਉਣ ਕਾਰਨ ਪਿੰਡੇ ਤੇ ਖੁਰਕ ਹੋ ਗਈ ਸੀ ਅਤੇ ਸਿਰ ਵਿਚ ਜੂੰਆਂ ਪੈ ਗਈਆਂ ਸਨ। ਸਿਰ ਦੇ ਵਾਲ ਸਾਧੂਆਂ ਦੀਆਂ ਜੜਾਵਾਂ ਵਾਂਗ ਜੁੜਨੇ ਸ਼ੁਰੂ ਹੋ ਗਏ ਸਨ। ਖਾਂਦੇ ਪੀਂਦੇ ਘਰ ਦੇ ਇਕ ਸਾਢੇ ਬਾਰਾਂ ਸਾਲ ਦੇ ਬੱਚੇ ਲਈ ਜਿਸ ਦੀ ਮਾਂ ਜਦੋਂ ਉਹਦੇ ਮੂੰਹ ਨਾਲ ਦੁੱਧ ਦਾ ਗਲਾਸ ਜਾਂ ਛੰਨਾ ਲਾਉਂਦੀ ਸੀ ਤਾਂ ਉਹ ਨਖਰੇ ਕਰਦਾ ਦੁਧ ਨਹੀਂ ਪੀਆ ਕਰਦਾ ਸੀ ਤੇ ਕਹਿੰਦਾ ਹੁੰਦਾ ਸੀ ਕਿ ਮਾਂ ਜਾਹ ਤੇਰੀਆਂ ਮਝਾਂ ਭਜ ਜਾਣ ਜੋ ਤੂੰ ਮੈਨੂੰ ਬਧੋ ਬਧੀ ਦੁੱਧ ਪਿਆਉਂਦੀ ਹੈਂ। ਹੁਣ ਇਹ ਕਿਹੋ ਜਿਹਾ ਜੀਵਨ ਤੇ ਕਿਹੋ ਜਹੇ ਦਿਨ ਆ ਗਏ ਸਨ ਕਿ ਦੁਧ ਤਾਂ ਕਿਥੋਂ ਵੇਖਣਾ ਸੀ, ਪੀਣ ਲਈ ਪਾਣੀ ਵੀ ਨਹੀਂ ਮਿਲਦਾ ਸੀ। ਲਾਗਲੇ ਸੂਇਆਂ ਜਾਂ ਖਾਲਾਂ ਦੇ ਪਾਣੀ ਮਨੁਖੀ ਲਾਸ਼ਾਂ, ਖੂੰਨ ਤੇ ਮਲ ਮੂਤਰ ਨਾਲ ਭਰੇ ਪਏ ਸਨ। ਸੱਚੇ ਸੌਦੇ ਗੁਰਦਵਾਰੇ ਦੇ ਅਗੇ ਬਣੇ ਛੋਟੇ ਜਿਹੇ ਤਾਲਾਬ ਵਿਚ ਜਿਥੇ ਕਦੇ ਮਸਿਆ ਨਹਾਉਣ ਗਿਆਂ ਬੜੇ ਚਾਅ ਨਾਲ ਟੁਭੀਆਂ ਲਾਈ ਦੀਆਂ ਸਨ, ਹੁਣ ਉਹ ਪਾਣੀ ਏਨਾ ਗੰਧਲਾ ਹੋ ਬੋ ਮਾਰਨ ਲਗ ਪਿਆ ਸੀ ਕਿ ਓਸ ਵਿਚ ਉਂਗਲ ਵੀ ਡਬੋਣੀ ਮੁਸ਼ਕਲ ਹੋ ਗਈ ਸੀ।

ਚੂਹੜਕਾਣੇ ਵਾਲੀ ਵਡੀ ਨਹਿਰ ਵਿਚ ਵੀ ਕਦੀ ਕਦੀ ਰੁੜ੍ਹਦੀਆਂ ਆਉਂਦੀਆਂ ਲਾਸ਼ਾਂ ਦਿਸਦੀਆਂ ਸਨ ਪਰ ਬਹੁਤ ਚੌੜੀ ਨਹਿਰ ਹੋਣ ਕਰ ਕੇ ਫਿਰ ਵੀ ਇਸ ਦਾ ਪਾਣੀ ਸਾਫ ਸੀ। ਇਹ ਨਹਿਰ ਬੜੀ ਦੂਰ ਪੈਂਦੀ ਸੀ। ਫਿਰ ਪਾਣੀ ਲਿਆਉਣ ਲਈ ਭਾਂਡਾ ਵੀ ਕੋਈ ਨਹੀਂ ਸੀ। ਏਡੇ ਵਡੇ ਕੈਂਪ ਵਿਚ ਪਿੰਡ ਦੇ ਕਿਸੇ ਸ਼ਰੀਕੇ ਦੇ ਬੰਦੇ ਜਾਂ ਤਾਏ ਚਾਚਿਆਂ ਨੂੰ ਲਭਨਾ ਵੀ ਬੜਾ ਮੁਸ਼ਕਲ ਹੋ ਗਿਆ ਸੀ। ਹਰ ਇਕ ਨੂੰ ਆਪੋ ਆਪਣੀ ਪਈ ਸੀ ਤੇ ਹਰ ਕੋਈ ਕੈਂਪ ਦੇ ਇਸ ਨਰਕ ਵਿਚੋਂ ਜ਼ਿੰਦਾ ਬਚ ਕੇ ਛੇਤੀ ਤੋਂ ਛੇਤੀ ਹਿੰਦੋਸਤਾਨ ਪਹੁੰਚਣਾ ਚਹੁੰਦਾ ਸੀ। ਕਦੀ ਕਦੀ ਇਕ ਦੋ ਟਰੱਕ ਜਾਂ ਇਕ ਦੋ ਗੱਡੀਆਂ ਆਉਂਦੀਆਂ ਪਰ ਉਹਨਾਂ ਵਿਚ ਚੜ੍ਹਨਾ ਕੋਈ ਆਸਾਨ ਕੰਮ ਨਹੀਂ ਸੀ। ਕਈ ਲੋਕ ਗਡੀ ਚੜ੍ਹਦਿਆਂ ਧਕਮ ਧਕੇ ਤੇ ਬਹੁਤ ਜ਼ਿਆਦਾ ਭੀੜ ਹੋਣ ਕਰ ਕੇ ਮਾਰੇ ਜਾਂਦੇ ਸਨ ਤੇ ਉਹਨਾਂ ਦੀਆਂ ਲਾਸ਼ਾਂ ਬਾਹਰ ਸੁਟ ਦਿਤੀਆਂ ਜਾਂਦੀਆਂ ਸਨ। ਬਜ਼ੁਰਗਾਂ ਨੂੰ ਗਡੀ ਚੜ੍ਹਾਉਣਾ ਬੜਾ ਮੁਸ਼ਕਲ ਸੀ। ਇਕ ਦਿਨ ਤਾਇਆ ਸੰਤਾ ਸਿਹੁੰ ਤੇ ਭਾਊ ਤਾਰਾ ਸਿੰਘ ਕੈਂਪ ਵਿਚ ਮਿਲ ਗਏ। ਉਹਨਾਂ ਤੋਂ ਪਤਾ ਲਗਾ ਕਿ ਨਿਜ਼ਾਮਪੁਰ ਵਾਲਾ ਭਾਈਆ ਭਗਵਾਨ ਸਿੰਘ ਤੇ ਬੀਬੀ ਜੀਤ ਕੌਰ ਦਾ ਟੱਬਰ ਕੈਂਪ ਦੀ ਉੱਤਰੀ ਬਾਹੀ ਲਾਗੇ ਬੈਠੇ ਹਨ ਅਤੇ ਪਿੰਡੋਂ ਆਪਣਾ ਗੱਡਾ ਤੇ ਕੁਝ ਸਾਮਾਨ ਵੀ ਲੈ ਆਏ ਹਨ। ਭਾਊ ਤਾਰਾ ਸਿੰਘ ਕਹਿਣ ਲਗਾ ਕਿ ਹਿੰਦੋਸਤਾਨ ਵਿਚੋਂ ਕਿਸੇ ਕਿਸੇ ਦਿਨ ਗੱਡੀ ਸੱਚਾ ਸੌਦਾ ਸਟੇਸ਼ਨ ਤੇ ਆਉਂਦੀ ਹੈ ਤੇ ਜੇ ਆਪਾਂ ਰੇਲਵੇ ਲਾਈਨ ਦੇ ਲਾਗੇ ਜਾ ਕੇ ਬਹਿ ਜਾਈਏ ਤਾਂ ਗਡੀ ਵਿਚ ਚੜ੍ਹਨਾ ਸੌਖਾ ਹੋ ਜਾਵੇਗਾ। ਬਾਪੂ ਨੂੰ ਉਹਨਾਂ ਦੀ ਸਕੀਮ ਠੀਕ ਲੱਗੀ ਤੇ ਅਸੀਂ ਰੇਲਵੇ ਲਾਈਨ ਦੇ ਲਾਗੇ ਡੇਰਾ ਲਾਉਣ ਦਾ ਇਰਾਦਾ ਕਰ ਲਿਆ। ਮੈਂ ਤੇ ਭਾਊ ਤਾਰਾ ਸਿੰਘ ਜੋ ਮੈਥੋਂ ਉਮਰ ਵਿਚ ਕਾਫੀ ਵਡਾ ਸੀ, ਰੇਲਵੇ ਲਾਈਨ ਲਾਗੇ ਕੋਈ ਥਾਂ ਵੇਖਣ ਗਏ ਪਰ ਓਥੇ ਤਾਂ ਸੂਈ ਰਖਣ ਨੂੰ ਵੀ ਥਾਂ ਨਹੀਂ ਸੀ। ਕੁਰਬਲ ਕੁਰਬਲ ਕਰਦੇ ਕੀੜੇ ਮਕੌੜਿਆਂ ਵਾਂਗ ਲੋਕ ਛੇਤੀ ਹਿੰਦੋਸਤਾਨ ਪਹੁੰਚਣ ਦੀ ਆਸ ਵਿਚ ਰੇਵੇ ਲਾਈਨ ਦੇ ਆਸ ਪਾਸ ਤੇ ਦੂਰ ਦੂਰ ਤਕ ਥਾਂ ਮੱਲੀ ਬੈਠੇ ਸਨ। ਇਸ ਲਈ ਫੈਸਲਾ ਹੋਇਆ ਕਿ ਜਿਥੇ ਟਰੱਕ ਆਉਂਦੇ ਸਨ, ਓਥੇ ਕੋਈ ਟਿਕਾਣਾ ਵੇਖਿਆ ਜਾਵੇ। ਇਹ ਥਾਂ ਚੂਹੜਕਾਣੇ ਵਾਲੀ ਨਹਿਰ ਦੇ ਲਾਗੇ ਸੀ ਜਿਥੇ ਹਿੰਦੋਸਤਾਨੀ ਫੌਜ ਦੇ ਕੁਝ ਸਿਪਾਹੀਆਂ ਦਾ ਟਿਕਾਣਾ ਵੀ ਸੀ ਜਿਨ੍ਹਾਂ ਕੋਲ ਬੰਦੂਕਾਂ ਸਨ ਜੋ ਉਹ ਕੈਂਪ ਵਿਚ ਆਏ ਸ਼ਰਨਾਰਥੀਆਂ ਦੀ ਹਿਫਾਜ਼ਤ ਲਈ ਵਰਤਦੇ ਸਨ। ਉਹਨਾਂ ਨੇ ਸਾਨੂੰ ਇਕ ਵਡੇ ਦਰਖਤ ਹੇਠਾਂ ਬੈਠਣ ਲਈ ਥਾਂ ਦੇ ਦਿਤੀ। ਕਦੀ ਕਦੀ ਲੋਹੇ ਚੀਨੀ ਦੇ ਕੱਪਾਂ ਵਿਚ ਚਾਹ ਵੀ ਪਿਆ ਦੇਂਦੇ। ਇਥੇ ਜਦ ਕਦੀ ਕੋਈ ਟਰੱਕ ਆਉਂਦਾ ਪਰ ਅੱਖ ਦੀ ਫੁਰਤੀ ਵਿਚ ਭਰ ਜਾਂਦਾ ਤੇ ਅਸੀਂ ਓਸ ਵਿਚ ਸਵਾਰ ਨਾ ਹੋ ਸਕਦੇ। ਸਭ ਦੇ ਹੌਸਲੇ ਤੇ ਲੱਕ ਟੁੱਟੇ ਹੋਏ ਸਨ ਤੇ ਹਿੰਮਤ ਜਵਾਬ ਦੇ ਚੁਕੀ ਸੀ। ਬਾਪੂ ਦੀਆਂ ਅਖਾਂ ਠੀਕ ਹੋਣ ਵਿਚ ਨਹੀਂ ਆ ਰਹੀਆਂ ਸਨ। ਦਵਾ ਦਾਰੂ ਦਾ ਕੋਈ ਇੰਤਜ਼ਾਮ ਤਾਂ ਕਿਧਰੇ ਰਿਹਾ, ਮਰ ਗਿਆਂ ਲਈ ਫੂਕਣ ਦਾ ਵੀ ਕੋਈ ਇਤੰਜ਼ਾਮ ਨਹੀਂ ਸੀ

ਤੁਰੇ ਫਿਰਦਿਆਂ ਮੈਂ ਇਕ ਦਿਨ ਕੈਂਪ ਵਿਚ ਭਾਈਏ ਭਗਵਾਨ ਸਿੰਘ ਤੇ ਵਡੀ ਭੈਣ ਬੀਬੀ ਜੀਤ ਕੌਰ ਨੂੰ ਲਭ ਲਿਆ। ਉਹਨਾਂ ਨੇ ਗੱਡੇ ਦਾ ਅਗਲਾ ਪਾਸਾ ਉਚਾ ਕਰ ਕੇ ਛਾਂ ਬਣਾਈ ਹੋਈ ਸੀ ਤੇ ਉਤੇ ਖੇਸ ਤਾਣੇ ਹੋਏ ਸਨ। ਕੈਂਪ ਵਿਚ ਗੱਡੇ ਜੋ ਕੇ ਪਹੁੰਚੇ ਕਾਫਲੇ ਰਾਹੀਂ ਪੁਜਣ ਕਾਰਨ ਉਹਨਾਂ ਕੋਲ ਸਾਮਾਨ ਵੀ ਜ਼ਿਆਦਾ ਸੀ। ਭਾਈਏ ਹੁਰੀਂ ਚਾਰ ਜਵਾਨ ਭਰਾ ਹੋਣ ਕਾਰਨ ਤਕੜੇ ਵੀ ਸਨ ਤੇ ਅਜੇ ਉਹਨਾਂ ਦਾ ਪਿਓ ਮਾਸੜ ਹਰਦਿਤ ਸਿੰਘ ਵੀ ਅਜੇ ਚੰਗ ਭਲਾ ਪਿਆ ਸੀ। ਉਹ ਆਪਣੇ ਗੱਡਿਆਂ ਤੇ ਹੀ ਹਿੰਦੋਸਤਾਨ ਜਾਣ ਦੀ ਸੋਚ ਰਹੇ ਸਨ ਪਰ ਰਸਤੇ ਵਿਚ ਹਮਲਾਆਵਰਾਂ ਦਾ ਡਰ ਏਨਾ ਜ਼ਿਆਦਾ ਸੀ ਕਿ ਵਡੇ ਕਾਫਲੇ ਬਗੈਰ ਜਾਣਾ ਬੜਾ ਮੁਸ਼ਕਲ ਸੀ। ਉਹਨਾਂ ਦਾ ਖਿਆਲ ਸੀ ਕਿ ਅਮ੍ਰਿਤਸਰ ਪਹੁੰਚ ਕੇ ਆਪਣੇ ਪੁਰਾਣੇ ਪਿੰਡ ਨਿਜਮ੍ਹਾਪੁਰ ਚਲੇ ਜਾਵਾਂਗੇ ਜਿਥੇ ਉਹਨਾਂ ਦੀ ਪੁਰਾਣੀ ਥੋੜ੍ਹੀ ਜਹੀ ਜ਼ਮੀਨ ਵੀ ਸੀ ਅਤੇ ਪੁਰਾਣਾ ਨਿੱਕਾ ਜਿਹਾ ਕੱਚਾ ਘਰ ਵੀ ਸੀ। ਅਮ੍ਰਿਤਸਰੋਂ ਚੌਕ ਮਹਿਤੇ ਨੂੰ ਜਾਂਦਿਆਂ ਨੌਂ ਕੁ ਮੀਲ ਦੂਰ ਇਹ ਪਿੰਡ ਫਤਹਿਪੁਰ ਰਾਜਪੂਤਾਂ ਸਜੇ ਤੇ ਇਹ ਖਬੀ ਵੱਖੀ ਵਿਚ ਪੈਂਦਾ ਸੀ।

ਭੈਣ ਮੈਨੂੰ ਗਲਵਕੜੀ ਵਿਚ ਲੈ ਕੇ ਰੋਣ ਲਗ ਪਈ। ਫਿਰ ਓਸ ਮੇਰੇ ਲਈ ਦੋ ਰੋਟੀਆਂ ਪਕਾਈਆਂ ਤੇ ਦੇਸੀ ਘਿਓ ਨਾਲ ਚੋਪੜ ਕੇ ਅਧਾ ਕੁ ਚਮਚਾ ਦੇਸੀ ਘਿਓ ਦਾ ਦਾਲ ਵਿਚ ਪਾ ਕੇ ਮੇਰੇ ਅਗੇ ਖਾਣ ਲਈ ਰਖ ਦਿਤਾ। ਭਾਈਆ ਜੋ ਅਕਸਰ ਮੈਨੂੰ ਬਹੁਤ ਪਿਆਰ ਕਰਿਆ ਕਰਦਾ ਸੀ, ਉਹਦੇ ਪਿੰਡ ਗਿਆਂ ਆਉਣ ਨਹੀਂ ਦਿੰਦਾ ਸੀ, ਬੜੇ ਗੁਸੇ ਨਾਲ ਮੇਰੀ ਭੈਣ ਵੱਲ ਵੇਖ ਰਿਹਾ ਸੀ। ਉਜਾੜੇ ਚੋਂ ਪੈਦਾ ਹੋਈ ਤੰਗਦਸਤੀ ਦੇ ਇਸ ਮੌਕੇ ਤੇ ਜਦੋਂ ਕਿਤੋਂ ਪਾਣੀ ਵੀ ਪੀਣ ਲਈ ਨਹੀਂ ਮਿਲਦਾ ਸੀ, ਉਹਨੇ ਆਪਣੇ ਨਿਕੇ ਵੀਰ ਨੂੰ ਚੋਪੜੀ ਰੋਟੀ ਤੇ ਦਾਲ ਵਿਚ ਘਿਓ ਪਾ ਕੇ ਦੇ ਦਿਤਾ ਸੀ। ਗੁੱਸੇ ਵਿਚ ਆ ਕੇ ਉਹਨੇ ਉਹਦੇ ਲੱਕ ਵਿਚ ਲੱਤ ਮਾਰੀ ਤੇ ਉਹ ਡਿਗ ਪਈ। ਸਤੰਬਰ 1947 ਦੇ ਬੇਘਰੇ ਜੀਵਨ ਦੇ ਦਿਨਾਂ ਦੌਰਾਨ ਭਾਈਏ ਨੂੰ ਇਸ ਤਰ੍ਹਾਂ ਦਾ ਚੜ੍ਹਿਆ ਗੁੱਸਾ ਨਾ ਮੈਂ ਉਸ ਦਿਨ ਤੋਂ ਪਹਿਲਾਂ ਕਦੇ ਵੇਖਿਆ ਸੀ ਤੇ ਨਾ ਹੀ ਕਦੇ ਪਿਛੋਂ ਵੇਖਿਆ ਪਰ ਇਸ ਘਟਨਾ ਨੂੰ ਨਾ ਮੈਂ ਹੀ ਸਾਰੀ ਉਮਰ ਭੁੱਲ ਸਕਿਆ ਅਤੇ ਨਾ ਹੀ ਮੇਰੀ ਵਡੀ ਭੈਣ। ਬੁਰੇ ਦਿਨ ਕਿਸੇ ਬੰਦੇ ਦਾ ਸਾਰਾ ਸੰਤੁਲਨ ਕਿਵੇਂ ਖਰਾਬ ਕਰ ਦੇਂਦੇ ਹਨ। ਬੇ ਘਰੇ ਹੋਣ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਸੱਚੇ ਸੌਦੇ ਕੈਂਪ ਵਿਚ ਹੋਏ ਇਸ ਵਤੀਰੇ ਪਿਛੋਂ ਇਸ ਤਰ੍ਹਾਂ ਦੇ ਹੋਰ ਸੱਚ ਵੇਖਣ ਲਈ ਅਜੇ ਸਾਰੀ ਉਮਰ ਬਾਕੀ ਪਈ ਸੀ।

ਬੜੀ ਹਿੰਮਤ ਕਰ ਕੇ ਇਕ ਦਿਨ ਅਸੀਂ ਰੇਲਵੇ ਲਾਈਨ ਦੇ ਲਾਗੇ ਥਾਂ ਲਭਨ ਵਿਚ ਕਾਮਯਾਬ ਹੋ ਗਏ ਤੇ ਓਸ ਗੱਡੀ ਦਾ ਇੰਤਜ਼ਾਰ ਕਰਨ ਲਗੇ ਜਿਸ ਵਿਚ ਚੜ੍ਹ ਕੇ ਹਿੰਦੋਸਤਾਨ ਪਹੁੰਚਣਾ ਸੀ। ਜਦੋਂ ਕੋਈ ਗਡੀ ਲੰਘਦੀ ਤਾਂ ਲੋਕ ਭਜ ਕੇ ਗਡੀ ਵਿਚ ਚੜ੍ਹਨ ਲਈ ਰੇਲਵੇ ਲਾਈਨ ਦੇ ਵਧ ਤੋਂ ਵਧ ਨੇੜੇ ਹੋਣ ਦੀ ਕੋਸ਼ਿਸ਼ ਕਰਦੇ। ਕਈ ਵਾਰ ਗਡੀ ਨਾ ਰੁਕਦੀ ਤੇ ਅਗੇ ਲੰਘ ਜਾਂਦੀ। ਕਈ ਗਡੀਆਂ ਭਾਰਤ ਦੇ ਮੁਸਲਮਾਨਾਂ ਨੂੰ ਲੈ ਕੇ ਆ ਰਹੀਆਂ ਹੁੰਦੀਆਂ ਤੇ ਕੈਂਪ ਲਾਗਿਓਂ ਲੰਘਦਿਆਂ ਉਹ ਅੱਲਾ ਹੂ ਅਕਬਰ ਦੇ ਉਚੀ ਉਚੀ ਨਾਅਰੇ ਮਾਰਦੇ ਤੇ ਲਾਈਨ ਲਾਗੇ ਹਿੰਦੂ ਸਿੱਖਾਂ ਵੱਲ ਮੂੰਹ ਕਰ ਕੇ ਥੁਕਦੇ। ਕਈ ਮਾਲ ਗਡੀਆਂ ਲੰਘਦੀਆਂ ਜੋ ਸੱਚਾ ਸੌਦਾ ਸਟੇਸ਼ਨ ਤੇ ਖੜ੍ਹੀਆਂ ਨਾ ਹੁੰਦੀਆਂ। ਇਹ ਬੜੀ ਅਵਾਜ਼ਾਰੀ ਤੇ ਲਾਚਾਰੀ ਦੇ ਦਿਨ ਸਨ ਜਿਸ ਵਿਚ ਪਲ ਵਿਚ ਹੀ ਕੀ ਹੋ ਜਾਣਾ ਹੈ, ਕੋਈ ਪਤਾ ਨਹੀਂ ਸੀ। ਇਕ ਦਿਨ ਇਕ ਗਡੀ ਆਈ ਤੇ ਓਸ ਨੇ ਕੈਂਪ ਕੋਲੋਂ ਲੰਘਦਿਆਂ ਆਪਣੀ ਰਫਤਾਰ ਮਠੀ ਕਰ ਲਈ। ਲੋਕ ਇਸ ਖਿਆਲ ਨਾਲ ਕਿ ਗਡੀ ਰੁਕਦਿਆਂ ਹੀ ਚੜ੍ਹ ਜਾਵਾਂਗੇ, ਵਾਹੋ ਦਾਹੀ ਗਡੀ ਵੱਲ ਨੂੰ ਭਜੇ ਪਰ ਗਡੀ ਵਿਚ ਸਵਾਰ ਬਲੋਚ ਮਿਲਟਰੀ ਨੇ ਕੈਂਪ ਤੇ ਅੰਧਾ ਧੁੰਦ ਗੋਲੀਆਂ ਦੀ ਬੁਛਾੜ ਕਰ ਦਿਤੀ। ਕੁਝ ਮਿੰਟਾਂ ਸਕਿੰਟਾਂ ਵਿਚ ਹੀ ਹਜ਼ਾਰਾਂ ਲੋਕ ਮਾਰੇ ਤੇ ਜ਼ਖਮੀ ਹੋ ਗਏ। ਕਈ ਪਸ਼ੂਆਂ ਦੇ ਗੋਲੀਆਂ ਲਗੀਆਂ ਤੇ ਉਹ ਵੀ ਮਰ ਗਏ। ਦੋ ਜਨਾਨੀਆਂ ਚੱਕੀ ਪੀਹ ਰਹੀਆਂ ਸਨ ਤਾਂ ਗੋਲੀਆਂ ਉਹਨਾਂ ਦੋਹਾਂ ਨੂੰ ਚੀਰ ਕੇ ਅਗੇ ਤਕ ਲੰਘ ਗਈ। ਇਕ ਚੱਕੀ ਦੇ ਪੁੜਾਂ ਵਿਚ ਲੱਗੀਆਂ ਗੋਲੀਆਂ ਨਾਲ ਚੱਕੀ ਦੇ ਪੁੜ ਪਾਟ ਗਏ। ਸਾਰੇ ਕੈਂਪ ਵਿਚ ਹਾਹਾਕਾਰ ਮਚ ਗਈ। ਅਸੀਂ ਰੇਲਵੇਂ ਲਾਈਨ ਤੋਂ ਬਹੁਤੀ ਦੂਰ ਨਹੀਂ ਬੈਠ ਸਾਂ। ਇਹ ਰੱਬ ਦਾ ਭਾਣਾ ਸੀ ਕਿ ਸਾਡੇ ਆਸੇ ਪਾਸੇ ਗੋਲੀਆਂ ਲੱਗਣ ਨਾਲ ਅਨੇਕਾਂ ਲੋਕ ਮਰੇ ਪਏ ਸਨ ਤੇ ਕਈ ਜ਼ਖਮੀ ਹੋਏ ਕਰਾਹ ਰਹੇ ਸਨ ਪਰ ਅਸੀਂ ਬਚ ਗਏ ਸਾਂ।

## ਟਰੇਨ ਟੂ ਹਿੰਦੋਸਤਾਨ

ਸੱਚਾ ਸੌਦਾ ਕੈਂਪ ਵਿਚ ਹੀ ਇਕ ਦਿਨ ਬੂਟਾ ਜਾਲੀ ਮਿਲ ਗਿਆ ਜਿਸਦਾ ਸਾਡੇ ਛਡ ਆਏ ਪਿੰਡ ਨਵਾਂ ਪਿੰਡ ਚੱਕ ਨੰਬਰ 78 ਵਿਚ ਭੇਡਾਂ ਅਤੇ ਬੱਕਰੀਆਂ ਦਾ ਵਾੜਾ ਸੀ। ਨਿੱਕਾ ਹੁੰਦਾ ਕਈ ਵਾਰ ਮੈਂ ਭੇਡਾਂ ਦੀ ਮੈਂ ਮੈਂ ਤੇ ਬੱਕਰੀਆਂ ਦੇ ਮਮਿਆਉਣ

ਦੀਆਂ ਆਜ਼ਵਾਂ ਸੁਣਨ ਲਈ ਬੂਟੇ ਜਾਲੀ ਦੇ ਵਾੜੇ ਵਿਚ ਜ਼ਰੂਰ ਜਾਂਦਾ ਹੁੰਦਾ ਸਾਂ। ਭੇਡਾਂ ਦੇ ਛੱਤਰਿਆਂ ਅਤੇ ਬੱਕਰੀਆਂ ਦੇ ਪਠੋਰਿਆਂ ਅਤੇ ਲੇਲਿਆਂ ਦੀਆਂ ਕੂਲੀਆਂ ਕੰਡਾਂ ਤੇ ਹਥ ਫੇਰ ਕੇ ਮੈਨੂੰ ਬੜਾ ਸਵਾਦ ਆਉਂਦਾ। ਕਈ ਵਾਰ ਬੂਟਾ ਜਾਲੀ ਮੇਰੇ ਮੂੰਹ ਵਿਚ ਬਕਰੀ ਦੇ ਥਣਾਂ ਵਿਚੋਂ ਦੁਧ ਦੀਆਂ ਧਾਰਾਂ ਵੀ ਮਾਰਦਾ ਪਰ ਮੈਨੂੰ ਇਹ ਦੁਧ ਖਾਰਾ ਲਗਦਾ। ਇਹ ਧਾਰਾਂ ਕਈ ਵਾਰ ਮੇਰੀਆਂ ਅੱਖਾਂ ਵਿਚ ਵੀ ਵੱਜ ਜਾਂਦੀਆਂ ਪਰ ਬੂਟਾ ਜਾਲੀ ਕਹਿੰਦਾ ਇਹ ਚੰਗੀਆਂ ਹਨ, ਇਸ ਨਾਲ ਅਖਾਂ ਦੁਖਣ ਨਹੀਂ ਔਂਦੀਆਂ। ਲੋਕੀਂ ਅਖਾਂ ਦੁਖਣ ਤੇ ਕਈ ਵਾਰ ਬੱਕਰੀ ਦੇ ਦੁੱਧ ਵਿਚ ਫੇਹੇ ਭਿਓਂ ਭਿਓਂ ਕੇ ਵੀ ਅਖਾਂ ਤੇ ਬੰਨ੍ਹਦੇ ਜਾਂ ਇਸ ਦੀਆਂ ਪੱਟੀਆਂ ਕਰਦੇ ਹਨ। ਇਕ ਮਾਰੂ ਪਠੋਰੇ ਨਾਲ ਬੂਟਾ ਜਾਲੀ ਮੇਰਾ ਸਿਰ ਭੜਾਉਂਦਾ ਤੇ ਕਹਿੰਦਾ ਕਿ ਇਸ ਨਾਲ ਮੇਰਾ ਮਥਾ ਮਜ਼ਬੂਤ ਹੋ ਜਾਵੇਗਾ ਤੇ ਜ਼ਿੰਦਗੀ ਵਿਚ ਜੇ ਮੈਂ ਕਿਸੇ ਦੇ ਟੱਕਰ ਮਾਰਾਂਗਾ ਤਾਂ ਮੇਰੇ ਸਿਰ ਨੂੰ ਕੁਝ ਨਹੀਂ ਹੋਵੇਗਾ। ਦੂਰੋਂ ਪਠੋਰਾ ਭੱਜ ਕੇ ਆਉਂਦਾ ਤੇ ਅਗੋਂ ਮੈਂ ਉਹਦੇ ਅਗੇ ਆਪਣਾ ਮਥਾ ਕਰ ਦੇਂਦਾ। ਅਸੀਂ ਇਕ ਦੂਜੇ ਨਾਲ ਮਥੇ ਭੜਾਉਂਦੇ। ਜਦ ਇਸ ਗੱਲ ਦਾ ਪਤਾ ਮੇਰੀ ਮਾਂ ਨੂੰ ਲੱਗਾ ਤਾਂ ਉਸ ਨੇ ਬੂਟੇ ਜਾਲੀ ਨੂੰ ਉਲ੍ਹਾਮਾ ਦਿਤਾ ਕਿ ਬੂਟਿਆ ਮੇਰੇ ਪੋਹ ਜਿਹੇ ਮੁੰਡੇ ਦਾ ਮਥਾ ਪਠੋਰਿਆਂ ਨਾਲ ਭਿੜਾਉਂਦਾ ਏਂ, ਜੇ ਇਹਦਾ ਮਥਾ ਪਾਟ ਗਿਆ ਤਾਂ ਫਿਰ ਕੀ ਹੋਵੇਗਾ। ਪਰ ਮੈਂ ਵੇਖਿਆ ਮੇਰਾ ਹਾਣ ਦੇ ਮੁੰਡੇ ਅਕਸਰ ਬੂਟੇ ਜਾਲੀ ਦੇ ਵਾੜੇ ਵਿਚ ਜਾ ਕੇ ਪਠੋਰਿਆਂ ਨਾਲ ਮਥੇ ਭਿੜਾਉਣ ਤੇ ਟੱਕਰਾਂ ਮਾਰਨੀਆਂ ਸਿਖਦੇ ਸਨ। ਵਡੀ ਉਮਰ ਦੇ ਕਈ ਮੁੰਡੇ ਜੋ ਭਲਵਾਨ ਬਨਣਾ ਚਹੁੰਦੇ ਸਨ, ਉਹ ਕਈ ਵਾਰ ਵਡੇ ਬੋਕ ਜਿਨ੍ਹਾਂ ਦੇ ਗਲਾਂ ਚੋਂ ਲੂਲ੍ਹਾਂ ਲਮਕ ਰਹੀਆਂ ਹੁੰਦੀਆਂ, ਨਾਲ ਵੀ ਮਥੇ ਭੜਾਉਂਦੇ ਸਨ। ਮਲ੍ਹਿਆਂ, ਬੇਰੀਆਂ, ਤੂਤਾਂ ਤੇ ਕਿੱਕਰਾਂ ਛਾਂਗਣ ਵਾਲੇ ਲੰਮੇ ਢਾਂਗੇ ਨਾਲ ਜਿਸ ਦੇ ਅਗੇ ਦਾਤਰ ਲਗਾ ਹੁੰਦਾ, ਬੂਟਾ ਜਾਲੀ ਰੁੱਖਾਂ ਦੀਆਂ ਕੂਲੀਆਂ ਕਰੂੰਬਲਾਂ ਛਾਂਗ ਕੇ ਬੱਕਰੀਆਂ ਤੇ ਭੇਡਾਂ ਨੂੰ ਚਰਨ ਲਈ ਦੇਂਦਾ। ਕਿੱਕਰਾਂ ਦੀਆਂ ਬਚੀਆਂ ਟਾਹਣੀਆਂ ਦੀਆਂ ਅਸੀਂ ਦਾਤਣਾਂ ਬਣਾ ਲੈਂਦੇ। ਉਹਦਾ ਇੱਜੜ ਅਕਸਰ ਸਾਡੇ ਮੁਰੱਬੇ ਦੇ ਨਾਲ ਲਗਦੇ ਖਤਾਨਾਂ ਵਿਚ ਚਰਦਾ ਰਹਿੰਦਾ ਤੇ ਗਰਮੀਆਂ ਵਿਚ ਕਈ ਵਾਰ ਮੈਂ ਵੀ ਆਪਣੀਆਂ ਮਝਾਂ ਦਾ ਵੱਗ ਉਹਦੇ ਇੱਜੜ ਨਾਲ ਰਲਾ ਕੇ ਚਾਰਿਆ ਕਰਦਾ ਸਾਂ ਤੇ ਦੋਪਿਹਰਾਂ ਨੂੰ ਅਸੀਂ ਵਡੀ ਨਹਿਰ ਚੋਂ ਨਿਕਲੀ ਨਿਕੀ ਨਹਿਰ ਦੇ ਕੰਢੇ ਜਿਥੋਂ ਸਾਡੇ ਮੁਰੱਬਿਆਂ ਨੂੰ ਮੋਘਾ ਨਿਕਲਦਾ ਸੀ, ਇਕ ਵਡੀ ਟਾਹਲੀ ਦੀ ਛਾਵੇਂ ਵੱਗ ਬਹਾ ਕੇ ਬਕਰੀ ਦੇ ਦੁੱਧ ਵਾਲੀ ਗੁੜ ਦੀ ਚਾਹ ਬਣਾ ਕੇ ਪੀਆ ਕਰਦੇ ਸਾਂ। ਲਾਗੇ ਦੇ ਖੇਤ ਚੋਂ ਤਾਏ ਦੇ ਬੀਜੇ ਹਦਵਾਣੇ ਵੀ ਤੋੜ ਕੇ ਖਾ ਜਾਂਦੇ ਭਾਵੇਂ ਇਹ ਹਦਵਾਣੇ ਧੁੱਪ ਨਾਲ ਤਪੇ ਹੋਏ ਹੁੰਦੇ ਅਤੇ ਪਕੇ ਨਾ ਹੋਣ ਕਰ ਕੇ ਅੰਦਰੋਂ ਲਾਲ ਵੀ ਨਾ ਹੋਏ ਹੁੰਦੇ।

ਬੂਟੇ ਜਾਲੀ ਦਾ ਵਿਆਹ ਨਹੀਂ ਹੋਇਆ ਸੀ ਪਰ ਬੱਕਰੀਆਂ ਦੇ ਦੁੱਧ ਅਤੇ ਭੇਡਾਂ ਦੀ ਉਨ ਦੀ ਉਹਨੂੰ ਚੰਗੀ ਕਮਾਈ ਸੀ। ਜਿਨ੍ਹੀਂ ਦਿਨੀਂ ਉਹਨੇ ਕੋਈ ਭੇਡ ਮੁੰਨਣੀ ਹੁੰਦੀ ਤਾਂ ਉਹ ਭੇਡ ਨੂੰ ਢਾਹ ਕੇ ਉਹਦੀ ਉਨ ਲਹੁੰਦਾ ਤੇ ਅਸੀਂ ਭੇਡ ਦੀਆਂ ਚੀਕਾਂ ਤੇ ਅੜਾਟ ਸੁਣਨ ਲਈ ਵਾੜੇ ਦੇ ਬਾਹਰਲੀ ਕੰਧ ਲਾਗੇ ਖੜ੍ਹੇ ਵੇਖਦੇ ਹੁੰਦੇ। ਕਈ ਵਾਰ ਉਹ ਸਾਡੇ ਘਰ ਆ ਕੇ ਰੋਟੀ ਖਾ ਜਾਂਦਾ। ਕੈਂਪ ਵਿਚ ਉਹ ਵੀ ਸਾਡੇ ਵਾਂਗ ਤਿੰਨਾਂ ਕਪੜਿਆਂ ਵਿਚ ਹੀ ਤੁਰਿਆ ਫਿਰਦਾ ਸੀ ਤੇ ਜਦ ਸਾਨੂੰ ਮਿਲ ਗਿਆ ਤਾਂ ਬੜਾ ਖੁਸ਼ ਹੋਇਆ ਤੇ ਕਹਿਣ ਲੱਗਾ ਚੰਗਾ ਹੋਇਆ ਕਿ ਆਪਣੇ ਪਿੰਡ ਦਾ ਕੋਈ ਵਾਕਫਕਾਰ ਤਾਂ ਮਿਲ ਗਿਆ। ਉਸਦਾ ਹਿੰਦੋਸਤਾਨ ਵਿਚ ਕੋਈ ਨਹੀਂ ਸੀ ਤੇ ਉਹਨੂੰ ਇਹ ਵੀ ਪਤਾ ਨਹੀਂ ਸੀ ਕਿ ਕਿਥੇ ਜਾਣਾ ਹੈ। ਉਹ ਸਾਡੇ ਲਾਗੇ ਹੀ ਟਿਕ ਗਿਆ ਤੇ ਕਦੀ ਕਦੀ ਸਿੱਖਾਂ ਦੇ ਛਡੇ ਲਾਗਲੇ ਪਿੰਡਾਂ ਵਿਚ ਉਹਨਾਂ ਪਿੰਡਾਂ ਦੇ ਕੈਂਪ ਵਿਚ ਆ ਕੇ ਟਿਕੇ ਸਿੱਖ ਗਭਰੂਆਂ ਨਾਲ ਜਾ ਕੇ ਰੋਟੀਆਂ ਪਕਵਾ ਲਿਆਉਂਦਾ। ਓਸ ਪਿੰਡ ਦੇ ਮੁਸਲਮਾਨ ਕਮੀ ਕਮੀਨ ਅਜੇ ਵੀ ਪਿੰਡਾਂ ਵਿਚੋਂ ਉਜੜ ਕੇ ਜਾ ਚੁਕੇ ਸਰਦਾਰਾਂ ਦਾ ਬੜਾ ਮਾਣ ਕਰਦੇ ਸਨ ਤੇ ਉਹਨਾਂ ਨੂੰ ਥੱਬਾ ਰੋਟੀਆਂ ਦਾ ਪਕਾ ਕੇ ਤੇ ਉੱਤੇ ਆਚਾਰ ਰਖ ਕੇ ਜਾਂ ਕੋਈ ਸਲੂਣਾ ਜਾਂ ਦਾਲ ਬਣਾ ਕੇ ਦੇ ਦੇਂਦੇ ਸਨ। ਕਈ ਵਾਰ ਗੜਵਿਆਂ ਵਿਚ ਦੁਧ ਉਬਾਲ ਕੇ ਵੀ ਦੇ ਦੇਂਦੇ। ਇਸ ਤਰ੍ਹਾਂ ਦੀ ਰੋਟੀ ਭੁਖਿਆਂ ਨੂੰ ਕੈਂਪ ਵਿਚ ਮਿਲ ਜਾਵੇ ਤਾਂ ਹੋਰ ਕੀ ਚਾਹੀਦਾ ਸੀ।

ਇਕ ਦਿਨ ਬੂਟਾ ਜਾਲੀ ਖਬਰ ਲੈ ਕੇ ਆਇਆ ਕਿ ਅਜ ਸ਼ਾਮੀ ਸੱਚਾ ਸੌਦਾ ਸਟੇਸ਼ਨ ਤੇ ਇਕ ਗਡੀ ਆ ਰਹੀ ਹੈ ਤੇ ਉਸ ਵਿਚ ਚੜ੍ਹ ਕੇ ਹਿੰਦੋਸਤਾਨ ਜਾਣ ਵਾਲੇ ਲੋਕ ਸਟੇਸ਼ਨ ਵੱਲ ਜਾ ਰਹੇ ਹਨ। ਉਸ ਦੀ ਗੱਲ ਸੁਣ ਕੇ ਅਸੀਂ ਵੀ ਸਟੇਸ਼ਨ ਵੱਲ ਵਹੀਰਾਂ ਘਤ ਦਿਤੀਆਂ। ਏਡੇ ਵਡੇ ਇਕਠ ਜਿਸ ਵਿਚ ਕੋਈ ਰਸਤਾ ਨਹੀਂ ਸੀ, ਸਟੇਸ਼ਨ ਤਕ ਪੁਜਣਾ ਕਿਹੜਾ ਸੌਖਾ ਕੰਮ ਸੀ। ਜਦੋਂ ਅਸੀਂ ਸਟੇਸ਼ਨ ਲਾਗੇ ਪੁਜੇ ਤਾਂ ਗਡੀ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ। ਗਡੀ ਦੇ ਪਿਛਲੇ ਸਿਰੇ ਤੋਂ ਲੈ ਕੇ ਅਸੀਂ ਗਡੀ ਦੇ ਇੰਜਨ ਤਕ ਸਾਰਾ ਚੱਕਰ ਕੱਟ ਲਿਆ। ਜਦ ਕੋਈ ਥਾਂ ਨਾ ਮਿਲੀ ਤਾਂ ਬਾਪੂ ਕਹਿਣ ਲਗਾ ਕਿ ਇੰਜਨ ਅਗੇ ਬਣੇ ਛੱਜੇ ਤੇ ਬੈਠ ਜਾਂਦੇ ਹਾਂ ਤੇ ਅਸੀਂ ਇੰਜਨ ਅਗੇ ਬਣੇ ਛੱਜੇ ਤੇ ਬੈਠ ਗਏ। ਦਿਨ ਡੁਬਣ ਵਾਲਾ ਸੀ ਤੇ ਬੂਟੇ ਜਾਲੀ ਸਮੇਤ ਅਸੀਂ ਛੇ ਜਣੇ ਤਾਂ ਵਧੇ ਹੋਏ ਛੱਜੇ ਤੇ ਬੈਠ ਸਾਂ। ਏਨੇ ਵਿਚ ਕੁਝ ਹੋਰ ਬੰਦੇ ਵੀ ਸਾਡੇ ਨਾਲ ਆ ਕੇ ਬੈਠ ਗਏ ਤੇ ਕੁਝ ਓਸ ਛਾਨਣੇ ਜਹੇ ਤੇ ਬੈਠ ਗਏ ਜੋ ਰੇਲਵੇ ਲਾਈਨ ਤੋਂ ਥੋੜ੍ਹਾ ਜਿਹਾ ਹੀ ਉਚਾ ਸੀ ਪਰ ਅਸੀਂ ਤਾਂ ਉਪਰਲੇ ਹਿੱਸੇ ਵਿਚ ਬੈਠੇ ਸਾਂ ਜੋ ਕੁਝ ਸੁਰਖਿਅਤ ਸੀ ਤੇ ਏਥੇ ਹਵਾ ਵੀ ਲਗ ਰਹੀ ਸੀ। ਮੈਂ ਗਿਣਿਆ ਕਿ ਅਸੀਂ ਕੁੱਲ ਗਿਆਰਾਂ ਜਣੇ ਇੰਜਨ ਦੇ ਛਜੇ ਅਗੇ ਬੈਠੇ ਹੋਏ ਸਾਂ। ਰਾਤ ਪੈਣੀ ਸ਼ੁਰੂ ਹੋ ਗਈ ਸੀ ਪਰ ਗੱਡੀ ਚਲਣ ਦਾ ਨਾਂ ਨਹੀਂ ਲੈ ਰਹੀ ਸੀ।

ਰਾਤ ਪੈਣ ਕਰ ਕੇ ਇੰਜਨ ਦੀਆਂ ਲਾਈਟਾਂ ਵੀ ਜਗ ਪਈਆਂ ਸਨ ਜਿਸ ਨਾਲ ਅਸੀਂ ਦੂਰ ਦੂਰ ਤਕ ਵੇਖ ਸਕਦੇ ਸਾਂ ਤੇ ਸਾਨੂੰ ਵੀ ਲੋਕੀਂ ਬੜੀ ਦੂਰ ਤੋਂ ਵੇਖ ਸਕਦੇ ਸਨ।। ਕਾਫੀ ਦੇਰ ਬਾਅਦ ਗੱਡੀ ਹੌਲੀ ਹੌਲੀ ਚੱਲੀ ਤੇ ਕੋਈ ਰਾਤ ਦੇ 10 ਵਜੇ ਹੋਣਗੇ ਜਦੋਂ ਗਡੀ ਸ਼ੇਖੂਪੁਰੇ ਸਟੇਸ਼ਨ ਤੇ ਆ ਕੇ ਰੁਕ ਗਈ ਤੇ ਪੋਲੀਸ ਵੱਲੋਂ ਗੱਡੀ ਦੀ ਤਲਾਸ਼ੀ ਸ਼ੁਰੂ ਹੋ ਗਈ। ਇਸ ਗੱਡੀ ਦੇ ਨਾਲ ਥੋੜ੍ਹੇ ਜਹੇ ਗੋਰਖੇ ਸਿਪਾਹੀ ਸਨ ਜੋ ਇੰਜਨ ਦੇ ਪਿਛੇ ਲਗੇ ਮਾਲ ਗੱਡੀ ਦੇ ਗਾਰਡ ਵਾਲੇ ਡਬੇ ਵਿਚ ਮੁਸਾਫਰਾਂ ਦੀ ਰਾਖੀ ਲਈ ਤਾਇਨਾਤ ਸਨ। ਉਹਨਾਂ ਦੇ ਹਥਾਂ ਵਿਚ ਬੰਦੂਕਾਂ ਸਨ ਤੇ ਜਦ ਤਲਾਸ਼ੀ ਸ਼ੌਰੂ ਹੋਈ ਤਾਂ ਉਹਨਾਂ ਨੇ ਸਾਰੀ ਗਡੀ ਦੀ ਕਮਾਨ ਸੰਭਾਲ ਲਈ ਕਿ ਕੋਈ ਗੱਡੀ ਉਤੇ ਹਮਲਾ ਨਾ ਕਰੇ। ਇੰਜਨ ਦੇ ਅਗੇ ਬੈਠੇ ਹੋਣ ਕਰ ਕੇ ਅਸੀਂ ਦੂਰ ਦੂਰ ਤਕ ਜੰਗਲੇ ਤੋਂ ਬਾਹਰ ਖੜ੍ਹੀ ਮੁਸਲਮਾਨਾਂ ਦੀ ਭੀੜ ਨੂੰ ਦਿਸ ਰਹੇ ਸਾਂ ਜਿਨ੍ਹਾਂ ਦੇ ਹਥਾਂ ਵਿਚ ਪਥਰ ਤੇ ਹਥਿਆਰ ਦਿਸ ਰਹੇ ਸਨ। ਏਨੇ ਵਿਚ ਇਕ ਗੋਰਖਾ ਇੰਜਨ ਦੇ ਅਗੇ ਆ ਕੇ ਸਾਨੂੰ ਵੇਖ ਕੇ ਬੜਾ ਘੂਰ ਕੇ ਉਰਦੂ ਵਿਚ ਬੋਲਿਆ ਕਿ ਆਪ ਯਹਾਂ ਕੈਸੇ ਬੈਠ ਗਏ। ਇਸ ਜਗ੍ਹਾ ਤੇ ਆਪ ਮਾਰੇ ਜਾਓਗੇ। ਬਾਪੂ ਨੇ ਕਿਹਾ ਕਿ ਗਡੀ ਵਿਚ ਕਿਤੇ ਥਾਂ ਨਹੀਂ ਸੀ ਇਸ ਲਈ ਅਸੀਂ ਏਥੇ ਬੈਠ ਗਏ। ਯਿਹ ਜਗ੍ਹਾ ਬਹੁਤ ਖਤਰਨਾਕ ਹੈ। ਚਲੋ ਹਮਾਰੇ ਡਬੇ ਮੇਂ ਆ ਜਾਓ। ਅਸੀਂ ਉਹਦੇ ਗਾਰਡ ਵਾਲੇ ਡਬੇ ਵਿਚ ਚਲੇ ਗਏ ਜਿਥੇ ਅਗੇ ਪਿਛੇ ਵਧੀ ਹੋਈ ਕਾਫੀ ਥਾਂ ਸੀ ਅਤੇ ਭੀੜ ਵੀ ਕੋਈ ਨਹੀਂ ਸੀ। ਬੈਠਣ ਨੂੰ ਕਾਫੀ ਥਾਂ ਸੀ, ਏਥੋਂ ਤਕ ਕਿ ਲੇਟਿਆ ਵੀ ਜਾ ਸਕਦਾ ਸੀ। ਸਾਰੀ ਗੱਡੀ ਦੀ ਪਾਕਿਸਤਾਨੀ ਪੋਲੀਸ ਜਾਂ ਮਿਲਟਰੀ ਵੱਲੋਂ ਤਲਾਸ਼ੀ ਲੈਣ ਵਕਤ ਜਿਸ ਕੋਲ ਜੋ ਵੀ ਪੈਸਾ ਧੇਲਾ, ਟੂਮਾਂ, ਨਕਦੀ, ਚਾਕੂ, ਨੇਜ਼ਾ, ਤਲਵਾਰ, ਬੰਦੂਕ, ਪਿਸਤੌਲ, ਦਾਤੀ, ਟਕੂਏ, ਪਠਾਣੀ ਹਥਿਆਰ, ਜਾਂ ਚੰਗਾ ਕਪੜਾ ਆਦਿ ਜੋ ਕੁਝ ਵੀ ਸੀ, ਸਾਰਾ ਕੁਝ ਤਲਾਸ਼ੀ ਦੌਰਾਨ ਪੁਲਸ ਵੱਲੋਂ ਖੋਹ ਲਿਆ ਗਿਆ। ਕਿਉਂਕਿ ਇਹ ਸਾਰਾ ਮਾਲ ਪਾਕਿਸਤਾਨ ਦਾ ਸੀ।

ਜੋ ਔਰਤਾਂ ਆਪਣੀਆਂ ਬਾਹਾਂ, ਗਲ, ਨੱਕ ਜਾਂ ਕੰਨਾਂ ਵਿਚ ਪਾਏ ਗਹਿਣੇ ਜਾਂ ਹੋਰ ਨਿਕ ਸੁਕ ਲਾਹ ਕੇ ਨਹੀਂ ਦਿੰਦੀਆਂ ਸਨ, ਫੌਜੀ ਜਾਂ ਪੁਲਸ ਵਾਲੇ ਉਹ ਧੂਹ ਕੇ ਖਿਚ ਲੈਂਦੇ ਸਨ। ਇੰਜ ਪਾਕਿਸਤਾਨ ਵਿਚੋਂ ਹਿੰਦੋਸਤਾਨ ਨੂੰ ਆ ਰਹੀ ਇਸ ਗੱਡੀ ਦੇ ਮੁਸਾਫਰਾਂ ਕੋਲ ਬਚੀ ਸਾਰੀ ਪੂੰਜੀ ਉਹਨਾਂ ਨੇ ਆਪਣੇ ਕਬਜ਼ੇ ਵਿਚ ਕਰ ਲਈ। ਸਾਡੇ ਕੋਲ ਵੀ ਜੋ ਕੁਝ ਸੀ, ਅਸੀਂ ਵੀ ਉਹਨਾਂ ਨੂੰ ਦੇ ਦਿਤਾ। ਗੱਡੀ ਫਿਰ ਵੀ ਨਹੀਂ ਤੁਰ ਰਹੀ ਸੀ। ਲਗਦਾ ਸੀ ਕਿ ਹੁਣ ਗਡੀ ਵਿਚ ਸਵਾਰ ਸਾਰੇ ਮੁਸਾਫਰਾਂ ਨੂੰ ਵੱਢਣ ਦੀਆਂ ਤਿਆਰੀਆਂ ਹੋ ਰਹੀਆਂ ਸਨ। ਜੰਗਲੇ ਤੋਂ ਪਾਰ ਖੜ੍ਹੇ ਮੁਸਲਮਾਨ ਅੱਲਾ ਹੂ ਅਕਬਰ ਦੇ ਨਾਅਰੇ ਲਾ ਰਹੇ ਸਨ। ਅਸੀਂ ਭੁਖੇ ਤਿਹਾਏ ਜ਼ਿੰਦਗੀ ਅਤੇ ਮੌਤ ਦੇ ਵਿਚੁਕਾਰ ਖੜ੍ਹੇ ਸਾਂ ਕਿ ਪਤਾ ਨਹੀਂ ਕਿਸ ਘੜੀ ਸਾਡੀ ਵੱਢ ਟੁੱਕ ਸ਼ੁਰੂ ਹੋ ਜਾਣੀ ਹੈ। ਜੇ ਮਾਰ ਮਰਾਈ ਸ਼ੁਰੂ ਹੋ ਗਈ ਤਾਂ ਥੋੜ੍ਹੇ ਜਹੇ ਗੋਰਖੇ ਜੋ ਸਾਡੀ ਰਾਖੀ ਲਈ ਗੱਡੀ ਵਿਚ ਤਾਇਨਾਤ ਸਨ, ਸਾਡੀਆਂ ਜਾਨਾਂ ਬਚਾਉਣ ਲਈ ਆਟੇ ਵਿਚ ਲੂਣ ਦੇ ਬਰਾਬਰ ਸਨ।

ਖੈਰ ਕਾਫੀ ਇੰਤਜ਼ਾਰ ਮਗਰੋਂ ਗੱਡੀ ਚਲੀ ਤੇ ਲਾਹੌਰ ਆ ਕੇ ਖੜ੍ਹੀ ਹੋ ਗਈ। ਓਥੇ ਵੀ ਕਾਫੀ ਚਿਰ ਤਕ ਖੜ੍ਹੀ ਰਹੀ। ਏਥੇ ਵੀ ਲਗਾਤਾਰ ਡਰ ਬਣਿਆ ਹੋਇਆ ਸੀ ਕਿ ਕਿਸੇ ਵੇਲੇ ਵੀ ਸਾਡੀ ਵੱਢਾ ਟੁੱਕੀ ਸ਼ੁਰੂ ਹੋ ਸਕਦੀ ਹੈ। ਐਨਾ ਭਿਆਨਕ ਸਮਾਂ ਸੀ ਕਿ ਪਲ ਪਿਛੋਂ ਕੀ ਹੋ ਜਾਣਾ ਹੈ, ਇਸ ਸਹਿਮ ਵਿਚ ਸਾਹ ਚੱਲ ਰਹੇ ਸਨ। ਆਖਰ ਗੱਡੀ ਚੱਲੀ ਤੇ ਮੀਆਂ ਮੀਰ ਸਟੇਸ਼ਨ ਤੇ ਜਾ ਕੇ ਫਿਰ ਖੜ੍ਹੀ ਹੋ ਗਈ। ਓਥੇ ਵੀ ਕਾਫੀ ਦੇਰ ਖੜ੍ਹੀ ਰਹੀ। ਹਰ ਪਲ ਮੌਤ ਦਾ ਸੁਨੇਹਾ ਲੈ ਕੇ ਆ ਰਿਹਾ ਸੀ। ਏਥੋਂ ਫਿਰ ਗੱਡੀ ਵਾਪਸ ਲਾਹੌਰ ਸਟੇਸ਼ਨ ਤੇ ਲੈ ਆਂਦੀ ਗਈ। ਹੁਣ ਸਾਨੂੰ ਪੱਕਾ ਹੋ ਗਿਆ ਕਿ ਸਾਨੂੰ ਵਢਣ ਦੀ ਤਿਆਰੀ ਸ਼ੁਰੂ ਹੋਣ ਵਾਲੀ ਹੈ। ਪਰ ਕਾਫੀ ਦੇਰ ਬਾਅਦ ਗੱਡੀ ਫਿਰ ਚਲ ਪਈ। ਰਾਤ ਪੈਣ ਵੇਲੇ ਦੇ ਗਡੀ ਵਿਚ ਬੈਠੇ ਸਾਂ ਤੇ ਹੁਣ ਸਵੇਰ ਹੋਣ ਵਾਲੀ ਹੋ ਗਈ ਸੀ। ਭੁਖ ਅਤੇ ਪਿਆਸ ਨਾਲ ਲੋਕ ਨਿਢਾਲ ਹੋ ਚੁਕੇ ਸਨ। ਜਦ ਗੱਡੀ ਕਸੂਰ ਸਟੇਸ਼ਨ ਤੇ ਪੁਜੀ ਤਾਂ ਦਿਨ ਚੜ੍ਹ ਚੁਕਾ ਸੀ। ਸਟੇਸ਼ਨ ਦੇ ਜੰਗਲੇ ਦੇ ਬਾਹਰ ਮੁਸਲਮਾਨਾਂ ਦੀ ਭੀੜ ਸਾਡੇ ਵੱਲ ਵੇਖ ਰਹੀ ਸੀ। ਏਥੇ ਗੱਡੀ ਵਿਚ ਸਵਾਰ ਲੋਕਾਂ ਨੂੰ ਗੱਡੀ ਵਿਚੋਂ ਉਤਰਣ ਦੀ ਇਜਾਜ਼ਤ ਦੇ ਕੇ ਬਾਹਰ ਲਗੇ ਪਾਣੀ ਦੇ ਨਲਕਿਆਂ ਤੋਂ ਪਾਣੀ ਪਿਆਇਆ ਗਿਆ ਅਤੇ ਨਾਲ ਦੀ ਨਾਲ ਹੀ ਮੁਸਾਫਰਾਂ ਨੂੰ ਕੋਲ ਖੜ੍ਹੀ ਇਕ ਹੋਰ ਗੱਡੀ ਵਿਚ ਜਾਣ ਦਾ ਹੁਕਮ ਦਿਤਾ ਗਿਆ ਅਤੇ ਮੁਸਾਫਰ ਇਸ ਗੱਡੀ ਵਿਚੋਂ ਉਤਰ ਕੇ ਓਸ ਗੱਡੀ ਵਿਚ ਸਵਾਰ ਹੋਣ ਲਗ ਪਏ ਜਿਸ ਵਿਚ ਕਾਫੀ ਸਮਾਂ ਲਗ ਗਿਆ। ਜਿਸ ਗੱਡੀ ਵਿਚ ਅਸੀਂ ਆਏ ਸਾਂ, ਉਹ ਗੱਡੀ ਵਾਪਸ ਲਾਹੌਰ ਵੱਲ ਨੂੰ ਮੁੜ ਗਈ ਅਤੇ ਪਤਾ ਲੱਗਾ ਕਿ ਜਿਸ ਗੱਡੀ ਵਿਚ ਅਸੀਂ ਸਵਾਰ ਹੋਏ ਸਾਂ, ਇਹ ਗੱਡੀ ਹਿੰਦੋਸਤਾਨ ਵਿਚੋਂ ਆਈ ਸੀ ਤੇ ਇਸ ਗੱਡੀ ਨੇ ਇਸ ਵਿਚ ਸਵਾਰ ਮੁਸਾਫਰਾਂ ਨੂੰ ਹਿੰਦੋਸਤਾਨ ਪੁਚਾਉਣਾ ਸੀ। ਜਦ ਤਕ ਗੱਡੀ ਚਲਦੀ ਨਹੀਂ ਸੀ, ਮੌਤ ਦਾ ਡਰ ਬਦਸਤੂਰ ਸਿਰ ਤੇ ਛਾਇਅ ਹੋਇਆ ਸੀ। ਲਾਚਾਰੀ ਤੇ ਸਬਰ ਤੋਂ ਬਗੈਰ ਕੁਝ ਵੀ ਸਾਡੇ ਕੋਲ ਨਹੀਂ ਸੀ। ਹਰ ਇਕ ਨੂੰ ਆਪਣੀ ਜਾਨ ਦਾ ਫਿਕਰ ਲੱਗਾ ਹੋਇਆ ਸੀ। ਆਖਰ ਬਾਰਾਂ ਵਜੇ ਦੇ ਕਰੀਬ ਗਡੀ ਚੱਲੀ ਤੇ ਜਦ ਇਸ ਨੇ ਗੰਡਾ ਸਿੰਘ ਵਾਲਾ ਸਟੇਸ਼ਨ ਤੋਂ ਬਾਅਦ ਸਤਲੁਜ ਦਰਿਆ ਦਾ ਪੁਲ ਪਾਰ ਕੀਤਾ ਤਾਂ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਨਾਅਰੇ ਗੂੰਜਣ ਲਗੇ ਅਤੇ ਗੱਡੀ ਨੂੰ ਫਿਰੋਜ਼ਪੁਰ ਸ਼ਹਿਰ ਦੇ ਸਟੇਸ਼ਨ ਤੇ ਲਿਆ ਕੇ ਖੜ੍ਹਾ ਕਰ ਦਿਤਾ ਗਿਆ। ਇਥੇ ਪਾਕਿਸਤਾਨੋਂ ਆਈ ਇਸ ਗੱਡੀ ਦੇ ਸਾਰੇ ਸ਼ਰਨਾਰਥੀਆਂ ਨੂੰ ਲੰਗਰ ਖਾਣ ਨੂੰ ਦਿਤਾ ਗਿਆ। ਪੂੜੀਆਂ, ਛੋਲੇ, ਰੋਟੀਆਂ ਤੇ ਆਚਾਰ ਤੋਂ ਇਲਾਵਾ ਭੁਜੇ ਹੋਏ ਛੋਲਿਆਂ ਦੇ ਦਾਣੇ। ਸਾਫ ਸੁਥਰਾ ਪਾਣੀ। ਕਈ ਲੋਕ ਜੋ ਪਾਕਿਸਤਾਨ ਵਿਚੋਂ ਪਹਿਲਾਂ ਆ ਗਏ ਸਨ, ਇਸ ਗੱਡੀ ਵਿਚ ਆਏ ਲੋਕਾਂ ਵਿਚੋਂ ਆਪਣਿਆਂ ਦੀ ਪਛਾਣ ਕਰ ਰਹੇ ਸਨ।

ਇਥੋਂ ਗੱਡੀ ਚੱਲੀ ਤਾਂ ਫਿਰੋਜ਼ਪੁਰ ਛਾਉਣੀ ਦੇ ਸਟੇਸ਼ਨ ਤੇ ਨਹੀਂ ਰੁਕੀ ਤੇ ਸਿੱਧੀ ਕਾਸੂਬੇਗੂ ਜਾ ਰੁਕੀ ਜਿਥੇ ਛਾਉਣੀ ਦੇ ਇਲਾਕੇ ਵਿਚ ਪਾਕਿਸਤਾਨ ਵਿਚੋਂ ਆ ਰਹੇ ਰੀਫਿਊਜੀਆਂ ਲਈ ਸਰਕਾਰ ਵੱਲੋਂ ਕੈਂਪ ਬਣਿਆ ਹੋਇਆ ਸੀ। ਗੱਡੀ ਦੇ ਸਾਰੇ ਮੁਸਾਫਰ ਗੱਡੀ ਵਿਚੋਂ ਉਤਰ ਕੇ ਕੈਂਪ ਵਿਚ ਚਲੇ ਗਏ। ਏਥੇ ਆਏ ਲੋਕਾਂ ਦੇ ਨਾਂ ਪਤੇ ਲਿਖ ਕੇ ਉਹਨਾਂ ਨੂੰ ਕਾਰਡ ਦਿਤੇ ਜਾ ਰਹੇ ਸਨ ਜਿਨ੍ਹਾਂ ਨਾਲ ਉਹ ਰਾਸ਼ਨ ਵਗੈਰਾ ਲੈ ਸਕਦੇ ਸਨ। ਇਥੇ ਵੀ ਆਏ ਲੋਕਾਂ ਦੀ ਬਹੁਤ ਭੀੜ ਸੀ ਤੇ ਰੋਜ਼ ਹੋਰ ਨਵੇਂ ਸ਼ਰਨਾਰਥੀ ਆਈ ਜਾ ਰਹੇ ਸਨ। ਭਾਵੇਂ ਏਥੇ ਸਫਾਈ ਦਾ ਇੰਤਜ਼ਾਮ ਸੀ। ਥਾਂ ਥਾਂ ਚੂਨਾ ਸੁਟਿਆ ਹੋਇਆ ਸੀ ਅਤੇ ਕਈ ਵਲੰਟੀਅਰ ਵੀ ਕੰਮ ਕਰ ਰਹੇ ਸਨ ਪਰ ਕੁਝ ਦਿਨਾਂ ਪਿਛੋਂ ਏਥੇ ਹੈਜ਼ਾ ਫੈਲ ਗਿਆ ਤੇ ਲੋਕਾਂ ਦੀਆਂ ਮੌਤਾਂ ਹੋਣੀਆਂ ਸ਼ੁਰੂ ਹੋ ਗਈਆਂ। ਹੈਜ਼ੇ ਨਾਲ ਮੌਤ ਹੋਣ ਤੋਂ ਡਰਦਿਆਂ ਜਿਥੇ ਲੋਕਾਂ ਨੇ ਇਸ ਕੈਂਪ ਨੂੰ ਛਡਣਾ ਸ਼ੁਰੂ ਕਰ ਦਿਤਾ ਤਾਂ ਸਾਨੂੰ ਵੀ ਇਥੋਂ ਅਗੇ ਬਠਿੰਡੇ ਵੱਲ ਭਜਣਾ ਪਿਆ। ਸਭ ਗਡੀਆਂ ਬੇਟੈਮੀਆਂ ਚਲ ਰਹੀਆਂ ਸਨ। ਹਿੰਦੋਸਤਾਨ ਵਿਚੋਂ ਮੁਸਲਮਾਨਾਂ ਦੀਆਂ ਭਰੀਆਂ ਗਡੀਆਂ ਪਾਕਿਸਤਾਨ ਨੂੰ ਜਾ ਰਹੀਆਂ ਸਨ ਓਧਰੋਂ ਹਿੰਦੂ ਸਿੱਖਾਂ ਦੀਆਂ ਭਰੀਆਂ ਗੱਡੀਆਂ ਹਿੰਦੋਸਤਾਨ ਨੂੰ ਆ ਰਹੀਆਂ ਸਨ। ਗੱਡੀ ਵਿਚ ਵਿਚ ਚੜ੍ਹਨ ਲਈ ਸ਼ਰਨਾਰਥੀਆਂ ਨੂੰ ਕੋਈ ਟਿਕਟ ਨਹੀਂ ਲੈਣੀ ਪੈਂਦੀ ਸੀ। ਬਠਿੰਡੇ ਜਾਣ ਵਾਲੀ ਗੱਡੀ ਸਾਨੂੰ ਗੋਨਿਆਣਾ ਮੰਡੀ ਸਟੇਸ਼ਨ ਤੇ ਉਤਾਰ ਕੇ ਫਿਰੋਜ਼ਪੁਰ ਨੂੰ ਮੁੜ ਗਈ।

ਬਠਿੰਡੇ ਦਾ ਕਿਲਾ

ਕਾਸੂ ਬੇਗੂ ਤੋਂ ਚੱਲੀ ਗੱਡੀ ਮੁਸਾਫਰਾਂ ਨੂੰ ਗੋਨਿਆਣਾ ਮੰਡੀ ਦੇ ਰੇਲਵੇ ਸਟੇਸ਼ਨ ਤੇ ਲਾਹ ਕੇ ਮੁੜ ਗਈ। ਗੱਡੀ ਤੋਂ ਉੱਤਰ ਕੇ ਸ਼ਰਨਾਰਥੀ ਲਾਗਲੇ ਪਿੰਡਾਂ ਦੇ ਗੁਰਦਵਾਰਿਆਂ ਵਿਚ ਚਲੇ ਗਏ। ਦੱਸ ਪੈਣ ਤੇ ਅਸੀਂ ਵੀ ਤਿੰਨ ਚਾਰ ਮੀਲ ਤੇ ਪੈਂਦੇ ਇਕ ਪਿੰਡ ਅਮਰਗੜ੍ਹ ਦੇ ਗੁਰਦਵਾਰੇ ਵੱਲ ਨੂੰ ਤੁਰ ਪਏ। ਇਥੇ ਜਾਣ ਲਈ ਪਿੰਡ ਬਲਾੜ੍ਹ ਤਕ ਪੱਕੀ ਸੜਕ ਤੇ ਅਗੋਂ ਨਹਿਰ ਤੇ

ਸੱਜੇ ਹਥ ਮੁੜ ਕੇ ਪਹਿਲੇ ਪੁਲ ਤੋਂ ਮੁੜ ਕੇ ਗੁਰਦਵਾਰੇ ਜਾਣ ਦਾ ਰਾਹ ਕਿਸੇ ਨੇ ਸਾਨੂੰ ਦੱਸ ਦਿਤਾ। ਅਸੀਂ ਮੁਰੱਬਿਆਂ ਦੇ ਮਾਲਕ ਤੇ ਭਰੇ ਘਰਾਂ ਦੇ ਵਾਰਸ ਪਾਕਿਸਤਾਨ ਵਿਚੋਂ ਉਜੜ ਕੇ ਤਿੰਨੀਂ ਕਪੜੀਂ ਬੂਟੇ ਜਾਲੀ ਸਮੇਤ ਆਜ਼ਾਦ ਹਿੰਦੋਸਤਾਨ ਵਿਚ ਪੈਰੋਂ ਨੰਗੇ, ਢਿਡੋਂ ਭੁਖੇ ਤੇ ਜੇਬੋਂ ਖਾਲੀ ਸੜਕ ਤੇ ਤੁਰੇ ਜਾ ਰਹੇ ਸਾਂ। ਪਿੰਡ ਬਲਾਹੜ ਕੋਲੋਂ ਲੰਘਦਿਆਂ ਮੈਂ ਮਾਂ ਨੂੰ ਆਖਿਆ ਮੈਨੂੰ ਬਹੁਤ ਭੁੱਖ ਲੱਗੀ ਆ ਤੇ ਮੇਥੋਂ ਤੁਰਿਆ ਨਹੀਂ ਜਾਂਦਾ। ਉਹ ਮੈਨੂੰ ਪਿੰਡ ਦੇ ਬਾਹਰਵਾਰ ਇਕ ਵਡੇ ਦਰਵਾਜ਼ੇ ਵਾਲੇ ਘਰ ਅਗੇ ਲੈ ਗਈ ਤੇ ਦਰਵਾਜ਼ਾ ਖੜਕਾਇਆ। ਵਡੇ ਦਰਵਾਜ਼ੇ ਵਿਚੋਂ ਇਕ ਛੋਟਾ ਦਰਵਾਜ਼ਾ ਖੁਲ੍ਹਿਆ ਤੇ ਇਕ ਅਧਖੜ ਜਹੀ ਮਲਵੈਣ ਨੇ ਆ ਕੇ ਪੁਛਿਆ ਕੀ ਚਾਹੀਦਾ ਹੈ। ਮੇਰੀ ਮਾਂ ਨੇ ਕਿਹਾ ਅਸੀਂ ਪਾਕਿਸਤਾਨ ਵਿਚੋਂ ਉਜੜ ਕੇ ਆਏ ਹਾਂ, ਮੇਰੇ ਮੁੰਡੇ ਨੂੰ ਬੜੀ ਭੁਖ ਲੱਗੀ ਹੋਈ ਆ। ਇਹਨੂੰ ਰੋਟੀ ਲਿਆ ਕੇ ਦੇ। ਉਹ ਬੜੀਆਂ ਹਕਾਰਤ ਭਰੀਆਂ ਨਜ਼ਰਾਂ ਨਾਲ ਸਾਡੇ ਵੱਲ ਵੇਖਦੀ ਜਿਵੇਂ ਅਸੀਂ ਜੱਦੀ ਪੁਸ਼ਤੀ ਮੰਗਤੇ ਹੋਈਏ, ਮੂੰਹ ਵਿਚ ਕੁਝ ਬੁੜਬੜਾਉਂਦੀ ਚਲੀ ਗਈ ਤੇ ਇਕ ਵਡੀ ਸਾਰੀ ਬਾਜਰੇ ਦੀ ਰੋਟੀ ਤੇ ਆਚਾਰ ਰਖ ਕੇ ਮੈਨੂੰ ਦੇ ਗਈ। ਇਹ ਰੋਟੀ ਏਨੀ ਸਖਤ ਸੀ ਤੇ ਰੋਟੀ ਫੜਾਉਣ ਦਾ ਉਹਦਾ ਤਰੀਕਾ ਏਨਾ ਕੁਰਖਤ ਜਿਹਾ ਸੀ ਕਿ ਮੈਂ ਪਰ੍ਹਾਂ ਜਾ ਕੇ ਉਹ ਰੋਟੀ ਕੁੱਤਿਆਂ ਅਗੇ ਸੁਟ ਦਿਤੀਂ ਤੇ ਮੇਰੀਆਂ ਅੱਖਾਂ ਵਿਚ ਅਥਰੂ ਆ ਗਏ।

ਮੈਨੂੰ ਯਾਦ ਆਇਆ ਜਦ ਬਾਰ ਵਿਚ ਸਾਡਾ ਘਰ ਜੋ ਸਾਰੇ ਪਿੰਡ ਦੇ ਵਿਚ੍ਹਕਾਰ ਸੀ। ਚੌਕ ਵਿਚ ਇਕ ਪਾਸੇ ਮਾਸਟਰ ਜਗਤ ਸਿੰਘ ਦੇ ਘਰ ਅਗੇ ਵਡਾ ਪਿੱਪਲ ਜਿਸ ਤੇ ਮੈਂ ਪੀਂਘ ਝੂਟਣੀ ਸਿੱਖੀ ਸੀ ਤੇ ਦੂਜੇ ਪਾਸੇ ਮੁਖੇ ਦੇ ਘਰ ਵੱਲ ਬਹੁਤ ਵਡਾ ਬੋਹੜ ਸੀ ਜਿਸ ਥਲੇ ਵਡੇ ਵਡੇ ਤਖਤਪੋਸ਼ ਪਏ ਹੁੰਦੇ ਸਨ। ਦੀਪੇ ਢਾਡੀ ਦੇ ਘਰ ਵਾਲੇ ਪਾਸੇ ਖੂਹ ਸੀ ਜਿਸ ਵਿਚੋਂ ਲੋਹੇ ਦੇ ਡੋਲ ਨਾਲ ਪਾਣੀ ਕਢ ਕੇ ਲੋਕ ਪੀਂਦੇ, ਨਹਾਂਦੇ ਅਤੇ ਪਸੂਆਂ ਨੂੰ ਵੀ ਪਾਣੀ ਪਿਆਇਆ ਕਰਦੇ ਸਨ। ਸਾਡੇ ਘਰ ਦੀ ਬੈਠਕ ਅਗੇ ਬਹੁਤ ਵਡਾ ਥੜ੍ਹਾ ਸੀ ਸੀ। ਲੰਘਦੇ ਟਪਦੇ ਰਾਹੀ ਇਸ ਚੌਕ ਵਿਚ ਆਰਮ ਕਰਨ ਲਈ ਰੁਕ ਜਾਇਆ ਕਰਦੇ ਸਨ। ਜਦ ਇਹ ਰਾਹੀ ਸਾਹ ਲੈਣ ਲਈ ਰੁਕਦੇ ਸਨ ਤਾਂ ਬਾਪੂ ਦਾ ਕਿਹਾ ਹੋਇਆ ਸੀ ਕਿ ਇਹਨਾਂ ਨੂੰ ਅੰਨ ਪਾਣੀ ਭਾਵ ਪਰਸ਼ਾਦਾ ਛਕਾਏ ਬਗੈਰ ਜਾਣ ਨਹੀਂ ਦੇਣਾ। ਜੇ ਉਹਨਾਂ ਕੋਲ ਪਸੂ ਹੁੰਦੇ ਤਾਂ ਉਹਨਾਂ ਨੂੰ ਚਰਨ ਲਈ ਪਠੇ ਜਾਂ ਤੂੜੀ ਵਿਚ ਵੰਡ ਭਿਓਂ ਕੇ ਦਿਤਾ ਜਾਂਦਾ। ਜਿਸ ਮੁਲਕ ਦੀ ਆਜ਼ਾਦੀ ਲਈ ਬਾਪੂ ਨੇ, ਤਾਏ ਨੇ ਅਤੇ ਸਾਡੇ ਪਰਵਾਰ ਦੇ ਹੋਰ ਲੋਕਾਂ ਨੇ ਅੰਗਰੇਜ਼ਾਂ ਦੀ ਕੁੱਟ ਖਾਧੀ ਤੇ ਜੇਲ੍ਹਾਂ ਕੱਟੀਆਂ ਸਨ ਤੇ ਮੈਂ ਪਿੰਡ ਦੀਆਂ ਗਲੀਆਂ ਵਿਚ ਮੁੰਡਿਆਂ ਨਾਲ ਰਲ ਕੇ ਆਜ਼ਾਦੀ ਲੈਣ ਦੇ ਨਾਅਰੇ ਲਾਏ ਸਨ, ਹੁਣ ਓਸ ਆਜ਼ਾਦ ਦੇਸ਼ ਵਿਚ ਪਹਿਲੇ ਦਿਨ ਮੰਗਣ ਤੇ ਵੀ ਬਾਜਰੇ ਦੀ ਸੁੱਕੀ ਰੋਟੀ ਮਿਲੀ ਸੀ ਜਿਸ ਨੂੰ ਦੰਦ ਚੱਬ ਨਹੀਂ ਸਕਦੇ ਸਨ। ਇਸ ਤੋਂ ਬਾਅਦ ਮਾਲਵੇ ਦੇ ਜਿਨ੍ਹਾਂ ਲੋਕਾਂ ਨਾਲ ਵੀ ਵਾਹ ਪਿਆ, ਉਹਨਾਂ ਵਿਚੋਂ ਕਈਆਂ ਦਾ ਵਤੀਰਾ ਆਮ ਤੌਰ ਤੇ ਖੁਸ਼ਕ ਈ ਸੀ। ਉਹ ਸਾਨੂੰ ਮੁਸਲਿਆਂ ਵਟੇ ਵਟਾਏ ਕਹਿ ਕੇ ਬੁਲਾਂਦੇ ਸਨ। ਉਹ ਕੀ ਸਮਝ ਸਕਦੇ ਸਨ ਕਿ ਅਸੀਂ ਕਿਹੜੀਆਂ ਹਾਲਤਾਂ ਵਿਚ ਪਾਕਿਸਤਾਨ ਵਿਚੋਂ ਆਪਣੀਆਂ ਜਾਨਾਂ ਬਚਾ ਕੇ ਹਿੰਦੋਸਤਾਨ ਪਹੁੰਚੇ ਹਾਂ ਤੇ ਨਵਾਂ ਜੀਵਨ ਕਿਵੇਂ ਤੇ ਕਿਥੋਂ ਸ਼ੁਰੂ ਕਰਨਾ ਹੈ।

ਮਾਲਵੇ ਦੇ ਇਹਨਾਂ ਪਿੰਡਾਂ ਵਿਚ ਚੁਫੇਰੇ ਰੇਤ ਦੇ ਟਿੱਬੇ ਸਨ ਜਿਥੋਂ ਸੁਕੇ ਅੱਕ ਤੇ ਬੂਈਆਂ ਲਿਆ ਕੇ ਅਗ ਬਾਲਣੀ ਪੈਂਦੀ ਸੀ। ਖੂਹ ਦਾ ਖਾਰਾ ਪਾਣੀ ਸਵਾਦ ਨਹੀਂ ਲਗਦਾ ਸੀ। ਜੇ ਨਹਿਰ ਦਾ ਪਾਣੀ ਪੀਣ ਲਈ ਦਿਲ ਕਰਦਾ ਤਾਂ ਵੇਖੀਦਾ ਸੀ ਕਿ ਕਈ ਕਈ ਦਿਨਾਂ ਦੀਆਂ ਮੁਸਲਮਾਨਾਂ ਦੀਆਂ ਲਾਸ਼ਾਂ ਪੁਲਾਂ ਅਗੇ ਪੈਂਦੀਆਂ ਘੁੰਮਣਘੇਰੀਆਂ ਵਿਚ ਅਟਕੀਆਂ ਗੇੜੇ ਕਢੀ ਜਾ ਰਹੀਆਂ ਸਨ ਅਤੇ ਉਹਨਾਂ ਦੇ ਢਿੱਡ ਫੁੱਲੇ ਹੋਏ ਸਨ। ਧਕੇ ਬਿਨਾਂ ਇਹ ਲਾਸ਼ਾਂ ਅਗੇ ਨਹੀਂ ਤੁਰਦੀਆਂ ਸਨ। ਜੇ ਸਾਨੂੰ ਹਿੰਦੂ ਸਿੱਖਾਂ ਨੂੰ ਓਧਰ ਮੁਸਲਮਾਨ ਮਾਰ ਰਹੇ ਸਨ ਤਾਂ ਘੱਟ ਏਧਰ ਵੀ ਨਹੀਂ ਹੋ ਰਹੀ ਸੀ। ਕਿਸੇ ਨੇ ਬਾਪੂ ਤੇ ਬੂਟੇ ਜਾਲੀ ਨੂੰ ਕਿਹਾ, ਤੁਹਾਨੂੰ ਓਧਰ ਮਾਰਿਆ ਤੇ ਲੁਟਿਆ ਗਿਆ ਹੈ। ਤੁਸੀਂ ਏਧਰ ਮੁਸਲਮਾਨਾਂ ਨੂੰ ਮਾਰੋ ਤੇ ਲੁਟੋ ਪਰ ਬਾਪੂ ਨੇ ਅਗੋਂ ਗੁੱਸੇ ਵਿਚ ਕਿਹਾ ਕਿ ਇਹੋ ਜਹੀ ਗੱਲ ਫੇਰ ਨਾ ਕਰਿਓ। ਪਾਕਿਸਤਾਨ ਵਾਲਾ ਛਡਿਆ ਘਰ ਬਹੁਤ ਚੇਤੇ ਆਉਂਦਾ ਸੀ। ਇਕ ਦਿਨ ਬਾਪੂ ਮੈਨੂੰ ਗੋਨਿਆਣੇ ਮੰਡੀ ਦੇ ਸਕੂਲ ਵਿਚ ਦਾਖਲ ਕਰਵਾ ਆਇਆ। ਟੈਸਟ ਲੈ ਕੇ ਮੈਨੂੰ ਅਠਵੀਂ ਵਿਚ ਦਾਖਲ ਕਰ ਲਿਆ ਗਿਆ ਪਰ ਜੋ ਮੇਰੇ ਕਪੜਿਆਂ ਦੀ ਹਾਲਤ ਸੀ। ਨਾ ਪੈਰੀਂ ਜੁੱਤੀ ਸੀ ਤੇ ਸਿਰ ਤੇ ਪਗ, ਓਸ ਵਿਚ ਮੇਰਾ ਸਕੂਲ ਜਾਣ ਨੂੰ ਦਿਲ ਨਾ ਕਰਦਾ ਤੇ ਓਸ ਪਿੰਡ ਦੇ ਕੁਝ ਮੁੰਡਿਆਂ ਨਾਲ ਕਦੀ ਮੈਂ ਸਕੂਲ ਚਲਾ ਜਾਂਦਾ ਤੇ ਕਦੀ ਨਾ ਜਾਂਦਾ। ਸਕੂਲ ਦੂਰ ਵੀ ਸੀ ਤੇ ਕਾਫੀ ਪੈਦਲ ਤੁਰਨਾ ਪੈਂਦਾ ਸੀ। ਸਫਰ ਨੂੰ ਛੋਟਾ ਕਰਨ ਲਈ ਕਈ ਵਾਰ ਅਸੀਂ ਤਿਲਕਰਿਆਂ ਵਾਲੇ ਸੰਘਣੇ ਜੰਗਲ ਵਿਚੋਂ ਲੰਘ ਜਾਂਦੇ ਜਿਥੇ ਪੁਰਾਣੇ ਵਣ, ਬੇਰੀਆਂ ਤੇ ਕਰੀਰਾਂ ਦੇ ਸੰਘਣੇ ਰੁੱਖ ਸਨ। ਵਣਾਂ ਦੀਆਂ ਪੀਲਾਂ ਤੇ ਕਰੀਰਾਂ ਦੇ ਲਾਲ ਪੇਂਝੂ ਅਸੀਂ ਰਜ ਰਜ ਕੇ ਖਾਂਦੇ ਤੇ ਕਈ ਵਾਰ ਸਾਡੀਆਂ ਜੀਬਾਂ ਉਚੜ ਜਾਂਦੀਆਂ। ਇਸ ਛੋਟੇ ਜਹੇ ਜੰਗਲ ਦੇ ਐਨ ਵਿਚ੍ਹਕਾਰ ਘੋਨ ਮੋਨ ਸਿਰ ਤੇ ਗੇਰੂਏ ਰੰਗ ਦੇ ਲੰਮੇ ਚੋਲੇ ਤੇ ਪੈਰੀਂ ਖੜਾਵਾਂ ਪੌਣ ਵਾਲੇ ਤਿਲਕਰਿਆਂ ਵਾਲੇ ਸੰਤਾਂ ਦੀ ਕਾਫੀ ਵਡੀ ਝੁੱਗੀ ਸੀ। ਝੁੱਗੀ ਦੇ ਬਾਹਰ ਗੋਹੇ ਦਾ ਪੋਚਾ ਫੇਰਿਆ ਹੁੰਦਾ। ਜਿਸ ਦੇ ਦਵਾਲੇ ਛੋਟੀ ਜਹੀ ਪਾਣੀ ਦੀ ਛੱਪੜੀ ਸੀ ਤੇ ਲਾਗੇ ਕਈ ਪਰਕਾਰ ਦੀਆਂ ਸਬਜ਼ੀਆਂ ਤੇ ਕਵਾਰਗੰਦਲ ਦੇ ਵਡੇ ਵਡੇ ਬੂਟੇ ਲਗੇ ਹੋਏ ਸਨ। ਗੁਲਾਬ ਅਤੇ ਕਲੀਆਂ ਦੇ ਫੁੱਲ ਵੀ ਲਾਏ ਹੋਏ ਸਨ। ਛੱਪੜੀ ਨੂੰ ਪਾਣੀ ਦੇਣ ਦੀ ਲਾਗਲੇ ਪਿੰਡ ਵਾਲਿਆਂ ਨੇ ਵਾਰੀ ਬਧੀ ਹੋਈ ਸੀ। ਮਸਿਆ ਵਾਲੇ ਦਿਨ ਆਸ ਪਾਸ ਦੇ ਪਿੰਡਾਂ ਤੋਂ ਔਰਤਾਂ ਤੇ ਆਦਮੀ ਦੁਧ ਦੀਆਂ ਛੋਟੀਆਂ ਬਾਲਟੀਆਂ ਜਾਂ ਵਲਟੋਹੀਆਂ ਲੈ ਕੇ ਸੰਤਾਂ ਨੂੰ ਚੜ੍ਹਾਉਣ ਲਈ ਔਂਦੇ। ਜੰਗਲ ਵਿਚ ਮੰਗਲ ਲਗਿਆ ਹੁੰਦਾ। ਸਾਨੂੰ ਵੀ ਉਸ ਦਿਨ ਖਾਣ ਪੀਣ ਲਈ ਬਹੁਤ ਕੁਝ ਮਿਲ ਜਾਂਦਾ। ਕਈ ਵਾਰ ਮੇਵੇ ਤੇ ਸੌਗੀ ਵਾਲੀ ਖੀਰ ਦਾ

ਗੱਫਾ ਵੀ ਮਿਲ ਜਾਂਦਾ। ਸੰਤ ਸਾਲ ਵਿਚ ਇਕ ਵਾਰ ਏਥੇ ਮਹੋਸ਼ਾ ਵੀ ਕਰਦੇ ਸਨ ਜਦੋਂ ਬਹੁਤ ਦੂਰੋਂ ਲੋਕ ਬੜੀ ਸ਼ਰਧਾ ਨਾਲ ਪੁਜਦੇ ਸਨ। ਲਾਗਲੇ ਪਿੰਡਾਂ ਦੇ ਘਰਾਂ ਚੋਂ ਗਦਾ ਕਰਨ ਲਈ ਵਡੇ ਸੰਤਾਂ ਨੇ ਇਕ ਛੋਟਾ ਸੰਤ ਰਖਿਆ ਹੋਇਆ ਸੀ ਜੋ ਵਡੇ ਸੰਤਾਂ ਵਾਂਗ ਹੀ ਆਪਣੇ ਤਨ ਦੁਆਲੇ ਗੇਰੂਏ ਰੰਗ ਦੀ ਗਿਲਤੀ ਬੰਨ੍ਹ ਕੇ ਰਖਦਾ ਸੀ। ਮਨ ਹੀ ਮਨ ਵਿਚ ਮੈਂ ਇਸ ਛੋਟੇ ਜਹੇ ਜੰਗਲ ਦਾ ਮੁਕਾਬਲਾ ਆਪਣੇ ਪਿਛੇ ਛਡੇ ਪਿੰਡ ਲਾਗੇ ਪਕੇ ਡਲੇ ਦੀਆਂ ਕਬਰਾਂ ਵਾਲੇ ਛੋਟੇ ਜੰਗਲ ਨਾਲ ਕਰਦਾ ਜਿਥੇ ਪੁਰਾਣੇ ਥੇਹ ਸਨ ਅਤੇ ਹਰੇ ਚੋਗਿਆਂ ਵਾਲੇ ਮੁਸਲਮਾਨ ਪੀਰ ਹਾਲ ਖੇਡਦੇ ਤੇ ਕਵਾਲੀਆਂ ਗਾਇਆ ਕਰਦੇ ਸਨ।

ਕੁਝ ਹਫਤਿਆਂ ਪਿਛੋਂ ਮੈਨੂੰ ਪੀਲੀਆ ਹੋ ਗਿਆ। ਅਖਾਂ ਤੇ ਚਿਹਰੇ ਦਾ ਰੰਗ ਪੀਲਾ ਪੈ ਗਿਆ। ਮੈਂ ਨਾ ਖਲੋ ਸਕਦਾ ਸਾਂ ਤੇ ਨਾ ਤੁਰ ਸਕਦਾ ਸਾਂ। ਭੁੱਖ ਨਹੀਂ ਲਗਦੀ ਸੀ ਤੇ ਅੰਨ ਦੀ ਬੁਰਕੀ ਅੰਦਰ ਨਹੀਂ ਲੰਘਦੀ ਸੀ। ਸੁੱਕ ਕੇ ਤੀਲਾ ਹੁੰਦਾ ਜਾ ਰਿਹਾ ਸਾਂ। ਕਈ ਦਿਨ ਇਸੇ ਤਰ੍ਹਾਂ ਪਏ ਰਹਿਣ ਨਾਲ ਮੈਂ ਏਨਾ ਨਿਢਾਲ ਹੋ ਗਿਆ ਕਿ ਮੈਨੂੰ ਇਸ ਤਰ੍ਹਾਂ ਲੱਗਣ ਲੱਗਾ ਕਿ ਪਾਕਿਸਤਾਨ ਵਿਚੋਂ ਤਾਂ ਬਚ ਕੇ ਆ ਗਏ ਸਾਂ ਪਰ ਇਹ ਪੀਲੀਆ ਜਿਸ ਨੂੰ ਯਰਕਾਣ ਵੀ ਕਹਿੰਦੇ ਸਨ, ਮੇਰੀ ਜਾਨ ਲੈ ਲਵੇਗਾ। ਮਾਂ ਭਰੇ ਭਰਾਏ ਘਰ ਨੂੰ ਛਡਣ ਦੇ ਸੱਲ ਵਿਚ ਵੈਣ ਪਾਉਣੋਂ ਨਾ ਹਟਦੀ ਤੇ ਪਾਗਲਾਂ ਵਾਂਗ ਬੋਲੀ ਜਾਂਦੀ "ਰੱਬਾ ਇਕੋ ਜਿਹੇ ਕਰ", "ਰੱਬਾ ਇਕੋ ਜਿਹੇ ਕਰ"। ਬਾਪੂ ਨੂੰ ਪਾਕਿਸਤਾਨ ਵਾਲੇ ਪਿੰਡੋਂ ਓਥੇ ਰਹਿ ਗਈ ਕਪੜੇ ਸਿਊਣ ਵਾਲੀ ਮਸ਼ੀਨ ਲੈ ਕੇ ਆਉਣ ਲਈ ਬਾਰ ਬਾਰ ਆਖਦੀ। ਇਸ ਤਰ੍ਹਾਂ ਦੇ ਮਾੜੇ ਦਿਨ ਸਨ ਜਦ ਕਿਸੇ ਸਿਆਣੇ ਦੇ ਦੱਸ ਪਾਉਣ ਤੇ ਬਾਪੂ ਮੈਨੂੰ ਆਪਣੇ ਮੋਢਿਆਂ ਤੇ ਚੁਕ ਕੇ ਵਡੇ ਗੋਨਿਆਣਾ ਨਾਂ ਦੇ ਇਕ ਪਿੰਡ ਵਿਚ ਲੈ ਗਿਆ ਜਿਥੇ ਇਕ ਹਕੀਮ ਨੇ ਮੇਰੀ ਨਬਜ਼ ਟੋਹੀ। ਮੇਰੀਆਂ ਅਖਾਂ ਟਡਾ ਕੇ ਵੇਖੀਆਂ। ਮੂੰਹ ਖੁਲ੍ਹਾ ਕੇ ਜੀਭ ਵੀ ਵੇਖੀ। ਹਥਾਂ ਤੇ ਪੈਰਾਂ ਦੇ ਨਹੁੰ ਵੇਖੇ ਤੇ ਕਾਲਜੇ ਤੇ ਹਥ ਧਰ ਕੇ ਵੀ ਵੇਖਿਆ। ਬਾਪੂ ਨੇ ਹਕੀਮ ਅਗੇ ਦੋਵੇਂ ਹਥ ਜੋੜ ਕੇ ਤੇ ਬਹੁਤ ਨੀਵੇਂ ਹੋ ਕੇ ਤਰਲਾ ਲੈਂਦਿਆਂ ਕਿਹਾ, "ਹਕੀਮ ਜੀ, ਮੇਰੇ ਇਕੋ ਇਕ ਮੁੰਡੇ ਨੂੰ ਤੰਦਰੁਸਤ ਕਰ ਦਿਓ, ਬੜੀ ਮੁਸ਼ਕਲ ਨਾਲ ਇਹਨੂੰ ਪਾਕਿਸਤਾਨ ਵਿਚੋਂ ਬਚਾਅ ਕੇ ਲਿਆਏ ਹਾਂ"। ਇਸ ਤਰ੍ਹਾਂ ਦਾ ਤਰਲਾ ਬਾਪੂ ਨੇ ਇਕ ਵਾਰ ਓਦੋਂ ਕੀਤਾ ਸੀ ਜਦੋਂ ਮੈਂ ਪੰਜਵੀਂ ਪੜ੍ਹਦਾ ਸਾਂ ਅਧੀ ਛੁਟੀ ਵੇਲੇ ਫੁੱਟ ਬਾਲ ਖੇਡਦਿਆਂ ਮੇਰੀ ਸੱਜੀ ਬਾਂਹ ਟੁਟ ਗਈ ਸੀ ਤੇ ਬਾਂਹ ਬਨ੍ਹਾਉਣ ਲਈ ਮੈਨੂੰ ਬਾਪੂ ਜ਼ਿਲਾ ਲਾਇਲਪੁਰ ਦੇ ਇਕ ਪਿੰਡ ਚੌਧਰੀ ਵਾਲੇ ਵਿਚ ਇਕ ਮੁਸਲਮਾਨ ਹਕੀਮ ਕੋਲ ਲੈ ਗਿਆ ਸੀ। ਬੜੇ ਤਰਲੇ ਨਾਲ ਬਾਂਹ ਠੀਕ ਕਰਨ ਲਈ ਬੇਨਤੀ ਕੀਤੀ ਸੀ ਪਰ ਕਈ ਮਹੀਨਿਆਂ ਦੀ ਮਾਲਸ਼ ਅਤੇ ਇਲਾਜ ਪਿਛੋਂ ਵੀ ਮੇਰੀ ਬਾਂਹ ਠੀਕ ਨਹੀਂ ਹੋਈ ਸੀ। ਫਿਰ ਦੱਸ ਪਈ ਤੇ ਹਾਫਜ਼ਾਬਾਦ ਸ਼ਹਿਰ ਵਿਚ ਇਕ ਹੋਰ ਮੁਸਲਮਾਨ ਲੁਹਾਰ ਹੈ ਜੋ ਭੱਜੀਆਂ ਟੱਟੀਆਂ ਬਾਂਹਾਂ ਬੰਨ੍ਹਦਾ ਹੈ ਤੇ ਬੜੀ ਦੂਰੋਂ ਦੂਰੋਂ ਲੋਕ ਉਹਦੇ ਕੋਲ ਇਲਾਜ ਲਈ ਆਉਂਦੇ ਹਨ। ਬਾਪੂ ਮੈਨੂੰ ਛੋਟੇ ਜਹੇ ਨੂੰ ਹਾਫਜ਼ਾਬਾਦ ਲੈ ਗਿਆ ਤੇ ਟੁੱਟੀਆਂ ਤੇ ਭੱਜੀਆਂ ਬਾਹਾਂ ਵਾਲੇ ਮੁਸਲਮਾਨ ਲੁਹਾਰ ਦਾ ਘਰ ਲਭਿਆ। ਉਹ ਕਿਸੇ ਦੇ ਟੁਟੇ ਲੱਕ ਦਾ ਇਲਾਜ ਕਰਨ ਲਈ ਦੂਰ ਗਿਆ ਹੋਇਆ ਸੀ। ਜਿੰਨੇ ਦਿਨ ਹਕੀਮ ਨਾ ਮਿਲਿਆ, ਓਨੇ ਦਿਨ ਅਸੀਂ ਹਾਫਜ਼ਾਬਾਦ ਦੇ ਇਕ ਗੁਰਦਵਾਰੇ ਵਿਚ ਠਹਿਰੇ। ਮੁਸਲਮਾਨ ਲੁਹਾਰ ਨੇ ਮੇਰੀ ਸੱਜੀ ਬਾਂਹ ਹਿਲਾ ਕੇ ਵੇਖੀ ਜੋ ਮੁੜਦੀ ਨਹੀਂ ਸੀ। ਫਿਰ ਬੜੇ ਆਰਾਮ ਨਾਲ ਬਾਂਹ ਤੇ ਪੋਲਾ ਪੋਲਾ ਹਥ ਫੇਰਦਿਆਂ ਜਦੋਂ ਕੂਹਣੀ ਲਾਗਿਓਂ ਦੱਬੀ ਤਾਂ ਪੀੜ ਨਾਲ ਮੇਰੀ ਚੀਕ ਨਿਕਲ ਗਈ। ਉਸ ਨੇ ਕਿਹਾ ਬਾਂਹ ਕੂਹਣੀ ਤੋਂ ਨਿਕਲਿਆਂ ਕਈ ਮਹੀਨੇ ਹੋ ਗਏ ਹਨ। ਇਸ ਨੂੰ ਪਹਿਲਾਂ ਕੱਚੀ ਕੀਤੀ ਜਾਵੇਗੀ ਤੇ ਮਾਲਸ਼ ਕਰਦਿਆਂ ਕਰਦਿਆਂ ਫਿਰ ਇਸ ਨੂੰ ਸਿੱਧੀ ਕਰ ਕੇ ਬਾਂਹ ਬੰਨ੍ਹ ਦਿਤੀ ਜਾਵੇਗੀ ਤੇ ਬਾਂਹ ਆਪਣੇ ਟਿਕਾਣੇ ਤੇ ਆ ਜਾਵੇਗੀ। ਉਸ ਨੇ ਸਿਟਿਆਂ ਤੇ ਆਈ ਕਣਕ ਦੀਆਂ ਕਰੂੰਬਲਾਂ ਗਰਮ ਤੇਲ ਵਿਚ ਭਿਉਂ ਭਿਉਂ ਕੇ ਬਾਂਹ ਤੇ ਬੰਨ੍ਹ ਬੰਨ੍ਹ ਕੇ ਬਾਂਹ ਕੱਚੀ ਕਰਨ ਤੇ ਨਾਲ ਇਕ ਤੇਲ ਮਾਲਸ਼ ਦੇ ਕੇ ਮਹੀਨੇ ਬਾਅਦ ਆਣ ਲਈ ਕਿਹਾ। ਮਹੀਨੇ ਬਾਅਦ ਇਕ ਖਾਸ ਕਿਸਮ ਦਾ ਕਾਲਾ ਜਿਹਾ ਤੇਲ ਮਲਦਿਆਂ ਮਲਦਿਆਂ ਓਸ ਬਾਂਹ ਦਾ ਕੜਾਕਾ ਕਢ ਕੇ ਬਾਂਹ ਸਿੱਧੀ ਕਰ ਦਿਤੀ ਸੀ। ਪੀੜ ਤਾਂ ਬਹੁਤ ਹੋਈ ਪਰ ਸੁਕਦੀ ਜਾਂਦੀ ਬਾਂਹ ਵਿਚ ਹੌਲੀ ਹੌਲੀ ਫਿਰ ਜਾਨ ਪੈ ਗਈ ਸੀ।

ਪੀਲੀਏ ਠੀਕ ਕਰਨ ਦੇ ਮਾਹਰ ਹਕੀਮ ਨੇ ਕੁਝ ਪੁੜੀਆਂ ਬਣਾ ਕੇ ਮੈਨੂੰ ਖਾਣ ਲਈ ਦਿਤੀਆਂ ਅਤੇ ਇਕ ਪੁੜੀ ਬਧੋ ਬਧੀ ਮੇਰੇ ਮੂੰਹ ਅੰਦਰ ਸੁੱਟ ਦਿਤੀ ਤੇ ਕਿਹਾ "ਬੱਚੂ ਇਸ ਪੁੜੀ ਦਾ ਅਸਰ ਹੁੰਦਿਆਂ ਹੀ ਤੇਰਾ ਰੋਟੀ ਖਾਣ ਨੂੰ ਜੀ ਕਰੇਗਾ।" ਬਾਪੂ ਨੂੰ ਹੌਸਲਾ ਦਿਤਾ ਤੇ ਸਾਨੂੰ ਬਾਹਰ ਪਏ ਮੰਜਿਆਂ ਤੇ ਜਾ ਕੇ ਆਰਾਮ ਕਰਨ ਲਈ ਕਹਿ ਦਿਤਾ। ਓਥੇ ਹੋਰ ਵੀ ਕਈ ਮਰੀਜ਼ ਪਏ ਸਨ। ਕਰਨੀ ਰੱਬ ਦੀ ਕਿ ਓਸ ਇਕ ਪੁੜੀ ਨੇ ਹੀ ਜਾਦੂ ਵਰਗਾ ਅਸਰ ਕੀਤਾ। ਹਕੀਮ ਦੇ ਘਰ ਦੇ ਵਿਹੜੇ ਵਿਚੋਂ ਲੋਹ ਤੇ ਪਕਦੀਆਂ ਰੋਟੀਆਂ ਅਤੇ ਆਲੂ ਮੂੰਗਰਿਆਂ ਦੀ ਬਣ ਰਹੀ ਸਬਜ਼ੀ ਦੀ ਖੁਸ਼ਬੂ ਮੇਰੇ ਨੱਕ ਨੂੰ ਚੜ੍ਹ ਮੈਨੂੰ ਬਹੁਤ ਚੰਗੀ ਲੱਗ ਰਹੀ ਸੀ। ਮੈਂ ਬਾਪੂ ਨੂੰ ਕਿਹਾ ਕਿ ਮੇਰਾ ਮੂੰਗਰਿਆਂ ਦੀ ਸਬਜ਼ੀ ਨਾਲ ਰੋਟੀ ਖਾਣ ਨੂੰ ਦਿਲ ਕਰਦਾ ਹੈ। ਬਾਪੂ ਨੇ ਜਾ ਕੇ ਹਕੀਮ ਨੂੰ ਕਿਹਾ ਤੇ ਹਕੀਮ ਬੋਲਿਆ ਕਿ ਮੈਂ ਕਿਹਾ ਸੀ ਨਾ ਕਿ ਮੇਰੀ ਇਕ ਪੁੜੀ ਨਾਲ ਹੀ ਫਰਕ ਪੈ ਜਾਵੇਗਾ। ਉਹਨੇ ਦੋ ਰੋਟੀਆਂ ਉਤੇ ਆਲੂ ਮੂੰਗਰਿਆਂ ਦੀ ਸਬਜ਼ੀ ਪਾ ਕੇ ਬਾਪੂ ਨੂੰ ਫੜਾ ਦਿਤੀਆਂ ਜਿਨ੍ਹਾਂ ਵਿਚੋਂ ਇਕ ਰੋਟੀ ਮੇਰੇ ਅੰਦਰ ਲੰਘ ਗਈ। ਅਸੀਂ ਦੋ ਦਿਨ ਓਸ ਹਕੀਮ ਦੇ ਬਾਹਰ ਇਲਾਜ ਲਈ ਲੋਕਾਂ ਦੇ ਉਠਣ ਬੈਠਣ ਲਈ ਡਾਹੇ ਮੰਜਿਆਂ ਤੇ ਕਢੇ। ਅਗਲੇ ਦਿਨ ਹਕੀਮ ਦੇ ਵਿਹੜੇ ਵਿਚ ਬਰਾਨੀ ਚਿੱਭੜਾਂ ਦੀ ਬਣੀ ਚਟਣੀ ਨਾਲ ਇਕ ਰੋਟੀ ਹੋਰ ਖਾ ਲਈ ਤੇ ਸ਼ਾਮ ਨੂੰ ਬੈਂਗਣਾਂ ਦੀ ਸਬਜ਼ੀ ਨਾਲ। ਤੀਜੇ ਦਿਨ ਮੈਨੂੰ ਇੰਜ ਲੱਗਣ ਲੱਗਾ ਜਿਵੇਂ ਮੇਰੀਆਂ ਲੱਤਾਂ ਵਿਚ ਜਾਨ ਆ ਰਹੀ ਸੀ ਤੇ ਮੈਂ ਹੌਲੀ ਹੌਲੀ ਤੁਰ ਕੇ ਪਿੰਡ ਜਾ ਸਕਦਾ ਹਾਂ।

ਪਤਾ ਲਗਾ ਕਿ ਬਠਿੰਡੇ ਸ਼ਹਿਰ ਵਿਚੋਂ ਉਜੜ ਕੇ ਗਏ ਮੁਸਲਮਾਨਾਂ ਦੇ ਬਹੁਤ ਘਰ ਖਾਲੀ ਪਏ ਸਨ। ਇਕ ਦਿਨ ਬਾਪੂ, ਮੈਂ ਤੇ ਬੂਟਾ ਜਾਲੀ ਜੋ ਆਪਣੀਆਂ ਭੇਡਾਂ ਬਕਰੀਆਂ ਬਗੈਰ ਬੜਾ ਬੁਝਿਆ ਬੁਝਿਆ ਰਹਿੰਦਾ ਸੀ, ਬਠਿੰਡੇ ਚਲੇ ਗਏ। ਏਥੇ ਸਾਨੂੰ ਸ਼ਰੀਕੇ ਚੋਂ ਲਗਦਾ ਤਾਇਆ ਰਣਜੋਧ ਸਿੰਘ ਮਿਲ ਗਿਆ ਜੋ ਬਹਾਵਲਪੁਰ ਰਿਆਸਤ ਵਿਚੋਂ ਆਪਣੇ ਪੁਤਰ ਕੜਾਕਾ ਸਿੰਘ ਤੇ ਬਾਕੀ ਪਰਵਾਰ ਸਮੇਤ ਆ ਕੇ ਕਿਲੇ ਲਾਗੇ ਪੈਂਦੇ ਮੁਸਲਮਾਨਾਂ ਦੇ ਇਕ ਟੁਟੇ ਜਹੇ ਘਰ ਵਿਚ ਟਿਕ ਗਿਆ ਸੀ। ਤਾਏ ਰਣਜੋਧ ਸਿੰਘ ਅਤੇ ਤਾਏ ਗਿਆਨ ਸਿੰਘ ਨੇ ਨਵੇਂ ਪਿੰਡ ਵਾਲੀ ਜ਼ਮੀਨ ਵੇਚ ਕੇ ਪਹਿਲਾਂ ਸਿੰਧ ਤੇ ਫਿਰ ਬਹਾਵਲਪੁਰ ਵੱਲ ਜ਼ਮੀਨਾਂ ਲੈ ਲਈਆਂ ਸਨ ਜਿਥੇ ਜ਼ਮੀਨਾਂ ਸਸਤੀਆਂ ਸਨ ਤੇ ਪੈਲੀ ਵਧ ਬਣ ਜਾਂਦੀ ਸੀ। ਤਾਏ ਤੋਂ ਈ ਪਤਾ ਲਗਾ ਕਿ ਤਾਇਆ ਗਿਆਨ ਸਿੰਘ ਜਿਸ ਨੇ ਢਾਬਾਂ ਸਿੰਘ ਰਾਇਟ ਕੇਸ ਵਿਚ ਫਾਂਸੀ ਤੋਂ ਉਮਰ ਕੈਦ ਵਿਚ ਬਦਲੀ ਕਾਲੇ ਪਾਣੀ ਦੀ ਸਜ਼ਾ ਕੱਟੀ ਸੀ, ਆਪ ਤਾਂ ਘਰ ਵਾਲੀ ਤੇ ਛੋਟੀ ਕੁੜੀ ਨਾਲ ਬਚ ਕੇ ਨਿਕਲ ਗਿਆ ਸੀ ਪਰ ਵਡੀ ਪੰਦਰਾਂ ਸੋਲਾਂ ਸਾਲਾਂ ਦੀ ਕੁੜੀ ਮੁਸਲਮਾਨ ਧਾੜਵੀਆਂ ਨੇ ਖੋਹ ਲਈ ਸੀ। ਜਦੋਂ ਤਾਇਆ ਤਾਈ ਤੇ ਦੋਵੇਂ ਕੁੜੀਆਂ ਨਵੇਂ ਪਿੰਡ ਆ ਕੇ ਸਾਡੇ ਘਰ ਠਹਿਰਿਆ ਕਰਦੇ ਸਨ ਤਾਂ ਮੇਰਾ ਇਹਨਾਂ ਸਾਰਿਆਂ ਨਾਲ ਬੜਾ ਪਿਆਰ ਸੀ। ਕੁੜੀਆਂ ਪੁਜ ਕੇ ਸੁਹਣੀਆਂ ਸਨ ਕਿਉਂਕਿ ਤਾਇਆ ਆਪ ਵੀ ਬੜਾ ਜਵਾਨ ਤੇ ਸੁਹਣਾ ਸੀ ਅਤੇ ਤਾਈ ਜੋ ਸ਼ਾਇਦ ਤਰਨਤਾਰਨ ਜਾਂ ਅਮ੍ਰਿਤਸਰ ਦੀ ਰੋੜੀ ਜਾਂ ਖਤਰਾਣੀ ਸੀ, ਵੀ ਬਹੁਤ ਖੂਬਸੂਰਤ ਸੀ। ਤਾਇਆ ਦਸਦਾ ਹੁੰਦਾ ਸੀ ਕਿ ਲਾਹੌਰ ਜੇਲ੍ਹ ਵਿਚ ਸ਼ਹੀਦ ਭਗਤ ਸਿੰਘ ਤੇ ਉਹ ਇਕਠੇ ਰਹੇ ਸਨ। ਤਾਏ ਨੇ ਭਗਤ ਸਿੰਘ ਨੂੰ ਮੁੜ ਸਿੱਖੀ ਵਿਚ ਮੁੜ ਆਉਣ ਦੀ ਪ੍ਰੇਰਣਾ ਵੀ ਦਿਤੀ ਸੀ।

### ਤੇਰਾ ਪਿੰਡ ਕਿਹੜਾ ਹੈ?

ਬਠਿੰਡੇ ਦੇ ਕਿਲੇ ਦੇ ਦਰਵਾਜ਼ੇ ਤੋਂ ਫਰਲਾਂਗ ਕੁ ਅਗੇ ਜਾ ਕੇ ਪੈਂਦੇ ਵਡੇ ਖੂਹ ਦੇ ਖਬੇ ਹਥ ਜਾਂਦੀ ਗਲੀ ਵਿਚ ਤਾਏ ਰਣਜੋਧ ਸਿੰਘ ਨੇ ਮੁਸਲਮਾਨਾਂ ਦਾ ਇਕ ਟੁੱਟਾ ਫੁੱਟਾ ਘਰ ਮੱਲ ਲਿਆ ਸੀ। ਉਹਦਾ ਪੁੱਤਰ ਕੜਾਕਾ ਸਿੰਘ ਜਿਸ ਦੇ ਛੋਟੇ ਹੁੰਦਿਆਂ ਰਹੁ ਦੇ ਕੜਾਹੇ ਹੇਠਾਂ ਝੋਕਾ ਦਿੰਦਿਆਂ ਚੁੰਭੇ ਵਿਚ ਡਿਗਣ ਨਾਲ ਦੋਵੇਂ ਪੈਰ ਸੜ ਕੇ ਅਗੋਂ ਮੁੜ ਗਏ ਸਨ, ਬਠਿੰਡੇ ਦੇ ਇਕ ਬਾਜ਼ਾਰ ਵਿਚ ਚਾਦਰ ਵਿਛਾ ਕੇ ਮਨਿਆਰੀ ਦਾ ਸਾਮਾਨ ਭਾਵ ਕੰਘੇ, ਕੜੇ, ਚੂੜੀਆਂ, ਬਕਸੂਏ, ਪਰਾਂਦੇ, ਪਰਾਂਦੀਆਂ, ਰਸੀਆਂ, ਮੁੰਜ, ਵਾਣ, ਸਾਬਨ, ਨਹੁੰ ਪਾਲਸ, ਦੰਦਾਸਾ ਆਦਿ ਵੇਚਣ ਲਗ ਪਿਆ ਸੀ। ਸ਼ਾਮ ਤਕ ਮੁਸ਼ਕਲ ਨਾਲ ਦੋ ਤਿੰਨ ਰੁਪਏ ਵੱਟ ਲੈਂਦਾ ਸੀ। ਬਠਿੰਡੇ ਦਾ ਏਡਾ ਵਡਾ ਇਤਿਹਾਸਿਕ ਕਿਲਾ ਮੈਂ ਜ਼ਿੰਦਗੀ ਵਿਚ ਇਸ ਤੋਂ ਪਹਿਲਾਂ ਕਦੇ ਨਹੀਂ ਵੇਖਿਆ ਸੀ ਜਿਸ ਬਾਰੇ

ਕਹਿੰਦੇ ਕਿ ਇਹ ਕਿਲਾ 1900 ਸਾਲ ਪਹਿਲਾਂ ਭੱਟੀ ਰਾਓ ਪੁਤਰ ਬਲਬੰਦ ਨੇ ਕ੍ਰਸ਼ਨਾਂ ਦੇ ਸਮੇਂ ਬਣਵਾਇਆ ਸੀ। ਭਟਿੰਡਾ ਦੇ ਨਾਂ ਓਸ ਵੇਲੇ ਦੇ ਭੱਟੀ ਰਾਜਪੂਤਾਂ ਨਾਲ ਵੀ ਜੁੜਦਾ ਹੈ। ਫਿਰ ਪਾਲ ਖਾਨਦਾਨ ਤੋਂ ਇਹ ਕਿਲਾ ਅਫਗਾਨਿਸਤਾਨ ਦੇ ਗਜ਼ਨਵੀ ਲੁਟੇਰਿਆਂ ਨੇ ਖੋਹ ਲਿਆ। ਫਿਰ ਇਹ ਕਿਲਾ ਦਿੱਲੀ ਦੇ ਸੁਲਤਾਨ ਕੁਤਬ ਉਦ-ਦੀਨ ਐਬਕ ਦੇ ਅਧੀਨ ਰਿਹਾ ਜੋ ਇਸ ਕਿਲੇ ਦਾ ਗਵਰਨਰ ਵੀ ਸੀ।

ਬਾਦਸ਼ਾਹ ਅਲਤਮਸ਼ ਦੀ ਬੇਟੀ ਰਜ਼ੀਆ ਸੁਲਤਾਨਾ ਜੋ ਹਿੰਦੋਸਤਾਨ ਦੀ ਪਹਿਲੀ ਔਰਤ ਹੁਕਮਰਾਨ ਸੀ ਤੇ ਜਿਸ ਨੇ ਅਸੀਰੀਆ ਦੇ ਗੁਲਾਮ ਯਾਕੂਤ ਨਾਲ ਵਿਆਹ ਕਰਵਾ ਲਿਆ ਸੀ, ਨੂੰ ਮੁਸਲਮਾਨ ਜਰਨੈਲ ਪਸੰਦ ਨਹੀਂ ਕਰਦੇ ਸਨ ਕਿ ਇਕ ਔਰਤ ਉਹਨਾਂ ਉਤੇ ਹਕੂਮਤ ਕਰੇ। ਕਈ ਕਹਿੰਦੇ ਹਨ ਕਿ ਯਾਕੂਤ ਨੂੰ ਮਾਰ ਦਿਤਾ ਗਿਆ ਸੀ ਅਤੇ ਰਜ਼ੀਆ ਸੁਲਤਾਨਾ ਨੇ ਇਸ ਕਿਲੇ ਤੋਂ ਛਾਲ ਮਾਰ ਕੇ ਖੁਦਕਸ਼ੀ ਕਰ ਲਈ ਸੀ। ਕੁਝ ਇਹ ਕਹਿੰਦੇ ਹਨ ਬਠਿੰਡੇ ਦੇ ਗਵਰਨਰ ਮਲਕ ਇਖਤਿਆਰ-ਉਦ ਦੀਨ ਅਤੂਨੀਆ ਦੀ ਉਹ ਬਚਪਨ ਦੀ ਦੋਸਤ ਸੀ ਤੇ ਓਸ ਨੂੰ ਹਾਸਲ ਕਰਨ ਲਈ ਅਤੂਨੀਆ ਨੇ ਬਗਾਵਤ ਕਰ ਦਿਤੀ। ਰਜ਼ੀਆ ਸੁਲਤਾਨਾ ਉਸ ਦੀ ਬਗਵਤ ਨੂੰ ਦਬਾਉਣ ਆਈ ਉਸ ਦੀ ਹੋ ਗਈ ਪਰ ਪਿਛੋਂ ਉਸਦੀ ਗੱਦੀ ਤੇ ਉਹਦੇ ਭਰਾ ਬਹਿਰਾਮ ਨੇ ਕਬਜ਼ਾ ਕਰ ਲਿਆ ਅਤੇ ਆਪਣੀ ਭੈਣ ਅਤੇ ਅਤੂਨੀਆ ਦੋਹਾਂ ਨੂੰ 13 ਅਕਤੂਬਰ, 1240 ਈ. ਵਿਚ ਮਰਵਾ ਦਿਤਾ। ਫਿਰ ਅਠਾਰਵੀਂ ਸਦੀ ਤੇ ਇਸ ਕਿਲੇ ਤੇ ਸਿੱਖਾਂ ਦਾ ਕਬਜ਼ਾ ਹੋ ਗਿਆ ਸੀ ਤੇ ਹੁਣ ਅਕਤੂਬਰ 1947 ਦੇ ਕੈਸੇ ਦਿਨ ਸਨ ਕਿ ਸਾਨੂੰ ਪਾਕਿਸਤਾਨ ਵਿਚੋਂ ਉਜੜ ਕੇ ਆਏ ਬੇਘਰਿਆਂ ਨੂੰ ਏਡੇ ਵਡੇ ਕਿਲੇ ਲਾਗੇ ਸਿਰ ਲੁਕਾਉਣ ਲਈ ਥੋੜ੍ਹੀ ਜਹੀ ਥਾਂ ਵੀ ਨਹੀਂ ਲਭ ਰਹੀ ਸੀ।

ਰੇਤਲੇ ਟਿੱਬਿਆਂ ਦੇ ਬੀਆਬਾਨ ਇਲਾਕੇ ਵਿਚ ਏਡਾ ਵਡਾ ਉੱਚਾ ਕਿਲਾ ਅਤੇ ਬਠਿੰਡੇ ਦਾ ਏਡਾ ਵਡਾ ਰੇਲ ਜੰਕਸ਼ਨ ਮੈਂ ਪਹਿਲਾਂ ਕਦੇ ਨਹੀਂ ਵੇਖਿਆ ਸੀ ਜਿਥੋਂ ਸੱਤ ਪਾਸੇ ਫਿਰੋਜ਼ਪੁਰ, ਫਾਜਿਲਕਾ, ਹਿੰਦੂਮਲ ਕੋਟ, ਬੀਕਾਨੇਰ, ਹਿਸਾਰ, ਦਿੱਲੀ ਤੇ ਅੰਬਾਲੇ ਨੂੰ ਗੱਡੀਆਂ ਜਾਂਦੀਆਂ ਸਨ। ਹਿਸਾਰ ਅਤੇ ਫਾਜਿਲਕਾ ਨੂੰ ਬੀ ਬੀ ਸੀ ਆਈ ਦੀ ਛੋਟੀ ਗੱਡੀ ਜਾਂਦੀ ਸੀ। ਇਸ ਦੀ ਰਫਤਾਰ ਵਡੀ ਗਡੀ ਨਾਲੋਂ ਘਟ ਸੀ। ਕਈ ਵਾਰ ਕਈ ਮਨਚਲੇ ਜਿਨ੍ਹਾਂ ਦੇ ਪਿੰਡ ਲਾਗੇ ਪੈਂਦੇ ਸਨ, ਇਸ ਚਲਦੀ ਗਡੀ ਵਿਚੋਂ ਰੇਤੇ ਉਤੇ ਛਾਲ ਮਾਰ ਦੇਂਦੇ ਸਨ ਜਾਂ ਐਸੇ ਮੁਸਾਫਰ ਵੀ ਜੋ ਬਿਨ ਟਿਕਟੇ ਹੁੰਦੇ। ਕਿਲੇ ਲਾਗੇ ਖੂਹ ਦਾ ਪਾਣੀ ਤਾਰੇ ਵਾਂਗ ਦਿਸਦਾ। ਮੈਂ ਸੋਚਦਾ ਕਿ ਰੇਤਲੇ ਇਲਾਕੇ ਵਿਚ ਜਿਥੇ ਪਾਣੀ ਦੀ ਏਨੀ ਜ਼ਿਆਦਾ ਕਿੱਲਤ ਸੀ, ਬਗੈਰ ਪਾਣੀ ਦੇ 1900 ਸਾਲ ਪਹਿਲਾਂ ਇਹ ਕਿਲਾ ਕਿਵੇਂ ਉਸਰ ਗਿਆ ਸੀ। ਫਿਰ ਕਿਸੇ ਨੇ ਮੈਨੂੰ ਦਸਿਆ ਕਿ ਓਸ ਵੇਲੇ ਦਰਿਆ ਸਤਲੁਜ ਏਥੋਂ ਲੰਘਦਾ ਸੀ ਜਿਸ ਦਾ ਵਹਿਣ ਹੌਲੀ ਹੌਲੀ ਫਿਰੋਜ਼ਪੁਰ ਤੋਂ ਅਗੇ ਤਕ ਚਲਾ ਗਿਆ।

ਬਾਰ ਵਿਚ ਖੂਹਾਂ ਦਾ ਪਾਣੀ ਕੁਝ ਫੁੱਟਾਂ ਦੀ ਦੂਰੀ ਤੇ ਹੁੰਦਾ ਸੀ ਅਤੇ ਇਥੇ ਏਨਾ ਡੂੰਘਾ ਪਾਣੀ ਜਿਸ ਨੂੰ ਊਠ ਜਾਂ ਬਲਦ ਬੋਕਿਆਂ ਨਾਲ ਖਿਚ ਕੇ ਬਾਹਰ ਲਿਆਉਂਦੇ ਤੇ ਬੋਕੇ ਹੌਦੀ ਵਿਚ ਡੋਲ੍ਹ ਦਿੰਦੇ। ਅਗੋਂ ਲੋਕ ਆਪਣੇ ਘੜਿਆਂ ਵਿਚ ਭਰ ਕੇ ਲੈ ਜਾਂਦੇ। ਇਹ ਖੂਹ ਤੀਜੇ ਦਿਨ ਚੜ੍ਹਦਾ ਸੀ ਅਤੇ ਤਿੰਨਾਂ ਦਿਨਾਂ ਲਈ ਇਹ ਖਾਰਾ ਪਾਣੀ ਘੜਿਆਂ ਵਿਚ ਇਕਠਾ ਕਰ ਕੇ ਰਖਿਆ ਜਾਂਦਾ ਸੀ। ਕਿਲੇ ਲਾਗੇ ਤਾਏ ਰਣਜੋਧ ਸਿੰਘ ਦੇ ਗਵਾਂਢ ਸਾਨੂੰ ਵੀ ਪਾਕਿਸਤਾਨ ਚਲੇ ਗਏ ਮੁਸਲਮਾਨਾਂ ਦਾ ਇਕ ਨਿਕਾ ਘਰ ਮਿਲ ਗਿਆ। ਘਰ ਵਿਚੋਂ ਲੁਟੇਰੇ ਸਾਰਾ ਸਾਮਾਨ ਲੁਟ ਕੇ ਲੈ ਗਏ ਸਨ। ਚਲੋ ਫਿਰ ਵੀ ਸਿਰ ਤੇ ਛੱਤ ਤਾਂ ਮਿਲ ਗਈ ਸੀ। ਕਈ ਘਰ ਜੋ ਸਾੜ ਦਿਤੇ ਗਏ ਸਨ, ਇਹਨਾਂ ਵਿਚੋਂ ਅਜੇ ਵੀ ਧੂਏਂ ਦੀ ਬੋ ਆਉਂਦੀ। ਓਸ ਵੇਲੇ ਇਹ ਸਾਰਾ ਇਲਾਕਾ ਰਿਆਸਤ ਪਟਿਆਲਾ ਵਿਚ ਪੈਂਦਾ ਸੀ ਤੇ ਬਠਿੰਡਾ ਬਰਨਾਲੇ ਜ਼ਿਲੇ ਦੀ ਇਕ ਤਹਿਸੀਲ ਸੀ। ਰਿਆਸਤ ਪਟਿਆਲਾ ਵਿਚੋਂ ਕਾਫੀ ਮੁਸਲਮਾਨ ਪਾਕਿਸਤਾਨ ਨੂੰ ਚਲੇ ਗਏ ਸਨ, ਕਈ ਅਜੇ ਜਾ ਰਹੇ ਸਨ ਅਤੇ ਕਈ ਮਾਰੇ ਵੀ ਗਏ ਸਨ। ਇਹ ਤਬਾਦਲਾ ਬਿਲਕੁਲ ਇਸੇ ਤਰ੍ਹਾਂ ਸੀ ਜਿਵੇਂ ਅਸੀਂ ਪਾਕਿਸਤਾਨ ਵਿਚੋਂ ਉਜੜ ਕੇ ਹਿੰਦੋਸਤਾਨ ਆ ਗਏ ਸਾਂ ਤੇ ਮੁਸਲਮਾਨ ਹਿੰਦੋਸਤਾਨ ਵਿਚੋਂ ਉਜੜ ਕੇ ਪਾਕਿਸਤਾਨ ਜਾ ਰਹੇ ਸਨ। ਪਾਕਿਸਤਾਨ ਵਿਚੋਂ ਲਗ ਭਗ ਸਾਰੇ ਹਿੰਦੂ ਸਿੱਖ ਹਿੰਦੋਸਤਾਨ ਵਿਚ ਹਿਜਰਤ ਕਰ ਰਹੇ ਸਨ ਪਰ ਹਿੰਦੋਸਤਾਨ ਵਿਚੋਂ ਸਾਰੇ ਮੁਸਲਮਾਨ ਓਧਰ ਨਹੀਂ ਜਾ ਰਹੇ ਸਨ।

ਬਠਿੰਡੇ ਦੇ ਏਡੇ ਵਡੇ ਉਚੇ ਕਿਲੇ ਦੇ ਥਲੇ ਅਸੀਂ ਰੀਫਿਊਜੀ ਜਿਨ੍ਹਾਂ ਦੀ ਜੇਬ ਵਿਚ ਕੋਈ ਪੈਸਾ ਨਹੀਂ ਸੀ, ਪੈਰਾਂ ਵਿਚ ਜੁੱਤੀ ਨਹੀਂ ਸੀ, ਸਿਰ ਤੇ ਪੱਗ ਨਹੀਂ ਸੀ ਅਤੇ ਖਾਣ ਲਈ ਰੋਟੀ ਨਹੀਂ ਸੀ, ਬਹੁਤ ਛੋਟੇ ਛੋਟੇ ਤੇ ਬਹੁਤ ਗਰੀਬ ਲੱਗ ਰਹੇ ਸਾਂ। ਪਰ ਬਾਪੂ ਹੌਸਲਾ ਦਿੰਦਾ ਕਿ ਉਜੜ ਕੇ ਆਏ ਸਾਰੇ ਲੋਕ ਈ ਸਾਡੇ ਵਰਗੇ ਹਨ। ਰਾਵਲਪਿੰਡੀ ਵੱਲ ਦੇ ਭਾਪਿਆਂ ਦੇ ਮੁੰਡੇ ਦੋ ਠੀਕਰੀਆਂ ਉਂਗਲਾਂ ਦੇ ਦੋਹੀਂ ਪਾਸੀਂ ਜੋੜ ਕੇ ਗਲੀਆਂ ਅਤੇ ਗੱਡੀ ਦੇ ਡਬਿਆਂ ਵਿਚ ਜਾ ਕੇ ਵਜਾਉਂਦੇ ਤੇ ਗਾਉਂਦੇ, "ਆਪਣਾ ਕੋਈ ਨਹੀਂ ਹੈ ਜੀ-ਆਪਣਾ ਸਤਿਗੁਰ ਪਿਆਰਾ ਜੀ।" ਕੁਝ ਲੋਕ ਉਹਨਾਂ ਨੂੰ ਪੈਸਾ ਦੋ ਪੈਸੇ ਦੇ ਦੇਂਦੇ। ਮੈਂ ਇਹ ਠੀਕਰੀਆਂ ਵਜਾਉਣੀਆਂ ਤਾਂ ਸਿੱਖ ਲਈਆਂ ਪਰ ਮੈਨੂੰ ਗਾਉਣਾ ਨਹੀਂ ਆਉਂਦਾ ਸੀ। ਫਿਰ ਰੀਫਿਊਜੀਆਂ ਦੇ ਮੁੰਡੇ ਭਕਾਨੇ ਫੁਲਾ ਕੇ ਤੇ ਕਾਨੇ ਨਾਲ ਬੰਨ੍ਹ ਕੇ ਬਠਿੰਡੇ ਕਿਲੇ ਦੀਆਂ ਲਾਗਲੀਆਂ ਗਲੀਆਂ ਵਿਚ ਪੈਸੇ ਪੈਸੇ ਦਾ ਭਕਾਨਾ ਵੇਚਦੇ ਤੇ ਇੰਜ ਉਹਨਾਂ ਨੂੰ ਦਿਨ ਵਿਚ ਪੰਜ ਛੇ ਆਨੇ ਇਕਠੇ ਹੋ ਜਾਂਦੇ। ਬਾਪੂ ਨੇ ਮੈਨੂੰ ਵੀ ਇਕ ਬਾਣੀਏ ਦੀ ਦੁਕਾਨ ਤੋਂ ਕੁਝ ਭਕਾਨੇ ਉਧਾਰ

ਲਿਆ ਕੇ ਦੇ ਦਿਤੇ ਜਿਨ੍ਹਾਂ ਨੂੰ ਫੁਲਾ ਕੇ ਮੈਂ ਵੀ ਬਾਕੀ ਮੁੰਡਿਆਂ ਨਾਲ ਗਲੀਆਂ ਵਿਚ ਵੇਚਣ ਲਈ ਤੁਰਿਆ ਫਿਰਦਾ ਰਿਹਾ ਪਰ ਪਹਿਲੇ ਦਿਨ ਮੇਰਾ ਕੋਈ ਭਕਾਨਾ ਨਾ ਵਿਕਿਆ ਕਿਉਂਕਿ ਮੈਂ ਹੋਕਾ ਨਹੀਂ ਦਿੰਦਾ ਸਾਂ। "ਲੈ ਲੋ ਪੈਸੇ ਪੈਸੇ ਦਾ ਭਕਾਨਾ" ਦੇ ਬੋਲ ਮੇਰੇ ਮੂੰਹ ਵਿਚੋਂ ਨਹੀਂ ਨਿਕਲਦੇ ਸਨ। ਮੈਂ ਬੜਾ ਸ਼ਮਾਕਲ ਤੇ ਡਰਾਕਲ ਸਾਂ। ਸੱਤਵੀਂ ਜਮਾਤ ਤਕ ਤਾਂ ਰਾਤ ਨੂੰ ਸੁਤੇ ਪਿਆਂ ਮੇਰਾ ਪਿਸ਼ਾਬ ਨਿਕਲ ਜਾਂਦਾ ਹੁੰਦਾ ਸੀ ਅਤੇ ਜਦੋਂ ਪਿੰਡ ਵਿਚ ਉਚੀ ਢੋਲ ਵਜਦੇ ਜਾਂ ਆਤਸ਼ਬਾਜ਼ੀ ਚਲਦੀ ਤਾਂ ਮੈਂ ਬਹੁਤ ਡਰ ਜਾਂਦਾ ਸਾਂ। ਬਾਪੂ ਮੇਰੇ ਕੰਨਾਂ ਵਿਚ ਰੂੰ ਦੇ ਤੇ ਮੋਢਿਆਂ ਤੇ ਚੁਕ ਕੇ ਪਿੰਡੋਂ ਬਾਹਰਵਾਰ ਲੈ ਜਾਂਦਾ ਹੁੰਦਾ ਸੀ। ਚੋਰਾਂ ਅਤੇ ਡਾਕੂਆਂ ਦੀਆਂ ਗੱਲਾਂ ਸੁਣ ਕੇ ਮੈਂ ਡਰ ਨਾਲ ਕੰਬਣ ਲਗ ਜਾਂਦਾ ਸਾਂ। ਫਾਰਸੀ ਦੇ ਮਾਸਟਰ ਦੀ ਕੁੱਟ ਤੋਂ ਡਰਦਾ ਮੈਂ ਸਕੂਲ ਨਾ ਜਾਂਦਾ ਤਾਂ ਬਾਪੂ ਮੇਰਾ ਡਰ ਕਢਣ ਲਈ ਜਮਾਤ ਦੇ ਕਮਰੇ ਦੇ ਬਾਹਰ ਬੈਠਾ ਰਹਿੰਦਾ।

ਅਗਲੇ ਦਿਨ ਬੜੀ ਹਿੰਮਤ ਕਰ ਕੇ ਮੈਂ ਬਠਿੰਡੇ ਦੀਆਂ ਗਲੀਆਂ ਵਿਚ ਹੋਕਾ ਦੇ ਦੇ ਕੇ ਸੱਤ ਅਠ ਆਨੇ ਵੱਟ ਕੇ ਆਪਣੇ ਬਾਪੂ ਦੀ ਤਲੀ ਤੇ ਰਖ ਦਿਤੇ ਤੇ ਇਸ ਤਰ੍ਹਾਂ ਆਜ਼ਾਦ ਹਿੰਦੋਸਤਾਨ ਵਿਚ ਪਹਿਲੀ ਵਾਰ ਕੁਝ ਆਨਿਆਂ ਦੀ ਆਮਦਨ ਦਾ ਵਸੀਲਾ ਬਣਿਆ। ਮਾਂ ਲਾਲਿਆਂ ਦੇ ਘਰਾਂ ਵਿਚ ਆਟੇ ਦਾਲ ਲਈ ਭਾਂਡੇ ਮਾਂਜਣ ਤੇ ਸਫਾਈ ਕਰਨ ਲਗ ਪਈ। ਤਾਇਆ ਰਣਜੋਧ ਸਿੰਘ ਤੇ ਬਾਪੂ ਤਹਿਸੀਲ ਦੇ ਚੱਕਰ ਕੱਟਣ ਲੱਗੇ ਕਿ ਸਾਨੂੰ ਪਾਕਿਸਤਾਨ ਵਿਚ ਛਡੀ ਜ਼ਮੀਨ ਬਦਲੇ ਜ਼ਮੀਨ ਅਲਾਟ ਕੀਤੀ ਜਾਵੇ ਤੇ ਸਾਡੇ ਮੁੜ ਵਸੇਬੇ ਦਾ ਇੰਤਜ਼ਾਮ ਕੀਤਾ ਜਾਵੇ। ਅਜੇ ਤਕ ਇਹ ਪਤਾ ਨਹੀਂ ਲਗ ਰਿਹਾ ਸੀ ਕਿ ਸਾਡਾ ਸ਼ਰੀਕਾ ਅਤੇ ਪਿੰਡ ਦੇ ਬਾਕੀ ਲੋਕ ਕਿਥੇ ਸਨ। ਜੇ ਉਹ ਪਾਕਿਸਤਾਨ ਵਿਚੋਂ ਜਿਓਂਦੇ ਆ ਗਏ ਸਨ ਤਾਂ ਏਧਰ ਆ ਕੇ ਕਿਥੇ ਬੈਠੇ ਸਨ। ਸਾਰਾ ਕੁਝ ਤਹਿਸ ਨਹਿਸ ਅਤੇ ਵਿਗੜ ਚੁਕਾ ਸੀ। ਕਦੀ ਕਦੀ ਪਤਾ ਲਗਦਾ ਕਿ ਸਰਕਾਰ ਪਾਕਿਸਤਾਨ ਵਿਚੋਂ ਬੇਘਰ ਹੋ ਕੇ ਆਏ ਲੋਕਾਂ ਨੂੰ ਮੁੜ ਵਸਾਉਣ ਲਈ ਕੋਸਿਸ਼ ਕਰ ਰਹੀ ਸੀ ਤੇ ਇਸ ਕੰਮ ਲਈ ਜਲੰਧਰ ਦਫਤਰ ਖੁਲ੍ਹ ਗਿਆ ਸੀ। ਜਲੰਧਰ ਵਾਲਾ ਦਫਤਰ ਹੌਲੀ ਹੌਲੀ ਲੋਕਾਂ ਦੀ ਪਾਕਿਸਤਾਨ ਵਿਚ ਰਹਿ ਗਈ ਜ਼ਮੀਨ ਜਾਇਦਾਦ ਦੀ ਪੜਤਾਲ ਵੀ ਕਰਵਾ ਰਿਹਾ ਸੀ। ਉਸ ਦੇ ਇਵਜ਼ ਵਿਚ ਉਹਨਾਂ ਨੂੰ ਏਧਰ ਜ਼ਮੀਨਾਂ ਅਲਾਟ ਕਰਨੀਆਂ ਸਨ। ਮਾਲ ਮਹਿਕਮੇ ਦੇ ਪਟਵਾਰੀ ਤੇ ਹੋਰ ਅਹਿਲਕਾਰ ਇਸ ਕੰਮ ਵਿਚ ਜੁਟ ਗਏ ਸਨ। ਕਿਉਂਕਿ ਬੇਘਰ ਹੋ ਕੇ ਆਏ ਲੋਕਾਂ ਕੋਲ ਓਧਰ ਜ਼ਮੀਨਾਂ ਜ਼ਿਆਦਾ ਸਨ ਅਤੇ ਏਧਰ ਮੁਸਲਮਾਨ ਏਨੀਆਂ ਜ਼ਿਆਦਾ ਜ਼ਮੀਨਾਂ ਛਡ ਕੇ ਨਹੀਂ ਗਏ ਸਨ, ਇਸ ਲਈ ਸਰਕਾਰ ਨੇ ਓਧਰ ਛਡੀ ਜ਼ਮੀਨ ਦੇ ਰਕਬੇ ਤੇ ਕਾਫੀ ਕੱਟ ਲਾ ਦਿਤੀ ਭਾਵ ਜੇ ਕੋਈ ਓਧਰ 50 ਏਕੜ ਜ਼ਮੀਨ ਛਡ ਕੇ ਆਇਆ ਸੀ ਤਾਂ ਏਧਰ ਉਸ ਨੂੰ ਸਾਵੇਂ ਮੁੱਲ ਦੀ ਮਸਾਂ 30 ਏਕੜ ਜ਼ਮੀਨ ਮਿਲਣੀ ਸੀ। ਮਾਲਵੇ ਦੇ ਪਿੰਡਾਂ ਵਿਚ ਏਕੜ ਨਹੀਂ ਵਿਘੇ ਸਨ ਜੋ ਛੇ ਕਨਾਲ ਦਾ ਪੱਕਾ ਵਿਘਾ ਹੁੰਦਾ ਸੀ। ਏਧਰਲੇ ਪੰਜਾਬ ਵਿਚ ਮੁਸਲਮਾਨਾਂ ਵੱਲੋਂ ਛਡੀ ਜ਼ਮੀਨਾਂ ਦੇ ਵਡੇ ਟੋਟੇ ਨਹੀਂ ਸਨ ਜਿਸ ਕਰ ਕੇ ਜੋ ਜ਼ਮੀਨ ਅਲਾਟ ਹੁੰਦੀ ਸੀ, ਉਹ ਵਖ ਵਖ ਟੋਟਿਆਂ ਵਿਚ ਹੁੰਦੀ ਸੀ ਜਿਸ ਵਿਚ ਜ਼ਮੀਨ ਦੀਆਂ ਸਾਰੀਆਂ ਕਿਸਮਾਂ ਰਲਾ ਦਿਤੀਆਂ ਜਾਂਦੀਆਂ ਸਨ ਜਿਵੇਂ ਨਹਿਰੀ, ਚਾਹੀ, ਬੰਜਰ, ਕੱਲਰ ਵਾਲੀ, ਸੇਮ ਵਾਲੀ, ਦਾਭਣ, ਜਵ੍ਹਾਂ ਤੇ ਪੋਲ੍ਹੀ ਵਾਲੀ, ਕਾਨਿਆਂ ਵਾਲੀ, ਬਰਾਨ, ਟਿੱਬੇ ਆਦਿ।

ਸਿਆਲ ਮਾਰੋ ਮਾਰ ਕਰਦਾ ਸਿਰ ਤੇ ਆ ਰਿਹਾ ਸੀ ਤੇ ਸਾਡੇ ਕੋਲ ਸਰਦੀਆਂ ਲਈ ਕੋਈ ਰਜ਼ਾਈਆਂ ਤਲਾਈਆਂ ਵੀ ਨਹੀਂ ਸਨ। ਮੈਂ ਬਠਿੰਡੇ ਦੇ ਕੁਝ ਸਕੂਲਾਂ ਵਿਚ ਦਾਖਲ ਹੋਣ ਦੀ ਕੋਸ਼ਿਸ਼ ਵੀ ਕੀਤੀ ਪਰ ਪਿਛਲੇ ਸਕੂਲ ਛਡਣ ਦਾ ਸਰਟੀਫਿਕੇਟ ਨਾ ਹੋਣ ਕਰ ਕੇ ਦਾਖਲਾ ਨਾ ਮਿਲਿਆ। ਇਸ ਲਈ ਕਦੀ ਕਦੀ ਮੈਂ ਗੋਨਿਆਣੇ ਮੰਡੀ ਵਾਲੇ ਸਕੂਲ ਹੀ ਜਾ ਆਉਂਦਾ। ਸਕੂਲ ਦਾ ਹੈਡਮਾਸਟਰ ਗੁਰਬਚਨ ਸਿੰਘ ਦੀਵਾਨਾ ਬੜਾ ਮਿਹਰਬਾਨ ਸੀ ਤੇ ਉਹਨੂੰ ਪਤਾ ਸੀ ਕਿ ਅਸੀਂ ਮੁੜ ਵਸੇਬੇ ਲਈ ਭਟਕ ਰਹੇ ਹਾਂ। ਕੁਝ ਮਹੀਨਿਆਂ ਬਾਅਦ ਬਠਿੰਡੇ ਤੋਂ ਛੇ ਕੋਹ ਦੂਰ ਸਾਨੂੰ ਅਤੇ ਤਾਏ ਰਣਜੋਧ ਸਿੰਘ ਨੂੰ ਪਿੰਡ ਸ਼ਾਹਾਂ ਵਾਲੇ ਮਹਿਤੇ ਵਿਚ ਕੱਚੀ ਜ਼ਮੀਨ ਅਤੇ ਮੁਸਲਮਾਨ ਤੇਲੀਆਂ ਦਾ ਇਕ ਘਰ ਅਲਾਟ ਹੋ ਗਿਆ ਜਿਸ ਦੇ ਛੱਤੇ ਹੋਏ ਦਰਵਾਜ਼ੇ ਦੇ ਦੋ ਹਿੱਸੇ ਸਨ। ਛੱਤ ਪਈ ਵਾਲਾ ਅਧਾ ਕੱਚਾ, ਅਧਾ ਪੱਕਾ ਬੜਾ ਖੁਲ੍ਹਾ ਦਰਵਾਜ਼ਾ ਸਾਂਝਾ ਸੀ। ਦਰਵਾਜ਼ੇ ਦੇ ਵਿਚਕਾਰ ਇਕ ਬਹੁਤ ਵਡੀ ਪਕੀ ਥੰਮ੍ਹੀ ਸੀ ਜੋ ਦਰਵਾਜ਼ੇ ਨੂੰ ਦੋ ਹਿੱਸਿਆਂ ਵਿਚ ਵੰਡਦੀ ਸੀ। ਦੋਹਾਂ ਪਾਸੇ ਪਸੂਆਂ ਲਈ ਖੁਰਲੀਆਂ ਬਣੀਆਂ ਹੋਈਆਂ ਸਨ। ਅੰਦਰ ਦੋਹਾਂ ਘਰਾਂ ਦੇ ਵਿਹੜਿਆਂ ਵਿਚ ਵੀ ਪਸੂਆਂ ਲਈ ਖੁਰਲੀਆਂ ਸਨ ਜਿਸ ਤੋਂ ਪਤਾ ਲਗਦਾ ਸੀ ਕਿ ਚਲੇ ਗਏ ਮੁਸਲਮਾਨ ਤੇਲੀ ਪਸੂ ਡੰਗਰ ਰਖਦੇ ਸਨ। ਦੋਹੀਂ ਪਾਸੀਂ ਚੌਂਕਾ ਚੁਲ੍ਹਾ ਅਤੇ ਪਿਛੇ ਦੋ ਦੋ ਕੱਚੇ ਕੋਠੇ ਸਨ। ਘਰਾਂ ਨੂੰ ਅਡੋ ਅਡ ਕਰਨ ਲਈ ਦਰਵਾਜ਼ੇ ਤਕ ਛੇ ਫੁੱਟ ਉੱਚੀ ਕੱਚੀ ਕੰਧ ਕਢੀ ਹੋਈ ਸੀ ਪਰ ਏਧਰ ਓਧਰ ਜਾਣ ਲਈ ਵਿਚੁਕਾਰ ਬਗੈਰ ਬੂਹੇ ਵਾਲੀ ਵੱਡੀ ਬਾਰੀ ਰਖੀ ਹੋਈ ਸੀ। ਹੋ ਸਕਦਾ ਕਿ ਇਸ ਘਰ ਵਿਚ ਦੋ ਭਰਾਵਾਂ ਦੇ ਟੱਬਰ ਰਹਿੰਦੇ ਹੋਣ। ਅਸੀਂ ਬਠਿੰਡੇ ਵਾਲਾ ਮੁਸਲਮਾਨਾਂ ਦਾ ਘਰ ਛਡ ਦਿਤਾ ਤੇ ਇਸ ਤੇਲੀਆਂ ਦੇ ਘਰ ਵਿਚ ਇਕ ਪਾਸੇ ਵਾਲੇ ਕਚੇ ਕੋਠਿਆਂ ਵਿਚ ਰਹਿਣ ਲਗ ਪਏ ਜਿਨ੍ਹਾਂ ਵਿਚ ਦਿਨੇ ਵੀ ਬਹੁਤ ਹਨੇਰਾ ਰਹਿੰਦਾ ਸੀ ਤੇ ਪੂਰੀ ਤਰ੍ਹਾਂ ਕੁਝ ਨਹੀਂ ਦਿਸਦਾ ਸੀ। ਕਈ ਵਾਰ ਰਾਤ ਨੂੰ ਸੁਤਿਆਂ ਪਿਆਂ ਦਬਾਅ ਪੈ ਜਾਂਦਾ ਤੇ ਅਸੀਂ ਬੁੜਬੜਾ ਕੇ ਉਠ ਖਲੋਂਦੇ। ਮਾਂ ਕਹਿੰਦੀ ਮੈਨੂੰ ਸੁਪਨੇ ਵਿਚ ਤੇਲਣ ਦਿਸਦੀ ਹੈ ਜੋ ਘਰ ਖਾਲੀ ਕਰਨ ਲਈ ਕਹਿੰਦੀ ਹੈ। ਅਗੜ ਪਿਛੜ ਦੋਹਾਂ ਕੋਠਿਆਂ ਵਿਚ ਕੋਹਲੂ ਲਗੇ ਹੋਏ ਸਨ ਤੇ ਦਾਣੇ ਪਾਉਣ ਲਈ ਕੁਝ ਮਿਟੀ ਦੇ ਭੜੋਲੇ ਬਣੇ ਹੋਏ ਸਨ ਜੋ ਖਾਲੀ ਸਨ।

ਦੂਜੇ ਪਾਸੇ ਵੱਲ ਵੀ ਦੋ ਕੱਚੇ ਕੋਠੇ ਸਨ ਜੋ ਰਿਆਸਤ ਬਹਾਵਲਪੁਰ ਤੋਂ ਉਜੜ ਕੇ ਆਏ ਇਕ ਜੱਟ ਚੰਨਣ ਸਿੰਘ ਨੂੰ ਅਲਾਟ ਹੋ ਗਏ। ਉਸ ਦੇ ਟੱਬਰ ਵਿਚ ਉਸਦੀ ਘਰ ਵਾਲੀ, ਮੇਰੇ ਹਾਣ ਦੀ ਇਕ ਉਚੀ, ਲੰਮੀ, ਪਤਲੀ, ਗੋਰੀ, ਚਿੱਟੀ ਲਗਰ ਵਰਗੀ ਖੂਬਸੂਰਤ ਕੁੜੀ ਤੇ ਓਸ ਤੋਂ ਛੋਟਾ ਉਸਦਾ ਭਰਾ ਮਹਿੰਗਾ ਆਣ ਵਸੇ ਸਨ। ਪਿਛੋਂ ਬਹੁਤੀ ਜ਼ਮੀਨ ਨਾ ਹੋਣ ਕਰ ਕੇ ਉਹਨਾਂ ਨੂੰ ਵੀ ਇਸ ਪਿੰਡ ਵਿਚ ਥੋੜ੍ਹੀ ਜਹੀ ਕਚੀ ਜ਼ਮੀਨ ਅਲਾਟ ਹੋਈ ਸੀ। ਪਿੰਡ ਦੇ ਸ਼ਾਹਾਂ ਦੇ ਘਰਾਂ ਵਾਲੇ ਪਾਸੇ ਮੁਸਲਮਾਨਾਂ ਦੇ ਬਹੁਤ ਘਰ ਖਾਲੀ ਪਏ ਸਨ ਜਿਨ੍ਹਾਂ ਵਿਚ ਵੱਸਣ ਲਈ ਹਾਲੇ ਰੀਫਿਊਜੀ ਨਹੀਂ ਸਨ ਆਏ। ਕਈ ਰੀਫਿਊਜੀ ਉਹ ਘਰ ਵੇਖ ਕੇ ਮੁੜ ਜਾਂਦੇ ਕਿਉਂਕਿ ਓਸ ਪਾਸੇ ਤੋਂ ਪਿੰਡ ਦਾ ਪਾਣੀ ਵਾਲਾ ਖੂਹ ਬਹੁਤ ਦੂਰ ਪੈਂਦਾ ਸੀ ਤੇ ਏਡੀ ਦੂਰੋਂ ਸਿਰਾਂ ਤੇ ਪਾਣੀ ਦੇ ਘੜੇ ਚੁਕ ਕੇ ਲਿਆਉਣੇ ਬੜੇ ਮੁਸ਼ਕਲ ਸਨ। ਏਥੇ ਵੀ ਝਿਓਰ ਬੋਕੇ ਲੈ ਕੇ ਖੂਹ ਤੇ ਤੀਜੇ ਦਿਨ ਚੜ੍ਹਦਾ ਸੀ। ਇਸ ਪਿੰਡ ਵਿਚ ਵੀ ਸਾਨੂੰ "ਮੁਸਲਿਆਂ ਵੱਟੇ ਵਟਾਏ" ਕਿਹਾ ਜਾਂਦਾ ਸੀ ਜਾਂ "ਫਰੂਜੀ" ਜਾਂ "ਪਨਾਹਗੀਰ" ਕਹਿੰਦੇ ਸਨ। ਇਸ ਪਿੰਡ ਵਿਚ ਜ਼ਮੀਨ ਤਾਂ ਅਲਾਟ ਹੋ ਗਈ ਸੀ ਪਰ ਜ਼ਮੀਨ ਵਹੁਣ ਲਈ ਸਾਡੇ ਕੋਲ ਕੋਈ ਬਲਦਾਂ ਦੀ ਜੋਗ, ਊਠ, ਹਲ, ਪੰਜਾਲੀ, ਰੰਬਾ, ਦਾਤੀ, ਕਹੀ ਵਗੈਰਾ ਕੁਝ ਵੀ ਨਹੀਂ ਸੀ। ਤਾਏ ਰਣਜੋਧ ਸਿੰਘ ਨੇ ਆਪਣੀ ਰਿਹਾਇਸ਼ ਭਠਿੰਡੇ ਤੋਂ ਨਹੀਂ ਪੁਟੀ ਸੀ। ਉਹ ਕਦੀ ਕਦੀ ਮਹਿਤੇ ਗੇੜਾ ਮਾਰ ਜਾਂਦਾ। ਪਿੰਡ ਦੀਆਂ ਨਿਆਈਆਂ ਵਿਚ ਫੰਡਰ ਆਵਾਰਾ ਗਊਆਂ, ਫੰਡਰ ਮਝਾਂ ਤੈ ਆਵਾਰਾ ਖੋਤੀਆਂ ਆਮ ਤੁਰੀਆਂ ਫਿਰਦੀਆਂ ਸਨ। ਬਾਪੂ ਨੇ ਤੁਰੀ ਫਿਰਦੀ ਇਕ ਗਾਂ ਫੜ ਲਿਆਂਦੀ ਜੋ ਕੁਝ ਚਿਰ ਪਿਛੋਂ ਸੂ ਪਈ। ਮੈਂ ਉਹਦਾ ਕੰਨ ਪਕੜਦਾ ਤੇ ਬਾਪੂ ਜਾਂ ਮਾਂ ਉਹਨੂੰ ਪੈਂਖੜ ਪਾ ਕੇ ਚੋਂਦੇ। ਘਰ ਵਿਚ ਦੁਧ ਦਹੀਂ ਦਾ ਉਤਾਰਾ ਹੋ ਗਿਆ। ਪਿੰਡ ਵਾਲਿਆਂ ਨੇ ਉਜੜ ਕੇ ਆਇਆਂ ਨੂੰ ਕੁਝ ਲੀੜੇ, ਕਪੜੇ, ਰਜ਼ਾਈਆਂ, ਤਲਾਈਆਂ, ਖੇਸ ਤੇ ਦਾਣੇ ਆਦਿ ਵੀ ਇਕਠੇ ਕਰ ਕੇ ਦੇ ਦਿਤੇ ਸਨ। ਬਠਿੰਡੇ ਜਾਣ ਲਈ ਉਜਾੜ ਬੀਆ ਬਾਨ ਰਾਹਾਂ ਵਿਚੋਂ ਪੈਦਲ ਤੁਰ ਕੇ ਜਾਣਾ ਪੈਂਦਾ ਸੀ ਜਾਂ ਰੇਤੇ ਦੇ ਭਰੇ ਟਿੱਬਿਆਂ ਵਿਚੋਂ ਲੰਘ ਸ਼ੇਰਗੜ੍ਹ ਸਟੇਸ਼ਨ ਤੋਂ ਛੋਟੀ ਗੱਡੀ ਫੜ ਕੇ ਬਠਿੰਡੇ ਜਾਈ ਦਾ ਸੀ। ਸਭ ਗਡੀਆਂ ਬੇਟੈਮੀਆਂ ਚਲਦੀਆਂ ਸਨ। ਇਹਨਾਂ ਉਜਾੜ ਬੀਆਬਾਨ ਟਿੱਬਿਆਂ ਵਿਚੋਂ ਲੰਘਦਿਆਂ ਜਿਥੇ ਡਰ ਲਗਦਾ, ਓਥੇ ਸੂਏ ਕੰਢੇ ਕਦੀ ਕਦੀ ਮੋਰ, ਤਿੱਤਰ, ਸਹੇ ਤੇ ਭਟਿਟਰ ਤੁਰੇ ਫਿਰਦੇ ਦਿਸਦੇ ਤੇ ਮੋਰ ਤੇ ਤਿੱਤਰ ਆਵਾਜ਼ਾਂ ਕਢਦੇ ਬੜੇ ਸੁਹਣੇ ਲਗਦੇ। ਪਾਕਿਸਤਾਨ ਵਾਲੇ ਪਿੰਡ ਦਾ ਇਕੋ ਇਕ ਜਾਣ ਪਛਾਣ ਵਾਲਾ ਬੂਟਾ ਜਾਲੀ ਤਾਂ ਕਈ ਮਹੀਨੇ ਪਹਿਲਾਂ ਬਠਿੰਡਿਓਂ ਗਡੀ ਚੜ੍ਹ ਕੇ ਪਤਾ ਨਹੀਂ ਕਿਧਰ ਚਲਾ ਗਿਆ ਸੀ ਤੇ ਮੁੜ ਜ਼ਿੰਦਗੀ ਵਿਚ ਉਹ ਕਦੇ ਵੀ ਨਾ ਮਿਲਿਆ। ਵਿਚ ਵਿਚ ਓਥੋਂ ਗੋਨਿਆਣਾ ਮੰਡੀ ਦੇ ਸਕੂਲ ਵੀ ਪੜ੍ਹਨ ਲਈ ਜਾ ਆਉਂਦਾ। ਮਨ ਏਨਾ ਜ਼ਿਆਦਾ ਉਖੜ ਚੁਕਾ ਸੀ ਕਿ ਪੜ੍ਹਾਈ ਵਿਚ ਉਕਾ ਈ ਦਿਲ ਨਹੀਂ ਲਗਦਾ ਸੀ। 30 ਜਨਵਰੀ ਨੂੰ ਮਹਾਤਮਾ ਗਾਂਧੀ ਦਾ ਕਤਲ ਹੋਣ ਤੇ ਸਕੂਲ ਵਿਚ ਛੁਟੀ ਹੋ ਗਈ। ਭਾਵੇਂ ਓਸ ਵੇਲੇ ਮੇਰੀ ਕੋਈ ਸਿਆਸੀ ਸੋਚ ਨਹੀਂ ਸੀ ਪਰ ਹਿੰਦੋਸਤਾਨ ਨੂੰ ਆਜ਼ਾਦ ਕਰਵਾਉਣ ਵਾਲੇ ਮਹਾਤਮਾ ਗਾਂਧੀ ਦਾ ਕਤਲ ਬਹੁਤ ਮਾੜਾ ਲਗਿਆ। ਬੜੇ ਉਖੜਵੇਂ ਮਾੜੇ ਹਾਲਾਤਾਂ ਵਿਚ ਸੰਨ 48 ਚੜ੍ਹ ਕੇ ਮਾਰਚ ਦਾ ਮਹੀਨਾ ਆ ਗਿਆ ਸੀ ਤੇ ਮੈਂ ਅਠਵੀਂ ਪਾਸ ਕਰ ਕੇ ਏਸੇ ਸਕੂਲ ਵਿਚ ਹੀ ਨੌਵੀਂ ਵਿਚ ਦਾਖਲ ਹੋ ਗਿਆ।

ਇਕ ਦਿਨ ਬਾਪੂ ਇਕ ਬੋਤਾ ਵੀ ਲਭ ਲਿਆਇਆ ਤੇ ਉਸਨੂੰ ਵਾਹੀ ਕਰਨ ਲਈ ਵਰਤਣ ਵਾਸਤੇ ਕਿੱਲੇ ਉਤੇ ਲਿਆ ਕੇ ਬੰਨ੍ਹ ਦਿਤਾ। ਫਿਰ ਇਕ ਮਝ ਵੀ ਮਿਲ ਗਈ ਸੀ। ਗਹਿਰੀ ਵੱਲ ਲਗਦੇ ਸੂਏ ਕੰਢੇ ਕਦੇ ਕਦੇ ਮੈਂ ਗਾਂ ਤੇ ਮਝ ਨੂੰ ਮੈਂ ਚਾਰਣ ਜਾਂਦਾ ਤਾਂ ਸਰਾਂ ਵਿਚ ਲੁਕੇ ਤਿੱਤਰਾਂ ਨੂੰ ਛੋਟੀ ਜਹੀ ਭੂਰੇ ਰੰਗ ਦੀ ਕੁੱਤੀ ਜੋ ਬਾਪੂ ਕਿਤੋਂ ਲੈ ਆਇਆ ਸੀ, ਸੁੰਘ ਕੇ ਲਭ ਲੈਂਦੀ ਤੇ ਉਹਨਾਂ ਦੇ ਮਗਰ ਭਜ ਕੇ ਤੀਜੀ ਉਡਾਰੀ ਤੇ ਇਕ ਤਿੱਤਰ ਆਪਣੇ ਦੰਦਾਂ ਵਿਚ ਅੜਾ ਕੇ ਲੈ ਆਉਂਦੀ ਜਿਸ ਦਾ ਭੁਜਾ ਮਾਸ ਬੜਾ ਸਵਾਦ ਲਗਦਾ ਤੇ ਬਾਰ ਦਾ ਪਿੰਡ, ਖਤਾਨ ਅਤੇ ਆਪਣਾ ਪਿਛਲਾ ਮੁਰੱਬਾ ਯਾਦ ਆ ਜਾਂਦਾ। ਕੁਝ ਦਿਨਾਂ ਬਾਅਦ ਪਟਵਾਰੀ ਕਹਿ ਗਿਆ ਕਿ ਇਹ ਇਹ ਗਊ, ਇਹ ਬੋਤਾ ਇਹ ਮਝ ਬਠਿੰਡੇ ਤਹਿਸੀਲਦਾਰ ਦੇ ਦਫਤਰ ਵਿਚ ਲਿਜਾ ਕੇ ਇਹਨਾਂ ਦੀ ਬੋਲੀ ਕਰਵਾ ਕੇ ਬਣਦੇ ਪੈਸੇ ਤਾਰ ਕੇ ਆਓ ਨਹੀਂ ਤਾਂ ਤੁਹਾਡੇ ਤੇ ਬਠਿੰਡੇ ਥਾਣੇ ਵਿਚ ਚੋਰੀ ਦਾ ਕੇਸ ਦਰਜ ਹੋ ਜਾਏਗਾ। ਬਾਪੂ ਨੇ ਬਥੇਰਾ ਕਿਹਾ ਕਿ ਅਸੀਂ ਵੀ ਤਾਂ ਆਪਣੇ ਪਸੂ ਡੰਗਰ ਪਾਕਿਸਤਾਨ ਵਿਚ ਛਡ ਕੇ ਆਏ ਹਾਂ ਪਰ ਪਟਵਾਰੀ ਨਾ ਮੰਨਿਆ ਤੇ ਅਸੀਂ ਇਕ ਇਕ ਕਰ ਕੇ ਉਹਨਾਂ ਪਸੂਆਂ ਨੂੰ ਬਠਿੰਡੇ ਦੀ ਤਹਿਸੀਲੇ ਪੇਸ਼ ਕਰ ਕੇ ਵੀਹ ਵੀਹ ਰੁਪੈ ਤਾਰ ਕੇ ਆਪਣੀ ਮਲਕੀਤ ਵਿਚ ਲਿਆਂਦਾ ਤੇ ਇਹ ਪੈਸੇ ਪਿੰਡ ਦੇ ਸ਼ਾਹ ਕੋਲੋਂ ਉਧਾਰੇ ਫੜੇ। ਜਦੋਂ ਪਿੰਡ ਦੀ ਨਿਆਈਂ ਵਾਲੀ ਜ਼ਮੀਨ ਵਿਚ ਵੀਜ ਸਾਡੇ ਖਰਬੂਜ਼ੇ ਵਿਕਣੇ ਸ਼ੁਰੂ ਹੋਏ ਜੋ ਅਸੀਂ ਖੋਤੀਆਂ ਤੇ ਲੱਦ ਕੇ ਬਠਿੰਡੇ ਵੇਚਣ ਜਾਂਦੇ ਤਾਂ ਸ਼ਾਹ ਦਾ ਕਰਜ਼ਾ ਉਤਾਰ ਦਿਤਾ ਤੇ ਸਗੋਂ ਕੁਝ ਪੈਸੇ ਬਚ ਵੀ ਗਏ।

ਇਕ ਅਧਖੜ ਮੁਸਲਮਾਨੀ ਜਿਸ ਦੇ ਸਾਰੇ ਰਿਸ਼ਤੇਦਾਰ ਪਾਕਿਸਤਾਨ ਜਾਂਦੇ ਮਾਰੇ ਗਏ ਸਨ, ਅਕਸਰ ਸਾਡੇ ਦਰਵਾਜ਼ੇ ਵਿਚ ਆ ਕੇ ਬੈਠ ਜਾਂਦੀ ਤੇ ਆਪਣਿਆਂ ਨੂੰ ਯਾਦ ਕਰ ਕਰ ਉਚੀ ਉਚੀ ਵੈਣ ਪਾਉਣ ਲਗ ਪੈਂਦੀ। ਮੇਰੀ ਮਾਂ ਉਹਨੂੰ ਕਈ ਵਾਰ ਰੋਟੀ ਖਵਾ ਦੇਂਦੀ ਅਤੇ ਉਹ ਤੇ ਮਾਂ ਚੱਕੀ ਝੋਅ ਕੇ ਆਟਾ ਪੀਹ ਲੈਂਦੀਆਂ। ਸ਼ਾਇਦ ਇਸ ਪਿੰਡ ਖਰਾਸ ਕੋਈ ਨਹੀਂ ਸੀ ਤੇ ਲੋਕ ਲਾਗਲੇ ਪਿੰਡਾਂ ਤੋਂ ਦਾਣੇ ਪਿਸਾ ਕੇ ਲਿਆਉਂਦੇ ਸਨ। ਉਂਜ ਇਸ ਪਿੰਡ ਵਿਚ ਰੱਜੇ ਪੁਜੇ ਤੇ ਜ਼ਮੀਨ ਜਾਇਦਾਦ ਵਾਲੇ ਬਾਣੀਆਂ ਦੇ ਕਈ ਘਰ ਸਨ ਜਿਨ੍ਹਾਂ ਦਾ ਬਠਿੰਡੇ ਪੜ੍ਹਦਾ ਇਕ ਮੁੰਡਾ ਅਮਰ ਨਾਥ ਸਿੰਗਲਾ ਮੇਰਾ ਯਾਰ ਬਣ ਗਿਆ। ਇਹਨਾਂ ਬਾਣੀਆਂ ਦੀਆਂ ਕਿਲਿਆਂ ਵਰਗੀਆਂ ਉਚੀਆਂ ਉਚੀਆਂ ਪਕੀਆਂ ਹਵੇਲੀਆਂ ਸਨ ਤੇ ਅਮਰ ਨਾਥ ਸਿੰਗਲਾ ਦਾ ਪਿੰਡ ਦੇ

ਉੱਤਰ ਵਾਲੇ ਵਿਚ ਬਾਗ ਵੀ ਸੀ। ਅਸੀਂ ਉਹਦੇ ਬਾਗ ਵਿਚ ਬੈਠ ਕੇ ਪੜ੍ਹਦੇ। ਪੜ੍ਹਨ ਵਿਚ ਉਹ ਬਹੁਤਾ ਹੋਸ਼ਿਆਰ ਨਹੀਂ ਸੀ। ਮੈਂ ਕਈ ਵਾਰ ਬਠਿੰਡੇ ਉਹਦੇ ਸਨਾਤਨ ਧਰਮ ਸਕੂਲ ਦੇ ਹੋਸਟਲ ਦੇ ਕਮਰੇ ਵਿਚ ਠਹਿਰ ਜਾਂਦਾ ਤੇ ਉਹਨੂੰ ਪੜ੍ਹਾਂਦਾ ਵੀ। ਪਰ ਆਪ ਸ਼ਵਿੰਦਰਾ ਹਾਈ ਸਕੂਲ ਗੋਨਿਆਣਾ ਮੰਡੀ ਹੀ ਪੜ੍ਹਨ ਜਾਂਦਾ। ਰਿਆਸਤ ਫਰੀਦਕੋਟ ਦੀ ਹੱਦ ਤੇ ਪੈਂਦੇ ਆਖਰੀ ਪਿੰਡ ਨਹੀਆਂ ਵਾਲਾ ਵਿਚ ਰੇਲਵੇ ਲਾਈਨ ਦੇ ਨਾਲ ਇਕ ਕੱਚੇ ਕਿਲੇ ਵਿਚ ਮੁੰਡਿਆਂ ਲਈ ਹੋਸਟਲ ਬਣਿਆ ਹੋਇਆ ਸੀ। ਮੈਂ ਇਸ ਹੋਸਟਲ ਵਿਚ ਦਾਖਲ ਹੋ ਗਿਆ। ਨਸਵਾਰ ਦੀ ਚੁਟਕੀ ਲੈਣ ਵਾਲਾ ਤੇ ਹੁੱਕੀ ਪੀਣ ਵਾਲਾ ਬਾਵਰਚੀ ਕੋਲਿਆਂ ਤੇ ਰੋਟੀ ਸੇਕ ਕੇ ਦੂਰੋਂ ਚਿਮਟੇ ਨਾਲ ਸਾਡੀ ਥਾਲੀ ਵਿਚ ਐਸਾ ਨਿਸ਼ਾਨਾ ਲਾ ਕੇ ਫੁੱਲਿਆ ਫੁਲਕਾ ਸੁਟਦਾ ਕਿ ਮਜਾਲ ਥਾਲੀ ਤੋਂ ਬਾਹਰ ਡਿਗ ਪਵੇ। ਏਥੇ ਹੀ ਸਕੂਲ ਦਾ ਹੈਡਮਾਸਟਰ ਗੁਰਬਚਨ ਸਿੰਘ ਦੀਵਾਨਾ ਸ਼ਾਮ ਨੂੰ ਆ ਜਾਂਦਾ ਅਤੇ ਹਸੋਟਲ ਦੇ ਸੁਪਰਡੰਟ ਗੁਰਬਚਨ ਸਿੰਘ ਨਾਲ ਜੋ ਸਕੂਲ ਦਾ ਗਿਆਨੀ ਟੀਚਰ ਸੀ, ਨਾਲ ਰਲ ਕੇ ਸ਼ਰਾਬ ਪੀਂਦਾ। ਹਰੇ ਰੰਗ ਦੀ ਸ਼ਰਾਬ ਦੀ ਬੋਤਲ ਲੈਣ ਲਈ ਉਹ ਅਕਸਰ ਮੰਡੀ ਦੇ ਠੇਕੇ ਤੇ ਮੈਨੂੰ ਹੀ ਭੇਜਦੇ ਅਤੇ ਮੈਂ ਪੈਦਲ ਭੱਜ ਕੇ ਤੁਰਤ ਬੋਤਲ ਲੈ ਕੇ ਆ ਜਾਂਦਾ। ਇਸ ਹੋਸਟਲ ਵਿਚੋਂ ਮੁੰਡੇ ਕਈ ਵਾਰ ਭੱਜ ਕੇ ਜਗਜੀਤ ਥੇਟਰ ਜਾਂ ਨਾਵਲਟੀ ਟਾਕੀ ਬਠਿੰਡੇ ਜਾ ਕੇ ਪਿਕਚਰ ਵੇਖ ਆਉਂਦੇ ਅਤੇ ਅਧੀ ਰਾਤੀਂ ਭੱਜ ਕੇ ਹੀ ਵਾਪਸ ਆ ਜਾਂਦੇ ਜਾਂ ਬਾਕੀ ਰਾਤ ਸਟੇਸ਼ਨ ਦੇ ਬੈਂਚਾਂ ਜਾਂ ਫਰਸ਼ ਤੇ ਸੌਂ ਕੇ ਸਵੇਰ ਵਾਲੀ ਗੱਡੀ ਦੇ ਆਖਰੀ ਡਬਿਆਂ ਵਿਚ ਬਿਨ ਟਿਕਟੇ ਚੜ੍ਹ ਕੇ ਗੋਨਿਆਣਾ ਮੰਡੀ ਦੇ ਸਟੇਸ਼ਨ ਤੇ ਗੱਡੀ ਰੁਕਣ ਤੋਂ ਪਹਿਲਾਂ ਹੀ ਭੱਜ ਕੇ ਹੋਸਟਲ ਪਹੁੰਚ ਜਾਂਦੇ। ਜੇ ਕਿਤੇ ਸਿਗਨਲ ਡਾਊਨ ਨਾ ਹੋਇਆ ਹੁੰਦਾ ਤਾਂ ਗਡੀ ਹੋਸਟਲ ਦੇ ਲਾਗੇ ਹੀ ਰੁਕ ਜਾਂਦੀ। ਮੈਂ ਆਪਣੀ ਜ਼ਿੰਦਗੀ ਦੀ ਪਹਿਲੀ ਪਿਕਚਰ “ਅਨਮੋਲ ਘੜੀ” ਬਠਿੰਡੇ ਦੀ ਬਗੈਰ ਛੱਤ ਵਾਲੀ ਨਾਵਲਟੀ ਟਾਕੀ ਵਿਚ ਭੁੰਜੇ ਬਹਿ ਕੇ ਵੇਖੀ ਜਿਸ ਦੀ ਟਿਕਟ ਤਿੰਨ ਆਨੇ ਹੁੰਦੀ ਸੀ। ਉਹਨਾਂ ਸਮਿਆਂ ਵਿਚ ਤਿੰਨ ਆਨੇ ਇਕਠੇ ਕਰਨੇ ਸੌਖਾ ਕੰਮ ਨਹੀਂ ਸੀ। ਅਕਤੂਬਰ 1947 ਤੋਂ ਮਾਰਚ 1951 ਤਕ ਦੇ ਉਦਾਸ ਤੇ ਗਰੀਬ ਦਿਨਾਂ ਵਿਚ ਦਸਵੀਂ ਜਮਾਤ ਪਾਸ ਕਰਨ ਤੀਕ ਮੈਂ ਗੋਨਿਆਣਾ ਮੰਡੀ, ਬਠਿੰਡੇ ਅਤੇ ਮਹਿਤੇ ਵਿਚੁਕਾਰਲੇ ਟਿੱਬਿਆਂ ਦਾ ਕਰੀਬ 12 ਕੋਹ ਦਾ ਪੈਦਲ ਤੇ ਬਿਨ ਟਿਕਟਾ ਸਫਰ ਪਤਾ ਨਹੀਂ ਕਿੰਨੀ ਕੁ ਸੌ ਵਾਰ ਕੀਤਾ ਹੋਵੇਗਾ। ਕਿੰਨੀ ਕੁ ਵਾਰ ਮਲ੍ਹੇ ਅਤੇ ਬੇਰੀਆਂ ਦੇ ਬੇਰ ਤੋੜ ਕੇ ਖਾਧੇ ਹੋਣਗੇ। ਕਈ ਵਾਰ ਨਿਸਰਦੇ ਛੋਲਿਆਂ ਦੇ ਪੱਤਿਆਂ ਵਿਚ ਲੂਣ ਮਿਰਚ ਰਲਾ ਕੇ ਤੇ ਹਥਾਂ ਵਿਚ ਈ ਗੁੰਨ੍ਹ ਤੇ ਰੋਟੀ ਤੇ ਰਖ ਕੇ ਸਵਾਦ ਮਾਣਿਆ ਹੋਵੇਗਾ ਤੇ ਮਾਲਵੇ ਦੇ ਇਸ ਇਲਾਕੇ ਦੇ ਖਾਰੇ ਪਾਣੀ ਪੀਣ ਨਾਲ ਮੇਰੇ ਚਿੱਟੇ ਦੰਦਾਂ ਦਾ ਰੰਗ ਪੀਲਾ ਪੈ ਗਿਆ ਸੀ। ਪਿਛੋਂ ਦੰਦਾਂ ਦੇ ਡਾਕਟਰ ਨੇ ਦਸਿਆ ਕਿ ਇਸ ਨੂੰ ਵਾਟਰ ਮਾਰਕਸ ਕਹਿੰਦੇ ਹਨ।

### ਮਹਿਤੇ ਪਿੰਡ ਦੀਆਂ ਯਾਦਾਂ

ਮਹਿਤੇ ਵਾਲੀ ਬਰਾਨੀ ਜ਼ਮੀਨ ਦਾ ਕੋਈ ਫਾਇਦਾ ਨਹੀਂ ਸੀ। ਜ਼ਮੀਨ ਵਹੁਣ ਲਈ ਨਾ ਕੋਲ ਕੋਈ ਸੰਦ ਸਨ ਤੇ ਨਾ ਹੀ ਪਸ਼ੂ। ਭਾਵੇਂ ਬਾਪੂ ਨੇ ਅਮ੍ਰਿਤਸਰ ਵੱਲ ਗੇੜੇ ਮਾਰ ਕੇ ਸ਼ਰੀਕੇ ਦੇ ਕੁਝ ਲੋਕਾਂ ਨੂੰ ਲੱਭ ਤਾਏ ਸੰਤਾ ਸਿਹੁੰ, ਭਾਊ ਤਾਰਾ ਸਿੰਘ, ਚਾਚਾ ਉਜਾਗਰ ਸਿੰਘ ਤੇ ਚਾਚੀ ਰਤਨ ਕੌਰ ਦੇ ਪਰਵਾਰਾਂ ਨੂੰ ਏਥੇ ਮਹਿਤੇ ਲੈ ਆਂਦਾ ਤੇ ਜ਼ਮੀਨ ਵੀ ਅਲਾਟ ਕਰਵਾ ਦਿਤੀ ਪਰ ਉਹ 6 ਮਹੀਨਿਆਂ ਤੋਂ ਵੱਧ ਮਹਿਤੇ ਨਾ ਟਿਕੇ ਤੇ ਫਿਰ ਅਮ੍ਰਿਤਸਰ ਵੱਲ ਮੁੜ ਗਏ। ਉਹਨਾਂ ਨੂੰ ਓਥੇ ਜੋ ਕੱਚੀ ਜ਼ਮੀਨ ਅਲਾਟ ਹੋਈ ਹੋਈ ਸੀ, ਉਹ ਮਹਿਤੇ ਵਾਲੀ ਜ਼ਮੀਨ ਨਾਲੋਂ ਕਿਤੇ ਵੱਧ ਚੰਗੀ ਤੇ ਪਾਣੀ ਵਾਲੀ ਸੀ। ਖੁਲ੍ਹੇ ਪਾਣੀਆਂ ਨਾਲ ਬਾਰ ਵਿਚ ਵਾਹੀ ਕਰਨ ਵਾਲੇ ਜ਼ਿਮੀਂਦਾਰਾਂ ਨੂੰ ਮਾਲਵੇ ਦੀ ਬਰਾਨੀ ਜ਼ਮੀਨ, ਟਿੱਬੇ ਤੇ ਖੂਹ ਤੋਂ ਪਾਣੀ ਦੇ ਘੜੇ ਭਰ ਕੇ ਲਿਆਉਣੇ ਕਿਥੇ ਚੰਗੇ ਲਗਦੇ ਸਨ। ਵੈਸੇ ਵੀ ਇਕ ਪਰਵਾਰ ਵੱਲੋਂ ਦੋ ਥਾਂਈਂ ਜ਼ਮੀਨ ਅਲਾਟ ਕਰਾਉਣੀ ਸਰਕਾਰ ਨਾਲ ਧੋਖਾ ਸੀ

ਹਾਲਾਂਕਿ ਠੀਕ ਟਿਕਾਣਾ ਲਭਣ ਲਈ ਲੋਕ ਦਰਬਦਰ ਭਟਕ ਰਹੇ ਸਨ ਅਤੇ ਕਈ ਕਈ ਥਾਈਂ ਜ਼ਮੀਨਾਂ ਅਲਾਟ ਕਰਵਾ ਲੈਂਦੇ ਸਨ। ਅਮ੍ਰਿਤਸਰ ਦਾ ਇਲਾਕਾ ਬਾਰ ਆਬਾਦ ਹੋਣ ਤੋਂ ਪਹਿਲਾਂ ਦਾ ਸਾਡਾ ਜੱਦੀ ਇਲਾਕਾ ਸੀ। ਅਮ੍ਰਿਤਸਰੋਂ ਨੌਂ ਦਸ ਮੀਲ ਦੂਰ ਵੱਲੇ ਵਾਲੀ ਨਹਿਰ ਟੱਪ ਕੇ ਛਾਪਾ, ਫਤਹਿਪੁਰ ਰਾਪੂਤਾਂ ਤੋਂ ਅਗੇ ਸਾਡਾ ਪੁਰਾਣਾ ਜੱਦੀ ਪੁਸ਼ਤੀ ਪਿੰਡ "ਨਵਾਂ ਪਿੰਡ" ਸੀ ਜਿਥੇ ਸ਼ਰੀਕੇ ਵਿਚ ਵੰਡ ਹੁੰਦੀ ਹੁੰਦੀ ਸਾਡੀ ਚਾਰ ਏਕੜ ਜ਼ਮੀਨ ਰਹਿ ਗਈ ਸੀ ਜਿਸ ਦੇ ਹਿੱਸੇ ਠੇਕੇ ਦਾ ਬੜਾ ਆਸਰਾ ਸੀ। ਚਾਚੇ ਤਾਏ ਤਾਂ ਸਾਨੂੰ ਵੀ ਮਹਿਤਾ ਛਡ ਕੇ ਅਮ੍ਰਿਤਸਰ ਵੱਲ ਆਉਣ ਦਾ ਕਹਿ ਰਹੇ ਸਨ ਪਰ ਓਧਰ ਕਿਸੇ ਪਿੰਡ ਵਿਚ ਜ਼ਮੀਨ ਦੀ ਵਡੀ ਢੇਰੀ ਨਹੀਂ ਲਭ ਰਹੀ ਸੀ। ਦੂਜਾ ਬਾਪੂ ਕਹਿੰਦਾ ਕਿ ਮੇਰੇ ਦਸਵੀਂ ਪਾਸ ਕਰਨ ਤੀਕ ਮਹਿਤੇ ਵਾਲੀ ਕੱਚੀ ਅਲਾਟਮੈਂਟ ਵਾਲਾ ਅੱਡਾ ਨਾ ਪਟਿਆ ਜਾਵੇ। ਦੂਜਾ ਸਰਕਾਰ ਨੇ ਪੱਕੀ ਅਲਾਟਮੈਂਟ ਵੇਲੇ ਸਰੀਕੇ ਕਬੀਲੇ ਵਾਲਿਆਂ ਨੂੰ ਇਕਠੇ ਕਰ ਹੀ ਦੇਣਾ ਸੀ। ਮੈਂ ਵੀ ਭਾਊ ਤਾਰਾ ਸਿੰਘ ਨਾਲ ਅਮ੍ਰਿਤਸਰ ਦਾ ਚੱਕਰ ਲਾ ਆਇਆ ਸਾਂ। ਮਹਿਤੇ ਤੋਂ ਤੁਰ ਕੇ ਅਸੀਂ ਬਠਿੰਡਾ ਗਏ, ਓਥੋਂ ਫਿਰੋਜ਼ਪੁਰ ਤੇ ਓਥੋਂ ਜਲੰਧਰ ਤੇ ਫਿਰ ਅਮ੍ਰਿਤਸਰ ਤੋਂ ਉਰ੍ਹਾਂ ਗਹਿਰੀ ਮੰਡੀ ਤੋਂ ਉਤਰ ਕੇ ਪੈਦਲ ਨਵੇਂ ਪਿੰਡ ਆ ਗਏ। ਦਰਬਾਰ ਸਾਹਿਬ ਅਮ੍ਰਿਤਸਰ ਮਥਾ ਟੇਕਣ ਗਿਆਂ ਸ਼ਹਿਰ ਵਿਚੋਂ ਲੰਘਦਿਆਂ ਵੇਖਿਆ ਕਿ ਮੁਸਲਮਾਨਾਂ ਦੇ ਕਈ ਘਰ ਅਗਾਂ ਲਾ ਕੇ ਨਸ਼ਟ ਕਰ ਦਿਤੇ ਗਏ ਸਨ। ਬੀਬੀ ਜੀਤ ਕੌਰ ਤੇ ਭਾਈਆ ਭਗਵਾਨ ਸਿੰਘ ਵੀ ਮਿਲ ਗਏ ਜੋ ਆਪਣੇ ਪੁਰਾਣੇ ਪਿੰਡ ਨਿਜ਼ਾਮਪੁਰੇ ਈ ਆ ਕੇ ਬਹਿ ਗਏ ਸਨ। ਉਹਨਾਂ ਨੂੰ ਜ਼ਮੀਨ ਵੀ ਓਸੇ ਪਿੰਡ ਵਿਚ ਅਲਾਟ ਹੋ ਗਈ ਸੀ ਤੇ ਪੁਰਾਣਾ ਕੱਚਾ ਘਰ ਵੀ ਰਹਿਣ ਲਈ ਮਿਲ ਗਿਆ ਸੀ। ਏਥੇ ਈ ਪਤਾ ਲੱਗਾ ਕਿ ਤਾਇਆ ਗਿਆਨ ਸਿੰਘ ਜਿਸ ਨੂੰ ਢਾਬਾਂ ਸਿੰਘ ਰਾਇਟ ਕੇਸ ਵਿਚ ਪਹਿਲਾਂ ਫਾਂਸੀ ਤੇ ਫਿਰ ਕਾਲੇ ਪਾਣੀ ਦੀ ਸਜ਼ਾ ਹੋਈ ਸੀ, ਆਪ, ਤਾਈ ਤੇ ਛੋਟੀ ਕੁੜੀ ਬਹਾਵਲਪੁਰ ਤੋਂ ਬਚ ਕੇ ਆ ਗਏ ਸਨ ਪਰ ਵਡੀ ਕੁੜੀ ਜੋ ਮੇਰੇ ਹਾਣ ਦੀ ਸੀ ਜਾਂ ਮੇਥੋਂ ਥੋੜ੍ਹੀ ਵਡੀ ਸੀ, ਮੁਸਲਮਾਨ ਧਾੜਵੀਆਂ ਨੇ ਖੋਹ ਲਈ ਸੀ। ਤਾਇਆ ਗਿਆਨ ਸਿੰਘ ਏਧਰ ਆ ਕੇ ਅਮ੍ਰਿਤਸਰ ਤੋਂ ਅਜਨਾਲੇ ਵੱਲ ਜਾਂਦੀ ਸੜਕ ਲਾਗੇ ਇਕ ਪਿੰਡ ਖੈਰਾਬਾਦ ਵਿਚ ਆ ਕੇ ਗੁਰਦਵਾਰੇ ਦਾ ਗ੍ਰੰਥੀ ਲਗ ਗਿਆ ਸੀ। ਹਿੰਦੋਸਤਾਨ ਜਿਸ ਦੀ ਆਜ਼ਾਦੀ ਲਈ ਉਹਨੇ ਕਾਲੇ ਪਾਣੀ ਦੀ ਸਜ਼ਾ ਕੱਟੀ ਸੀ, ਪਾਕਿਸਤਾਨ ਵਿਚੋਂ ਉਜੜਨ ਅਤੇ ਜਵਾਨ ਕੁੜੀ ਦੇ ਖੋਹੇ ਜਾਣ ਨੇ ਉਹਦਾ ਲੱਕ ਤੋੜ ਦਿਤਾ ਸੀ ਤੇ ਹਾਲੇ ਉਹਨੂੰ ਕਿਤੇ ਜ਼ਮੀਨ ਵੀ ਅਲਾਟ ਨਹੀਂ ਹੋਈ ਸੀ। ਉਹ ਅਕਸਰ ਪਾਕਿਸਤਾਨ ਵਿਚੋਂ ਲਿਆਂਦੀਆਂ ਜਾ ਰਹੀਆਂ ਕੁੜੀਆਂ ਤੇ ਔਰਤਾਂ ਨੂੰ ਵੇਖਣ ਲਈ ਅਮ੍ਰਿਤਸਰ ਜਾਂਦਾ ਕਿ ਸ਼ਾਇਦ ਉਹਨਾਂ ਵਿਚ ਉਹਦੀ ਕੁੜੀ ਵੀ ਆ ਜਾਵੇ। ਜੋ ਔਰਤਾਂ ਪਾਕਿਸਤਾਨ ਵਿਚੋਂ ਆ ਰਹੀਆਂ ਸਨ, ਉਹਨਾਂ ਦੀ ਹਾਲਤ ਬੜੀ ਮਾੜੀ ਸੀ। ਕਈਆਂ ਦੇ ਪੱਟਾਂ, ਬਾਹਵਾਂ ਅਤੇ ਢਿੱਡਾਂ ਉਤੇ ਪਾਕਿਸਤਾਨ ਜ਼ਿੰਦਾਬਾਦ ਉਕਰਿਆ ਹੋਇਆ ਸੀ। ਕਈਆਂ ਦੀ ਛਾਤੀਆਂ ਵਢੀਆਂ ਹੋਈਆਂ ਸਨ ਅਤੇ ਕਈਆਂ ਨੂੰ ਭਿਆਣਕ ਰੋਗ ਲੱਗੇ ਹੋਏ ਸਨ। ਕਈਆਂ ਦੇ ਮਾਪੇ ਜਾਂ ਘਰ ਵਾਲੇ ਉਹਨਾਂ ਨੂੰ ਸਵੀਕਾਰ ਕਰਨੋਂ ਵੀ ਨਾਂਹ ਕਰ ਰਹੇ ਸਨ। ਪਿਛੋਂ ਤਾਏ ਦੀ ਕੁੜੀ ਵੀ ਆ ਗਈ ਸੀ ਤੇ ਤਾਏ ਨੇ ਉਹਨੂੰ ਗਲ ਲਾ ਲਿਆ ਸੀ। ਬਾਅਦ ਵਿਚ ਪਰਤਾਪ ਸਿੰਘ ਕੈਰੋਂ ਨੇ ਜੋ ਤਾਏ ਨੂੰ ਆਜ਼ਾਦੀ ਲਈ ਜੇਲ੍ਹਾਂ ਕੱਟਣ ਕਰ ਕੇ ਚੰਗੀ ਤਰ੍ਹਾਂ ਜਾਣਦਾ ਸੀ, ਹਿਸਾਰ ਵੱਲ ਅੱਧਾ ਮੁਰੱਬਾ ਜ਼ਮੀਨ ਬਤੌਰ ਫਰੀਡਮ ਫਾਈਟਰ ਅਲਾਟ ਕਰਵਾ ਦਿਤੀ ਸੀ ਪਰ ਤਾਏ ਨੇ ਇਹ ਕਹਿ ਕੇ ਜ਼ਮੀਨ ਨਾ ਲਈ ਕਿ ਮੈਂ ਦੇਸ਼ ਲਈ ਕੀਤੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਲੈਣਾ। ਕਈ ਵਾਰ ਬਾਪੂ ਝੁਰਦਾ ਕਿ ਜੇ ਤਾਏ ਬੇਲਾ ਸਿੰਘ ਵਾਂਗ ਬਾਰ ਵਾਲੀ ਜ਼ਮੀਨ ਦੇ ਕੁਝ ਕਿੱਲੇ ਵੇਚ ਕੇ ਗੰਗਾਨਗਰ ਲਾਗੇ ਵਿਕਦੀ ਸਸਤੀ ਜ਼ਮੀਨ ਖਰੀਦ ਲੈਂਦੇ ਤਾਂ ਅਜ ਧਕੇ ਨਹੀਂ ਖਾਣੇ ਪੈਣੇ ਸਨ। ਤਾਏ ਬੇਲਾ ਸਿੰਘ ਦੇ ਕੁੜਮ ਨੇ ਜੋ ਨਹਿਰ ਮਹਿਕਮੇ ਵਿਚੋਂ ਬੜਾ ਵਡਾ ਅਫਸਰ ਰੀਟਾਇਰ ਹੋਇਆ ਸੀ, ਉਹਨਾਂ ਨੂੰ ਬੜੇ ਸਸਤੇ ਭਾਅ 100 ਵਿਘਾ ਜ਼ਮੀਨ ਮੁੱਲ ਲੈ ਦਿਤੀ ਸੀ। ਤਾਏ ਬੇਲਾ ਸਿੰਘ ਦਾ ਸਾਰਾ ਟੱਬਰ ਗੰਗਾਨਗਰ ਦੇ ਚੱਕਾਂ ਵਿਚ ਜਾ ਆਬਾਦ ਹੋਇਆ ਸੀ ਅਤੇ ਨਵੇਂ ਪਿੰਡ ਵਾਲੀ ਰਹਿੰਦੀ ਜ਼ਮੀਨ ਉਹਨਾਂ ਨੇ ਠੇਕੇ ਤੇ ਦੇ ਦਿਤੀ ਸੀ। ਤਾਏ ਬੇਲਾ ਸਿੰਘ ਦਾ ਲੜਕਾ ਦਲੀਪ ਸਿੰਘ ਜਿਸ ਨੇ ਲਾਇਲਪੁਰ ਤੋਂ ਐਗਰੀਕਲਚਰ ਦੀ ਬੀ ਐਸ ਸੀ ਕੀਤੀ ਸੀ, ਖੇਤੀ ਬਾੜੀ ਮਹਿਕਮੇ ਵਿਚ ਚੀਚਾਵਤਨੀਂ ਇਨਸਪੈਕਟਰ ਲਗਾ ਹੋਇਆ ਸੀ। ਉਸਦਾ ਬੜੇ ਵਡੇ ਘਰ ਵਿਚ ਵਿਆਹ ਹੋਇਆ ਸੀ। ਉਸਦੇ ਸਹੁਰੇ ਰਹਿੰਦੇ ਤਾਂ ਲਾਹੌਰ ਸਨ ਪਰ ਉਹਨਾਂ ਦਾ ਪਿਛਾ ਤਰਨ ਤਾਰਨ ਲਾਗੇ ਪਿੰਡ ਫਤਿਹਾਬਾਦ ਦਾ ਸੀ। ਵਿਆਹ ਉਹਨਾਂ ਨੇ 1945 ਵਿਚ ਪਿੰਡ ਆ ਕੇ ਹੀ ਕੀਤਾ ਸੀ ਅਤੇ ਮੈਂ ਓਸ ਵਿਆਹ ਵਿਚ ਜੰਜੇ ਗਿਆ ਸਾਂ।

ਇਕ ਸਨਿਚਰਵਾਰ ਮੈਂ ਗੋਨੇਆਣੇ ਮੰਡੀ ਤੋਂ ਗਡੀ ਫੜ ਕੇ ਬਠਿੰਡੇ ਆ ਗਿਆ ਤੇ ਸਰਸੇ ਜਾਣ ਵਾਲੀ ਨਿੱਕੀ ਗਡੀ ਦੀ ਪਟੜੀਓ ਪਟੜੀ ਮਹਿਤੇ ਨੂੰ ਤੁਰ ਪਿਆ। ਜਦੋਂ ਰੇਲਵੇ ਵਰਕਸ਼ਾਪ ਜਿਸ ਤੋਂ ਪਤਾ ਨਹੀਂ ਮੈਨੂੰ ਕਿਉਂ ਡਰ ਲਗਦਾ ਹੁੰਦਾ ਸੀ, ਕੋਲੋਂ ਲੰਘਿਆ ਤਾਂ ਜਿਸ ਗਡੀ ਵਿਚ ਮੈਂ ਬਠਿੰਡੇ ਆਇਆ ਸਾਂ, ਉਹਦਾ ਇੰਜਨ ਏਥੇ ਪਾਣੀ ਤੇ ਕੋਇਲਾ ਲੈ ਰਿਹਾ ਸੀ। ਏਥੇ ਅਕਸਰ ਹੀ ਕਿੰਨੇ ਸਾਰੇ ਇੰਜਣ ਖੜ੍ਹੇ ਜਾਂ ਤੁਰੇ ਫਿਰਦੇ ਦਿਸਦੇ ਰਹਿੰਦੇ ਤੇ ਇਹਨਾਂ ਦੀ ਆਵਾਜ਼ ਬੜੀ ਭਿਆਣਕ ਜਹੀ ਲਗਦੀ। ਅਜੇ ਵੀ ਕਦੀ ਕਦੀ ਮੁਸਲਮਾਨਾਂ ਦੀਆਂ ਭਰੀਆਂ ਗਡੀਆਂ ਪਾਕਿਸਤਾਨ ਨੂੰ ਜਾ ਰਹੀਆਂ ਸਨ। ਬਠਿੰਡੇ ਤੋਂ ਸ਼ੇਰਗੜ੍ਹ ਨੂੰ ਜਾਂਦੀ ਛੋਟੀ ਗਡੀ ਦੀ ਲਾਈਨੋ ਲਾਈਨ ਕੋਹ ਕੁ ਚੱਲ ਕੇ ਸੂਏ ਲਾਗੇ ਜੋ ਗੱਡੀ ਦਾ ਡੱਬਾ ਰੇਲਵੇ ਲਾਈਨ ਤੋਂ ਲਹਿ ਕੇ ਡਿਗ ਪਿਆ ਸੀ, ਕਈ ਸਾਲ ਓਥੇ ਹੀ ਡਿਗਾ ਰਿਹਾ। ਇਸ ਸੂਏ ਤੇ ਸੱਜੇ ਮੁੜ ਤੇ ਅਗੋਂ ਮਹਿਤੇ ਨੂੰ ਜਾਂਦੇ ਇਕ ਹੋਰ ਸੂਏ ਦੇ ਕੰਢੇ ਕੰਢੇ ਕਾਫੀ ਦੂਰ ਤਕ ਪੈਦਲ ਚਲਣਾ ਪੈਂਦਾ ਸੀ। ਇਸ ਸੂਏ ਦੇ ਦੂਜੇ ਪਾਸੇ ਜੋਧਪੁਰ ਪਿੰਡ ਦੀ ਹੱਦ ਸੀ ਜਿਥੇ ਕਾਫੀ ਰੀਫਿਊਜੀ ਆ ਕੇ ਵੱਸ ਗਏ ਸਨ। ਇਹ ਸਾਰਾ ਰਾਹ ਵੀਰਾਨ ਬੀਆਬਾਨ ਸੀ ਤੇ ਬੜਾ ਡਰ ਲਗਦਾ ਹੁੰਦਾ ਸੀ। ਪਾਕਿਸਤਾਨ

ਵਿਚੋਂ ਤਾਂ ਬਚ ਕੇ ਆ ਗਏ ਸਾਂ ਪਰ ਇਥੇ ਕੋਈ ਵਾਰਦਾਤ ਹੋ ਜਾਵੇ ਤਾਂ ਕਿਸੇ ਨੂੰ ਕੋਈ ਪਤਾ ਈ ਨਹੀਂ ਲਗਣਾ ਸੀ। ਆਜ਼ਾਦ ਭਾਰਤ ਦੇ ਪਹਿਲੇ ਸਿਆਲ ਦੀਆਂ ਠੰਢਤ ਵਿਚ ਪਾਕਿਸਤਾਨੋਂ ਤੁਰਨ ਵੇਲੇ ਗਡੇ ਤੇ ਰਹਿ ਗਿਆ ਪਲੱਸ਼ ਦਾ ਗੁਲਾਬੀ ਕੋਟ ਬਹੁਤ ਯਾਦ ਆਉਂਦਾ ਜੋ ਮਾਂ ਨੇ ਬਰਮਾ ਤੋਂ ਆਏ ਕਿਸੇ ਪਰਵਾਰ ਤੋਂ ਕਪੜਾ ਮੁੱਲ ਲੈ ਕੇ ਦਰਜ਼ੀ ਤੋਂ ਸਿਵਾ ਕੇ ਦਿਤਾ ਸੀ। ਮਹਿਤੇ ਪੁਜਦਾ ਤਾਂ ਮਾਂ ਨੂੰ ਚਾਅ ਚੜ੍ਹ ਜਾਂਦਾ। ਪਾਕਿਸਤਾਨ ਬਨਣ ਤੀਕ ਮੈਂ ਕਦੀ ਮਾਂ ਪਿਓ ਤੋਂ ਅਲੱਗ ਨਹੀਂ ਰਿਹਾ ਸਾਂ ਤੇ ਹੁਣ ਅਠਵੀਂ ਕਰਦਿਆਂ ਮੈਂ ਮਹਿਤੇ ਅਤੇ ਸੁਵਿੰਦਰਾ ਹਾਈ ਸਕੂਲ ਗੋਨਿਆਣਾ ਮੰਡੀ ਦੇ ਵਿਚੁਕਾਰ ਯਤੀਮਾਂ ਵਾਂਗ ਤੁਰਿਆ ਫਿਰਦਾ ਸਾਂ।

ਜਦੋਂ ਮੈਂ ਨੌਵੀਂ ਪਸ ਕਰ ਕੇ 1949 ਵਿਚ ਦਸਵੀਂ ਵਿਚ ਦਾਖਲ ਹੋਇਆ ਤਾਂ ਇਕ ਦਿਨ ਇਕ ਸਫੈਦ ਪੋਸ਼ ਬੰਦਾ ਹੈਡਮਾਸਟਰ ਨੂੰ ਕਹਿ ਕੇ ਸਾਡੀ ਜਮਾਤ ਵਿਚੋਂ ਇਕ ਸੌਖੇ ਘਰ ਦੇ ਮੁੰਡੇ ਨੂੰ ਉਠਾ ਕੇ ਬਾਹਰ ਲੈ ਗਿਆ ਤੇ ਕਿੰਨਾ ਚਿਰ ਉਹਦੇ ਹਥਾਂ ਦੀਆਂ ਰੇਖਾ ਬੜੇ ਗਹੁ ਨਾਲ ਵੇਖਦਾ ਰਿਹਾ। ਕੁਝ ਦਿਨਾਂ ਬਾਅਦ ਉਹ ਇਕ ਪੰਡਤ ਨੂੰ ਨਾਲ ਲੈ ਕੇ ਫਿਰ ਆ ਗਿਆ ਤੇ ਓਸ ਪੰਡਤ ਤੋਂ ਓਸ ਮੁੰਡੇ ਦੇ ਹਥਾਂ ਦੀਆਂ ਰੇਖਾਵਾਂ ਵਿਖਾਈਆਂ। ਫਿਰ ਖਬਰ ਆਈ ਕਿ ਓਸ ਮੁੰਡੇ ਦਾ ਮੰਗਣਾ ਹੋ ਗਿਆ ਸੀ ਤੇ ਕੁਝ ਮਹੀਨਿਆਂ ਬਾਅਦ ਵਿਆਹ ਵੀ ਰਖ ਦਿਤਾ ਸੀ। ਨੌਵੀਂ ਦਸਵੀਂ ਪੜ੍ਹਦਿਆਂ ਪੜ੍ਹਦਿਆਂ ਇਸੇ ਤਰ੍ਹਾਂ ਦੋ ਤਿੰਨ ਹੋਰ ਮੁੰਡਿਆਂ ਦੇ ਮੰਗਣੇ ਵੀ ਹੋ ਗਏ ਤੇ ਮੈਨੂੰ ਯਾਦ ਆਇਆ ਕਿ ਬਾਰ ਦੇ ਪਿੰਡਾਂ ਵਿਚ ਜਦੋਂ ਅਸੀਂ ਸੌਖੇ ਸਾਂ ਤਾਂ ਭਾਈਏ ਭਗਵਾਨ ਸਿੰਘ ਅਤੇ ਬੀਬੀ ਜੀਤ ਕੌਰ ਨੇ ਪੰਜਵੀਂ ਪੜ੍ਹਦਿਆਂ ਮੇਰਾ ਮੰਗਣਾ ਵੀ ਤਾਂ ਸਵਰਨੀ ਨਾਲ ਕਰ ਦਿਤਾ ਸੀ ਜਿਸ ਬਾਰੇ ਕੋਈ ਪਤਾ ਨਹੀਂ ਸੀ ਕਿ ਉਹ ਕਿਥੇ ਸੀ। ਜੇ ਪਾਕਿਸਤਾਨ ਵਿਚੋਂ ਉਹ ਤੇ ਉਹਦਾ ਪਰਵਾਰ ਬਚ ਕੇ ਆ ਗਏ ਸਨ ਤਾਂ ਉਹਨਾਂ ਨੂੰ ਕਿਹੜੇ ਜ਼ਿਲੇ ਵਿਚ ਕਿਥੇ ਜ਼ਮੀਨ ਅਲਾਟ ਹੋਈ ਸੀ।

ਪਾਕਿਸਤਾਨ ਵਿਚ ਰਹਿ ਗਏ ਸਕੂਲ ਦੀ ਪੜ੍ਹਾਈ ਦਾ ਮੀਡੀਅਮ ਉਰਦੂ ਸੀ। ਏਥੇ ਵੀ ਉਰਦੂ ਸੀ ਪਰ ਨੌਵੀਂ ਜਮਾਤ ਵਿਚ ਉਰਦੂ ਦਾ ਵਿਸ਼ਾ ਬੰਦ ਕਰ ਕੇ ਓਸ ਦੀ ਥਾਂ ਪੰਜਾਬੀ ਕਰ ਦਿਤੀ ਗਈ। ਉਰਦੂ ਪੜ੍ਹਾਉਣ ਵਾਲੇ ਟੀਚਰ ਜਿਨ੍ਹਾਂ ਨੂੰ ਪੰਜਾਬੀ ਨਹੀਂ ਆਉਂਦੀ ਸੀ, ਬਦਲ ਦਿਤੇ ਗਏ ਤੇ ਉਹਨਾਂ ਦੀ ਥਾਂ ਗਿਆਨੀ ਟੀਚਰ ਆ ਗਏ। ਸਾਨੂੰ ਜੋ ਪੰਜਾਬੀ ਦੀਆਂ ਕਿਤਾਬਾਂ ਲੱਗੀਆਂ ਸਨ, ਉਹ ਸਾਰੀਆਂ ਮੈਂ ਕੁਝ ਹਫਤਿਆਂ ਵਿਚ ਹੀ ਪੜ੍ਹ ਲਈਆਂ ਸਨ। ਸਕੂਲ ਦੀ ਲਾਇਬਰੇਰੀ ਵਿਚ ਪਈਆਂ ਮੈਂ ਪੰਜਾਬੀ ਦੀਆਂ ਸਾਰੀਆਂ ਕਿਤਾਬਾਂ ਵੀ ਮੈਂ ਪੜ੍ਹ ਛਡੀਆਂ ਜਿਨ੍ਹਾਂ ਵਿਚ ਨਾਨਕ ਸਿੰਘ ਦੇ ਨਾਵਲਾਂ ਤੋਂ ਇਲਾਵਾ ਗੁਰਬਖਸ਼ ਸਿੰਘ ਪ੍ਰੀਤ ਲੜੀ, ਪ੍ਰੋ: ਮੋਹਨ ਸਿੰਘ, ਸੁਜਾਨ ਸਿੰਘ, ਦਰਸ਼ਨ ਸਿੰਘ ਅਵਾਰਾ, ਪ੍ਰੀਤਮ ਸਿੰਘ ਸਫੀਰ ਤੇ ਢਾਡੀ ਸੋਹਨ ਸਿੰਘ ਸੀਤਲ ਦੀਆਂ ਕਈ ਕਿਤਾਬਾਂ ਵੀ ਸਨ। ਸਾਵੇ ਪੱਤਰ ਦੀਆਂ ਕਈ ਕਵਿਤਾਵਾਂ ਮੈਨੂੰ ਜ਼ਬਾਨੀ ਯਾਦ ਹੋ ਗਈਆਂ ਸਨ। ਇਹਨਾਂ ਲੇਖਕਾਂ ਨੂੰ ਪੜ੍ਹ ਕੇ ਮੇਰਾ ਜੀਅ ਕਰਦਾ ਕਿ ਇਹਨਾਂ ਨੂੰ ਮਿਲਿਆ ਜਾਵੇ ਤੇ ਪਤਾ ਲਗੇ ਕਿ ਇਹ ਕਿਵੇਂ ਲਿਖਦੇ ਹਨ, ਕਿਸ ਤਰ੍ਹਾਂ ਦੇ ਇਨਸਾਨ ਹਨ, ਕਿਸ ਤਰ੍ਹਾਂ ਉਠਦੇ ਬੈਠਦੇ ਹਨ, ਕਿਸ ਤਰ੍ਹਾਂ ਰੋਟੀ ਪਾਣੀ ਖਾਂਦੇ ਹਨ, ਕਿਸ ਤਰ੍ਹਾਂ ਦੇ ਕਪੜੇ ਪਹਿਣਦੇ ਹਨ ਅਤੇ ਕਿਸ ਤਰ੍ਹਾਂ ਗੱਲ ਬਾਤ ਕਰਦੇ ਹਨ। ਬਠਿੰਡੇ ਸਟੇਸ਼ਨ ਤੇ ਅਖਬਾਰਾਂ ਰਸਾਲੇ ਵੇਚਣ ਵਾਲੇ ਬੁਕ ਸਟਾਲ ਤੋਂ ਮੈਂ ਉਰਦੂ ਅਤੇ ਪੰਜਾਬੀ ਦੇ ਕਈ ਰਸਾਲੇ ਲੈ ਕੇ ਵੀ ਪੜ੍ਹ ਲੈਂਦਾ। ਬੁਕ ਸਟਾਲ ਦਾ ਮਾਲਕ ਜੋ ਮੇਰਾ ਵਾਕਿਫ ਬਣ ਗਿਆ ਸੀ, ਕਈ ਵਾਰ ਮੈਨੂੰ ਉਧਾਰ ਰਸਾਲੇ ਦੇ ਦੇਂਦਾ। ਜਾਂ ਮੈਂ ਪੜ੍ਹ ਕੇ ਮੋੜ ਦੇਂਦਾ। ਇਸ ਸਟਾਲ ਤੇ ਅੰਗਰੇਜ਼ੀ ਦੇ ਵੀ ਬੜੇ ਰਸਾਲੇ ਆਉਂਦੇ ਸਨ। ਇਹ ਸਟਾਲ ਵਾਲੇ ਜਿਨ੍ਹਾਂ ਕੋਲ ਬਠਿੰਡੇ ਦੇ ਰੇਲਵੇ ਸਟੇਸ਼ਨ ਤੇ ਅਖਬਾਰਾਂ ਤੇ ਰਸਾਲੇ ਵੇਚਣ ਦਾ ਠੇਕਾ ਸੀ, ਜਦੋਂ ਗਡੀਆਂ ਆਉਂਦੀਆਂ ਤਾਂ ਹੋਕਾ ਦੇ ਕੇ ਓਸੇ ਤਰ੍ਹਾਂ ਅਖਬਾਰ ਵੇਚਿਆ ਕਰਦੇ ਸਨ ਜਿਵੇਂ ਚਾਹ ਵੇਚਣ ਵਾਲੇ "ਗਰਮ ਚਾਏ" ਦਾ ਹੋਕਾ ਦੇ ਕੇ ਚਾਹ ਵੇਚਦੇ ਸਨ। ਚਾਹ ਵੇਚਣ ਵਾਲੇ ਕੁਝ ਗਡੀਆਂ ਦੇ ਨਾਲ ਵੀ ਚਲਦੇ ਸਨ। ਸ਼ਾਮ ਵੇਲੇ ਉਹਨਾਂ ਦੀ ਚਾਹ ਵੇਚਣ ਵਾਲੀ ਆਵਾਜ਼ ਬੜੀ ਉਚੀ ਹੁੰਦੀ ਪਰ ਸਵੇਰੇ ਜਾ ਕੇ ਜਦੋਂ ਆਵਾਜ਼ਾਂ ਕਢ ਕਢ ਕੇ ਉਹ ਥਕ ਜਾਂਦੇ ਤਾਂ ਉਹਨਾਂ ਦੇ ਸੰਘ ਵਿਚੋਂ ਬੜੀ ਮੁਸ਼ਕਲ ਨਾਲ "ਗਰਮ ਚਾਏ" ਦੀ ਆਵਾਜ਼ ਨਿਕਲਦੀ।

ਪੰਜਾਬੀ ਦੇ ਜੋ ਰਸਾਲੇ ਓਸ ਵੇਲੇ ਛਪਦੇ ਸਨ, ਉਹਨਾਂ ਵਿਚ ਅਮਰ ਕਹਾਣੀਆਂ, ਪ੍ਰੀਤਮ, ਫਤਹਿ, ਜੀਵਨ ਪ੍ਰੀਤੀ, ਫੁਲਵਾੜੀ ਤੇ ਪ੍ਰੀਤ ਲੜੀ ਆਦਿ ਸਨ। ਪੰਜਾਬੀ ਦੀ ਓਸ ਵੇਲੇ ਕੋਈ ਅਖਬਾਰ ਨਹੀਂ ਸੀ। ਉਰਦੂ ਦੇ ਰਸਾਲੇ ਬੀਸਵੀਂ ਸਦੀ, ਸ਼ਮ੍ਹਾਂ ਅਤੇ ਚਿਤਰਾ ਵੀ ਪੜ੍ਹਦਾ। ਉਰਦੂ ਦੇ ਅਖਬਾਰ ਮਿਲਾਪ, ਤੇਜ ਤੇ ਪਰਤਾਪ ਵੀ ਪੜ੍ਹਦਾ। ਜੋ ਵੀ ਮੈਂ ਪੜ੍ਹਦਾ, ਮੈਨੂੰ ਜ਼ਨਾਨੀ ਯਾਦ ਹੋ ਜਾਂਦਾ। ਕੁਝ ਰੂਸੀ ਲੇਖਕਾਂ ਦੀਆਂ ਅਨੁਵਾਦ ਪੁਸਤਕਾਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਜਿੰਨਾ ਕੁਝ ਮੈਂ ਪੜ੍ਹਦਾ ਸਾਂ, ਸਕੂਲ ਵਿਚ ਕੋਈ ਹੋਰ ਮੁੰਡਾ ਘੱਟ ਹੀ ਪੜ੍ਹਦਾ ਸੀ। ਇਸਦਾ ਇਕ ਨੁਕਸਾਨ ਇਹ ਹੋਇਆ ਕਿ ਮੈਨੂੰ ਸਕੂਲ ਦੀਆਂ ਪੜ੍ਹਾਈ ਵਾਲੀਆਂ ਬਾਕੀ ਕਿਤਾਬਾਂ ਚੰਗੀਆਂ ਨਾ ਲਗਦੀਆਂ। ਅਲਜਬਰੇ ਤੇ ਫਾਰਸੀ ਤੋਂ ਮੈਨੂੰ ਬੜੀ ਨਫਰਤ ਸੀ। ਇਸ ਤੋਂ ਪਹਿਲਾਂ ਬਾਰ ਦੇ ਮੁਰੱਬਿਆਂ ਵਿਚ ਮੈਂ ਕਈ ਕਿੱਸੇ ਜੋ ਮੇਲਿਆਂ ਜਾਂ ਸੱਚੇ ਸੌਦੇ ਦੀ ਮਸਿਆ ਤੋਂ ਬਾਪੂ ਲੈ ਕੇ ਦਿੰਦਾ, ਪੜ੍ਹ ਕੇ ਜ਼ਬਾਨੀ ਯਾਦ ਕਰ ਲਏ ਸਨ ਜਿਨ੍ਹਾਂ ਵਿਚ ਹੀਰ ਵਾਰਸ ਸ਼ਾਹ, ਜ਼ਿੰਦਗੀ ਬਿਲਾਸ, ਸਤਿਗੁਰ ਮਹਿਮਾ, ਜਾਨੀ ਚੋਰ, ਕਿੱਸਾ ਝਗੜਾ ਘੁਗੀ ਤੇ ਕਾਂ, ਚਾਹ ਤੇ ਲੱਸੀ, ਦਿਓਰ ਤੇ ਭਾਬੀ, ਖੱਦਰ ਤੇ ਮਲਮਲ, ਭਾਨੀ ਮਾਰਾਂ ਦੀ ਕਰਤੂਤ ਸਨ। ਨੌਵੀਂ ਦਸਵੀਂ ਵਿਚ ਹੀ ਗਾਰਗੀ ਦਾ ਇਕਾਂਗੀ "ਬੇਬੇ" ਤੇ ਸੰਤ ਸਿੰਘ ਸੇਖੋਂ ਦੀ ਕਹਾਣੀ "ਪੇਮੀ ਦੇ ਨਿਆਣੇ" ਸਾਡੇ ਕੋਰਸ ਵਿਚ ਸਨ। ਇਹਨਾਂ ਦੋਹਾਂ

ਨੇ ਮੇਰੇ ਮਨ ਤੇ ਬੜਾ ਡੂੰਘਾ ਅਸਰ ਕੀਤਾ। ਇਹ ਵੀ ਪਤਾ ਲਗਾ ਕਿ ਗਾਰਗੀ ਏਧਰ ਬਠਿੰਡੇ ਵੱਲ ਦਾ ਸੀ। ਪੇਮੀ ਦੇ ਨਿਆਣੇ ਕਹਾਣੀ ਪੜ੍ਹ ਕੇ ਮੈਂ ਆਪਣੀ ਜ਼ਿੰਦਗੀ ਦੀ ਪਹਿਲੀ ਕਹਾਣੀ "ਠੀਕ ਓਵੇਂ ਹੀ" ਮਹਿਤੇ ਪਿੰਡ ਦੇ ਤੇਲੀਆਂ ਵਾਲੇ ਘਰ ਦੇ ਦਰਵਾਜ਼ੇ ਵਿਚ ਬੈਠ ਕੇ ਲਿਖੀ ਜੋ ਦਸੰਬਰ 1950 ਵਿਚ ਦਸਵੀਂ ਪੜ੍ਹਦਿਆਂ ਅਮ੍ਰਿਤਸਰੋਂ ਨਿਕਲਦੇ ਰਸਾਲੇ ਅਮਰ ਕਹਾਣੀਆਂ ਵਿਚ "ਐਮ. ਬੀ. ਮਹਿਤਾ" ਨਾਂ ਥਲੇ ਛਪ ਗਈ ਤੇ ਸਕੂਲ ਵਿਚ ਮੇਰਾ ਨਾਂ ਮਸ਼ਹੂਰ ਹੋ ਗਿਆ। ਇਸੇ ਉਤਸ਼ਾਹ ਅਧੀਨ ਹੀ ਦਸਵੀਂ ਪੜ੍ਹਦਿਆਂ ਤਕ ਮੈਂ ਪੰਜ ਕਹਾਣੀਆਂ ਹੋਰ ਲਿਖੀਆਂ ਜੋ ਜੀਵਨ ਪ੍ਰੀਤੀ, ਪ੍ਰੀਤਮ, ਫਤਹਿ ਤੇ ਕੁਝ ਰਸਾਲਿਆਂ ਵਿਚ ਛਪ ਗਈਆਂ ਤੇ ਇੰਜ ਪਿੰਡ ਮਹਿਤੇ ਵਿਚ ਮੇਰੇ ਲੇਖਕ ਬਨਣ ਦੀ ਨੀਂਹ ਰਖੀ ਗਈ ਤੇ ਮੇਰਾ ਹੌਂਸਲਾ ਵਧਦਾ ਗਿਆ। "ਸਦੀਵੀ ਚਾਨਣ" ਕਹਾਣੀ ਦੀ ਬੜੀ ਚਰਚਾ ਹੋਈ ਜੋ ਮੈਂ ਓਸ ਸਮੇਂ ਦੇ ਉਦਾਸ ਮੌਸਮ ਤੇ ਗਰੀਬ ਦਿਨਾਂ ਵਿਚ ਹਰ ਤਰ੍ਹਾਂ ਦੀਆਂ ਦੀਆਂ ਰੇਖਾਵਾਂ ਦੇ ਆਰ ਪਾਰ ਵਿਚਰਦਿਆਂ ਲਿਖੀ ਸੀ। ਇਸ ਕਹਾਣੀ ਵਿਚ ਚੰਗੀਆਂ ਭਲੀਆਂ ਅਖਾਂ ਵਾਲੇ ਇਕ ਮੁੰਡੇ ਨੂੰ ਸਕੂਲੋਂ ਇਸ ਲਈ ਕਢ ਦਿਤਾ ਜਾਂਦਾ ਹੈ ਕਿ ਉਹਦੇ ਮਾਂ ਪਿਓ ਅੰਨ੍ਹੇ ਹਨ, ਗਰੀਬ ਹਨ ਤੇ ਮੰਗਤੇ ਹਨ। ਇਕ ਰਾਤ ਉਹਦਾ ਪਿਓ ਉਸ ਦੀਆਂ ਦੋਵੇਂ ਅਖਾਂ ਅੰਨ੍ਹੀਆਂ ਕਰ ਦੇਂਦਾ ਹੈ ਤੇ ਕਹਿੰਦਾ ਹੈ ਕਿ ਤੂੰ ਪੜ੍ਹ ਨਹੀਂ ਸਕਿਆ, ਤੈਨੂੰ ਸਕੂਲ ਵਿਚੋਂ ਕਢ ਦਿਤਾ ਗਿਆ ਹੈ। ਅੰਨ੍ਹੇ ਹੋਣ ਪਿਛੋਂ ਹੁਣ ਤੈਨੂੰ ਮੰਗਣ ਵੇਲੇ ਕੋਈ ਤਾਅਨਾ ਨਹੀਂ ਮਾਰੇਗਾ। ਬਹੁਤ ਲੋਕ ਮੇਰੀ ਇਹ ਕਹਾਣੀ ਪੜ੍ਹ ਕੇ ਰੋ ਪੈਂਦੇ ਕਿ ਕਿਵੇਂ ਇਕ ਮਜਬੂਰ ਬਾਪ ਆਪਣੇ ਸੁਨੱਖੀਆਂ ਅਖਾਂ ਵਾਲੇ ਮੁੰਡੇ ਨੂੰ ਅੰਨ੍ਹਾ ਕਰ ਦੇਂਦਾ ਹੈ। ਮੇਰਾ ਨਾਂ ਰਸਾਲਿਆਂ ਵਿਚ ਆਉਣ ਲਗ ਪਿਆ ਸੀ ਤੇ ਸਕੂਲ ਵਿਚ ਮੈਂ ਦੂਜਿਆਂ ਨਾਲੋਂ ਆਪਣੇ ਆਪ ਨੂੰ ਉਚਾ ਉਚਾ ਅਤੇ ਵਖਰਾ ਵਖਰਾ ਮਹਿਸੂਸ ਕਰਦਾ ਸਾਂ। ਚੜ੍ਹਦੀ ਜਵਾਨੀ ਦੀ ਉਮਰੇ ਅਖਬਾਰਾਂ ਵਿਚ ਮੇਰਾਂ ਨਾਂ ਛਪਣਾ ਸ਼ੁਰੂ ਹੋ ਜਾਣ ਮੈਨੂੰ ਕਈ ਵਾਰ ਇੰਜ ਲਗਦਾ ਜਿਵੇਂ ਮੈਂ ਹੀਰੋ ਸਾਂ ਅਤੇ ਮੇਰੇ ਨਿਸ਼ਾਨੇ ਤੇ ਕਲਪਨਾ ਬਹੁਤ ਉਚੀ ਸੀ। ਮੈਂ ਇਕ ਦਮ ਬਹੁਤ ਉਚਾ ਚੜ੍ਹ ਜਾਣਾ ਚਹੁੰਦਾ ਸਾਂ। ਮੈਂ ਆਪਣਾ ਨਾਂ ਬਣਾਉਣ ਦੇ ਸੁਪਣੇ ਲੈਣ ਲੱਗਾ। ਇਕ ਕਹਾਣੀ ਮੈਂ ਉਰਦੂ ਵਿਚ ਲਿਖ ਕੇ ਚਿਤਰਾ ਅਖਬਾਰ ਨੂੰ ਭੇਜੀ ਤੇ ਉਹ ਵੀ ਛਪ ਗਈ।

ਨਾਲ ਪੜ੍ਹਦੇ ਜਿਨ੍ਹਾਂ ਮੁੰਡਿਆਂ ਦੀਆਂ ਮੰਗਣੀਆਂ ਹੋ ਗਈਆਂ ਸਨ ਜਾਂ ਵਿਆਹ ਵੀ ਹੋ ਗਏ ਸਨ, ਉਹ ਅਧੀ ਛੁੱਟੀ ਵੇਲੇ ਸਕੂਲ ਦੇ ਪਿਛਵਾੜੇ ਬਣੇ ਪਰਨਾਲਿਆਂ ਤੇ ਬੈਠ ਰੋਟੀ ਖਾਣ ਪਿਛੋਂ ਸਟੇਸ਼ਨ ਤੇ ਗਡੀਆਂ ਵੇਖਣ ਆ ਜਾਂਦੇ। ਸਟੇਸ਼ਨ ਸਕੂਲ ਦੇ ਨਾਲ ਸੀ। ਗੱਡੀ ਵਿਚ ਸਵਾਰ ਸੋਹਣੀਆਂ ਸਵਾਰੀਆਂ ਦੇ ਝਲਕਾਰੇ ਲੈਣ ਲਈ ਪਲੇਟ ਫਾਰਮ ਤੇ ਗੇੜੇ ਕਢਦੇ। ਪਿੰਡ ਨਹੀਆਂ ਵਾਲੇ ਦੇ ਪਾਰ ਰੇਲਵੇ ਲਾਈਨ ਲਾਗੇ ਬਣੇ ਹੋਸਟਲ ਵਿਚੋਂ ਨੱਸ ਬਠਿੰਡੇ ਜਾ ਕੇ ਜਗਜੀਤ ਥੇਟਰ ਤੇ ਬਗੈਰ ਛੱਤ ਵਾਲੀ ਨਾਵਲਟੀ ਟਾਕੀ ਵਿਚ ਜਾ ਕੇ ਪਿਕਚਰਾਂ ਵੇਖਦੇ। ਅਨਮੋਲ ਘੜੀ ਜਿਸ ਵਿਚ ਸੁਰਈਆ, ਸੁਰਿੰਦਰ ਤੇ ਨੂਰ ਜਹਾਂ ਨੇ ਕੰਮ ਕੀਤਾ ਸੀ, ਤੋਂ ਬਾਅਦ ਮੈਂ ਵੀ ਉਹਨਾਂ ਦੇ ਨਾਲ ਕਈ ਫਿਲਮਾਂ ਜਿਵੇਂ ਬਾਜ਼ਾਰ, ਚੰਦਰ ਲੇਖਾ, ਦੁਲਾਰੀ, ਨਿਸ਼ਾਨ, ਲੱਛੀ, ਛਈ, ਸ਼ਹੀਦ, ਨਦੀਆ ਕੇ ਪਾਰ, ਬਰਸਾਤ, ਲਾਹੌਰ, ਕੋਇਲ, ਸਮਾਧੀ, ਮਦਾਰੀ, ਬਾਬੁਲ, ਬੜੀ ਬਹਿਣ, ਦਿਲ ਲਗੀ, ਦੋ ਪਾਕਿਸਤਾਨੀ ਫਿਲਮਾਂ "ਲਾਰੇ ਤੇ ਫੇਰੇ" ਅਲਬੇਲਾ, ਅਫਸਰ ਵਗੈਰਾ ਕਾਫੀ ਪਿਕਚਰਾਂ ਅਸੀਂ ਵੇਖ ਲਈਆਂ ਸਨ। ਮੈਨੂੰ ਇਹਨਾਂ ਫਿਲਮਾਂ ਦੇ ਕਈ ਗਾਣੇ ਤੇ ਕਹਾਣੀਆਂ ਜ਼ਬਾਨੀ ਯਾਦ ਹੋ ਗਈਆਂ। ਥੇਟਰ ਦੇ ਬਾਹਰ ਇਹ ਗਾਣੇ ਆਨੇ ਆਨੇ ਵਿਚ ਵਿਕਦੇ ਸਨ ਜਿਸ ਦੇ ਪਿਛਲੇ ਪਾਸੇ ਫਿਲਮ ਦੀ ਸੰਖੇਪ ਕਹਾਣੀ ਵੀ ਛਪੀ ਹੁੰਦੀ ਸੀ। ਓਸ ਵੇਲੇ ਦੇ ਬਹੁਤ ਸਾਰੇ ਐਕਟਰਾਂ ਅਤੇ ਐਕਟਰੈਸਾਂ ਦੀ ਵੀ ਮੈਨੂੰ ਪਛਾਣ ਹੋ ਗਈ ਸੀ ਜਿਵੇਂ ਦਲੀਪ ਕੁਮਾਰ, ਅਸ਼ੋਕ ਕੁਮਾਰ, ਦੇਵਾ ਅਨੰਦ, ਮੋਤੀ ਲਾਲ, ਕੇ ਐਨ ਸਿੰਘ, ਸ਼ਾਮ, ਕਰਨ ਦੀਵਾਨ, ਮਜਨੂ, ਗੋਪ, ਰੰਜਨ, ਪਰਾਨ, ਰਹਿਮਾਨ, ਓਮ ਪਰਕਾਸ਼, ਰਾਜਕਪੂਰ, ਕਾਮਨੀ ਕੋਸ਼ਲ, ਨਰਗਿਸ, ਸੁਰਈਆ, ਗੀਤਾ ਬਾਲੀ, ਨਿਮੀ, ਮੁਨਵਰ ਸੁਲਤਾਨਾ। ਮਧੂਬਾਲਾ ਆਦਿ। ਮੇਰਾ ਬਾਲ ਮਨ ਇਹਨਾਂ ਫਿਲਮਾਂ ਅਤੇ ਪੜ੍ਹੇ ਜਾ ਰਹੇ ਨਾਵਲਾਂ ਆਦਿ ਦਾ ਅਸਰ ਬਹੁਤ ਬੁਰੀ ਤਰ੍ਹਾਂ ਕਬੂਲ ਰਿਹਾ ਸੀ। ਟਰੈਜਿਕ ਫਿਲਮਾਂ ਤੇ ਨਾਵਲ ਮੈਨੂੰ ਜ਼ਿਆਦਾ ਚੰਗੇ ਲਗਦੇ। ਦਲੀਪ ਕੁਮਾਰ ਬਹੁਤ ਪਸੰਦੀਦਾ ਐਕਟਰ ਬਣ ਗਿਆ ਤੇ ਓਸ ਦਾ ਅਸਰ ਕਬੂਲਦਿਆਂ ਮੈਂ ਬਹੁਤ ਜਜ਼ਬਾਤੀ ਬਣਦਾ ਜਾ ਰਿਹਾ ਸਾਂ। ਕਦੀ ਕਦੀ ਮੈਂ ਦਸਵੀਂ ਦੀ ਪੜ੍ਹਾਈ ਵਿਚੇ ਛਡ ਘਰੋਂ ਭੱਜ ਕੇ ਐਕਟਰ ਬਨਣ ਬਾਰੇ ਵੀ ਸੋਚਦਾ ਪਰ ਬੰਬਈ ਜਾਣ ਦਾ ਕਿਰਾਇਆ ਕਿਥੇ ਸੀ। ਏਸ ਕਚੀ ਉਮਰੇ ਵੇਖੀਆਂ ਫਿਲਮਾਂ ਅਤੇ ਪੜ੍ਹੇ ਨਾਵਲ ਦੁਨੀਆਂ ਵੇਖਣ ਵਾਲੇ ਮੇਰੇ ਬਾਲ ਮਨ ਉਤੇ ਛਾ ਕੇ ਰਾਜ ਕਰਨ ਲਗ ਪਏ ਸਨ। ਇਹਨਾਂ ਮੇਰੇ ਅੰਦਰ ਅਜੀਬ ਕਿਸਮ ਦੀ ਸਿਰਫ ਝੁਣਝੁਣੀ ਹੀ ਨਹੀਂ ਪੈਦਾ ਕਰ ਦਿਤੀ ਸੀ ਸਗੋਂ ਇਕ ਅਗ ਲਾ ਦਿਤੀ ਸੀ। ਬੱਸ ਮੈਂ ਕੁਝ ਬਨਣਾ ਚਹੁੰਦਾ ਸਾਂ ਤੇ ਬਹੁਤ ਅਗੇ ਵਧਣਾ ਚਹੁੰਦਾ ਸਾਂ ਕਿ ਇਕ ਦਮ ਮੇਰਾ ਨਾਂ ਮਸ਼ਹੂਰ ਹੋ ਜਾਵੇ ਅਤੇ ਮੈਂ ਬਹੁਤ ਅਮੀਰ ਹੋ ਜਾਵਾਂ। ਇਕ ਬਾਅਦ ਦੋਪਹਿਰ ਸਕੂਲ ਵਿਚ ਛੁਟੀ ਕਰ ਕੇ ਸਕੂਲ ਦੇ ਸਾਰੇ ਮੁੰਡਿਆਂ ਨੂੰ ਗੋਨਿਆਣੇ ਮੰਡੀ ਦੇ ਥਾਣੇ ਵਿਚ ਕਤਾਰ ਬੰਨ੍ਹ ਕੇ ਜਾਣ ਲਈ ਕਿਹਾ ਗਿਆ। ਪੁਲਸ ਨੇ ਇਲਾਕੇ ਦਾ ਇਕ ਖਤਰਨਾਕ ਡਾਕੂ ਮਾਰ ਕੇ ਉਹਦੀ ਲਾਸ਼ ਥਾਣੇ ਦੇ ਵਿਹੜੇ ਵਿਚ ਰਖੀ ਹੋਈ ਸੀ ਤੇ ਪਬਲਕ ਤੋਂ ਇਲਾਵਾ ਸਕੂਲ ਦੇ ਸਾਰੇ ਮੁੰਡਿਆਂ ਨੂੰ ਵੀ ਵਿਖਾਈ ਗਈ। ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਮਰਿਆ ਹੋਇਆ ਡਾਕੂ ਵੇਖਿਆ ਸੀ ਜਿਸ ਦੀ ਉਮਰ 40 ਕੁ ਸਾਲਾਂ ਦੇ ਕਰੀਬ ਹੋਵੇਗੀ। ਗੋਲੀਆਂ ਲਗਣ ਕਾਰਨ ਉਹਦੀ ਲਾਸ਼ ਖ਼ੂਨ ਨਾਲ ਲਥ ਪਥ ਸੀ। ਉਸ ਨੂੰ ਵੇਖ ਕੇ ਡਰ ਆਉਂਦਾ ਸੀ। ਇਹ ਡਰ ਮੈਨੂੰ ਬਹੁਤ ਦਿਨ ਆਉਂਦਾ ਰਿਹਾ ਪਰ ਇਕ ਗੱਲ ਜ਼ਰੂਰ ਸੀ ਕਿ ਇਲਾਕੇ ਵਿਚ ਉਸਦਾ ਨਾਂ ਸੀ। ਉਹਦੀ ਮੌਤ ਦੀ ਖਬਰ ਅਖਬਾਰਾਂ ਵਿਚ ਛਪੀ ਸੀ। ਆਪਣਾ ਨਾਂ ਬਨਾਉਣ ਲਈ ਕੁਝ ਨਾ ਕੁਝ ਤਾਂ ਕਰਨਾ ਹੀ ਪੈਂਦਾ ਹੈ। ਅਗੇ ਵਧਣ ਤੇ ਆਪਣਾ ਨਾਂ ਬਨਾਉਣ ਦੇ ਚਕਰਾਂ ਵਿਚ ਮੈਂ ਦਿਨ ਰਾਤ ਪਿਆ ਰਹਿੰਦਾ।

ਦਸਵੀਂ ਪੜ੍ਹਦਿਆਂ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਮੈਂ ਆਪਣੀਆਂ ਕਿਤਾਬਾਂ ਚੁੱਕ ਮਹਿਤੇ ਆ ਗਿਆ। ਮੇਰੀ ਮਾਂ ਕਹਿ ਰਹੀ ਸੀ ਮੇਰਾ ਪੁੱਤ ਜਵਾਨ ਹੁੰਦਾ ਜਾ ਰਿਹਾ ਹੈ ਤੇ ਕੱਦ ਵੀ ਕਢ ਰਿਹਾ ਹੈ ਪਰ ਹਾਲੇ ਮੈਨੂੰ ਦਾੜ੍ਹੀ ਮੁੱਛ ਪੂਰੀ ਤਰ੍ਹਾਂ ਨਹੀਂ ਸੀ ਫੁੱਟੀ। ਸਾਂਝੇ ਖੁਲ੍ਹੇ ਦਰਵਾਜ਼ੇ ਦੇ ਆਪਣੇ ਵਾਲੇ ਪਾਸੇ ਮੰਜਾ ਡਾਹ ਕੇ ਅਤੇ ਆਪਣਾ ਸਿਰ ਥੰਮੀ ਨਾਲ ਲਾ ਕੇ ਮੈਂ ਆਪਣੀਆਂ ਕਿਤਾਬਾਂ ਪੜ੍ਹਦਾ। ਦੂਜੇ ਪਾਸੇ ਚਾਨਣ ਜੱਟ ਦੀ ਕੁੜੀ ਜਿਸ ਦਾ ਨਾਂ "ਮਹਿਕ" (ਅਸਲੀ ਨਹੀਂ) ਜਿਸ ਤੇ ਠਾਠਾਂ ਮਾਰਦੀ ਜਵਾਨੀ ਚੜ੍ਹ ਆਈ ਸੀ। ਹੁਸਨ ਉਹਦੀਆਂ ਮ੍ਰਿਗਨੈਣੀ ਅੱਖਾਂ, ਅਨਾਰ ਦੇ ਦਾਣਿਆਂ ਵਾਂਗ ਜੜੇ ਚਿਟੇ ਦੰਦਾਂ, ਸਿਓ ਵਰਗੀਆਂ ਗਲ੍ਹਾਂ ਤੇ ਮੁਸਕਰਾਂਦੇ ਚਿਹਰੇ ਵਿਚੋਂ ਡੁਲ੍ਹ ਡੁਲ੍ਹ ਪੈਣ ਲਗ ਪਿਆ ਸੀ। ਖੂਹ ਚੜ੍ਹੇ ਤੇ ਜਦੋਂ ਉਹ ਸਿਰ ਤੇ ਪਾਣੀ ਦੇ ਦੋ ਦੋ ਘੜੇ ਇਕਠੇ ਚੁਕ ਕੇ ਲਿਆਉਂਦੀ ਤਾਂ ਪਿੰਡ ਦੇ ਗਭਰੂ ਉਹਦੀ ਹਿਰਨੋਟੀ ਤੋਰ ਤੇ ਕਈ ਵਾਰ ਆਵਾਜ਼ਾਂ ਕਸਦੇ ਪਰ ਉਹ ਕਿਸੇ ਨੂੰ ਜੁੱਤੀ ਥਲੇ ਨਹੀਂ ਲਿਆਉਂਦੀ ਸੀ। ਉਹ ਤੇ ਉਹਦੀਆਂ ਸਹੇਲੀਆਂ ਦਰਵਾਜ਼ੇ ਵਿਚ ਇਕਠੀਆਂ ਹੋ ਆਪਣੇ ਵਾਲੇ ਪਾਸੇ ਫੁਲਕਾਰੀਆਂ ਕਢਦੀਆਂ, ਚਰਖੇ ਕੱਤਦੀਆਂ, ਸਰ੍ਹਾਣਿਆਂ ਤੇ ਹਰੇ ਰੰਗ ਦੇ ਲਾਲ ਚੁੰਝ ਵਾਲੇ ਤੋਤੇ ਬਣਾਉਂਦੀਆਂ ਜਿਨ੍ਹਾਂ ਦੀਆਂ ਅਖਾਂ ਵਿਚ ਉਹਨਾਂ ਦੇ ਸੁਪਣੇ ਪਰੋਏ ਹੁੰਦੇ। ਉਹ ਗੀਤਾਂ ਦੀਆਂ ਹੇਕਾਂ ਕਢ ਕਢ ਗਾਉਂਦੀਆਂ ਤੇ ਫਿਰ ਬੋਲੀਆਂ ਪੌਣ ਲਗ ਪੈਂਦੀਆਂ। ਤੀਆਂ ਦੇ ਦਿਨ ਹੋਣ ਕਰ ਕੇ ਕਈ ਵਾਰ ਓਥੇ ਹੀ ਗਿੱਧਾ ਪੌਣ ਤੇ ਨੱਚਣ ਵੀ ਲਗ ਪੈਂਦੀਆਂ। ਹਰ ਕੁੜੀ ਵਾਰੀ ਵਾਰੀ ਬੋਲੀ ਪੌਂਦੀ ਤੇ ਦੂਜੀ ਉਸ ਨੂੰ ਅਗੋਂ ਚੁਕ ਲੈਂਦੀ। ਮੈਂ ਹੈਰਾਨ ਸਾਂ ਕਿ ਇਹਨਾਂ ਨੂੰ ਐਨੀਆਂ ਬੋਲੀਆਂ ਕਿਵੇਂ ਯਾਦ ਸਨ। ਇਕ ਕੁੜੀ ਨੇ ਬੋਲੀ ਚੁਕੀ:-

ਤਾਰਾਂ ਤਾਰਾਂ ਤਾਰਾਂ-----------------
ਬੋਲੀਆਂ ਦਾ ਖੂਹ ਭਰ ਦਿਆਂ ਜਿਥੋਂ ਪਾਣੀ ਭਰਨ ਮੁਟਿਆਰਾਂ
ਬੋਲੀਆਂ ਦੀ ਸੜਕ ਬੰਨ੍ਹਾਂ ਜਿਥੇ ਚਲਦੀਆਂ ਮੋਟਰ ਕਾਰਾਂ
ਬੋਲੀਆਂ ਦੀ ਗੱਡੀ ਭਰ ਦਿਆਂ ਜਿਥੇ ਚੜ੍ਹਦੇ ਲੋਕ ਹਜ਼ਾਰਾਂ
ਗਡੀਆਂ ਦੀ ਨਹਿਰ ਭਰ ਦਿਆਂ ਜਿਥੇ ਲਗਦੇ ਮੋਘੇ ਨਾਲਾਂ
ਨੀ ਜਿਉਂਦੀ ਤੂੰ ਮਰ ਗਈ ਜਦੋਂ ਕਢੀਆਂ ਯਾਰ ਨੇ ਗਾਲਾਂ

ਆਖਰੀ ਬੋਲੀ ਤੇ ਸਾਰੀਆਂ ਇਕਠੀਆਂ ਹੋ ਕੇ ਬੋਲੀ ਨੂੰ ਚੁੱਕਦੀਆਂ ਤੇ ਗਿੱਧਾ ਪੌਂਦੀਆਂ ਆਖਰੀ ਬੋਲੀ ਨੂੰ ਬਾਰ ਬਾਰ ਦੁਹਰੌਂਦੀਆਂ

## ਮੇਰਾ ਪਹਿਲਾ ਪਹਿਲਾ ਪਿਆਰ-

ਮਹਿਤੇ ਪਿੰਡ ਵਿਚ ਦਿਲ ਲਗਣਾ ਸ਼ੁਰੂ ਹੋ ਗਿਆ ਸੀ। ਇਕ ਬੱਚੇ ਨੂੰ ਦੇਸ਼ ਵੰਡ ਦੇ ਗਮਾਂ ਨਾਲ ਕੀ। ਹੌਲੀ ਹੌਲੀ ਜ਼ਿਲ੍ਹਾ ਸ਼ੇਖੂਪੁਰਾ ਵਿਚ ਛਡੇ ਪਿੰਡ ਚੱਕ ਨੰਬਰ 78, ਪਕੇ ਡੱਲੇ ਦੀਆਂ ਕਬਰਾਂ ਦਾ ਮੇਲਾ, ਨਿਕੀ ਨਹਿਰ 'ਚ ਨਹਾਉਣਾ ਤੇ ਟੁਭੀਆਂ ਲਾਉਣੀਆਂ, ਬਾਬੇ ਨਾਨਕ ਦਾ ਸੱਚਾ ਸੌਦਾ, ਨਨਕਾਣਾ ਸਾਹਿਬ ਦੀ ਬਾਲ ਲੀਲਾ, ਵਾਰਸ਼ ਸ਼ਾਹ ਦਾ ਜੰਡਿਆਲਾ, ਜਹਾਂਗੀਰ ਬਾਦਸ਼ਾਹ ਦਾ ਹਰਨ ਮਨ੍ਹਾਰਾ ਤੇ ਵਿਰਕ ਟੱਪੇ ਦੀਆਂ ਦਲੇਰੀਆਂ ਮੈਨੂੰ ਵਿੱਸਰਣੀਆਂ ਸ਼ੁਰੂ ਹੋ ਗਈਆਂ। ਮਲਵਿਆਂ ਦਾ ਇਹ ਪਿੰਡ ਮੈਨੂੰ ਆਪਣਾ ਪਿੰਡ ਜਾਪਦਾ। ਆਥਣ ਨੂੰ ਮੁੰਡੇ ਮੈਨੂੰ ਮਹਿਤੇ ਦੀਆਂ ਨਿਆਈਆਂ ਵਿਚ ਖਿਦੋ ਖੂੰਢੀ ਖਡੇਣ ਲਈ ਲੈ ਜਾਂਦੇ। ਉਹ ਬੋਲਦੇ:

" ਸਾਲਾ ਫਰੂਜੀ ਜਿਹਾ ਸਾਰਿਆਂ ਦੇ ਮੂਹਰ ਦੀ ਖਿਦੋ ਕਢ ਲੈਂਦੇ---"
" ਸਾਲੇ ਦੀਆਂ ਲਤਾਂ ਤਾਂ ਵੇਖ ਜਿਵੇਂ ਡੋਈ ਹੁੰਦੀ ਆ----"

" ਝਾਕਦਾ ਵੇਖ ਜਿਵੇਂ ਮੇਲੇ 'ਚ ਪਿਓ ਗੁਆਚਿਆ ਹੁੰਦੈ----"
" ਖਿਦੋ ਲੈ ਕੇ ਜਾਂਦੇ ਦੇ ਕਿਸੇ ਨੇ ਖੂੰਡਾ ਛੰਡ ਤਾਂ ਊਂ ਈ ਕਠਾ ਜਿਹਾ ਹੋ ਜੂ----"
" ਨਕ ਵੇਖ ਸਾਲੇ ਦਾ ਜਿਵੇਂ ਗਹੀਰੇ ਤੇ ਕਾਟੋ ਬੈਠੀ ਹੁੰਦੀ ਆ---"
" ਸਾਲਾ ਮੁਸਲਿਆਂ ਵੱਟੇ ਵਟਾਇਆ---"

ਇਸ ਪਿੰਡ ਵਿਚ ਰਹਿੰਦਿਆਂ ਹੌਲੀ ਹੌਲੀ ਮੈਨੂੰ ਵੀ ਬਹੁਤ ਸਾਰੀਆਂ ਬੋਲੀਆਂ ਤੇ ਲੋਕ ਗੀਤ ਯਾਦ ਹੋ ਗਏ ਕੁਝ ਗਵਾਂਢੀ ਕੁੜੀਆਂ ਕੋਲੋਂ ਸੁਣ ਸੁਣ ਕੇ ਅਤੇ ਕੁਝ ਮੁੰਡਿਆਂ ਦੀਆਂ ਢਾਣੀਆਂ ਵਿਚ ਬੈਠ ਬੈਠ ਕੇ। ਬਹੁਤ ਅਗੇ ਜਾ ਕੇ ਜਦੋਂ ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਲੋਕ ਯਾਣਕ ਪਖੋਂ ਡਾ: ਤਰਲੋਕ ਸਿੰਘ ਕੰਵਰ ਦੀ ਅਗਵਾਈ ਹੇਠ "ਪੰਜਾਬੀ ਲੋਕ ਗੀਤਾਂ ਦੇ ਮਾਧਿਅਮ ਦੁਆਰਾ ਇਸਤਰੀ ਪਾਤਰ ਦਾ ਅਧਿਅਨ" ਦੇ ਵਿਸ਼ੇ ਤੇ ਪੀ. ਐਚ. ਡੀ. ਕਰ ਰਿਹਾ ਸਾਂ ਤਾਂ ਓਸ ਵੇਲੇ ਦੀਆਂ ਮਹਿਤੇ ਪਿੰਡ ਵਿਚ ਸੁਣੀਆਂ ਤੇ ਚੇਤੇ ਹੋਈਆਂ ਬੋਲੀਆਂ, ਲੋਕ ਗੀਤਾਂ ਅਖੌਤਾਂ ਅਤੇ ਮੁਹਾਵਰਿਆਂ ਨੇ ਮੇਰਾ ਬੜਾ ਸਾਥ ਦਿਤਾ। ਕੁੜੀ ਜੰਮਣ ਤੋਂ ਲੈ ਕੇ ਮੌਤ ਤਕ ਜਿਵੇਂ ਧੀ, ਭੈਣ, ਪ੍ਰੇਮਿਕਾ, ਵਹੁਟੀ, ਨੋਂਹ, ਸਾਲੀ, ਭਰਜਾਈ, ਦਰਾਣੀ, ਜਿਠਾਣੀ, ਮਾਂ ਤੇ ਸੱਸ ਹਰ ਰੂਪ ਤੇ ਰਿਸ਼ਤੇ ਵਿਚੋਂ ਲੰਘਦੀਆਂ ਅਵਸਥਾਵਾਂ ਬਾਰੇ ਪੰਜਾਬੀ ਲੋਕ ਗੀਤ ਭਰੇ ਪਏ ਸਨ। ਮਿਸਾਲ ਦੇ ਤੌਰ ਤੇ ਵਿਆਹ ਪਿਛੋਂ ਬੱਚਾ ਨਾ ਹੋਣ ਦੀ ਸ਼ਕਲ ਵਿਚ ਲੋਗ ਗੀਤ ਮੌਜੂਦ ਸੀ, "ਤੈਨੂੰ ਕੁਛ ਨਾ ਲੱਗਾ ਮੁਟਿਆਰੇ ਬੇਰੀਆਂ ਨੂੰ ਬੇਰ ਲਗ ਗਏ" ਪਰ ਮਹਿਤੇ ਦੀਆਂ ਤਿੰਨ ਘਟਨਾਵਾਂ ਮੈਨੂੰ ਬਹੁਤ ਪਰੇਸ਼ਾਨ ਕਰਦੀਆਂ ਸਨ। ਇਕ ਤਾਂ ਜਦੋਂ ਅਜੇ ਪਿੰਡ ਵਿਚ ਨਵੇਂ ਨਵੇਂ ਆਏ ਈ ਸਾਂ ਤਾਂ ਸੰਨ 48 ਦੇ ਸ਼ੁਰੂ ਵਿਚ ਇਕ ਵਡੇਰੀ ਉਮਰ ਦੇ ਛੜੇ ਦਾ ਇਕ ਬਹੁਤ ਛੋਟੀ ਉਮਰ ਦੀ ਕੁੜੀ ਨਾਲ ਵਿਆਹ ਹੋ ਗਿਆ ਸੀ ਤੇ ਪਿੰਡ ਦੀਆਂ ਜਨਾਨੀਆਂ ਵਹੁਟੀ ਵੇਖਣ ਲਈ ਛੜੇ ਦੇ ਘਰ ਜਾ ਰਹੀਆਂ ਸਨ ਤੇ ਰੁਪਈਆਂ ਅਠਿਆਣੀ ਸਗਨ ਵੀ ਪੌਂਦੀਆਂ ਸਨ। ਮੈਨੂੰ ਵੀ ਮੇਰੀ ਮਾਂ ਮੇਰੀ ਉਂਗਲ ਫੜ ਕੇ ਵਹੁਟੀ ਵੇਖਣ ਲਈ ਲੈ ਗਈ। ਇਕ ਮੰਜੇ ਤੇ ਖੇਸ ਵਿਛਿਆ ਹੋਇਆ ਸੀ ਜੋ ਮੈਲੇ ਨਾਲ ਭਰਿਆ ਹੋਇਆ ਸੀ। ਉਸ ਤੇ ਇਕ ਛੋਟੀ ਜਹੀ ਕੁੜੀ ਜਿਸਦੀ ਸੁਥਣ ਤੇ ਵੀ ਮੈਲੇ ਦੇ ਦਾਗ ਸਨ, ਘੁੰਢ ਕਢੀਂ ਤੇ ਗੋਡਿਆਂ ਵਿਚ ਸਿਰ ਦੇ ਕੇ ਰੋ ਰਹੀ ਸੀ ਅਤੇ ਆਪਣਾ ਮੂੰਹ ਕਿਸੇ ਨੂੰ ਵਿਖਾ ਨਹੀਂ ਰਹੀ ਸੀ।

ਕਰੜ ਬਰੜੀ ਕੱਟੀ ਦਾੜ੍ਹੀ ਵਾਲਾ ਉਹਦਾ ਅਧਖੜ ਉਮਰ ਦਾ ਬੰਦਾ ਇਕ ਨੁਕਰੇ ਬੈਠਾ ਹੁੱਕੀ (ਚਿਲਮ) ਪੀ ਰਿਹਾ ਸੀ। ਓਸ ਕੁੜੀ ਦੀ ਜੋ ਦੁਰਦਸ਼ਾ ਸੀ, ਓਸ ਨੇ ਮੇਰੇ ਬਾਲ ਮਨ ਨੂੰ ਹਿਲੂਣ ਕੇ ਰਖ ਦਿਤਾ ਸੀ। ਇਕ ਅਬਲਾ ਕੁੜੀ ਦੀ ਇਹ ਦੁਰਦਸ਼ਾ, ਤੰਗਦਸਤੀ ਅਤੇ ਲੀਰੋ ਲੀਰ ਕੀਤੇ ਸਰੀਰ ਤੇ ਮਨ ਦੀ ਇਹ ਕਰੁਣਾਮਈ ਝਾਕੀ ਮੈਨੂੰ ਚੇਤੇ ਆ ਕੇ ਬਹੁਤ ਲੰਮੇ ਸਮੇਂ ਤਕ ਵਿਆਕਲ ਕਰਦੀ ਰਹੀ। ਬਹੁਤ ਸਾਲਾਂ ਬਾਅਦ ਜਦ ਮੈਂ ਆਪਣੀ ਬਹੁ ਚਰਚਤ ਕਹਾਣੀ "ਬਲਾਤਕਾਰ" ਲਿਖੀ ਤਾਂ ਵਹੁਟੀ ਬਣੀ ਉਹ ਜ਼ਖਮੀ ਕੁੜੀ ਮੇਰੇ ਖਿਆਲਾਂ ਵਿਚ ਪਈ ਤੜਪ ਰਹੀ ਸੀ।

ਦੂਜੀ ਘਟਨਾ ਇਕ ਵਾਰ ਮੇਰੀ ਮਾਂ ਨੇ ਮੈਨੂੰ ਨਾਲ ਦੇ ਪਿੰਡ ਵਿਚ ਖੋਤੀ ਤੇ ਦਾਣੇ ਪਿਸਾਉਣ ਲਈ ਕੁਝ ਛੜਿਆਂ ਨਾਲ ਭੇਜ ਦਿਤਾ ਸੀ ਜਿਨ੍ਹਾਂ ਆਪਣੇ ਦਾਣੇ ਬੋਤੀਆਂ ਤੇ ਲੱਦੇ ਹੋਏ ਸਨ। ਚੱਕੀ ਖਰਾਬ ਹੋਣ ਕਰ ਕੇ ਸਾਨੂੰ ਰਾਤ ਦੇ ਬਾਰਾਂ ਵਜ ਗਏ ਤੇ ਜਦੋਂ ਅਸੀਂ ਮੁੜੇ ਤਾਂ ਉਹ ਛੜੇ ਦੇਸੀ ਦਾਰੂ ਨਾਲ ਰੱਜੇ ਹੋਏ ਸਨ। ਮੈਨੂੰ ਆਟੇ ਸਮੇਤ ਉਹਨਾਂ ਨੇ ਇਕ ਬੋਤੀ ਤੇ ਬਿਠਾ ਦਿਤਾ ਤੇ ਖੋਤੀ ਨੂੰ ਹਨੇਰੇ ਵਿਚ ਟਿਬਿਆਂ ਤੋਂ ਪਰ੍ਹਾਂ ਲੈ ਗਏ। ਕਾਫੀ ਦੇਰ ਬਾਅਦ ਜਦ ਵਾਪਸ ਆਏ ਤਾਂ ਇਕ ਛੜੇ ਨੇ ਦਾਤਰ ਵਿਖਾ ਕੇ ਮੈਨੂੰ ਕਿਹਾ ਕਿ ਜੇ ਕਿਤੇ ਗੱਲ ਨਿਕਲੀ ਤਾਂ ਇਸ ਦਾਤਰ ਨਾਲ ਤੇਰਾ ਗਲ ਵਢ ਕੇ ਟਿੱਬੇ ਵਿਚ ਨੱਪ ਦਿਆਂਗੇ। ਮੈਂ ਡਰਦਾ ਸਾਰੀ ਉਮਰ ਇਸ ਵਹਿਸ਼ੀ ਘਟਨਾ ਨੂੰ ਭੁਲਣ ਦੀ ਕੋਸ਼ਿਸ਼ ਕਰਦਾ ਰਿਹਾ।

ਤੀਜੀ ਘਟਨਾ ਪਿੰਡ ਦੇ ਗੁਰਦਵਾਰੇ ਦੇ ਭਾਈਆਂ ਦਾ ਮੇਰੀ ਉਮਰ ਦਾ ਇਕੋ ਇਕ ਮੁੰਡਾ ਮਾਪਿਆਂ ਨਾਲ ਮੁਕਤਸਰ ਦਾ ਮੇਲਾ ਵੇਖਣ ਗਿਆ ਵਾਪਸ ਪਰਤਦਿਆਂ ਕੋਟ ਕਪੂਰੇ ਤੋਂ ਅਗਲੇ ਸਟੇਸ਼ਨ ਤੇ ਪਾਣੀ ਪੀਣ ਲਈ ਗਡੀ ਵਿਚੋਂ ਉਤਰਿਆਂ ਤੇ ਗੱਡੀ ਚੱਲ ਪਈ। ਉਹ ਮੁੰਡਾ ਮਾਪਿਆਂ ਨੂੰ ਮੁੜ ਕੇ ਕਦੀ ਵੀ ਨਾ ਲਭਾ। ਇਕੋ ਇਕ ਮੁੰਡੇ ਦੇ ਦੋਬਾਰਾ ਨਾ ਮਿਲਣ ਕਰ ਕੇ ਉਹਦੀ ਮਾਂ ਦੇ ਵੈਣ ਸੁਣੇ ਨਹੀਂ ਜਾਂਦੇ ਸਨ।

ਦਰਵਾਜ਼ੇ ਵਿਚ ਫੁਲਕਾਰੀਆਂ ਕਢਦੀਆਂ ਕੁੜੀਆਂ ਆਖਰੀ ਬੋਲੀ ਤੇ ਆ ਕੇ ਜਦੋਂ ਇਕਠੀਆਂ ਹੋ ਕੇ ਬੋਲੀ ਨੂੰ ਚੁੱਕਦੀਆਂ ਤੇ ਗਿੱਧਾ ਪੌਂਦੀਆਂ ਤਾਂ ਆਖਰੀ ਬੋਲੀ ਨੂੰ ਬਾਰ ਬਾਰ ਦੁਹਰੌਂਦੀਆਂ। ਇਹ ਖਿੜ ਖਿੜ ਹਸਦੀਆਂ ਤੇ ਵਿਆਹੀਆਂ ਕੋਲੋਂ ਉਹਨਾਂ ਦੀਆਂ ਪਹਿਲੀਆਂ ਰਾਤਾਂ ਦੀਆਂ ਹੱਡਬੀਤੀਆਂ ਸੁਣ ਸੁਣ ਖੁਸ਼ੀ ਵਿਚ ਖੀਵੀਆਂ ਹੁੰਦੀਆਂ। ਭਾਵੇਂ ਉਹ ਅਮੀਰ ਨਹੀਂ ਸਨ ਮੈਂ ਇਹਨਾਂ ਨੂੰ ਕਦੇ ਉਦਾਸ ਨਹੀਂ ਵੇਖਿਆ ਸੀ। ਉਹਨਾਂ ਨੂੰ ਗੱਲਾਂ ਇੰਜ ਫੁਰਦੀਆਂ ਸਨ ਜਿਵੇਂ ਪਹਿਲਾਂ ਈ ਪਤਾ ਹੋਵੇ ਕਿ ਅਗੋਂ ਕੀ ਉੱਤਰ ਕੀ ਦੇਣਾ ਹੈ। ਫਿਰ ਉਹ ਕਈ ਇਹੋ ਜਹ ਖੁਲ੍ਹੇ ਮਖੌਲ ਇਕ ਦੂਜੀਆਂ ਨਾਲ ਕਰਦੀਆਂ ਜਿਵੇਂ ਉਹਨਾਂ ਨੂੰ ਇਹ ਅਹਿਸਾਸ ਹੀ ਨਾ ਹੋਵੇ ਕਿ ਉਹਨਾਂ ਦੇ ਕੋਲ ਹੀ ਦੂਜੇ ਪਾਸੇ ਇਕ ਚੌਦਾਂ ਪੰਦਰਾਂ ਸਾਲਾਂ ਦਾ ਮੁੰਡਾ ਉਹਨਾਂ ਦੀਆਂ ਗੱਲਾਂ ਸੁਣ ਰਿਹਾ ਹੈ। ਜੇ ਕੋਈ ਟੋਕਦੀ ਤੇ ਮੇਰੇ ਹੋਣ ਦਾ ਜ਼ਿਕਰ ਕਰ ਦੇਂਦੀ ਤਾਂ ਮਸਤੀ ਵਿਚ ਆਈਆਂ ਚਾਂਭਲੀਆਂ ਮੁਟਿਆਰਾਂ ਇਹ

ਕਹਿ ਕੇ ਦੂਜੀ ਨੂੰ ਚੁੱਪ ਕਰਾ ਦੇਂਦੀਆਂ ਕਿ ਇਹ ਤਾਂ ਕੁੜੀਆਂ ਵਰਗਾ ਮੁੰਡਾ ਏ। ਇਹਦੇ ਤਾਂ ਹਾਲੇ ਮੁਛ ਵੀ ਨਹੀਂ ਫੁਟੀ। ਸਾਡੀਆਂ ਗੱਲਾਂ ਸੁਣ ਸੁਣ ਕੇ ਇਹ ਵੀ ਜਵਾਨ ਹੋ ਜਾਏਗਾ। ਮੇਰੀ ਪੜ੍ਹਾਈ ਵਿਚ ਉਹਨਾਂ ਦੀਆਂ ਖੁਲ੍ਹੀਆਂ ਗੱਲਾਂ ਬੜਾ ਵਿਘਨ ਪੌਂਦੀਆਂ ਪਰ ਜੇ ਮੈਂ ਅੰਦਰ ਜਾ ਕੇ ਪੜ੍ਹਦਾ ਤਾਂ ਓਥੇ ਬੜੀ ਗਰਮੀ ਤੇ ਹੁਮਸ ਸੀ। ਇਕ ਦਿਨ ਇਕ ਕੁੜੀ ਉਠੀ ਤੇ ਓਸ ਨੇ ਰੇਤੇ ਦਾ ਬੁਕ ਭਰ ਕੇ ਮੇਰੇ ਸਿਰ ਵਿਚ ਪਾ ਦਿਤਾ ਤੇ ਫਿਰ ਉਹਨਾਂ ਦਾ ਹਾਸਾ ਬੰਦ ਨਾ ਹੋਵੇ।

"ਨੀ ਇਹਨੂੰ ਪੜ੍ਹਨ ਦਿਓ, ਕਿਉਂ ਤੰਗ ਕਰਦੀਆਂ ਹੋ," ਮਹਿਕ ਨੇ ਉਹਨਾਂ ਨੂੰ ਨਿਹੋਰਿਆ ਅਤੇ ਉਠ ਕੇ ਆਪਣੇ ਗੋਰੇ ਤੇ ਕੂਲੇ ਹਥਾਂ ਦੀਆਂ ਉਂਗਲਾਂ ਨਾਲ ਹੌਲੀ ਹੌਲੀ ਸਾਰਾ ਰੇਤਾ ਮੇਰੇ ਸਿਰ ਦੇ ਵਾਲਾਂ ਵਿਚੋਂ ਕਢ ਦਿਤਾ। ਕਦੀ ਕਦੀ ਉਹਦੀਆਂ ਉਂਗਲਾਂ ਮੇਰੇ ਗੋਰੇ ਮਥੇ, ਤਿਖੇ ਨੱਕ ਤੇ ਗਲ੍ਹਾਂ ਨੂੰ ਵੀ ਛੂਹ ਜਾਂਦੀਆਂ। ਇਕ ਕੁੜੀ ਕਹਿੰਦੀ,
"ਨੀ ਜੇ ਤੂੰ ਇਹਦੀ ਹੋਈ ਮਰਦੀ ਏਂ ਤਾਂ ਇਹਦੇ ਨਾਲ ਵਿਆਹ ਈ ਕਰਵਾ ਲੈ। ਪੜ੍ਹ ਲਿਖ ਕੇ ਜਿਥੇ ਨੌਕਰੀ ਲਗੂਗਾ ਜਾਂ ਫੌਜ ਵਿਚ ਭਰਤੀ ਹੋ ਜਾਊਗਾ ਤਾਂ ਤੈਨੂੰ ਵੀ ਨਾਲ ਈ ਲੈ ਜੂਗਾ ਤੇ ਖੂਹਾਂ ਤੋਂ ਪਾਣੀ ਦੇ ਘੜੇ ਭਰਨੋਂ ਤੇ ਪਸ਼ੂਆਂ ਦਾ ਗੋਹਾ ਕੂੜਾ ਚੁਕਣੋ ਤੇਰੀ ਜਾਨ ਛੁੱਟ ਜੂਗੀ।"

ਗਰਮੀਆਂ ਦੀਆਂ ਛੁਟੀਆਂ ਵਿਚ ਰੋਜ਼ ਵਾਂਗ ਦਰਵਾਜ਼ੇ ਦੇ ਆਪਣੇ ਵਾਲੇ ਪਾਸੇ ਥੰਮੀ ਨਾਲ ਸਿਰ ਲਾਈਂ ਪੜ੍ਹ ਰਿਹਾ ਸਾਂ ਤਾਂ ਇਕ ਦਿਨ ਕੁੜੀਆਂ ਮਹਿਕ ਨੂੰ ਵਿਅਹ ਵਾਲਾ ਲਾਲ ਸੂਟ ਪਵਾ, ਹਾਰ ਸ਼ਿੰਗਾਰ ਕਰ, ਸਿਰ ਤੇ ਸੱਗੀ ਫੁੱਲ, ਹਥਾਂ ਵਿਚ ਚੂੜਾ, ਪੈਰਾਂ ਵਿਚ ਪੰਜੇਬਾਂ, ਹਥਾਂ ਤੇ ਮਹਿੰਦੀ ਲਾ, ਨਹੁੰ ਪਾਲਸ਼ ਤੇ ਦੰਦਾਸਾ ਮਲ ਤੇ ਵਹੁਟੀ ਬਣਾ, ਘੁੰਡ ਕਢ ਕੇ, ਮੇਰੇ ਅਗੇ ਲੈ ਆਂਦਾ ਤੇ ਕਿਹਾ ਕਿ ਗੁਡੇ ਗੁਡੀ ਦਾ ਵਿਆਹ ਕਰਨਾ ਹੈ ਤੇ ਵਿਆਹ ਦੇ ਗੀਤ ਗੌਣ ਲਗ ਪਈਆਂ। ਇਕ ਕੁੜੀ ਨੇ ਮੇਰੇ ਹਥ ਵਿਚ ਸੋਟੀ ਫੜਾ ਮਹਿਕ ਦੇ ਅਗੇ ਅਗੇ ਤੁਰਨ ਲਈ ਕਿਹਾ ਤੇ ਨਾਲੇ ਉਹਦਾ ਘੁੰਢ ਚੁਕਣ ਲਈ। ਮੇਰੇ ਵਿਚ ਤਾਂ ਉਹਦਾ ਘੁੰਢ ਚੁਕਣ ਦੀ ਹਿੰਮਤ ਨਹੀਂ ਸੀ। ਆਖਰ ਇਕ ਕੁੜੀ ਨੇ ਹੀ ਉਹਦਾ ਘੁੰਡ ਚੁਕ ਦਿਤਾ। ਉਸ ਨੇ ਆਪਣੀਆਂ ਝੁਕੀਆਂ ਅਖਾਂ ਉਪਰ ਨਾ ਚੁਕੀਆਂ ਤੇ ਨਾ ਹੀ ਮੇਰੇ ਵੱਲ ਵੇਖਿਆਂ ਪਰ ਇਕ ਵਿਆਹ ਦੇ ਲਿਬਾਸ ਵਿਚ ਮਨ ਦੀਆਂ ਤਰੰਗਾਂ ਨਾਲ ਭਰੀ ਹੋਈ ਕੋਈ ਪਿੰਡ ਦੀ ਕੁੜੀ ਐਨੀ ਜ਼ਿਆਦਾ ਸੋਹਣੀ ਹੋ ਸਕਦੀ ਹੈ, ਮੈਂ ਸਾਰੀ ਉਮਰ ਭੁੱਲ ਨਾ ਸਕਿਆ। ਮੈਂ ਉਹਨਾਂ ਤੋਂ ਪਿਛਾ ਛੁਡਾ ਕੇ ਭਜ ਕੇ ਅੰਦਰ ਆ ਗਿਆ ਪਰ ਉਹਨਾਂ ਦਾ ਕਦੇ ਵੀ ਨਾ ਮੁਕਣ ਵਾਲਾ ਹਾਸਾ ਮੇਰੀ ਪਿਠ ਸੁਣ ਰਹੀ ਸੀ। ਬਹੁਤ ਅਗੇ ਜਾ ਕੇ ਇਸ ਘਟਨਾ ਨੂੰ ਆਧਾਰ ਬਣਾ ਕੇ ਮੈਂ ਇਕ ਬਹੁ ਚਰਚਤ ਕਹਾਣੀ ਲਿਖੀ, "ਅਸਾਂ ਬੇਕਦਰਾਂ ਨਾਲ ਲਾਈਆਂ" ਲਿਖੀ ਜੋ ਅਜੇ ਵੀ ਪਾਠਕ ਬੜੇ ਚਾਅ ਨਾਲ ਪੜ੍ਹਦੇ ਹਨ।

ਇਹਨਾਂ ਦਿਨਾਂ ਵਿਚ ਹੀ ਮਾਂ ਦੇ ਇਕ ਕੁੜੀ ਜੰਮੀ ਜੋ ਕੁਝ ਦਿਨਾਂ ਦੀ ਹੋ ਮਰ ਗਈ। ਮਾਂ ਬੀਮਾਰ ਹੋ ਕੇ ਮੰਜੇ ਤੇ ਪੈ ਗਈ। ਪੀਣ ਵਾਲੇ ਪਾਣੀ ਦੇ ਘੜੇ ਖੂਹ ਤੋਂ ਭਰ ਕੇ ਤੇ ਚੁਕ ਕੇ ਕੌਣ ਲਿਆਵੇ। ਮੈਂ ਇਕ ਦਿਨ ਘੜਾ ਭਰ ਕੇ ਸਿਰ ਤੇ ਰਖ ਕੇ ਲਿਆ ਰਿਹਾਂ ਸਾਂ ਕਿ ਮੇਰੇ ਸਿਰ ਤੋਂ ਪਾਣੀ ਨਾਲ ਭਰੇ ਘੜੇ ਦਾ ਭਾਰ ਸਹਾਰ ਨਾ ਹੋਇਆ ਤੇ ਘੜਾ ਮੇਰੇ ਸਿਰ ਤੋਂ ਰਾਹ ਵਿਚ ਹੀ ਡਿਗ ਕੇ ਟੁੱਟ ਗਿਆ ਤੇ ਸਾਰਾ ਪਾਣੀ ਡੁਲ੍ਹ ਗਿਆ। ਵੇਖਣ ਵਾਲੇ ਘੜਾ ਡਿਗਾ ਵੇਖ ਕੇ ਉਚੀ ਉਚੀ ਹਸਣ ਲਗ ਪਏ। ਜਦੋਂ ਮਹਿਕ ਨੇ ਡਿਗਾ ਘੜਾ ਵੇਖਿਆ ਤਾਂ ਆਪਣੇ ਚਿਟੇ ਦੰਦਾਂ ਚੋਂ ਇਕ ਮੁਸਕਾਣ ਸੁਟਦੀ ਅਗੇ ਲੰਘ ਗਈ। ਜਦੋਂ ਮੈਂ ਘਰ ਪਹੁੰਚਿਆ ਤਾਂ ਓਸ ਸਾਡੇ ਘਰੋਂ ਦੋ ਘੜੇ ਸਿਰ ਤੇ ਚੁਕੇ ਤੇ ਦੋਵੇਂ ਖੂਹ ਤੋਂ ਭਰ ਕੇ ਸਾਡੇ ਘਰ ਲੈ ਆਂਦੇ ਤੇ ਉਪਰਲਾ ਘੜਾ ਉਹਦੇ ਸਿਰ ਤੋਂ ਲੁਹਾਉਣ ਲਈ ਮੈਨੂੰ ਉਹਦੀ ਮਦਦ ਕਰਨੀ ਪਈ ਪਰ ਕਈ ਜੱਟੀਆਂ ਇਕ ਇਕ ਕਰ ਕੇ ਬਗੈਰ ਮਦਦ ਦੇ ਦੋਵੇਂ ਭਰੇ ਘੜੇ ਸਿਰਾਂ ਤੋਂ ਲਾਹ ਲੈਂਦੀਆਂ ਸਨ। ਓਸ ਦਿਨ ਮਹਿਕ ਨੇ ਸਾਡੇ ਸਾਰੇ ਘੜੇ ਖੂਹ ਤੋਂ ਭਰ ਕੇ ਲੈ ਆਂਦੇ। ਸਿਰ ਤੇ ਦੋ ਦੋ ਤੌੜੇ ਰਖ ਕੇ ਸਾਡੇ ਘਰ ਵੀ ਪਾਣੀ ਭਰ ਜਾਣਾ ਤੇ ਆਪਣੇ ਵੀ, ਇਸ ਕੁੜੀ ਵਿਚ ਕਿੰਨੀ ਜਾਨ ਸੀ। ਦਰਵਾਜ਼ੇ ਵਾਲੀ ਥੰਮੀ ਨਾਲ ਸਿਰ ਲਾ ਕੇ ਪੜ੍ਹਨਾ ਮੈਂ ਛਡ ਦਿਤਾ ਤੇ ਗਰਮੀ ਵਿਚ ਕੋਠੇ ਅੰਦਰ ਬੈਠ ਕੇ ਹੀ ਪੜ੍ਹਨ ਦੀ ਕੋਸ਼ਿਸ਼ ਕਰਦਾ। ਇਕ ਦਿਨ ਮੈਂ ਮਹਿਸੂਸ ਕੀਤਾ ਕਿ ਦੋਹਾਂ ਘਰਾਂ ਦੀ ਸਾਂਝੀ ਕੰਧ ਵਿਚ ਮਹਿਕ ਦੇ ਘਰ ਵਾਲੇ ਪਾਸਿਓਂ ਰੁਕ ਰੁਕ ਕੇ ਕੰਧ ਤੇ ਖੜਕੇ ਦੀ ਆਵਾਜ਼ ਆ ਰਹੀ ਸੀ। ਮੈਂ ਧਿਆਨ ਨਾਲ ਕੰਧ ਨਾਲ ਕੰਨ ਲਾ ਕੇ ਸੁਣਿਆ ਤੇ ਜਦੋਂ ਓਸ ਪਾਸੇ ਤੋਂ ਕੰਧ ਤੇ ਖੜਕੇ ਦੀ ਆਵਾਜ਼ ਰੁਕ ਜਾਂਦੀ ਤਾਂ ਏਧਰੋਂ ਮੈਂ ਕੰਧ ਖੜਕਾਉਣ ਲਗ ਜਾਂਦਾ। ਜਦੋਂ ਮੈਂ ਰੁਕ ਜਾਂਦਾ ਤਾਂ ਓਸ ਪਾਸੇ ਤੋਂ ਖੜਕੇ ਦੀ ਆਵਾਜ਼ ਆਉਣ ਲਗ ਪੈਂਦੀ। ਕਈ ਵਾਰ ਉਹ ਵਿਹੜੇ ਦੀ ਸਾਂਝੀ ਕੰਧ ਵਿਚ ਕਢੀ ਬਾਰੀ ਕੋਲ ਆ ਕੇ ਖਲੋ ਜਾਂਦੀ। ਮੈਂ ਵੀ ਹੌਸਲਾ ਕਰ ਕੇ ਓਥੇ ਜਾ ਖਲੋਂਦਾ। ਮੈਨੂੰ ਵੇਖ ਕੇ ਉਹ ਨੀਵੀਂ ਪਾ ਲੈਂਦੀ ਤੇ ਮੂੰਹ ਵਿਚੋਂ ਕੋਈ ਸ਼ਬਦ ਨਾ ਬੋਲਦੀ। ਕੰਧ ਤੇ ਖੜਕਾ ਕਰਨ ਤੇ ਬਾਰੀ ਵਿਚ ਇਕ ਦੂਜੇ ਸਾਹਮਣੇ ਖਲੋ ਕੇ ਇਕ ਦੂਜੇ ਨੂੰ ਵੇਖਣ ਦਾ ਇਹ ਸਿਲਸਿਲਾ ਕਾਫੀ ਦੇਰ ਚਲਦਾ ਰਿਹਾ ਪਰ ਸਾਡੇ ਕਦੇ ਵੀ ਬੋਲ ਸਾਂਝੇ ਨਾ ਹੋਏ। ਜਦ ਕਦੀ ਬਾਹਰ ਖੇਤਾਂ ਵੱਲ ਜਾਂਦਿਆਂ ਜਾਂ ਛਪੜ ਵਿਚੋਂ ਮਝਾਂ ਨੁਹਾਣ ਜਾਂਦਿਆਂ ਉਹਦੀਆਂ ਸਹੇਲੀਆਂ ਦਾ ਝੁੰਡ ਮੈਨੂੰ ਮਿਲ ਜਾਂਦਾ ਤਾਂ ਉਹ ਖਾਸ ਕਰ ਜਿਹੜੀਆਂ ਵਿਆਹੀਆਂ ਹੋਈਆਂ ਸਨ, ਉਹਦਾ ਨਾਂ ਲੈ ਕੇ ਉਹ ਮੈਨੂੰ ਛੇੜਦੀਆਂ। ਮੈਂ ਉਹਨਾਂ ਤੋਂ ਘਬਰਾ ਕੇ ਬਚਣ ਦੀ ਕੋਸ਼ਿਸ਼ ਕਰਦਾ। ਗੁਡੀ ਗੁਡੇ ਦੇ ਵਿਆਹ ਵਾਲੀ ਘਟਨਾ ਦਾ ਪਿੰਡ ਵਿਚ ਪਤਾ ਲਗ ਗਿਆ ਸੀ। ਹੁਣ ਤਾਂ ਪਿੰਡ ਦੇ ਕਈ ਚੋਬਰ ਵੀ ਮੈਨੂੰ ਉਹਦਾ ਨਾਂ ਲੈ ਲੈ ਕੇ ਛੇੜਦੇ। ਫਿਰ ਇਕ ਦਿਨ ਕੀ ਹੋਇਆ ਕਿ ਦੋਹਾਂ ਘਰਾਂ ਵਿਚਾਲੇ ਜੋ ਖਾਲੀ ਬਾਰੀ ਸੀ, ਚੰਨਣ ਸਿੰਘ ਨੇ ਕੱਚੀਆਂ ਇਟਾਂ ਦੀ ਕੰਧ ਕਢ ਕੇ ਸਿਰੇ ਤਕ ਪੂਰ

ਦਿਤੀ। ਹੁਣ ਇਸ ਥਾਂ ਤੋਂ ਹੁਣ ਇਕ ਦੂਜੇ ਨੂੰ ਵੇਖਿਆ ਨਹੀਂ ਜਾ ਸਕਦਾ ਸੀ। ਮੰਜੇ ਤੇ ਚੜ੍ਹ ਕੇ ਹੀ ਦੂਜੇ ਪਾਸੇ ਝਾਤੀ ਮਾਰੀ ਜਾ ਸਕਦੀ ਸੀ। ਜਦ ਮੇਰੀ ਮਾਂ ਨੇ ਮਹਿਕ ਦੀ ਮਾਂ ਕੋਲ ਬਾਰੀ ਬੰਦ ਕਰਨ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗੀ ਕਿ ਮਹਿਕ ਦਾ ਪਿਓ ਕਹਿੰਦਾ ਸੀ ਕਿ ਕੁੜੀ ਹੁਣ ਜਵਾਨ ਹੋ ਗਈ ਹੈ ਤੇ ਪਰਦਾ ਕਰਨਾ ਠੀਕ ਹੈ। ਹੁਣ ਸਿਵਾਏ ਕੰਧ ਵਿਚ ਖੜਕਾ ਕਰ ਕੇ ਇਕ ਦੂਜੇ ਦਾ ਹਾਲ ਚਾਲ ਪੁਛਣ ਤੋਂ ਸਿਵਾ ਸੰਚਾਰ ਦਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ ਸੀ ਜਾਂ ਕਦੀ ਕਦੀ ਦਰਵਾਜ਼ੇ ਵਿਚ ਲੰਘਦਿਆਂ ਟਪਦਿਆਂ ਟਾਕਰਾ ਹੋ ਜਾਂਦਾ। ਉਹ ਕੁਝ ਪਲਾਂ ਲਈ ਰੁਕ ਜਾਂਦੀ ਤੇ ਮੁਸਕਰਾ ਕੇ ਅਖਾਂ ਨੀਵੀਆਂ ਕਰ ਲੈਂਦੀ। ਹਾਲੇ ਤਕ ਅਸੀਂ ਜ਼ਬਾਨ ਸਾਂਝੀ ਨਹੀਂ ਕੀਤੀ ਸੀ।

ਗਰਮੀਆਂ ਦੀਆਂ ਛੁਟੀਆਂ ਖਤਮ ਹੋਣ ਵਾਲੀਆਂ ਸਨ ਤੇ ਮੇਰਾ ਸਕੂਲ ਨੂੰ ਵਾਪਸ ਜਾਣ ਦਾ ਸਮਾਂ ਨੇੜੇ ਆ ਰਿਹਾ ਸੀ। ਮੈਂ ਆਨੇ ਬਹਾਨੇ ਦਰਵਾਜ਼ੇ ਵਿਚ ਜਾ ਕੇ ਉਹਦੇ ਘਰ ਵਲ ਦੇ ਦਰਵਾਜ਼ੇ ਵੱਲ ਵੇਖਦਾ ਤਾਂ ਕਈ ਵਾਰ ਉਹ ਦਰਵਾਜ਼ੇ ਦੀਆਂ ਝੀਤਾਂ ਵਿਚੋਂ ਮੇਰੇ ਵੱਲ ਵਿੰਹਦੀ ਦਿਸ ਜਾਂਦੀ ਤੇ ਮੁਸਕਰਾ ਕੇ ਨੀਵੀਂ ਪਾ ਲੈਂਦੀ। ਜਿਸ ਦਿਨ ਮੈਂ ਸਕੂਲ ਜਾਣ ਲਈ ਤੁਰਿਆ ਤਾਂ ਉਹ ਆਪਣੇ ਘਰ ਵਾਲੇ ਪਾਸਿਓਂ ਮੇਰੇ ਵੱਲ ਵੇਖ ਰਹੀ ਸੀ। ਵਡੇ ਦਰਵਾਜ਼ੇ ਕੋਲ ਜਾ ਜਦ ਮੈਂ ਪਿਛੇ ਮੁੜ ਕੇ ਵੇਖਿਆ ਤਾਂ ਉਹਦੀਆਂ ਉਦਾਸ ਅਖਾਂ ਮੇਰੀ ਪਿੱਠ ਵੱਲ ਵੇਖ ਰਹੀਆਂ ਸਨ ਜਿਨ੍ਹਾਂ ਵਿਚ ਅਥਰੂ ਸਨ। ਜਦੋਂ ਮਾਂ ਮੇਰਾ ਸਿਰ ਪਲੋਸ ਕੇ ਪਿਛੇ ਮੁੜ ਗਈ ਤਾਂ ਉਹ ਬਿਜਲੀ ਦੀ ਤੇਜ਼ੀ ਨਾਲ ਆਈ ਤੇ ਕਪੜੇ ਵਿਚ ਵਲੇਟਿਆ ਇਕ ਕੁੱਜਾ ਫੜਾ ਬਿਨਾਂ ਕੋਈ ਬੋਲ ਸਾਂਝਾ ਕੀਤਿਆਂ ਓਸੇ ਵੇਲੇ ਮੁੜ ਗਈ।

ਮੈਂ ਰੇਤੇ ਦੇ ਟਿੱਬਿਆਂ ਵਿਚੋਂ ਸ਼ੇਰ ਗੜ੍ਹ ਸਟੇਸ਼ਨ ਨੂੰ ਜਾ ਰਿਹਾ ਸਾਂ ਪਰ ਮੈਨੂੰ ਲੱਗ ਰਿਹਾ ਸੀ ਕਿ ਅਜੇ ਵੀ ਦੋ ਅਖਾਂ ਮੇਰਾ ਪਿਛਾ ਕਰ ਰਹੀਆਂ ਸਨ ਤੇ ਮੇਰੀ ਕੰਡ ਵਿਚ ਖੁਭ ਗਈਆਂ ਸਨ। ਉਹਦੀਆਂ ਉਂਗਲਾਂ ਦੇ ਪੋਟੇ ਜਿਨ੍ਹਾਂ ਮੇਰੇ ਸਿਰ ਦੇ ਵਾਲਾਂ ਵਿਚੋਂ ਰੇਤ ਕਢੀ ਸੀ, ਦੀ ਛਾਪ ਮੇਰੇ ਸਿਰ ਵਿਚ ਮਹਿਸੂਸ ਹੋ ਰਹੀ ਸੀ। ਟੋਂਹਦਾ ਸਾਂ ਤਾਂ ਓਥੇ ਕੁਝ ਨਹੀਂ ਦਿਸਦਾ ਸੀ ਪਰ ਹਥ ਪਰ੍ਹਾਂ ਕਰਦਿਆਂ ਹੀ ਉਂਗਲਾਂ ਦੇ ਪੋਟਿਆਂ ਦੀ ਛਾਪ ਫਿਰ ਮਹਿਸੂਸ ਹੋਣ ਲਗ ਪੈਂਦੀ ਸੀ। ਕੱਕੇ ਰੇਤੇ ਦੇ ਜ਼ੱਰੇ ਜ਼ੱਰੇ ਵਿਚੋਂ ਸੋਨੇ ਦੇ ਕਿਣਕਿਆਂ ਦੀ ਭਾਅ ਵਿਖਾਈ ਦੇ ਰਹੀ ਸੀ। ਵਗਦੀ ਹਨੇਰੀ ਵਿਚੋਂ ਉਹਦੇ ਸਾਹ ਸੁਣ ਰਹੇ ਸਨ। ਹੋਸਟਲ ਆ ਕੇ ਵੇਖਿਆ ਤਾਂ ਚੋਂਦੇ ਘਿਓ ਦੀ ਚੂਰੀ ਨਾਲ ਕੁੱਜਾ ਨਕੋ ਨੱਕ ਭਰਿਆ ਹੋਇਆ ਸੀ। ਮੇਰੀ ਦਸਵੀਂ ਦੀ ਪੜ੍ਹਾਈ ਪੂਰੇ ਜ਼ੋਰਾਂ ਤੇ ਸੀ ਤੇ ਹੁਣ ਮੇਰਾ ਪੜ੍ਹਾਈ ਵਿਚ ਦਿਲ ਨਾ ਲਗਦਾ। ਕਿਤਾਬ ਦਾ ਵਰਕਾ ਫਰੋਲਦਾ ਤਾਂ ਕਿਤਾਬ ਦੇ ਸਫਿਆਂ ਵਿਚੋਂ ਉਹਦੀ ਤਸਵੀਰ ਸਾਹਮਣੇ ਦਿਸਦੀ। ਪੜ੍ਹਦਾ ਤਾਂ ਕੁਝ ਪੱਲੇ ਨਾ ਪੈਂਦਾ। ਜੀ ਕਰਦਾ ਕਿ ਛੇਤੀ ਪਿੰਡ ਜਾਵਾਂ ਤਾਂ ਉਹਨੂੰ ਜੀ ਭਰ ਕੇ ਵੇਖਾਂ। ਇਕ ਦਿਨ ਮੁੰਡਿਆਂ ਨਾਲ ਫਿਲਮ ਮੇਲਾ ਵੇਖਣ ਗਿਆ ਤਾਂ ਮੈਨੂੰ ਲੱਗਾ ਕਿ ਮਹਿਕ ਤਾਂ ਇਸ ਫਿਲਮ ਦੀ ਹੀਰੋਇਨ ਨਰਗਿਸ ਨਾਲੋਂ ਕਿਤੇ ਵਧ ਸੁਹਣੀ ਸੀ। ਜਿਸ ਦਿਨ ਦਾ ਉਹਨੂੰ ਵਹੁਟੀ ਵਾਲੇ ਲਿਬਾਸ ਵਿਚ ਵੇਖਿਆ ਸੀ, ਉਹ ਮਨ ਤੇ ਅਖਾਂ ਵਿਚ ਐਨਾ ਜ਼ਿਆਦਾ ਖੁਭ ਗਿਆ ਸੀ ਕਿ ਅਖਾਂ ਹੁਣ ਕੁਝ ਹੋਰ ਵੇਖਣ ਨੂੰ ਤਿਆਰ ਹੀ ਨਹੀਂ ਸਨ।

ਅਗਲੀ ਵਾਰ ਜਦ ਮੈਂ ਪਿੰਡ ਗਿਆ ਤਾਂ ਮਾਂ ਦੱਸਣ ਲੱਗੀ ਕਿ ਮਹਿਕ ਆਈ ਸੀ ਤੇ ਮੇਰੇ ਪੈਰ ਫੜ ਕੇ ਕਹਿਣ ਲਗੀ ਕਿ ਮੈਨੂੰ ਆਪਣੀ ਨੋਂਹ ਬਣਾ ਲੈ, ਸਾਰੀ ਉਮਰ ਤੇਰੀ ਸੇਵਾ ਕਰੂੰਗੀ ਤੇ ਪੈਰ ਧੋ ਧੋ ਕੇ ਪੀਆ ਕਰੂੰਗੀ-----। ਮੈਂ ਮਾਂ ਦੀ ਗੱਲ ਸੁਣ ਕੇ ਚੁੱਪ ਰਿਹਾ ਤੇ ਚੂਰੀ ਵਾਲਾ ਖਾਲੀ ਕੁੱਜਾ ਚੌਂਕੇ ਚੁਲ੍ਹੇ ਦੇ ਹਾਰੇ ਵਿਚ ਰਖ ਦਿਤਾ। ਉਹ ਬਿਜਲੀ ਵਾਂਗ ਆਈ, ਮੇਰੇ ਵੱਲ ਇਕ ਨਿਗ੍ਹਾ ਭਰ ਕੇ ਵੇਖਿਆ, ਨਾਜ਼ਕ ਬੁਲ੍ਹਾਂ ਤੇ ਮੁਸਕਾਣ ਆਈ ਤੇ ਅਖਾਂ ਨੀਵੀਆਂ। ਫੁਰਤੀ ਨਾਲ ਚੂਰੀ ਵਾਲਾ ਖਾਲੀ ਕੁੱਜਾ ਬੁਕਲ ਵਿਚ ਲੁਕਾ ਕੇ ਲੈ ਗਈ।

**ਕੱਚ ਦੀਆਂ ਚੂੜੀਆਂ**

1949 ਦੀ ਆਂ ਗਰਮੀਆਂ ਅਜੇ ਪੂਰੀ ਤਰ੍ਹਾਂ ਖਤਮ ਨਹੀਂ ਸਨ ਹੋਈਆਂ। ਹੁਣ ਮੈਂ ਲਗ ਭਗ ਹਰ ਸਚਿਰਵਾਰ ਹੀ ਪਿੰਡ ਆ ਜਾਂਦਾ। ਰਾਤ ਨੂੰ ਵੱਟ ਲਗਦਾ ਤੇ ਮਛਰ ਲੜਦਾ। ਮੈਂ ਆਪਣਾ ਮੰਜਾ ਕੋਠੇ ਦੀ ਛੱਤ ਤੇ ਚੜ੍ਹਾ ਲਿਆ ਤੇ ਸ਼ਾਮੀਂ ਓਥੇ ਬੈਠ ਕੇ ਪੜ੍ਹਦਾ ਤੇ ਰਾਤ ਨੂੰ ਓਥੇ ਹੀ ਸੌਂ ਜਾਂਦਾ। ਛੱਤ ਤੋਂ ਨਾਲ ਦੇ ਘਰ ਕਈ ਵਾਰ ਤੁਰੀ ਫਿਰਦੀ ਮਹਿਕ ਵੀ ਦਿਸ ਪੈਂਦੀ। ਕਿਸੇ ਵੇਲੇ ਦਰਵਾਜ਼ੇ ਚੋਂ ਲੰਘਦਿਆਂ, ਖੂਹ ਤੋਂ ਪਾਣੀ ਭਰਦਿਆਂ ਜਾਂ ਛਪੜ ਤੇ ਪਸੂਆਂ ਨੂੰ ਪਾਣੀ ਪਿਆਉਣ ਗਿਆਂ ਟਾਕਰਾ ਹੋ ਜਾਂਦਾ। ਦਰਵਾਜ਼ੇ ਵਿਚ ਬੈਠ ਕੇ ਫੁਲਕਾਰੀਆਂ ਕਢਣ ਲਈ ਬੈਠਣਾ ਹੁਣ ਬੰਦ ਹੋ ਚੁਕਾ ਸੀ। ਤੀਆਂ ਦੇ ਦਿਨ ਕਟ ਕੇ ਪੇਕੇ ਆਈਆਂ ਵਿਆਹਦੜਾਂ ਵਾਪਸ ਸਹੁਰੀਂ ਮੁੜ ਹਈਆਂ ਸਨ। ਬਾਕੀ ਦੀਆਂ ਆਪਣੀਆਂ ਸਹੇਲੀਆਂ ਨਾਲ ਜਦ ਕਦੀ ਉਹ ਬਾਹਰ ਅੰਦਰ ਗਈ ਦਿਸ ਪੈਂਦੀ ਤਾਂ ਉਸਦੀਆਂ ਸਹੇਲੀਆਂ ਉਹਦਾ ਨਾਂ ਲੈ ਕੇ ਮੈਨੂੰ ਮਖੌਲ ਕਰਨੋ ਨਾ ਟਲਦੀਆਂ। ਨੀ ਆਹ ਜਾਂਦਾ ਮਹਿਕ ਦਾ---ਫੜ ਲਾ ਇਹਦੀ ਬਾਂਹ ਤੇ ਲਾ ਲਾ ਹਿਕ ਨਾਲ। ਮੇਰੀ ਉਮਰ ਅਜੇ ਮਹਿਕਾਂ ਮਾਨਣ ਦੀ ਨਹੀਂ ਸੀ ਤੇ ਮੈਂ

ਪੂਰੀ ਤਰ੍ਹਾਂ ਉਹਨਾਂ ਦੇ ਸਮੇਂ ਦਾ ਹਾਣੀ ਨਹੀਂ ਸਾਂ। ਉਮਰ ਨਿਮਾਣੀ ਤੇ ਗੱਲਾਂ ਵਡੀਆਂ ਸਨ। ਮਾਲਵੇ ਵਿਚ ਜਿਨ੍ਹਾਂ ਕੁੜੀਆਂ ਮੁੰਡਿਆਂ ਦੇ ਵਿਆਹ ਹੋਣੇ ਹੁੰਦੇ ਸਨ, ਉਹ ਛੋਟੀ ਉਮਰੇ ਹੀ ਹੋ ਜਾਂਦੇ ਸਨ ਤੇ ਜਿਹੜੇ ਅਣ-ਦਾਹੜੀਏ ਮੁੰਡੇ ਵਿਆਹ ਦੀ ਰੇਖਾ ਤੋਂ ਅਗੇ ਲੰਘ ਜਾਂਦੇ, ਉਹ ਛੜਿਆਂ ਦੀ ਢਾਣੀ ਵਿਚ ਜਾ ਵੜਦੇ ਸਨ ਤੇ ਨਸ਼ੇ ਪਤਿਆਂ ਵਿਚ ਲਗ ਜਾਂਦੇ ਸਨ। ਕਈ ਵਾਰ ਇਹਨਾਂ ਛੜਿਆਂ ਨਾਲ ਮੈਂ ਆਪਣੀ ਮਝ ਤੇ ਗਊ ਚਾਰਨ ਜਾਂਦਾ। ਮਝ ਚਰ ਰਹੀ ਹੁੰਦੀ ਤੇ ਮੈਂ ਮਝ ਉਤੇ ਬੈਠ ਕੇ ਕਿਤਾਬ ਪੜ੍ਹਦਾ ਰਹਿੰਦਾ। ਛੜੇ ਮੇਰੀ ਇਸ ਗੱਲ ਦਾ ਬੜਾ ਰੁਅਬ ਮੰਨਦੇ ਕਿ ਇਕ ਤਾਂ ਮੈਨੂੰ ਪੜ੍ਹਨਾ ਆਉਂਦਾ ਸੀ ਦੂਜੇ ਮੈਂ ਬਹੁਤ ਸੁਹਣਾ ਸਾਂ ਤੇ ਮੇਰੇ ਤੇ ਜਵਾਨੀ ਚੜ੍ਹ ਰਹੀ ਸੀ। ਕਦੀ ਉਹ ਜਾਨੀ ਚੋਰ ਦਾ ਕਿੱਸਾ ਜਾਂ ਹੀਰ ਦਾ ਕਿੱਸਾ ਜਾਂ ਭਾਨੀ ਮਾਰਾਂ ਦੀ ਕਰਤੂਤ ਦਾ ਕਿੱਸਾ ਲੈ ਆਉਂਦੇ ਤੇ ਮੈਨੂੰ ਉਚੀ ਉਚੀ ਪੜ੍ਹ ਕੇ ਸੁਨਾਉਣ ਲਈ ਕਹਿੰਦੇ। ਕਦੀ ਕਦੀ ਉਹ ਮੈਨੂੰ ਪਿੰਡ ਦੀ ਕਿਸੇ ਕੁੜੀ ਨੂੰ ਭੇਜਣ ਲਈ ਰੁੱਕਾ ਲਿਖਣ ਲਈ ਆਖਦੇ ਪਰ ਇਹ ਜਾਣ ਕੇ ਕਿ ਕੁੜੀ ਨੂੰ ਕਿਹੜਾ ਪੜ੍ਹਨਾ ਆਉਂਦਾ ਸੀ, ਰੁੱਕਾ ਪਾੜ ਦੇਂਦੇ। ਪਰ ਮੈਂ ਐਨਾ ਸਮਝਣ ਲਗ ਪਿਆ ਸਾਂ ਕਿ ਇਹਨਾਂ ਦੇ ਦਿਲਾਂ ਵਿਚ ਕੀ ਸੀ।

ਇਕ ਕਾਲੀ ਬੋਲੀ ਰਾਤ ਨੂੰ ਮੈਂ ਕੋਠੇ ਦੀ ਛਤ ਤੇ ਘੂਕ ਸੁਤਾ ਪਿਆ ਸਾਂ। ਲਗਦਾ ਸੀ ਕਿ ਰਾਤ ਅਧੀ ਲੰਘ ਚੁਕੀ ਸੀ। ਮੈਨੂੰ ਮਹਿਸੂਸ ਹੋਇਆ ਕਿ ਕੋਈ ਮੇਰੇ ਸਿਰ ਦੇ ਵਾਲਾਂ ਵਿਚ ਪੋਲੀਆਂ ਪੋਲੀਆਂ ਉਂਗਲਾਂ ਫੇਰ ਰਿਹਾ ਸੀ ਤੇ ਉਸ ਨੇ ਆਪਣਾ ਪੂਰਾ ਮੂੰਹ ਸਿਰ ਲਪੇਟਿਆ ਹੋਇਆ ਸੀ। ਡਰ ਨਾਲ ਮੇਰੀ ਜਾਗ ਖੁਲ੍ਹ ਗਈ। ਹੋਸ਼ ਜਵਾਬ ਦਿੰਦੀ ਜਾ ਰਹੀ ਸੀ। ਇਹ ਤਾਂ ਕੋਈ ਜਨਾਨਾ ਸਰੀਰ ਸੀ ਤੇ ਸਮਝਣ ਵਿਚ ਦੇਰ ਨਾ ਲੱਗੀ ਕਿ ਇਹ ਤਾਂ ਮਹਿਕ ਸੀ ਜੋ ਗੂੜ੍ਹੇ ਹਨੇਰੇ ਚੋਂ ਆਪਣੇ ਕੋਠੇ ਦੀ ਛੱਤ ਤੋਂ ਸਾਡੇ ਕੋਠੇ ਦੀ ਛੱਤ ਤੇ ਆ ਗਈ ਸੀ। ਮੈਂ ਹਨੇਰੇ ਵਿਚ ਹੀ ਉਹਦੇ ਅਗੇ ਹਥ ਜੋੜ ਦਿਤੇ ਤੇ ਬਹੁਤ ਦਬੀ ਜ਼ਬਾਨ ਵਿਚ ਉਹਨੂੰ ਚਲੀ ਜਾਣ ਲਈ ਕਿਹਾ ਪਰ ਉਹ ਜਾ ਨਹੀਂ ਰਹੀ ਸੀ। ਉਹ ਜਾ ਨਹੀਂ ਰਹੀ ਸੀ ਪਰ ਹਨੇਰੇ ਦੇ ਨਕਸ਼ਾਂ ਵਿਚ ਮੈਂ ਉਹਨੂੰ ਜਾਣ ਲਈ ਮਜਬੂਰ ਕਰ ਦਿਤਾ ਤੇ ਹਨੇਰੇ ਵਿਚ ਹੀ ਇਕ ਸਾਇਆ ਮੈਂ ਨਾਲ ਦੇ ਕੋਠੇ ਵਲ ਹੌਲੀ ਹੌਲੀ ਜਾਂਦਾ ਵੇਖ ਰਿਹਾ ਸਾਂ। ਰਾਤ ਭਾਵੇਂ ਲੰਘ ਗਈ ਪਰ ਲੰਮਾ ਸਮਾਂ ਮੈਨੂੰ ਇਹ ਸਮਝ ਨਾ ਆਈ ਕਿ ਇਹ ਸਪਨਾ ਸੀ ਜਾਂ ਅਸਲੀਅਤ।

ਮਹਿਤੇ ਵਾਲੀ ਬਰਾਨੀ ਜ਼ਮੀਨ ਤੋਂ ਆਮਦਨ ਨਾ ਹੋਣ ਕਾਰਨ ਕੜਾਕਾ ਸਿੰਘ ਨੇ ਬਾਪੂ ਨੂੰ ਬਾਜ਼ਾਰ ਲੌਣ ਦੀ ਸਲਾਹ ਦਿਤੀ ਅਤੇ ਦਿੱਲੀਓਂ ਜਾ ਕੇ ਬਾਜ਼ਾਰ ਲਾਉਣ ਦਾ ਸਾਮਾਨ ਲੈ ਦਿਤਾ। ਮਾਲਵੇ ਵਿਚ ਬਾਜ਼ਾਰ ਲਾਉਣ ਦਾ ਮਤਲਬ ਪਿੰਡੋਂ ਪਿੰਡ ਜਾ ਮੁਨਿਆਰੀ ਦਾ ਸਾਮਾਨ ਵੇਚਣਾ ਸੀ ਜਿਸ ਵਿਚ ਮਲਵੈਣਾਂ ਕੱਚ ਦੀਆਂ ਚੂੜੀਆਂ ਬੜੇ ਚਾਅ ਨਾਲ ਚੜ੍ਹਾਉਂਦੀਆਂ ਸਨ। ਮੈਂ ਤੇ ਬਾਪੂ ਇਕ ਖੋਤੀ ਤੇਰਖੀ ਲਕੜ ਦੀ ਵਹਿਣੀ ਦੇ ਦੋਵੀਂ ਪਾਸੀਂ ਮੁਨਿਆਰੀ ਦਾ ਸਾਮਾਨ ਰਖ ਕੇ ਮਹਿਤੇ ਦੇ ਲਾਗਲੇ ਪਿੰਡਾਂ ਜਿਵੇਂ ਗਹਿਰੀ ਭਾਗੀ, ਗਹਿਰੀ ਬੁਟਰ, ਸਹਿਣੇ ਵਾਲ ਆਦਿ ਵਿਚ ਲੈ ਜਾਂਦੇ ਤੇ ਜਿਥੇ ਖੂਹ ਹੁੰਦਾ, ਉਹਦੇ ਲਾਗੇ ਖੇਸ ਤੇ ਚਾਦਰ ਵਿਛਾ ਕੇ ਚੂੜੀਆਂ ਤੇ ਹੋਰ ਸਾਮਾਨ ਲਾ ਦਿੰਦੇ। ਪਾਣੀ ਭਰਨ ਆਈਆਂ ਹਰ ਉਮਰ ਦੀਆਂ ਮਲਵੈਣਾਂ ਚੂੜੀਆਂ ਚੜ੍ਹਾਉਣ ਲਈ ਟੁੱਟ ਕੇ ਪੈ ਜਾਂਦੀਆਂ ਤੇ ਉਹਨਾਂ ਦੀ ਜ਼ਿਦ ਹੁੰਦੀ ਕਿ ਭੀੜੀ ਤੋਂ ਭੀੜੀ ਚੂੜੀ ਜਾਂ ਵੰਗ ਚੜ੍ਹਾਈ ਜਾਵੇ। ਕਈ ਵਾਰ ਵੰਗਾਂ ਚੜ੍ਹਾਉਂਦਿਆਂ ਵੰਗਾਂ ਟੁੱਟ ਜਾਂਦੀਆਂ ਜਾਂ ਮਾਸ ਵਿਚ ਖੁਭ ਜਾਂਦੀਆਂ ਤਾਂ ਓਥੋਂ ਲਹੂ ਨਿਕਲਣ ਲੱਗ ਪੈਂਦਾ। ਪਰ ਫਿਰ ਉਹਨਾਂ ਦੀ ਜ਼ਿਦ ਭੀੜੀਆਂ ਵੰਗਾਂ ਚੜ੍ਹਾਣ ਦੀ ਹੁੰਦੀ। ਕਈ ਵਾਰ ਚੂੜੀ ਅਧ ਵਿਚ ਅੜ ਜਾਂਦੀ ਤੇ ਨਾ ਅਗੇ ਤੁਰਦੀ ਤੇ ਨਾ ਪਿਛੇ। ਇਹਨਾਂ ਔਰਤਾਂ ਵਿਚ ਜੋ ਬਹੂਆਂ ਹੁੰਦੀਆਂ, ਸਲਵਾਰਾਂ ਉਤੋਂ ਦੀ ਵਡੇ ਵਡੇ ਘਗਰੇ ਤੇ ਸਿਰ ਤੇ ਸੱਗੀ ਫੁੱਲ ਪਾ ਕੇ ਆਉਂਦੀਆਂ। ਬਾਕੀ ਪਿੰਡ ਦੀਆਂ ਕੁੜੀਆਂ ਦਾ ਲਿਬਾਸ ਸਾਦਾ ਹੁੰਦਾ। ਕਈਆਂ ਤੇ ਜਵਾਨੀ ਦੇ ਨਕਸ਼ ਉਭਰਨੇ ਸ਼ੁਰੂ ਹੋ ਰਹੇ ਹੁੰਦੇ। ਪਿੰਡਾਂ ਦੇ ਚੋਬਰ ਖੂਹਾਂ ਤੋਂ ਪਾਣੀ ਭਰਨ ਆਈਆਂ ਇਹਨਾਂ ਔਰਤਾਂ ਦੇ ਹੁਸਨ ਦਾ ਝਲਕਾਰਾ ਲੈਣ ਲਈ ਖੁੰਢਾਂ ਤੇ ਬੈਠੇ ਮੁਛਾਂ ਨੂੰ ਤਾਅ ਦਿੰਦੇ ਤੇ ਕਤਰੀਆਂ ਦਾਹੜੀਆਂ ਵਿਚ ਹਥ ਫੇਰਦੇ। ਕਈ ਸਾਡੇ ਲਗੇ ਬਾਜ਼ਾਰ ਦੇ ਪਿਛੇ ਆ ਕੇ ਖਲੋ ਜਾਂਦੇ ਤੇ ਬਾਪੂ ਉਹਨਾਂ ਨੂੰ ਘੂਰਦਾ ਤੇ ਚਲੇ ਜਾਣ ਲਈ ਕਹਿੰਦਾ ਪਰ ਕਈ ਉਹ ਅਗੋਂ ਲੜਨ ਨੂੰ ਪੈਂਦੇ ਤੇ ਬਾਜ਼ਾਰ ਚੁਕਵਾ ਦੇਣ ਦੀ ਧਮਕੀ ਦਿੰਦੇ। ਵਡੀ ਉਮਰ ਦੀਆਂ ਜਨਾਨੀਆਂ ਦੇ ਬਾਪੂ ਵੰਗਾਂ ਚੜ੍ਹਾਉਂਦਾ ਤੇ ਛੋਟੀ ਉਮਰ ਦੀਆਂ ਕੁੜੀਆਂ ਦੇ ਹਥਾਂ ਤੇ ਵੰਗਾਂ ਚੜ੍ਹਾਉਣ ਦਾ ਕੰਮ ਮੈਂ ਹੌਲੀ ਹੌਲੀ ਸਿੱਖ ਲਿਆ। ਇਸ ਵਪਾਰ ਵਿਚ ਭੀੜੀ ਵੰਗ ਚੜ੍ਹਾਉਣ ਲਗਿਆਂ ਅਕਸਰ ਕੁੜੀਆਂ ਗੁੱਟ ਤੇ ਪੀੜ ਹੋਣ ਦੀ ਸ਼ਕਾਇਤ ਕਰਦੀਆਂ ਤੇ ਕਈ ਵਾਰ ਅਧ ਵਿਚ ਫਸੀ ਚੂੜੀ ਤੋੜਨੀ ਵੀ ਪੈਂਦੀ। ਹਥ ਦੇ ਮਾਸ ਨੂੰ ਬਥੇਰਾ ਮਲ ਮਲ ਕੇ ਤੇ ਪੋਲਾ ਕਰ ਕਰ ਕੇ ਚੂੜੀ ਅਗੇ ਜਾਂ ਪਿਛੇ ਕਰਨ ਦੀ ਕੋਸ਼ਿਸ਼ ਕਰਨੀ ਪਰ ਟੁੱਟ ਜਾਣ ਤੇ ਹਥ ਵਿਚੋਂ ਲਹੂ ਵਗਣ ਲਗ ਪੈਣਾ। ਟੁੱਟੀ ਵੰਗ ਦੇ ਪੈਸੇ ਨਾ ਦਿੰਦੀਆਂ ਕਿਓਂਕਿ ਟੁੱਟੀਆਂ ਚੂੜੀਆਂ ਵੇਚਣ ਵਾਲੇ ਦੀਆਂ ਤੇ ਚੜ੍ਹ ਗਈਆਂ ਦੇ ਪੈਸੇ ਮਿਲ ਜਾਂਦੇ।

ਭਾਵੇਂ ਇਸ ਕੰਮ ਵਿਚ ਪੈਸੇ ਤਾਂ ਬਣ ਜਾਂਦੇ ਸਨ ਪਰ ਮੈਨੂੰ ਇਹ ਕੰਮ ਕਰਨਾ ਚੰਗਾ ਨਾ ਲਗਦਾ। ਮੈਂ ਹੁਣ ਦਸਵੀਂ ਵਿਚ ਹੋ ਗਿਆ ਸਾਂ ਤੇ ਮਾਂ ਕਹਿਣ ਲਗ ਪਈ ਸੀ ਕਿ ਮੈਂ ਕੱਦ ਕਢ ਰਿਹਾ ਸਾਂ ਤੇ ਜਵਾਨ ਹੋ ਰਿਹਾ ਸਾਂ। ਮਘਰ ਵਿਚ ਚੌਦਾਂ ਸਾਲ ਪੂਰੇ ਕਰ ਕੇ ਪੰਦਰਵੇਂ ਵਿਚ ਪੈਰ ਰਖ ਲੈਣਾ ਸੀ। ਮੈਨੂੰ ਆਪਣੇ ਮਨ ਅਤੇ ਸਰੀਰ ਵਿਚ ਆ ਰਹੀ ਤਬਦੀਲੀ ਮਹਿਸੂਸ ਹੋਣ ਲਗ ਪਈ ਸੀ। ਆਪਣੇ ਹਾਣ ਦੀ ਉਮਰ ਦੀ ਕਿਸੇ ਕੁੜੀ ਦੇ ਵੰਗਾਂ ਚੜ੍ਹਾਂਦਿਆਂ ਤੇ ਉਹਦੇ ਹਥ ਤੇ ਬਾਂਹ ਤੇ ਉਂਗਲਾਂ ਫੇਰਦਿਆਂ ਮੈਨੂੰ ਇਕ ਅਜੀਬ ਜਹੀ ਝੁਣਝੁਣੀ ਤੇ ਨਸ਼ੇ ਦਾ ਅਹਿਸਾਸ ਹੁੰਦਾ ਤੇ ਇੰਜ ਮਹਿਸੂਸ ਹੁੰਦਾ ਕਿ ਮੈਂ ਰੰਗਬਰੰਗੀਆਂ ਚੂੜੀਆਂ

ਉਹਦੀਆਂ ਅਰਕਾਂ ਤਕ ਚੜ੍ਹਾਈ ਜਾਵਾਂ। ਕਈ ਕੁੜੀਆਂ ਘਰੋਂ ਮੁੜ ਕੇ ਵਾਪਸ ਆ ਜਾਂਦੀਆਂ ਤੇ ਕਹਿੰਦੀਆਂ ਕਿ ਪਾਣੀ ਦਾ ਤੌੜਾ ਸਿਰ ਤੋਂ ਲਹੁਣ ਲਗਿਆਂ ਕਈ ਵੰਗਾਂ ਟੁਟ ਗਈਆਂ ਹਨ ਤੇ ਹੋਰ ਵੰਗਾਂ ਚੜ੍ਹਾ ਦੇ। ਕਈ ਵਾਰ ਰਾਤੀਂ ਸੌਣ ਲਗਿਆਂ ਮੈਨੂੰ ਉਹਨਾਂ ਕੁੜੀਆਂ ਵਿਚੋਂ ਸੁਹਣੀਆਂ ਕੁੜੀਆਂ ਚੇਤੇ ਔਂਦੀਆਂ ਜਾਂ ਸੁਪਨੇ ਵਿਚ ਵਿਖਾਲੀ ਦੇਂਦੀਆਂ। ਮੇਰਾ ਜੀਅ ਕਰਦਾ ਕਿ ਇਕ ਵਾਰ ਫਿਰ ਓਸ ਪਿੰਡ ਬਾਜ਼ਾਰ ਲਾਉਣ ਚਲੀਏ। ਜਿਥੇ ਕਿਤੇ ਮੇਲੇ ਲਗਦੇ ਤਾਂ ਅਸੀਂ ਓਥੇ ਵੀ ਜਾ ਬਾਜ਼ਾਰ ਲੌਂਦੇ। ਜੱਸੀ ਬਾਗ ਵਾਲੀ ਜਿਥੇ ਇਤਿਹਾਸਿਕ ਗੁਰਦਵਾਰਾ ਤੇ ਤਲਾ ਸੀ, ਮਸਿਆ ਲਗਦੀ ਤੇ ਅਸੀਂ ਓਥੇ ਵੀ ਬਾਜ਼ਾਰ ਲੌਂਦੇ। ਹੋਰ ਵੀ ਕਈ ਲੋਕ ਇਹ ਕੰਮ ਕਰਦੇ ਸਨ। ਖਾਣ ਨੂੰ ਲੰਗਰ ਚੋਂ ਰੋਟੀ ਮਿਲ ਜਾਂਦੀ ਸੀ। ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਅਤੇ ਮਾਲਵੇ ਦੇ ਅਕਾਲੀ ਲੀਡਰ ਸੰਪੂਰਨ ਸਿੰਘ ਰਾਮਾਂ ਨੂੰ ਮੈਂ ਪਹਿਲੀ ਵਾਰ ਇਸ ਗੁਰਦਵਾਰੇ ਹੀ ਵੇਖਿਆ ਸੀ ਤੇ ਉਹਨਾਂ ਦੀਆਂ ਸਪੀਚਾਂ ਵੀ ਸੁਣੀਆਂ ਸਨ। ਥੋੜ੍ਹੀ ਥੋੜ੍ਹੀ ਪੰਜਾਬੀ ਸੂਬੇ ਦੀ ਗੱਲ ਹੋਣ ਲਗ ਪਈ ਸੀ। ਬਾਪੂ ਅਕਾਲੀ ਹੋਣ ਕਰ ਕੇ ਸਾਰੀ ਉਮਰ ਨੀਲੀ ਪਗ ਹੀ ਬੰਨ੍ਹਦਾ ਰਿਹਾ ਤੇ ਮੋਰਚਿਆਂ ਵਿਚ ਜੇਲ੍ਹਾਂ ਕਟਣ ਕਾਰਨ ਉਹਦੀ ਅੱਲ ਜਥੇਦਾਰ ਪੈ ਗਈ ਸੀ। ਹਨੇਰਾ ਹੋਣ ਤੇ ਮਹਿਤੇ ਨੂੰ ਮੁੜਦਿਆਂ ਰਾਹ ਵਿਚੋਂ ਪਸੂਆਂ ਲਈ ਲੋਕਾਂ ਦੇ ਬਰਾਨੇ ਖੇਤਾਂ ਚੋਂ ਉਗੇ ਛੋਲਿਆਂ ਦੇ ਬੂਟੇ ਪੁੱਟ ਲੈਂਦੇ। ਟਾਟਾਂ ਵਿਚੋਂ ਛੋਲੀਆ ਕਢ ਕੇ ਮਾਂ ਬੜੀ ਸਵਾਦੀ ਸਬਜ਼ੀ ਬਣਾਉਂਦੀ ਜੋ ਮਟਰਾਂ ਨਾਲੋਂ ਵੀ ਜ਼ਿਆਦਾ ਸਵਾਦ ਲਗਦੀ। ਬਾਕੀ ਬੂਟੇ ਪਸੂਆਂ ਅਗੇ ਸੁਟ ਦਿੰਦੇ। ਮੈਨੂੰ ਬਾਜ਼ਾਰ ਲੌਣਾ ਤੇ ਛੋਲੇ ਪੁਟਣ ਦਾ ਕੰਮ ਚੰਗਾ ਨਾ ਲਗਦਾ ਪਰ ਘਰ ਬਾਰ ਛਡ ਕੇ ਉਜੜਨ ਪਿਛੋਂ ਢਿਡ ਨੂੰ ਝੁਲਕਾ ਦੇਣ ਲਈ ਇਹ ਕੁਝ ਕਰਨਾ ਵਕਤ ਦੀ ਲੋੜ ਸੀ। ਇਸ ਕੰਮ ਵਿਚੋਂ1950 ਦੇ ਸ਼ੁਰੂ ਤਕ ਅਸੀਂ ਦੋ ਢਾਈ ਹਜ਼ਾਰ ਰੁਪਏ ਜੋੜ ਲਏ ਜੋ ਉਸ ਵੇਲੇ ਬੜੀ ਵਡੀ ਰਕਮ ਸਮਝੀ ਜਾਂਦੀ ਸੀ। ਏਨੇ ਪੈਸੇ ਵਾਹੀ ਦੇ ਕੰਮ ਕਦੇ ਵੀ ਨਹੀਂ ਬਣ ਸਕਦੇ ਸਨ। ਬਾਪੂ ਕਹਿੰਦਾ ਕਿ ਜਦੋਂ ਤੂੰ ਦਸਵੀਂ ਕਰ ਕੇ ਕਾਲਜ ਦਾਖਲ ਹੋਏਂਗਾ ਤਾਂ ਇਹ ਪੈਸੇ ਤੇਰੇ ਕੰਮ ਔਣਗੇ ਤੇ ਜੋ ਬਚ ਗਏ ਤੇ ਹੋਰ ਆ ਗਏ ਉਹ ਤੇਰੇ ਵਿਆਹ ਤੇ ਲਾਵਾਂਗੇ। ਮੈਂ ਮੰਡੀ ਵਿਚੋਂ ਵਧੀਆ ਬੁਸ਼ਰਟ ਤੇ ਪਾਜਾਮਾ ਸਵਾ ਲਿਆ। ਸਕੂਲ ਵਿਚ ਤੇ ਪਿੰਡ ਵਿਚ ਮੇਰੀ ਟੌਹਰ ਹੋ ਗਈ। ਬੂਟ ਵੀ ਵਧੀਆ ਲੈ ਲਏ। ਦੌੜ ਲਾਉਣ ਲਈ ਫਲੀਟ ਵੀ ਖਰੀਦ ਲਏ ਜਿਨ੍ਹਾਂ ਦੇ ਜ਼ੋਰ ਨਾਲ ਤਸਮੇ ਬੰਨ੍ਹ ਕੇ ਮੈਂ ਹੋਸਟਲ ਚੋਂ ਭਜ ਕੇ ਬਠਿੰਡੇ ਆ ਜਾਂਦਾ। ਇਥੋਂ ਸਰਸੇ ਵਾਲੀ ਨਿਕੀ ਗਡੀ ਫੜ ਕੇ ਕਈ ਵਾਰ ਚਲਦੀ ਗਡੀ ਚੋਂ ਜਿਥੋਂ ਮਹਿਤਾ ਨੇੜੇ ਪੈਂਦਾ ਰੇਤੇ ਵਿਚ ਛਾਲ ਮਾਰ ਦੇਂਦਾ ਤੇ ਭੱਜ ਕੇ ਘਰ ਆ ਜਾਂਦਾ। ਸ਼ੇਰਗੜ੍ਹ ਸਟੇਸ਼ਨ ਤੋਂ ਉਤਰ ਕੇ ਮਹਿਤੇ ਜਣ ਲਈ ਬਹੁਤ ਤੁਰਨਾ ਪੈਂਦਾ ਸੀ।

ਮਾਰਚ 1950 ਵਿਚ ਦਸਵੀਂ ਦੇ ਇਮਤਿਹਾਨ ਦੇਣ ਲਈ ਸੈਂਟਰ ਸ਼ਵਿੰਦਰਾ ਹਾਈ ਸਕੂਲ ਗੋਨਿਆਣਾ ਮੰਡੀ ਦੇ ਵਿਦਿਆਰਥੀਆਂ ਲਈ ਸੈਂਟਰ ਕੋਟਕਪੂਰਾ ਬਣਿਆ ਸੀ। ਜਿਥੋ ਇਕ ਸੜਕ ਮੋਗੇ ਨੂੰ ਤੇ ਇਕ ਬਠਿੰਡੇ ਵੱਲ ਨੂੰ ਜਾਂਦੀ ਸੀ, ਓਥੇ ਕਿਸੇ ਥਾਂ ਸਾਨੂੰ ਠਹਿਰਾਇਆ ਗਿਆ। ਜੋ ਮਾਸਟਰ ਸਾਡੇ ਨਾਲ ਆਏ ਸਨ, ਉਹ ਸ਼ਾਮ ਨੂੰ ਦਾਰੂ ਪੀ ਲੈਂਦੇ ਅਤੇ ਅਸੀਂ ਪਿਕਚਰ ਵੇਖਣ ਉਠ ਜਾਂਦੇ। ਕਈ ਵਾਰ ਕੁਝ ਯਾਦ ਨਾ ਹੋਣ ਕਰ ਕੇ ਅਸੀਂ ਪਰਚੇ ਦੇਣ ਨਾ ਜਾਂਦੇ, ਪਰਚਿਆਂ ਵਿਚ ਛੁਟੀਆਂ ਹੋਈਆਂ ਤਾਂ ਮੈਂ ਮਹਿਤੇ ਆ ਗਿਆ। ਬਾਪੂ ਪੁਛਣ ਲਗਾ ਕਿ ਪਰਚੇ ਕਿਹੇ ਜਿਹੇ ਹੋਏ ਆ। ਮੈਂ ਏਨਾ ਕਿਹਾ ਕਿ ਨਤੀਜਾ ਨਿਕਲਣ ਤੇ ਹੀ ਪਤਾ ਲਗੇਗਾ। ਮਾਂ ਨੂੰ ਪਤਾ ਲਗ ਗਿਆ ਸੀ ਕਿ ਮੈਂ ਬਠਿੰਡੇ ਜਾ ਕੇ ਖੇਲ ਵਿੰਹਦਾ ਸਾਂ ਤੇ ਕੋਟ ਕਪੂਰੇ ਵੀ। ਪੈਸੇ ਉਜਾੜਦਾ ਸਾਂ ਤੇ ਪੜ੍ਹਾਈ ਵਿਚ ਧਿਆਨ ਨਹੀਂ ਦਿੰਦਾ ਸਾਂ। ਛੁੱਟੀ ਕੱਟ ਕੇ ਜਦੋਂ ਮੈਂ ਬਾਕੀ ਦੇ ਰਹਿੰਦੇ ਪਰਚੇ ਦੇਣ ਲਈ ਬਠਿੰਡੇ ਤੋਂ ਕੋਟ ਕਪੂਰੇ ਵਾਲੀ ਗਡੀ ਵਿਚ ਜਾ ਰਿਹਾ ਸਾਂ ਤੇ ਜਿਸ ਡਬੇ ਵਿਚ ਬੈਠਾ, ਓਸ ਵਿਚ ਪੁਲਸ ਵਾਲੇ ਇਕ ਆਦਮੀ ਨੂੰ ਹਥਕੜੀਆਂ ਤੇ ਬੇੜੀਆਂ ਪਾ ਕੇ ਜੇਲ੍ਹ ਨੂੰ ਲਿਜਾ ਰਹੇ ਸਨ। ਡਬੇ ਦੇ ਸਾਰੇ ਮੁਸਾਫਰਾਂ ਦਾ ਧਿਆਨ ਓਸ ਉਚੇ ਲੰਮੇ ਖਤਰਨਾਕ ਕੈਦੀ ਨੇ ਖਿਚਿਆ ਹੋਇਆ ਸੀ ਜਿਸ ਬਾਰੇ ਪੁਲਸ ਵਾਲੇ ਦੱਸ ਰਹੇ ਸਨ ਕਿ ਇਸ ਡਾਕੂ ਨੇ ਕਈ ਕਤਲ ਕੀਤੇ ਹਨ। ਇਸ ਡਾਕੂ ਦੀਆਂ ਅਖਬਾਰਾਂ ਵਿਚ ਫੋਟੋ ਛਪੀਆਂ ਸਨ ਤੇ ਫੜਾਉਣ ਵਾਲੇ ਨੂੰ ਸਰਕਾਰ ਵੱਲੋਂ ਇਨਾਮ ਦਿਤਾ ਜਾਣਾ ਸੀ। ਮੈਨੂੰ ਇੰਜ ਲਗਾ ਕਿ ਇਕ ਦਮ ਮਸ਼ਹੂਰ ਹੋਣ ਲਈ ਡਾਕੂ ਬਣ ਜਾਣਾ ਸਭ ਤੋਂ ਵਧੀਆ ਤਰੀਕਾ ਹੈ ਪਰ ਕਤਲ ਕਰਨ ਵਾਲੇ ਡਾਕੂ ਨੂੰ ਫਾਂਸੀ ਦੀ ਸਜ਼ ਹੋ ਸਕਦੀ ਸੀ ਤੇ ਮੈਨੂੰ ਆਪਣੀ ਸੋਚ ਤੇ ਬੜਾ ਗੁੱਸਾ ਆਇਆ। ਨਾਂ ਮਸ਼ਹੂਰ ਕਰਨ ਦੇ ਤਰੀਕੇ ਮੈਂ ਦਿਨ ਰਾਤ ਸੋਚਦਾ ਰਹਿੰਦਾ। ਫਿਲਮਾਂ ਵੇਖ ਵੇਖ ਮੈਨੂੰ ਲੱਗਣ ਲੱਗ ਪਿਆ ਕਿ ਮੈਂ ਐਕਟਰ ਬਣ ਸਕਦਾ ਹਾਂ ਅਤੇ ਨਾਵਲ ਪੜ੍ਹ ਪੜ੍ਹ ਕੇ ਅਹਿਸਾਸ ਹੋਇਆ ਕਿ ਮੈਂ ਲੇਖਕ ਬਣ ਸਕਦਾ ਹਾਂ ਜਦ ਕਿ ਮੇਰੀਆਂ ਕੁਝ ਕਹਾਣੀਆਂ ਕੁਝ ਰਸਾਲਿਆਂ ਵਿਚ ਛਪ ਵੀ ਗਈਆਂ ਸਨ। ਆਪਣੇ ਆਪ ਵਿਚ ਮੈਂ ਪਤਾ ਨਹੀਂ ਆਪਣੇ ਆਪ ਨੂੰ ਕੀ ਕੁਝ ਸਮਝੀ ਬੈਠਾ ਸਾਂ ਅਤੇ ਸਕੂਲ ਦੀ ਪੜ੍ਹਾਈ ਵੱਲ ਧਿਆਨ ਨਹੀਂ ਦਿਤਾ ਸੀ। ਮਾਂ ਨੂੰ ਸ਼ੱਕ ਸੀ ਕਿ ਮੇਰਾ ਮਨ ਮਹਿਕ ਪਿਛੇ ਲੱਗਾ ਰਹਿੰਦਾ ਸੀ ਤੇ ਮੈਂ ਪੜ੍ਹਾਈ ਦਾ ਖਿਆਲ ਛਡ ਦਿਤਾ ਸੀ। ਉਹ ਸਮਝਦੀ ਸੀ ਕਿ ਮੈਂ ਵਿਗੜ ਰਿਹਾ ਸਾਂ। ਪੜ੍ਹਾਈ ਘੱਟ ਕਰਦਾ ਸਾਂ ਤੇ ਮੰਡੂਆ ਜ਼ਿਆਦਾ ਵੇਖਦਾ ਤੇ ਹੋਰ ਬੇਮਤਲਬ ਕਿਤਾਬਾਂ ਪੜ੍ਹਦਾ ਰਹਿੰਦਾ ਸਾਂ। ਘਰ ਦਿਆਂ ਤੋਂ ਪੈਸੇ ਮੰਗਣੇ ਵੀ ਉਹਨਾਂ ਨੂੰ ਬੜੇ ਚੁਭਣ ਲਗ ਪਏ ਸਨ।

ਪਰਚੇ ਖਤਮ ਹੋਏ ਤੇ ਮੈਂ ਕੋਟ ਕਪੂਰੇ ਤੋ ਬਠਿੰਡੇ ਆ ਕੇ ਜਿਸ ਛੋਟੀ ਗਡੀ ਵਿਚ ਸ਼ੇਰਗੜ੍ਹ ਜਾਣ ਲਈ ਚੜ੍ਹਿਆ ਤਾਂ ਉਸ ਵਿਚ ਬਾਪੂ ਤੇ ਮੇਰੀ ਭੂਆ ਬੈਠੇ ਸਨ। ਭੂਆ ਨੂੰ ਮੈਂ ਪਾਕਿਸਤਾਨ ਬਨਣ ਤੋਂ ਬਾਅਦ ਪਹਿਲੀ ਵਾਰ ਮਿਲਿਆ ਸਾਂ। ਉਸ ਬਹੁਤ ਪਿਆਰ ਨਾਲ ਮੇਰਾ ਮਥਾ ਚੁੰਮਿਆ, ਜਫੀ ਵਿਚ ਲਿਆ ਤੇ ਨਾਲ ਹੀ ਨਵੀਂ ਥਾਂ ਤੇ ਜ਼ਮੀਨ ਅਲਾਟ ਹੋ ਜਾਣ ਦੇ ਕੁਝ ਕਾਗਜ਼ ਫੜਾਉਂਦਿਆਂ ਤੇ ਵਧਾਈਆਂ ਦਿੰਦੀ ਕਹਿਣ ਲੱਗੀ ਕਿ ਮੇਰਾ ਪੁਤ ਫਿਰ ਮੁਰਬਿਆਂ ਦਾ ਮਾਲਕ ਬਣ ਗਿਆ ਹੈ। ਬਾਪੂ ਨੇ ਦਸਿਆ ਕਿ ਜਲੰਧਰੋਂ ਸਾਨੂੰ ਪਾਕਿਸਤਾਨ ਵਿਚ ਛਡੀ ਜ਼ਮੀਨ ਬਦਲੇ ਪਿੰਡ ਗੁਦੜਢੰਡੀ, ਤਹਿਸੀਲ ਤੇ ਜ਼ਿਲਾ ਫਿਰੋਜ਼ਪੁਰ

ਵਿਚ ਪਕੀ ਜ਼ਮੀਨ ਅਲਾਟ ਹੋ ਗਈ ਸੀ। ਅਗਲੇ ਸਾਲ ਛੇ ਮਹੀਨਿਆਂ ਵਿਚ ਅਸੀਂ ਮਹਿਤੇ ਵਾਲੀ ਜ਼ਮੀਨ ਛਡ ਕੇ ਅਗਲੇ ਪਿੰਡ ਚਲੇ ਜਾਵਾਂਗੇ।

ਦਸਵੀਂ ਦਾ ਨਤੀਜਾ ਅਜੇ ਕਈ ਹਫਤਿਆਂ ਨੂੰ ਨਿਕਲਣਾ ਸੀ। ਜਿਹੋ ਜਿਹੇ ਪਰਚੇ ਹੋਏ ਸਨ, ਉਹਨਾਂ ਤੋਂ ਏਨਾ ਪਤਾ ਤਾਂ ਲਗ ਗਿਆ ਸੀ ਪਾਸ ਹੋਣ ਵਾਲੀ ਕੋਈ ਆਸ ਨਹੀਂ ਸੀ। ਫਿਰ ਵੀ ਜਦ ਤਕ ਨਤੀਜਾ ਨਹੀਂ ਸੀ ਨਿਕਲਦਾ, ਓਨਾ ਚਿਰ ਤਕ ਭਵਿਖ ਬਾਰੇ ਕੋਈ ਪਤਾ ਨਹੀਂ ਸੀ। ਇਹ ਗੱਲ ਹੌਲੀ ਹੌਲੀ ਸਾਰੇ ਪਿੰਡ ਵਿਚ ਫੈਲ ਗਈ ਕਿ ਸਾਨੂੰ ਹੋਰ ਪਿੰਡ ਜ਼ਮੀਨ ਅਲਾਟ ਹੋ ਗਈ ਹੈ ਅਤੇ ਅਸੀਂ ਸਾਲ ਛੇ ਮਹੀਨੇ ਵਿਚ ਇਹ ਪਿੰਡ ਤੇ ਇਹ ਘਰ ਛਡ ਜਾਵਾਂਗੇ। ਇਸ ਗਲ ਦਾ ਪਤਾ ਮਹਿਕ ਤੇ ਉਹਦੇ ਘਰ ਵਾਲਿਆਂ ਨੂੰ ਵੀ ਲਗ ਗਿਆ ਸੀ। ਫਿਰ ਕੁਝ ਚਿਰ ਬਾਅਦ ਮਹਿਕ ਦਾ ਪਿਓ ਵੀ ਖਬਰ ਲਿਆਇਆ ਕਿ ਉਹਨਾਂ ਨੂੰ ਵੀ ਰਿਆਸਤ ਫਰੀਦਕੋਟ ਵਿਚ ਪਿੰਡ ਮਰਾੜ੍ਹਾਂਵਾਲੇ ਤੋਂ ਅਗੇ ਬੀਕਾਨੇਰ ਨਹਿਰ ਦੇ ਕੰਢੇ ਇਕ ਪਿੰਡ ਵਿਚ ਜ਼ਮੀਨ ਅਲਾਟ ਹੋ ਗਈ ਸੀ ਤੇ ਉਹ ਵੀ ਸਾਲ ਛੇ ਮਹੀਨੇ ਵਿਚ ਇਹ ਪਿੰਡ ਛਡ ਕੇ ਨਵੇਂ ਥਾਂ ਚਲੇ ਜਾਣਗੇ। ਗਰਮੀਆਂ ਸ਼ੁਰੂ ਹੋ ਚੁਕੀਆਂ ਸਨ। ਸਿੰਗਲੇ ਦੇ ਬਾਗ ਵਿਚੋਂ ਕਈ ਵਾਰ ਮੋਰਾਂ ਦੇ ਪੈਲਾਂ ਪਾਉਣ ਤੇ ਕੂਕਣ ਦੀਆਂ ਆਵਾਜ਼ਾਂ ਆਉਂਦੀਆਂ ਜੋ ਮੁਟਿਆਰਾਂ ਦੇ ਮਨਾਂ ਨੂੰ ਮਹਿਕਣ ਲਾ ਦੇਂਦੀਆਂ। ਮੈਂ ਤੇ ਬਾਪੂ ਕਦੇ ਕਦੇ ਨਾਲ ਦੇ ਪਿੰਡਾਂ ਵਿਚ ਬਾਜ਼ਾਰ ਲਾਉਣ ਵੀ ਚਲੇ ਜਾਂਦੇ। ਮੈਂ ਮਾਲ ਡੰਗਰ ਚਾਰ ਲਿਆਉਂਦਾ। ਮਹਿਕ ਦਾ ਸਾਹਮਣਾ ਹੁੰਦਾ ਤਾਂ ਵੇਖ ਕੇ ਪਹਿਲਾਂ ਉਹ ਮੁਸਕਰਾ ਪੈਂਦੀ। ਫਿਰ ਉਹਦੀਆਂ ਅਖਾਂ ਨੀਵੀਆਂ ਹੋ ਜਾਂਦੀਆਂ। ਮੇਰਾ ਜੀ ਕਰਦਾ ਕਿ ਉਹ ਹੁਣ ਅਖਾਂ ਨੀਵੀਆਂ ਕਰਨੀਆਂ ਛਡ ਦੇਵੇ। ਅਖਾਂ ਚੁਕ ਕੇ ਮੇਰੇ ਵੱਲ ਵੇਖੇ ਤੇ ਮੈਂ ਉਹਦੇ ਵੱਲ। ਮੇਰਾ ਜੀ ਇਹ ਵੀ ਕਰਦਾ ਕਿ ਉਹਨੂੰ ਦੱਸਾਂ ਕਿ ਤੂੰ ਦੁਨੀਆ ਦੀ ਸਭ ਤੋਂ ਸੋਹਣੀ ਕੁੜੀ ਏਂ। ਮੈਂ ਨਰਗਿਸ ਤੇ ਸੁਰੀਆ ਨੂੰ ਇਕ ਫਿਲਮ ਵਿਚ ਵੇਖਿਆ ਸੀ ਪਰ ਉਹ ਤੇਰੇ ਅਗੇ ਹੇਚ ਹਨ। ਦਰਵਾਜ਼ੇ ਵਿਚ ਆਸਾ ਪਾਸਾ ਵੇਖ ਕੇ ਉਹ ਕੁਝ ਚਿਰ ਲਈ ਖੜ੍ਹੀ ਹੋ ਜਾਂਦੀ ਤੇ ਕੁਝ ਵਿਥ ਤੇ ਮੈਂ ਵੀ ਖੜ੍ਹਾ ਰਹਿੰਦਾ। ਪੱਤਾ ਵੀ ਹਿੱਲਦਾ ਤਾਂ ਖੌਫ ਛਾ ਜਾਂਦਾ ਕਿ ਕੋਈ ਆ ਨਾ ਜਾਵੇ ਤੇ ਵੇਖ ਨਾ ਲਵੇ। ਦਰਵਾਜ਼ੇ ਅੰਦਰਲੇ ਘਰਾਂ ਵੱਲ ਖੁਲ੍ਹਦੇ ਬੂਹਿਆਂ ਵੱਲ ਉਹਦਾ ਵੀ ਧਿਆਨ ਹੁੰਦਾ ਤੇ ਮੇਰਾ ਵੀ। ਇਕ ਦਿਨ ਜਦ ਮੇਰੀ ਮਾਂ ਵੀ ਘਰ ਨਹੀਂ ਸੀ ਤੇ ਉਹਦੀ ਵੀ, ਮੈਂ ਕਈ ਹਫਤਿਆਂ ਤੋਂ ਲਿਆ ਕੇ ਰਖੀਆਂ ਕੱਚ ਦੀਆਂ ਚੂੜੀਆਂ ਉਹਦੇ ਹਥਾਂ ਵਿਚ ਚੜ੍ਹਾ ਦਿਤੀਆਂ। ਉਸਦੀਆਂ ਬਾਹਵਾਂ ਕਿੰਨੀਆਂ ਖੂਬਸੂਰਤ ਤੇ ਗੁੰਦਵੀਆਂ ਸਨ, ਇਸ ਦਾ ਪਤਾ ਤਾਂ ਓਸ ਵੇਲੇ ਹੀ ਲੱਗਾ ਜਦ ਉਸ ਨੇ ਆਪਣੀਆਂ ਹਿਰਨੀ ਵਰਗੀਆਂ ਮਸਤ ਤੇ ਖੂਬਸੂਰਤ ਅਖਾਂ ਉਚੀਆਂ ਚੁਕ ਕੇ ਕੰਖੀਆਂ ਮੇਰੇ ਜਵਾਨੀ ਚੜ੍ਹ ਰਹੇ ਚਿਹਰੇ ਵੱਲ ਬੜੇ ਮੋਹ ਨਾਲ ਵੇਖਿਆ ਤੇ ਆਪਣੀਆਂ ਗੋਰੀਆਂ ਬਾਹਾਂ ਮੇਰੇ ਗਲ ਦਵਾਲੇ ਵਲ ਦਿਤੀਆਂ। ਪਤਾ ਨਹੀਂ ਮੁੜ ਕੇ ਕਦੀ ਵੀ ਨਾ ਆਉਣ ਵਾਲਾ ਉਹ ਵਕਤ ਓਥੇ ਰੁਕ ਕਿਉਂ ਨਾ ਗਿਆ ਜਦ ਉਸਦੇ ਕੋਮਲ ਕਲੀਆਂ ਦੀਆਂ ਪੱਤੀਆਂ ਵਰਗੇ ਕੁਆਰੇ ਬੁਲ੍ਹ ਮੇਰੇ ਬੁੱਲ੍ਹਾਂ ਨੂੰ ਆਪਣੇ ਸਮਝ ਕੇ ਚੁੰਮ ਰਹੇ ਸਨ।

**ਦਸਵੀਂ ਚੋਂ ਫੇਲ ਹੋ ਜਾਣਾ**

ਗਵਾਂਢੀ ਚਾਨਣ ਸਿੰਘ ਨੇ ਆਪਣੀ ਘਰ ਵਾਲੀ ਤੇ ਧੀ ਲਈ ਕਪੜੇ ਸਿਉਣ ਵਾਲੀ ਮਸ਼ੀਨ ਲਿਆ ਦਿਤੀ ਤੇ ਮਹਿਕ ਨੇ ਏਧਰੋਂ ਓਧਰੋਂ ਕਟਾਈ ਦਾ ਕੰਮ ਸਿੱਖ ਕੇ ਕਪੜੇ ਸੀਣ ਦਾ ਕੰਮ ਸ਼ੁਰੂ ਕਰ ਦਿਤਾ ਸੀ। ਇਸ ਤਰ੍ਹਾਂ ਉਹਨਾਂ ਦੇ ਘਰ ਜਿਥੇ ਸੂਟ ਤੇ ਘਗਰੇ ਸਿਵਾਣ ਵਾਲੀਆਂ ਤੀਵੀਆਂ ਦਾ ਆਣਾ ਜਾਣਾ ਸ਼ੁਰੂ ਹੋ ਗਿਆ, ਓਥੇ ਉਹਨਾਂ ਦੇ ਪਰਵਾਰ ਲਈ ਅਮਦਨ ਦਾ ਜ਼ਿਰੀਆ ਵੀ ਬਣ ਗਿਆ। ਉਹਨਾਂ ਨੂੰ ਅਲਾਟ ਹੋਈ ਬਰਾਨੀ ਜ਼ਮੀਨ ਦੀ ਆਮਦਨ ਵੀ ਬਹੁਤ ਘੱਟ ਸੀ। ਪਿੰਡ ਵਿਚ ਇਸ ਗੱਲ ਦਾ ਲੋਕਾਂ ਨੂੰ ਪਤਾ ਲਗ ਗਿਆ ਸੀ ਕਿ ਇਹ ਦੋਵੇਂ ਘਰ ਹੁਣ ਮਹਿਤਾ ਛਡ ਕੇ ਅਗਲੀਆਂ ਅਲਾਟ ਹੋਈਆਂ ਜ਼ਮੀਨਾਂ ਵਾਲੇ ਪਿੰਡਾਂ ਨੂੰ ਚਲੇ ਜਾਣਗੇ। ਕਈ ਵਾਰ ਆਂਢਣਾਂ ਗਵਾਂਢਣਾਂ ਆ ਕੇ ਮੇਰੀ ਮਾਂ ਨੂੰ ਕਹਿੰਦੀਆਂ ਕਿ ਤੁਸੀਂ ਇਹ ਪਿੰਡ ਛਡ ਕੇ ਨਾ ਜਾਓ। ਵਾਹਵਾ ਤੁਹਾਡੇ ਨਾਲ ਦਿਲ ਲੱਗਾ ਹੋਇਆ ਹੈ ਪਰ ਲਾਹੌਰ ਦੇ ਜਿਨ੍ਹਾਂ ਜੱਟਾਂ ਨੂੰ ਸਾਡੇ ਵਾਲੀ ਜ਼ਮੀਨ ਤੇ ਘਰ ਅਲਾਟ ਹੋ ਗਏ

ਸਨ, ਉਹਨਾਂ ਨੇ ਮਹਿਤੇ ਦੇ ਗੇੜੇ ਮਾਰਨੇ ਸ਼ੁਰੂ ਕਰ ਦਿਤੇ ਸਨ। ਬਾਪੂ ਨੇ ਸਾਫ ਕਹਿ ਦਿਤਾ ਸੀ ਕਿ ਸਾਨੂੰ ਉਠਦਿਆਂ ਘਟੋ ਘਟ ਛੇ ਮਹੀਨੇ ਲਗ ਜਾਣਗੇ। ਉਹਨਾਂ ਨੇ ਵੀ ਛੇਤੀ ਘਰ ਖਾਲੀ ਕਰਨ ਲਈ ਕੋਈ ਤੱਦੀ ਨਹੀਂ ਸੀ ਦਿਤੀ। ਪਾਕਿਸਤਾਨ ਵਿਚਲੇ ਪਿੰਡ ਛਡਣ ਅਤੇ ਇਹ ਪਿੰਡ ਛਡਣ ਵਿਚ ਫਰਕ ਐਨਾ ਸੀ ਕਿ ਉਹ ਪਿੰਡ, ਘਰ ਤੇ ਜ਼ਮੀਨਾਂ ਆਪਣੀਆਂ ਜਾਨਾਂ ਬਚਾਉਣ ਲਈ ਛਡਣੀਆਂ ਪਈਆਂ ਸਨ ਪਰ ਹੁਣ ਵਾਲਾ ਘਰ ਤੇ ਜ਼ਮੀਨ ਪਕੀ ਅਲਾਟਮੈਂਟ ਹੋਣ ਤੇ ਚੰਗੇ ਮੁੜ ਵਸੇਬੇ ਕਰ ਕੇ ਛਡਣੀਆਂ ਪੈ ਰਹੀਆਂ ਸਨ। ਪਰ ਨਾ ਤਾਂ ਹੁਣ ਮੌਤ ਦਾ ਡਰ ਸੀ ਅਤੇ ਨਾ ਹੀ ਰਾਤੋ ਰਾਤ ਪਿੰਡ ਛਡਣ ਦਾ ਕੋਈ ਜਰਵਾਣਾ ਸ਼ਾਹੀ ਹੁਕਮ ਸੀ। ਏਨਾ ਫਰਕ ਜ਼ਰੂਰ ਸੀ ਕਿ ਹੁਣ ਇਸ ਪਿੰਡ ਜਿਥੇ ਤਿੰਨ ਸਾਲ ਤੋਂ ਵਧ ਦਾ ਸਮਾਂ ਹੋ ਚਲਿਆ ਸੀ, ਦਿਲ ਲਗ ਗਿਆ ਸੀ। ਇਸ ਪਿੰਡ ਨੂੰ ਛਡਣ ਲਗਿਆਂ ਕਾਲਜੇ ਨੂੰ ਥੋੜ੍ਹੇ ਥੋੜ੍ਹੇ ਹੌਲ ਪੈਂਦੇ ਸਨ। ਮਾਲਵੇ ਦੀ ਬੋਲੀ ਤੇ ਕਲਚਰ ਮੈਂ ਇਸ ਪਿੰਡ ਵਿਚੋਂ ਸਿੱਖਿਆ ਸੀ ਤੇ ਬਚਪਨ ਨੂੰ ਅਲਵਿਦਾ ਕਹਿ ਕੇ ਜਵਾਨੀ ਦੀਆਂ ਦਹਿਲੀਜ਼ਾਂ ਵਿਚ ਪੈਰ ਰਖਿਆ ਸੀ। ਇਸ ਪਿੰਡ ਦੀਆਂ ਮਲਵੈਣਾਂ ਨੇ ਮੇਰੇ ਅੰਦਰ ਪਿਆਰ ਕਰਨ ਦੀ ਅਗ ਬਾਲ ਦਿਤੀ ਸੀ ਤੇ ਮਹਿਕ ਨੇ ਵੱਲ ਦਸਿਆ ਸੀ ਕਿ ਬਾਕੀ ਰਿਸ਼ਤਿਆਂ ਤੋਂ ਇਲਾਵਾ ਇਕ ਹੋਰ ਰਿਸ਼ਤਾ ਵੀ ਹੁੰਦਾ ਹੈ ਜਿਥੋਂ ਹਾਣ ਨੂੰ ਹਾਣ ਦੀ ਤਲਾਸ਼ ਸ਼ੁਰੂ ਹੁੰਦੀ ਹੈ। ਇਸ ਦੇ ਤਜਰਬੇ ਦੇ ਸੇਕ ਵਿਚੋਂ ਅਗੇ ਜਾ ਕੇ ਮੈਂ ਕਈ ਕਹਾਣੀਆਂ ਲਿਖੀਆਂ ਸਨ ਤੇ ਆਪਣੇ ਨਾਵਲ "ਪੀਲਾ ਗੁਲਾਬ" ਵਿਚ ਮਹਿਕ ਪਾਤਰ ਦਾ ਨਾਂ "ਮੁਕਤੀ" ਰਖ ਕੇ ਪੰਜਾਬੀ ਦੇ ਦੁਖਾਂਤ ਨਾਵਲਾਂ ਵਿਚ ਵਾਧਾ ਕੀਤਾ ਸੀ। ਹਨੇਰੀਆਂ ਤੇ ਟਿਬਿਆਂ ਵਿਚ ਘਿਰੇ ਇਸ ਬਰਾਨੀ ਜ਼ਮੀਨ ਦੇ ਪਿੰਡ ਵਿਚੋਂ ਮੇਰੇ ਅੰਦਰ ਦੇ ਲੇਖਕ ਦਾ ਜਨਮ ਹੋਇਆ ਸੀ ਤੇ ਮੇਰੇ ਲੇਖਕ ਦੇ ਤੌਰ ਤੇ ਜਾਣੇ ਜਾਣ ਦਾ ਮੁਢ ਬਝ ਗਿਆ ਸੀ।

ਹੁਣ ਮੈਂ ਦਸਵੀਂ ਦੇ ਰੀਜ਼ਲਟ ਦੀ ਉਡੀਕ ਕਰ ਰਿਹਾ ਸਾਂ। ਭਾਵੇਂ ਮੈਨੂੰ ਪਤਾ ਸੀ ਕਿ ਪਾਸ ਹੋਣ ਵਾਲੀ ਕੋਈ ਉਮੀਦ ਨਹੀਂ ਸੀ ਪਰ ਖਵਰੇ ਪਾਸ ਹੋ ਈ ਜਾਵਾਂ, ਇਹ ਕੁੱਤੇ ਝਾਕ ਜ਼ਰੂਰ ਲੱਗੀ ਰਹਿੰਦੀ ਸੀ। ਗਰੀਬੀ ਤਾਂ ਅਜੇ ਵੀ ਗੋਡੇ ਗੋਡੇ ਚੜ੍ਹੀ ਹੋਈ ਸੀ ਤੇ ਕੰਧਾੜਿਉਂ ਨਹੀਂ ਉਤਰੀ ਸੀ ਪਰ ਜਿਸ ਹਾਲੀਂ ਪਾਕਿਸਤਾਨ ਵਿਚੋਂ ਤਿੰਨੀਂ ਕਪੜੀਂ ਨਿਕਲ ਕੇ ਆਏ ਸਾਂ, ਉਹ ਹਾਲਾਤ ਬਦਲ ਗਏ ਸਨ। ਬਾਪੂ ਫਿਰ ਕਹਿਣ ਲਗ ਪਿਆ ਸੀ ਕਿ ਨਵੀਂ ਜ਼ਮੀਨ ਤੋਂ ਆਮਦਨ ਹੋਣ ਲਗ ਪਈ ਤਾਂ ਉਹ ਮੈਨੂੰ ਵਲਾਇਤ ਪੜ੍ਹਨ ਲਈ ਜ਼ਰੂਰ ਭੇਜੇਗਾ ਤੇ ਫਿਰ ਜਦ ਮੈਂ ਵਲਾਇਤ ਪਾਸ ਕਰ ਕੇ ਆਵਾਂਗਾ ਤਾਂ ਕਿਤੇ ਡਿਪਟੀ ਕਮਿਸ਼ਨਰ ਲਗਾਂਗਾ ਤੇ ਬਾਪੂ ਦਾ ਸੁਫਨਾ ਪੂਰਾ ਹੋ ਜਾਵੇਗਾ। ਪਰ ਮੈਨੂੰ ਹੁਣ ਪੜ੍ਹਨ ਵਿਚ ਕੋਈ ਦਿਲਚਸਪੀ ਨਹੀਂ ਰਹਿ ਗਈ ਸੀ। ਮੇਰੇ ਦਿਲ ਵਿਚ ਦਿਨ ਰਾਤ ਇਹ ਖਿਆਲ ਆਉਂਦਾ ਕਿ ਜੇ ਮੈਨੂੰ ਕੋਈ ਨੌਕਰੀ ਮਿਲ ਜਾਵੇ ਤਾਂ ਪੜ੍ਹਾਈ ਬਾਅਦ ਵਿਚ ਹੁੰਦੀ ਰਹੇਗੀ। ਪੜ੍ਹਾਈ ਕਰਨ ਲਈ ਸਾਰੀ ਉਮਰ ਬਾਕੀ ਪਈ ਸੀ। ਪਰ ਮੇਰੇ ਵਰਗੇ 15 ਸਾਲ ਦੇ ਮੁੰਡੇ ਨੂੰ ਜਿਸ ਨੇ ਹਾਲੇ ਦਸਵੀਂ ਵੀ ਪਾਸ ਨਹੀਂ ਸੀ ਕੀਤੀ, ਨੌਕਰੀ ਕਿਥੋਂ ਮਿਲ ਸਕਦੀ ਸੀ। ਇਕ ਵਾਰ ਬੱਚਾ ਕੰਪਨੀ ਦੇ ਕੁਝ ਮੁੰਡੇ ਮੈਂ ਫੌਜੀ ਵਰਦੀਆਂ ਵਿਚ ਗੱਡੀ ਵਿਚ ਚੜ੍ਹੇ ਪੂਨੇ ਨੂੰ ਜਾਂਦੇ ਵੇਖੇ ਸਨ। ਉਹਨਾਂ ਦੀ ਉਮਰ ਮੇਰੇ ਹਾਣ ਦੀ ਸੀ। ਏਨਾ ਕੁ ਪਤਾ ਲੱਗਾ ਕਿ ਇਹਨਾਂ ਦੀ ਭਰਤੀ ਫਰੀਦ ਕੋਟ ਹੁੰਦੀ ਸੀ। ਇਕ ਦਿਨ ਸਕੂਲ ਤੋਂ ਨਤੀਜਾ ਪਤਾ ਕਰਨ ਦੇ ਬਹਾਨੇ ਮੈਂ ਘਰੋਂ ਫਰੀਦਕੋਟ ਚਲਾ ਗਿਆ ਤੇ ਸਟੇਸ਼ਨ ਤੋਂ ਉਤਰ ਕੇ ਰਾਜੇ ਦਾ ਮਹਿਲ ਲੰਘ ਕੇ ਜਿਉਂ ਪੈਦਲ ਸਾਰਾ ਫਰੀਦਕੋਟ ਟੱਪ ਗਿਆ ਤੇ ਕੋਟ ਕਪੂਰੇ ਪਹੁੰਚ ਗਿਆ ਪਰ ਮੈਨੂੰ ਕਿਤੇ ਬੱਚਾ ਕੰਪਨੀ ਵਿਚ ਭਰਤੀ ਕਰਨ ਵਾਲਿਆਂ ਦਾ ਟਿਕਾਣਾ ਨਾ ਲਭਾ ਤੇ ਨਾ ਹੀ ਡਰਦਿਆਂ ਮੈਂ ਕਿਸੇ ਕੋਲੋਂ ਪੁਛਿਆ ਹੀ। ਫਰੀਦਕੋਟ ਦਾ ਕਾਲਜ ਵੀ ਮੈਂ ਪਹਿਲੀ ਵਾਰ ਵੇਖਿਆ ਤੇ ਕਾਲਜ ਵਿਚ ਦਾਖਲ ਹੋ ਕੇ ਪੜ੍ਹਨ ਦੀ ਰੀਝ ਫਿਰ ਮੇਰੇ ਮਨ ਵਿਚ ਉਠ ਖਲੋਤੀ। ਤੁਰ ਫਿਰ ਕੇ ਤੇ ਕੋਟ ਕਪੂਰੇ ਤੋਂ ਗਡੀ ਫੜ ਕੇ ਮੈਂ ਫਿਰ ਬਠਿੰਡੇ ਆ ਗਿਆ ਤੇ ਕਿਲੇ ਲਾਗੇ ਪੈਂਦੇ ਇਕ ਗੁਰਦਵਾਰੇ ਵਿਚ ਰਾਤ ਕੱਟੀ। ਓਥੇ ਹੀ ਮੈਨੂੰ ਧੰਨਾ ਸਿੰਘ ਗੁਲਸ਼ਨ ਮਿਲ ਗਿਆ ਜੋ ਕਵੀਸ਼ਰੀ ਕਰਦਾ ਸੀ। ਮੈਂ ਉਹਦੇ ਨਾਲ ਜਾਣ ਪਛਾਣ ਬਣਾਈ ਕਿ ਮੈਂ ਪੜ੍ਹਦਾ ਹਾਂ ਅਤੇ ਪਰਚਿਆਂ ਵਿਚ ਕਹਾਣੀਆਂ ਲਿਖਦਾ ਹਾਂ। ਉਹ ਸੁਣ ਕੇ ਖੁਸ਼ ਹੋਇਆ ਤੇ ਲਾਗੇ ਇਕ ਚਾਹ ਦੀ ਦੁਕਾਨ ਤੇ ਲਿਜਾ ਕੇ ਚਾਹ ਬਣਵਾ ਕੇ ਪਿਆਈ। ਮੇਰਾ ਹੌਸਲਾ ਵਧਾਇਆ ਕਿ ਲਿਖਾਰੀ ਬਨਣਾ ਬੜੀ ਵਡੀ ਗੱਲ ਹੁੰਦੀ ਹੈ। ਉਸ ਨੂੰ ਖੁਦ ਵੀ ਲਿਖਣ ਦਾ ਬੜਾ ਸ਼ੌਂਕ ਸੀ ਪਰ ਉਹਦੀਆਂ ਲਿਖਤਾਂ ਅਜੇ ਕਿਤੇ ਛਪੀਆਂ ਨਹੀਂ ਸਨ। ਉਹਨੇ ਕਦੀ ਕਦੀ ਮਿਲਦੇ ਰਹਿਣ ਲਈ ਕਿਹਾ ਤੇ ਮੈਨੂੰ ਖੁਸ਼ੀ ਹੋਈ ਕਿ ਘਟੋ ਘੱਟ ਇਕ ਬੰਦਾ ਜੀਹਦਾ ਲੋਕਾਂ ਵਿਚ ਨਾਂ ਸੀ, ਮੇਰਾ ਵਾਕਫ ਬਣ ਗਿਆ ਸੀ। ਅਗਲੇ ਦਿਨ ਬਠਿੰਡਿਓਂ ਤੁਰ ਕੇ ਮੈਂ ਮਹਿਤੇ ਆ ਗਿਆ ਤੇ ਘਰ ਵਾਲੇ ਮੇਰੇ ਨਤੀਜੇ ਦੀ ਉਡੀਕ ਕਰ ਰਹੇ ਸਨ। ਮੈਂ ਦਸਿਆ ਕਿ ਹਾਲੇ ਨਤੀਜਾ ਨਹੀਂ ਆਇਆ।

ਗਰਮੀਆਂ ਸ਼ੁਰੂ ਹੋ ਗਈਆਂ ਸਨ ਪਰ ਮੈਂ ਵਿਹਲਾ ਸਾਂ। ਕਦੀ ਕਦੀ ਮਝ ਤੇ ਗਊ ਨੂੰ ਇਕ ਕੱਸੀ ਕੰਢੇ ਚਾਰਨ ਲਈ ਲੈ ਜਾਂਦਾ। ਬਾਪੂ ਨਾਲ ਲਾਗੇ ਦੇ ਇਕ ਪਿੰਡ ਵਿਚ ਬਾਜ਼ਾਰ ਲਾਉਣ ਗਿਆ ਤਾਂ ਓਸ ਪਿੰਡੋਂ ਇਕ ਛੋਟੀ ਜਹੀ ਭੂਰੇ ਰੰਗ ਦੀ ਕੁੱਤੀ ਸਾਡੀ ਖੋਤੀ ਮਗਰ ਲਗ ਗਈ। ਇਸਦਾ ਨਾਂ ਅਸੀਂ ਚੈਰੀ ਰਖ ਲਿਆ। ਇਹ ਬਹੁਤਾ ਮੇਰੇ ਨਾਲ ਰਹਿੰਦੀ ਤੇ ਜਦੋਂ ਮੈਂ ਪਸ਼ੂ ਚਾਰਨ ਲਈ ਜਾਂਦਾ ਤਾਂ ਮੇਰੇ ਨਾਲ ਹੁੰਦੀ। ਖਾਲ ਦੇ ਬੰਨਿਆਂ ਤੇ ਉਗੇ ਸਰਾਂ ਵਿਚ ਲੁਕੇ ਤਿੱਤਰਾਂ ਨੂੰ ਉਡਾ ਕੇ ਉਹਨਾਂ ਮਗਰ ਬੜੀ ਫੁਰਤੀ ਨਾਲ ਦੌੜਦੀ। ਤਿੱਤਰ ਦੀ ਤੀਜੀ ਉਡਾਰੀ ਤੇ ਕਦੀ ਕਦੀ ਉਹ ਤਿੱਤਰ ਦਬੋਚ ਲੈਂਦੀ ਤੇ ਹੰਭੇ ਹੋਏ ਤਿੱਤਰ ਨੂੰ ਦੰਦਾਂ ਥਲੇ ਲੈ ਕੇ ਉਹ ਮੇਰੇ ਕੋਲ ਆ ਜਾਂਦੀ। ਕਦੀ ਕਦੀ ਤਿੱਤਰ ਲੰਮੀ ਉਡਾਰੀ ਮਾਰ ਕੱਸੀ ਤੋਂ ਪਾਰ ਚਲਾ ਜਾਂਦਾ ਤਾਂ ਚੈਰੀ ਤੋਂ ਕੱਸੀ ਪਾਰ ਨਾ ਹੁੰਦੀ ਤੇ ਉਹ ਵਾਪਸ ਮੁੜ ਆਉਂਦੀ। ਕੱਸੀ ਦੇ ਆਰ ਪਾਰ ਝੰਗੀਆਂ ਵਿਚ ਕਈ ਵਾਰ ਮੋਰ ਪੈਲਾਂ ਪੌਂਦੇ ਤੇ

ਆਵਾਜ਼ਾਂ ਕਢਦੇ ਦਿਸ ਪੈਂਦੇ। ਹਰਨਾਂ ਦੀਆਂ ਡਾਰਾਂ ਵੀ ਤੁਰੀਆਂ ਫਿਰਦੀਆਂ ਦਿਸਦੀਆਂ। ਕਦੀ ਕਦੀ ਰੋਝ ਵੀ ਦਿਸ ਪੈਂਦੇ। ਮੇਰਾ ਜੀਅ ਕਰਦਾ ਕਿ ਮੋਰਾਂ ਵੱਲ ਵੇਖਦਾ ਹੀ ਰਹਾਂ ਤੇ ਕਈ ਵਾਰ ਉਹਨਾਂ ਦੇ ਡਿਗੇ ਖੰਭ ਇਕਠੇ ਕਰ ਲੈਂਦਾ ਜਿਸ ਦੀਆਂ ਪਖੀਆਂ ਵੀ ਬਣ ਜਾਂਦੀਆਂ ਸਨ। ਇਕ ਵਾਰ ਮੈਂ ਝੋਲੇ ਵਿਚ ਪਾ ਕੇ ਕਿੰਨੇ ਸਾਰੇ ਖੰਭ ਇਕਠੇ ਕਰ ਕੇ ਲੈ ਆਂਦੇ ਤੇ ਚੋਰੀ ਮਹਿਕ ਨੂੰ ਦੇ ਦਿਤੇ। ਖੰਬ ਦੇਣ ਤੋਂ ਪਹਿਲਾਂ ਮੈਂ ਇਕ ਖੰਭ ਉਹਦੇ ਖੂਬਸੂਰਤ ਚਿਹਰੇ ਤੋਂ ਪੋਲਾ ਜਿਹਾ ਫੇਰਿਆ ਤੇ ਉਹਦੀਆਂ ਗੋਰੀਆਂ ਬਾਹਵਾਂ ਤੇ ਲੂੰ ਕੰਡੇ ਖੜ੍ਹੇ ਹੋ ਗਏ। ਉਸ ਨੀਵੀਂ ਪਾ ਲਈ ਤੇ ਦਰਵਾਜ਼ੇ ਤੇ ਖੜਕਾ ਹੋਣ ਨਾਲ ਭੱਜ ਕੇ ਆਪਣੇ ਘਰ ਵਾਲੇ ਪਾਸੇ ਚਲੀ ਗਈ। ਚੱਲ ਰਹੀ ਇਸ ਖਾਮੋਸ਼ ਮੁਹਬਤ ਵਿਚ ਅਜੇ ਤਕ ਅਸੀਂ ਜ਼ਬਾਨ ਸਾਂਝੀ ਨਹੀਂ ਸੀ ਕੀਤੀ।

ਬਾਪੂ ਨਵੀਂ ਜ਼ਮੀਨ ਦਾ ਕਬਜ਼ਾ ਲੈਣ ਲਈ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਗੁਦੜਡੰਢੀ ਚਲਾ ਗਿਆ। ਬਹੁਤ ਦਿਨਾਂ ਬਾਅਦ ਮੁੜਿਆ ਤਾਂ ਉਹ ਬੜਾ ਖੁਸ਼ ਸੀ। ਓਥੋਂ ਚੌਲ ਤੇ ਮਿਰਚਾਂ ਵੀ ਲੈ ਕੇ ਆਇਆ ਸੀ। ਦਸਦਾ ਕਿ 42 ਏਕੜ ਮਿਲੀ ਜ਼ਮੀਨ ਵਿਚ 22 ਏਕੜਾਂ ਨੂੰ ਛਿਮਾਹੀ ਨਹਿਰ ਦਾ ਪਾਣੀ ਲਗਦਾ ਹੈ। ਢੋਲ ਝਵੱਕਲੀ, ਗਾਧੀ ਤੇ ਕੁੱਤੇ ਦੇ ਟਿਕ ਟਿਕ ਕਰਨ ਟਿੰਡਾਂ ਵਾਲਾ ਇਕ ਖੂਹ ਵੀ ਅਲਾਟ ਹੋਇਆ ਹੈ। ਪਾਣੀ ਬਹੁਤ ਉਚਾ ਹੈ ਤੇ ਘੜੇ ਭਰ ਕੇ ਲਿਆਣ ਦੀ ਕੋਈ ਲੋੜ ਨਹੀਂ ਹੈ। ਜਦੋਂ ਬਲਦਾਂ ਦੇ ਖੋਪੇ ਦੇ ਕੇ ਤੇ ਗਾਧੀ ਤੇ ਬਹਿ ਕੇ ਬਲਦ ਹਿਕੀ ਦੇ ਹਨ ਤਾਂ ਖੂਹ ਦਾ ਪਾਣੀ ਟਿੰਡਾਂ ਵਿਚੋਂ ਲੋਹੇ ਪਾੜਛੇ ਵਿਚ ਆ ਕੇ ਡਿਗਦਾ ਹੈ ਤੇ ਓਥੋਂ ਅਗੇ ਡੂੰਘੇ ਕੱਚੇ ਚੁਬਚੇ ਵਿਚ। ਓਸ ਤੋਂ ਅਗੇ ਖਾਲੀਆਂ ਨਾਲ ਪੈਲੀਆਂ ਵਿਚ ਜਾਂਦਾ ਹੈ। ਠੰਢੇ ਪਾਣੀ ਨਾਲ ਨਹਾਉਣ ਦਾ ਸਵਾਦ ਆ ਜਾਂਦਾ ਹੈ। ਬਾਕੀ ਦੀ ਜ਼ਮੀਨ ਵਿਚ ਸੜਕੜਾ ਤੇ ਕਾਨੇ ਉਗੇ ਹੋਏ ਹਨ। ਇਸ ਜ਼ਮੀਨ ਨੂੰ ਦਾਭਣ ਕਹਿੰਦੇ ਹਨ, ਬਾਕੀ ਦੀ ਨੂੰ ਨਹਿਰੀ ਤੇ ਚਾਹੀ। ਦਭ ਦੇ ਕੰਡੇ ਬੜੇ ਤਿਖੇ ਹਨ ਤੇ ਪੈਰ ਦੇ ਮਾਸ ਵਿਚ ਹੀ ਭੁਰ ਜਾਂਦੇ ਹਨ ਤੇ ਬੜੀ ਪੀੜ ਕਰਦੇ ਹਨ। ਖਾਲੀ ਜ਼ਮੀਨ ਵਿਚ ਪੋਹਲੀ ਵੀ ਉਘੀ ਹੋਈ ਆ ਤੇ ਕਿਤੇ ਕਿਤੇ ਜ਼ਮੀਨ ਕੱਲਰ ਵਾਲੀ ਵੀ ਹੈ। ਫਸਲ ਬਹੁਤ ਹੁੰਦੀ ਹੈ। ਅਲਾਟ ਹੋਈ ਜ਼ਮੀਨ “ਬੇਰੀਆਂ ਵਾਲਾ ਖੂਹ” ਕਰ ਕੇ ਵਜਦੀ ਹੈ। ਆਸੇ ਪਾਸੇ ਬਹੁਤ ਬੇਰੀਆਂ ਹਨ ਜਿਨ੍ਹਾਂ ਨੂੰ ਬੇ ਬਹਾ ਬੇਰ ਬੜੇ ਮਿਠੇ ਲਗਦੇ ਹਨ। ਵੈਸੇ ਤਾਂ ਪਿੰਡ ਗੁਦੜਢੰਡੀ ਵਿਚ ਕਨਾਲ ਥਾਂ ਦੇ ਆਹਾਤੇ ਵਿਚ ਇਕ ਪਾਸੇ ਬਣਿਆ ਕਾਨਿਆਂ ਦਾ ਬਣਿਆ ਛੱਪਰ ਤੇ ਛੋਟਾ ਜਿਹਾ ਕੱਚਾ ਕੋਠਾ ਵੀ ਅਲਾਟ ਹੋ ਗਿਆ ਹੈ ਪਰ ਜ਼ਮੀਨ ਦੂਰ ਹੋਣ ਕਰ ਕੇ ਰਿਹਾਇਸ਼ ਖੂਹ ਤੇ ਈ ਰਖਣੀ ਆ ਜਿਥੇ ਪਹਿਲਾਂ ਈ ਇਕ ਕਚਾ ਕੋਠਾ ਹੈ। ਪਸ਼ੂਆਂ ਲਈ ਤੇ ਆਏ ਗਏ ਲਈ ਰਾਏ ਸਿੱਖ ਕਾਨਿਆਂ ਤੇ ਸਰਕੜੇ ਦੀਆਂ ਦੋ ਝੁਗੀਆਂ ਪਾ ਦੇਣਗੇ। ਬਾਕੀ ਸਾਰੇ ਪਿੰਡ ਵਿਚ ਕੋਈ ਪੱਕਾ ਕੋਠਾ ਨਹੀਂ ਹੈ। ਇਹ ਅਤੇ ਲਾਗੇ ਦੇ ਅਨੇਕਾਂ ਹੋਰ ਮੁਸਲਮਾਨੀ ਪਿੰਡ ਨਵਾਬ ਮਮਦੋਟ ਦੇ ਸਨ। ਹੁਣ ਇਨ੍ਹਾਂ ਨੂੰ ਮਿੰਟਗੁਮਰੀ ਚੋਂ ਉਜੜ ਕੇ ਆਏ ਬੇਜ਼ਮੀਨੇ ਰਾਏ ਸਿੱਖ ਮੁਜ਼ਾਰੇ ਵਹੁੰਦੇ ਹਨ। ਇਹ ਹਨ ਮੋਨੇ ਪਰ ਆਪਣੇ ਆਪ ਨੂੰ ਰਾਏ ਸਿੱਖ ਅਖਵਾਉਂਦੇ ਹਨ। ਦੂਰ ਦੂਰ ਤਕ ਜ਼ਮੀਨਾਂ ਖਾਲੀ ਪਈਆਂ ਹਨ ਕਿਉਂਕਿ ਹਾਲੇ ਤਕ ਅਲਾਟੀ ਨਹੀਂ ਆਏ ਤੇ ਕਾਨਾ ਏਨਾ ਜ਼ਿਆਦਾ ਹੈ ਕਿ ਹਥ ਤੇ ਹਥ ਮਾਰ ਕੇ ਬੰਦਾ ਕਾਨਿਆਂ ਵਿਚ ਲੁਕ ਜਾਵੇ ਤਾਂ ਲਭ ਨਹੀਂ ਸਕਦਾ। ਕਾਨਿਆਂ ਦੇ ਜੰਗਲ ਵਿਚ ਸਹੇ, ਸੂਰ, ਸੱਪ, ਗਿੱਦੜ ਤੇ ਤਿੱਤਰ ਆਮ ਤੁਰੇ ਫਿਰਦੇ ਹਨ ਪਰ ਕਾਸ਼ਤ ਹੇਠਲੀ ਜ਼ਮੀਨ ਧਾਈਂ (ਚੌਲ), ਕਪਾਹ, ਮਿਰਚਾਂ, ਕਮਾਦ, ਕਣਕ ਤੇ ਚਰ੍ਹੀ ਨੂੰ ਬੜੀ ਝਲਦੀ ਹੈ। ਪਠਿਆਂ ਦੀ ਕੋਈ ਪਰਵਾਹ ਨਹੀਂ ਸੀ। ਨਵੀਂ ਜ਼ਮੀਨ ਬਾਰੇ ਬਾਪੂ ਤੋਂ ਸੁਣ ਕੇ ਮਨ ਖੁਸ਼ ਹੋ ਗਿਆ ਤੇ ਪਿੰਡ ਦਾ ਕਲਪਤ ਨਕਸ਼ਾ ਮੇਰੇ ਮਨ ਵਿਚ ਬਨਣਾ ਸ਼ੁਰੂ ਹੋ ਗਿਆ। ਬਾਪੂ ਨੇ ਇਹ ਵੀ ਦਸਿਆ ਕਿ ਸਾਡੀ ਜ਼ਮੀਨ ਨੂੰ ਜਿਹੜੇ ਰਾਏ ਸਿੱਖ ਮੁਜ਼ਾਰੇ ਵਹੁੰਦੇ ਹਨ, ਉਹ ਇਹ ਵੀ ਕਹਿੰਦੇ ਹਨ ਕਿ ਇਕ ਦਿਨ ਪੰਡਤ ਜਵਾਹਰ ਲਾਲ ਨਹਿਰੂ ਨੇ ਫਿਰੋਜ਼ਪੁਰ ਆਉਣਾ ਹੈ ਅਤੇ ਉਹਨੇ ਸਾਰੇ ਮੁਜ਼ਾਰਿਆਂ ਨੂੰ ਜ਼ਮੀਨ ਦਾ ਪੱਕਾ ਕਬਜ਼ਾ ਦੇ ਦੇਣਾ ਹੈ। ਬਾਪੂ ਨੇ ਇਹ ਵੀ ਦਸਿਆ ਕਿ ਰਾਏ ਸਿੱਖ ਸ਼ਿਕਾਰ ਦੇ ਬੜੇ ਸ਼ੁਕੀਨ ਹਨ ਅਤੇ ਬਰਛਿਆਂ ਨਾਲ ਸੂਰ ਮਾਰ ਲੈਂਦੇ ਸਨ ਜੋ ਬੜਾ ਔਖਾ ਕੰਮ ਹੈ। ਰਾਏ ਸਿੱਖ ਸੂਰ ਤੋਂ ਇਲਾਵਾ ਫਾਹੀ ਲਾ ਕੇ ਸਹੇ ਅਤੇ ਤਿੱਤਰ ਫੜਨ ਤੇ ਛਪੜਾਂ ਅਤੇ ਡੂੰਬਾਂ ਚੋਂ ਮਛੀ ਫੜਨ ਦੇ ਵੀ ਬੜੇ ਕਾਰੀਗਰ ਹਨ। ਉਹਨਾਂ ਦੇ ਨਿਕੇ ਨਿਕੇ ਮੁੰਡੇ ਵੀ ਮਾਲ ਚਾਰਨ ਗਏ ਘੋੜੇ ਦੀ ਪੂਛ ਦੇ ਵਾਲਾਂ ਦੀਆਂ ਫਾਹੀਆਂ ਬਣਾ ਕੇ ਤਿਤਰ ਫੜ ਲੈਂਦੇ ਹਨ। ਰੂੜੀ ਮਾਰਕਾ ਦੇਸੀ ਦਾਰੂ ਵੀ ਬੜੀ ਕਢਦੇ ਤੇ ਪੀਂਦੇ ਹਨ। ਆਪਸ ਵਿਚ ਲੜਦੇ ਭਿੜਦੇ ਵੀ ਬਹੁਤ ਹਨ। ਫਿਰੋਜ਼ਪੁਰ ਦੀ ਬੇਟ ਵਿਚ ਫਾਜ਼ਿਲਕਾ ਤਕ ਸਤਲੁਜ ਦਰਿਆ ਦੀ ਹਿੰਦੋਸਤਾਨ ਵੱਲ ਪੈਂਦੀ ਵਖੀ ਵਿਚ ਇਹ ਵਡੀ ਗਿਣਤੀ ਵਿਚ ਵਸੇ ਹੋਏ ਹਨ।

ਇਕ ਦਿਨ ਹਾਕੂ ਰਾ (ਇਕ ਮੋਨਾ ਰਾਏ ਸਿੱਖ) ਲਭਦਾ ਲਭਾਉਂਦਾ, ਪੁਛਦਾ ਪੁਛਾਉਂਦਾ ਮਹਿਤੇ ਸਾਡੇ ਘਰ ਆ ਗਿਆ। ਉਹਦਾ ਰੰਗ ਕਾਲਾ ਤੇ ਬੋਲੀ ਬੜੀ ਵਖਰੀ ਸੀ ਤੇ ਵੇਖਣ ਨੂੰ ਜਾਂਗਲੀ ਲਗਦਾ ਸੀ। ਹਰ ਗੱਲ ਵਿਚ “ਮੁੜ ਚਾ ਲੰਬਰਦਾਰਾ” ਜ਼ਰੂਰ ਕਹਿੰਦਾ ਤੇ ਮੈਨੂੰ ਉਹਦੀ ਬੋਲੀ ਦੀ ਪੂਰੀ ਤਰ੍ਹਾਂ ਸਮਝ ਨਹੀਂ ਆਉਂਦੀ ਸੀ। ਉਹ ਬਾਪੂ ਨੂੰ ਲੰਬਰਦਾਰ ਤੇ ਮਾਂ ਨੂੰ ਲੰਬੜਦਾਰਨੀ ਕਹਿ ਕੇ ਤੇ ਦੋਹਾਂ ਦੇ ਪੈਰੀਂ ਹਥ ਲਾਇਆ। ਮੈਨੂੰ ਕਾਕਾ ਜੀ ਜਾਂ ਛੋਟਾ ਸਰਦਾਰ ਕਹਿ ਕੇ ਮੇਰੇ ਵੀ ਪੈਰੀਂ ਹਥ ਲਾਇਆ। ਉਹ ਚੌਲ ਤੇ ਆਟਾ ਲੈ ਕੇ ਆਇਆ ਸੀ। ਉਹ ਬਾਪੂ ਤੋਂ ਹਿੱਸੇ ਤੇ ਜ਼ਮੀਨ ਵਹੁਣ ਦੀ ਇਜਾਜ਼ਤ ਲੈਣ ਆਇਆ ਸੀ। ਬਾਪੂ ਜ਼ਮੀਨ ਉਹਦੇ ਦੂਜੇ ਭਰਾ ਕਾਲੂ ਰਾ ਨੂੰ ਦੇ ਆਇਆ ਸੀ ਪਰ ਦੋਹਾਂ ਭਰਾਵਾਂ ਦੀ ਆਪੋ ਵਿਚ ਬਣਦੀ ਨਹੀਂ ਸੀ। ਹਾਕੂ ਰਾ ਕਈ ਦਿਨ ਮਹਿਤੇ ਸਾਡੇ ਘਰ ਰਿਹਾ ਤੇ ਮਾਲ ਡੰਗਰ ਨੂੰ ਪਠੇ ਆਦਿ ਪੌਂਦਾ ਰਿਹਾ ਤੇ ਮਝ ਦੀ ਧਾਰ ਵੀ ਕਢ ਦਿੰਦਾ। ਬਾਪੂ ਨੇ ਉਸ ਨੂੰ ਅਧੀ ਜ਼ਮੀਨ ਵਾਹੁਣ ਲਈ ਕਹਿ ਦਿਤਾ ਤੇ ਦੁਧ ਦੇਣ ਵਾਲੀ ਮਝ ਤੋਂ ਇਲਾਵਾ ਕੁਝ ਪਸ਼ੂ ਉਹਦੇ ਅਗੇ ਲਾ ਦਿਤੇ ਜਿਨ੍ਹਾਂ ਨੂੰ ਤੋਰ ਕੇ ਉਹ ਤਿੰਨ ਚਾਰ ਦਿਨਾਂ ਵਿਚ ਫਿਰੋਜ਼ਪੁਰੋਂ 20 ਮੀਲ ਅਗੇ ਪੈਂਦੇ ਪਿੰਡ ਗੁਦੜਢੰਡੀ ਲੈ

ਗਿਆ। ਹਾਕੂ ਰਾਅ ਇਕ ਗਧੀ ਵੀ ਨਾਲ ਲੈ ਗਿਆ ਕਿਓਂਕਿ ਓਸ ਪਿੰਡ ਵਿਚ ਕਿਸੇ ਕੋਲ ਕੋਈ ਗੱਡਾ ਨਹੀਂ ਸੀ ਅਤੇ ਵਾਹੀ ਵਿਚ ਪਠੇ ਲਿਆਉਣ ਅਤੇ ਮੰਡੀ ਫਸਲ ਲਿਜਾਣ ਤੇ ਦਾਣੇ ਪਿਸਾਣ ਲਈ ਖੋਤੀ ਬੜੀ ਕੰਮ ਆਉਂਦੀ ਸੀ। ਬੰਦੇ ਨੂੰ ਸਿਰ ਤੇ ਪੰਡ ਚੁਕ ਕੇ ਨਹੀਂ ਜਾਣਾ ਪੈਂਦਾ ਸੀ। ਓਦੋਂ ਅਜੇ ਤਕ ਪੰਜਾਬ ਵਿਚ ਟਰੈਕਟਰ ਨਹੀਂ ਸਨ ਆਏ।

ਨਤੀਜਾ ਨਿਕਲਿਆ ਤੇ ਸਾਰੀ ਕਲਾਸ ਫੇਲ ਸੀ। ਮੈਂ ਵੀ ਫੇਲ ਸਾਂ। ਮਾਂ ਗਾਲਾਂ ਕਢ ਰਹੀ ਸੀ ਪਰ ਬਾਪੂ ਨੇ ਕੁਝ ਨਾ ਕਿਹਾ ਤੇ ਹੌਸਲਾ ਕਰ ਕੇ ਦੋਬਾਰਾ ਇਮਤਿਹਾਨ ਦੇਣ ਲਈ ਓਸੇ ਸਕੂਲ ਵਿਚ ਹੀ ਪੜ੍ਹਣ ਜਾਣ ਲਈ ਕਹਿ ਦਿਤਾ। ਮੈਂ ਬਹੁਤ ਉਦਾਸ ਹੋ ਗਿਆ ਸਾਂ। ਮੈਂ ਢਠੇ ਮਨ ਨਾਲ ਸਕੂਲ ਜਾਣ ਦੀ ਸੋਚ ਰਿਹਾ ਸਾਂ। ਕਈ ਵਾਰ ਚੁਪ ਚਾਪ ਦਰਵਾਜ਼ੇ ਵਿਚ ਮੰਜੀ ਡਾਹ ਕੇ ਬੈਠ ਜਾਂਦਾ ਜਾਂ ਲੇਟ ਜਾਂਦਾ। ਸ਼ਾਹਾਂ ਦਾ ਅਮਰਨਾਥ ਸਿੰਗਲਾ ਵੀ ਫੇਲ ਹੋ ਗਿਆ ਸੀ। ਓਸ ਨੇ ਵੀ ਦੋਬਾਰਾ ਐਸ ਡੀ ਸਕੂਲ ਬਠਿੰਡੇ ਦਾਖਲ ਹੋਣ ਦਾ ਫੈਸਲਾ ਕਰ ਲਿਆ ਸੀ। ਮੈਨੂੰ ਏਨੀ ਸਮਝ ਆ ਗਈ ਸੀ ਕਿ ਬਹੁਤੀਆਂ ਪਿਕਚਰਾਂ ਵੇਖਣ ਤੇ ਨਾਵਲ ਪੜ੍ਹਨ ਕਾਰਨ ਮੇਰਾ ਮਨ ਸਕੂਲ ਦੀ ਪੜ੍ਹਾਈ ਤੋਂ ਉਚਾਟ ਹੋ ਗਿਆ ਸੀ ਤੇ ਕੁਝ ਮਹਿਕ ਵੀ ਮੇਰੇ ਮਨ ਦੇ ਅਤੇ ਮੇਰੇ ਮੇਰੇ ਆਲੇ ਦਵਾਲੇ ਖਿਲਰ ਗਈ ਸੀ। ਮਹਿਕ ਨੂੰ ਵੀ ਪਤਾ ਲਗ ਗਿਆ ਸੀ ਕਿ ਮੈਂ ਫੇਲ ਹੋ ਗਿਆ ਸਾਂ। ਸਕੂਲ ਵਿਚ ਦੋਬਾਰਾ ਦਾਖਲ ਹੋਣ ਤੋਂ ਪਹਿਲਾਂ ਮੈਂ ਇਕ ਦਿਨ ਦਰਵਾਜ਼ੇ ਵਿਚ ਮੰਜੇ ਤੇ ਸਾਂਝੀ ਥੰਮੀ ਨਾਲ ਢੋ ਲਾਈਂ ਬੈਠਾ ਸਾਂ ਕਿ ਉਹ ਦਰਵਾਜ਼ੇ ਵਿਚ ਆਈ, ਮੈਨੂੰ ਉਦਾਸ ਵੇਖਿਆ। ਸਾਡੇ ਘਰ ਅੰਦਰ ਗਈ ਤੇ ਮੇਰੇ ਬਸਤੇ ਵਿਚੋਂ ਕੁਝ ਕਿਤਾਬਾਂ ਕਢ ਕੇ ਮੇਰੇ ਅਗੇ ਪੜ੍ਹਨ ਲਈ ਕਰ ਦਿਤੀਆਂ। ਉਹਦੇ ਚਿਹਰੇ ਦੇ ਹਾਵ ਭਾਵ ਦੱਸ ਰਹੇ ਸਨ ਕਿ ਮੇਰੇ ਫੇਲ ਹੋਣ ਦਾ ਉਸ ਨੂੰ ਵੀ ਬੜਾ ਸਦਮਾ ਪਹੁੰਚਿਆ ਸੀ। ਅਗੇ ਉਹ ਮੁਸਕਰਾ ਕੇ ਨੀਵੀਂ ਪਾ ਲੈਂਦੀ ਸੀ। ਹੁਣ ਉਹ ਨਾ ਮੁਸਕਰਾਂਦੀ ਸੀ ਤੇ ਨਾ ਹੀ ਨੀਵੀਂ ਪੌਂਦੀ ਸੀ ਸਗੋਂ ਉਹਦੇ ਵੱਲ ਵੇਖ ਕੇ ਮੈਂ ਨੀਵੀਂ ਪਾ ਲੈਂਦਾ ਸਾਂ।

ਕੁਝ ਦਿਨਾਂ ਬਾਅਦ ਜਦੋਂ ਮੈਂ ਦੋਬਾਰਾ ਸਕੂਲ ਵਿਚ ਦਾਖਲ ਹੋਣ ਲਈ ਘਰੋਂ ਦਰਵਾਜ਼ੇ ਕੋਲ ਪਹੁੰਚਿਆ ਤੇ ਮਾਂ ਪੜ੍ਹਾਈ ਵਲ ਧਿਆਨ ਦੇਣ ਦੀ ਚਿਤਾਵਨੀ ਦੇ ਕੇ ਤੇ ਮੇਰਾ ਸਿਰ ਪਲੋਸ ਕੇ ਮੁੜ ਗਈ ਤਾਂ ਉਹ ਫੁਰਤੀ ਨਾਲ ਆਈ ਤੇ ਇਕ ਝੋਲਾ ਮੇਰੇ ਹਥ ਵਿਚ ਫੜਾ ਕੇ ਤੁਰਤ ਮੁੜ ਗਈ। ਸਟੇਸ਼ਨ ਦੇ ਰਸਤੇ ਵਿਚ ਆ ਕੇ ਮੈਂ ਵੇਖਿਆ ਕਿ ਤਣੀਆਂ ਵਾਲੇ ਝੋਲੇ ਵਿਚ ਦੇਸੀ ਘਿਓ ਦੀ ਇਕ ਪੀਪੀ ਤੇ ਰੰਗ ਬਰੰਗੀਆਂ ਬੂਟੀਆਂ ਵਾਲਾ ਹਥ ਦਾ ਕਢਿਆ ਇਕ ਰੁਮਾਲ ਸੀ ਜਿਸ ਤੇ ਬਾਗ ਚੋਂ ਉਡਦੀਆਂ ਚਿੜੀਆਂ ਤੇ ਲਾਲ ਚੁੰਝ ਵਾਲਾ ਤੋਤਾ ਕਢਿਆ ਹੋਇਆ ਸੀ। ਇਹਨਾਂ ਚਿੜੀਆ ਅਤੇ ਤੋਤੇ ਦੀਆਂ ਅਖਾਂ ਵਿਚ ਪਤਾ ਨਹੀਂ ਕਿੰਨੇ ਕੁ ਸੁਪਣੇ ਸਮੋਏ ਹੋਏ ਸਨ। ਮੈਨੂੰ ਇੰਜ ਲਗਿਆ ਕਿ ਇਸ ਕਢੇ ਹੋਏ ਬੂਟੀਆਂ ਵਾਲੇ ਰੁਮਾਲ ਤੇ ਦੇਸੀ ਘਿਓ ਦੀ ਪੀਪੀ ਵਿਚ ਮੇਰੇ ਫੇਲ ਹੋਣ ਦੇ ਪਤਾ ਨਹੀਂ ਕਿੰਨੇ ਕੁ ਉਲਾਂਭੇ ਲੁਕੇ ਹੋਏ ਸਨ।

### ਮਾਵਾਂ ਧੀਆਂ ਦੀ ਕੁੱਟ

ਗਰਮੀਆਂ ਦੀ ਇਕ ਸ਼ਾਮ ਨੂੰ ਮੈਂ ਮਹਿਤੇ ਆਇਆ ਤਾਂ ਬਾਪੂ ਕਹਿਣ ਲੱਗਾ ਕਿ ਜੇ ਮੈਂ ਚਾਹਾਂ ਤਾਂ ਗੋਨਿਆਣਾ ਮੰਡੀ ਵਾਲੇ ਸਕੂਲ ਦੀ ਬਜਾਏ ਮੈਂ ਫਿਰੋਜ਼ਪੁਰ ਦੇ ਕਿਸੇ ਸਕੂਲ ਵਿਚ ਦਾਖਲ ਹੋ ਜਾਵਾਂ ਤੇ ਓਥੇ ਹੀ ਹੋਸਟਲ ਵਿਚ ਰਹਿ ਕੇ ਪੜ੍ਹਾਈ ਕਰਾਂ। ਓਥੋਂ ਪਕੀ ਅਲਾਟ ਹੋਈ ਜ਼ਮੀਨ ਵਾਲੇ ਪਿੰਡ ਵੀ ਮਹੀਨੇ ਵਿਚ ਇਕ ਦੋ ਵਾਰ ਗੇੜਾ ਮਾਰ ਜਾਇਆ ਕਰਾਂ। ਮੈਂ ਕਿਹਾ ਕਿ ਮੈਂ ਮੰਡੀ ਵਾਲੇ ਸਕੂਲ ਦੋਬਾਰਾ ਦਾਖਲ ਹੋ ਕੇ ਮੈਂ ਆਪਣੇ ਆਪ ਨੂੰ ਪੜ੍ਹਾਈ ਵਿਚ ਖੋਭ ਲਿਆ ਹੈ। ਨਾਲੇ ਮਹਿਤਾ ਛਡਦਿਆਂ ਛਡਦਿਆਂ ਸਾਲ ਛੇ ਮਹੀਨੇ ਲਗ ਜਾਣੇ ਹਨ। ਫਿਰੋਜ਼ਪੁਰ ਵਡਾ ਸ਼ਹਿਰ ਹੈ ਅਤੇ ਮੈਨੂੰ ਓਥੇ ਕੋਈ ਜਾਣਦਾ ਵੀ ਨਹੀਂ। ਇਸ ਲਈ ਏਥੇ ਈ ਠੀਕ ਆ। ਫੇਲ ਹੋਏ ਮੁੰਡਿਆਂ ਵਿਚੋਂ ਕਈ ਤਾਂ ਸਕੂਲ ਛਡ ਗਏ ਸਨ ਅਤੇ ਕੁਝ ਦੋਬਾਰਾ ਦਾਖਲ ਹੋ ਗਏ ਸਨ। ਨਹੀਆਂਵਾਲਾ ਪਿੰਡ ਕੋਲੋਂ ਬਠਿੰਡੇ ਨੂੰ ਜਾਂਦੀ ਰੇਲਵੇ ਲਾਈਨ ਦੇ ਦੂਜੇ ਪਾਸੇ ਹੋਸਟਲ ਦੇ ਬਾਹਰ ਇਕ ਛਪੜ ਸੀ ਜਿਸ ਦੇ ਕੰਢੇ ਤੇ ਇਕ ਬਹੁਤ ਵਡਾ ਬੋਹੜ ਦਾ ਰੁੱਖ ਸੀ। ਮੈਂ ਅਕਸਰ ਸ਼ਾਮ ਨੂੰ ਇਸ ਬੋਹੜ ਉਤੇ ਚੜ੍ਹ ਕੇ ਟਾਹਣਿਆਂ ਦੇ

ਵਿਚਕਾਰ ਬਣੇ ਇਕ ਥਾਂ ਤੇ ਬੈਠ ਜਾਂਦਾ ਤੇ ਪੜ੍ਹਦਾ ਰਹਿੰਦਾ। ਕਈ ਵਾਰ ਹੋਸਟਲ ਦੇ ਨਾਲ ਰਹਿੰਦੇ ਮੁੰਡਿਆਂ ਨੂੰ ਪਤਾ ਵੀ ਨਾ ਲਗਦਾ ਕਿ ਮੈਂ ਕਿਥੇ ਚਲਾ ਜਾਂਦਾ ਸਾਂ। ਜਦੋਂ ਕੋਟਕਪੂਰੇ ਮਾਰਚ ਵਿਚ ਇਮਤਿਹਾਨ ਦੇਣ ਦਾ ਸੈਂਟਰ ਬਣਿਆ ਸੀ ਤਾਂ ਓਥੋਂ ਦਾ ਇਕ ਬੜਾ ਖੂਬਸੂਰਤ ਮੁੰਡਾ ਬਲਦੇਵ ਜੋ ਬੜੇ ਕੀਮਤੀ ਤੇ ਖੂਬਸੂਰਤ ਕਪੜੇ ਪਹਿਨਦਾ ਸੀ, ਮੇਰਾ ਦੋਸਤ ਬਣ ਗਿਆ। ਅਮੀਰ ਹੋਣ ਕਰ ਕੇ ਉਹ ਕਈ ਵਾਰ ਮੈਨੂੰ ਜਾਂ ਮੇਰੇ ਨਾਲ ਦਿਆਂ ਨੂੰ ਚਾਹ ਨਾਲ ਪੇਸਟਰੀ ਜਾਂ ਕੇਕ ਲੈ ਕੇ ਖਵਾ ਦੇਂਦਾ। ਇਹ ਸਾਨੂੰ ਬੜੇ ਸਵਾਦ ਲਗਦੇ ਤੇ ਬਲਦੇਵ ਸਾਨੂੰ ਆਪਣੇ ਨਾਲੋਂ ਬੜਾ ਵਡਾ ਵਡਾ ਲਗਦਾ ਤੇ ਅਸੀਂ ਉਹਦਾ ਰੁਅਬ ਜਿਹਾ ਵੀ ਮੰਨਦੇ। ਇਕ ਵਾਰ ਓਸ ਕਿਹਾ ਕਿ ਮੈਂ ਐਕਟਰ ਬਨਣ ਲਈ ਬੰਬਈ ਵੀ ਜਾ ਆਇਆ ਹਾਂ ਅਤੇ ਬੰਬਈ ਤੋਂ ਸੱਪ ਦੀ ਖੱਲ ਦੇ ਬੂਟ ਲੈ ਕੇ ਆਇਆ ਹਾਂ। ਅਸੀਂ ਉਹਦਾ ਸੱਚ ਮੰਨ ਲੈਂਦੇ ਅਤੇ ਓਸ ਨੂੰ ਕਿਸੇ ਦਿਨ ਸੱਪ ਦੀ ਖੱਲ ਦੇ ਬਣੇ ਹੋਏ ਬੂਟ ਪਾ ਕੇ ਆਉਣ ਲਈ ਕਹਿੰਦੇ। ਕਈ ਵਾਰ ਓਸ ਨਾਲ ਬਠਿੰਡੇ ਸਟੇਸ਼ਨ ਤੇ ਤੁਰੇ ਫਿਰਦਿਆਂ ਮੇਲ ਹੋ ਜਾਂਦਾ। ਹਰ ਵਾਰ ਉਸਦੇ ਕਪੜੇ ਵਧੀਆ ਪਾਏ ਹੁੰਦੇ। ਉਹਦੀ ਜੇਬ ਵਿਚ ਪੈਸੇ ਵੀ ਹੁੰਦੇ ਅਤੇ ਉਹ ਸਾਨੂੰ ਸਟੇਸ਼ਨ ਤੇ ਚਾਹ ਵੇਚਣ ਵੇਚਣ ਵਾਲਿਆਂ ਚਾਹ ਖਰੀਦ ਕੇ ਜ਼ਰੂਰ ਪਿਆਉਂਦਾ ਤੇ ਚਾਹ ਨਾਲ ਕੁਝ ਨਾ ਕੁਝ ਖਾਣ ਲਈ ਵੀ ਜ਼ਰੂਰ ਲੈਂਦਾ। ਕਰੀਮ ਰੋਲ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਬਠਿੰਡੇ ਦੇ ਰੇਲਵੇ ਸਟੇਸ਼ਨ ਤੇ ਹੀ ਖਾਧੇ। ਉਹ ਕਦੀ ਟਿਕਟ ਨਹੀਂ ਲੈਂਦਾ ਸੀ ਅਤੇ ਕਹਿੰਦਾ ਕਿ ਰੇਲਵੇ ਵਾਲੇ ਬਹੁਤੇ ਉਹਨੂੰ ਜਾਣਦੇ ਸਨ। ਪਤਾ ਨਹੀਂ ਉਹ ਘਰੋਂ ਕਿੰਨਾ ਕੁ ਅਮੀਰ ਸੀ ਪਰ ਬਹੁਤ ਪਿਛੋਂ ਜਦੋਂ ਮੈਂ ਆਰ ਐਸ ਡੀ ਕਾਲਜ ਫਿਰੋਜ਼ਪੁਰ ਦਾਖਲ ਹੋ ਗਿਆ ਸਾਂ ਤਾਂ ਕੋਟਕਪੂਰੇ ਜਾ ਕੇ ਉਹਨੂੰ ਲਭ ਲਿਆ ਤਾਂ ਉਹ ਆਪਣੇ ਪਿਓ ਦੀ ਟਰੰਕਾਂ ਦੀ ਦੁਕਾਨ ਤੇ ਬੈਠਾ ਸੀ ਤੇ ਪੜ੍ਹਾਈ ਛਡ ਗਿਆ ਸੀ। ਮੈਂ ਉਹਨੂੰ ਆਪਣਾ ਕਾਲਜ ਦਾ ਅਤਾ ਪਤਾ ਲਿਖਾ ਦਿਤਾ ਤੇ ਉਹ ਕਦੀ ਕਦੀ ਮੈਨੂੰ ਮਿਲਣ ਲਈ ਆ ਜਾਂਦਾ ਤੇ ਫਿਰ ਹੋਰ ਕੁਝ ਸਾਲਾਂ ਪਿਛੋਂ ਪਤਾ ਲਗਾ ਕਿ ਉਹ ਇਸ ਦੁਨੀਆ ਵਿਚ ਨਹੀਂ ਰਿਹਾ ਸੀ। ਮੈਂ ਸੋਚਿਆ ਉਸ ਦੇ ਬਗੈਰ ਕੋਟਕਪੂਰੇ ਵਿਚ ਹੁਣ ਮੇਰਾ ਕੌਣ ਸੀ। ਵੈਸੇ ਵੀ ਮੈਂ ਕੋਟ ਕਪੂਰੇ ਨੂੰ ਪਸੰਦ ਨਹੀਂ ਕਰਦਾ ਸਾਂ ਜਿਥੇ ਸੈਂਟਰ ਬਨਣ ਨਾਲ ਮੇਰੀ ਪੜ੍ਹਾਈ ਵਿਚ ਵਿਘਨ ਪਿਆ ਤੇ ਸ਼ੇਖ ਚਿਲੀ ਵਾਲੇ ਸੁਫਨੇ ਲੈਣ ਵਾਲਾ ਮੈਂ ਦਸਵੀਂ ਵਿਚੋਂ ਹੀ ਫੇਲ ਹੋ ਗਿਆ ਸਾਂ। ਮੈਨੂੰ ਕਲਾਸ ਵਿਚ ਪੜ੍ਹਦਿਆਂ ਪੜ੍ਹਦਿਆਂ ਦਿਮਾਗੀ ਤੌਰ ਤੇ ਗੈਰ ਹਾਜ਼ ਹੋਣ ਦੀ ਆਦਤ ਪੈ ਗਈ ਸੀ। ਟੀਚਰ ਜੋ ਪੜ੍ਹਾ ਰਿਹਾ ਹੁੰਦਾ, ਮੈਂ ਘਟ ਸੁਣਦਾ ਅਤੇ ਖਿਆਲਾਂ ਦੇ ਘੋੜੇ ਦੁੜਾ ਕੇ ਕਿਧਰੇ ਹੋਰ ਪਹੁੰਚ ਜਾਂਦਾ। ਦਿਨੇ ਸੁਪਣੇ ਲੈਣ ਦੀ ਆਦਤ ਫਿਲਮਾਂ ਵੇਖ ਵੇਖ ਅਤੇ ਨਾਵਲ ਪੜ੍ਹ ਪੜ੍ਹ ਕੇ ਪੈ ਗਈ ਸੀ। ਪਤਾ ਨਹੀਂ ਇਹ ਆਦਤ ਚੰਗੀ ਜਾਂ ਮਾੜੀ ਪਰ ਇਹ ਮੇਰਾ ਨੁਕਸਾਨ ਕਰ ਰਹੀ ਸੀ।

ਗਰਮੀਆਂ ਦੀ ਇਕ ਸ਼ਾਮ ਹਾਲੇ ਰਾਤ ਵਿਚ ਨਹੀਂ ਸੀ ਬਦਲੀ। ਮਾਂ ਗੁਰਦਵਾਰੇ ਚੋਂ ਰਹਿਰਾਸ ਦਾ ਪਾਠ ਸੁਣ ਕੇ ਅਤੇ ਮਥਾ ਟੇਕ ਕੇ ਮੁੜੀ ਹੀ ਸੀ ਕਿ ਨਾਲ ਦੇ ਘਰੋਂ ਮਹਿਕ ਤੇ ਉਹਦੀ ਮਾਂ ਨੂੰ ਚਾਨਣ ਸਿੰਘ ਵੱਲੋਂ ਕੁਟ ਮਾਰ ਅਤੇ ਗਾਲਾਂ ਦੀਆਂ ਆਵਾਜ਼ਾਂ ਸਾਡੇ ਪਾਸੇ ਸੁਣ ਰਹੀਆਂ ਸਨ। ਮਾਂ ਧੀ ਦੀਆਂ ਰੋਂਦੀਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ ਕਿ ਸਾਨੂੰ ਬਚਾਓ ਨਹੀਂ ਤਾਂ ਇਹ ਸਾਨੂੰ ਮਾਰ ਦੇਵੇਗਾ। ਕੁਝ ਚਿਰ ਤਾਂ ਮੈਂ ਬਾਪੂ ਤੇ ਮੇਰੀ ਮਾਂ ਰੋਣ ਪਿਟਣ, ਕੁੱਟ ਤੇ ਗਾਲਾਂ ਦੀਆਂ ਅਵਾਜ਼ਾ ਸੁਣਦੇ ਰਹੇ ਪਰ ਜਦ ਇਹ ਬੰਦ ਨਾ ਹੋਈਆਂ ਤਾਂ ਬਾਪੂ ਮੇਰੀ ਮਾਂ ਦੇ ਮਨ੍ਹਾ ਕਰਨ ਦੇ ਬਾਵਜੂਦ ਓਸ ਪਾਸੇ ਚਲਾ ਗਿਆ। ਚਾਨਣ ਸਿੰਹੁ ਨੇ ਸ਼ਰਾਬ ਪੀਤੀ ਹੋਈ ਸੀ। ਬਾਪੂ ਦੇ ਜਾਣ ਤੇ ਉਹ ਕੁਟਣੋਂ ਤਾਂ ਹਟ ਗਿਆ ਪਰ ਗਾਲਾਂ ਦੀਆਂ ਆਵਾਜ਼ਾਂ ਅਜੇ ਵੀ ਆ ਰਹੀਆਂ ਸਨ। ਬਾਪੂ ਨੇ ਚਾਨਣ ਸਿਹੁੰ ਨੂੰ ਸਮਝਾਇਆ ਕਿ ਇਹਨਾਂ ਗਰੀਬਨੀਆਂ ਨੂੰ ਕਿਉਂ ਕੁੱਟਦਾ ਏਂ ਤਾਂ ਅਗੋਂ ਕਹਿਣ ਲਗਾ ਤੈਨੂੰ ਨਹੀਂ ਪਤਾ ਜਥੇਦਾਰਾ ਇਹਨਾਂ ਨੇ ਬੜਾ ਗੰਦ ਪਾਇਆ ਹੋਇਆ ਹੈ। ਬਾਪੂ ਨੇ ਫਿਰ ਕਿਹਾ ਜਵਾਨ ਜਨਾਹ ਧੀ ਨੂੰ ਨਹੀਂ ਕੁੱਟੀਦਾ ਹੁੰਦਾ ਤਾਂ ਜਾ ਕੇ ਚੰਨਣ ਸਿਹੁੰ ਹਟਿਆ ਪਰ ਦੋਹਾਂ ਮਾਵਾਂ ਧੀਆਂ ਅਜੇ ਵੀ ਰੋ ਰਹੀਆਂ ਸਨ ਅਤੇ ਲਗਦਾ ਸੀ ਕਿ ਉਹਨਾਂ ਨੂੰ ਚੰਨਣ ਸਿਹੁੰ ਨੇ ਬਹੁਤ ਕੁੱਟਿਆ ਸੀ। ਅਗਲੇ ਦਿਨ ਨਮੋਸ਼ੀ ਦੀਆਂ ਮਾਰੀਆਂ ਮਾਵਾਂ ਧੀਆਂ ਬਾਹਰ ਨਹੀਂ ਨਿਕਲ ਰਹੀਆਂ ਸਨ ਤੇ ਮੈਂ ਵੇਖਿਆ ਕਿ ਮਹਿਕ ਦੇ ਖੂਬਸੂਰਤ ਚਿਹਰੇ ਤੇ ਸਟਾਂ ਦੇ ਨਿਸ਼ਾਨ ਸਨ। ਮੇਰੀ ਮਾਂ ਨੇ ਮੈਨੂੰ ਮਹਿਕ ਦੇ ਘਰ ਵੱਲ ਝਾਤੀ ਮਾਰਨ ਤੋਂ ਹਟਕ ਦਿਤਾ ਸੀ ਤੇ ਆਪਣੀ ਪੜ੍ਹਾਈ ਵੱਲ ਧਿਆਨ ਦੇਣ ਲਈ ਕਹਿੰਦੀ ਰਹਿੰਦੀ। ਜਿਸ ਦਿਨ ਵੀ ਚੰਨਣ ਸਿਹੁੰ ਸ਼ਰਾਬ ਪੀ ਕੇ ਆਉਂਦਾ, ਮਾਵਾਂ ਧੀਆਂ ਦਾ ਕੁਟਾਪਾ ਜ਼ਰੂਰ ਕਰਦਾ। ਹੁਣ ਬਾਪੂ ਦੇ ਸਮਝਾਉਣ ਤੇ ਵੀ ਨਹੀਂ ਸਮਝਦਾ ਸੀ। ਮਹਿਕ ਹੁਣ ਬਹੁਤਾ ਅੰਦਰ ਈ ਵੜੀ ਰਹਿੰਦੀ ਤੇ ਚੁਪ ਚਾਪ ਰਹਿੰਦੀ। ਜੇ ਕਿਤੇ ਟਾਕਰਾ ਹੋ ਵੀ ਜਾਂਦਾ ਤਾਂ ਪਾਸਾ ਵੱਟ ਕੇ ਲੰਘ ਜਾਂਦੀ ਜਿਵੇਂ ਇਕ ਦੂਜੇ ਨੂੰ ਕਦੇ ਵੇਖਿਆ ਵੀ ਨਾ ਹੋਵੇ ਤੇ ਜਾਣਦੇ ਵੀ ਨਾ ਹੋਈਏ। ਮਾਵਾਂ ਧੀਆਂ ਨੂੰ ਪੈਂਦੀ ਕੁੱਟ ਦਾ ਪਤਾ ਸਾਰੇ ਪਿੰਡ ਵਿਚ ਲਗ ਗਿਆ ਸੀ। ਇਕ ਦਿਨ ਮਹਿਕ ਦੀ ਇਕ ਸਹੇਲੀ ਸੰਤੋ ਮੈਨੂੰ ਅਮਰ ਨਾਥ ਸਿੰਗਲਾ ਦੇ ਬਾਗ ਲਾਗੇ ਮਿਲ ਗਈ ਤੇ ਇਕ ਪਾਸੇ ਕਰ ਕੇ ਕਹਿਣ ਲਗੀ ਕਿ ਮਹਿਕ ਸੁਨੇਹਾ ਦਿੰਦੀ ਸੀ ਕਿ ਮੈਂ ਉਹਨੂੰ ਕਿਤੇ ਲੈ ਜਾਵਾਂ ਕਿਉਂਕਿ ਉਹਦਾ ਪਿਓ ਦਬਵਾਲੀ ਮੰਡੀ ਤੋਂ ਪਰ੍ਹਾਂ ਪੈਂਦੇ ਕਿਸੇ ਪਿੰਡ ਦੇ ਅਧਖੜ੍ਹ ਅਨਪੜ੍ਹ ਜੱਟ ਨਾਲ ਉਹਦਾ ਮੰਗਣਾ ਕਰਨ ਵਾਲਾ ਹੈ ਤੇ ਅਗਲੇ ਸਾਲ ਹਾੜ ਵਿਚ ਉਹਦਾ ਵਿਆਹ ਕਰ ਕੇ ਨਵੀਂ ਅਲਾਟ ਹੋਈ ਜ਼ਮੀਨ ਤੇ ਚਲਾ ਜਾਵੇਗਾ। ਮੈਂ ਉਹਦੀ ਗੱਲ ਦਾ ਕੋਈ ਜਵਾਬ ਨਾ ਦਿਤਾ। ਮੇਰੇ ਕੋਲ ਇਸ ਦਾ ਜਵਾਬ ਵੀ ਕੋਈ ਨਹੀਂ ਸੀ। ਮੈਂ ਤਾਂ ਹੁਣ ਦਿਨ ਰਾਤ ਮਿਹਨਤ ਕਰ ਰਿਹਾ ਸਾਂ ਕਿ ਦੋਬਾਰਾ ਦਸਵੀਂ ਜਮਾਤ ਦਾ ਇਮਤਿਹਾਨ ਦੇਵਾਂ ਤੇ ਪਾਸ ਹੋ ਕੇ ਅਗਲੇਰੀ ਵਿਦਿਆ ਲਈ ਕਾਲਜ ਵਿਚ ਦਾਖਲ ਹੋ ਜਾਵਾਂ।

ਤੀਆਂ ਦੇ ਦਿਨ ਹੋਣ ਕਰ ਕੇ ਵਿਆਹੀਆਂ ਮੁਟਿਆਰਾਂ ਪੇਕੀਂ ਆਈਆਂ ਹੋਈਆਂ ਸਨ। ਛਪੜ ਤੇ ਖੂਹ ਲਾਗਲੇ ਰੁਖਾਂ ਤੇ ਕੁੜੀਆਂ ਪੀਂਘਾਂ ਝੂਟਦੀਆਂ,ਗੀਤ ਗੌਂਦੀਆਂ, ਗਿੱਧਾ ਪੌਂਦੀਆਂ ਤੇ ਨਚਦੀਆਂ। ਘਰਾਂ ਚੋਂ ਪੂੜੇ ਪਕਣ ਦੀਆਂ ਖੁਸ਼ਬੂਆਂ ਆਉਂਦੀਆਂ। ਮੁੰਡੇ ਵੀ ਕੁੜੀਆਂ ਤੋਂ ਥੋੜ੍ਹਾ ਪਾਸੇ ਹੋ ਕੇ ਕੌਡੀ ਖੇਡਦੇ ਤੇ ਘੁਲਦੇ। ਭਾਵੇਂ ਮੇਰੀ ਉਮਰ ਪੀਂਘਾਂ ਝੂਟਣ ਤੇ ਹਸਣ ਖੇਢਣ ਦੀ ਸੀ ਪਰ ਮੈਂ ਆਪਣਾ ਜ਼ਿਆਦਾ ਧਿਆਨ ਪੜ੍ਹਾਈ ਵਲ ਰਖਦਾ ਸਾਂ। ਮਹਿਕ ਦੀਆਂ ਸਹੇਲੀਆਂ ਵੀ ਉਹਨੂੰ ਮਜਬੂਰ ਕਰ ਕੇ ਤੀਆਂ ਵਿਚ ਲੈ ਜਾਂਦੀਆਂ ਪਰ ਦਿਸਦਾ ਸੀ ਕਿ ਜੋ ਕੁਝ ਉਹਦੇ ਘਰ ਵਿਚ ਹੁੰਦਾ ਸੀ, ਓਸ ਤੋਂ ਉਹ ਵੀ ਤੀਆਂ ਵਿਚ ਆ ਕੇ ਬਹੁਤੀ ਖੁਸ਼ ਨਹੀਂ ਸੀ। ਤੀਆਂ ਲਗੀਆਂ ਹੁੰਦੀਆਂ ਤੇ ਮੈਂ ਓਥੋਂ ਰਿਹਾ ਹੁੰਦਾ ਤਾਂ ਹੁਣ ਮਹਿਕ ਮੇਰੇ ਵੱਲ ਵਿੰਹਦੀ ਨਹੀਂ ਸੀ। ਕੁੜੀਆਂ ਮੈਨੂੰ ਤੁਰੇ ਜਾਂਦੇ ਨੂੰ ਵੇਖ ਕੇ ਇਸ਼ਾਰਾ ਵੀ ਕਰਦੀਆਂ ਸਨ ਪਰ ਉਹ ਮੁਖ ਮੋੜ ਲੈਂਦੀ ਸੀ। ਇਹ ਦਿਨ ਖਤਮ ਹੋ ਗਏ ਤੇ ਗਰਮੀਆਂ ਦੀਆਂ ਛੁਟੀਆਂ ਵੀ ਖਤਮ ਹੋ ਗਈਆਂ। ਮੈਂ ਸਕੂਲ ਨੂੰ ਤੁਰ ਗਿਆ ਤੇ ਬਾਪੂ ਜਿਸ ਨੇ ਹੁਣ ਬਾਜ਼ਾਰ ਲਾਉਣਾ ਛਡ ਦਿਤਾ ਸੀ, ਨਵੀਂ ਅਲਾਟ ਹੋਈ ਜ਼ਮੀਨ ਵਾਲੇ ਪਿੰਡ ਨੂੰ ਚਲਾ ਗਿਆ। ਮਾਂ ਅਜੇ ਬਾਜ਼ਾਰ ਲੌਣ ਦਾ ਕੰਮ ਛਡਣ ਦੇ ਹਕ ਵਿਚ ਨਹੀਂ ਸੀ ਕਿਉਂਕਿ ਨਕਦ ਪੈਸੇ ਘਰ ਆ ਜਾਂਦੇ ਸਨ। ਜਦੋਂ ਵੀ ਉਹ ਜਾਂਦਾ ਤਾਂ ਜਿੰਨਾ ਕੁ ਘਰ ਦਾ ਸਾਮਾਨ ਨਾਲ ਲਿਜਾ ਹੁੰਦਾ, ਲੈ ਜਾਂਦਾ। ਮੈਨੂੰ ਵੀ ਬਾਪੂ ਨੇ ਕਿਹਾ ਕਿ ਸਤੰਬਰ ਦੇ ਅਖੀਰ ਵਿਚ ਮੈਂ ਵੀ ਨਵੀਂ ਅਲਾਟ ਹੋਈ ਜ਼ਮੀਨ ਤੇ ਆਵਾਂ ਕਿਉਂਕਿ ਝੋਨਾ ਪਕ ਕੇ ਝਾੜਿਆ ਜਾਣਾ ਸੀ। ਝੋਨੇ ਦਾ ਝਾੜ ਵੀ ਇਸ ਵਾਰ ਬਹੁਤ ਸੀ। ਮੰਡੀ ਝੋਨਾ ਵੇਚ ਕੇ ਬਾਪੂ ਕੋਲ ਵਾਹਵਾ ਪੈਸੇ ਹੋ ਜਾਣੇ ਸਨ। ਬਾਪੂ ਦੱਸਣ ਲੱਗਾ ਕਿ ਪਿੰਡ ਗੁਦੜਢੰਡੀ ਕਿਵੇਂ ਪੁਜਣਾ ਹੈ। ਫਿਰੋਜ਼ਪੁਰ ਛਾਉਣੀ ਦੇ ਰੇਲਵੇ ਸਟੇਸ਼ਨ ਤੋਂ ਫਾਜ਼ਿਲਕਾ ਵਾਲੀ ਗਡੀ ਫੜ ਕੇ ਝੋਕ ਟਹਿਲ ਸਿੰਘ ਸਟੇਸ਼ਨ ਤੋਂ ਪੰਜ ਛੇ ਕੋਹ ਤੁਰ ਕੇ ਗੁਦੜਢੰਡੀ ਆ ਜਾਈਦਾ ਹੈ। ਸਾਰੇ ਰਾਹ ਵਿਚ ਕੋਈ ਪਿੰਡ ਨਹੀਂ ਆਉਂਦਾ ਤੇ ਸਾਰਾ ਰਾਹ ਡਾਂਡਾ ਮੀਂਡਾ ਹੀ ਹੈ। ਜੇ ਝੋਕ ਟਹਿਲ ਸਿੰਘ ਨਹੀਂ ਉਤਰਣਾ ਤਾਂ ਮੰਡੀ ਗੁਰੂ ਹਰ ਸਹਾਏ ਤੋਂ ਉਤਰ ਕੇ ਵੀ ਆ ਜਾਈਦਾ ਹੈ। ਇਥੋਂ ਪੈਂਡਾ ਥੋੜ੍ਹਾ ਦੂਰ ਪੈਂਦਾ ਹੈ। ਰਾਤ ਪੈ ਜੇ ਤਾਂ ਆੜ੍ਹਤੀਆਂ ਦੀ ਦੁਕਾਨ ਤੇ ਰਾਤ ਕੱਟ ਕੇ ਸਵੇਰੇ ਤੁਰ ਕੇ ਗੁਦੜਢੰਡੀ ਆ ਜਾਵੀਂ। ਪਿੰਡੋਂ ਬੇਰੀਆਂ ਵਾਲਾ ਖੂਹ ਪੁਛ ਕੇ ਆ ਜਾਈਂ। ਖੇਮ ਸਿੰਘ ਲੰਬਰਦਾਰ ਦਾ ਟਬਰ ਜੀਹਦਾ ਮੁੰਡਾ ਨਿਰੰਜਨ ਨਵੇਂ ਪਿੰਡ ਤੇਥੋਂ ਦੋ ਸਾਲ ਅਗੇ ਪੜ੍ਹਦਾ ਹੁੰਦਾ ਸੀ। ਉਹਨਾਂ ਨੂੰ ਵੀ ਜ਼ਮੀਨ ਏਸੇ ਪਿੰਡ ਅਲਾਟ ਹੋਈ ਆ ਤੇ ਉਹਨਾਂ ਦੀ ਰਹਾਇਸ਼ ਪਿੰਡ ਵਿਚ ਈ ਆ। ਜੇ ਹਨੇਰਾ ਹੋ ਜਾਵੇ ਤਾਂ ਉਹਨਾਂ ਦੇ ਘਰ ਚਲਾ ਜਾਈਂ। ਬਾਪੂ ਨੇ ਇਹ ਵੀ ਦਸਿਆ ਕਿ ਫਿਰੋਜ਼ਪੁਰ ਸ਼ਹਿਰ ਦੀ ਸਬਜ਼ੀ ਮੰਡੀ ਦੇ ਬਾਹਰ ਇਕ ਆਹਾਤੇ ਵਿਚੋਂ ਇਕ ਬੱਸ ਵੀ ਫਿਰੋਜ਼ਪੁਰ ਨੂੰ ਚਲਦੀ ਹੈ। ਖਾਈ ਫੇਮੇ ਕੀ ਤਕ ਸੜਕ ਪੱਕੀ ਹੈ ਅਤੇ ਅਗੇ ਸਾਰੀ ਕੱਚੀ। ਕੱਚੇ ਰਾਹ ਵਿਚ ਮਿੱਟੀ ਘੱਟਾ ਬਹੁਤ ਹੈ। ਬੱਸ ਦਿਨ ਵਿਚ ਇਕ ਵਾਰ ਹੀ ਚਲਦੀ ਹੈ ਤੇ ਇਹਨੂੰ ਲਾਂਬਿਆਂ ਦੀ ਬੱਸ ਵੀ ਕਹਿੰਦੇ ਹਨ। ਇਹਦਾ ਭਰੋਸਾ ਵੀ ਕੋਈ ਨਹੀਂ। ਕਈ ਵਾਰ ਕਈ ਕਈ ਦਿਨ ਚਲਦੀ ਹੀ ਨਹੀਂ ਹੈ। ਪਤਾ ਕਰ ਲਈਂ।

ਚਲੋ ਪਿਛਲੇ ਪਿੰਡਾਂ ਦਾ ਕੋਈ ਵਾਕਫ ਤਾਂ ਗੁਦੜਢੰਡੀ ਪਿੰਡ ਵਿਚ ਆ ਕੇ ਆਬਾਦ ਹੋਇਆ ਹੈ। ਨਿਰੰਜਨ ਜੀਹਦਾ ਛੋਟਾ ਨਾਂ ਨੰਜੀ ਸੀ, ਕੱਦ ਦਾ ਲੰਮਾ ਸੀ ਤੇ ਵਾਲੀ ਬਾਲ ਦਾ ਬਹੁਤ ਵਧੀਆ ਖਿਡਾਰੀ ਸੀ। ਨੇਂ ਪਿੰਡ ਵਾਲੇ ਸਕੂਲ ਵਿਚ ਉਹਦਾ ਬੜਾ ਨਾਂ ਸੀ। ਮੇਰੇ ਦਿਲ ਵਿਚ ਇਸ ਅਗਲੇ ਪਿੰਡ ਨੂੰ ਵੇਖਣ ਦੀ ਬੜੀ ਰੀਝ ਸੀ। ਸਤੰਬਰ ਮਹੀਨੇ ਦਾ ਅੰਤ ਆਇਆ ਤਾਂ ਮੈਂ ਬੜੀ ਰੀਝ ਨਾਲ ਗੋਨਿਆਣਾ ਮੰਡੀ ਦੇ ਸਟੇਸ਼ਨ ਤੋਂ ਫਿਰੋਜ਼ਪੁਰ ਜਾਂਦੀ ਗਡੀ ਤੇ ਚੜ੍ਹ ਗਿਆ। ਹਾਲੇ ਰਾਤਾਂ ਠੰਢੀਆਂ ਹੋਣੀਆਂ ਸ਼ੁਰੂ ਨਹੀਂ ਸੀ ਹੋਈਆਂ। ਸ਼ਾਮ ਪੈਣ ਵਾਲੀ ਜਦੋਂ ਇਹ ਗਡੀ ਫਿਰੋਜ਼ਪੁਰ ਸਟੇਸ਼ਨ ਤੇ ਪਹੁੰਚ ਗਈ। ਏਥੋਂ ਜੇ ਮੈਂ ਫਾਜ਼ਿਲਕਾ ਵਾਲੀ ਗਡੀ ਫੜਦਾ ਸਾਂ ਤਾਂ ਉਹਨੇ ਰਾਤ ਨੂੰ ਮੰਡੀ ਗੁਰੂ ਹਰ ਸਹਾਏ ਪਹੁੰਚਣਾ ਸੀ ਤੇ ਆੜ੍ਹਤੀਆਂ ਦੀ ਦੁਕਾਨ ਓਸ ਵੇਲੇ ਬੰਦ ਵੀ ਹੋ ਸਕਦੀ ਸੀ। ਝੋਕ ਟਹਿਲ ਸਿੰਘ ਉਤਰਣ ਦੀ ਵੀ ਕੋਈ ਤੁਕ ਨਹੀਂ ਸੀ। ਰਾਤ ਓਭੜ ਸਟੇਸ਼ਨ ਤੇ ਕਿਵੇਂ ਰਿਹਾ ਜਾ ਸਕਦਾ ਸੀ। ਮੈਂ ਸੋਚਿਆ ਕਿ ਜਿਥੋਂ ਗਡੀ ਦੀਆਂ ਟਿਕਟਾਂ ਮਿਲਦੀਆਂ ਹਨ, ਓਥੇ ਬਣੇ ਰਾਤ ਵੇਟਿੰਗ ਰੂਮ ਤੇ ਕਿਸੇ ਬੈਂਚ ਤੇ ਲੇਟ ਕੇ ਰਾਤ ਲੰਘਾ ਲੰਘਾ ਲਈ ਜਾਵੇ ਅਤੇ ਸਵੇਰੇ ਫਾਜ਼ਿਲਕਾ ਜਾਣ ਵਾਲੀ ਗਡੀ ਫੜਨੀ ਠੀਕ ਰਹੇਗੀ। ਪਰ ਸਾਰੀ ਰਾਤ ਬੈਂਚ ਤੇ ਕਟਣੀ ਕੁਝ ਵੀ ਔਖੀ ਸੀ। ਸਤਿਆਂ ਕੋਈ ਜੇਬ ਕਤਰ ਲਵੇ ਜਾਂ ਝੋਲਾ ਲੈ ਕੇ ਭਜ ਜਾਵੇ ਤਾਂ ਕੀ ਬਣੇਗਾ। ਫਿਰੋਜ਼ਪੁਰ ਵਿਚ ਕਿਸੇ ਗੁਰਦਵਾਰੇ ਦਾ ਵੀ ਪਤਾ ਨਹੀਂ ਸੀ। ਓਪਰੀ ਥਾਂ ਕਰ ਕੇ ਡਰ ਵੀ ਲਗਦਾ ਸੀ। ਭਾਵੇਂ ਮੈਨੂੰ ਦੋ ਮਹੀਨਿਆਂ ਤਕ ਸੋਲਵਾਂ ਸਾਲ ਚੜ੍ਹਨ ਵਾਲਾ ਸੀ ਪਰ ਤਾਂ ਵੀ ਮੈਂ ਅਜੇ ਨਿਆਣਾ ਈ ਸਾਂ। ਕੁਝ ਚਿਰ ਮੈਂ ਆਪਣਾ ਝੋਲਾ ਸਿਰ ਹੇਠ ਰਖ ਕੇ ਲੇਟਿਆ ਵੀ ਪਰ ਨੀਂਦ ਕਿਥੇ ਆ ਰਹੀ ਸੀ। ਬਾਹਰ ਸੜਕ ਤੇ ਅਮਰ ਟਾਕੀ ਸਿਨਮੇ ਵਿਚ ਚੱਲ ਰਹੀ ਪੰਜਾਬੀ ਫਿਲਮ ਭਾਈਆ ਜੀ ਦਾ ਇਸ਼ਤਿਹਾਰ ਲਗਾ ਹੋਇਆ ਸੀ। ਮੈਂ ਸੋਚਿਆ ਕਿ ਰਾਤ ਵਾਲਾ ਸ਼ੋਅ ਵੇਖ ਕੇ ਫਿਰ ਸਟੇਸ਼ਨ ਤੇ ਆ ਜਾਵਾਂਗਾ ਤੇ ਸਵੇਰ ਵਾਲੀ ਗਡੀ ਫੜ ਕੇ ਝੋਕ ਟਹਿਲ ਸਿੰਘ ਚਲਾ ਜਾਵਾਂਗਾ ਤੇ ਅਗੋਂ ਤੁਰ ਕੇ ਪਿੰਡ। ਕਿਸੇ ਤੋਂ ਮੈਂ ਅਮਰ ਟਾਕੀ ਦਾ ਰਾਹ ਪੁਛਿਆ ਤੇ ਪੈਦਲ ਚਲ ਪਿਆ। ਡੀ ਸੀ ਜੈਨ ਕਾਲਜ ਕੋਲੋਂ ਲੰਘ ਤੇ ਅਗੋਂ ਐਲ ਐਮ ਐੱਲ ਸਕੂਲ ਨੂੰ ਮੁੜ ਕੇ ਤੇ ਓਸ ਤੋਂ ਅਗੇ ਮੋਗੇ ਵੱਲ ਨੂੰ ਜਾਂਦੀ ਵਡੀ ਸੜਕੇ ਕੁਝ ਚਿਰ ਤੁਰ ਕੇ ਫਿਰ ਸਜੇ ਮੁੜ ਕੇ ਅਮਰ ਟਾਕੀ ਅਗੇ ਪਹੁੰਚ ਗਿਆ। ਤੁਰਦਿਆਂ ਕੁਝ ਵਾਰ ਅਮਰ ਟਾਕੀ ਪਹੁੰਚਣ ਦਾ ਰਾਹ ਪੁਛਣਾ ਪਿਆ ਸੀ। ਭੁਖ ਲਗੀ ਹੋਣ ਕਰ ਕੇ ਟਾਕੀ ਅਗਿਓਂ ਲੰਘਦੀ ਸੜਕ ਦੇ ਦੂਜੇ ਪਾਸੇ ਇਕ ਦੁਕਾਨ ਤੋਂ ਪੂਰੀਆਂ ਛੋਲੇ ਖਾ ਲਏ ਅਤੇ ਜਦੋਂ ਟਾਕੀ ਦੀਆਂ ਟਿਕਟਾਂ ਖੁਲ੍ਹੀਆਂ ਤਾਂ ਥਰਡ ਕਲਾਸ ਦੀ ਟਿਕਟ ਲੈ ਕੇ ਰਾਤ ਦਾ ਸ਼ੋਅ ਵੇਖਿਆ। ਮੇਰੇ ਨਾਲ ਬੈਠੇ ਸ਼ਹਿਰ ਦੇ ਤਿੰਨ ਚਾਰ ਹੋਰ ਲਾਲਿਆਂ ਦੇ ਮੁੰਡੇ ਵੀ ਇਹ ਪਿਕਚਰ ਵੇਖਣ ਆਏ ਸਨ ਜੋ ਮੇਰੇ ਵਾਕਿਫ ਬਣ ਗਏ। ਜਦੋਂ ਮੈਂ ਦਸਿਆ ਕਿ ਸਾਨੂੰ ਗੁਦੜਢੰਡੀ ਪਿੰਡ ਵਿਚ ਜ਼ਮੀਨ ਅਲਾਟ ਹੋਈ ਆ ਤਾਂ ਉਹ

ਕਹਿਣ ਲਗੇ ਕਿ ਤੂੰ ਰਾਤ ਲੂਣ ਮੰਡੀ ਵਿਚ ਸਾਡੀ ਆੜ੍ਹਤ ਦੀ ਦੁਕਾਨ ਵਿਚ ਕੱਟ ਕੇ ਸਵੇਰੇ ਸਬਜ਼ੀ ਮੰਡੀ ਦੇ ਬਾਹਰੋਂ ਚਲਣ ਵਾਲੀ ਬੱਸ ਫੜ ਕੇ ਚਲਾ ਜਾਈਂ। ਫਿਲਮ ਵੇਖ ਕੇ ਅਸੀਂ ਸਾਰੇ ਤੁਰ ਕੇ ਰਾਤ ਦੇ ਹਨੇਰੇ ਵਿਚ ਬਸਤੀ ਟੈਂਕਾਂ ਵਾਲੀ ਤੇ ਰੇਲਵੇ ਦਾ ਫਾਟਕ ਟੱਪ ਕੇ ਸੈਂਟਰਲ ਜੇਲ੍ਹ ਫਿਰੋਜ਼ਪੁਰ ਦੇ ਪਿਛੇ ਪੈਂਦੀ ਸੜਕ ਜੋ ਕੋੜ੍ਹਿਆਂ ਦੀ ਬਸਤੀ ਵਿਚੋਂ ਲੰਘਦੀ ਸੀ, ਵਿਚੋਂ ਹੁੰਦੇ ਹੋਏ ਆਖਰ ਕਾਫੀ ਰਾਤ ਗਈ ਲੂਨ ਮੰਡੀ ਵਿਚ ਆ ਗਏ ਜਿਥੇ ਉਹਨਾਂ ਨੇ ਆਪਣੀ ਦੁਕਾਨ ਖੁਲ੍ਹਵਾ ਕੇ ਮੈਨੂੰ ਅੰਦਰ ਸੌਣ ਲਈ ਥਾਂ ਦੇ ਦਿਤੀ ਤੇ ਨਾਲ ਇਹ ਵੀ ਕਿਹਾ ਕਿ ਆਪਣੀ ਫਸਲ ਸਾਡੀ ਆੜ੍ਹਤ ਤੇ ਲਿਆਇਆ ਕਰਨੀ। ਅੰਦਰ ਗਰਮੀ ਸੀ ਪਰ ਥੋੜ੍ਹੀ ਸਪੀਡ ਤੇ ਪਖਾ ਚਲ ਰਿਹਾ ਸੀ। ਥਕੇ ਹੋਣ ਕਰ ਕੇ ਮੈਨੂੰ ਛੇਤੀ ਹੀ ਨੀਂਦ ਆ ਗਈ। ਸਵੇਰੇ ਉਠੇ ਤਾਂ ਰਾਤ ਨੂੰ ਆੜ੍ਹਤ ਦੀ ਦੁਕਾਨ ਦਾ ਬੂਹਾ ਖੋਲ੍ਹਣ ਵਾਲੇ ਨੇ ਚਾਹ ਮੰਗਵਾ ਕੇ ਪਿਆਈ ਤੇ ਕਸੂਰੀ ਗੇਟ ਦੇ ਬਾਹਰ ਜਿਥੋਂ ਫਾਜ਼ਿਲਕਾ ਨੂੰ ਬਸ ਚਲਦੀ ਸੀ, ਉਥੇ ਕਿਵੇਂ ਪਹੁੰਚਣਾ ਹੈ, ਸਮਝਾ ਦਿਤਾ।

**ਫਿਰੋਜ਼ਪੁਰ ਸ਼ਹਿਰ ਦੀਆਂ ਗਲੀਆਂ ਵਿਚ**

ਬਠਿੰਡੇ ਸ਼ਹਿਰ ਤੇ ਉਹਦਾ ਆਲਾ ਦਵਾਲਾ ਮੇਰਾ ਸਾਰਾ ਪੈਦਲ ਗਾਹਿਆ ਹੋਇਆ ਸੀ ਤੇ ਮੈਂ ਬਠਿੰਡੇ ਦੀਆਂ ਗਲੀਆਂ ਤੋਂ ਪੂਰੀ ਤਰ੍ਹਾਂ ਵਾਕਫ ਸਾਂ। ਓਦੋਂ ਬਠਿੰਡਾ ਸ਼ਹਿਰ ਹੁੰਦਾ ਵੀ ਬਹੁਤ ਛੋਟਾ ਸੀ ਪਰ ਨਿਆਣੀ ਉਮਰ ਵਿਚ ਵੇਖੀ ਹਰ ਸ਼ੈਅ ਵਡੀ ਵਡੀ ਲਗਦੀ ਹੈ ਅਤੇ ਬੜੀ ਅਜੀਬ ਤੇ ਅਦੁਭੁਤ ਵੀ। ਵੈਸੇ ਵੀ ਮੇਰੀ ਆਦਤ ਜਾਂ ਸ਼ੌਕ ਸੀ ਕਿ ਮੈਂ ਹਰ ਚੀਜ਼ ਨੂੰ ਆਪਣੇ ਅੰਦਰ ਸਮੋ ਲੈਣਾ ਚਹੁੰਦਾ ਸਾਂ ਤੇ ਸ਼ਾਇਦ ਇਸ ਉਮਰੇ ਸਾਰੇ ਇਸ ਤਰ੍ਹਾਂ ਹੀ ਸੋਚਦੇ ਹਨ। ਕਈ ਵਾਰ ਉਹ ਕੁਝ ਕਰਨ ਨੂੰ ਵੀ ਦਿਲ ਕਰਦਾ ਜੋ ਸਮਾਜਕ, ਕਾਨੂੰਨੀ ਜਾਂ ਨੈਤਿਕ ਤੌਰ ਤੇ ਮਾੜਾ ਸਮਝਿਆ ਜਾਂਦਾ ਸੀ, ਜਿਵੇਂ ਇਕ ਵਾਰ ਬਠਿੰਡੇ ਰੇਲਵੇ ਸਟੇਸ਼ਨ ਤੇ ਮੈਂ ਜਨਾਨਾ ਟੱਟੀਆਂ ਵਿਚ ਵੜ ਗਿਆ ਤੇ ਝਿੜਕਾਂ ਖਾਧੀਆਂ ਪਰ ਮਨ ਵਿਚ ਜਾਣਨ ਦੀ ਉਤਸੁਕਤਾ ਸੀ ਕਿ ਫਰਕ ਕੀ ਹੈ। ਬਠਿੰਡੇ ਸਟੇਸ਼ਨ ਤੇ ਰੇੜ੍ਹੀ ਲਾ ਕੇ ਚਾਹ, ਕਰੀਮ ਰੋਲ, ਬਿਸਕੁਟ, ਕੇਕ ਵੇਚਣ ਵਾਲਿਆਂ ਤੋਂ ਪਹਿਲੀ ਵਾਰ ਮੈਂ ਪੇਸਟਰੀ ਜਾਂ ਕੇਕ ਸਣੇ ਕਾਗਜ਼ ਹੀ ਖਾ ਲਿਆ ਸੀ। ਇਸੇ ਤਰ੍ਹਾਂ ਪਹਿਲੀ ਵਾਰ ਮੈਨੂੰ ਇਹ ਵੀ ਪਤਾ ਨਾ ਲੱਗੇ ਕਿ ਚਾਹ ਕੱਪ

ਨਾਲ ਪੀਣੀ ਹੈ ਜਾਂ ਥਲੇ ਰਖੀ ਪਲੇਟ ਵਿਚ। ਮੈਂ ਜੋ ਅੰਦਾਜ਼ਾ ਲਾ ਸਕਿਆ ਸਾਂ ਉਹ ਸਿਰਫ ਇਹ ਸੀ ਕਿ ਜੇ ਜਲਦੀ ਹੋਵੇ ਭਾਵ ਗੱਡੀ ਟੁਰਨ ਵਾਲੀ ਹੋਵੇ ਤਾਂ ਗਰਮ ਚਾਹ ਥਲੇ ਪਲੇਟ ਵਿਚ ਪਾ ਕੇ ਪੀ ਲੌ ਕਿਓਂਕਿ ਪਲੇਟ ਵਿਚ ਠੰਢੀ ਜਲਦੀ ਹੋ ਜਾਂਦੀ ਹੈ। ਜੇਕਰ ਚਾਹ ਵੇਚਣ ਵਾਲੇ ਦਾ ਧਿਆਨ ਥੋੜ੍ਹਾ ਏਧਰ ਓਧਰ ਹੋਵੇ ਤਾਂ ਇਕ ਅਧੀ ਚੀਜ਼ ਚੁਕ ਕੇ ਮੂੰਹ ਵਿਚ ਪਾ ਲੌ ਜਿਵੇਂ ਦੁਕਾਨਦਾਰ ਤੋਂ ਕੁਝ ਖਰੀਦਣ ਤੋਂ ਬਾਅਦ ਝੂੰਗਾ ਮੰਗਣ ਦਾ ਬੜਾ ਰਿਵਾਜ ਸੀ ਤੇ ਕਈ ਵਾਰ ਕਹਿਣਾ ਕਿ ਝੂੰਗਾ ਥੋੜ੍ਹਾ ਦਿਤਾ ਹੈ। ਕਣਕ ਦੀਆਂ ਵਾਢੀਆਂ ਦੇ ਦਿਨਾਂ ਵਿਚ ਜਦੋਂ ਫਲ੍ਹੇ ਵਾਹ ਕੇ ਕਣਕ ਨਿਕਲਣੀ। ਤੂੜੀ ਤੇ ਕਣਕ ਅਡ ਅਡ ਹੋ ਜਾਣੀ ਤਾਂ ਓਥੇ ਪਿੜਾਂ ਵਿਚ ਜਾ ਕੇ ਰਿੜੀ ਜ਼ਰੂਰ ਮੰਗਣੀ। ਫਿਰ ਇਹ ਮਿੱਟੀ ਤੇ ਸਿਟੇ ਰਲੇ ਦਾਣੇ ਹੱਟੀ ਤੇ ਜਾ ਕੇ ਵੇਚਣੇ ਤੇ ਮਰੂੰਡਾ ਜਾਂ ਕੋਈ ਹੋਰ ਚੀਜ਼ ਲੈ ਕੇ ਖਾਣੀ।

ਫਿਰੋਜ਼ਪੁਰ ਆੜ੍ਹਤ ਦੀ ਦੁਕਾਨ ਤੋਂ ਮੁਲਤਾਨੀ ਗੇਟ ਜਿਥੋਂ ਫਾਜ਼ਿਲਕਾ ਨੂੰ ਬੱਸ ਚਲਦੀ ਸੀ, ਕਿਵੇਂ ਪੁਜਣਾ ਹੈ, ਦੁਕਾਨ ਤੇ ਕੰਮ ਕਰਨ ਵਾਲੇ ਨੇ ਸਮਝਾ ਤਾਂ ਦਿਤਾ ਸੀ ਪਰ ਬਾਹਰ ਆ ਕੇ ਮੈਂ ਗਵਾਚ ਗਿਆ। ਕਿਸੇ ਗਲੀ ਮੁਹੱਲੇ ਦੀ ਕੋਈ ਵਾਕਫੀਅਤ ਨਹੀਂ ਸੀ। ਇਸ ਸ਼ਹਿਰ ਦੀ ਬਣਾਵਟ ਬਠਿੰਡੇ ਨਾਲੋਂ ਕਾਫੀ ਵਖਰੀ ਸੀ। ਪਹਿਰਾਵਾ, ਬੋਲੀ, ਲੋਕ ਤੇ ਦੁਕਾਨਾਂ ਦੇ ਰੰਗਾਂ ਦਾ ਵੀ ਫਰਕ ਸੀ। ਮੁਲਤਾਨੀ ਗੇਟ ਲਭਦਾ ਲਭਦਾ ਮੈਂ ਮੁੜ ਕੇ ਲੂਨ ਮੰਡੀ ਹੀ ਆ ਜਾਂਦਾ ਸਾਂ। ਸੰਗਦਾ ਕਿਸੇ ਨੂੰ ਜ਼ਿਆਦਾ ਪੁਛਦਾ ਵੀ ਨਹੀਂ ਸਾਂ। ਬੜਾ ਭੁਲ ਭੁਲਈਆਂ ਵਾਲਾ ਸ਼ਹਿਰ ਸੀ ਫਿਰੋਜ਼ਪੁਰ। ਲੂਨ ਮੰਡੀ ਦਾ ਓਦੋਂ ਇਕੋ ਗੇਟ ਹੁੰਦਾ ਸੀ। ਓਥੋਂ ਮੈਂ ਫਿਰੋਜ਼ੋਪੁਰ ਦੇ ਮੇਨ ਬਾਜ਼ਾਰ ਵਿਚ ਆ ਗਿਆ। ਏਥੋਂ ਇਕ ਰਾਹ ਸਜੇ, ਇਕ ਖਬੇ, ਇਕ ਸਿੱਧਾ ਗੋਬਰ ਮੰਡੀ ਵੱਲ ਤੇ ਖਬੇ ਪਾਸੇ ਮੋਚੀ ਬਾਜ਼ਾਰ ਨੂੰ ਨਿਕਲਦਾ ਸੀ। ਏਥੇ ਆ ਕੇ ਮੈਨੂੰ ਸਮਝ ਨਾ ਸਾਵੇ ਕਿ ਕਿਸ ਪਾਸੇ ਜਾਵਾਂ। ਸੋਚ ਸਾਚ ਕੇ ਮੈਂ ਚੌਕ ਵਿਚੋਂ ਸਜੇ ਪਾਸੇ ਨੂੰ ਮੁੜ ਗਿਆ ਤੇ ਤੁਰੀ ਗਿਆ। ਅਖੀਰ ਮੈਂ ਦੇਵ ਸਮਾਜ ਕਾਲਜ ਅਗੋਂ ਲੰਘਦਾ ਹੋਇਆ ਬਾਂਸੀ ਗੇਟ ਟੱਪ ਗਿਆ ਤੇ ਏਥੋਂ ਫਿਰ ਪਤਾ ਨਾ ਲਗੇ ਕਿ ਏਥੋਂ ਖਬੇ ਮੁੜਨਾ ਹੈ ਜਾਂ ਸੱਜੇ ਜਾਂ ਸਿੱਧੇ ਬਸਤੀ ਕੰਬੋਜ ਵੱਲ ਜਾਣਾ ਹੈ। ਏਥੋਂ ਫਿਰ ਮੈਂ ਸਜੇ ਪਾਸੇ ਵਲ ਮੁੜ ਕੇ ਮਖੂ ਗੇਟ ਪਹੁੰਚ ਗਿਆ ਤੇ ਕਿਸੇ ਨੂੰ ਪੁਛਿਆ ਕਿ ਮੈਂ ਮੁਲਤਾਨੀ ਗੇਟ ਕਿਵੇਂ ਪੁਜਣਾ ਹੈ। ਓਸ ਆਪਣੀ ਸਮਝ ਅਨੁਸਰ ਮੈਨੂੰ ਮਖੂ ਗੇਟ ਅੰਦਰ ਜਾ ਕੇ ਸਿਧੇ ਤੁਰੇ ਜਾਣ ਨੂੰ ਕਿਹਾ। ਅਗੇ ਜਾ ਕੇ ਇਹ ਰਾਹ ਫਿਰ ਦੋ ਪਾਸੇ ਮੁੜਦਾ ਸੀ। ਇਕ ਸਿੱਧਾ ਤੇ ਇਕ ਸਜੇ ਪਾਸੇ ਬਾਵਿਆਂ ਵਾਲੇ ਮੁਹੱਲੇ ਵੱਲ ਨੂੰ। ਏਥੋਂ ਮੈਂ ਸਿੱਧੇ ਜਾਣਾ ਠੀਕ ਸਮਝਿਆ ਤੇ ਫਿਰ ਲੂਨ ਮੰਡੀ ਅਗੇ ਪਹੁੰਚ ਗਿਆ ਜਿਥੋਂ ਮੈਂ ਸਵੇਰੇ ਤੁਰਿਆ ਸਾਂ। ਹੁਣ ਫਿਰ ਸਿਧਾ ਤੁਰਿਆ ਗਿਆ ਤੇ ਮੇਨ ਬਾਜ਼ਾਰ ਤੇ ਆ ਕੇ ਇਸ ਵਾਰ ਸਜੇ ਦੀ ਬਜਾਏ ਖਬੇ ਨੂੰ ਮੁੜ ਗਿਆ ਤੇ ਦਿੱਲੀ ਦਰਵਾਜ਼ੇ ਪਹੁੰਚ ਗਿਆ। ਏਥੋਂ ਫਿਰ ਕਿਸੇ ਤੋਂ ਪੁਛਿਆ ਤਾਂ ਕੋਈ ਦੱਸਣ ਲੱਗਾ ਜਾਂ ਤਾਂ ਸਿਟੀ ਥਾਣੇ ਅਗੋਂ ਦੀ ਹੋ ਕੇ, ਸੱਜੇ ਮੁੜ ਕੇ ਕਾਸ਼ੀ ਨਗਰੀ ਵਾਲੀ ਸੜਕ ਤੇ ਸਿੱਧਾ ਤੁਰਿਆ ਜਾ ਤੇ ਮੈਗਜ਼ੀਨੀ ਗੇਟ ਟੱਪ ਕੇ ਫਿਰ ਮੁਲਤਾਨੀ ਗੇਟ ਦੇ ਬਾਹਰਵਾਰ ਇਕ ਆਹਾਤੇ ਵਿਚੋਂ ਬੱਸਾਂ ਚਲਦੀਆਂ ਹਨ। ਜਾਂ ਦਿੱਲੀ ਗੇਟ ਵਿਚੋਂ ਪਿਛੇ ਮੁੜ ਜਾ ਤੇ ਅਗੇ ਖਬੇ ਹਥ ਤੁਰਿਆ ਜਾ ਤੇ ਇਕ ਚੌਕ ਆਏਗਾ ਪੁਰਾਣੇ ਬਾਜ਼ਾਰ ਦਾ। ਏਥੋਂ ਖਬੇ ਮੁੜ ਕੇ ਮੁਲਤਾਨੀ ਗੇਟ ਦੇ ਬਾਹਰ ਬਸਾਂ ਦਾ ਅਡਾ ਮਿਲ ਜਾਵੇਗਾ।

ਵੈਸੇ ਤਾਂ ਮੈਨੂੰ ਪੂਰੀ ਤਰ੍ਹਾਂ ਕੁਝ ਸਮਝ ਨਹੀਂ ਆ ਰਹੀ ਸੀ। ਦਰਅਸਲ ਗੱਲ ਇੰਜ ਹੋਈ ਕਿ ਬੜਾ ਖੱਜਲ ਖਵਾਰ ਹੋ ਕੇ ਮੈਂ ਬਾਰਾਂ ਵਜੇ ਤਕ ਸਬਜ਼ੀ ਮੰਡੀ ਦੇ ਬਾਹਰਵਾਰ ਇਕ ਹਾਤੇ ਵਿਚ ਤਾਂ ਪਹੁੰਚ ਗਿਆ ਜਿਥੋਂ ਸਾਰੇ ਦਿਨ ਵਿਚ ਇਕ ਬੱਸ ਫਾਜ਼ਿਲਕਾ ਨੂੰ ਜਾਂਦੀ ਸੀ ਪਰ ਉਸਦੇ ਚਲਣ ਦਾ ਕੋਈ ਟਾਈਮ ਮੁਕਰਰ ਨਹੀਂ ਸੀ। ਓਥੇ ਜਾ ਕੇ ਪਤਾ ਲੱਗਾ ਕਿ ਬੱਸ ਚਾਰ ਵਜੇ ਚਲਣੀ ਹੈ। ਰੀਪੇਅਰ ਹੋਣ ਗਈ ਹੋਈ ਹੈ। ਟਿਕਟ ਹੁਣ ਲੈ ਲਵੋ। ਮੈਂ ਟਿਕਟ ਤਾਂ ਖਰੀਦ ਲਈ ਪਰ ਕਈ ਸਵਾਰੀਆਂ ਲੰਮੀ ਉਡੀਕ ਪਿਛੋਂ ਅੱਕ ਕੇ ਟਿਕਟਾਂ ਮੋੜ ਕੇ ਚਲੀਆਂ ਗਈਆਂ ਤੇ ਹੋਰ ਸਵਾਰੀਆਂ ਆ ਗਈਆਂ ਸਨ। ਇਥੇ ਇਹ ਹੀ ਪਤਾ ਲੱਗਾ ਕਿ ਕਈ ਵਾਰ ਇਹ ਬੱਸ ਚਲਦੀ ਸੀ ਤੇ ਕਈ ਵਾਰ ਚਲਦੀ ਹੀ ਨਹੀਂ ਸੀ।

ਪਾਠਕ ਹੈਰਾਨ ਹੋਣਗੇ ਕਿ ਮੈਨੂੰ ਨਵੇਂ ਨਵੇਂ ਨੂੰ ਫਿਰੋਜ਼ਪੁਰ ਸ਼ਹਿਰ ਦੀਆਂ ਗਲੀਆਂ ਤੇ ਗੇਟਾਂ ਦਾ ਇਕ ਦਮ ਕਿਵੇਂ ਪਤਾ ਲਗ ਗਿਆ ਸੀ। ਦਰ ਅਸਲ ਬਾਅਦ ਵਿਚ ਮੈਂ ਫਿਰੋਜ਼ਪੁਰ ਸ਼ਹਿਰ ਤੇ ਇਸ ਇਲਾਕੇ ਵਿਚ ਅਪ੍ਰੈਲ 1951 ਤੋਂ ਲੈ ਕੇ ਮਈ 1971 ਤਕ 20 ਸਾਲ ਇਥੇ ਰਿਹਾ ਅਤੇ ਇਹ ਲੰਮਾ ਸਮਾਂ ਫਿਰੋਜ਼ਪੁਰ ਵਿਚ ਰਹਿਣ ਨਾਲ ਸਿਰਫ ਸ਼ਹਿਰ ਦੇ ਸਭ ਗਲੀ, ਮੁਹਲਿਆਂ ਤੇ ਕੂਚਿਆਂ ਦਾ ਪਤਾ ਈ ਨਾ ਲੱਗਾ, ਸਗੋਂ ਜੀਵਨ ਦੇ ਪਹਿਲੇ 35 ਸਾਲਾਂ ਵਿਚੋਂ ਫਿਰੋਜ਼ਪੁਰ ਵਿਚ 20 ਸਾਲ ਰਹਿਣਾ ਜੀਵਨ ਦਾ ਬਹੁਤ ਵਡਾ ਤਜਰਬਾ ਅਤੇ ਵਰਦਾਨ ਸੀ। ਖੈਰ ਮੈਂ ਮੁਲਤਾਨੀ ਗੇਟ ਦੇ ਬਾਹਰਵਾਰ ਸਬਜ਼ੀ ਮੰਡੀ ਦੇ ਬਾਹਰ ਬਣੇ ਢਾਬਿਆਂ ਤੋਂ ਬੜੇ ਸਵਾਦ ਪੂੜੀਆਂ ਛੋਲੇ ਖਾਧੇ। ਕਿਓਂਕਿ ਬੱਸ ਸ਼ਾਮੀਂ ਚਾਰ ਵਜੇ ਚਲਣੀ ਸੀ, ਇਸ ਲਈ ਮੈਂ ਲਾਗੇ ਪੈਂਦਾ ਫਿਰੋਜ਼ਪੁਰ ਦਾ ਰੇਲਵੇ ਸਟੇਸ਼ਨ ਵੀ ਵੇਖ ਆਇਆ ਤੇ ਮੈਨੂੰ ਯਾਦ ਆ ਗਿਆ ਕਿ ਜਦੋਂ ਸਾਡੀ ਗੱਡੀ ਪਾਕਿਸਤਾਨ ਵਿਚੋਂ ਸਤਲੁਜ ਦਰਿਆ ਪਾਰ ਕਰ ਕੇ ਫਿਰੋਜ਼ਪੁਰ ਦੇ ਰੇਲਵੇ ਸਟੇਸ਼ਨ ਤੇ ਰੁਕੀ ਸੀ ਤਾਂ ਇਸ ਸ਼ਹਿਰ ਦੇ ਲੋਕਾਂ ਨੇ ਗੱਡੀ ਵਿਚ ਡਕੇ ਹੋਏ ਪਾਕਿਸਤਾਨ ਵਿਚੋਂ ਉਜੜ ਕੇ ਆਏ ਭੁਖੇ ਅਤੇ ਤਿਹਾਏ ਨਿਢਾਲ ਸ਼ਰਨਾਰਥੀਆਂ ਨੂੰ ਲੰਗਰ ਛਕਾਇਆ ਸੀ। ਫਾਜ਼ਿਲਕਾ ਨੂੰ ਜਾਣ ਵਾਲੀਆਂ ਜੋ ਗਡੀਆਂ ਫਿਰੋਜ਼ਪੁਰ ਛਾਉਣੀ ਦੇ ਰੇਲਵੇ ਸਟੇਸ਼ਨ ਤੋਂ ਚਲਦੀਆਂ ਸਨ, ਉਹ ਇਸ ਫਿਰੋਜ਼ਪੁਰ ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਆ ਕੇ ਕਈ ਵਾਰ ਕਾਫੀ ਦੇਰ ਰੁਕਦੀਆਂ ਸਨ। ਇਥੋਂ ਫਾਜ਼ਿਲਕਾ ਰੇਲਵੇ ਲਾਈਨ ਤੇ ਅਗਲਾ ਸਟੇਸ਼ਨ

ਖਾਈ ਫੇਮੇ ਕੀ, ਫਿਰ ਝੋਕ ਟਹਿਲ ਸਿੰਘ, ਫਿਰ ਕੋਰ ਸਿੰਘ ਵਾਲਾ ਤੇ ਅਗਲਾ ਸਟੇਸ਼ਨ ਮੰਡੀ ਗੁਰੂ ਹਰ ਸਹਾਏ ਸੀ। ਇਕ ਤਰ੍ਹਾਂ ਦਾ ਕੁਝ ਕੁ ਨਕਸ਼ਾ ਮੇਰੇ ਮਨ ਵਿਚ ਬਣ ਗਿਆ ਸੀ। ਸ਼ਾਮ ਤਕ ਫਾਜ਼ਿਲਕਾ ਨੂੰ ਜਾਣ ਵਾਲੀ ਬੱਸ ਏਨੀ ਭਰ ਗਈ ਕਿ ਬੱਸ ਦੀ ਛੱਤ ਉਤੇ ਵੀ ਬੈਠਣ ਨੂੰ ਥਾਂ ਨਹੀਂ ਸੀ। ਬਹੁਤ ਲੋਕ ਬੱਸ ਦੇ ਇੰਜਨ ਅਗੇ ਵੀ ਬੈਠੇ ਹੋਏ ਸਨ ਤੇ ਕੁਝ ਬਾਰੀਆਂ ਨਾਲ ਲਟਕੇ ਹੋਏ ਸਨ। ਇਸ ਛੋਟੀ ਜਹੀ ਬੱਸ ਦਾ ਇੰਜਨ ਸਟਾਰਟ ਕਰਨ ਲਈ ਇਸ ਦੇ ਮੂਹਰੇ ਇਕ ਲੋਹੇ ਦਾ ਹੈਂਡਲ ਕਈ ਵਾਰ ਫੇਰਨਾ ਪੈਂਦਾ ਸੀ ਤਾਂ ਜੇ ਮਸਾਂ ਇਹ ਬੱਸ ਸਟਾਰਟ ਹੁੰਦੀ ਸੀ। ਜੇ ਡਰਾਈਵਰ ਬੱਸ ਦਾ ਇੰਜਨ ਬੰਦ ਕਰ ਦੇਵੇ ਤਾਂ ਕੰਡਕਟਰ ਨੂੰ ਫਿਰ ਹੈਂਡਲ ਫੇਰਨਾ ਪੈਂਦਾ ਸੀ। ਇਕ ਹੋਰ ਬੱਸ ਵੀ ਓਥੇ ਖੜ੍ਹੀ ਸੀ ਜੀਹਦੇ ਮਗਰ ਚੂਨੇ ਵਾਲਾ ਢੋਲ ਜਿਹਾ ਲੱਗਾ ਹੋਇਆ ਸੀ ਤੇ ਉਹ ਸ਼ਾਇਦ ਕੋਇਲੇ ਨਾਲ ਚਲਦੀ ਸੀ ਤੇ ਇਸ ਨੂੰ ਕਾਫੀ ਚਿਰ ਪਹਿਲਾਂ ਗਰਮ ਕਰਨਾ ਪੈਂਦਾ ਸੀ।

ਜਦੋਂ ਬੱਸ ਖਾਈ ਫੇਮੇ ਕੀ ਟੱਪ ਕੇ ਅਗੇ ਨਹਿਰ ਦਾ ਪੁਲ ਲੰਘ ਕੇ ਫਾਜਿਲਕਾ ਨੂੰ ਜਾਂਦੀ ਕੱਚੀ ਸੜਕ ਤੇ ਚੱਲੀ ਤਾਂ ਸਾਰੇ ਮੁਸਾਫਰਾਂ ਦੇ ਮੂੰਹ ਸਿਰ ਮਿੱਟੀ ਨਾਲ ਭਰ ਗਏ। ਕੰਡਕਟਰ ਦੀ ਆਵਾਜ਼ ਤੋਂ ਈ ਪਤਾ ਲਗਦਾ ਸੀ ਕਿ ਹੁਣ ਕਿਹੜਾ ਅਡਾ ਆਇਆ ਹੈ। ਏਨੀ ਜ਼ਿਆਦਾ ਭਰੀ ਬੱਸ ਵਿਚੋਂ ਉਤਰਨਾ ਤੇ ਚੜ੍ਹਨਾ ਬਹੁਤ ਔਖਾ ਸੀ ਕਿਓਂਕਿ ਮੂੰਹ ਸਿਰ ਘੱਟੇ ਮਿੱਟੀ ਨਾਲ ਭਰ ਜਾਣ ਕਰ ਕੇ ਪੂਰੀ ਤਰ੍ਹਾਂ ਦਿਸਦਾ ਹੀ ਕੁਝ ਨਹੀਂ ਸੀ। ਜਿਵੇਂ ਕਿਵੇਂ ਬੱਸ ਹੌਲੀ ਹੌਲੀ ਚਲਦੀ, ਡਕੋ ਡੋਲੇ ਖਾਂਦੀ ਤੇ ਟੋਇਆਂ ਵਿਚ ਹਜੋਕੇ ਮਾਰਦੀ ਚੱਲ ਰਹੀ ਸੀ। ਮੁਸਾਫਰ ਇਕ ਦੂਜੇ ਉਤੇ ਡਿਗ ਰਹੇ ਸਨ। ਬੱਸ ਦੇ ਅੰਦਰ ਸਾਹ ਵੀ ਘੁਟ ਰਿਹਾ ਸੀ। ਮੈਨੂੰ ਤਾਂ ਇਹ ਵੀ ਪਤਾ ਨਹੀਂ ਸੀ ਗੁਦੜਢੰਡੀ ਅਜੇ ਕਿੰਨੂ ਕੁ ਦੂਰ ਹੈ। ਨਾਲ ਬੈਠੇ ਇਕ ਹੱਟੇ ਕੱਟੇ ਪੱਕੇ ਰੰਗ ਦੇ ਇਕ ਮੁਸਾਫਰ ਜਿਸ ਦਾ ਮੂੰਹ ਸਿਰ ਤਾਂ ਮੁੰਨਿਆ ਹੋਇਆ ਸੀ ਪਰ ਮੁਛਾਂ ਨੂੰ ਵੱਟ ਦਿਤੇ ਹੋਏ ਸਨ ਤੇ ਵੇਖਣ ਨੂੰ ਡਾਕੂ ਲਗਦਾ ਸੀ, ਨੂੰ ਮੈਂ ਪੁਛਿਆ ਕਿ ਪਿੰਡ ਗੁੱਦੜਢੰਡੀ ਕਿੰਨੂ ਕੁ ਦੂਰ ਹੈ। ਉਹਨੇ ਬੜੀ ਹਲੀਮੀ ਨਾਲ ਦਸਿਆ ਕਿ ਅਜੇ ਪਿੰਡ ਭੂਰੇ, ਫਿਰ ਕਰੀਆਂ ਪਹਿਲਵਾਨ, ਫਿਰ ਲਖੋ ਕੇ ਬਹਿਰਾਮ, ਫਿਰ ਅਲਫੂ ਕੇ, ਫਿਰ ਲੋਧਰਾਂ, ਫਿਰ ਹਾਮਦ ਤੇ ਫਿਰ ਗੁੱਦੜਢੰਡੀ ਆਉਣਾ ਹੈ। ਘੰਟਾ ਕੁ ਲਗ ਜਾਵੇਗਾ। ਫਿਰ ਉਹਨੇ ਆਪ ਈ ਦੱਸ ਦਿਤਾ ਕਿ ਉਹਨੇ ਵੀ ਪਿੰਡ ਗੁੱਦੜਢੰਡੀ ਹੀ ਜਾਣਾ ਹੈ ਤੇ ਮੈਨੂੰ ਪੁਛਿਆ ਕਿ ਮੈਂ ਕੀਹਨਾਂ ਵੱਲ ਜਾਣਾ ਹੈ। ਮੈਂ ਦਸਿਆ ਸਾਨੂੰ ਇਸ ਪਿੰਡ ਵਿਚ ਬੇਰੀਆਂ ਵਾਲੇ ਖੂਹ ਤੇ ਜ਼ਮੀਨ ਅਲਾਟ ਹੋਈ ਹੈ ਤੇ ਪਿੰਡ ਵਿਚ ਲੰਬਰਦਾਰ ਖੇਮ ਸਿੰਘ ਦੇ ਘਰ ਜਾਣਾ ਹੈ ਜਿਹੜਾ ਪਿਛੋਂ ਪਾਸਿਤਾਨ ਵਿਚੋਂ ਸਾਡੇ ਪਿੰਡ ਲਾਗੇ ਦਾ ਹੈ। ਉਹ ਫੱਟ ਕਹਿਣ ਲੱਗਾ ਕਿ ਤੂੰ ਜਥੇਦਾਰ ਭਗਤ ਸਿੰਘ ਦਾ ਲੜਕਾ ਹੈਂ? ਮੈਂ ਜਦੋਂ ਹਾਂ ਕਿਹਾ ਤਾਂ ਉਹ ਕਹਿਣ ਲਗਾ ਕਿ ਮੈਂ ਪਿੰਡ ਦਾ ਚੌਕੀਦਾਰ ਹਾਂ। ਮੈਂ ਤੈਨੂੰ ਤੁਹਾਡੇ ਖੂਹ ਤੇ ਛਡ ਕੇ ਆਵਾਂਗਾ ਤੇ ਜੇ ਤੂੰ ਪਿੰਡ ਰਹਿਣਾ ਹੋਇਆ ਤਾਂ ਲੰਬਰਦਰ ਖੇਮ ਸਿੰਘ ਦੇ ਘਰ ਛਡ ਆਵਾਂਗਾ। ਇਹ ਤਾਂ ਮੇਰੇ ਬਾਪੂ ਨੂੰ ਵੀ ਜਾਣਦਾ ਸੀ ਤੇ ਨਾਲੇ ਸਾਡੇ ਓਸ ਪਿੰਡ ਦਾ ਈ ਆ ਜਿਥੇ ਸਾਨੂੰ ਜ਼ਮੀਨ ਅਲਾਟ ਹੋਈ ਆ, ਇਸ ਤੋਂ ਵਧ ਮੈਨੂੰ ਹੋਰ ਖੁਸ਼ੀ ਕੀ ਹੋ ਸਕਦੀ ਸੀ। ਜਿਵੇਂ ਕਿਵੇਂ ਵੀ ਸ਼ਾਮ ਤਕ ਜਦੋਂ ਬੱਸ ਨੇ ਸਾਨੂੰ ਪਿੰਡ ਗੁੱਦੜਢੰਡੀ ਦੇ ਅਡੇ ਤੇ ਉਤਾਰਿਆ ਤਾਂ ਮੂੰਹ ਸਿਰ ਘੱਟੇ ਤੇ ਮਿੱਟੀ ਨਾਲ ਭਰੇ ਹੋਏ ਸਨ। ਚੌਕੀਦਾਰ ਜਿਸਦਾ ਨਾਂ ਮੈਨੂੰ ਭੁਲ ਗਿਆ ਹੈ ਪਰ ਏਨਾ ਯਾਦ ਹੈ ਕਿ ਉਹ ਈਸਾਈ ਸੀ, ਨੇ ਆਪਣੇ ਪਰਨੇ ਨਾਲ ਮੇਰਾ ਸਾਰਾ ਮੂੰਹ ਸਿਰ ਝਾੜਿਆ ਤੇ ਮੈਂ ਆਪਣੇ ਕਪੜੇ ਸਾਫ ਕੀਤੇ। ਉਹਨੇ ਬਧੋ ਬਧੀ ਝੋਲਾ ਮੇਰੇ ਹਥੋਂ ਫੜ ਲਿਆ ਤੇ ਅਸੀਂ ਦਸ ਕੁ ਮਿੰਟਾਂ ਬਾਅਦ ਅਸੀ ਪਿੰਡ ਗੁਦੜਢੰਡੀ ਅੰਦਰ ਪਹੁੰਚ ਗਏ ਜਿਥੇ ਚੌਕੀਦਾਰ ਨੇ ਮੈਨੂੰ ਸਾਨੂੰ ਅਲਾਟ ਹੋਇਆ ਕੱਚੇ ਕੋਠੇ ਵਾਲ ਘਰ ਵਿਖਾਇਆ ਅਤੇ ਨਾਲ ਹੀ ਲਗਦੇ ਲੰਬਰਦਾਰ ਖੇਮ ਸਿੰਘ ਦੇ ਘਰ ਮੈਨੂੰ ਛਡ ਆਇਆ। ਜਦ ਉਹਨੇ ਲੰਬੜਦਾਰਨੀ ਭਾਵ ਨੰਜੀ ਦੀ ਮਾਂ ਨੂੰ ਦਸਿਆ ਕਿ ਇਹ ਬੇਰੀਆਂ ਵਾਲੇ ਖੂਹ ਦੇ ਨਵੇਂ ਅਲਾਟੀ ਜਥੇਦਾਰ ਭਗਤ ਸ੍ਹਿੰਹ ਦਾ ਲੜਕਾ ਹੈ ਤਾਂ ਉਹ ਬਹੁਤ ਖੁਸ਼ ਹੋਈ। ਮੇਰਾ ਸਿਰ ਪਲੋਸਿਆ। ਮੇਰੀ ਮਾਂ ਦਾ ਹਾਲ ਚਾਲ ਪੁਛਿਆ ਤੇ ਮੇਰੇ ਹਾਣ ਦੀਆਂ ਕੁੜੀਆਂ ਨੂੰ ਚਾਹ ਪਾਣੀ ਬਨਾਉਣ ਲਈ ਚੌਂਕੇ ਵਿਚ ਭੇਜ ਦਿਤਾ। ਉਹਨਾਂ ਨੂੰ ਅਲਾਟ ਹੋਇਆ ਵੀ ਸਾਰਾ ਘਰ ਕੱਚਾ ਸੀ। ਮੈਂ ਵੇਖਿਆ ਕਿ ਪਿੰਡ ਤਾਂ ਛੋਟਾ ਜਿਹਾ ਹੀ ਸੀ ਤੇ ਸਾਰੇ ਪਿੰਡ ਵਿਚ ਕੋਈ ਪੱਕਾ ਘਰ ਨਹੀਂ ਸੀ। ਚੌਕੀਦਾਰ ਇਹ ਕਹਿ ਕੇ ਚਲਾ ਗਿਆ ਕਿ ਮੈਂ ਚਾਹ ਪਾਣੀ ਪੀ ਲਵਾਂ ਤੇ ਉਹ ਮੈਨੂੰ ਬੇਰੀਆਂ ਵਾਲੇ ਖੂਹ ਤੇ ਛਡ ਆਵੇਗਾ ਜਿਥੇ ਸਾਨੂੰ ਨਵੀਂ ਜ਼ਮੀਨ ਅਲਾਟ ਹੋਈ ਸੀ। ਕਿਉਂਕਿ ਰਾਹ ਵਿਚ ਕਾਨਿਆਂ ਦਾ ਏਡਾ ਵਡਾ ਜੰਗਲ ਸੀ ਕਿ ਮੈਂ ਜੇ ਇਕ ਵਾਰ ਡੰਡੀ ਭੁੱਲ ਗਿਆ ਤਾਂ ਗਵਾਚ ਜਾਵਾਂਗਾ। ਨੰਬਰਦਾਰ ਦੇ ਪਰਵਾਰ ਨੇ ਬਹੁਤ ਕਿਹਾ ਕਿ ਮੈਂ ਰਾਤ ਉਹਨਾਂ ਦੇ ਘਰ ਰਹਾਂ ਤੇ ਉਹਨਾਂ ਨੇ ਇਹ ਵੀ ਦਸਿਆ ਕਿ ਉਹਨਾਂ ਨੂੰ ਏਸੇ ਪਿੰਡ ਦੇ ਰਕਬੇ ਵਿਚ ਪੈਂਦੀ ਜ਼ਮੀਨ ਬਸਤੀ ਟਰਿਡਿਆਂ ਵਾਲੀ ਵਿਚ ਬੇਰੀਆਂ ਵਾਲੇ ਖੂਹ ਦੇ ਲਾਗੇ ਹੀ ਅਲਾਟ ਹੋਈ ਹੈ ਪਰ ਉਹਨਾਂ ਅਜੇ ਰਹਾਇਸ਼ ਪਿੰਡ ਵਿਚ ਹੀ ਰਖੀ ਆ ਕਿਓਂਕਿ ਓਥੇ ਰਹਿਣ ਲਈ ਹਾਲੇ ਕਾਨਿਆਂ ਦੀ ਕੋਈ ਛੰਨ ਜਾਂ ਝੁਗੀ ਨਹੀਂ ਬਣੀ। ਤੁਹਾਡੇ ਬੇਰੀਆਂ ਵਾਲੇ ਖੂਹ ਤੇ ਤਾਂ ਰਾਏ ਸਿੱਖਾਂ ਨੇ ਤੇਰੇ ਬਾਪੂ ਨੂੰ ਕੱਚਾ ਕੋਠਾ ਖਾਲੀ ਕਰ ਦਿਤਾ ਹੈ ਤੇ ਲਾਗੇ ਦੋ ਛੰਨਾਂ ਵੀ ਬਣਾ ਦਿਤੀਆਂ ਹਨ। ਇਕ ਪਸ਼ੂ ਡੰਗਰਾਂ ਲਈ ਤੇ ਇਕ ਆਏ ਗਏ ਲਈ ਜਾਂ ਫਸਲ ਰਖਣ ਲਈ। ਵਾਹੀ ਕਰਨ ਲਈ ਪਿੰਡੋਂ ਜ਼ਮੀਨ ਬੜੀ ਦੂਰ ਪੈਂਦੀ ਆ। ਆਹ ਸਿਆਲ ਕਢ ਕੇ ਅਸੀਂ ਵੀ ਅਗਲੇ ਸਾਲ ਬਸਤੀ ਟਰਿਡਿਆਂ ਵਾਲੀ ਚਲੇ ਜਾਵਾਂਗੇ। ਮੈਂ ਚਾਹ ਪੀ ਕੇ ਸਾਨੂੰ ਕਨਾਲ ਦੇ ਪਲਾਟ ਵਿਚ ਅਲਾਟ ਹੋਇਆ ਕੱਚਾ ਕੋਠਾ ਵੇਖਿਆ ਜਿਥੇ ਬਾਹਰ ਇਕ ਰਾਏ ਸਿੱਖ ਔਰਤ ਚੁਲ੍ਹੇ ਦੀ ਸਵਾਹ ਨਾਲ ਭਾਂਡੇ ਮਾਂਜ ਰਹੀ ਸੀ। ਕੋਲ ਉਸਦੇ ਵਗਦੇ ਨੱਕਾਂ ਵਾਲੇ ਬੱਚੇ ਖੇਡ ਰਹੇ ਸਨ ਤੇ ਉਹਨਾਂ ਨੇ ਬੜੇ ਮਾੜੇ ਕਪੜੇ ਪਾਏ ਹੋਏ ਸਨ। ਕੁਝ ਚਿਰ ਬਾਅਦ ਚੌਕੀਦਾਰ ਵੀ ਆ ਗਿਆ ਤੇ ਉਹਦੇ ਨਾਲ ਪਿੰਡ ਦਾ ਦੁਕਾਨਦਾਰ ਸ਼ਾਦੀ ਲਾਲ ਵੀ ਸੀ ਜਿਸ ਦੀ ਪਿੰਡ ਵਿਚ ਛੋਟੀ ਜਹੀ ਦੁਕਾਨ ਸੀ। ਇਹ ਲੋਕ ਵੰਡ ਤੋਂ ਪਹਿਲਾਂ ਦੇ ਏਥੇ ਰਹਿੰਦੇ ਸਨ। ਮੁਸਲਮਾਨ ਚਲੇ ਗਏ ਸਨ ਤੇ ਹੁਣ ਇਹਨਾਂ ਦੀ

ਆਮਦਨ ਦਾ ਦਾਰੋ ਮੁਦਾਰ ਨਵੇਂ ਅਲਾਟੀ ਹੀ ਸਨ। ਜਦ ਚੌਕੀਦਾਰ ਮੈਨੂੰ ਬੇਰੀਆਂ ਵਾਲੇ ਖੂਹ ਤੇ ਛਡਣ ਗਿਆ ਤਾਂ ਮੈਂ ਐਨੇ ਕਾਨੇ ਤੇ ਸੜਕੜੇ ਦਾ ਜੰਗਲ ਵੇਖ ਕੇ ਸਿਰਫ ਹੈਰਾਨ ਹੀ ਨਾ ਹੋਇਆ, ਸਗੋਂ ਡਰ ਗਿਆ ਕਿ ਵਾਕਿਆ ਈ ਇਸ ਜੰਗਲ ਵਿਚ ਕੋਈ ਗਵਾਚ ਜਾਵੇ ਤਾਂ ਫਿਰ ਰਾਹ ਲਭਨਾ ਬਹੁਤ ਮੁਸ਼ਕਲ ਸੀ। ਜਦੋਂ ਅਸੀਂ ਖੂਹ ਤੇ ਪਹੁੰਚੇ ਤਾਂ ਇਕ ਝੋਨੇ ਵਾਲੀ ਪੈਲੀ ਵਿਚ ਬਾਪੂ ਮੰਜੀ ਤੇ ਬੈਠਾ ਸੀ ਤੇ ਰਾਏ ਸਿੱਖ ਤੇ ਉਹਨਾਂ ਦੀਆਂ ਘਰ ਵਾਲੀਆਂ ਇਕ ਮੋਟੀ ਵੱਟ ਤੇ ਝੋਨੇ ਦੀਆਂ ਪਰਾਲੀਆਂ ਜ਼ੋਰ ਜ਼ੋਰ ਨਾਲ ਮਾਰ ਕੇ ਝੋਨਾ ਝਾੜ ਰਹੀਆਂ ਸਨ। ਬਾਪੂ ਨੇ ਖੁਸ਼ ਹੋ ਕੇ ਮੈਨੂੰ ਜਫੀ ਪਾ ਕੇ ਪਿਆਰ ਕੀਤਾ ਤੇ ਮੰਜੀ ਤੇ ਬਿਠਾਲ ਦਿਤਾ ਤੇ ਕੁਝ ਰਾਏ ਸਿੱਖ ਮੁਜ਼ਾਰਿਆਂ ਨੇ ਮੈਨੂੰ ਛੋਟਾ ਲੰਬੜਦਾਰ ਕਹਿੰਦਿਆਂ ਮੇਰੇ ਪੈਰੀਂ ਹਥ ਲਾਏ। ਚੌਕੀਦਾਰ ਤਾਂ ਮੈਨੂੰ ਛਡ ਕੇ ਤੇ ਬਾਪੂ ਨੂੰ ਮਿਲ ਕੇ ਪਿੰਡ ਨੂੰ ਮੁੜ ਗਿਆ।

ਨਵੀਂ ਅਲਾਟ ਹੋਈ ਜ਼ਮੀਨ ਦੇ ਖੇਤਾਂ ਵਿਚ ਇਹ ਮੇਰੀ ਪਹਿਲੀ ਸ਼ਾਮ ਸੀ ਜੋ ਰਾਤ ਵਿਚ ਵਟਣ ਤੋਂ ਪਹਿਲਾਂ ਬਾਪੂ ਤੇ ਰਾਏ ਸਿੱਖਾਂ ਨੇ ਰਲ ਕੇ ਘਰ ਦੀ ਕਢੀ ਸੁਲਫੇ ਦੀ ਲਾਟ ਵਰਗੀ ਸ਼ਰਾਬ ਪੀਤੀ। ਰਾਏ ਸਿੱਖਾਂ ਨੇ ਸ਼ਿਕਾਰ ਕਰ ਕੇ ਲਿਆਂਦਾ ਸਈਅੜ (ਖਰਗੋਸ਼) ਦਾ ਮਾਸ ਚੰਗਾ ਮਿਰਚ ਮਸਾਲਾ ਪਾ ਕੇ ਦੇਸੀ ਘਿਓ ਵਿਚ ਭੁੰਨ ਕੇ ਨਿਟੀ ਦੇ ਬਰਤਨਾਂ ਵਿਚ ਪਾ ਕੇ ਰੜ੍ਹੀਆਂ ਹੋਈਆਂ ਤੰਦੂਰੀ ਰੋਟੀਆਂ ਨਾਲ ਖਵਾਇਆ ਜੋ ਏਨਾ ਸਵਾਦ ਸੀ ਕਿ ਅਜ ਤਕ ਵੀ ਨਹੀਂ ਭੁਲਿਆ। ਤੰਦੂਰ ਦੋਹੜਾਂ ਚੋਘੇ ਕਢ ਕਢ ਕੇ ਮਖਨ ਨਾਲ ਚੋਪੜੀਆਂ ਹੋਈਆਂ ਸਨ ਅਤੇ ਦੇਸੀ ਘਿਓ ਵਿਚ ਰਲੀ ਸ਼ਕਰ ਦਾ ਆਪਣਾ ਹੀ ਸਵਾਦ ਸੀ। ਘੀਆ ਤੋਰੀਆਂ ਦੀ ਸਬਜ਼ੀ ਤਾਂ ਓਸ ਰਾਤ ਤੋਂ ਬਾਅਦ ਵੀ ਹਜ਼ਾਰਾਂ ਵਾਰ ਖਾਧੀ ਹੋਵੇਗੀ ਪਰ ਕਰਾਰੀਆਂ ਮਿਰਚਾਂ ਪਾ ਕੇ ਜੋ ਸਵਾਦ ਤੋਰੀਆਂ ਘਗਰੀਆਂ ਵਾਲੀਆਂ ਰਾਏ ਸਿੱਖਣੀਆਂ ਨੇ ਬਣਾਈਆਂ ਸਨ, ਉਹੋ ਜਹੀ ਬਣੀ ਸਵਾਦ ਸਬਜ਼ੀ ਕਦੇ ਵੀ ਨਹੀਂ ਭੁਲੀ। ਮਠੀ ਮਠੀ ਠੰਢ ਵਿਚ ਖੂਹ ਲਾਗੇ ਧਾਈਆਂ ਦੀਆਂ ਪੈਲੀਆਂ ਵਿਚ ਮਛਰ ਲੜਨ ਦੇ ਬਾਵਜੂਦ ਵੀ ਭਿੰਨੀ ਰੈਣੜੀਏ ਤੇ ਚਮਕਣ ਤਾਰਿਆਂ ਵਿਚ ਧਾਈਆਂ ਦੇ ਖੇਤਾਂ ਵਿਚ ਕੱਟੀ ਉਹ ਰਾਤ ਕਦੇ ਨਹੀਂ ਭੁਲੀ, ਕਦੇ ਭੁਲ ਵੀ ਨਹੀਂ ਸਕਦੀ।

## ਬੇਰੀਆਂ ਵਾਲਾ ਖੂਹ

ਧਾਈਆਂ ਦੇ ਖੁਲ੍ਹੇ ਖੇਤਾਂ ਵਿਚ ਜਿਥੇ ਚਾਰ ਚੁਫੇਰੇ ਬਾਸਮਤੀ ਦੀ ਖੁਸ਼ਬੂ ਬਿਖਰੀ ਹੋਈ ਸੀ, ਰਾਤੀਂ ਨੀਂਦ ਤਾਂ ਬੜੀ ਆਈ ਪਰ ਸਵੇਰੇ ਉਠ ਕੇ ਵੇਖਿਆ ਕਿ ਸਾਰਾ ਮੂੰਹ ਤੇ ਹਥ ਪੈਰ ਜਿਥੇ ਰਾਤੀਂ ਮਛਰ ਲੜਦਾ ਰਿਹਾ ਸੀ, ਦੇ ਧਫੜ ਪੈ ਗਏ ਸਨ। ਮਛਰ ਲੜੀਆਂ ਥਾਵਾਂ ਤੇ ਖੁਰਕ ਹੋ ਰਹੀ ਸੀ। ਇਹ ਵੀ ਪਤਾ ਲੱਗਾ ਕਿ ਇਸ ਇਲਾਕੇ ਵਿਚ ਮਲੇਰੀਆ ਹੋਣ ਨਾਲ ਬਹੁਤ ਤੇਜ਼ ਬੁਖਾਰ ਚੜ੍ਹਦਾ ਸੀ ਤੇ ਕਈ ਲੋਕ ਹਰ ਸਾਲ ਮਰ ਜਾਂਦੇ ਸਨ। ਨੇੜੇ ਤੇੜੇ ਕੋਈ ਡਾਕਟਰ ਵੀ ਨਹੀਂ ਸੀ। ਸਰਕਾਰੀ ਹਸਪਤਾਲ ਮਮਦੋਟ ਵਿਚ ਸੀ ਜਾਂ ਮੰਡੀ ਗੁਰੂ ਹਰਸਹਾਏ ਵਿਚ। ਦੋਵੇਂ ਥਾਵਾਂ ਜੋ ਵਡੇ ਕਸਬੇ ਸਨ, ਕਾਫੀ ਦੂਰ ਪੈਂਦੇ ਸਨ। ਉਹਨਾਂ ਦਿਨਾਂ ਵਿਚ ਸਾਈਕਲ ਵੀ ਕਿਸੇ ਕਿਸੇ ਕੋਲ ਹੀ ਹੁੰਦਾ ਸੀ। ਲੋਕ ਪੈਦਲ ਹੀ ਤੁਰ ਕੇ ਜਾਂਦੇ ਸਨ। ਸੌਖੇ ਲੋਕਾਂ ਕੋਲ ਘੋੜੀ ਹੋ ਸਕਦੀ ਸੀ ਪਰ ਇਹ ਇਲਾਕਾ ਤਾਂ ਮੁਖ ਤੌਰ ਤੇ ਗਰੀਬ ਤੇ ਉਜਾੜ ਇਲਾਕਾ ਸੀ, ਕਿਸੇ ਕੋਲ ਸ਼ਾਇਦ ਹੀ ਸਾਈਕਲ ਜਾਂ ਘੋੜੀ ਹੋਵੇਗੀ। ਮਹਿਤੇ ਵਿਚ ਸ਼ਾਹ ਕੋਲ ਜੀਪ ਸੀ ਤੇ ਪਿੰਡ ਵਿਚ ਲੋਕਾਂ ਕੋਲ ਊਠ, ਗਡੇ ਤੇ ਰਥ ਆਦਿ ਵੀ ਸਨ ਪਰ ਇਸ ਬੇਟ ਦੇ

ਇਲਾਕੇ ਵਿਚ ਕਿਸੇ ਕੋਲ ਊਠ ਹੋਣ ਦੀ ਸੰਭਾਵਨਾ ਘੱਟ ਹੀ ਸੀ। ਸ਼ਾਇਦ ਅਜੇ ਗੱਡਾ ਵੀ ਕਿਸੇ ਕੋਲ ਨਹੀਂ ਸੀ। ਹਾਂ, ਖੋਤੀਆਂ ਹੀ ਢੋਆ ਢਵਾਈ ਦਾ ਮੁਖ ਜ਼ਿਰੀਆ ਸਨ। ਪਿੰਡ ਦੇ ਚੌਕੀਦਾਰ ਨੇ ਖੋਤੀਆਂ ਰਖੀਆਂ ਹੋਈਆਂ ਸਨ।

ਖੈਰ ਇਕ ਕਿੱਕਰ ਤੋਂ ਟਾਹਣੀ ਤੋੜ ਕੇ ਮੈਂ ਦਾਤਨ ਬਣਾਈ ਤੇ ਦਾਤਣ ਕਰਦਾ ਕਰਦਾ ਏਧਰ ਓਧਰ ਫਿਰ ਕੇ ਆਲਾ ਦਵਾਲਾ ਵੇਖਣ ਲੱਗਾ। ਬੇਰੀਆਂ ਦੇ ਰੁੱਖਾਂ ਵਿਚ ਰਾਏ ਸਿੱਖਾਂ ਨੇ ਆਪਣੇ ਤੇ ਪਸ਼ੂਆਂ ਲਈ ਝੁਗੀਆਂ ਪਾਈਆਂ ਹੋਈਆਂ ਸਨ। ਵਿਚ ਇਕ ਕੱਚਾ ਕੋਠਾ ਸੀ ਜੋ ਰਾਵਾਂ ਨੇ ਸਾਨੂੰ ਵਡੇ ਅਲਾਟੀ ਹੋਣ ਕਰ ਕੇ ਦੇ ਦਿਤਾ ਸੀ। ਧਾਈਆਂ ਦੀ ਫਸਲ ਸਾਂਭ ਸੰਭਾਲ ਪਿਛੋਂ ਉਹਨਾਂ ਨੇ ਕਾਨੇ ਤੇ ਸਰਕੜਾ ਵਢ ਕੇ ਕਚੇ ਕੋਠੇ ਦੇ ਸਾਹਮਣੇ ਸਾਡੇ ਲਈ ਦੋ ਝੁਗੀਆਂ ਪਾ ਦੇਣੀਆਂ ਸਨ। ਇਹਨਾਂ ਝੁਗੀਆਂ ਅਗੇ ਜੇ ਫਿੜਕਾ ਨਾ ਲਾਇਆ ਜਾਵੇ ਤਾਂ ਸਿਆਲਾਂ ਵਿਚ ਠੰਢ ਅੰਦਰ ਆ ਸਕਦੀ ਸੀ। ਕਮਾਲ ਇਹ ਸੀ ਕਾਨਿਆਂ ਦੀਆਂ ਇਹਨਾਂ ਝੁਗੀਆਂ ਵਿਚ ਮੀਂਹ ਦਾ ਪਾਣੀ ਅੰਦਰ ਨਹੀਂ ਔਂਦਾ ਸੀ। ਜੇ ਕਿਤੇ ਬਹੁਤ ਜ਼ਿਆਦਾ ਤੁਫਾਨ ਆ ਜਾਵੇ ਤਾਂ ਝੁਗੀਆਂ ਜੜ੍ਹਾਂ ਤੋਂ ਪੁਟੀਆਂ ਵੀ ਜਾਂਦੀਆਂ ਸਨ। ਇਕ ਖੇਤ ਦੀ ਵੱਟ ਲਾਗੇ ਬਹੁਤ ਸਾਰੇ ਕੇਲਿਆਂ ਦੇ ਰੁਖ ਸਨ ਜੋ ਬੜੇ ਖੂਬਸੂਰਤ ਲਗਦੇ ਸਨ। ਬਾਰ ਵਿਚ ਸਾਡੇ ਮੁਰਬਿਆਂ ਵਿਚ ਵੀ ਬਹੁਤ ਕੇਲੇ ਲਾਏ ਹੋਏ ਸਨ ਤੇ ਹੁਣ ਏਥੇ ਵੀ ਤਿੰਨ ਚਾਰ ਸਾਲ ਬਾਅਦ ਕੇਲੇ ਵੇਖਣ ਨੂੰ ਮਿਲੇ ਸਨ। ਕੇਲਿਆਂ ਨੂੰ ਕੇਲੇ ਲਗੇ ਵੀ ਹੋਏ ਸਨ ਪਰ ਅਜੇ ਕਚੇ ਸਨ। ਨਾਲ ਦੇ ਖੇਤਾਂ ਵਿਚ ਬੇਰੀਆਂ ਦੇ ਬਹੁਤ ਰੁੱਖ ਸਨ। ਜਦੋਂ ਮੈਂ ਵੱਟ ਤੇ ਤੁਰਦੇ ਨੇ ਕੇਲਿਆਂ ਦੇ ਇਕ ਵਡੇ ਗੁਛੇ ਵੱਲ ਵੇਖਿਆ ਤਾਂ ਵੇਖ ਕੇ ਜਿਥੇ ਹੈਰਾਨ ਹੋ ਗਿਆ, ਓਥੇ ਡਰ ਵੀ ਗਿਆ ਕਿ ਕੇਲਿਆਂ ਦੇ ਗੁਛੇ ਤੇ ਇਕ ਫਨੀਅਰ ਨਾਗ ਬੈਠਾ ਹੋਇਆ ਸੀ। ਮੈਂ ਡਰ ਕੇ ਭੱਜਾ ਤੇ ਹਾਕੂ ਤੇ ਕਾਲੂ ਰਾ ਨੂੰ ਸੱਪ ਬਾਰੇ ਦਸਿਆ। ਇਕ ਦਮ ਕਿੰਨੇ ਸਾਰੇ ਰਾ ਡਾਂਗਾਂ ਕਢ ਕੇ ਕੇਲੇ ਦਵਾਲੇ ਇਕਠੇ ਹੋ ਗਏ ਤੇ ਕਾਲੇ ਨਾਗ ਨੂੰ ਮਾਰਨ ਦੀਆਂ ਵਿਓਂਤਾਂ ਕਰਨ ਲਗੇ। ਉਹ ਆਪਣੀ ਬੋਲੀ ਵਿਚ ਗੱਲਾਂ ਕਰ ਰਹੇ ਸਨ ਜਿਸ ਦੀ ਮੈਨੂੰ ਪੂਰੀ ਤਰ੍ਹਾਂ ਸਮਝ ਨਹੀਂ ਆ ਰਹੀ ਸੀ। ਮੈਂ ਏਨਾ ਸਮਝ ਰਿਹਾ ਸਾਂ ਕਿ ਉਹਨਾਂ ਵਿਚੋਂ ਇਕ ਕਹਿ ਰਿਹਾ ਸੀ ਕਿ ਜੇ ਨਾਗ ਕੇਲੇ ਤੋਂ ਥਲੇ ਉਤਰ ਆਵੇ ਤਾਂ ਇਸ ਨੂੰ ਡਾਂਗਾਂ ਨਾਲ ਮਾਰ ਦਈਏ। ਏਨੇ ਨੂੰ ਬਾਪੂ ਵੀ ਇਕ ਸੋਟਾ ਲੈ ਕੇ ਆ ਗਿਆ। ਬਾਪੂ ਨੇ ਕਿਹਾ ਕਿ ਨਾਗ ਨੂੰ ਸਿੱਧਾ ਸੋਟਾ ਨਾ ਮਾਰਿਓ ਇਹਨੇ ਇਕ ਦਮ ਧੌਣ ਏਧਰ ਓਧਰ ਕਰ ਲੈਣੀ ਹੈ। ਇਹਨੂੰ ਪਾਸੇ ਤੋਂ ਸੋਟੇ ਦੀ ਫੇਟ ਮਾਰ ਕੇ ਇਹਦਾ ਲਕ ਤੋੜ ਦਿਓ ਤੇ ਜਦੋਂ ਥਲੇ ਡਿਗੇ ਤਾਂ ਇਹਦੀ ਸਿਰੀ ਫੇਹ ਦਿਓ। ਪਰ ਸੱਪ ਤਾਂ ਕੇਲਿਆਂ ਦੇ ਗੁਛੇ ਉਤੇ ਹੀ ਬੈਠਾ ਹੋਇਆ ਸੀ ਤੇ ਸੀ ਵੀ ਐਨਾ ਉਚਾ ਜਿਥੇ ਡਾਂਗ ਦੀ ਮਾਰ ਨਹੀਂ ਪੈ ਸਕਦੀ ਸੀ। ਕੁਝ ਚਿਰ ਬਾਅਦ ਕਾਲੂ ਰਾ ਨੇ ਪੈਲੀ ਵਿਚੋਂ ਦੋ ਤਿੰਨ ਢੀਮਾਂ ਲਿਆ ਕੇ ਸੱਪ ਵੱਲ ਮਾਰਨੀਆਂ ਸ਼ੁਰੂ ਕਰ ਦਿਤੀਆਂ। ਜਦੋਂ ਉਹ ਢੀਮਾਂ ਉਹਦੇ ਲਗੀਆਂ ਤਾਂ ਉਹਨੇ ਫੰਨ ਖੜ੍ਹੀ ਕਰ ਲਈ ਤੇ ਥੋੜ੍ਹਾ ਉਚਾ ਹੋਇਆ। ਕਾਲੂ ਨੇ ਹੋਰ ਢੀਮਾਂ ਮਾਰੀਆਂ ਕਿ ਸੱਪ ਥਲੇ ਨੂੰ ਆਵੇ ਤੇ ਉਹਨੂੰ ਕੁੱਟ ਦਈਏ ਪਰ ਸੱਪ ਥਲੇ ਨਹੀਂ ਉਤਰ ਰਿਹਾ ਸੀ। ਹਾਕੂ ਨੇ ਪਰਾਲੀ ਲਿਆ ਕੇ ਕੇਲੇ ਦੇ ਮੁਢ ਵਿਚ ਸੁਟ ਕੇ ਓਸ ਨੂੰ ਅਗ ਲਾ ਦਿਤੀ ਤੇ ਜਦੋਂ ਅੱਗ ਦਾ ਸੇਕ ਤੇ ਧੂੰਆਂ ਸੱਪ ਨੂੰ ਚੜ੍ਹਿਆ ਤਾਂ ਉਹ ਥਲੇ ਡਿਗ ਪਿਆ ਤੇ ਰਾਵਾਂ ਨੇ ਉਹਦੇ ਤੇ ਡਾਂਗਾਂ ਦਾ ਮੀਂਹ ਵਰ੍ਹਾ ਦਿਤਾ ਤੇ ਮਾਰ ਕੇ ਪੈਲੀ ਵਿਚ ਕਹੀ ਨਾਲ ਕਾਫੀ ਡੂੰਘਾ ਟੋਆ ਪੁਟ ਕੇ ਵਿਚ ਦੱਬ ਦਿਤਾ ਤੇ ਉਤੋਂ ਚੰਗੀ ਤਰ੍ਹਾਂ ਮਿਟੀ ਪਾ ਦਿਤੀ। ਉਹਨਾਂ ਦੀਆਂ ਗੱਲਾਂ ਬਾਤਾਂ ਤੋਂ ਪਤਾ ਲੱਗਾ ਕਿ ਇਸ ਧਰਤੀ ਤੇ ਖਪਰੇ, ਕੱਲਰੇ, ਕਾਲੇ ਤੇ ਭੂਰੇ ਨਾਗ ਆਮ ਤੁਰੇ ਫਿਰਦੇ ਸਨ ਤੇ ਉਹ ਰਾ ਸਿੱਖ ਅਕਸਰ ਇਹਨਾਂ ਸੱਪਾਂ ਨੂੰ ਮਾਰਦੇ ਰਹਿੰਦੇ ਸਨ। ਜੇ ਕਿਤੇ ਉਹਨਾਂ ਨੂੰ ਸਪਨੀ ਦੇ ਦਿਤੇ ਆਂਡੇ ਦਿਸ ਪੈਂਦੇ ਤਾਂ ਉਹ ਮਿੱਟੀ ਦਾ ਤੇਲ ਪਾ ਕੇ ਸਾੜ ਦੇਂਦੇ ਪਰ ਵਿਚੋਂ ਕਈ ਸਪੋਲੀਏ ਭੱਜ ਕੇ ਖੇਤਾਂ ਵਿਚ ਗਵਾਚ ਜਾਂਦੇ ਤੇ ਫਿਰ ਸੱਪ ਬਣ ਜਾਂਦੇ।

ਸੱਪਾਂ, ਗਿੱਦੜਾਂ, ਸੂਰਾਂ, ਸਹਿਆਂ, ਤਿੱਤਰਾਂ ਤੇ ਹੋਰ ਜੰਗਲੀ ਜਾਨਵਰਾਂ ਦੀ ਇਸ ਧਰਤੀ ਤੋਂ ਡਰ ਲਗਣਾ ਕੁਦਰਤੀ ਸੀ। ਵੈਸੇ ਹੋਰ ਜਾਨਵਰ ਜਿਵੇਂ ਚਿੜੀਆਂ, ਤੋਤੇ, ਘੁਗੀਆਂ, ਸੇੜ੍ਹੀਆਂ, ਗੁਟਾਰਾਂ ਤੇ ਕਾਂ ਵੀ ਚੁਗਦੇ ਜਾਂ ਉਡਦੇ ਦਿਸਦੇ ਸਨ ਤੇ ਵਿਚ ਵਿਚ ਕਾਲੇ ਤੇ ਭੂਰੇ ਤਿਤਰਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਸੱਪ ਮਾਰਨ ਦੀ ਖੇਡ ਖਤਮ ਹੋਣ ਪਿਛੋਂ ਬਾਪੂ ਨੇ ਦਸਿਆ ਕਿ ਇਹ ਕਮਾਦ, ਕਪਾਹ, ਮਿਰਚਾਂ ਦੀ ਫਸਲ ਵੀ ਆਪਣੀ ਸੀ ਤੇ ਧਾਈਆਂ ਵਾਲੀਆਂ ਪੈਲੀਆਂ ਦਾ ਝਾੜ ਲੈਣ ਪਿਛੋਂ ਇਸ ਨੂੰ ਵਾਹ ਕੇ ਇਹਨਾਂ ਵਿਚ ਕਣਕ ਵੀਜ ਦੇਣੀ ਸੀ। ਬਾਪੂ ਨੇ ਇਹ ਵੀ ਦਸਿਆ ਕਿ ਰਾਤ ਨੂੰ ਗਿੱਦੜ ਕਮਾਦ ਖਰਾਬ ਕਰ ਜਾਂਦੇ ਸਨ। ਮੈਂ ਬੇਰੀਆਂ ਵਾਲੇ ਖੂਹ ਤੋਂ ਥੋੜ੍ਹਾ ਚੜ੍ਹਦੇ ਵੱਲ ਗਿਆ ਤਾਂ ਓਥੇ ਕਾਨਿਆਂ ਤੇ ਸਰਕੜੇ ਵਿਚ ਲੁਕਿਆ ਹੋਇਆ ਇਕ ਅੰਨ੍ਹਾ ਖੂਹ ਸੀ। ਪਾਣੀ ਤਾਂ ਦਿਸਦਾ ਸੀ ਪਰ ਖੂਹ ਕਾਫੀ ਦੇਰ ਤੋਂ ਵਰਤੋਂ ਵਿਚ ਨਹੀਂ ਸੀ। ਏਸ ਖੂਹ ਦੇ ਆਲੇ ਦਵਾਲੇ ਵੀ ਬੜੀਆਂ ਬੇਰੀਆਂ ਸਨ ਪਰ ਹੁਣ ਬੇਰਾਂ ਦੀ ਰੁੱਤ ਲੰਘ ਚੁਕੀ ਸੀ। ਚਾਰ ਚੁਫੇਰਾ ਕਾਨਿਆਂ ਦੇ ਜੰਗਲ ਸਨ ਜਿਥੇ ਰਾਵਾਂ ਦੇ ਨਿਕੇ ਨਿਕੇ ਮੁੰਡੇ ਦਿਨ ਵੇਲੇ ਮਾਲ ਡੰਗਰ ਚਾਰਦੇ ਅਤੇ ਦੋਪਹਿਰ ਵੇਲੇ ਪਸ਼ੂਆਂ ਨੂੰ ਬੇਰੀਆਂ ਥਲੇ ਲਿਆ ਕੇ ਬਿਠਾ ਦੇਂਦੇ। ਮੈਂ ਇਕ ਬੇਰੀ ਥਲੇ ਖੜ੍ਹਾ ਸਾਂ ਕਿ ਇਕ ਸੁੰਡੀ ਜਹੀ ਮੇਰੀ ਧੌਣ ਤੇ ਆਣ ਡਿਗੀ। ਮੈਂ ਹਥ ਨਾਲ ਪਰ੍ਹਾਂ ਕਰ ਹੀ ਰਿਹਾ ਸਾਂ ਕਿ ਇੰਚ ਤੋਂ ਲੰਮੀ ਸੁੰਡੀ ਜਿਸ ਉਪਰ ਕਾਫੀ ਵਾਲ ਸਨ, ਦੇ ਛੂਹਣ ਨਾਲ ਹੀ ਧੌਣ ਵਿਚ ਖਾਰਸ਼ ਹੋਣ ਲਗੀ। ਪਿਛੋਂ ਪਤਾ ਲੱਗਾ ਕਿ ਇਸ ਸੁੰਡੀ ਦਾ ਨਾਂ ਕੰਨਾ-ਕੁੱਤੀ ਸੀ ਜੋ ਬੇਰੀਆਂ ਤੇ ਆਮ ਹੁੰਦੀ ਸੀ ਤੇ ਜਿਸ ਪਸ਼ੂ ਜਾਂ ਬੰਦੇ ਤੇ ਡਿਗ ਪੈਂਦੀ, ਓਥੇ ਕਈ ਦਿਨ ਖਾਰਸ਼ ਹੁੰਦੀ ਰਹਿੰਦੀ ਸੀ ਅਤੇ ਧੱਫੜ ਪੈ ਜਾਂਦੇ ਸਨ। ਮਛਰ, ਕੰਨਾ-ਕੁੱਤੀਆਂ ਤੇ ਸੱਪਾਂ ਦੇ ਇਸ ਬੇਟ ਦੇ ਇਲਾਕੇ ਵਿਚ ਹੁਣ ਨਵਾਂ ਜੀਵਨ ਸ਼ੁਰੂ ਹੋਣਾ ਸੀ। ਹੋਰ ਵੇਖਿਆ ਕਿ ਚਾਰ ਚੁਫੇਰੇ ਜਿਥੇ ਸਰਕੜਾ ਤੇ ਕਾਨੇ ਹੀ ਕਾਨੇ ਸਨ, ਓਥੇ ਖੇਤਾਂ ਵਿਚ ਦਭ, ਜਵ੍ਹਾਂ ਤੇ ਪੋਹਲੀ ਵੀ ਬੜੀ ਉਗੀ ਹੋਈ ਸੀ। ਕਿਧਰੇ ਕਿਧਰੇ ਹਰਮਲ ਦੇ ਬੂਟੇ ਵੀ ਸਨ। ਦਭ ਦਾ ਕੰਡਾ ਤੇ ਪੋਹਲੀ ਦਾ ਕੰਡਾ

ਜੇ ਪੈਰ ਵਿਚ ਚੁਭ ਜਾਵੇ ਤਾਂ ਵਿਚੇ ਈ ਟੁੱਟ ਜਾਂਦਾ ਸੀ ਤੇ ਕਈ ਦਿਨ ਪੀੜ ਨਹੀਂ ਜਾਂਦੀ ਸੀ। ਦਭ ਦੇ ਬਹੁਤੇ ਕੰਡੇ ਚੁਭਨ ਨਾਲ ਪੈਰਾਂ ਵਿਚ ਗੜ੍ਹਮੋਰੀਆਂ ਵੀ ਹੋ ਜਾਂਦੀਆਂ ਸਨ ਜੋ ਬੜੀਆਂ ਰੜਕਦੀਆਂ ਸਨ। ਰਾਵਾਂ ਦੇ ਮੁੰਡੇ ਤਾਂ ਦਭ ਦੇ ਕੰਡਿਆਂ ਦੀ ਪਰਵਾਹ ਨਹੀਂ ਕਰਦੇ ਸਨ ਤੇ ਨੰਗੇ ਪੈਰੀਂ ਹੀ ਦਭ ਅਤੇ ਪੋਹਲੀ ਤੇ ਤੁਰੇ ਫਿਰਦੇ ਸਨ। ਉਹਨਾਂ ਦੇ ਪੈਰਾਂ ਨੂੰ  ਗਰਮੀ ਸਰਦੀ ਦਾ ਕੋਈ ਅਸਰ ਨਹੀਂ ਹੁੰਦਾ ਸੀ।

ਮੈਂ ਕਈ ਦਿਨ ਬੇਰੀਆਂ ਵਾਲੇ ਖੂਹ ਤੇ ਰਿਹਾ। ਰਾਵਾਂ ਦੀਆਂ ਘਰ ਵਾਲੀਆਂ ਜੋ ਉਖਲੀ ਵਿਚ ਧਾਈਂ ਪਾ ਕੇ ਧਾਈਆਂ ਨੂੰ ਮੋਹਲਿਆਂ ਨਾਲ ਕੁਟਦੀਆਂ ਸਨ ਤੇ ਫਿਰ ਉਹਨਾਂ ਵਿਚੋਂ ਛੱਜ ਨਾਲ ਛੱਟ ਕੇ ਚਿਟੇ ਚਿਟੇ ਚਿਟੇ ਚੌਲ ਕਢ ਲੈਂਦੀਆਂ ਸਨ। ਚੱਕੀ ਝੋਅ ਕੇ ਕਣਕ ਤੇ ਮਕੀ ਦਾ ਆਟਾ ਵੀ ਪੀਹ ਲੈਂਦੀਆਂ ਸਨ। ਇਹ ਰਾਏ ਸਿੱਖ ਲੋਕ ਚੌਲ ਬੜੇ ਖੁਸ਼ ਹੋ ਕੇ ਖਾਂਦੇ ਸਨ। ਰਾਏ ਸਿੱਖ ਮਛੀਆਂ ਫੜ ਲਿਆਉਂਦੇ ਅਤੇ ਮਛੀ ਦੀ ਤਰੀ ਚੌਲਾਂ ਤੇ ਪਾ ਕੇ ਖਾਂਦੇ ਤੇ ਮਛੀ ਜਾਂ ਸਈਅੜ (ਖਰਗੋਸ਼) ਦੀ ਸਬਜ਼ੀ ਵਿਚ ਮਿਰਚਾਂ ਬਹੁਤ ਪੌਂਦੇ। ਕੁਝ ਦਿਨਾਂ ਬਾਅਦ ਮੈਨੂੰ ਵੀ ਤੇਜ਼ ਮਿਰਚਾਂ ਵਾਲੀ ਇਹਨਾਂ ਦੀ ਸਬਜ਼ੀ ਚੰਗੀ ਲੱਗਣ ਲਗ ਪਈ। ਇਹਨਾਂ ਦੀਆਂ ਮੋਟੀਆਂ ਠੁਲੀਆਂ ਰੋਟੀਆਂ ਤੇ ਸਬਜ਼ੀ ਦਾ ਸਵਾਦ ਨਿਆਰਾ ਤੇ ਵਖਰਾ ਸੀ। ਇਹ ਮਿਰਚਾਂ ਦੀ ਚਟਣੀ ਵੀ ਬਣਾਉਂਦੇ। ਇਸ ਬੇਰੀਆਂ ਵਾਲੇ ਖੂਹ ਤੇ ਨਹਾਉਣ ਦਾ ਆਪਣਾ ਈ ਸਵਾਦ ਸੀ। ਪਾਣੀ ਬੜਾ ਠੰਢਾ ਤੇ ਮਿਠਾ ਸੀ। ਜਦੋਂ ਬਲਦ ਜੋੜ ਕੇ ਖੂਹ ਚਲਦਾ ਤਾਂ ਟਿੰਡਾਂ ਦਾ ਪਾਣੀ ਪਾੜਛੇ ਵਿਚ ਡਿਗ ਕੇ ਚੁਬਚੇ ਵਿਚ ਆ ਜਾਂਦਾ ਤੇ ਓਥੋਂ ਬਾਲਟੀਆਂ ਭਰ ਭਰ ਕੇ ਪਿੰਡੇ ਤੇ ਪੌਣ ਦਾ ਬੜਅ ਅਨੋਖਾ ਸਵਾਦ ਸੀ। ਰਾਵਾਂ ਦੇ ਕਈ ਮੁੰਡੇ ਖੂਹ ਵਿਚ ਛਾਲ ਮਾਰ ਦਿੰਦੇ ਤੇ ਨਹਾ ਕੇ ਟਿੰਡਾਂ ਦੀ ਮਾਹਲ ਰਾਹੀਂ ਬਾਹਰ ਆ ਜਾਂਦੇ। ਇਹਨਾਂ ਦੀ ਰੀਸ ਬਰੀਸੇ ਮੈਂ ਵੀ ਖੂਹ ਵਿਚ ਛਾਲ ਮਾਰ ਕੇ ਕਾਫੀ ਚਿਰ ਠੰਢੇ ਪਾਣੀ ਦਾ ਅਨੰਦ ਮਾਣਿਆ ਤੇ ਵੇਖਿਆ ਕਿ ਖੂਹ ਵਿਚ ਡਡੂ ਵੀ ਬੜੇ ਸਨ ਪਰ ਉਹਨਾਂ ਤੋਂ ਡਰਨ ਦੀ ਕੋਈ ਲੋੜ ਨਹੀਂ ਸੀ। ਉਹ ਕੁਝ ਨਹੀਂ ਕਹਿੰਦੇ ਸਨ ਤੇ ਉਹਨਾਂ ਦਾ ਰੰਗ ਬਹਤਾ ਕਰ ਕੇ ਪੀਲਾ ਈ ਸੀ। ਜਦੋਂ ਉਹ ਬੋਲਦੇ ਤਾਂ ਉਹਨਾਂ ਦੀ ਗੜੈਂ ਗੜੈਂ ਬੜੀ ਦੂਰ ਤੋਂ ਹੀ ਸੁਣ ਜਾਂਦੀ ਸੀ। ਰਾਤ ਨੂੰ ਇਸ ਬੇਰੀਆਂ ਵਾਲੇ ਖੂਹ ਤੇ ਬਿੰਡੇ ਵੀ ਬੜੇ ਬੋਲਦੇ ਸਨ। ਟਿਕੀ ਰਾਤ ਵਿਚ ਇਹਨਾਂ ਦੀ ਆਵਾਜ਼ ਦਾ ਆਪਣਾ ਹੀ ਅਦੁਭੁਤ ਤੇ ਅਨੋਖਾ ਰੰਗ ਸੀ। ਜਿੰਨੇ ਦਿਨ ਮੈਂ ਬੇਰੀਆਂ ਵਾਲੇ ਖੂਹ ਤੇ ਰਿਹਾ, ਸ਼ੁਰੂ ਵਿਚ ਤਾਂ ਬੜਾ ਡਰ ਲਗਦਾ ਸੀ ਪਰ ਪਿਛੋਂ ਇਹ ਡਰ ਲਗਣਾ ਘਟ ਗਿਆ। ਘਗਰੀਆਂ ਵਾਲੀਆਂ ਕਈ ਰਾਏ ਸਿਖਣੀਆਂ ਬੜੀਆਂ ਜਵਾਨ, ਸੁਡੌਲ ਤੇ ਖੂਬਸੂਰਤ ਸਨ ਤੇ ਅਨਪੜ੍ਹ ਹੋਣ ਕਾਰਨ ਬੜੀਆਂ ਸਿਧੀਆਂ ਸਾਧੀਆਂ ਸਨ। ਇਹਨਾਂ ਦੇ ਵਰਤੋਂ ਵਾਲੇ ਬਰਤਨ ਤੇ ਗਹਿਣੇ ਵੀ ਵਖਰੀ ਤਰ੍ਹਾਂ ਦੇ ਸਨ। ਇਹ ਮਿੱਟੀ ਦੀ ਪਰਾਤ ਵਿਚ ਆਟਾ ਗੁੰਨ੍ਹਦੀਆਂ ਸਨ ਤੇ ਆਮ ਤੌਰ ਤੌਰ ਘਗਰੀਆਂ ਹੀ ਪੌਂਦੀਆਂ ਸਨ। ਮਰਦ ਤਹਿਮਤਾਂ ਬੰਨ੍ਹਦੇ ਸਨ। ਮੁੰਡੇ ਨੰਗੇ ਪੈਰੀਂ ਹੀ ਤੁਰੇ ਫਿਰਦੇ ਸਨ। ਲਾਗੇ ਕੋਈ ਸਕੂਲ ਨਾ ਹੋਣ ਕਰ ਕੇ ਇਹ ਪੜ੍ਹਨ ਵੀ ਨਹੀਂ ਜਾਂਦੇ ਸਨ।

ਦਰਅਸਲ ਇਹ ਇਲਾਕਾ ਪਾਕਿਸਤਾਨ ਬਨਣ ਤੋਂ ਪਹਿਲਾਂ ਵਧੇਰੇ ਤੌਰ ਤੇ ਨਵਾਬ ਮਮਦੋਟ ਦਾ ਇਲਾਕਾ ਸੀ। ਇਸ ਸਾਰੇ ਇਲਾਕੇ ਵਿਚ ਕਈ ਪਿੰਡ ਉਹਦੇ ਸਨ ਤੇ ਮੁਸਲਮਾਨ ਮੁਜ਼ਾਰੇ ਉਹਦੀਆਂ ਜ਼ਮੀਨਾਂ ਵਹੁੰਦੇ ਸਨ। ਵੰਡ ਪਿਛੋਂ ਜਿਥੇ ਨਵਾਬ ਮਮਦੋਟ ਪਾਕਿਸਤਾਨ ਚਲਾ ਗਿਆ, ਓਥੇ ਮੁਸਲਮਾਨ ਮੁਜ਼ਾਰੇ ਵੀ ਪਾਕਿਸਤਾਨ ਚਲੇ ਗਏ ਤੇ ਜ਼ਿਲਾ ਮਿੰਟਗੁਮਰੀ ਵਿਚੋਂ ਆਪਣੇ ਆਪ ਨੂੰ ਰਾਏ ਸਿੱਖ ਅਖਵਾਉਂਦੇ ਇਹ ਹਜ਼ਾਰਾਂ ਮੋਨੇ ਸਿੱਖ ਪਾਕਿਸਤਾਨ ਚਲੇ ਗਏ ਮੁਸਲਮਾਨਾਂ ਦੀਆਂ ਜ਼ਮੀਨਾਂ ਤੇ ਕਬਜ਼ਾ ਕਰ ਕੇ ਬੈਠ ਗਏ ਸਨ। ਕਿਓਂਕਿ ਪਿਛੋਂ ਇਹ ਬੇ ਜ਼ਮੀਨੇ ਆਏ ਸਨ, ਇਸ ਲਈ ਇਹਨਾਂ ਨੂੰ ਇਹ ਜ਼ਮੀਨਾਂ ਅਲਾਟ ਨਹੀਂ ਹੋਈਆਂ ਸਨ ਤੇ ਸਿਰਫ ਇਹਨਾਂ ਦੇ ਕਬਜ਼ੇ ਅਧੀਨ ਸਨ। ਜਿਹੜੇ ਰਾਏ ਸਿੱਖ ਸਤਲੁਜ ਪਾਰੋਂ ਏਧਰ ਹਿੰਦੋਸਤਾਨ ਨਹੀਂ ਆਏ ਸਨ, ਉਹ ਓਧਰ ਹੀ ਮੁਸਲਮਾਨ ਹੋ ਗਏ ਸਨ। ਜਦ ਅਲਾਟੀ ਆਣੇ ਸ਼ੁਰੂ ਹੋ ਗਏ ਤਾਂ ਇਹ ਰਾਏ ਸਿੱਖ ਜਿਨ੍ਹਾਂ ਨੂੰ ਇਹ ਭਰੋਸਾ ਸੀ ਕਿ ਆਜ਼ਾਦ ਹਿੰਦੋਸਤਾਨ ਵਿਚ ਇਕ ਦਿਨ ਜਵਾਹਰ ਲਾਲ ਨਹਿਰੂ ਫਿਰੋਜ਼ਪੁਰ ਆਏਗਾ ਅਤੇ ਸਾਰੇ ਬੇਜ਼ਮੀਨੇ ਰਾਏ ਸਿਖਾਂ ਨੂੰ ਇਹ ਜ਼ਮੀਨਾਂ ਪਕੇ ਤੌਰ ਤੇ ਦੇ ਜਾਵੇਗਾ, ਦੀ ਉਡੀਕ ਵਿਚ ਸਨ। ਜਦੋਂ ਅਲਾਟੀ ਆਉਣੇ ਸ਼ੁਰੂ ਹੋ ਗਏ ਤੇ ਇਹਨਾਂ ਕੋਲੋਂ ਜ਼ਮੀਨਾਂ ਦੇ ਕਬਜ਼ੇ ਮੰਗਣ ਲਗੇ ਤਾਂ ਕਈ ਥਾਵਾਂ ਤੇ ਖੂੰਨ ਖਰਾਬੇ ਵੀ ਹੋਏ ਸਨ। ਪਰ ਜਦੋਂ ਇਹਨਾਂ ਰਾਵਾਂ ਨੇ ਪਟਵਾਰੀਆਂ ਤੇ ਤਹਿਸੀਲਦਾਰਾਂ ਕੋਲ ਸਤਲੁਜ ਦਰਿਆ ਦੀ ਬੇਟ ਵਿਚ ਆ ਕੇ ਆਪਣੇ ਕਬਜ਼ਿਆਂ ਹੇਠ ਰਖੀਆਂ ਜ਼ਮੀਨਾਂ ਦੀਆਂ ਗੁਹਾਰਾਂ ਪਾਈਆਂ ਤੇ ਬੰਜਰ ਬੇਆਬਾਦ ਜ਼ਮੀਨਾਂ ਨੂੰ ਆਬਾਦ ਕਰਨ ਦੇ ਵਾਸਤੇ ਪਾਏ ਤਾਂ ਉਹਨਾਂ ਨੂੰ ਇਹੀ ਕਿਹਾ ਗਿਆ ਕਿ ਸਰਕਾਰ ਉਹਨਾਂ ਨੂੰ ਬਾਰਡਰ ਦੇ ਇਸ ਬੇਟ ਇਲਾਕੇ ਵਿਚ ਪੰਜ ਪੰਜ ਏਕੜ ਜ਼ਮੀਨ ਅਲਾਟ ਕਰੇਗੀ। ਮੈਂ ਹੁਣ ਜਲਦੀ ਵਾਪਸ ਸਕੂਲ ਨੂੰ ਮੁੜਨ ਦਾ ਪਰੋਗਰਾਮ ਬਣਾ ਰਿਹਾ ਸਾਂ ਕਿਉਂਕਿ ਮੇਰੀ ਪੜ੍ਹਾਈ ਖਰਾਬ ਹੋ ਰਹੀ ਸੀ। ਰਾਏ ਸਿੱਖਣੀਆਂ ਜੋ ਸਾਡੇ ਮੁਜ਼ਾਰਿਆਂ ਦੀਆਂ ਸਵਾਣੀਆਂ ਸਨ, ਮੇਰੇ ਲਈ ਗਾਵਾਂ ਦਾ ਘਿਓ ਇਕਠਾ ਕਰ ਰਹੀਆਂ ਸਨ ਬਾਸਮਤੀ ਦੇ ਚੌਲ ਵੀ ਜੋ ਮੈਂ ਨਾਲ ਪਿੰਡ ਮਹਿਤੇ ਨੂੰ ਲੈ ਕੇ ਜਾਣੇ ਸਨ।

## ਸਕੂਲ ਨੂੰ ਮੋੜਾ

ਕਬਜ਼ਾ ਲੈਣ ਤੋਂ ਪਹਿਲਾਂ ਸਾਨੂੰ ਅਲਾਟ ਹੋਈ ਜ਼ਮੀਨ ਕਾਲੂ ਤੇ ਹਾਕੂ ਰਾਏ ਸਿੱਖਾਂ ਦੇ ਕੋਲ ਸੀ ਜਿਨ੍ਹਾਂ ਦੇ ਪਰਵਾਰ ਭਾਵ ਰਾਏ ਸਿੱਖ ਸਵਾਣੀਆਂ ਤੇ ਉਹਨਾਂ ਦੇ ਬੱਚੇ ਵੀ ਬੇਰੀਆਂ ਵਾਲੇ ਖੂਹ ਤੇ ਬਣੀਆਂ ਝੁਗੀਆਂ ਵਿਚ ਰਹਿੰਦੇ ਸਨ। ਸਾਨੂੰ ਅਲਾਟ ਹੋਈ ਜ਼ਮੀਨ ਤੋਂ ਪਹਿਲਾਂ ਇਸ ਜ਼ਮੀਨ ਦੀ ਸਾਰੀ ਕਮਾਈ ਇਹ ਰਾਏ ਸਿੱਖਾਂ ਤੇ ਉਹਨਾਂ ਦੇ ਪਰਵਾਰ ਹੀ ਖਾਂਦੇ ਸਨ। ਸ਼ਾਇਦ ਇਸ ਵਿਚੋਂ ਕੁਝ ਹਿੱਸਾ ਹਲਕੇ ਦੇ ਪਟਵਾਰੀ ਜਸਵੰਤ ਰਾਏ ਮਹਿਤੇ ਨੂੰ ਚਲਾ ਜਾਂਦਾ ਸੀ ਜੋ ਫਿਰੋਜ਼ਪੁਰ ਸ਼ਹਿਰ ਵਿਚ ਕਾਂਸ਼ੀ ਨਗਰੀ ਦੇ ਬਾਹਰਵਾਰ ਲੰਘਦੇ ਨਾਲੇ ਤੇ ਬਣੇ ਹੋਏ ਮਕਾਨ ਵਿਚ ਰਹਿੰਦਾ ਸੀ। ਨਵੇਂ ਅਲਾਟੀਆਂ ਨੂੰ ਜ਼ਮੀਨ ਦੇ ਕਬਜ਼ੇ ਦੇਣ ਦਾ ਕੰਮ ਕਰਦਾ ਹੋਣ ਕਾਰਨ ਉਹਦੀ ਪੁਛ ਪਰਤੀਤ ਦਾ ਕੋਈ ਅੰਤ ਨਹੀਂ ਸੀ। ਉਹਦੇ ਕਾਲੇ ਪਟੇ ਬੜੇ ਚੋਪੜੇ ਹੁੰਦੇ ਤੇ ਉਹ ਬਹੁਤ ਸੁਕੀਨੀ ਵਾਲੇ ਕਪੜੇ ਪਾ ਕੇ ਰਖਦਾ ਸੀ ਤੇ ਉਹਦੇ ਘਰ ਅਗੋਂ ਕਾਲਜ ਨੂੰ ਪੜ੍ਹਨ ਜਾਣ ਵਾਲੀਆਂ ਕੁੜੀਆਂ ਨੂੰ ਬੜਾ ਘੂਰ ਕੇ ਵੇਖਿਆ ਕਰਦਾ ਸੀ। ਨਹਿਰੀ ਪਟਵਾਰੀ ਵੀ ਫਿਰੋਜ਼ਪੁਰ ਸ਼ਹਿਰ ਵਿਚ ਹੀ ਰਹਿੰਦਾ ਸੀ ਤੇ ਉਹਦਾ ਘਰ ਸ਼ਿਮਲਾ ਟਾਕੀ ਤੋਂ ਕਸੂਰੀ ਦਰਵਾਜ਼ੇ ਨੂੰ ਮੁੜਦੀ ਸੜਕ ਤੇ ਇਕ ਬਹੁਤ ਵਡੀ ਬਿਲਡਿੰਗ ਦੇ ਉਪਰ ਸੀ। ਬਾਅਦ ਵਿਚ ਉਹਹਦਾ ਮੁੰਡਾ ਆਰ ਐਸ ਡੀ ਕਾਲਜ ਫਿਰੋਜ਼ਪੁਰ ਵਿਚ ਐਫ. ਏ. ਵਿਚ ਪੜ੍ਹਦਿਆਂ ਮੇਰਾ ਜਮਾਤੀ ਸੀ ਤੇ ਜਦ ਮੈਂ 1971 ਵਿਚ ਪੰਜਾਬ ਸਕੂਲ ਸਿਖਿਆ ਬੋਰਡ ਚੰਡੀਗੜ੍ਹ ਵਿਚ ਖੋਜ ਤੇ ਮੁਲਅੰਕਣ ਅਫਸਰ ਸਾਂ ਤਾਂ ਉਹ ਸਾਡੇ ਡੀ ਪੀ ਆਈ ਆਫਸ ਵਿਚ ਕਲਰਕ ਸੀ ਤੇ ਕਈ ਵਾਰ ਫਾਈਲਾਂ ਲੈ ਕੇ ਸਾਡੇ ਦਫਤਰ ਆਇਆ ਕਰਦਾ ਸੀ। ਕਾਲਜ ਪੜ੍ਹਦਿਆਂ ਉਸ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਮੈਂ ਜੋ ਕਦੇ 1951-52 ਵਿਚ ਪਿੰਡ ਗੁਦੜਢੰਡੀ ਦੇ ਬੇਰੀਆਂ ਵਾਲੇ ਖੂਹ ਤੋਂ ਉਹਨਾਂ ਲਈ ਤਾਜ਼ਾ ਸਬਜ਼ੀਆਂ ਤੇ ਦੁਧ ਘਿਓ ਸਿਰ ਤੇ ਚੁਕ ਕੇ ਪਹਿਲਾਂ ਸੱਤ ਅਠ ਮੀਲ ਪੈਦਲ ਤੁਰ ਕੇ ਝੋਕ ਟਹਿਲ ਸਿੰਘ ਸਟੇਸ਼ਨ ਤੇ ਪਹੁੰਚਦਾ ਤੇ ਫਿਰ ਫਿਰੋਜ਼ਪੁਰ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਉੱਤਰ ਕੇ ਸ਼ਿਮਲਾ ਟਾਕੀ ਦੇ ਪਿਛੇ ਖੇਤਾਂ ਵਿਚ ਪੈਂਦੀ ਇਕ ਡੰਡੀ ਰਾਹੀਂ ਉਸ ਨਹਿਰੀ ਪਟਵਾਰੀ ਦੇ ਓਸ ਬਹੁਤ ਵਡੀ ਬਿਲਡਿੰਗ ਦੇ ਦੀ ਦੂਜੀ ਮੰਜ਼ਲ ਤੇ ਬਣੇ ਘਰ ਇਹ ਸਭ ਕੁਝ ਪੁਚਾਇਆ ਕਰਦਾ ਸਾਂ, ਕਦੇ

ਚੰਡੀਗੜ੍ਹ ਵਿਚ ਅਫਸਰ ਵੀ ਲੱਗ ਜਾਵਾਂਗਾ। ਬਾਪੂ ਦਾ ਕਹਿਣਾ ਸੀ ਕਿ ਨਵੀਂ ਅਲਾਟ ਹੋਈ ਜ਼ਮੀਨ ਤੇ ਕਾਬਜ਼ ਹੋਣ, ਖਸਰੇ ਗਰਦੌਰੀਆਂ ਕਰਾਉਣ, ਜਮ੍ਹਾਂਬੰਦੀਆਂ ਤੇ ਨਕਲਾਂ ਲੈਣ, ਨਹਿਰੀ ਪਾਣੀ ਦੀ ਵਾਰੀ ਮੱਲਣ ਲਈ ਮਾਲ ਤੇ ਨਹਿਰੀ ਪਟਵਾਰੀ ਦੀ ਬੜੀ ਅਹਿਮੀਅਤ ਤੇ ਲੋੜ ਸੀ। ਮੈਂ ਈ ਨਹੀਂ ਓਸ ਇਲਾਕੇ ਦੇ ਸਾਰੇ ਅਲਾਟੀ ਹੀ ਪਟਵਾਰੀਆਂ ਦਾ ਪਾਣੀ ਭਰਦੇ ਸਨ। ਜਦੋਂ ਨਹਿਰੀ ਜਾਂ ਮਾਲ ਪਟਵਾਰੀ ਪਿੰਡ ਆਉਂਦਾ ਤਾਂ ਉਹ ਘੋੜ੍ਹੀ ਤੇ ਚੜ੍ਹਿਆ ਹੁੰਦਾ ਜਿਸ ਦੀ ਲਗਾਮ ਅਗੇ ਤੁਰਦੇ ਪਿੰਡ ਦੇ ਚੌਕੀਦਾਰ ਦੇ ਹਥ ਹੁੰਦੀ। ਪਿੰਡ ਦੇ ਜੱਟ ਜਾਂ ਨਵੇਂ ਅਲਾਟੀ ਪਟਵਾਰੀ ਦੀ ਘੋੜੀ ਦੇ ਪਿਛੇ ਜਾਂ ਪਾਸਿਆਂ ਤੇ ਤੁਰ ਰਹੇ ਹੁੰਦੇ। ਪਟਵਾਰੀ ਅਗੇ ਨਿਓਂ ਕੇ ਗੱਲ ਕਰਦੇ। ਪਟਵਾਰੀ ਦੇ ਮੂੰਹੋਂ ਜੋ ਵੀ ਨਿਕਲ ਜਾਂਦਾ, ਜਿਵੇਂ ਐਨੀ ਕਣਕ ਮੇਰੇ ਘਰ ਸੁਟ ਦਿਓ, ਗੱਡਾ ਬਾਲਣ ਦਾ ਸੁਟ ਦਿਓ, ਕੋਈ ਅਲਾਟੀ ਅਗੋਂ ਨਾਂਹ ਕਰਨ ਦਾ ਹੀਆ ਨਹੀਂ ਕਰਦਾ ਸੀ। ਗੁਦੜਢੰਡੀ ਤੋਂ ਫਿਰੋਜ਼ਪੁਰ ਦੇ ਕੱਚੇ ਰਾਹਾਂ ਤੇ ਗਡਾ ਬਾਲਣ ਦਾ ਜਾਂ ਦਾਣੇ ਪਟਵਾਰੀ ਦੇ ਘਰ ਪਹੁੰਚਦੇ ਹੋ ਜਾਂਦੇ। ਪਟਵਾਰੀ ਜਸਵੰਤ ਰਾਏ ਮਹਿਤਾ ਬੜੇ ਦਲੇਰ ਸੁਭਾਅ ਦਾ ਮਾਲਕ ਸੀ ਤੇ ਆਏ ਗਏ ਨੂੰ ਚਾਹ ਵੀ ਪਿਆਉਂਦਾ ਸੀ। ਮੈਂ ਵੇਖਦਾ ਕਿ ਜਿੰਨੀ ਤਾਕਤ ਪਟਵਾਰੀ ਦੀ ਸੀ, ਸ਼ਾਇਦ ਏਨੀ ਥਾਣੇਦਾਰ ਦੀ ਵੀ ਨਾ ਹੋਵੇ। ਪਟਵਾਰੀ ਦਾ ਲਿਖਿਆ ਇਕ ਹਰਫ ਈ ਜ਼ਿਮੀਂਦਾਰ ਦੀ ਤਕਦੀਰ ਨੂੰ ਪੁਠੀ ਕਰ ਸਕਦਾ ਸੀ। ਸੋਕੇ ਜਾਂ ਹੜ ਦੇ ਮਾਰ ਦੀ ਸੱਚੀ ਜਾਂ ਝੂਠੀ ਰਿਪੋਰਟ ਤੇ ਈ ਸਰਕਾਰ ਵੱਲੋਂ ਕਿਸਾਨ ਨੂੰ ਕੋਈ ਮਦਦ ਮਿਲ ਸਕਦੀ ਸੀ। ਉਹਨਾਂ ਦਿਨਾਂ ਵਿਚ ਰੇਡੀਓ ਤੋਂ ਇਕ ਗਾਣਾ ਵੀ ਬੜਾ ਔਂਦਾ ਹੁੰਦਾ ਸੀ ਕਿ "ਤੂੰ ਕਾਹਦਾ ਪਟਵਾਰੀ, ਮੁੰਡਾ ਮੇਰਾ ਰੋਵੇ ਅੰਬ ਨੂੰ"। ਬਹੁਤ ਸਾਲਾਂ ਬਾਅਦ ਜਦ ਜਸਵੰਤ ਰਾਏ ਪਟਵਾਰੀ ਦੀ ਨੌਕਰੀ ਤੋਂ ਤਰੱਕੀ ਕਰ ਕੇ ਕਾਨੂਗੋ ਬਣ ਗਿਆ ਤਾ ਕਹਿੰਦਾ ਹੁੰਦਾ ਸੀ ਕਿ ਜੋ ਟੌਹਰ ਬਤੌਰ ਪਟਵਾਰੀ ਸੀ, ਉਹ ਕਾਨੂਗੋ ਬਣ ਕੇ ਨਹੀਂ ਸੀ। ਕਈ ਵਾਰ ਜਦ ਮਿਲਦਾ ਤਾਂ ਕਹਿੰਦਾ ਕਿ ਹੁਣ ਮੇਰੇ ਹੇਠਾਂ ਕਈ ਪਟਵਾਰੀ ਕੰਮ ਕਰਦੇ ਹਨ ਪਰ ਜੇ ਮੈਨੂੰ ਫਿਰ ਪਟਵਾਰੀ ਬਣਾ ਦੇਣ ਤਾਂ ਮੈਂ ਬੜਾ ਖੁਸ਼ ਹੋਵਾਂਗਾ। ਜੋ ਸਵਾਦ ਜੱਟਾਂ ਤੇ ਰਾਜ ਕਰਨ ਦਾ ਹੈ, ਉਹ ਪਟਵਾਰੀਆਂ ਤੇ ਰਾਜ ਕਰਨ ਦਾ ਨਹੀਂ ਹੈ।

ਕਾਲੂ ਤੇ ਹਾਕੂ ਰਾਏ ਸਿੱਖਾਂ ਦੇ ਪਟਰਵਾਰਾਂ ਤੋਂ ਬਿਨਾਂ ਬੇਰੀਆਂ ਵਾਲੇ ਖੂਹ ਤੇ ਘਟੋ ਘਟ 11 ਹੋਰ ਬੇਜ਼ਮੀਨੇ ਰਾਏ ਸਿੱਖਾਂ ਦੀਆਂ ਝੁਗੀਆਂ ਸਨ ਜੋ 1947 ਤੋਂ ਬਾਅਦ ਇਸ ਬੇਮਾਲਕੀ ਵਾਲੀ ਜ਼ਮੀਨ ਤੇ ਕਬਜ਼ਾ ਕਰੀ ਬੈਠੇ ਸਨ ਤੇ ਉਹਨਾਂ ਨੂੰ ਵੀ ਇਹੀ ਕਿਹਾ ਜਾ ਰਿਹਾ ਸੀ ਕਿ ਪੰਡਤ ਨਹਿਰੂ ਭਾਰਤ ਦੀਆਂ ਪਹਿਲੀਆਂ ਚੋਣਾਂ ਵੇਲੇ ਲੋਕਾਂ ਨੂੰ ਕਾਂਗਰਸ ਨੂੰ ਵੋਟਾਂ ਪੌਣ ਲਈ ਕਹਿਣ ਫਿਰੋਜ਼ਪੁਰ ਆਵੇਗਾ ਤੇ ਸਾਰੇ ਬੇਜ਼ਮੀਨੇ ਰਾਏ ਸਿੱਖਾਂ ਨੂੰ ਉਹਨਾਂ ਦੀ ਕਬਜ਼ੇ ਹੇਠਲੀ ਜ਼ਮੀਨ ਦਾ ਕਬਜ਼ਾ ਦੇਣ ਦਾ ਐਲਾਨ ਕਰ ਜਾਵੇਗਾ। ਪਰ ਜਦੋਂ ਨਵੇਂ ਨਵੇਂ ਅਲਾਟੀ ਆਉਣ ਲਗ ਪਏ ਤੇ ਪਟਵਾਰੀ ਨੇ ਉਹਨਾਂ ਨੂੰ ਜ਼ਮੀਨਾਂ ਦੇ ਕਬਜ਼ੇ ਦੇਣੇ ਸ਼ੁਰੂ ਕਰ ਦਿਤੇ ਤਾਂ ਇਹ ਰਾਏ ਸਿਖ ਪਟਵਾਰੀ ਕੋਲ ਗਏ ਕਿ ਜ਼ਮੀਨ ਤੇ ਤਾਂ ਸਾਡਾ ਕਬਜ਼ਾ ਹੈ। ਪਟਵਾਰੀ ਨੇ ਸਾਫ ਕਹਿ ਦਿਤਾ ਕਿ ਇਸ ਕਨਜ਼ੇ ਦਾ ਕੋਈ ਮਤਲਬ ਨਹੀਂ ਹੈ। ਨਵੇਂ ਅਲਾਟੀ ਜਲੰਧਰ ਤੋਂ ਪਾਕਿਸਤਾਨ ਵਿਚ ਛਡੀ ਜ਼ਮੀਨ ਬਦਲੇ ਅਲਾਟਮੈਂਟ ਦੇ ਕਾਗਜ਼ ਲੈ ਕੇ ਆਏ ਹਨ, ਮੁਜ਼ਾਰਿਆਂ ਦੇ ਤੌਰ ਤੇ ਤੁਹਾਨੂੰ ਰਖਦੇ ਹਨ ਰਹਿ ਜਾਓ ਨਹੀਂ ਤਾਂ ਨਾਜਾਇਜ਼ ਕਬਜ਼ੇ ਕਰਨ ਤੇ ਆਪਣਾ ਕੀਤਾ ਭਰੋਗੇ। ਫਿਰੋਜ਼ਪੁਰ ਤੋਂ ਫਾਜਿਲਕਾ ਤਕ ਦਰਿਆ ਸਤਲੁਜ ਦੀ ਬੇਟ ਦੇ ਸੈਂਕੜੇ ਪਿੰਡਾਂ ਵਿਚ ਜੋ ਬੇਜ਼ਮੀਨੇ ਰਾਏ ਸਿੱਖ ਆਣ ਵਸੇ ਸਨ, ਹੁਣ ਕਿਧਰ ਜਾਣ? ਇਸਦਾ ਕੋਈ ਉਤਰ ਨਹੀਂ ਸੀ। ਕਈ ਪਿੰਡਾਂ ਵਿਚ ਰਾਏ ਸਿੱਖਾਂ ਨੇ ਅਲਾਟੀਆਂ ਨੂੰ ਜ਼ਮੀਨ ਦੇ ਕਬਜ਼ੇ ਦੇਣ ਤੋਂ ਨਾਂਹ ਕਰ ਦਿਤੀ। ਕਬਜ਼ੇ ਨੂੰ ਲੈ ਕੇ ਓਥੇ ਬਹੁਤ ਝਗੜੇ ਵੀ ਹੋਏ ਤੇ ਸ਼ਾਇਦ ਕਤਲ ਵੀ ਪਰ ਆਖਰ ਰਾਏ ਸਿੱਖ ਸਮਝ ਗਏ ਕਿ ਇਹ ਜ਼ਮੀਨਾਂ ਉਹਨਾਂ ਦੀਆਂ ਹਨ ਜੋ ਪਿਛੇ ਪਾਕਿਸਤਾਨ ਵਿਚ ਜ਼ਮੀਨਾਂ ਛਡ ਕੇ ਆਏ ਹਨ। ਕੁਝ ਸਾਲਾਂ ਪਿਛੋਂ ਸਰਕਾਰ ਨੇ ਰਾਏ ਸਿੱਖਾਂ ਨੂੰ ਸਤਲੁਜ ਦੀ ਬੇਟ ਵਿਚ ਪੰਜ ਪੰਜ ਏਕੜ ਜ਼ਮੀਨ ਦੇਣ ਦਾ ਐਲਾਨ ਵੀ ਕਰ ਦਿਤਾ ਪਰ ਇਹ ਜ਼ਮੀਨ ਉਹਨਾਂ ਨੂੰ ਓਨਾ ਚਿਰ ਤਕ ਨਹੀਂ ਮਿਲ ਸਕਦੀ ਸੀ ਜਿੰਨਾ ਚਿਰ ਤਕ ਇਹ ਪਤਾ ਨਹੀਂ ਲਗਦਾ ਸੀ ਕਿ ਅਲਾਟੀਆਂ ਨੂੰ ਮਿਲੀ ਜ਼ਮੀਨ ਤੋਂ ਬਾਅਦ ਕੋਈ ਜ਼ਮੀਨ ਬਚੀ ਵੀ ਹੈ ਜਾਂ ਨਹੀਂ। ਜ਼ਮੀਨ ਦਾ ਕੋਈ ਪੱਕਾ ਰੀਕਾਰਡ ਵੀ ਨਹੀਂ ਸੀ। ਸੁਣਿਆ ਜਾਂਦਾ ਕਿ ਹਿੰਦੋਸਤਾਨ ਦੀ ਕੁਝ ਜ਼ਮੀਨ ਸਤਲੁਜ ਦੇ ਪਾਰ ਪਾਕਿਸਤਾਨ ਦੇ ਇਲਾਕੇ ਵਿਚ ਵੀ ਸੀ ਤੇ ਪਾਕਿਸਤਾਨ ਦੀ ਕੁਝ ਜ਼ਮੀਨ ਏਧਰ ਸਤਲੁਜ ਤੋਂ ਪਾਰ ਭਾਰਤੀ ਇਲਾਕੇ ਵਿਚ ਵੀ ਪਰ ਓਸ ਵੇਲੇ ਇਹ ਸਾਰਾ ਇਲਾਕਾ ਕਾਨਿਆਂ ਦਾ ਜੰਗਲ ਸੀ ਤੇ ਖੂਹਾਂ ਦੀ ਵਾਹੀ ਹੋਣ ਕਾਰਨ ਤੇ ਛਿਮਾਹੀਂ ਨਹਿਰੀ ਪਾਣੀ ਮਿਲਣ ਕਾਰਨ ਜ਼ਿਆਦਾ ਜ਼ਮੀਨ ਬੇਆਬਾਦ ਪਈ ਸੀ। ਕਈ ਅਲਾਟੀ ਬੇਰੀਆਂ ਵਾਲੇ ਖੂਹ ਲਾਗੇ ਪਈ ਜ਼ਮੀਨ ਪਸੰਦ ਨਾ ਆਉਣ ਤੇ ਵੇਖ ਕੇ ਮੁੜ ਜਾਂਦੇ ਤੇ ਇਸ ਦਾ ਨਤਜਿਾ ਇਹ ਨਿਕਲਿਆ ਕਿ ਬੇਰੀਆਂ ਵਾਲੇ ਖੂਹ ਤੇ ਬੈਠੇ ਰਾਏ ਸਿਖ ਜਿਨ੍ਹਾਂ ਦੀਆਂ 11 ਤੋਂ ਜ਼ਿਆਦਾ ਝੁਗੀਆਂ ਤੇ ਮਾਲ ਡੰਗਰ ਬਾਲ ਬਚਾ ਸੀ, ਹੌਲੀ ਹੌਲੀ ਓਥੋਂ ਕਿਧਰੇ ਫਾਜ਼ਿਲਕਾ ਵੱਲ ਨੂੰ ਨਿਕਲ ਗਏ। ਸ਼ਾਇਦ ਓਧਰ ਕਿਧਰੇ ਜ਼ਮੀਨ ਮਿਲਣ ਦੀ ਆਸ ਬਝੀ ਹੋਵੇ। ਕਈ ਰਾਏ ਸਿੱਖ ਸੁਣੀਦਾ ਸੀ ਕਿ ਬੀਕਾਨੇਰ ਤੇ ਨੈਨੀਤਾਲ ਵੱਲ ਨੂੰ ਚਲੇ ਗਏ। ਬਾਪੂ ਮੈਨੂੰ ਸਕੂਲ ਮੁੜਨ ਲਈ ਗੁਦੜਢੰਡੀ ਤੋਂ ਅਗੇ ਪਿੰਡ ਹਾਮਦ ਤੇ ਓਥੋਂ ਡਾਂਡੇ ਮੀਂਡੇ ਝੋਕ ਟਹਿਲ ਸਿੰਘ ਦੇ ਸਟੇਸ਼ਨ ਤਕ ਛਡਣ ਆਇਆ। ਸਾਡੇ ਹਥਾਂ ਵਿਚ ਝੋਲੇ ਤੇ ਗੰਢਾਂ ਸਨ ਜਿਨ੍ਹਾਂ ਵਿਚ ਘਿਓ, ਚੌਲ ਤੇ ਸਬਜ਼ੀਆਂ ਸਨ, ਰਾਏ ਸਿੱਖਣੀਆਂ ਨੇ ਮੈਨੂੰ ਦੇਸੀ ਘਿਓ ਵਿਚ ਆਟਾ ਗੁੰਨ੍ਹ ਕੇ ਮੋਟੇ ਮੋਟੇ ਮੰਨ ਪਕਾ ਕੇ ਤੇ ਮੰਨਾਂ ਦੇ ਵਿਚ੍ਹਕਾਰ ਮਿਰਚਾਂ ਦੀ ਰਗੜੀ ਚਟਣੀ ਰੱਖ, ਪੋਣੇ ਵਿਚ ਬੰਨ੍ਹ ਕੇ ਦੇ ਦਿਤੇ ਸਨ ਜੋ ਰਸਤੇ ਵਿਚ ਫਿਰੋਜ਼ਪੁਰ ਛਾਉਣੀ ਤੋਂ ਗੱਡੀ ਬਦਲ ਕੇ ਬਠਿੰਡੇ ਵੱਲ ਨੂੰ ਜਾਂਦੀ ਗੱਡੀ ਵਿਚ ਬੈਠ ਕੇ ਭੁਖ ਲਗਣ ਤੇ ਜਦ ਖਾਧੇ ਤਾਂ ਬੜੇ ਸਵਾਦ ਲਗੇ। ਪਹਿਲਾਂ ਮੇਰਾ ਵਿਚਾਰ ਸੀ ਕਿ ਗੋਨਿਆਣਾ ਮੰਡੀ ਦੇ ਸਟੇਸ਼ਨ ਤੋਂ ਉਤਰ ਕੇ ਹੋਸਟਲ ਵਿਚ ਚਲਾ ਜਾਵਾਂ ਤੇ ਅਗਲੇ ਹਫਤੇ ਮਹਿਤੇ ਜਾਵਾਂ ਪਰ ਇਹ ਸਾਮਾਨ ਮਹਿਤੇ ਪੁਚਾਉਣ ਦੇ ਖਿਆਲ

ਨਾਲ ਮੈਂ ਸਿੱਧਾ ਬਠਿੰਡੇ ਆ ਗਿਆ ਤੇ ਅਗੋਂ ਸਰਸੇ-ਹਿਸਾਰ ਜਾਣ ਵਾਲੀ ਨਿੱਕੀ ਗੱਡੀ ਫੜ ਕੇ ਸ਼ੇਰਗੜ੍ਹ ਸਟੇਸ਼ਨ ਤੋਂ ਉਤਰ ਕੇ ਮਹਿਤੇ ਆ ਗਿਆ। ਮਾਂ ਮੈਨੂੰ ਵੇਖ ਕੇ ਬਹੁਤ ਖੁਸ਼ ਹੋਈ ਕਿ ਉਹਦਾ ਪੁਤ ਨਵੀਂ ਜ਼ਮੀਨ ਤੋਂ ਹੋ ਕੇ ਆਇਆ ਸੀ ਤੇ ਓਥੋਂ ਚੌਲ ਤੇ ਘਿਓ ਵੀ ਲੈ ਕੇ ਆਇਆ ਸੀ। ਮਾਂ ਬਾਸਮਤੀ ਦੇ ਚਿਟੇ ਚੌਲਾਂ ਥਾਲੀ ਭਰ ਕੇ ਮਹਿਕ ਦੇ ਘਰ ਵੀ ਦੇ ਆਈ ਤੇ ਜਦੋਂ ਮਹਿਕ ਥਾਲੀ ਮੋੜਨ ਆਈ ਤਾਂ ਮੇਰੇ ਵੱਲ ਵੇਖ ਕੇ ਨੀਵੀਂ ਪਾ ਕੇ ਮੁਸਕਰਾ ਪਈ। ਮੈਨੂੰ ਉਹਦੀ ਮੁਸਕਰਾਹਟ ਵਿਚ ਅਗੇ ਆਉਣ ਵਾਲੀ ਜ਼ਿੰਦਗੀ ਦੇ ਕਈ ਸੁਪਨੇ ਦਿਸ ਰਹੇ ਸਨ ਕਿ ਆਉਣ ਵਾਲੇ ਦਿਨ ਕਿਹੋ ਜਹੇ ਸਨ ਜਦ ਇਹ ਸਾਂਝਾਂ ਖਤਮ ਹੋ ਜਾਣਗੀਆਂ। ਮੈਂ ਦਸਵੀਂ ਦਾ ਇਮਤਿਹਾਨ ਦੇ ਕੇ ਫਿਰੋਜ਼ਪੁਰ ਨੂੰ ਚਲਾ ਜਾਵਾਂਗਾ। ਘਰ ਵਾਲੇ ਵੀ ਹੌਲੀ ਹੌਲੀ ਸਾਮਾਨ ਚੁਕ ਕੇ ਮਹਿਤਾ ਛਡ ਚੁਕੇ ਹੋਣਗੇ।

ਮਹਿਕ ਦਾ ਪਿਓ ਵੀ ਫਰੀਦਕੋਟ ਦੇ ਸਟੇਸ਼ਨ ਤੋਂ ਉਤਰ ਕੇ ਮੜਾਰਾਂਵਾਲਾ ਤੋਂ ਅਗੇ ਬੀਕਾਨੇਰ ਨਹਿਰ ਦੇ ਕੰਢੇ ਪੈਂਦੇ ਪਿੰਡ ਵਿਚ ਅਲਾਟ ਹੋਈ ਜ਼ਮੀਨ ਦਾ ਕਬਜ਼ਾ ਲੈਣ ਚਲਾ ਗਿਆ ਸੀ। ਦਿਨ ਡੁਬਣ ਤਕ ਮਹਿਕ ਕਈ ਗੇੜੇ ਸਾਡੇ ਘਰ ਦੇ ਮਾਰ ਗਈ ਸੀ ਤੇ ਮੇਰੀ ਮਾਂ ਨੂੰ ਤੰਦੂਰੇ ਰੋਟੀਆਂ ਲਾਉਣ ਲਈ ਕਹਿ ਗਈ ਸੀ ਕਿ ਉਹਨਾਂ ਨੇ ਤੰਦੂਰ ਤਾ ਦਿਤਾ ਸੀ। ਮਾਂ ਕਹਿ ਰਹੀ ਸੀ ਕਿ ਉਹ ਗੁਝਿਆ ਹੋਇਆ ਆਟਾ ਲੈ ਜਾਵੇ ਰੋਟੀਆਂ ਲਾਹ ਕੇ ਦੇ ਹੀ ਜਾਵੇ। ਆਟਾ ਤਾਂ ਉਹ ਲੈ ਗਈ ਪਰ ਕਾਫੀ ਦੇਰ ਤਕ ਨਾ ਮੁੜੀ। ਮੈਂ ਘੁਸਮੁਸੇ ਵਿਚ ਪਿੰਡ ਦੇ ਖੂਹ ਤੇ ਛਪੜ ਕੋਲੋਂ ਲੰਘ ਪਰ੍ਹਾਂ ਟਿੱਬਿਆਂ ਵੱਲ ਨੂੰ ਚਲਾ ਗਿਆ। ਕੁਝ ਚਿਰ ਪਿਛੋਂ ਮੈਨੂੰ ਇਕ ਜਾਣੀ ਪਹਿਚਾਣੀ ਆਵਾਜ਼ ਸੁਣੀ ਜੋ ਮਾੜੂ ਦੀ ਸੀ ਜੋ ਕੁੜੀਆਂ ਲਈ ਹਰ ਸਾਲ ਛਪੜ ਲਾਗਲੇ ਕੰਢਿਆਂ ਤੇ ਲੱਗੇ ਵਡੇ ਦਰੱਖਤਾਂ ਤੇ ਪੀਂਘਾਂ ਪਾ ਕੇ ਦਿਆ ਕਰਦਾ ਸੀ ਤੇ ਮੇਰੇ ਨਾਲ ਬੜਾ ਹਿਤ ਕਰਦਾ ਸੀ। ਉਹ ਪੜ੍ਹਿਆ ਤਾਂ ਬਿਲਕੁਲ ਨਹੀਂ ਸੀ ਪਰ ਮੇਰੇ ਪੜ੍ਹਦੇ ਹੋਣ ਕਰ ਕੇ ਉਹਨੂੰ ਮੇਰੇ ਨਾਲ ਬੜਾ ਤੇਹ ਸੀ। ਉਹ ਅਕਸਰ ਕਹਿੰਦਾ ਕਿ ਪੜ੍ਹਾਈ ਬੜੀ ਸ਼ੈਅ ਹੁੰਦੀ ਆ ਤੇ ਜਦ ਮੈਂ ਪੜ੍ਹ ਲਿਖ ਕੇ ਕਿਤੇ ਅਫਸਰ ਲਗ ਜਾਵਾਂ ਤਾਂ ਉਹ ਮੈਨੂੰ ਆਪਣੇ ਕੋਲ ਕਿਤੇ ਨੌਕਰ ਰਖ ਲਵੇ ਜਾਂ ਫੌਜ ਵਿਚ ਭਰਤੀ ਕਰਵਾ ਦੇਵੇ। ਮੈਨੂੰ ਹਾਲੇ ਇਹਨਾਂ ਸਭ ਗੱਲਾਂ ਦਾ ਕੋਈ ਪਤਾ ਨਹੀਂ ਸੀ। ਕਈ ਵਾਰ ਉਹ ਮੇਰਾ ਸਾਮਾਨ ਫੜ ਕੇ ਮੈਨੂੰ ਛਡਣ ਲਈ ਸ਼ੇਰਗੜ੍ਹ ਸਟੇਸ਼ਨ ਤਕ ਨਾਲ ਜਾਂਦਾ ਤੇ ਜਦ ਤਕ ਗਡੀ ਨਾ ਤੁਰਦੀ ਤਾਂ ਸਟੇਸ਼ਨ ਤੇ ਬੈਠਾ ਰਹਿੰਦਾ। ਜਦ ਗੱਡੀ ਤੁਰ ਪੈਂਦੀ ਤਾਂ ਉਹ ਮੇਰੇ ਡੱਬੇ ਦੇ ਬਰਾਬਰ ਦੌੜਦਾ ਤੇ ਓਨਾ ਚਿਰ ਤਕ ਮੈਂ ਗੱਡੀ ਦੀ ਬਾਰੀ ਜਾਂ ਦਰਵਾਜ਼ੇ ਵਿਚੋਂ ਉਹਦੇ ਵੱਲ ਵਿੰਹਦਾ ਰਹਿੰਦਾ ਜਦ ਤਕ ਗਡੀ ਬਹੁਤ ਅਗੇ ਨਾ ਲੰਘ ਜਾਂਦੀ ਤੇ ਉਹ ਮੈਨੂੰ ਦਿਸਣੋ ਨਾ ਹਟ ਜਾਂਦਾ।

ਮਾੜੂ ਮੈਨੂੰ ਟਿਬਿਆਂ ਤੋਂ ਥੋੜ੍ਹਾ ਦੂਰ ਹੋਰ ਪਰ੍ਹਾਂ ਲੈ ਗਿਆ ਤੇ ਮੇਰੇ ਕੰਨ ਵਿਚ ਦੱਸਣ ਲੱਗਾ ਕਿ ਪਿੰਡ ਵਿਚ ਬੜੀ ਅਫਵਾਹ ਫੈਲ ਗਈ ਆ ਕਿ ਮਹਿਕ ਤੇਰੇ ਨਾਲ ਭਜਣ ਨੂੰ ਤਿਆਰ ਖੜ੍ਹੀ ਆ ਤੇ ਤੂੰ ਉਹਨੂੰ ਨਵੀਂ ਮਿਲੀ ਜ਼ਮੀਨ ਤੇ ਲੈ ਜਾਏਂਗਾ। ਉਹ ਤੈਨੂੰ ਬਹੁਤ ਪਿਆਰ ਕਰਦੀ ਆ ਤੇ ਕਹਿੰਦੀ ਆ ਕਿ ਜੇ ਮੈਂ ਉਹਨੂੰ ਨਾ ਲੈ ਕੇ ਗਿਆ ਤਾਂ ਉਹ ਖੂਹ ਵਿਚ ਛਾਲ ਮਾਰ ਕੇ ਡੁਬ ਕੇ ਮਰ ਜਾਵੇਗੀ। ਮੈਂ ਮਾੜੂ ਨੂੰ ਕਿਹਾ ਕਿ ਸਭ ਗੱਲਾਂ ਗਲਤ ਹਨ। ਮੈਂ ਆਪਣੀ ਪੜ੍ਹਾਈ ਕਰ ਰਿਹਾ ਹਾਂ ਤੇ ਇਸ ਤੋਂ ਇਲਾਵਾ ਮੇਰੇ ਅਗੇ ਹੋਰ ਕੋਈ ਪਰੋਗਰਾਮ ਨਹੀਂ ਹੈ। ਜੇ ਲੋਕ ਗੱਲਾਂ ਕਰਦੇ ਹਨ ਤਾਂ ਆਪੇ ਚੁਪ ਹੋ ਜਾਣਗੇ। ਮਾੜੂ ਕਹਿਣ ਲੱਗਾ ਤੂੰ ਦਲੇਰੀ ਕਰ ਮੈਂ ਤੇਰੇ ਨਾਲ ਹਾਂ ਤੇ ਕਹੇਂ ਤਾਂ ਕਿਸੇ ਵੈਲੀ ਕੋਲੋਂ ਪਸਤੌਲ ਲੈ ਆਵਾਂਗੇ। ਆਪਾਂ ਕੋਈ ਡਾਕਾ ਮਾਰਨਾ ਆ ਕਮਲਿਆ ਤੇ ਇਹੋ ਜਹੀਆਂ ਗੱਲਾਂ ਨੀ ਕਰੀਦੀਆਂ ਹੁੰਦੀਆਂ। ਤੂੰ ਤਾਂ ਡਰਦਾ ਏ, ਡਰ ਕਾਹਦਾ ਜਦੋਂ ਮੈਂ ਤੇਰੇ ਨਾਲ ਆਂ। ਮੈਨੂੰ ਕਿਤੇ ਕੋਈ ਇਹੋ ਜਹੀ ਛੈਲ ਕੁੜੀ ਨਿਕਲ ਜਾਣ ਲਈ ਕਹੇ ਤਾਂ ਮੈਂ ਉਹਨੂੰ ਮੋਢਿਆਂ ਤੇ ਚੁਕ ਕੇ ਵਗਦੀ ਨਹਿਰ ਚੋਂ ਨਿਕਲ ਜਾਵਾਂ। ਮਜਾਲ ਕੋਰੀ ਖੁਰਾ ਵੀ ਨਪ ਜਾਵੇ। ਮੈਨੂੰ ਲਗਿਆ ਜਿਵੇਂ ਮਾੜੂ ਨੇ ਪੀਤੀ ਹੋਈ ਸੀ। ਮੈਂ ਉਹਨੂੰ ਸਮਝਾ ਕੇ ਉਹਦੇ ਘਰ ਅਗੇ ਛਡਿਆ ਤੇ ਦੇਰ ਨਾਲ ਜਦੋਂ ਮੈਂ ਘਰ ਪੁਜਾ ਤਾਂ ਚੁਲ੍ਹੇ ਲਾਗੇ ਹਾਰੇ ਵਿਚ ਚਿਟੇ ਪੋਣੇ ਨਾਲ ਢਕੀ ਥਾਲੀ ਵਿਚ ਚੋਪਿਆਂ ਵਾਲੀਆਂ ਤੰਦੂਰੀਆਂ ਰੋਟੀਆਂ, ਪਿਆਜ਼ ਤੇ ਤਰਦੇ ਘਿਓ ਵਾਲੀ ਦਾਲ ਪਈ ਸੀ ਤੇ ਨਾਲ ਚਿਭੜਾਂ ਦੀ ਚਟਣੀ। ਭੁਖ ਵੀ ਲੱਗੀ ਹੋਈ ਸੀ ਤੇ ਰੋਟੀਆਂ ਦੀ ਹਰ ਬੁਰਕੀ ਵਿਚ ਸੁਨੇਹੇ ਵੀ ਭਰੇ ਹੋਏ ਸਨ ਜਿਨ੍ਹਾਂ ਨੂੰ ਨਾ ਮੇਰੇ ਬੋਲੇ ਕੰਨ ਸੁਣ ਰਹੇ ਸਨ ਤੇ ਨਾ ਹੀ ਜੀਭ ਕੋਈ ਹੁੰਗਾਰਾ ਭਰ ਰਹੀ ਸੀ। ਕੰਧ ਦੇ ਪਾਰ ਜੋ ਅਖਾਂ ਸਨ, ਉਹਨਾਂ ਪਿਛੇ ਕੀ ਸੀ, ਉਹਨਾਂ ਨੂੰ ਵੇਖ ਕੇ ਵੀ ਮੇਰੀਆਂ ਅਖਾਂ ਉਹਨਾਂ ਅਖਾਂ ਨੂੰ ਅਣਡਿਠ ਕਰ ਰਹੀਆਂ ਸਨ। ਜੋ ਕੁਝ ਵਾਪਰ ਰਿਹਾ ਸੀ। ਵਾਪਰਣ ਦੀ ਉਮਰ ਦਾ ਤਕਾਜ਼ਾ ਸੀ ਤੇ ਥੋੜ੍ਹਾ ਬਹੁਤ ਵਾਪਰ ਕੇ ਅਖਾਂ ਨੇ ਆਪਣੇ ਹੰਝੂਆਂ ਦੇ ਪਛਤਾਵਿਆਂ ਵਿਚ ਇਕ ਦਿਨ ਆਪ ਹੀ ਡੁਬ ਜਾਣਾ ਸੀ। ਪਰ ਅਗੇ ਜਾ ਕੇ ਜ਼ਿੰਦਗੀ ਦਾ ਇਹ ਭਾਗ ਸਾਹਿਤ ਦਾ ਇਕ ਹਿੱਸਾ ਬਣ ਜਾਵੇਗਾ, ਓਸ ਵੇਲੇ ਇਸ ਅਹਿਸਾਸ ਦਾ ਇਤਹਾਸ ਬਨਣ ਲਗ ਪਿਆ ਸੀ ਪਰ ਇਸ ਨੇ ਹਾਲੇ ਸ਼ਿੱਦਤ ਅਖਤਿਆਰ ਨਹੀਂ ਕੀਤੀ ਸੀ।

ਅਗਲੇ ਦਿਨ ਜਦ ਤਿਆਰ ਹੋ ਕੇ ਮੈਂ ਕਈ ਦਿਨਾਂ ਦੀ ਗੈਰ ਹਾਜ਼ਰੀ ਪਿਛੋਂ ਸਕੂਲ ਨੂੰ ਮੁੜ ਰਿਹਾ ਸਾਂ ਮੌਸਮ ਥੋੜ੍ਹਾ ਥੋੜ੍ਹਾ ਬਦਲਣਾ ਸ਼ੁਰੂ ਹੋ ਗਿਆ ਸੀ। ਪਰਛਾਵੇਂ ਲੰਮੇ ਹੋਣ ਲਗ ਪਏ ਸਨ ਤੇ ਸ਼ਾਮਾਂ ਕੁਝ ਠੰਢੀਆਂ। ਇਸ ਵਾਰ ਵਡੇ ਦਰਵਾਜ਼ੇ ਦੇ ਬਾਰ ਖੋਲ੍ਹਣ ਤੋਂ ਪਹਿਲਾਂ ਜਿਥੇ ਮਹਿਕ ਪਿਛੋਂ ਆ ਕੇ ਮੈਨੂੰ ਕੁਝ ਫੜਾ ਕੇ ਬਿਜਲੀ ਦੀ ਤੇਜ਼ੀ ਵਾਂਗ ਮੁੜ ਜਾਂਦੀ ਹੁੰਦੀ ਸੀ, ਅਜ ਮੇਰੇ ਅਗੇ ਖੜ੍ਹੀ ਸੀ। ਅਖਾਂ ਨੀਵੀਆਂ, ਬੁਲ੍ਹਾਂ ਤੇ ਮੁਸਕਾਣ ਜੋ ਆ ਨਹੀਂ ਰਹੀ ਸੀ, ਅਖਾਂ ਦੀਆਂ ਪਲਕਾਂ ਵਿਚ ਡਕੇ ਹੰਝੂ ਜੋ ਡਿਗ ਨਹੀਂ ਰਹੇ ਸਨ। ਉਸ ਮੇਰੇ ਦੋਵੇਂ ਹਥ ਜ਼ੋਰ ਨਾਲ ਫੜ ਲਏ, ਮੂੰਹੋਂ ਕੁਝ ਬੋਲ ਨਹੀਂ ਹੋਇਆ। ਮੈਂ ਹਥ ਛਡਵਾ ਕੇ ਉਹਦੀ ਖੂਬਸੂਰਤ ਠੋਡੀ ਉਚੀ ਚੁਕੀ, ਅਖਾਂ ਅਜੇ ਵੀ ਨੀਵੀਆਂ ਸਨ। ਏਨੀ ਉਚੀ, ਲੰਮੀ, ਜਵਾਨ ਤੇ ਖੂਬਸੂਰਤ, ਏਨੀ ਪਿਆਰ ਕਰਨ ਵਾਲੀ ਪਿੰਡ ਦੀ ਸਿੱਧੀ ਸਾਦੀ ਕੁੜੀ ਦੀਆਂ ਰੀਝਾਂ ਦੇ ਰਾਂਝੇ ਨੇ ਅਲੜ੍ਹਾਂ ਦੇ ਸਾਵੇ ਸਾਵੇ ਜਾਪਦੇ ਪਿਆਰ ਨੂੰ

ਕੁਝ ਸਮਝਦਿਆਂ, ਕੁਝ ਨਾ ਸਮਝਦਿਆਂ ਵੀ ਅਣਜਾਨ ਬਣ ਵਡਾ ਦਰਵਾਜ਼ਾ ਖੋਲ੍ਹਿਆ ਤੇ ਸਟੇਸ਼ਨ ਵੱਲ ਨੂੰ ਚੱਲ ਪਿਆ। ਨਿਆਈਆਂ ਵਿਚ ਵਸੇ ਬੌਰੀਆਂ ਦੇ ਘਰਾਂ ਕੋਲੋਂ ਜਦ ਮੈਂ ਸਟੇਸ਼ਨ ਵੱਲ ਜਾਂਦੇ ਪਹੇ ਤੇ ਪਹੁੰਚਿਆ ਤਾਂ ਆਪਣੇ ਘਰ ਦੀਆਂ ਛੱਤਾਂ ਵੱਲ ਨਿਗ੍ਹਾ ਮਾਰੀ ਤਾਂ ਉਹ ਕੋਠੇ ਦੀ ਛਤ ਤੇ ਖੜ੍ਹੀ ਮੈਨੂੰ ਜਾਂਦੇ ਨੂੰ ਵੇਖ ਰਹੀ ਸੀ।

## ਇਮਤਿਹਾਨ ਦੀਆਂ ਤਿਆਰੀਆਂ

ਮਾਸਟਰ ਚੰਬਾ ਰਾਮ ਨੇ ਇਕ ਦਿਨ ਫਾਰਸੀ ਨਾ ਆਉਣ ਕਾਰਨ ਮੈਨੂੰ ਕੁਟਿਆ ਤੇ ਕਲਾਸ ਵਿਚ ਖੜ੍ਹਾ ਰਖਿਆ। ਭਾਵੇਂ ਮੈਟਰਿਕ ਪਾਸ ਕਰਨ ਦਾ ਮੇਰਾ ਮੀਡੀਅਮ ਉਰਦੂ ਸੀ ਅਤੇ ਫਾਰਸੀ ਦੇ ਅਖਰ ਜੋ ਉਰਦੂ ਦੀ ਪੜ੍ਹਾਈ ਵਿਚ ਕੰਮ ਆਉਂਦੇ ਸਨ, ਮੇਰੇ ਲਈ ਪੜ੍ਹਨੇ ਕੋਈ ਔਖੇ ਨਹੀਂ ਸਨ। ਹਿਸਾਬ ਦੇ ਮਜ਼ਮੂਨ ਜ਼ੁਆ ਜ਼ਾਫਕਲ ਤੇ ਅਲਜਬਰਾ ਤੋਂ ਇਲਾਵਾ ਹਿਸਟਰੀ ਤੇ ਜਗਰਾਫੀਆ ਵੀ ਉਰਦੂ ਵਿਚ ਸਨ। ਫਾਰਸੀ ਮੈਂ ਪੜ੍ਹ ਲਿਖ ਸਕਦਾ ਸਾਂ ਪਰ ਇਸਦੇ ਅਰਥ ਮੈਨੂੰ ਸਮਝ ਨਹੀਂ ਆਉਂਦੇ ਸਨ। ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਮੈਂ ਮਾਸਟਰ ਚੰਬਾ ਰਾਮ ਜੀ ਨੂੰ ਹਥ ਜੋੜ ਕੇ ਕਿਹਾ ਕਿ ਮੈਨੂੰ ਫਾਰਸੀ ਨਹੀਂ ਆਉਣੀ ਤੇ ਜੇ ਤੁਸੀਂ ਮੈਨੂੰ ਦੋਬਾਰਾ ਕੁਟੋਗੇ ਤਾਂ ਮੈਂ ਸਕੂਲੋਂ ਭੱਜ ਜਾਵਾਂਗਾ। ਮੈਂ ਮਾਸਟਰ ਚੰਬਾ ਰਾਮ ਜੀ ਨੂੰ ਇਹ ਵੀ ਦਸਿਆ ਕਿ ਸਕੂਲ ਵਿਚ ਉਰਦੂ ਦਾ ਮਜ਼ਮੂਨ ਦਸਵੀਂ ਵਿਚੋਂ ਖਤਮ ਹੋ ਗਿਆ ਸੀ ਤੇ ਉਸਦੀ ਥਾਂ ਪੰਜਾਬੀ ਦੀਆਂ ਕਿਤਾਬਾਂ ਲਗ ਗਈਆਂ ਸਨ ਅਤੇ ਮੈਂ ਪੰਜਾਬੀ ਸਿੱਖ ਲਈ ਸੀ। ਅਗਲੇ ਸਾਲ ਤੋਂ ਫਾਰਸੀ ਤੇ ਉਰਦੈ ਮੈਟਰਿਕ ਲੈਵਲ ਤੇ ਨਾ ਪੜ੍ਹਾਏ ਜਾਣ ਤੇ ਮਾਸਟਰ ਚੰਬਾ ਰਾਮ ਨੇ ਵੀ ਹਾਈ ਸਕੂਲ ਦੀ  ਨੌਕਰੀ ਤੋਂ ਪ੍ਰਾਇਮਰੀ ਸਕੂਲ ਵਿਚ ਚਲੇ ਜਾਣਾ ਸੀ ਤੇ ਓਥੇ ਪੰਜਾਬੀ ਵਿਚ ਪੜ੍ਹਾਈ ਕਰਾਉਣੀ ਸੀ। ਉਹ ਹੌਲੀ ਪੰਜਾਬੀ ਵੀ ਸਿੱਖ ਰਿਹਾ ਸੀ। ਮਾਸਟਰ ਚੰਬਾ ਰਾਮ ਕਹਿਣ ਲੱਗਾ ਕਿ ਜੇ ਤੈਨੂੰ ਫਾਰਸੀ ਨਹੀਂ ਆਉਂਦੀ ਤਾਂ ਤੂੰ ਹਾਈਜਨ ਦਾ ਮਜ਼ਮੂਨ ਲੈ ਲਾ। ਮੈਂ ਫਾਰਸੀ ਛਡ ਕੇ ਹਾਈਜਨ ਲੈ ਲਈ ਪਰ ਇਹ ਫਾਰਸੀ ਨਾਲੋਂ ਵੀ ਜ਼ਿਆਦਾ ਔਖੀ ਸੀ। ਹਾਈਜਨ ਛਡ ਕੇ ਮੈਂ ਫਿਰ ਫਾਰਸੀ ਲੈ ਲਈ ਤੇ ਚੰਬਾ ਰਾਮ ਨੂੰ ਫਿਰ ਹਥ ਜੋੜ ਕੇ ਕਿਹਾ ਕਿ ਮਾਪਿਆਂ ਦਾ ਦੋ ਮਾਵਾਂ ਚੋਂ ਇਕੋ ਇਕ ਬੜਾ ਲਾਡਲਾ ਮੁੰਡਾ ਹਾਂ। ਮੈਨੂੰ ਕੁੱਟ ਤੋਂ ਬਹੁਤ ਡਰ ਲਗਦਾ ਹੈ। ਮੇਰਾ ਬਾਪੂ ਮੈਨੂੰ ਐਨਾ ਪਿਆਰ ਕਰਦਾ ਹੈ ਕਿ ਓਸ ਮੈਨੂੰ ਕਦੇ ਹਥ ਤਾਂ ਕੀ ਲਾਉਣਾ ਸੀ, ਕਦੇ ਝਿੜਕਿਆ ਤਕ ਵੀ ਨਹੀਂ ਸੀ। ਵੇਖ ਲੌ ਮੈਂ ਪੰਜਾਬੀ ਵਿਚ ਕਹਾਣੀਆਂ ਲਿਖਦਾ ਹਾਂ ਅਤੇ ਮੇਰੀਆਂ ਕਹਾਣੀਆਂ ਪੰਜਾਬੀ ਦੇ ਕਈ ਮਸ਼ਹੂਰ ਰਸਾਲਿਆਂ ਵਿਚ ਛਪ ਚੁਕੀਆਂ ਹਨ। ਜਦ ਮਾਸਟਰ ਚੰਬਾ ਰਾਮ ਨੇ ਮੈਨੂੰ ਛਪੀਆਂ ਕਹਾਣੀਆਂ ਲਿਆ ਕੇ ਵਿਖਾਉਣ ਲਈ ਕਿਹਾ ਤਾਂ ਮੈਂ ਅਗਲੇ ਦਿਨ ਰਸਾਲੇ ਲਿਆਂ ਕੇ

ਵਿਖਾ ਦਿਤੇ। ਮਾਸਟਰ ਚੰਬਾ ਰਾਮ ਨੂੰ ਅਜੇ ਪੰਜਾਬੀ ਪੜ੍ਹਨੀ ਨਹੀਂ ਆਉਂਦੀ ਸੀ ਤੇ ਮੈਂ ਉਸ ਨੂੰ ਕਹਾਣੀ "ਸਦੀਵੀ ਚਾਨਣ" ਪੜ੍ਹ ਕੇ ਸੁਣਾਈ ਜਿਸ ਵਿਚ ਇਕ ਅੰਨ੍ਹੇ ਮੰਗਤੇ ਮੰਗਤੀ ਦੇ ਚੰਗੀਆਂ ਭਲੀਆਂ ਅੱਖਾਂ ਵਾਲੇ ਮੁੰਡੇ ਨੂੰ ਸਕੂਲ ਵਿਚੋਂ ਕਢ ਦਿਤਾ ਜਾਂਦਾ ਹੈ ਕਿਓਂਕਿ ਉਸਦੇ ਨੀਵੀਂ ਜਾਤੀ ਦੇ ਅੰਨ੍ਹ ਮਾਪੇ, ਗਰੀਬ ਅਤੇ ਮੰਗਤੇ ਹਨ। ਬੱਚੇ ਦੀ ਫੀਸ ਨਹੀਂ ਭਰ ਸਕਦੇ। ਮੁੰਡੇ ਦਾ ਪਿਓ ਵਿਦਰੋਹ ਵਿਚ ਆ ਕੇ ਇਕ ਰਾਤ ਨੂੰ ਮੁੰਡੇ ਦੀਆਂ ਦੋਵੇਂ ਅੱਖਾਂ ਅੰਨ੍ਹੀਆਂ ਕਰ ਦੇਂਦਾ ਹੈ ਕਿ ਹੁਣ ਤੈਨੂੰ ਕੋਈ ਸੁਜਾਖੀਆਂ ਅੱਖਾਂ ਦਾ ਤਾਅਨਾ ਮਿਹਣਾ ਨਹੀਂ ਮਾਰੇਗਾ ਤੇ ਤੂੰ ਵੀ ਆਪਣੇ ਮਾਂ ਪਿਓ ਵਾਂਗ ਸਾਰੀ ਉਮਰ ਸੜਕਾਂ ਤੇ ਮੰਗ ਕੇ ਗੁਜ਼ਾਰਾ ਕਰਦਾ ਰਹੇਂਗਾ।

ਕਹਾਣੀ ਸੁਣ ਕੇ ਮਾਸਟਰ ਚੰਬਾ ਰਾਮ ਦੀਆਂ ਅੱਖਾਂ ਵਿਚ ਅਥਰੂ ਆ ਗਏ ਤੇ ਜਿਥੇ ਓਸ ਮੈਨੂੰ ਫਾਰਸੀ ਨਾ ਆਉਣ ਤੇ ਕੁੱਟਣ ਦੀ ਸਜ਼ਾ ਤੋਂ ਮੁਕਤ ਕਰ ਦਿਤਾ, ਓਥੇ ਆਪਣੀ ਉਰਦੂ ਵਿਚ ਲਿਖੀ ਇਕ ਲੰਮੀ ਕਹਾਣੀ "ਕਿਸਮਤ ਕੇ ਕੜਛੇ" ਪੰਜਾਬੀ ਵਿਚ ਅਨੁਵਾਦ ਕਰਨ ਲਈ ਦੇ ਦਿਤੀ ਜੋ ਮੈਂ ਕੁਝ ਦਿਨਾਂ ਵਿਚ ਪੰਜਾਬੀ ਵਿਚ ਤਰਜਮਾ ਕਰ ਕੇ ਜਦੋਂ ਪੜ੍ਹ ਮਾਸਟਰ ਚੰਬਾ ਰਾਮ ਨੂੰ ਸੁਣਾਈ ਤੇ ਓਸ ਮੈਨੂੰ ਬੜੀ ਸ਼ਾਬਾਸ਼ ਦਿਤੀ ਤੇ ਕਿਹਾ ਕਿ ਤੂੰ ਫਾਰਸੀ ਸਿੱਖਣ ਦੀ ਕੋਸ਼ਿਸ਼ ਕਰ ਕਿਓਂਕਿ ਫਾਰਸੀ ਦੇ ਮਜ਼ਮੂਨ ਵਿਚੋਂ ਪਾਸ ਹੋਣ ਨਾਲ ਤੇਰੀ ਮੈਟਰਿਕ ਵਿਚ ਡਵੀਜ਼ਨ ਬਣ ਜਾਵੇਗੀ ਜੋ ਸਾਰੀ ਉਮਰ ਕੰਮ ਆਵੇਗੀ। ਉਸ ਨੇ ਇਹ ਵੀ ਦਸਿਆ ਕਿ ਫਾਰਸੀ ਵਿਚ ਬਹੁਤ ਉਮਦਾ ਕਿਸਮ ਦਾ ਸਾਹਿਤ ਹੈ ਖਾਸ ਕਰ ਨਜ਼ਮ ਅਤੇ ਗਜ਼ਲ ਆਦਿ ਤੋਂ ਇਲਾਵਾ ਫਾਰਸੀ ਦੀਆਂ ਹਕਾਇਤਾਂ ਵੀ ਬੜੀਆਂ ਜ਼ਬਰਦਸਤ ਹਨ। ਫਾਰਸੀ ਵਿਚ ਬੜੇ ਵਡੇ ਵਡੇ ਲੇਖਕ ਜਿਵੇਂ ਸ਼ੇਖ ਸਾਅਦੀ ਵਗੈਰਾ ਹੋਏ ਹਨ ਜਿਨ੍ਹਾਂ ਦੀਆਂ ਰਚਨਾਵਾਂ ਪੜ੍ਹਨ ਵਾਲੀਆਂ ਹਨ। ਮਾਸਟਰ ਚੰਬਾ ਰਾਮ ਦੀ ਗੱਲ ਬਿਲਕੁਲ ਠੀਕ ਸੀ ਕਿਓਂਕਿ ਓਸ ਜ਼ਮਾਨੇ ਵਿਚ ਦਸਵੀਂ ਤੋਂ ਅਗੇ ਬਹੁਤ ਘੱਟ ਲੋਕ ਪੜ੍ਹਾਈ ਕਰਿਆ ਕਰਦੇ ਸਨ ਅਤੇ ਚੰਗੇ ਨੰਬਰਾਂ ਵਿਚ ਦਸਵੀਂ ਪਾਸ ਕਰ ਕੇ ਰੇਲਵੇ, ਟੈਲੀਫੋਨ, ਪੋਸਟ ਆਫਸ, ਪੁਲਸ, ਕਨਾਲ ਡੀਪਾਰਟਮੈਂਟ, ਵਿਦਿਆ ਵਿਭਾਗ ਜਾਂ ਮਾਲ ਵਿਭਾਗ ਵਿਚ ਪਟਵਾਰੀ ਆਦਿ ਦੀ ਨੌਕਰੀ ਲਭ ਲੈਂਦੇ ਸਨ। ਕਿਸੇ ਹੋਰ ਮਹਿਕਮੇ ਜਿਵੇਂ ਫੌਜ ਆਦਿ ਵਿਚ ਭਰਤੀ ਹੋਣ ਲਈ ਵੀ ਦਸਵੀਂ ਪਾਸ ਹੋਣਾ ਕਾਫੀ ਜ਼ਰੂਰੀ ਸੀ। ਮੈਂ ਉਹਨਾਂ ਨਾਲ ਵਾਅਦਾ ਕੀਤਾ ਕਿ ਮੈਂ ਫਾਰਸੀ ਸਿੱਖਣ ਦੀ ਜ਼ਰੂਰ ਕੋਸ਼ਿਸ਼ ਕਰਾਂਗਾ। ਭਾਵੇਂ ਮੈਂ ਫਾਰਸੀ ਤਾਂ ਪੂਰੀ ਤਰ੍ਹਾਂ ਸਿੱਖ ਨਾ ਸਕਿਆ ਪਰ ਜਦ ਗੁਰੂ ਨਾਨਕ ਦੇਵ ਯਨੀਵਰਸਿਟੀ ਵਿਚ ਲੈਕਚਰਰ ਲਗਣ ਲਈ ਬੀ. ਏ. ਅਡੀਸ਼ਨਲ ਫਾਰਸੀ ਜਾਂ ਸੰਸਕ੍ਰਿਤ ਦੀ ਡਿਗਰੀ ਦੀ ਲੋੜ ਪਈ ਤਾਂ ਫਾਰਸੀ ਦੀ ਡਿਗਰੀ ਵਿਚ ਮੇਰੇ ਨੰਬਰ ਸਭ ਤੋਂ ਜ਼ਿਆਦਾ ਸਨ। ਫਾਰਸੀ ਦੀ ਅਹਿਮੀਅਤ ਹਿੰਦੋਸਤਾਨ ਵਿਚ ਬਹੁਤ ਰਹੀ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਲਗ ਭਗ ਹਜ਼ਾਰ ਸਾਲ ਤਕ ਹਿੰਦੋਸਤਾਨ ਦੀ ਸਰਕਾਰੀ ਬੋਲੀ ਫਾਰਸੀ ਸੀ। ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਵੀ ਸਰਕਾਰੀ ਬੋਲੀ ਫਾਰਸੀ ਸੀ ਅਤੇ ਸਰਕਾਰੀ ਫੁਰਮਾਨ ਫਾਰਸੀ ਵਿਚ ਹੁੰਦੇ ਸਨ। ਜਿਸ ਨੂੰ ਫਾਰਸੀ ਆਉਂਦੀ ਸੀ, ਉਹਨੂੰ ਸਰਕਾਰੇ ਦਰਬਾਰੇ ਕੰਮ ਮਿਲ ਜਾਂਦਾ ਸੀ। ਹੁਣ ਵੀ ਜਦ ਪਿਛਲੇ ਕੁਝ ਸਾਲਾਂ ਤੋਂ ਅਫਗਾਨਿਸਤਾਨ ਅਤੇ ਇਰਾਕ ਨਾਲ ਪੰਗਾ ਪਿਆ ਹੋਇਆ ਹੈ ਤਾਂ ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵੀ ਜਿਨ੍ਹਾਂ ਨੂੰ ਫਾਰਸੀ ਅਤੇ ਅਰਬੀ ਆਉਂਦੀ ਸੀ, ਉਹਨਾਂ ਨੂੰ ਨਾਰਥ ਅਮਰੀਕਾ ਦੇ ਪੋਲੀਸ ਦੇ ਕੁਝ ਖੁਫੀਆ ਅਤੇ ਗੈਰ ਖੁਫੀਆ ਮਹਿਕਮਿਆਂ ਵੱਲੋਂ ਇੰਟਰਪਰੈਟਰ ਆਦਿ ਦਾ ਕੰਮ ਸੌਖਾ ਮਿਲ ਜਾਂਦਾ ਸੀ। ਮੁਸਲਿਮ ਮੁਲਕਾਂ ਨਾਲ ਲੱਗੀ ਲੜਾਈ ਨੇ ਫਾਰਸੀ ਅਤੇ ਅਰਬੀ ਦੀ ਜਾਣਕਾਰੀ ਹੋਣ ਵਿਚ ਸੋਨੇ ਤੇ ਸੁਹਾਗੇ ਦਾ ਕੰਮ ਕਰ ਦਿਤਾ ਹੈ।

1950 ਦਾ ਅਕਤੂਬਰ ਬੀਤ ਗਿਆ ਸੀ। ਦਸਵੀਂ ਦੇ ਇਮਤਿਹਾਨ ਤਾਂ ਮਾਰਚ 1951 ਵਿਚ ਹੋਣੇ ਸਨ। ਨਵੰਬਰ ਤੋਂ ਫਰਵਰੀ ਤਕ ਚਾਰ ਮਹੀਨੇ ਸਖਤ ਪੜ੍ਹਾਈ ਦੇ ਦਿਨ ਸਨ। ਗੋਨਿਆਣਾ ਮੰਡੀ ਤੋਂ ਨਹਿਰੋਂ ਪਰ੍ਹੇ ਮਹਿਮੇ ਪਿੰਡ ਦੇ ਸਰਦਾਰਾਂ ਦੇ ਮੁੰਡੇ ਭਰਪੂਰ ਬਰਾੜ ਤੇ ਹਰਫੂਲ ਬਰਾੜ ਮੇਰੇ ਜਮਾਤੀ ਸਨ ਅਤੇ ਸ਼ਾਹਾਂ ਦਾ ਦਲਬੇਰ ਵੀ। ਦਲਬੇਰ ਦਾ ਚੁਬਾਰਿਆਂ ਵਾਲਾ ਘਰ ਤਾਂ ਗੋਨਿਆਣਾ ਮੰਡੀ ਦੇ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਪੈਂਦਾ ਸੀ ਤੇ ਮੈਂ ਅਕਸਰ ਆਪਣਾ ਬਸਤਾ ਤੇ ਹੋਰ ਕੋਈ ਸਾਮਾਨ ਉਹਦੀ ਦੁਕਾਨ ਵਿਚ ਹੀ ਰਖਦਾ ਹੁੰਦਾ ਸਾਂ। ਬਹੁਤ ਪਿਛੋਂ ਪਤਾ ਲਗਾ ਕਿ ਭਰਪੂਰ ਤਾਂ ਅਮਰੀਕਾ ਚਲਾ ਗਿਆ ਸੀ ਤੇ ਹਰਫੂਲ ਚੰਡੀਗੜ੍ਹ ਵਿਚ ਹਾਈ ਕੋਰਟ ਦਾ ਸਰਕਾਰੀ ਵਕੀਲ ਬਣ ਗਿਆ ਸੀ। ਅਲਬੇਲ ਜਿਸ ਨੇ ਜੈਵਨਲ ਥਰੋ ਵਿਚ ਆਪਣਾ ਨਾਂ ਪੈਦਾ ਕੀਤਾ ਸੀ, ਰੇਲਵੇ ਵਿਚ ਪਲੇਟੀਅਰ ਲਗ ਗਿਆ ਸੀ। ਦਸਵੀਂ ਪਾਸ ਕਰਨ ਤੋਂ ਬਾਅਦ ਅਲਬੇਲ ਡੀ. ਸੀ. ਜੈਨ ਕਾਲਜ ਫਿਰੋਜ਼ਪੁਰ ਛਾਉਣੀ ਐਫ. ਏ. ਵਿਚ ਦਾਖਲ ਹੋਇਆ ਸੀ ਤੇ ਮੈਂ ਆਰ ਐਸ ਡੀ ਕਾਲਜ ਫਿਰੋਜ਼ਪੁਰ ਸੀਹਰ ਵਿਚ।

ਮੈਂ ਆਪਣੇ ਆਪ ਨੂੰ ਵਧ ਤੋਂ ਵਧ ਪੜ੍ਹਾਈ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਸਾਂ ਤੇ ਮਹਿਤੇ ਕਈ ਵਾਰ ਮਹੀਨੇ ਵਿਚ ਮਸਾਂ ਇਕ ਵਾਰ ਹੀ ਜਾਂਦਾ ਸਾਂ। ਮਹਿਤੇ ਤੋਂ ਮੁੜ ਕੇ ਮਹਿਕ ਦੀਆਂ ਨੀਵੀਆਂ ਅਖਾਂ ਤੇ ਬੁਲ੍ਹੀਆਂ ਦੀ ਹਲਕੀ ਮੁਸਕਾਣ ਮੈਨੂੰ ਕਈ ਕਈ ਦਿਨ ਚੇਤੇ ਆਉਂਦੀ ਰਹਿੰਦੀ ਸੀ ਅਤੇ ਕਈ ਵਾਰ ਉਹਦਾ ਖੂਬਸੂਰਤ ਚਿਹਰਾ ਕਿਤਾਬ ਦੇ ਸਫਿਆਂ ਵਿਚ ਆ ਕੇ ਖਲੋ ਜਾਂਦਾ ਸੀ। ਪਰ ਹੁਣ ਮੈਂ ਬਠਿੰਡੇ ਪਿਕਚਰਾਂ ਵੇਖਣ ਵੀ ਘੱਟ ਜਾਂਦਾ ਸਾਂ। ਦਸੰਬਰ ਦੀਆਂ ਛੁਟੀਆਂ ਵਿਚ ਵੀ ਮੈਂ ਮਹਿਤੇ ਜਾਣ ਦੀ ਬਜਾਏ ਗੁਦੜਢੰਡੀ ਪਿੰਡ ਦੇ ਬੇਰੀਆਂ ਵਾਲੇ ਖੂਹ ਤੇ ਚਲਾ ਗਿਆ ਸਾਂ। ਸਾਡੇ ਰਾਏ ਸਿੱਖ ਮੁਜ਼ਾਰਿਆਂ ਦੀਆਂ ਔਰਤਾਂ ਨੇ ਮੇਰੇ ਲਈ ਘਿਓ ਵੀ ਜੋੜ ਰਖਿਆ ਸੀ। ਪਰ ਬੇਰੀਆਂ ਵਾਲੇ ਖੂਹ ਵਾਲਾ ਕੱਚਾ ਕੋਠਾ ਜਿਸ ਵਿਚ ਨਾ ਕੋਈ ਬਾਰੀ ਸੀ, ਨਾ

ਰੋਸ਼ਨਦਾਨ ਤੇ ਨਾ ਹੀ ਕੋਈ ਮੋਘਾ। ਇਸ ਕੋਠੇ ਅੰਦਰ ਦਿਨੇ ਵੀ ਹਨੇਰਾ ਰਹਿੰਦਾ ਸੀ ਅਤੇ ਚੂਹੇ ਆਮ ਭਜੇ ਫਿਰਦੇ ਸਨ। ਇਹ ਚੂਹੇ ਪਲੇ ਹੋਏ ਵੀ ਬੜੇ ਸਨ ਧਾਈਆਂ ਦੀਆਂ ਬੋਰੀਆਂ ਕੁਤਰ ਦਿੰਦੇ ਸਨ ਅਤੇ ਕਪਾਹ ਵੀ ਖਾ ਜਾਂਦੇ ਸਨ। ਇਸ ਕੋਠੇ ਦੇ ਇਕ ਪਾਸੇ ਕਣਕ ਦੇ ਭੜੋਲੇ ਸਨ ਜਿਨ੍ਹਾਂ ਵਿਚੋਂ ਅਜੀਬ ਕਿਸਮ ਦੀ ਹਵਾੜ ਆਉਂਦੀ ਸੀ। ਇਸ ਹਨੇਰੇ ਕੋਠੇ ਵਿਚ ਰਾਏ ਸਿੱਖਾਂ ਦੀਆਂ ਪੁਰਾਣੀਆਂ ਅਣਧੋਤੀਆਂ ਰਜਾਈਆਂ ਤਲਾਈਆਂ ਤੇ ਜੁੱਲਿਆਂ ਵਿਚ ਹਫਤਾ ਭਰ ਸੌਂ ਕੇ ਮੇਰੇ ਸਿਰ ਵਿਚ ਜੂੰਆਂ ਪੈ ਗਈਆਂ ਸਨ। ਸਿਰ ਵਿਚ ਬਹੁਤ ਖਾਰਸ਼ ਹੁੰਦੀ ਸੀ। ਮਹਿਤੇ ਆਇਆਂ ਇਹ ਜੂੰਆਂ ਮੇਰੀ ਮਾਂ ਨੇ ਬੜੇ ਵਖਤਾਂ ਨਾਲ ਮੇਰੇ ਸਿਰ ਵਿਚੋਂ ਕਢੀਆਂ ਤੇ ਨਹੁੰਆਂ ਤੇ ਰਖ ਰਖ ਕੇ ਮਾਰੀਆਂ ਸਨ ਤੇ ਬੜੀ ਬਾਰੀਕ ਲੀਖਾਂ ਵਾਲੀ ਲਕੜ ਦੀ ਕੰਘੀ ਨਾਲ ਮੇਰਾ ਸਿਰ ਵਾਹ ਵਾਹ ਕੇ ਮੇਰੀਆਂ ਚੀਕਾਂ ਕਢਾ ਦਿਤੀਆਂ ਸਨ। ਧੁੱਪੇ ਬਿਠਾ ਕੇ ਜਦੋਂ ਮਾਂ ਮੇਰੇ ਸਿਰ ਵਿਚੋਂ ਜੂੰਆਂ ਕਢ ਕਢ ਕੇ ਮਾਰਦੀ ਤਾਂ ਜੂੰਆਂ ਮਰਦੀਆਂ ਵੇਖ ਮਹਿਕ ਦੀਆਂ ਬੁਲ੍ਹੀਆਂ ਵਿਚ ਹਾਸਾ ਆ ਜਾਂਦਾ। ਮੇਰਾ ਜੀਅ ਕਰਦਾ ਸੀ ਕਿ ਮਹਿਕ ਵੀ ਮੇਰੇ ਸਿਰ ਵਿਚੋਂ ਜੂੰਆਂ ਕਢੇ ਪਰ ਮਾਂ ਨੇ ਸ਼ਾਇਦ ਸ਼ਰਮ ਦੇ ਮਾਰੇ ਉਹਨੂੰ ਨਾ ਕਿਹਾ ਕਿ ਉਹਦਾ ਜਵਾਨ ਜਹਾਨ ਪੁੱਤ ਨਵੀਂ ਅਲਾਟ ਹੋਈ ਜ਼ਮੀਨ ਦੇ ਬੇਰੀਆਂ ਵਾਲੇ ਖੂਹ ਤੋਂ ਸਿਰ ਵਿਚ ਜੂੰਆਂ ਪਵਾ ਲਿਆਇਆ ਸੀ।

ਬਾਪੂ ਜੋ ਹੁਣ ਬਹੁਤਾ ਬੇਰੀਆਂ ਵਾਲੇ ਖੂਹ ਤੇ ਰਹਿਣ ਲਗ ਪਿਆ ਸੀ, ਨੇ ਮਹਿਤੇ ਤੋਂ ਹੌਲੀ ਹੌਲੀ ਘਰ ਦਾ ਸਾਮਾਨ ਗੁੱਦੜ ਢੰਡੀ ਪੁਚਾਉਣਾ ਸ਼ੁਰੂ ਕਰ ਦਿਤਾ ਸੀ। ਅੰਤਲੇ ਦਿਨਾਂ ਵਿਚ ਤਾਂ ਸਾਡੇ ਮੁਜ਼ਾਰੇ ਹਾਕੂ ਤੇ ਕਾਲੂ ਰਾਏ ਸਿੱਖ ਇਕ ਵਾਰ ਫਿਰ ਮਹਿਤੇ ਆ ਕੇ ਬਾਕੀ ਦਾ ਸਾਰਾ ਮਾਲ ਡੰਗਰ ਤੇ ਕੁਝ ਖੋਤੀਆਂ ਤੋਰ ਕੇ ਬੇਰੀਆਂ ਵਾਲੇ ਖੂਹ ਤੇ ਲੈ ਗਏ ਸਨ। ਘਰ ਦਾ ਕਾਫੀ ਸਾਮਾਨ ਉਹਨਾਂ ਪਸੂਆਂ ਅਤੇ ਖੋਤੀਆਂ ਦੀਆਂ ਵਹਿੰਗੀਆਂ ਤੇ ਲੱਦ ਲਿਆ ਸੀ। ਮੇਰੀ ਮਾਂ ਤੇ ਭੈਣਾਂ ਵੀ ਮਹਿਤਾ ਛਡਣ ਦੀ ਤਿਆਰੀ ਵਿਚ ਸਨ ਪਰ ਮੇਰੇ ਦਸਵੀਂ ਦੇ ਪੇਪਰਾਂ ਤਕ ਰੁਕੀਆਂ ਹੋਈਆਂ ਸਨ। ਕਾਫੀ ਸਾਮਾਨ ਤਾਂ ਪਹਿਲਾਂ ਹੀ ਗੁਦੜ ਢੰਡੀ ਪਹੁੰਚ ਚੁਕਾ ਸੀ। ਇਸ ਵਾਰ ਬਾਪੂ ਨੇ ਬੜੀ ਖੁਸ਼ੀ ਨਾਲ ਦਸਿਆ ਕਿ ਤੇਰੇ ਤਾਏ ਬੇਲਾ ਸਿੰਘ ਦਾ ਲੜਕਾ ਦਲੀਪ ਸਿੰਘ ਮੋਮੀ ਇਕ ਦਿਨ ਫਿਰੋਜ਼ਪੁਰ ਕਚਹਿਰੀਆਂ ਵਿਚ ਮਿਲ ਗਿਆ ਸੀ। ਉਹ ਫਿਰੋਜ਼ਪੁਰ ਐਗਰੀਕਲਚਰ ਇਨਸਪੈਕਟਰ ਲੱਗਾ ਹੋਇਆ ਹੈ। ਜਦੋਂ ਉਹਨੂੰ ਪਤਾ ਲੱਗਾ ਕਿ ਗੁਦੜਢੰਡੀ ਪਿੰਡ ਵਿਚ ਜ਼ਮੀਨ ਦੀ ਪਕੀ ਅਲਾਟਮੈਂਟ ਹੋ ਗਈ ਹੈ ਤਾਂ ਬੜਾ ਖੁਸ਼ ਹੋਇਆ। ਇਹ ਇਲਾਕਾ ਉਹਦੇ ਹਲਕੇ ਵਿਚ ਹੀ ਪੈਂਦਾ ਹੈ। ਬਾਪੂ ਨੇ ਦਸਿਆ ਕਿ ਦਲੀਪ ਸਿੰਘ ਮੋਮੀ ਮਖੂ ਗੇਟ ਦੇ ਅੰਦਰਵਾਰ ਮਹਿਰਿਆਂ ਵਾਲੀ ਬਸਤੀ ਵਿਚ ਰਹਿੰਦਾ ਹੈ। ਮਝ ਵੀ ਰਖੀ ਹੋਈ ਆ ਤੇ ਤੇਰੀ ਭਰਜਾਈ ਵੀ ਤੈਨੂੰ ਬਹੁਤ ਯਾਦ ਕਰਦੀ ਆ। ਕਹਿੰਦੀ ਪਾਕਿਸਤਾਨ ਬਨਣ ਤੋਂ ਪਹਿਲਾਂ ਜਦ ਉਹਨੇ ਮੈਨੂੰ ਵੇਖਿਆ ਸੀ ਤਾਂ ਮੈਂ ਓਦੋਂ ਛੋਟਾ ਜਿਹਾ ਸਾਂ। ਮੈਨੂੰ ਯਾਦ ਹੈ ਕਿ ਜਦੋਂ ਉਹਨੂੰ ਵਿਆਹ ਕੇ ਲਿਆਏ ਸਾਂ ਤਾਂ ਹੋਰਨਾਂ ਦਿਓਰਾਂ ਵਾਂਗ ਮੈਂ ਵੀ ਉਹਦੀ ਝੋਲੀ ਵਿਚ ਬੈਠਾ ਸਾਂ। ਵੈਸੇ ਮੈਨੂੰ ਏਨਾ ਯਾਦ ਸੀ ਕਿ ਜਦੋਂ ਭਰਾ ਦਲੀਪ ਸਿੰਘ ਦਾ ਵਿਆਹ ਹੋਇਆ ਸੀ ਤੇ ਜੰਜ ਤਰਨ ਤਾਰਨ ਲਾਗੇ ਪਿੰਡ ਫਤਹਿਆ ਬਾਦ ਢੁਕੀ ਸੀ ਤਾਂ ਮੈਂ ਭਰਾ ਦੀ ਜੰਜੇ ਗਿਆ ਸਾਂ। ਓਦੋਂ ਮੈਂ ਮਸਾਂ ਨੌਂ ਜਾਂ ਦਸਾਂ ਸਾਲਾਂ ਦਾ ਹੋਵਾਂਗਾ। ਮੈਨੂੰ ਬੜੀ ਖੁਸ਼ੀ ਹੋਈ ਕਿ ਸਾਡੇ ਸ਼ਰੀਕੇ ਚੋਂ ਭਾਵ ਮੇਰੇ ਤਾਏ ਬੇਲਾ ਸਿੰਘ ਦਾ ਪੁਤਰ ਦਲੀਪ ਸਿੰਘ ਮੋਮੀ ਫਿਰੋਜ਼ਪੁਰ ਅਫਸਰ ਲੱਗਾ ਹੋਇਆ ਸੀ। ਬਾਪੂ ਇਕ ਰਾਤ ਭਰਾ ਦਲੀਪ ਸਿੰਘ ਮੋਮੀ ਦੇ ਮਹਿਰਿਆਂ ਵਾਲੀ ਬਸਤੀ ਵਾਲੇ ਘਰ ਰਹਿ ਵੀ ਆਇਆ ਸੀ। ਭਰਾ ਦਲੀਪ ਸਿੰਘ ਕਹਿੰਦਾ ਸੀ ਕਿ ਜਦ ਮੈਂ ਇਮਤਿਹਾਨ ਦੇ ਕੇ ਪਿੰਡ ਜਾਣ ਲਈ ਫਿਰੋਜ਼ਪੁਰ ਆਵਾਂ ਤਾਂ ਕੁਝ ਦਿਨ ਉਹਨਾਂ ਦੇ ਘਰ ਜ਼ਰੂਰ ਰਹਾਂ। ਉਹਨਾਂ ਦੇ ਬਚਿਆਂ ਨਾਲ ਖੇਡਾਂ ਤੇ ਰਚ ਮਿਚ ਜਾਵਾਂ। ਆਰ ਐਸ ਡੀ ਕਾਲਜ ਵੀ ਉਹਨਾਂ ਦੇ ਘਰ ਦੇ ਬਹੁਤ ਨੇੜੇ ਭਾਵ ਮਖੂ ਗੇਟ ਦੇ ਬਾਹਰ ਵਾਲੇ ਪਾਸੇ ਸੀ ਤੇ ਉਹ ਮੈਨੂੰ ਆਪਣੀ ਦੇਖ ਰੇਖ ਹੇਠ ਕਾਲਜ ਵਿਚ ਦਾਖਲ ਵੀ ਕਰਵਾ ਦੇਣਗੇ। ਬਾਪੂ ਕੋਲੋਂ ਇਹ ਸਾਰੀਆਂ ਗੱਲਾਂ ਸੁਣ ਕੇ ਮੇਰੇ ਮਨ ਅੰਦਰ ਖੁਸ਼ੀ ਦੇ ਲਡੂ ਭੁਰ ਰਹੇ ਸਨ। ਸ਼ੇਖ ਚਿਲੀ ਵਾਂਗ ਮੈਂ ਮਨ ਹੀ ਮਨ ਵਿਚ ਉਡੀਕ ਕਰ ਰਿਹਾ ਸਾਂ ਤੇ ਹਵਾਈ ਕਿਲੇ ਬਣਾ ਰਿਹਾ ਸਾਂ ਕਿ ਮੈਂ ਕਦ ਫਿਰੋਜ਼ਪੁਰ ਪਹੁੰਚਾਂਗਾ ਤੇ ਜਾ ਕੇ ਆਪਣੇ ਤਾਏ ਦੇ ਲੜਕੇ ਨੂੰ ਮਿਲਾਂਗਾ।

## ਮਹਿਤੇ ਪਿੰਡ ਨੂੰ ਅਲਵਿਦਾ

ਮਾਰਚ 1951 ਦੇ ਦਿਨ ਸਨ। ਸਿਆਲ ਦਾ ਝੁੰਬ ਸਿਰ ਤੋਂ ਲਹਿ ਗਿਆ ਸੀ ਅਤੇ ਮਿਠੀ ਮਿਠੀ ਰੁੱਤ ਆ ਗਈ ਸੀ। ਜਿਵੇਂ ਘੋਲਾਂ ਵਾਲੇ ਦਿਨ ਲਈ ਭਲਵਾਨ ਮਾਲਸ਼ਾਂ ਕਰ, ਡੰਡ ਬੈਠਕਾਂ ਕਢ, ਕਸਰਤ ਕਰ ਤੇ ਢੋਣ ਦੇ ਦਾਅ ਪੇਚਾਂ ਦੀ ਕਸਤਰ ਕਰਦੇ ਹਨ। ਇਸੇ ਤਰ੍ਹਾਂ ਅਸੀਂ ਵੀ ਦਸਵੀਂ ਦੇ ਇਮਤਿਹਾਨ ਲਈ ਤਿਆਰੀਆਂ ਕਰ ਲਈਆਂ ਸਨ। ਕਈਆਂ ਤੋਂ ਗੈਸ ਵੀ ਲਵਾ ਲਏ ਸਨ। ਕੁਝ ਚਿਰ ਟਿਊਸ਼ਨਾਂ ਵੀ ਪੜ੍ਹੀਆਂ ਸਨ। ਇਸ ਵਾਰ ਸਾਡਾ ਦਸਵੀਂ ਦੇ ਇਮਤਿਹਾਨ ਦਾ ਸੈਂਟਰ ਖਾਲਸਾ ਹਾਈ ਸਕੂਲ ਬਠਿੰਡਾ ਬਣਿਆ ਸੀ। ਇਸ ਸਕੂਲ ਦੇ ਹੋਸਟਲ ਵਿਚ ਸਾਡੇ ਰਹਿਣ ਦਾ ਇੰਤਜ਼ਾਮ ਸੀ। ਕੁਝ ਮੁੰਡੇ ਆਪਣੇ ਰਿਸ਼ਤੇਦਾਰਾਂ ਦੇ ਘਰਾਂ ਵਿਚ ਚਲੇ ਗਏ ਸਨ। ਬਠਿੰਡੇ ਦੇ ਕਿਲੇ ਅੰਦਰ ਜਾ ਕੇ ਵੀ ਅਸੀਂ ਇਮਤਿਹਾਨ ਦੀ ਤਿਆਰੀ ਲਈ ਪੜ੍ਹਦੇ ਅਤੇ ਪਰਕਾਰਾਂ ਨਾਲ ਆਪਣੇ ਨਾਂ ਵੀ ਕਿਲੇ ਦੀਆਂ ਅੰਦਰਵਾਰ ਦੀਆਂ ਕੰਧਾਂ ਉਤੇ ਖੋਦਦੇ। ਹੋਸਟਲ ਵਿਚ ਬਠਿੰਡੇ ਲਾਗੇ ਦੇ ਪਿੰਡਾਂ ਦੇ ਸਰਦਾਰਾਂ ਦੇ ਮੁੰਡੇ ਵੀ ਪੜ੍ਹਦੇ ਸਨ ਜਿਨ੍ਹਾਂ ਨੇ ਨਕਲ ਮਾਰਨ ਦੇ ਥੋੜ੍ਹੇ ਬਹੁਤੇ ਇੰਤਜ਼ਾਮ ਵੀ ਕੀਤੇ ਹੋਏ ਸਨ ਤੇ ਇਮਤਿਹਾਨਾਂ ਦੀਆਂ ਡਿਊਟੀਆਂ ਤੇ ਲੱਗਾ ਸਟਾਫ ਉਹਨਾਂ ਨੇ ਖਵਾ ਪਿਆ ਕੇ ਗੰਢਿਆ ਹੋਇਆ ਸੀ। ਇਹਨਾਂ ਸਰਦਾਰਾਂ ਦੇ ਮੁੰਡਿਆਂ ਵਿਚ ਮੰਡੀ ਦੱਬਵਾਲੀ ਵਾਲੀ ਵੱਲ ਦੇ ਮੁੰਡੇ ਵੀ ਦਸਵੀਂ ਦੇ ਪੇਪਰ ਦੇ ਰਹੇ ਸਨ। ਇਹ ਚਿਟੇ ਕੁੜਤੇ ਪਾਜਾਮੇ ਪਾ ਕੇ ਰਖਦੇ ਤੇ ਪੋਚਵੀਆਂ ਪਗਾਂ ਬੰਨ੍ਹਦੇ। ਸਕੂਲ ਦੀ ਬਾਹਰਲੀ ਟੱਕ ਸ਼ਾਪ ਤੇ ਇਹਨਾਂ ਦੇ ਖਾਤੇ ਖੁਲ੍ਹੇ ਹੋਏ ਸਨ ਜਿਥੇ ਇਹ ਖੁਲ੍ਹਾ ਖਾਂਦੇ ਪੀਂਦੇ ਸਨ। ਜਦ ਕੋਈ ਸਵਾਲ ਹੱਲ ਹੋ ਕੇ ਬਾਹਰੋਂ ਅੰਦਰ ਆਉਂਦਾ ਸੀ ਤਾਂ ਉਸ ਦਾ ਲਾਭ ਸਾਰਿਆਂ ਨੂੰ ਹੀ ਹੋ ਜਾਂਦਾ ਸੀ। ਇਸ ਲਈ ਮੇਰੇ ਇੰਗਲਿਸ਼ ਤੋਂ ਇਲਾਵਾ ਹਿਸਾਬ ਦੇ ਪੇਪਰ ਵੀ ਵਧੀਆ ਹੋ ਗਏ ਸਨ। ਅਲਜਬਰਾ ਮੈਨੂੰ ਨਹੀਂ ਆਉਂਦਾ ਸੀ ਪਰ ਮੇਰੀ ਜਿਓਮੈਟਰੀ ਬਹੁਤ ਅਛੀ ਸੀ। ਵੈਸੇ ਮੈਂ ਅਲਜਬਰੇ ਦੇ ਕੁਝ ਸਵਾਲ ਵੀ ਹੱਲ ਕਰ ਲਏ ਸਨ ਜੋ ਬਾਹਰ ਆ ਕੇ ਮੇਚਣ ਤੇ ਪਤਾ ਲੱਗਾ ਕਿ ਠੀਕ ਸਨ। ਬਾਕੀ ਦੇ ਮਜ਼ਮੂਨ ਸੌਖੇ ਸਨ ਤੇ ਇਹਨਾਂ ਦੀ ਮੈਨੂੰ ਕੋਈ ਫਿਕਰ ਨਹੀਂ ਸੀ। ਅਗਲੇ ਹੋਣ ਵਾਲੇ ਪੇਪਰਾਂ ਵਿਚ ਕੁਝ ਛੁਟੀਆਂ ਆ ਗਈਆਂ ਸਨ ਤੇ ਮੈਂ ਮਹਿਤੇ ਆ ਗਿਆ।

ਮਹਿਤੇ ਨੂੰ ਅਲਵਿਦਾ ਕਹਿਣ ਦਾ ਵਕਤ ਆ ਗਿਆ। ਫਾਲਤੂ ਸਾਮਾਨ ਜਿਵੇਂ ਪਾਣੀ ਦੇ ਘੜੇ, ਚਾਟੀਆਂ, ਕੁੱਜੇ ਤੇ ਹੋਰ ਨਿਕ ਸੁਕ ਵਗੈਰਾ ਸਭ ਇਥੇ ਮਹਿਤੇ ਹੀ ਛਡ ਜਾਣੇ ਸਨ ਜਾਂ ਕਿਸੇ ਨੂੰ ਦੇ ਦੇਣੇ ਸਨ। ਮਾਂ ਨੇ ਛੋਟਾ ਜਿਹਾ ਖੁਡਾ ਬਣਾ ਕੇ ਕੁਝ ਕੁਕੜੀਆਂ ਪਾਲੀਆਂ ਹੋਈਆਂ ਸਨ ਜੋ ਕੁਝ ਦਿਨ ਪਹਿਲਾਂ ਵੇਚ ਦਿਤੀਆਂ ਸਨ। ਬਿੱਲੀ ਵੀ ਕਿਸੇ ਨੂੰ ਦੇ ਦਿਤੀ ਸੀ। ਮੇਰਾ ਮਨ ਓਨਾ ਉਦਾਸ ਤਾਂ ਨਹੀਂ ਸੀ ਜਿੰਨਾ 3 ਸਤੰਬਰ, 1947 ਨੂੰ ਬਾਰ ਵਾਲਾ ਪਿੰਡ ਚੱਕ ਨੰਬਰ 78 ਛਡਣ ਵੇਲੇ ਉਪਰਾਮ ਹੋਇਆ ਸੀ ਪਰ ਫਿਰ ਵੀ ਮਹਿਤੇ ਰਹਿਣ ਦੀ ਤਿੰਨ ਚਾਰ ਸਾਲਾਂ ਦੀ ਬਣੀ ਸਾਂਝ ਜਿਥੇ ਮੈਂ ਜਵਾਨੀ ਦੀਆਂ ਦਹਿਲੀਜ਼ਾਂ ਵਿਚ ਪੈਰ ਰਖਿਆ ਸੀ ਤੇ ਆਪਣੇ ਜੀਵਨ ਦੀਆਂ ਪਹਿਲੀਆਂ ਪੰਜ ਕਹਾਣੀਆਂ ਵਡੇ ਦਰਵਾਜ਼ੇ ਵਿਚ ਬੈਠ ਕੇ ਲਿਖੀਆਂ ਸਨ, ਜਿਥੇ ਮਹਿਕ ਤੇ ਉਹਦੀਆਂ ਸਹੇਲੀਆਂ ਕੋਲੋਂ ਮਾਲਵੇ ਦੀਆਂ ਬੋਲੀਆਂ ਤੇ ਲੋਕ ਗੀਤ ਸੁਣੇ ਸਨ ਤੇ ਸਿਰ ਵਿਚ ਰੇਤ ਪਵਾਈ ਸੀ, ਨੂੰ ਛਡਣ ਲਗਿਆਂ ਕਾਲਜੇ ਵਿਚ ਰੁਗ ਭਰ ਰਿਹਾ ਸੀ। ਮੇਰੇ ਦਿਲ ਨੇ ਕਿਹਾ ਕਿ ਇਹ ਵੱਸਣ ਤੇ ਉਜੜਨ ਦਾ ਸਿਲਸਿਲਾ ਪਤਾ ਨਹੀਂ ਕਿੰਨਾ ਕੁ ਚਿਰ ਜਾਰੀ ਰਹੇਗਾ ਅਤੇ ਮਨ ਨੂੰ ਵਿਆਕੁਲ ਕਰਦਾ ਰਹੇਗਾ। ਆਖਰ ਇਨਸਾਨ ਆਪਣੀ ਪਕੀ ਪਛਾਣ ਲਈ ਆਪਣਾ ਇਕ ਪਿੰਡ ਜਾਂ ਟਿਕਾਣਾ ਤਾਂ ਚਹੁੰਦਾ ਹੈ। ਬੇਟਿਕਾਣਾ ਜੀਵਨ ਵੀ ਕਾਹਦਾ ਜੀਵਨ ਹੈ ਅਤੇ ਇਹ ਮਨੁਖੀ ਸਾਂਝਾਂ ਵੀ ਕਿਸ ਤਰ੍ਹਾਂ ਦੀਆਂ ਹਨ ਜੋ ਬੜੇ ਚਾਅਵਾਂ ਅਤੇ ਪਿਆਰ ਨਾਲ ਪੈਦਾ ਹੁੰਦੀਆਂ ਹਨ ਅਤੇ ਫਿਰ ਵਿਛੋੜੇ ਦਾ ਰੂਪ ਧਾਰ ਕੇ ਟੁੱਟ ਜਾਂਦੀਆਂ ਹਨ। ਹੁਣ ਮਹਿਕ ਦੇ ਬੁਲ੍ਹਾਂ ਤੇ ਕੋਈ ਨਿੰਮ੍ਹੀ ਨਿੰਮ੍ਹੀ ਮੁਸਕਾਨ ਨਹੀਂ ਸੀ। ਅਖਾਂ ਸਦਾ ਵਾਂਗ ਨੀਵੀਆਂ ਸਨ ਤੇ ਉਹਨਾਂ ਵਿਚੋਂ ਚਮਕ ਗਾਇਬ ਸੀ। ਮੂੰਹ ਵਿਚੋਂ ਕੋਈ ਸ਼ਬਦ ਬਾਹਰ ਨਹੀਂ ਆ ਰਿਹਾ ਸੀ। ਕੁਝ ਦਿਨਾਂ ਅੰਦਰ ਸਦਾ ਲਈ ਵਿਛੜ ਜਾਣ ਦੀਆਂ ਇਹਨਾਂ ਘੜੀਆਂ ਵਿਚ ਉਹਦੇ ਦਿਲ ਅੰਦਰ ਕਹੇ ਜਾਣ ਲਈ ਗਡਿਆਂ ਦੇ ਗਡੇ ਸ਼ਬਦਾਂ ਦੇ ਭਰੇ ਹੋਏ ਸਨ। ਮੈਨੂੰ ਇੰਜ ਜਾਪ ਰਿਹਾ ਸੀ ਕਿ ਉਸਦੀ ਖਾਮੋਸ਼ ਬੋਲੀ ਨੂੰ ਓਸ ਸਮੇਂ ਕੰਧਾਂ, ਕੌਲੇ, ਕੋਠੇ, ਬੂਹੇ ਬਾਰੀਆਂ ਤੇ ਸਾਂਝੇ ਦਰਵਾਜ਼ੇ ਦੇ ਸ਼ਤੀਰ ਜਿਨ੍ਹਾਂ ਦੀ ਨਿਗ੍ਹਾ ਹੇਠਾਂ ਦੋ ਅਲ੍ਹੜਾਂ ਦਾ ਪਿਆਰ ਸ਼ੁਰੂ ਹੋ ਕੇ ਅੰਤ ਤੇ ਆ ਗਿਆ ਸੀ, ਹੀ ਨਹੀਂ, ਸਗੋਂ ਸਾਰੇ ਵਾਤਵਰਨ ਦਾ ਹਰ ਇਕ ਜ਼ੱਰਾ ਜ਼ੱਰਾ ਸੁਣ ਰਿਹਾ ਸੀ। ਦੋ ਕੱਚੇ ਘਰਾਂ ਦੀਆਂ ਛੱਤਾਂ ਉਤੋਂ ਲੰਘਦੇ ਪੰਛੀ ਅਤੇ ਹਵਾਵਾਂ ਵੀ ਸੁਣ ਰਹੀਆਂ ਸਨ। ਚਾਚਾ ਚੰਨਣ ਸਿੰਘ ਘਰ ਨਹੀਂ ਸੀ। ਜਦੋਂ ਮੈਂ ਤੇ ਮੇਰੀ ਮਾਂ ਮਹਿਕ ਦੀ ਮਾਂ ਨੂੰ ਮਿਲਣ ਲਈ ਉਹਨਾਂ ਦੇ ਘਰ ਗਏ ਤਾਂ ਉਹ ਆਪਸ ਵਿਚ ਗਲ ਲਗ ਕੇ ਮਿਲੀਆਂ। ਫੁਲਕਾਰੀ ਤੇ ਬੂਟੀਆਂ ਪੌਂਦੀ ਮਹਿਕ ਮੰਜੇ ਤੋਂ ਉਠ ਕੇ ਅੰਦਰ ਚਲੀ ਗਈ ਤੇ ਕੁਝ ਚਿਰ ਬਾਅਦ ਉਹਦੇ ਹੌਲੀ ਹੌਲੀ ਡੁਸਕਣ ਦੀਆਂ ਆਵਾਜ਼ਾਂ ਬਾਹਰ ਆਉਣ ਲਗ ਪਈਆਂ। ਮਹਿਕ ਦੀ ਮਾਂ ਨੇ ਕਿਹਾ ਉਹਦਾ ਬਾਪੂ ਡਬਵਾਲੀ ਵੱਲ ਪੈਂਦੇ ਇਕ ਪਿੰਡ ਵਿਚ ਵਿਚੋਲੇ ਨੂੰ ਲੈ ਕੇ ਮਹਿਕ ਦੇ ਵਿਆਹ ਦੀ ਤਰੀਕ ਪਕੀ ਕਰਨ ਗਿਆ ਹੋਇਆ ਹੈ। ਕਹਿੰਦੇ ਹੈ ਤਾਂ ਪਕੀ ਉਮਰ ਦਾ ਪਰ ਜ਼ਮੀਨ ਜਾਇਦਾਦ ਵਾਲਾ ਏ। ਰੋਟੀਓਂ ਭੁਖੀ ਨਹੀਂ ਮਰੂਗੀ। ਸਾਡਾ ਖਿਆਲ ਆ ਕਿ ਨਵੀਂ ਜ਼ਮੀਨ ਤੇ ਜਾਣ ਤੋਂ ਪਹਿਲਾਂ ਮਹਿਕ ਦਾ ਭਾਰਾ ਲਾਹ ਕੇ ਜਾਈਏ। ਮਹਿਕ ਨੇ ਆਪਣਾ ਥੋੜ੍ਹਾ ਬਹੁਤਾ ਦਾਜ ਵੀ ਬਣਾਇਆ ਹੋਇਆ ਹੈ। ਜਿਹੋ ਜਿਹਾ ਗਰੀਬੀ ਦਾਵੇ ਦਾ ਸਰੂ, ਡੋਲੀ ਤੋਰ ਦਿਆਂਗੇ। ਅੰਦਰੋਂ ਮਹਿਕ ਦੀਆਂ ਡੁਸਕਣੀਆਂ ਹੁਣ ਰੋਣ ਦੀ ਆਵਾਜ਼ ਵਿਚ ਬਦਲ ਗਈਆਂ ਸਨ।

ਮੇਰਾ ਜੀਅ ਕਰ ਰਿਹਾ ਸੀ ਕਿ ਮੈਂ ਅੰਦਰ ਜਾ ਕੇ ਮਹਿਕ ਨੂੰ ਗਲ ਨਾਲ ਲਾ ਕੇ ਕਹਾਂ ਕਿ ਸਭ ਕੁਝ ਭੁੱਲ ਜਾਵੀਂ ਪਰ ਮੈਂ ਉਹਦੀਆਂ ਰੀਝਾਂ ਦਾ ਰਾਂਝਾ ਅੰਦਰ ਜਾ ਕੇ ਉਹਨੂੰ ਦਲਾਸਾ ਦੇਣ, ਵਰਾਉਣ ਜਾਂ ਮਨਾਉਣ ਦਾ ਹੌਸਲਾ ਨਾ ਕਰ ਸਕਿਆ। ਉਹਦੀ ਮਾਂ ਜਿਸ ਨੂੰ ਮੈਂ ਚਾਚੀ ਕਹਿੰਦਾ ਸਾਂ, ਨੇ ਕਿਹਾ, "ਬਲਬੀਰ, ਬਠਿੰਡੇ ਇਮਤਿਹਾਨ ਦੇ ਪਰਚੇ ਪੂਰੇ ਹੋਣ ਤੋਂ ਬਾਅਦ ਫਿਰੋਜ਼ਪੁਰ ਜਾਣ ਤੋਂ ਪਹਿਲਾਂ ਇਕ ਵਾਰ ਮਿਲ ਕੇ ਜ਼ਰੂਰ ਜਾਈਂ। ਸ਼ਾਇਦ ਓਦੋਂ ਤਕ ਮਹਿਕ ਦਾ ਵਿਆਹ ਵੀ ਪੱਕਾ ਹੋ ਜਾਵੇ। ਨਾਲੇ ਇਹਨੂੰ ਸਮਝਾਈਂ ਮਾਪੇ ਕਦੇ ਧੀਆਂ ਦਾ ਮਾੜਾ ਨਹੀਂ ਕਰਦੇ। ਮੈਂ ਪਰਚੇ ਮੁਕਣ ਤੇ ਜ਼ਰੂਰ ਆਉਣ ਦਾ ਵਾਅਦਾ ਕਰ ਕੇ ਤੇ ਚਾਚੀ ਦੇ ਪੈਰੀਂ ਹਥ ਲਾ ਕੇ ਬਾਹਰ ਆ ਗਿਆ।

ਜਿਸ ਤਰ੍ਹਾਂ ਚੱਕ ਨੰਬਰ 78 ਤੋਂ ਵੰਡ ਪਿਛੋਂ ਬਾਪੂ, ਮਾਂ, ਮੈਂ ਤੇ ਭੈਣਾਂ ਤਿੰਨ ਚਾਰ ਸਾਲ ਪਹਿਲਾਂ ਮੌਤ ਤੋਂ ਡਰਦੇ ਆਪਣਾ ਭਰਿਆ ਭਰਾਇਆ ਘਰ ਤੇ ਜ਼ਮੀਨਾਂ ਛਡ ਕੇ ਸਾਵਣ ਭਾਦੋਂ ਦੇ ਵਰ੍ਹਦੇ ਮੀਂਹਾਂ ਵਿਚ ਤਪਦੀ ਧਰਤੀ ਤੇ ਨੰਗੇ ਪੈਰੀਂ ਸਿਰਾਂ ਤੇ ਗੰਢਾਂ ਚੁਕ ਸੱਚੇ ਸੌਦੇ ਨੂੰ ਲੈ ਕੇ ਤੁਰੇ ਸਾਂ, ਅਜ ਫਿਰ ਓਸੇ ਤਰ੍ਹਾਂ ਤਾਂ ਨਹੀਂ ਪਰ ਫਿਰ ਵੀ ਸਿਰਾਂ ਤੇ ਗੰਢਾਂ ਰੱਖ ਕੇ ਸ਼ੇਰਗੜ੍ਹ ਦੇ ਸਟੇਸ਼ਨ ਨੂੰ ਜਾ ਰਹੇ ਸਾਂ। ਆਂਢਣਾਂ ਗਵਾਂਢਣਾਂ ਸਭ ਸਾਨੂੰ ਛਡਣ ਆਈਆਂ ਸਨ। ਮਾਤੂ ਵੀ ਸਾਨੂੰ ਆਪਣੇ ਉਠ ਤੇ ਸਾਮਾਨ ਲੱਦ ਕੇ ਸ਼ੇਰ ਗੜ੍ਹ ਸਟੇਸ਼ਨ ਤਕ ਛਡਣ ਆਇਆ ਸੀ। ਇਥੋਂ ਛੋਟੀ ਗਡੀ ਫੜ ਕੇ ਪਹਿਲਾਂ ਬਠਿੰਡੇ ਤੇ ਫਿਰ ਬਠਿੰਡੇ ਤੋਂ ਵਡੀ ਗਡੀ ਫੜ ਕੇ ਫਿਰੋਜ਼ਪੁਰ ਨੂੰ ਜਾਣ ਵਾਲੀ ਗਡੀ ਫੜਨੀ ਸੀ। ਮੈਂ ਸੋਚ ਰਿਹਾ ਸਾਂ ਕਿ ਕਿਵੇਂ ਤਿੰਨਾਂ ਚਹੁੰ ਸਾਲਾਂ ਬਾਅਦ ਇਹ ਪਿੰਡ ਵੀ ਬਿਗਾਨਾ ਹੋ ਗਿਆ ਸੀ। ਜਦੋਂ ਗੱਡੀ ਸ਼ੇਰਗੜ੍ਹ ਤੋਂ ਚੱਲ ਕੇ ਬਠਿੰਡੇ ਨੂੰ ਜਾ ਰਹੀ ਸੀ ਤਾਂ ਮਹਿਤੇ ਦੀਆਂ ਸ਼ਾਹਾਂ ਦੀਆਂ ਹਵੇਲੀਆਂ ਦੇ ਬੁਰਜ ਦਿਸ ਰਹੇ ਸਨ। ਬੁਰਜਾਂ ਦੇ ਪਰਲੇ ਪਾਸੇ ਕਚੇ ਕੋਠਿਆਂ ਵਿਚ ਮਹਿਕ ਰੋ ਰਹੀ ਸੀ ਜਿਸ ਦੇ ਪਹਿਲੇ ਪਿਆਰ ਦਾ ਦੀਵਾ ਜਗਣ ਤੋਂ ਪਹਿਲਾਂ ਹੀ ਬੁਝ ਗਿਆ ਸੀ। ਪਿਆਰ ਦੇ ਇਸ ਦੀਵੇ ਦੀ ਲਾਟ ਵਿਚ ਗਰੀਬ ਦਿਨਾਂ ਦੀ ਕਮਾਈ ਦਾ ਤੇਲ ਮੁਕ ਗਿਆ ਸੀ।

ਬਠਿੰਡੇ ਪਹੁੰਚ ਕੇ ਬਾਪੂ ਹੁਰੀਂ ਤਾਂ ਵਡੀ ਗਡੀ ਵਿਚ ਬੈਠ ਗਏ ਤੇ ਮੈਂ ਉਤਰ ਕੇ ਪਲੇਟ ਫਾਰਮ ਤੇ ਖਲੋ ਗਿਆ ਕਿ ਜਦੋਂ ਗੱਡੀ ਚੱਲੂਗੀ ਤਾਂ ਮੈਂ ਰੇਲ ਦਾ ਉਚਾ ਪੁਲ ਪਾਰ ਕਰ ਕੇ ਖਾਲਸਾ ਸਕੂਲ ਨੂੰ ਚਲਾ ਜਾਵਾਂਗਾ। ਮੈਂ ਵੇਖਿਆ ਕਿ ਚੈਰੀ ਗੱਡੀ ਦੇ ਡਬੇ ਵਿਚੋਂ ਛਾਲ ਮਾਰ ਕੇ ਮੇਰੇ ਮਗਰ ਆ ਗਈ ਸੀ। ਗੱਡੀ ਅਜੇ ਚੱਲੀ ਨਹੀਂ ਸੀ ਤੇ ਮੈਂ ਚੈਰੀ ਨੂੰ ਫੜ ਕੇ ਫਿਰ ਗੱਡੀ ਵਿਚ ਚੜ੍ਹਾ ਆਇਆ ਤੇ ਬਾਪੂ ਨੇ ਉਹਨੂੰ ਘੁੱਟ ਕੇ ਫੜ ਲਿਆ। ਦਰ ਅਸਲ ਚੈਰੀ ਦਾ ਮੇਰੇ ਨਾਲ ਪਿਆਰ ਬਹੁਤ ਸੀ ਤੇ ਉਹ ਮੇਰੇ ਨਾਲ ਹੀ ਜਾਣਾ ਚਹੁੰਦੀ ਸੀ ਪਰ ਮੇਰੇ ਤਾਂ ਹਾਲੇ ਦਸਵੀਂ ਦੇ ਕੁਝ ਪੇਪਰ ਰਹਿੰਦੇ ਸਨ। ਮੈਂ ਉਸ ਨੂੰ ਕਿਵੇਂ ਸੰਭਾਲ ਸਕਦਾ ਸਾਂ। ਬਾਪੂ ਦੱਸ ਰਿਹਾ ਸੀ ਕਿ ਉਹ ਫਿਰੋਜ਼ਪੁਰ ਤੋਂ ਗੁਦੜਢੰਡੀ ਬੱਸ ਤੇ ਜਾਣਗੇ ਕਿਉਂਕਿ ਝੋਕ ਟਹਿਲ ਸਿੰਘ ਜਾਂ ਮੰਡੀ ਗੁਰੂ ਹਰ ਸਹਾਏ ਤੋਂ ਸਿਰਾਂ ਤੇ ਭਾਰ ਚੁੱਕ ਕੇ ਪਿੰਡ ਗੁਦੜਢੰਡੀ ਬਹੁਤ ਦੂਰ ਪੈਂਦਾ ਸੀ। ਅਖੀਰ ਗਡੀ ਚਲੀ ਜੋ ਬਾਪੂ, ਮਾਂ ਤੈ ਭੈਣਾਂ ਨੂੰ ਚੜ੍ਹਾ ਕੇ ਕੁਝ ਮਿੰਟਾਂ ਪਿਛੋਂ ਅਖਾਂ ਤੋਂ ਉਹਲੇ ਹੋ ਗਈ। ਮੈਂ ਬਠਿੰਡੇ ਦੇ ਪਲੇਟਫਾਰਮ ਤੇ ਉਦਾਸ ਖੜ੍ਹਾ ਸਾਂ। ਬੋਝਲ ਕਦਮਾਂ ਨਾਲ ਜਦੋਂ ਮੈਂ ਹੌਲੀ ਹੌਲੀ ਪੁਲ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ ਤਾਂ ਮੇਰੇ ਸਜੇ ਪਾਸੇ ਤੋਂ ਜੋ ਹਵਾਵਾਂ ਆ ਰਹੀਆਂ ਸਨ, ਉਹਨਾਂ ਵਿਚ ਵਿਛੋੜੇ ਦੀ ਮਹਿਕ ਰਲੀ ਹੋਈ ਸੀ ਤੇ ਖਬੇ ਪਾਸੇ ਜੋ ਗੱਡੀ ਮਾਂ ਪਿਓ ਨੂੰ ਲੈ ਕੇ ਫਿਰੋਜ਼ਪੁਰ ਨੂੰ ਮੁੜ ਗਈ ਸੀ, ਉਸ ਪਾਸੇ ਦੀਆਂ ਹਵਾਵਾਂ ਵਿਚ ਵੀ ਮਾਪਿਆਂ ਦੇ ਵਿਛੋੜੇ ਦੀ ਕਸਕ ਮਹਿਸੂਸ ਹੋ ਰਹੀ ਸੀ ਤੇ ਮੈਂ ਬਠਿੰਡੇ ਰੇਲਵੇ ਸਟੇਸ਼ਨ ਦੇ ਉਚੇ ਪੁਲ ਤੇ ਕਲਮ ਕੱਲਾ ਇਸ ਤਰ੍ਹਾਂ ਖੜਾ ਸਾਂ ਜਿਵੇਂ ਜਹਾਨ ਵਿਚ ਮੇਰਾ ਕੋਈ ਨਾ ਹੋਵੇ।

ਖਾਲਸਾ ਸਕੂਲ ਦੇ ਹੋਸਟਲ ਆ ਕੇ ਅਗਲੇ ਪਰਚਿਆਂ ਦੀ ਤਿਆਰੀ ਲਈ ਕਿਤਾਬਾਂ ਵਿਚ ਖੁਭ ਜਾਣ ਲਈ ਮਨ ਨੂੰ ਕਾਫੀ ਤਰਦਦ ਕਰਨਾ ਪਿਆ। ਅਗਲੇ ਪਰਚੇ ਵੀ ਠੀਕ ਹੋ ਗਏ ਸਨ। ਆਖਰੀ ਪਰਚੇ ਤੋਂ ਬਾਅਦ ਸਾਰੇ ਮੁੰਡਿਆਂ ਨੇ ਪਿਕਚਰ ਵੇਖਣ ਦਾ ਪਰੋਗਰਾਮ ਬਣਾਇਆ ਹੋਇਆ ਸੀ, ਫਿਲਮ ਲਛੀ ਚਲ ਰਹੀ ਸੀ ਜੋ ਮੈਂ ਪਹਿਲਾਂ ਵੀ ਵੇਖੀ ਹੋਈ ਸੀ ਤੇ ਉਸ ਦੇ ਕਈ ਗਾਣੇ ਜਿਵੇਂ "ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ, ਹਸਦਿਆਂ ਰਾਤ ਲੰਘੇ ਪਤਾ ਨਹੀਂ ਸਵੇਰ ਦਾ," "ਮੇਰੀ ਲੱਗਦੀ ਕਿਸੇ ਨਾ ਵੇਖੀ ਤੇ ਟੁੱਟਦੀ ਨੂੰ ਜਗ ਜਾਣਦਾ," " ਨਾਲੇ ਲੰਮੀ ਤੇ ਨਾਲੇ ਕਾਲੀ ਹਾਏ ਵੇ ਰੱਬਾ ਰਾਤ ਜੁਦਾਈਆਂ ਵਾਲੀ," " ਸਾਡੇ ਨਾਲ ਤੇ ਦੁਨੀਆ ਵਾਲਿਓ ਅਣਹੋਣੀ ਜੇ ਹੋਈ, ਦਿਲ ਲੈ ਗਿਆ ਕੋਈ ਰੱਬ ਜੀ ਦਿਲ ਲੈ ਗਿਆ ਕੋਈ," ਜ਼ਬਾਨੀ ਯਾਦ ਹੋ ਗਏ ਸਨ। ਬਠਿੰਡੇ ਦੀਆਂ ਗਲੀਆਂ ਵਿਚ ਤਾਂ ਕੀ, ਲਾਗਲੇ ਪਿੰਡਾਂ ਵਿਚ ਵੀ ਲੱਛੀ ਫਿਲਮ ਦੇ ਗੀਤ ਲੋਕੀਂ ਗਾਂਦੇ ਫਿਰਦੇ ਸਨ ਤੇ ਲੱਛੀ ਫਿਲਮ ਦੇ ਗੀਤਾਂ ਨੇ ਲੋਕਾਂ ਨੂੰ ਪਾਗਲ ਕੀਤਾ ਹੋਇਆ ਸੀ।

ਅਮਰ ਨਾਥ ਸਿੰਗਲਾ ਕਹਿਣ ਲੱਗਾ ਕਿ ਆਪਾਂ ਮਹਿਤੇ ਚਲੀਏ। ਤੂੰ ਹੁਣ ਰਾਤ ਨੂੰ ਸਾਡੇ ਘਰ ਹੀ ਰਹੇਂਗਾ ਤੇ ਬੱਸ ਇਕ ਵਾਰ ਮਹਿਕ ਤੇ ਉਹਦੀ ਮਾਂ ਨੂੰ ਮਿਲ ਆਈਂ। ਕਿਉਂਕਿ ਮੈਂ ਚਾਚੀ ਨਾਲ ਵਾਇਦਾ ਕਰ ਕੇ ਆਇਆ ਸਾਂ, ਇਸ ਲਈ ਮੈਂ ਆਪਣਾ ਝੋਲਾ ਤੇ ਕਿਤਾਬਾਂ ਅਮਰ ਨਾਥ ਸਿੰਗਲੇ ਦੇ ਕਿਸੇ ਰਿਸ਼ਤੇਦਾਰ ਦੀ ਦੁਕਾਨ ਤੇ ਰਖੀਆਂ ਤੇ ਅਸੀਂ ਦੋਵੇਂ ਬਠਿੰਡੇ ਤੋਂ ਪੈਦਲ ਤੁਰ ਕੇ ਮਹਿਤੇ ਉਹਦੇ ਘਰ ਆ ਗਏ। ਇਸ ਵਾਰ ਮਹਿਤਾ ਮੈਨੂੰ ਬੜਾ ਅਜੀਬ ਅਜੀਬ ਲਗ ਰਿਹਾ ਸੀ। ਮੈਂ ਏਨਾ ਜਜ਼ਬਾਤੀ ਹੋ ਚੁਕਾ ਸਾਂ ਕਿ ਕੁਝ ਦਿਨ ਪਹਿਲਾਂ ਛਡੇ ਆਪਣੇ ਘਰ ਅਤੇ ਮਹਿਕ ਦੇ ਘਰ ਜਾਣੋਂ ਘਬਰਾ ਰਿਹਾ ਸਾਂ। ਅਸੀਂ ਸ਼ਾਮ ਨੂੰ ਮਹਿਤੇ ਪਹੁੰਚੇ ਸਾਂ ਤੇ ਅਮਰਨਾਥ ਦੇ ਬਾਗ ਵਿਚ ਗੇੜਾ ਵੀ ਮਾਰ ਆਏ ਸਾਂ ਜਿਥੇ ਸੰਤੋ ਨੇ ਸਾਨੂੰ ਵੇਖ ਵੀ ਲਿਆ ਸੀ। ਉਸ ਨੇ ਜ਼ਰੂਰ ਮਹਿਕ ਨੂੰ ਦੱਸ ਦੇਣਾ ਸੀ ਕਿ ਮੈਂ ਪਿੰਡ ਆਇਆ ਹੋਇਆ ਸਾਂ ਪਰ ਗਵਾਂਢ ਦਾ ਸੁਖ ਖੁੱਸਣ ਪਿਛੋਂ ਓਸ ਨੂੰ ਵੇਖਣ ਤੇ ਮਿਲਣ ਲਈ ਸਿਵਾਏ ਓਸਦੇ ਘਰ ਜਾਣ ਦੇ ਹੋਰ ਕਈ ਤਰੀਕਾ ਨਹੀਂ ਸੀ। ਅਮਰ ਨਾਥ ਕਹਿਣ ਲਗਾ ਕਿ ਸਵੇਰੇ ਆਪਾਂ ਉਹਨਾਂ ਦੇ ਘਰ ਚਲਾਂਗੇ। ਰਾਤ ਮੈਂ ਅਮਰਨਾਥ ਦੇ ਘਰ ਹੀ ਸਤੁਤਾ। ਇਸ ਰਾਤ ਮੈਨੂੰ ਬੜੇ ਅਜੀਬ ਅਜੀਬ ਸੁਪਣੇ ਆਉਂਦੇ ਰਹੇ ਜਿਵੇਂ ਚੰਨਣ ਸਿੰਘ ਗੰਡਾਸਾ ਲੈ ਕੇ ਮੈਨੂੰ ਵਢਣ ਨੂੰ ਫਿਰਦਾ ਸੀ ਤੇ ਕਹਿ ਰਿਹਾ ਸੀ ਕਿ ਹੁਣ ਤੂੰ ਏਥੇ ਕੀ ਲੈਣ ਆਇਆ ਹੈਂ? ਤੇਰਾ ਹੁਣ ਇਸ ਪਿੰਡ ਨਾਲ ਕੀ ਵਾਸਤਾ ਹੈ। ਹੁਣ ਤੇਰਾ ਏਥੇ ਕੌਣ ਹੈ? ਫਿਰ ਵੀ ਰਾਤ ਬੀਤ ਗਈ ਅਤੇ ਸਵੇਰੇ ਜਦ ਉਠੇ ਤਾਂ ਅਮਰਨਾਥ ਦੀ ਭੈਣ ਅਤੇ ਮਾਂ ਮੇਰੀ ਮਾਂ ਨੂੰ ਯਾਦ ਕਰ ਕੇ ਕਾਫੀ ਚਿਰ ਉਹਦੀਆਂ ਗੱਲਾਂ ਕਰਦੀਆਂ ਰਹੀਆਂ। ਦਿਨੇ ਅਸੀਂ ਪਿੰਡ ਵਿਚ ਖੁਲ੍ਹੇ ਪ੍ਰਾਇਮਰੀ ਸਕੂਲ ਦੇ ਮਾਸਟਰ ਗੋਇਲ ਨਾਲ ਗੱਲਾਂ ਮਾਰਦੇ ਰਹੇ ਤੇ ਗੋਇਲ ਕਹਿਣ ਲੱਗਾ ਕਿ ਤੂੰ ਦਸਵੀਂ ਦਾ ਇਮਤਿਹਾਨ ਤਾਂ ਦੇ ਦਿਤਾ ਹੋਇਆ ਹੈ। ਜੇ ਕਹੇਂ ਤਾਂ ਮੈਂ ਬਠਿੰਡੇ ਜਾ ਕੇ ਤੈਨੂੰ ਇਸ ਪਿੰਡ ਵਿਚ ਅਨਟਰੇਂਡ ਟੀਚਰ ਲੱਗਣ ਦੇ ਹੁਕਮ ਦਵਾ ਦੇਂਦਾ ਹਾਂ। ਕਈ ਅੰਡਰ ਮੈਟਰਿਕ ਟੀਚਰ ਲਗੇ ਹੋਏ ਹਨ ਜਿਨ੍ਹਾਂ ਨੂੰ ਬਾਅਦ ਵਿਚ ਸਰਕਾਰ ਪੱਕਾ ਕਰ ਦੇਂਦੀ ਹੈ। ਮੇਰੇ ਕੱਲੇ ਤੋਂ ਚਾਰ ਜਮਾਤਾਂ ਸੰਭਾਲੀਆਂ ਨਹੀਂ ਜਾਂਦੀਆਂ। ਜਦੋਂ ਤੂੰ ਦਸਵੀਂ ਵਿਚੋਂ ਪਾਸ ਹੋ ਗਿਆ, ਤੇਰੀ ਤਨਖਾਹ ਵੀ ਵਧ ਜੂ ਅਤੇ ਪੱਕਾ ਹੋਣ ਵਿਚ ਵੀ ਸੌਖ ਹੋ ਜੂ। ਓਦੋਂ ਇਸ ਤਰ੍ਹਾਂ ਦੇ ਟੀਚਰਾਂ ਦੀ ਤਨਖਾਹ 50 ਜਾਂ 60 ਰੁਪੈ ਮਹੀਨਾ ਹੁੰਦੀ ਸੀ ਜੋ ਬੜੀ ਰਕਮ ਸਮਝੀ ਜਾਂਦੀ ਸੀ। ਓਸ ਵੇਲੇ ਕਿਓਂਕਿ ਪਿੰਡਾਂ ਦੇ ਮਾਸਟਰਾਂ ਦਾ ਆਪਣਾ ਕੋਈ ਖਰਚਾ ਤਾਂ ਹੁੰਦਾ ਨਹੀਂ ਸੀ। ਪਿੰਡਾਂ ਵਿਚ ਰਹਾਇਸ਼ ਖਾਣ ਪੀਣ ਫਰੀ ਹੁੰਦਾ ਸੀ। ਪਿੰਡਾਂ ਦੇ ਲੋਕ ਟੀਚਰ ਦੀ ਇੱਜ਼ਤ ਵੀ ਬੜੀ ਕਰਦੇ ਸਨ।

## ਮਹਿਕ ਦਾ ਵਿਆਹ ਪੱਕਾ ਹੋਣਾ

ਮੈਂ ਗੋਇਲ ਨੂੰ ਕਿਹਾ ਕਿ ਮੈਂ ਟੀਚਰ ਨਹੀਂ ਲੱਗਣਾ ਚਹੁੰਦਾ। ਅਜੇ ਤਾਂ ਮੇਰੀ ਉਮਰ ਈ ਬਹੁਤ ਛੋਟੀ ਹੈ। ਮੈਂ ਤਾਂ ਨਵੰਬਰ ਵਿਚ 16 ਸਾਲਾਂ ਦਾ ਹੋਵਾਂਗਾ। ਮੈਂ ਦਸਵੀਂ ਪਾਸ ਕਰ ਕੇ ਕਾਲਜ ਦਾਖਲ ਹੋਊਂਗਾ ਤੇ ਬੀ. ਏ. ਤੇ ਫਿਰ ਐਮ. ਏ. ਕਰ ਕੇ ਕਿਸੇ ਵਡੀ ਨੌਕਰੀ ਤੇ ਅਫਸਰ ਲਗੂੰਗਾ। ਹੋ ਸਕਦਾ ਹੈ ਕਿ ਮੈਂ ਵਲਾਇਤ ਪਾਸ ਕਰਨ ਲਈ ਇੰਗਲੈਂਡ ਚਲਾ ਜਾਵਾਂ ਕਿਓਂਕਿ ਮੇਰੇ ਬਾਪੂ ਦਾ ਸੁਪਨਾ ਮੈਨੂੰ ਵਲਾਇਤ ਪਾਸ ਕਰਾਉਣਾ ਹੈ। ਸਿਆਲਾਂ ਵਿਚ ਬਾਪੂ ਨਰਮੇ ਦਾ ਟਰੱਕ ਫਾਜ਼ਿਲਕਾ ਦੀ ਮੰਡੀ ਜਾ ਕੇ ਵੇਚ ਆਇਆ ਸੀ ਤੇ ਹੁਣ ਬਾਪੂ ਕੋਲ ਪੈਸੇ ਸਨ ਜੋ ਉਹਨੇ ਮੰਡੀ ਗੁਰੂ ਹਰ ਸਹਾਏ ਆੜ੍ਹਤੀਆਂ ਕੋਲ ਰਖ ਦਿਤੇ ਸਨ। ਓਦੋਂ ਬੈਂਕਾਂ ਵਿਚ ਪੈਸੇ ਜਮ੍ਹਾਂ ਕਰਵਾਉਣ ਦਾ ਰਿਵਾਜ ਨਹੀਂ ਸੀ। ਬੈਂਕ ਵੀ ਬਹੁਤ ਘੱਟ ਸਨ। ਜ਼ਿਮੀਂਦਾਰ ਪੈਸੇ ਆਪਣੇ ਆੜ੍ਹਤੀਆਂ ਕੋਲ ਹੀ ਰਖਦੇ ਸਨ ਜਾਂ ਡਾਕਖਾਨੇ ਵਿਚ ਜਮ੍ਹਾਂ ਕਰਵਾ ਦੇਂਦੇ ਸਨ। ਪਿੰਡ ਦੇ ਲਾਗੇ ਕੋਈ ਡਾਕਖਾਨਾ ਵੀ ਨਹੀਂ ਸੀ। ਜੇ ਮਮਦੋਟ ਜਾਂ ਮੰਡੀ ਗੁਰੂ ਹਰ ਸਹਾਏ ਵਿਚ ਡਾਕਖਾਨਾ ਸੀ ਤਾਂ ਓਥੇ ਬਹੁਤੀ ਰਕਮ ਜਮ੍ਹਾਂ ਕਰਾਉਣੀ ਜਾਂ ਕਢਾਉਣੀ ਵੀ ਔਖੀ ਸੀ। ਵਡਾ ਡਾਕਖਾਨਾ ਫਿਰੋਜ਼ਪੁਰ ਸ਼ਹਿਰ ਵਿਚ ਹੀ ਸੀ ਤੇ ਓਸ ਨੂੰ ਡਾਕਖਾਨੇ ਵਾਲੀ ਗਲੀ ਹੀ ਕਿਹਾ ਜਾਂਦਾ ਸੀ। ਇਸ ਡਾਕਖਾਨੇ ਵਿਚੋਂ ਹੀ ਸਾਡੇ ਪਿੰਡਾਂ ਦੀ ਡਾਕ ਪਹਿਲਾਂ ਮਮਦੋਟ ਜਾਂਦੀ ਸੀ ਤੇ ਓਥੋਂ ਡਾਕੀਆ ਮਹੀਨੇ ਵਿਚ ਦੋ ਚਾਰ ਵਾਰ ਆ ਕੇ ਚਿੱਠੀਆਂ ਵੰਡ ਦੇਂਦਾ ਸੀ। ਉਸ ਵੇਲੇ ਚਿਠੀ ਆਉਣ ਦੀ ਅਹਿਮੀਅਤ ਵੀ ਬੜੀ ਹੁੰਦੀ ਸੀ। ਸੰਚਾਰ ਸਾਧਨ ਚਿੱਠੀਆਂ ਤੋਂ ਬਗੈਰ ਕੋਈ ਨਹੀਂ ਸੀ। ਟੈਲੀਫੋਨਜ਼ ਤਾਂ ਬਹੁਤ ਹੀ ਘੱਟ ਸਨ। ਇਸ ਤੋਂ ਕੁਝ ਸਮਾਂ ਪਹਿਲਾਂ ਲੋਕ ਮੇਲੇ ਮੁਸਾਹਬਿਆਂ ਤੇ ਮਿਲ ਕੇ ਇਕ ਦੂਜੇ ਨੂੰ ਸੁਖ ਸੁਨੇਹੇ ਸਾਂਝੇ ਕਰਿਆ ਕਰਦੇ ਸਨ ਜਾਂ ਗੰਢਾਂ ਭੇਜਣ ਦਾ ਰਿਵਾਜ ਸੀ।

ਬਾਕੀ ਅਸੀਂ ਹੁਣ ਇਹ ਮਹਿਤਾ ਪਿੰਡ ਛਡ ਚੁਕੇ ਹਾਂ ਤੇ ਮੈਂ ਇਥੇ ਹੁਣ ਇਕੱਲਾ ਨਹੀਂ ਰਹਿਣਾ ਚਹੁੰਦਾ। ਮਾਸਟਰ ਗੋਇਲ ਨੇ ਮਖੌਲ ਕੀਤਾ ਕਿ ਤੂੰ ਇਕੱਲਾ ਕਿਥੇ ਹੈ। ਇਸ ਪਿੰਡ ਦੀ ਸਭ ਤੋਂ ਸੋਹਣੀ ਕਬੂਤਰੀ ਵੀ ਤਾਂ ਤੇਰੇ ਨਾਲ ਹੈ ਜਿਸਦੇ ਹਥ ਦਾ ਕਢਿਆ ਰੁਮਾਲ ਜੇਬ ਵਿਚ ਪਾਈਂ ਫਿਰਦਾ ਏਂ। ਮੈਨੂੰ ਗੋਇਲ ਦਾ ਮਖੌਲ ਬਹੁਤਾ ਚੰਗਾ ਨਾ ਲੱਗਾ। ਮੈਂ ਗੰਭੀਰ ਚਿੱਤ ਸੋਚਣ ਵਾਲਾ ਮੁੰਡਾ ਸਾਂ ਤੇ ਮਸਖਰੀਆਂ ਮੈਨੂੰ ਚੰਗੀਆਂ ਨਹੀਂ ਲਗਦੀਆਂ ਸਨ। ਮੈਂ ਤੇ ਅਮਰਨਾਥ ਸਿੰਗਲੇ ਨੇ ਓਸ ਦਿਨ ਦੀ ਆਥਣ ਨੂੰ ਮਹਿਕ ਦੇ ਘਰ ਜਾਣ ਦਾ ਪਰੋਗਰਾਮ ਬਣਾ ਲਿਆ ਕਿਉਂਕਿ ਅਗਲੇ ਦਿਨ ਮੈਂ ਬਠਿੰਡੇ ਜਾ ਕੇ ਫਿਰੋਜ਼ਪੁਰ ਦੀ ਗੱਡੀ ਪਕੜ ਲੈਣੀ ਸੀ। ਸਿੰਗਲੇ ਨੇ ਬਠਿੰਡੇ ਤਕ ਮੇਰੇ ਨਾਲ ਜਾਣਾ ਸੀ। ਅਸੀਂ ਮਹਿਕ ਦੇ ਘਰ ਓਸ ਵੇਲੇ ਜਾਣਾ ਚਹੁੰਦੇ ਸਾਂ ਜਦੋਂ ਉਸਦਾ ਪਿਓ ਚੰਨਣ ਸਿੰਘ ਘਰ ਨਾ ਹੋਵੇ। ਇਸ ਦਾ ਪਤਾ ਮਾਸਟਰ ਗੋਇਲ ਨੇ ਮਹਿਕ ਦੇ ਛੋਟੇ ਭਰਾ ਮਹਿੰਗੇ ਤੋਂ ਲੈ ਦਿਤਾ ਸੀ ਕਿ ਉਹਦਾ ਪਿਓ ਚੰਨਣ ਸਿੰਘ ਬਠਿੰਡੇ ਗਿਆ ਹੋਇਆ ਸੀ। ਮਹਿੰਗਾ ਉਹਦੇ ਕੋਲ ਸਕੂਲ ਵਿਚ ਪੜ੍ਹਦਾ ਸੀ। ਸ਼ਾਮੀਂ ਜਦੋਂ ਮੈਂ ਤੇ ਸਿੰਗਲਾ ਉਹਦੇ ਘਰ ਗਏ ਤਾਂ ਗੋਇਲ ਵੀ ਸਾਡੇ ਨਾਲ ਈ ਚੱਲ ਪਿਆ। ਮਹਿਕ ਮੰਜੇ ਤੇ ਬੈਠੀ ਇਕ ਚਾਦਰ ਤੇ ਬੂਟੀਆਂ ਪਾ ਰਹੀ ਸੀ। ਚਾਚੀ ਲਾਗੇ ਪੀੜ੍ਹੀ ਤੇ ਬੈਠੀ ਚਰਖਾ ਕੱਤ ਰਹੀ ਸੀ। ਮੇਂ ਮਹਿਕ ਵੱਲ ਵੇਖਿਆ ਪਰ ਓਸ ਮੇਰੇ ਵੱਲ ਨਹੀਂ ਵੇਖਿਆ ਤੇ ਸਦਾ ਵਾਂਗ ਨੀਵੀਂ ਪਾ ਕੇ ਬੂਟੀਆਂ ਪਾਉਂਦੀ ਰਹੀ। ਮੈਂ ਚਾਚੀ ਦੇ ਪੈਰੀਂ ਹਥ ਲਾਇਆ ਤੇ ਓਸ ਮੈਨੂੰ 'ਜੀਂਦਾ ਰਹੇਂ ਜਵਾਨੀਆਂ ਮਾਣੇ' ਦੀ ਅਸ਼ੀਰਵਾਦ ਦਿਤੀ ਤੇ ਪੁਛਿਆ ਕਿ ਮੇਰੇ ਦਸਵੀਂ ਦੇ ਪਰਚੇ ਕਿਹੋ ਜਹੇ ਹੋ ਗਏ ਸਨ। ਮੈਂ ਕਿਹਾ ਕਿ ਪਰਚੇ ਚੰਗੇ ਹੋ ਗਏ ਹਨ ਤੇ ਇਸ ਵਾਰ ਮੈਂ ਜ਼ਰੂਰ ਪਾਸ ਹੋ ਜਾਵਾਂਗਾ। ਫਿਰ ਅਗੇ ਪੜ੍ਹਨ ਲਈ ਫਿਰੋਜ਼ਪੁਰ ਕਾਲਜ ਵਿਚ ਦਾਖਲ ਹੋ ਜਾਵਾਂਗਾ।

ਓਸ ਮਹਿਕ ਨੂੰ ਚੁਲ੍ਹੇ ਤੇ ਚਾਹ ਰਖਣ ਲਈ ਕਿਹਾ ਪਰ ਉਹ ਮੰਜੇ ਤੋਂ ਨਾ ਉਠੀ। ਚਾਚੀ ਨੇ ਉਠ ਕੇ ਚੁਲ੍ਹੇ ਵਿਚ ਅੱਗ ਬਾਲੀ ਤੇ ਪਾਣੀ ਦਾ ਪਤੀਲੀ ਚੁਲ੍ਹੇ ਉਤੇ ਰਖ ਦਿਤੀ। ਅਸੀਂ ਲਾਗੇ ਪਏ ਮੰਜੇ ਤੇ ਬੈਠ ਗਏ। ਚਾਹ ਰੱਖ ਕੇ ਚਾਚੀ ਫਿਰ ਪੀੜ੍ਹੀ ਤੇ ਆ ਬੈਠੀ ਤੇ ਕਹਿਣ ਲਗੀ, "ਮਹਿਕ ਦਾ ਬਾਪੂ ਇਹਦਾ ਵਿਆਹ 15 ਹਾੜ ਦਾ ਪੱਕਾ ਕਰ ਆਇਆ ਏ ਤੇ ਹੁਣ ਟੂਮ ਛੱਲਾ ਬਣਵਾਉਣ ਬਠਿੰਡੇ ਗਿਆ ਹੋਇਆ ਆ। ਪ੍ਰਾਹੁਣੇ ਨੂੰ ਕੰਠਾ ਵੀ ਪਾਵਾਂਗੇ। ਆਪਣੀ ਮਾਂ ਤੇ ਬਾਪੂ ਨੂੰ ਕਹੀਂ ਕਿ ਵਿਆਹ ਤੇ ਜ਼ਰੂਰ ਆਉਣ ਤੇ ਤੂੰ ਵੀ ਜ਼ਰੂਰ ਆਈਂ"। ਤੁਸੀਂ ਏਥੇ ਨਾਲ ਰਹਿੰਦੇ ਸੀ ਤੇ ਵਕਤ ਬਹੁਤ ਸੋਹਣਾ ਲੰਘ ਗਿਆ। ਹੁਣ ਤੁਹਾਡੇ ਵਾਲੇ ਪਾਸੇ ਲਾਹੌਰੀਏ ਆ ਗਏ ਹਨ ਤੇ ਸਾਡੀ ਹਾਲੇ ਤਕ ਉਹਨਾਂ ਨਾਲ ਸਾਡੀ ਜ਼ਬਾਨ ਸਾਂਝੀ ਨਹੀਂ ਹੋਈ। ਵਡੇ ਅਲਾਟੀ ਆ ਤੇ ਸਾਡੇ ਪਾਸੇ ਵਾਲਾ ਘਰ ਵੀ ਉਹਨਾਂ ਨੂੰ ਅਲਾਟ ਹੋ ਗਿਆ ਏ। ਛੇਤੀ ਘਰ ਖਾਲੀ ਕਰਨ ਲਈ ਕਹਿੰਦੇ ਹਨ"। ਜਦੋਂ ਚਾਚੀ ਨੇ 15 ਹਾੜ ਦੀ ਗੱਲ ਕੀਤੀ ਤਾਂ ਮਹਿਕ ਨੇ ਬੂਟੀਆਂ ਕਢਣੀਆਂ ਛਡ ਦਿਤੀਆਂ ਤੇ ਮੰਜੇ ਤੇ ਲੰਮੀ ਪੈ ਗਈ ਤੇ ਮੂੰਹ ਸਿਰ ਤੇ ਸਾਰਾ ਤਨ ਬਦਨ ਖੇਸ ਵਿਚ ਲਪੇਟ ਲਿਆ। ਕੁਝ ਚਿਰ ਬਾਅਦ ਉਹਦੇ ਹੌਲੀ ਹੌਲੀ ਰੋਣ ਦੀਆਂ ਆਵਾਜ਼ਾਂ ਆਉਣ ਲਗ ਪਈਆਂ। ਏਨੇ ਵਿਚ ਚਾਚੀ ਬਾਟੀਆਂ ਵਿਚ ਸਾਡੇ ਲਈ ਚਾਹ ਪਾ ਕੇ ਲੈ ਆਈ ਜੋ ਅਸੀਂ ਫੂਕਾਂ ਮਾਰ ਮਾਰ ਕੇ ਪੀਣ ਲਗ ਪਏ। ਚਾਚੀ ਨੇ ਮਹਿਕ ਨੂੰ ਵੀ ਉਠ ਕੇ ਚਾਹ ਪੀਣ ਲਈ ਕਿਹਾ ਪਰ ਉਹ ਨਾ ਉਠੀ। ਚਾਚੀ ਦੱਸਣ ਲੱਗੀ ਕਿ ਜੰਜ ਇਕ ਰਾਤ ਰਹੂਗੀ ਤੇ ਮੁਕਲਾਵਾ ਅਸੀਂ ਮਹੀਨੇ ਬਾਅਦ ਤੋਰਾਂਗੇ। ਓਦੋਂ ਤਕ ਹਥ ਕੁਝ ਹੋਰ ਸੌਖਾ ਹੋ ਜੁਗਾ। ਮਹਿਕ ਦਾ ਰੋਣਾ ਬਦਸਤੂਰ ਜਾਰੀ ਰਿਹਾ। ਚਾਚੀ ਨੇ ਫਿਰ ਕਿਹਾ, "ਬਲਬੀਰ ਤੂੰ ਇਹਨੂੰ ਸਮਝਾ ਕਿ ਧੀਆਂ ਦਾ ਧੰਨ ਪਰਾਇਆ ਹੁੰਦਾ ਏ ਤੇ ਇਹਨਾਂ ਨੇ ਇਕ ਦਿਨ ਪਿਓ ਦਾ ਘਰ ਛਡ ਕੇ ਜਾਣਾ ਈ ਹੁੰਦਾ ਹੈ। ਬੱਸ ਸੁਖੀ ਵਸੇ, ਅਸੀਂ ਤਾਂ ਇਹੀ ਚਹੁੰਦੇ ਆਂ"। ਮੈਂ ਮਹਿਕ ਨੂੰ ਕੀ ਸਮਝਾ ਸਕਦਾ ਸਾਂ। ਮੇਰੀ ਆਪਣੀ ਅਜੇ ਸਮਝਾਉਣ ਦੀ ਉਮਰ ਕਿਥੇ ਸੀ। ਮੈਂ ਤਾਂ ਖੁਦ ਹੀ ਬੇਸਮਝ ਸਾਂ। ਮੈਂ ਤਾਂ ਆਪ ਹੀ ਭਟਕਿਆ ਹੋਇਆ ਸਾਂ। ਸਾਡੀ ਇਸ ਆਖਰੀ ਮੁਲਾਕਾਤ ਦੇ ਸਾਰੇ ਗਵਾਹ ਚੁੱਪ ਚਾਪ ਉਹਦੇ ਹੌਕਿਆਂ ਨੂੰ ਸੁਣ ਰਹੇ ਸਨ। ਚਾਚੀ ਦੀ ਦਲੀਲ ਵਿਚ ਕਿੰਨਾ ਵਜ਼ਨ ਸੀ ਕਿ ਧੀਆਂ ਧੰਨ ਪਰਾਇਆ ਤੇ ਇਹਨਾਂ ਦਾ ਕਾਹਦਾ ਮਾਣ। ਮਾਪਿਆਂ ਪਾਲੀਆਂ, ਪਰੋਸੀਆਂ, ਵਡੀਆਂ ਕੀਤੀਆਂ ਤੇ ਅਗਲੇ ਘਰ ਨੂੰ ਤੋਰ ਦਿਤੀਆਂ। ਅੰਦਰੋਂ ਜੀਅ ਤਾਂ ਕਰਦਾ ਸੀ ਕਿ ਮਹਿਕ ਨੂੰ ਅਸੀਸ ਦਵਾਂ ਤੇ ਕਹਾਂ ਕਿ ਆਰਾਮ ਨਾਲ ਵਿਆਹ ਕਰਵਾ ਕੇ ਸੁਖੀਂ ਵੱਸੀਂ। ਮੈਂ ਦੁਨੀਆ ਦੀ ਕਿਸੇ ਚੋਟੀ ਤੇ ਵੀ ਪਹੁੰਚ ਜਾਵਾਂ, ਤੈਨੂੰ ਕਦੇ ਨਹੀਂ ਭੁਲਾਂਗਾ। ਮੈਨੂੰ ਸਦਾ ਤੇਰਾ ਚੇਤਾ ਆਉਂਦਾ ਰਹਾਂਗਾ। ਪਰ ਇਹ ਸਭ ਗੱਲਾਂ ਮਨ ਦੀਆਂ ਮਨ ਵਿਚ ਹੀ ਹੋ ਰਹੀਆਂ ਸਨ। ਚੜ੍ਹਦੀ ਜਵਾਨੀ ਦੀ ਵਰੇਸ ਦੇ ਹਾਣੀ ਅਸੀਂ ਇਕ ਦੂਜੇ ਨੂੰ ਬਹੁਤ ਚੰਗੇ ਲੱਗਣ ਲੱਗ ਪਏ ਸਾਂ ਪਰ ਇਸਦਾ ਮਤਲਬ ਇਹ ਨਹੀਂ ਸੀ ਕਿ ਅਸੀਂ ਇਕ ਦੂਜੇ ਨਾਲ ਵਿਆਹ ਕਰਾਵਾਂਗੇ।

ਮੈਂ ਉਠਿਆ, ਉਹਦੇ ਰੋਂਦੀ ਦੇ ਸਿਰ ਤੋਂ ਖੇਸ ਪਰ੍ਹਾਂ ਕੀਤਾ। ਉਹਨੇ ਆਪਣੇ ਦੋਹਾਂ ਹਥਾਂ ਨਾਲ ਆਪਣਾ ਹੌਕੇ ਲੈਂਦਾ ਮੂੰਹ ਢਕ ਲਿਆ। ਮੈਂ ਜੇਬ ਵਿਚੋਂ ਪੰਜ ਰੁਪੈ ਕਢੇ ਤੇ ਬਧੋ ਬਧੀ ਉਹਦੇ ਹਥਾਂ ਵਿਚ ਫੜਾ ਦਿਤੇ। ਪੰਜ ਰੁਪੈ ਦਾ ਸਗਨ ਉਹਨਾਂ ਸਮਿਆਂ ਵਿਚ ਬੜੀ ਗੱਲ ਸਮਝਿਆ ਜਾਂਦਾ ਸੀ। ਅਕਸਰ ਲੋਕ ਇਕ ਜਾਂ ਦੋ ਰੁਪੈ ਸਗਨ ਪਾਉਂਦੇ ਸਨ। ਉਹ ਉਠ ਕੇ ਬੈਠ ਗਈ ਅਤੇ ਪੰਜ ਰੁਪੈ ਵਗਾਹ ਕੇ ਪਰ੍ਹਾਂ ਮਾਰੇ।

"ਪੰਦਰਾਂ ਹਾੜ ਨੂੰ ਮੇਰੀ ਅਰਥੀ ਉਠੂਗੀ ਤੇ ਵੇਖ ਲੀਂ ਆ ਕੇ ਜੇ ਆ ਹੋਇਆ ਤਾਂ," ਕੁਰਲਾਉਂਦੀ ਉਠ ਕੇ ਉਹ ਅੰਦਰ ਨੂੰ ਚਲੀ ਗਈ। 1947 ਤੋਂ 1951 ਦੇ ਅਤਿ ਲਾਚਾਰੀ ਤੇ ਗਰੀਬੀ ਦੇ ਦਿਨਾਂ ਵਿਚ ਕੱਚੇ ਕੋਠਿਆਂ ਵਿਚ ਰਹਿੰਦਿਆਂ ਸ਼ੁਰੂ ਤੇ ਅੰਤ ਹੋਈ ਖਾਮੋਸ਼ ਤੇ ਪਵਿਤਰ ਮੁਹਬਤ ਦੀ ਇਹ ਆਖਰੀ ਝਾਕੀ ਸੀ ਜਿਸਦੇ ਦੀ ਗਵਾਹੀ ਦੇ ਪਾਤਰ ਮੌਕੇ ਤੇ ਮੌਜੂਦ ਸਨ। ਤਿੰਨਾਂ ਚਹੁੰ ਸਾਲਾਂ ਦੇ ਅਰਸੇ ਵਿਚ ਅਸੀਂ ਕਦੇ ਇਕ ਦੂਜੇ ਨਾਲ ਜ਼ਬਾਨ ਸਾਂਝੀ ਨਹੀਂ ਸੀ ਕੀਤੀ ਸੀ। ਪਹਿਲੇ ਕੁਝ ਸਾਲ ਤਾਂ ਵੈਸੇ ਹੀ ਬਚਪਨ ਦੀਆਂ ਬਾਹਾਂ ਦੀ ਗਲਵਕੜੀ ਵਿਚੋਂ ਨਿਕਲ ਕੇ ਜਵਾਨੀ ਦੀਆਂ ਬਰੂਹਾਂ ਵਿਚ ਦਾਖਲ ਹੋਣ ਤੇ ਲਗ ਗਏ ਸਨ। ਉਚੇ ਲੰਮੇ ਕੱਦ ਦੀ ਲਗਰ ਵਰਗੀ ਮਲਵੈਣ ਦੀਆਂ ਮਸਤ ਨਸ਼ੀਲੀਆਂ ਮ੍ਰਿਗਨੈਣੀ ਅੱਖਾਂ, ਬੁਲ੍ਹੀਆਂ ਦੀਆਂ ਮਾਸੂਮ ਅਰਥ ਭਰਪੂਰ ਮੁਸਕਾਨਾਂ ਤੇ ਚਿੱਟੇ ਦੰਦਾਂ ਦੀ ਚਮਕ ਤੋਂ ਇਲਾਵਾ ਸਿਰਫ ਖਾਮੋਸ਼ ਮੁਹਬਤ ਹੀ ਤੱਕੀ ਸੀ। ਪਹਿਲੀ ਵਾਰ ਮਹਿਕ ਦੇ ਮੂੰਹ ਵਿਚੋਂ ਨਿਕਲੇ ਇਹਨਾਂ ਦਰਦਨਾਕ ਬੋਲਾਂ ਨੇ ਮੇਰੇ ਕੰਨਾਂ ਵਿਚ ਸਿੱਕਾ ਘੋਲ ਕੇ ਪਾ ਦਿਤਾ ਸੀ। ਇਹ ਸਾਡੀ ਆਖਰੀ ਮਿਲਣੀ ਸੀ ਜਿਸ ਵਿਚ ਇਕ ਹਾਣ ਲਭਦੀ ਮੁਟਿਆਰ ਦਾ ਜ਼ਖਮੀ ਅੰਤਰੀਵ, ਵਿਲਕਦਾ ਚਿਹਰਾ ਤੇ ਜਿਸਮ ਵਿਹੜੇ ਚੋਂ ਉਠ ਕੇ ਕੱਚੇ ਕੋਠੇ ਅੰਦਰ ਗੁੰਮ ਹੋ ਗਿਆ ਸੀ। ਦਿਲ ਦਿਮਾਗ ਦੀਆਂ ਅਖਾਂ ਅਗੇ ਬੱਸ ਇਹ ਝਾਕੀ ਹੀ ਬਾਕੀ ਰਹਿ ਗਈ ਸੀ। ਇਹ ਝਾਕੀ ਵਿਚੋਂ ਮੇਰੀਆਂ ਕੁਝ ਰਚਨਾਵਾਂ ਜਿਵੇਂ "ਪ੍ਰੀਤ ਦੀ ਰੀਤ," "ਅਸਾਂ ਬੇਕਦਰਾਂ ਨਾਲ ਲਾਈਆਂ" ਕਹਾਣੀਆਂ ਦੇ ਰੂਪ ਵਿਚ ਮੇਰੀਆਂ ਲੇਖਣੀਆਂ ਵਿਚੋਂ ਉਭਰੀਆਂ। ਚੜ੍ਹਦੀ ਜਵਾਨੀ ਦੇ ਸੂਹੇ ਗੁਲਾਬ ਪੀਲੇ ਪੈ ਗਏ ਸਨ। ਇਸ ਵਿਸ਼ੇ ਨੂੰ ਲੈ ਕੇ ਮੈਂ 1975 ਵਿਚ ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਹਿਤ ਅਤੇ ਸਭਿਆਚਾਰ ਵਿਭਾਗ ਵਿਚ ਲੈਕਚਰਰ ਸਾਂ, ਦੁਖਾਂਤ ਨਾਵਲ "ਪੀਲਾ ਗੁਲਾਬ" ਲਿਖਿਆ ਜਿਸ ਨੂੰ ਕਈ ਪਾਠਕਾਂ ਨੇ ਪੰਜਾਬੀ ਵਿਚ ਦੇਵਦਾਸ ਦਾ ਨਾਂ ਦਿਤਾ।

ਇਸ ਦਿਨ ਤੋਂ ਬਾਅਦ ਬਾਕੀ ਦੀ ਜ਼ਿੰਦਗੀ ਵਿਚ ਮੈਂ ਫਿਰ ਕਦੀ ਮਹਿਤੇ ਨਹੀਂ ਗਿਆ। ਅਸੀਂ ਮਹਿਕ ਦੇ ਘਰੋਂ ਉਠ ਕੇ ਅਮਰ ਨਾਥ ਸਿੰਗਲੇ ਦੇ ਘਰ ਆ ਗਏ। ਸਿੰਗਲੇ ਦੇ ਘਰ ਦੀ ਛੱਤ ਤੇ ਪਏ ਮੰਜਿਆਂ ਤੇ ਬਿਸਤਰੇ ਲਗੇ ਹੋਏ ਸਨ। ਰੋਟੀ ਪਾਣੀ ਖਾ ਪੀ ਕੇ ਅਸੀਂ ਛੱਤ ਤੇ ਚਲੇ ਗਏ। ਮਹਿਤੇ ਵਿਚ ਕੱਟੀ ਉਹ ਆਖਰੀ ਰਾਤ ਬੜੀ ਉਪਰਾਮ ਕਰਨ ਵਾਲੀ ਰਾਤ ਸੀ। ਅਖਾਂ ਮੀਚਦਾ ਸਾਂ ਤਾਂ ਨੀਂਦ ਨਹੀਂ ਆਉਂਦੀ ਸੀ। ਜੇ ਥੋੜ੍ਹੀ ਬਹੁਤ ਅੱਖ ਲਗਦੀ ਸੀ ਤਾਂ ਬੜੇ ਅਜੀਬ, ਮਾੜੇ ਤੇ ਡਰਾਉਣੇ ਸੁਪਨੇ ਆਉਂਦੇ ਸਨ। ਜਿਵੇਂ ਮਹਿਕ ਰਾਤ ਨੂੰ ਛੱਤ ਤੇ ਆ ਮੇਰੇ ਕੰਨਾਂ ਵਿਚ ਕਹਿ ਰਹੀ ਸੀ ਕਿ ਮੈਂ ਓਥੇ ਵਿਆਹ ਨਹੀਂ ਕਰਵਾਉਣਾ। ਪਰ ਇਹ ਤਾਂ ਸੁਪਨਾ ਹੀ ਸੀ। ਸੁਪਨਿਆਂ ਦਾ ਕੀ ਇਤਬਾਰ, ਜੋ ਜਾਗ ਖੁਲ੍ਹਦਿਆਂ ਗੀ ਟੁੱਟ ਜਾਂਦੇ ਹਨ। ਸਵੇਰੇ ਉਠ ਕੇ ਮੈਂ ਇਕ ਵਾਰ ਹਸਰਤ ਭਰੀਆਂ ਅਖਾਂ ਨਾਲ ਮਹਿਤੇ ਨੂੰ ਵੇਖਿਆ ਤੇ ਮੈਂ ਤੇ ਅਮਰ ਨਾਥ ਤੁਰ ਕੇ ਬਠਿੰਡੇ ਆ ਗਏ। ਕੁਝ ਚਿਰ ਅਸੀਂ ਬਠਿੰਡੇ ਦੀਆਂ ਗਲੀਆਂ ਵਿਚ ਘੁੰਮੇ। ਮੈਂ ਆਪਣਾ ਸਾਮਾਨ ਤੇ ਕਿਤਾਬਾਂ ਚੁਕੀਆਂ। ਅਮਰ ਨਾਥ ਮੈਨੂੰ ਸ਼ਾਮ ਨੂੰ ਫਿਰੋਜ਼ਪੁਰ ਜਾਣ ਵਾਲੀ ਗੱਡੀ ਵਿਚ ਚੜ੍ਹਾ ਗਿਆ ਤੇ ਚਿੱਠੀ ਪੱਤਰ ਲਿਖਦੇ ਰਹਿਣ ਦਾ ਵਾਇਦਾ ਕੀਤਾ। ਜਦੋਂ ਗਡੀ ਗੋਨਿਆਣਾ ਮੰਡੀ ਰੁਕੀ ਤਾਂ ਮੈਂ ਆਪਣੇ ਸਕੂਲ ਨੂੰ ਤਕਿਆ ਜਿਥੇ ਪਿਛਲੇ ਤਿੰਨ ਚਾਰ ਸਾਲ ਪੜ੍ਹਾਈ ਕੀਤੀ ਸੀ। ਹੁਣ ਤਾਂ ਪਾਸ ਹੋਣ ਤੇ ਬੱਸ ਏਥੇ ਸਰਟੀਫਿਕੇਟ ਲੈਣ ਹੀ ਆਉਣਾ ਸੀ। ਰਸਤੇ ਵਿਚ ਮੈਂ ਸਾਰੇ ਸਟੇਸ਼ਨ ਗਿਣਦਾ ਗਿਆ। ਫਿਰੋਜ਼ਪੁਰ ਛਾਉਣੀ ਦੇ ਰੇਲਵੇ ਸਟੇਸ਼ਨ ਉਤਰ ਕੇ ਮੈਂ ਸ਼ਹਿਰ ਨੂੰ ਜਾਂਦੇ ਇਕ ਟਾਂਗੇ ਵਿਚ ਬੈਠ ਗਿਆ ਜਿਸ ਮੈਨੂੰ ਮਹਿਰਿਆਂ ਵਾਲੀ ਬਸਤੀ ਲਾਹ ਦਿਤਾ। ਭਰਾ ਦਾ ਘਰ ਲਭਣ ਵਿਚ ਕੋਈ ਔਖ ਨਾ ਹੋਈ। ਛੋਟੀ ਜਹੀ ਭੀੜੀ ਗਲੀ ਵਿਚ ਸਜੇ ਪਾਸੇ ਭਰਾ ਕਿਰਾਏ ਦੇ ਦੋ ਮੰਜ਼ਲਾ ਮਕਾਨ ਲੈ ਕੇ ਰਹਿੰਦਾ ਸੀ। ਭਰਾ ਭਰਜਾਈ ਅਤੇ ਬੱਚੇ ਬੜੇ ਤਪਾਕ ਨਾਲ ਮਿਲੇ। ਭਰਾ ਦੇ ਪੰਜ ਬੱਚੇ ਸਨ। ਸਭ ਤੋਂ ਵਡੀ ਕੁੜੀ ਜਸਵਿੰਦਰ, ਫਿਰ ਕਾਕਾ ਅਮਰਜੀਤ, ਫਿਰ ਕੰਵਰਜੀਤ, ਕੁੱਕੀ ਤੇ ਪਰਮਜੀਤ ਸਨ। ਜਸਵਿੰਦਰ ਤੇ ਅਮਰਜੀਤ ਸਕੂਲ ਜਾਂਦੇ ਸਨ ਤੇ ਬਾਕੀ ਅਜੇ ਛੋਟੇ ਸਨ। ਪਰਮਜੀਤ ਜਿਸ ਨੂੰ ਪਮੀ ਕਹਿੰਦੇ ਸਨ, ਅਜੇ ਬੋਲਣ ਨਹੀਂ ਲੱਗਾ ਸੀ। ਸਾਰੇ ਬੱਚੇ ਮੇਰੇ ਨਾਲ ਰਚ ਮਿਚ ਗਏ ਤੇ ਮੈਂ ਕਈ ਦਿਨ ਓਥੇ ਰਿਹਾ। ਸ਼ਾਮੀਂ ਮੈਂ ਤੇ ਬੱਚੇ ਗੋਲ ਬਾਗ ਦੀ ਸੈਰ ਕਰਨ ਲਈ ਚਲੇ ਜਾਂਦੇ। ਗੋਲ ਬਾਗ ਮਖੂ ਗੇਟ ਤੋਂ ਅਗੇ ਆਰ ਐਸ ਡੀ ਕਾਲਜ ਲੰਘ ਕੇ ਖਬੇ ਹਥ ਪੈਂਦਾ ਸੀ। ਇਸ ਦੇ ਨਾਲ ਲਗਦਾ ਇਕ ਹੋਰ ਬਾਗ ਵੀ ਸੀ। ਇਕ ਬਾਗ ਮਖੂ ਗੇਟ ਲੰਘਦਿਆਂ ਖਬੇ ਹਥ ਵੀ ਪੈਂਦਾ ਸੀ। ਸ਼ਾਮਾਂ ਨੂੰ ਬਹੁਤ ਖੂਬਸੂਰਤ ਲੋਕ ਜਿਨ੍ਹਾਂ ਵਿਚ ਸੁਹਣੀਆਂ ਔਰਤਾਂ, ਕੁੜੀਆਂ, ਮੁੰਡੇ ਤੇ ਬੰਦੇ ਸ਼ਾਮਲ ਹੁੰਦੇ ਸਨ, ਸੁਹਣੇ ਕਪੜੇ ਪਾ ਕੇ ਇਹਨਾਂ ਬਾਗਾਂ ਵਿਚ ਸੈਰ ਕਰਨ ਆਉਂਦੇ ਸਨ। ਕਈ ਰੰਗਾਂ ਦੇ ਫੁੱਲ ਖਿੜੇ ਹੋਏ ਸਨ। ਗੁਲਾਬ ਦੇ ਫੁੱਲ ਮੈਨੂੰ ਬੜੇ ਪਿਆਰੇ ਤੇ ਖੂਬਸੂਰਤ ਲਗਦੇ। ਇਸ ਤਰ੍ਹਾਂ ਦਾ ਬਾਗ ਪਾਕਿਸਤਾਨ ਵਿਚ ਵਡੀ ਨਹਿਰ ਦੇ ਕੰਢੇ ਤੇ ਪਕੇ ਡੱਲੇ ਦੇ ਡਾਕ ਬੰਗਲੇ ਵਿਚ ਵੀ ਸੀ। ਉਹ ਇਸ ਬਾਗ ਦੇ ਮੁਕਾਬਲੇ ਵਿਚ ਬਹੁਤ ਵਡਾ ਸੀ। ਮੈਨੂੰ ਲਗਦਾ ਕਿ ਫਿਰੋਜ਼ਪੁਰ ਬਠਿੰਡੇ ਦੇ ਮੁਕਾਬਲੇ ਤੇ ਵਧੀਆ ਤੇ ਖੂਬਸੂਰਤ ਸ਼ਹਿਰ ਸੀ। ਏਥੇ ਪੀਣ ਵਾਲਾ ਪਾਣੀ ਕਾਫੀ ਉਚਾ ਸੀ। ਰੇਲ ਦੇ ਪੁਲ ਦੇ ਪਾਰ ਫਿਰੋਜ਼ਪੁਰ ਦੀ ਛਾਉਣੀ ਸੀ ਜੋ ਮੈਂ ਅਜੇ ਨਹੀਂ ਵੇਖੀ ਸੀ। ਭਰਾ ਦਸਦਾ ਕਿ ਓਥੇ ਮਾਲ ਰੋਡ ਤੇ ਵਡੇ ਵਡੇ ਅਫਸਰਾਂ ਦੀਆਂ ਬਹੁਤ ਵਡੀਆਂ ਵਡੀਆਂ ਕੋਠੀਆਂ ਸਨ ਜੋ ਕਈ ਕਈ ਏਕੜਾਂ ਵਿਚ ਬਣੀਆਂ ਹੋਈਆਂ ਸਨ। ਅੰਗਰੇਜ਼ਾਂ ਵੇਲੇ ਫਿਰੋਜ਼ਪੁਰ ਛਾਉਣੀ ਦੀ ਬੜੀ ਮਹਤਤਾ ਸੀ। ਇਥੇ ਇਕ ਜ਼ਮੀਨ ਦੋਜ਼ ਕਿਲਾ ਵੀ ਸੀ ਜੋ ਸ਼ਹਿਰ ਤੋਂ ਖਾਈ ਫੇਮੇ ਕੀ ਜਾਂਦੀ ਸੜਕ ਅਤੇ ਛਾਉਣੀ ਤੋਂ ਹੁਸੈਨੀ ਵਾਲੇ ਬਾਰਡਰ ਨੂੰ ਜਾਂਦੀ ਸੜਕ ਦੀ ਤਿਕੋਨੀ ਨੁਕਰ ਦੇ ਅੰਦਰ ਵਾਰ ਪੈਂਦਾ ਸੀ। ਮੇਰਾ ਜੀ ਕਰਦਾ ਕਿ ਜਿੰਨੀ ਜਲਦੀ ਹੋ ਸਕੇ, ਮੈਂ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਦੀ ਹਰ ਸੜਕ, ਹਰ ਗਲੀ ਦਾ ਵਾਕਿਫ ਹੋ ਜਾਵਾਂ ਤੇ ਏਥੋਂ ਦੇ ਕਿੰਨੇ ਸਾਰੇ ਲੋਕ ਮੇਰੇ ਵਾਕਿਫ ਹੋ ਜਾਣ। ਪਰ ਇਸ ਸਭ ਲਈ ਕਾਫੀ ਸਮੇਂ ਦੀ ਲੋੜ ਸੀ। ਹੀਰਾ ਮੰਡੀ ਅਤੇ ਲੂਨ ਮੰਡੀ ਕਿਓਂਕਿ ਮਹਿਰਿਆਂ ਵਾਲੀ ਬਸਤੀ ਦੇ ਨੇੜੇ ਪੈਂਦੀਆਂ ਸਨ, ਇਹਨਾਂ ਬਾਰੇ ਮੈਨੂੰ ਪਤਾ ਲਗ ਗਿਆ ਸੀ। ਫਿਰੋਜ਼ਪੁਰ ਦੇ ਲੋਕਾਂ ਅਤੇ ਬਠਿੰਡੇ ਦੇ ਲੋਕਾਂ ਦੀ ਬੋਲੀ ਅਤੇ ਪਹਿਰਾਵੇ ਵਿਚ

ਬੜਾ ਫਰਕ ਸੀ। ਬਠਿੰਡੇ ਦੇ ਮੁਕਾਬਲੇ ਤੇ ਫਿਰੋਜ਼ਪੁਰ ਅਮੀਰ ਲਗਦਾ ਸੀ। ਹਫਤਾ ਕੁ ਮੈਂ ਫਿਰੋਜ਼ਪੁਰ ਰਿਹਾ ਤੇ ਫਿਰ ਇਕ ਦਿਨ ਬੱਸ ਤੇ ਚੜ੍ਹ ਕੇ ਗੁਦੜਢੰਡੀ ਆ ਗਿਆ। ਬੱਸ ਵਿਚ ਮੈਨੂੰ ਖੰਨਾ ਨਾਂ ਦਾ ਇਕ ਮੁੰਡਾ ਮਿਲ ਗਿਆ ਜੋ ਡੀ ਸੀ ਜੈਨ ਕਾਲਜ ਵਿਚ ਫਸਟ ਈਅਰ ਵਿਚ ਪੜ੍ਹਦਾ ਸੀ ਤੇ ਬੇਟੂ ਪਿੰਡ ਵਿਚ ਉਹਨਾਂ ਨੂੰ ਕਾਫੀ ਜ਼ਮੀਨ ਅਲਾਟ ਹੋਈ ਸੀ। ਬੱਸ ਵਿਚ ਹੀ ਉਹ ਮੇਰਾ ਦੋਸਤ ਬਣ ਗਿਆ ਤੇ ਕਹਿਣ ਲਗਾ ਕਿ ਤੂੰ ਸਾਡੇ ਡੀ ਸੀ ਜੈਨ ਕਾਲਜ ਵਿਚ ਹੀ ਦਾਖਲ ਹੋਈਂ, ਆਰ ਐਸ ਡੀ ਕਾਲਜ ਇਸ ਦੇ ਮੁਕਾਬਲੇ ਕੁਝ ਵੀ ਨਹੀਂ ਹੈ।

**ਕਾਲਜ ਵਿਚ ਦਾਖਲਾ**

ਖੰਨੇ ਦਾ ਪਿੰਡ ਬੇਟੂ ਕਦੀਮ ਸੀ ਜਿਥੇ ਉਹਨਾਂ ਨੂੰ ਪਾਕਿਸਤਾਨ ਵਿਚ ਛਡੀ ਜ਼ਮੀਨ ਦੇ ਬਦਲੇ ਵਿਚ ਕਾਫੀ ਜ਼ਮੀਨ ਅਲਾਟ ਹੋਈ ਤੇ ਇਕ ਤਰ੍ਹਾਂ ਨਾਲ ਉਹ ਪਿੰਡ ਦੇ ਵਡੇ ਅਲਾਟੀ ਤੇ ਸ਼ਾਹ ਸਨ। ਬੇਟੂ ਕਦੀਮ ਪਿੰਡ ਅਲਫੂ ਕੇ ਦੇ ਅਡੇ ਤੋਂ ਨੇੜੇ ਪੈਂਦਾ ਸੀ। ਖੰਨੇ ਹੁਰਾਂ ਨੂੰ ਫਿਰੋਜ਼ਪੁਰ ਸ਼ਹਿਰ ਵਿਚ ਵੀ ਮਕਾਨ ਅਲਾਟ ਹੋਇਆ ਹੋਇਆ ਸੀ ਜਿਥੇ ਪਰਵਾਰ ਦੇ ਬਾਕੀ ਲੋਕ ਰਹਿੰਦੇ ਸਨ ਅਤੇ ਬੱਚੇ ਪੜ੍ਹਾਈ ਕਰਦੇ ਸਨ। ਉਹਦਾ ਅਧਾ ਪਰਵਾਰ ਪਿੰਡ ਵਿਚ ਵੀ ਰਹਿੰਦਾ ਸੀ ਅਤੇ ਖੇਤੀ ਬਾੜੀ ਦਾ ਕੰਮ ਕਰਵਾਉਂਦਾ ਸੀ। ਉਸ ਮੈਨੂੰ ਸ਼ਹਿਰ ਦਾ ਪਤਾ ਵੀ ਲਿਖ ਕੇ ਦੇ ਦਿਤਾ। ਉਨਾਂ ਸਮਿਆਂ ਵਿਚ ਕਾਲਜ ਪੜ੍ਹਨਾ ਬੜੀ ਵਡੀ ਗੱਲ ਸਮਝੀ ਜਾਂਦੀ ਸੀ। ਮੇਰੇ ਦਿਲ ਵਿਚ ਵੀ ਬੜਾ ਚਾਅ ਸੀ ਕਿ ਮੈਂ ਕਾਲਜ ਦਾਖਲ ਹੋਵਾਂਗਾ। ਨਵੇਂ ਨਵੇਂ ਦੋਸਤ ਬਣਨਗੇ ਅਤੇ ਨਵੇਂ ਲੋਕਾਂ ਨਾਲ ਵਾਹ ਪਵੇਗਾ। ਖੰਨਾ ਅਲਫੂ ਕੇ ਤੋਂ ਬੱਸ ਵਿਚੋਂ ਉਤਰ ਕੇ ਆਪਣੇ ਪਿੰਡ ਨੂੰ ਚਲਾ ਗਿਆ। ਬੜਾ ਤੇਜ਼ ਲੱਗ ਰਿਹਾ ਸੀ। ਕਪੜੇ ਵੀ ਪ੍ਰੈੱਸ ਕੀਤੇ ਹੋਏ ਪਾਏ ਹੋਏ ਸਨ ਕਿਓਂਕਿ ਕਾਲਜ ਵਿਚ ਪੜ੍ਹਦਾ ਸੀ। ਮੈਂ ਗੁਦੜ ਢੰਡੀ ਦੇ ਅਡੇ ਤੋਂ ਉੱਤਰ ਕੇ ਜਦ ਬੇਰੀਆਂ ਵਾਲੇ ਖੂਹ ਨੂੰ ਜਾ ਰਿਹਾ ਸਾਂ ਤਾਂ ਵੇਖਿਆ ਕਿ ਮੇਰੇ ਖਬੇ ਹਥ ਇਕ ਬੜੀ ਵਡੀ ਵੀਰਾਨ ਸਰਕਾਰੀ ਕੋਠੀ ਭਾਵ ਡਾਕ ਬੰਗਲਾ ਸੀ ਜੋ ਖਾਲੀ ਪਈ ਸੀ। ਪਤਾ ਨਹੀਂ ਕਿ ਇਹ ਨਹਿਰੀ ਮਹਿਕਮੇ ਦੀ ਸੀ ਜਾਂ ਨਵਾਬ ਮਮਦੋਟ ਦਾ ਇਸ ਇਲਾਕੇ ਵਿਚ ਫੇਰਾ ਮਾਰਨ ਵੇਲੇ ਰੁਕਣ ਦਾ ਅਡਾ ਸੀ। ਭਾਵੇਂ ਗੁੱਦੜ ਢੰਡੀ ਅਡੇ ਤੋਂ ਮਸਾਂ ਦਸ ਪੰਦਰਾਂ ਮਿੰਟ ਦਾ ਰਸਤਾ ਸੀ ਪਰ ਸੱਜੇ ਹਥ ਇਕ ਪੁਰਾਣੇ ਉਚੇ ਖਾਲ ਤੇ ਕਾਨੇ ਹੀ ਕਾਨੇ ਸਨ। ਇਹ ਸਭ ਟੱਪ ਕੇ ਅਤੇ ਗੁਦੜ ਢੰਡੀ ਵਿਚੋਂ

ਲੰਘ ਕੇ ਖੂਹ ਨੂੰ ਜਾ ਰਿਹਾ ਸਾਂ ਤਾਂ ਸ਼ਾਦੀ ਲਾਲ ਮਿਲ ਪਿਆ ਜੋ ਪਿੰਡ ਵਿਚ ਹੱਟੀ ਕਰਦਾ ਸੀ ਤੇ ਪਿੰਡ ਦਾ ਪੁਰਾਣਾ ਵਸਨੀਕ ਸੀ। ਮੁਲਕ ਦੀ ਵੰਡ ਤੋਂ ਪਹਿਲਾਂ ਉਹ ਫਿਰੋਜ਼ਪੁਰ ਟਾਂਗਾ ਵਹੁੰਦਾ ਹੁੰਦਾ ਸੀ ਤੇ ਉਸ ਨੂੰ ਇਸ ਇਲਾਕੇ ਬਾਰੇ ਬਹੁਤ ਜਾਣਕਾਰੀ ਸੀ। ਉਸ ਦਸਿਆ ਕਿ ਪਿੰਡ ਵਿਚ ਖਤਰੀਆਂ ਦੀਆਂ ਦੋ ਹੋਰ ਹੱਟੀਆਂ ਵੀ ਹਨ ਅਤੇ ਹੱਟੀਆਂ ਵਾਲੇ ਵੰਡ ਤੋਂ ਪਹਿਲਾਂ ਦੇ ਏਥੇ ਰਹਿੰਦੇ ਹਨ। ਉਸ ਹੋਰ ਦਸਿਆ ਕਿ ਪਿੰਡ ਦੇ ਵਡੇ ਅਲਾਟੀ ਬ੍ਰਾਹਮਨ ਹਨ ਜਿਨ੍ਹਾਂ ਨੂੰ ਸੈਂਕੜੇ ਏਕੜ ਜ਼ਮੀਨ ਅਲਾਟ ਹੋਈ ਹੈ ਅਤੇ ਵਡਾ ਬ੍ਰਾਹਮਣ ਪਿੰਡ ਦਾ ਲੰਬਰਦਾਰ ਹੈ। ਦੂਜਾ ਨੰਬਰਦਾਰ ਖੇਮ ਸਿੰਘ ਸੀ ਜੋ ਬਹੁਤ ਵਡਾ ਅਲਾਟੀ ਨਹੀਂ ਸੀ। ਇਕ ਜ਼ਿਲਾ ਮਿੰਟਗੁਮਨਰੀ ਵਿਚੋਂ ਆਇਆ ਤਖਾਣਾਂ ਦਾ ਪਰਵਾਰ ਸੀ ਤੇ ਉਹਨਾਂ ਨੂੰ ਵੀ ਗੁੱਦੜ ਢੰਡੀ ਪਿੰਡ ਵਿਚ ਚਾਲੀ ਏਕੜ ਜ਼ਮੀਨ ਅਲਾਟ ਹੋਈ ਸੀ ਪਰ ਉਹ ਵਾਹੀ ਨਹੀਂ ਕਰਦੇ ਸਨ ਤੇ ਤਖਾਣੇ ਲੁਹਾਰੇ ਕੰਮ ਦੀ ਪਿੰਡ ਦੀ ਸੇਪੀ ਕਰਦੇ ਸਨ। ਦਾਤੀਆਂ, ਰੰਬੇ, ਕਹੀਆਂ, ਫਾਲੇ ਆਦਿ ਤਿਖੇ ਕਰਦੇ ਸਨ। ਵਡਾ ਮਿਸਤਰੀ ਸੱਤਰਾਂ ਦਾ, ਅਗੇ ਉਹਦਾ ਮੁੰਡਾ ਪੰਜਾਹ ਤੋਂ ਉਤੇ ਤੇ ਅਗੇ ਉਹਦਾ 25 ਕੁ ਸਾਲ ਦਾ ਮੁੰਡਾ ਅਮਰ ਸਿੰਘ ਫਿਰੋਜ਼ਪੁਰ ਸ਼ਹਿਰ ਵਿਚ ਸਿਨਮੇ ਦੀਆਂ ਸਲਾਈਡਾਂ ਬਨਾਉਣ ਦਾ ਕੰਮ ਕਰਦਾ ਸੀ। ਮੁਲਕ ਦੀ ਵੰਡ ਤੋਂ ਪਹਿਲਾਂ ਦਾ ਮੈਟਰਿਕ ਪਾਸ ਸੀ। ਸ਼ਾਦੀ ਲਾਲ ਮੈਨੂੰ ਪੰਡਤ ਲੰਬਰਦਾਰ ਦੇ ਘਰ ਲੈ ਗਿਆ। ਦੋ ਕੋਠੇ ਕੱਚੇ ਪਰ ਵਿਹੜਾ ਬਹੁਤ ਖੁਲ੍ਹਾ। ਲੰਰਦਾਰ ਦਾ ਕੱਦ ਛੇ ਫੁਟ ਤੋਂ ਉਚਾ, ਚਿੱਟਾ ਕੁੜਤਾ ਤੇ ਚਿੱਟੀ ਧੋਤੀ ਬੰਨ੍ਹੀ ਹੋਈ। ਉਹਦੇ ਵਡੇ ਮੁੰਡੇ ਵੀ ਛੇ ਛੇ ਫੁਟ ਲੰਮੇ ਸਨ ਅਤੇ ਬਾਕੀ ਛੋਟੇ ਸਨ। ਲੰਬਰਦਾਰ ਨੇ ਮੈਨੂੰ ਸਿਰ ਤੇ ਪਿਆਰ ਦਿਤਾ। ਉਹ ਬਾਪੂ ਨੂੰ ਜਾਣਦਾ ਸੀ। ਘਰ ਚਾਹ ਧਰਨ ਲਈ ਕਿਹਾ ਪਰ ਖੂਹ ਤੇ ਜਲਦੀ ਜਾਣ ਲਈ ਕਹਿਣ ਤੇ ਚਾਹ ਰੁਕਵਾ ਦਿਤੀ। ਫਿਰ ਕਹਿਣ ਲੱਗਾ ਕਿ ਰੋਟੀ ਖਾ ਕੇ ਜਾਈਂ ਪਰ ਮੈਂ ਨਾਂਹ ਕਰ ਦਿਤੀ। ਸ਼ਾਦੀ ਲਾਲ ਮੈਨੂੰ ਕਾਨਿਆਂ ਵਿਚ ਪੈਂਦੀ ਡੰਡੀ ਤਕ ਛਡਣ ਆਇਆ ਤੇ ਦੱਸਣ ਲੱਗਾ ਕਿ ਪੰਡਤ ਨੰਬਰਦਾਰ ਪਿਛੋਂ ਬੜੇ ਰਈਸ ਸਨ ਤੇ ਨੰਬਰਦਾਰ ਰੋਜ਼ ਘਰ ਦੀ ਕਢੀ ਸ਼ਰਾਬ ਸਿਰਫ ਆਪ ਈ ਨਹੀਂ ਪੀਂਦਾ, ਸਗੋਂ ਪਿੰਡ ਦੇ ਹੋਰਨਾਂ ਲੋਕਾਂ ਨੂੰ ਵੀ ਪਿਆਉਂਦਾ ਹੈ। ਪੁਲਸ ਵੀ ਇਸ ਨੂੰ ਕੁਝ ਨਹੀਂ ਕਹਿੰਦੀ ਕਿਓਂਕਿ ਜਦੋਂ ਕਿਤੇ ਥਾਣੇਦਾਰ ਪਿੰਡ ਆਉਂਦਾ ਹੈ ਤਾਂ ਪੁਲਸ ਵਾਲਿਆਂ ਦੀ ਰੋਟੀ ਨੰਬਰਦਾਰ ਦੇ ਘਰ ਹੀ ਪਕਦੀ ਹੈ। ਨੰਬਰਦਾਰ ਦੀ ਥਾਣੇ ਵਿਚ ਵੀ ਚਲਦੀ ਆ ਤੇ ਜਿਸ ਨੂੰ ਛੁਡਾਣਾ ਚਾਹੇ, ਪੁਲਸ ਛਡ ਦਿੰਦੀ ਆ। ਗੁੱਦੜ ਢੰਡੀ ਪਿੰਡ ਦਾ ਇਹ ਸਾਰਾ ਨਕਸ਼ਾ ਲੈ ਕੈ ਮੈਂ ਬੇਰੀਆਂ ਵਾਲੇ ਖੂਹ ਤੇ ਪਹੁੰਚ ਗਿਆ। ਸਾਰੇ ਪਰਵਾਰ ਨੂੰ ਪਹਿਲੀ ਵਾਰ ਖੂਹ ਤੇ ਵੇਖ ਰਿਹਾ ਸਾਂ। ਮਾਂ ਬੜੀ ਖੁਸ਼ ਸੀ ਕਿ ਮੈਂ ਦਸਵੀਂ ਦਾ ਇਮਤਿਹਾਨ ਦੇ ਕੇ ਨਵੀਂ ਅਲਾਟ ਹੋਈ ਜ਼ਮੀਨ ਭਾਵ ਬੇਰੀਆਂ ਵਾਲੇ ਖੂਹ ਤੇ ਆ ਗਿਆ ਸਾਂ।

ਬੇਰੀਆਂ ਵਾਲੇ ਖੂਹ ਤੇ ਪੁਜਣ ਦੇ ਹੋਰ ਵੀ ਕਈ ਰਾਹ ਸਨ ਜਿਵੇਂ ਇਕ ਤਾਂ ਸੀ ਗੁਦੜਢੰਡੀ ਪਿੰਡ ਦੇ ਅਡੇ ਤੋਂ ਉਤਰ ਕੇ ਪਿੰਡ ਪਾਰ ਕਰ ਕੇ ਕਾਨਿਆਂ ਤੇ ਸੜਕੜੇ ਦੇ ਸੰਘਣੇ ਜੰਗਲਾਂ ਵਿਚ ਬਣੀਆਂ ਡੰਡੀਆਂ ਵਿਚੋਂ ਲੰਘ ਕੇ ਜਾਣਾ। ਇਹ ਕਈ ਡੰਡੀਆਂ ਸਨ ਜੋ ਵਖ ਵਖ ਖੂਹਾਂ ਤੇ ਲੈ ਜਾਂਦੀਆਂ ਸਨ ਜਿਵੇਂ ਇਕ ਡੰਡੀ ਸਰਵਣ ਰਾਏ ਸਿੱਖ ਦੇ ਖੂਹ ਅਤੇ ਝੁਗੀਆਂ ਤੇ ਲੈ ਜਾਂਦੀ ਸੀ। ਇਕ ਡੰਡੀ ਬਸਤੀ ਟਰਿਡਿਆਂ ਵਾਲੀ ਲੈ ਜਾਂਦੀ ਸੀ। ਇਕ ਡੰਡੀ ਇਕ ਹੋਰ ਖੂਹ ਤੇ ਲੈ ਜਾਂਦੀ ਸੀ ਜਿਥੇ ਰਾਏ ਸਿੱਖਾਂ ਦੀਆਂ ਕਈ ਝੁਗੀਆਂ ਸਨ ਜਿਨ੍ਹਾਂ ਵਿਚ ਉਹ ਰਹਿੰਦੇ ਸਨ ਤੇ ਜਿਥੇ ਰਾਏ ਸਿੱਖਾਂ ਦਾ ਇਕ ਬੜਾ ਅਜੀਬ ਜਹੀ ਕਿਸਮ ਦਾ ਇਕ ਝੁੱਗੀ ਵਿਚ ਗੁਰਦਵਾਰਾ ਜਿਹਾ ਬਣਿਆ ਹੋਇਆ ਸੀ। ਇਥੇ ਧੂਫ ਤੇ ਸਰ੍ਹੋਂ ਦੇ ਤੇਲ ਦੇ ਦੀਵੇ ਜਗਦੇ ਤੇ ਉਹਨਾਂ ਦਾ ਧੂੰਆਂ ਨੱਕ ਨੂੰ ਚੜ੍ਹਦਾ। ਇਥੇ ਬੀੜ ਕੋਈ ਨਹੀਂ ਪਰ ਕੁਝ ਮਾਲਾਂ ਟੰਗੀਆਂ ਹੋਈਆਂ ਸਨ। ਇਕ ਵਡੀ ਉਮਰ ਦੀ ਜਨਾਨੀ ਏਥੇ ਸਿਰ ਮਾਰ ਕੇ ਖਿੰਡਾਉਂਦੀ ਅਤੇ ਭੂਤ ਪ੍ਰੇਤ ਕਢਦੀ ਸੀ। ਆਸੇ ਪਾਸੇ ਦੇ ਰਾਏ ਸਿੱਖ ਉਹਨੂੰ ਮੰਨਦੇ ਸਨ। ਮੈਂ ਵੀ ਇਕ ਦਿਨ ਆਪਣੀ ਮਾਂ ਨਾਲ ਉਹਦੇ ਦਰਸ਼ਨ ਕਰ ਆਇਆ ਸਾਂ ਤੇ ਮੈਨੂੰ ਵੇਖ ਕੇ ਉਸ ਨੇ ਮੇਰੀ ਮਾਂ ਨੂੰ ਕਿਹਾ ਸੀ ਕਿ ਤੇਰਾ ਪੁਤ ਇਕ ਦਿਨ ਬਹੁਤ ਵਡਾ ਅਫਸਰ ਬਣੂਗਾ। ਪਾਕਿਸਤਾਨ ਦੇ ਜ਼ਿਲਾ ਮਿੰਟਗੁਮਰੀ ਵਿਚੋਂ ਵੰਡ ਕਾਰਨ ਉਜੜ ਕੇ ਆਏ ਇਹ ਲੋਕ ਜੋ ਆਪਣੇ ਆਪ ਨੂੰ ਰਾ ਸਿੱਖ ਅਖਵਾਉਂਦੇ ਸਨ, ਅਖਵਾਉਂਦੇ ਤਾਂ ਆਪਣੇ ਆਪ ਨੂੰ ਸਿੱਖ ਸਨ ਪਰ ਇਹਨਾਂ ਵਿਚ ਸਿੱਖੀ ਵਾਲੀ ਕੋਈ ਗੱਲ ਨਹੀਂ ਸੀ। ਇਹਨਾਂ ਦੀ ਰਾਅ ਬੋਲੀ ਤਾਂ ਵਖਰੀ ਸੀ ਹੀ ਪਰ ਇਹ ਸਾਰੇ ਮੋਨੇ ਸਨ, ਲਿਬਾਸ ਵੀ ਵਖਰਾ ਸੀ ਤੇ ਸਿਖੀ ਧਰਮ ਨੂੰ ਮੰਨਣ ਵਾਲੀ ਵੀ ਕੋਈ ਨਿਸ਼ਾਨੀ ਨਹੀਂ ਦਿਸਦੀ ਸੀ। ਇਹਨਾਂ ਦੀਆਂ ਰਸਮਾਂ ਵਧੇਰੇ ਹਿੰਦੂਆਂ ਵਾਲੀਆਂ ਜਾਂ ਆਦਿਵਾਸੀ ਕਬੀਲਿਆਂ ਵਾਲੀਆ ਸਨ। ਬੇਰੀਆਂ ਵਾਲੇ ਖੂਹ ਨੂੰ ਦੂਜਾ ਰਾਹ ਸੀ ਹਾਮਦ ਪਿੰਡ ਦੇ ਅਡੇ ਤੋਂ ਪਿੰਡ ਟੱਪ ਕੇ ਇਕ ਸਿੱਧਾ ਰਾਹ ਜੋ ਅਗੇ ਬੇਟ ਦੇ ਪਿੰਡਾਂ ਨੂੰ ਜਾਂਦਾ ਸੀ। ਇਸ ਰਾਹ ਤੇ ਇਕ ਬਰਸਾਤੀ ਨਾਲਾ ਪੈਂਦਾ ਸੀ ਜਿਸ ਨੂੰ ਲੰਘ ਕੇ ਅਗੋਂ ਜਿਥੋਂ ਪਹਿਆ ਸਿੱਧਾ ਅਗਲੇ ਪਿੰਡਾਂ ਨੂੰ ਜਾ ਪੈਂਦਾ ਸੀ, ਖਬੇ ਚਾਰ ਕੁ ਪੈਲੀਆਂ ਤੇ ਕਾਨਿਆਂ ਵਿਚੋਂ ਲੰਘ ਕੇ ਖੂਹ ਤੇ ਪਹੁੰਚ ਸਕੀ ਦਾ ਸੀ। ਇਸ ਰਾਹ ਵਿਚ ਕਾਨੇ ਘਟ ਪੈਂਦੇ ਸਨ ਪਰ ਜਿਥੇ ਇਹ ਰਾਹ ਕਾਫੀ ਨੇੜੇ ਪੈਂਦਾ ਸੀ, ਓਥੇ ਬਰਸਾਤੀ ਨਾਲੇ ਵਿਚ ਜੇਕਰ ਪਾਣੀ ਜ਼ਿਆਦਾ ਚੜ੍ਹਿਆ ਹੋਵੇ ਜੋ ਕਈ ਵਾਰ ਨੇਫਿਆਂ ਤਕ ਆ ਜਾਂਦਾ ਸੀ ਤੇ ਕਪੜੇ ਭਿੱਜ ਜਾਂਦੇ ਸਨ। ਇਸ ਲਈ ਪੈਂਟ ਜਾਂ ਪਾਜਾਮਾ ਤਾਂ ਲਾਹ ਕੇ ਮੋਢਿਆਂ ਤੇ ਰਖਣ ਦੇ ਬਾਵਜੂਦ ਕੱਛਾ ਜ਼ਰੂਰ ਭਿੱਜ ਜਾਂਦਾ ਸੀ। ਕਈ ਰਾਹੀ ਅੱਗਾ ਪਿਛਾ ਵੇਖ ਨੰਗੇ ਹੋ ਕੇ ਲੰਘ ਜਾਂਦੇ ਸਨ ਤੇ ਪਰਲੇ ਪਾਰ ਜਾ ਕੇ ਕਪੜੇ ਪਾ ਲੈਂਦੇ ਸਨ। ਔਰਤਾਂ ਨੂੰ ਬੜੀ ਤਕਲੀਫ ਹੁੰਦੀ ਸੀ ਕਿਓਂਕਿ ਉਹਨਾਂ ਨੂੰ ਘਗਰੇ ਉਚੇ ਕਰ ਕੇ ਜਾਂ ਸਲਵਾਰਾਂ ਲਾਹ ਕੇ ਲੰਘਦਿਆਂ ਮਰਦ ਅਖਾਂ ਤੋਂ ਬਚਣਾ ਪੈਂਦਾ ਸੀ। ਕਈ ਵਾਰ ਉਹ ਓਨਾ ਚਿਰ ਇਹ ਬਰਸਾਤੀ ਨਾਲਾ ਨਾ ਲੰਘਦੀਆਂ ਜਿੰਨਾ ਚਿਰ ਮਰਦ ਨਾ ਲੰਘ ਜਾਂਦੇ ਜਾਂ ਦੂਜੇ ਪਾਸੇ ਮੂੰਹ ਨਾ ਕਰੀ ਰਖਦੇ। ਅਕਸਰ ਔਰਤਾਂ ਘਗਰੀਆਂ ਜਾਂ ਸਲਵਾਰਾਂ ਹੇਠ ਕੁਛ ਨਹੀਂ ਪੌਂਦੀਆਂ ਸਨ। ਜੇ ਪਾਣੀ ਘੱਟ ਹੁੰਦਾ ਤਾਂ ਸਲਵਾਰਾਂ ਜਾਂ

ਪਾਜਾਮੇ ਉਚੇ ਛੁੰਗ ਕੇ ਲੰਘ ਜਾਂਦੇ ਸਨ। ਉਹਨਾਂ ਦਿਨਾਂ ਵਿਚ ਇਸ ਇਲਾਕੇ ਦੀਆਂ ਬਹੁਤੀਆਂ ਜਨਾਨੀਆਂ ਘਗਰੇ ਹੀ ਪੌਂਦੀਆਂ ਸਨ। ਬੰਦੇ ਜਿਨ੍ਹਾਂ ਲੱਕ ਦੀ ਬੰਨ੍ਹੀ ਹੁੰਦੀ, ਉਹ ਝੱਟ ਧੋਤੀ ਲਾਹੁੰਦੇ ਤੇ ਅਗਲੇ ਪਾਰ ਜਾ ਕੇ ਫਿਰ ਬੰਨ੍ਹ ਲੈਂਦੇ। ਕਈ ਮਨਚਲੇ ਨਜ਼ਾਰੇ ਲੈਣੋਂ ਨਾ ਹਟਦੇ ਪਰ ਜਦੋਂ ਮੀਂਹ ਬਹੁਤ ਪੈਂਦੇ ਤਾਂ ਇਹ ਨਾਲਾ ਉਚਾ ਹੋ ਕੇ ਵਗਦਾ ਜਾਂ ਡੋਬੂ ਹੋ ਜਾਂਦਾ ਸੀ। ਫਿਰ ਲੋਕ ਇਸ ਰਾਹੇ ਨਹੀਂ ਲੰਘਦੇ ਸਨ ਤੇ ਗੁਦੜਢੰਡੀ ਹੋ ਕੇ ਜਾਂਦੇ ਸਨ। ਜਿਹੜੇ ਪਿੰਡ ਸੜਕ ਦੇ ਉਤੇ ਸਨ ਜਿਵੇਂ ਕਰੀਆਂ ਪਜਿਲਵਾਨ, ਲਖੋ ਕੇ ਬਹਿਰਾਮ, ਅਲਫੂ ਕੇ, ਲੋਧਰਾਂ, ਹਾਮਦ, ਡੁਲਚੀ ਕੇ ਆਦਿ, ਉਹਨਾਂ ਨੂੰ ਬੜੀਆਂ ਮੌਜਾਂ ਸਨ। ਹਾਂ ਜਿਨ੍ਹਾਂ ਦੀ ਜ਼ਮੀਨ ਨਾਲੇ ਤੋਂ ਪਾਰ ਪੈਂਦੀ ਸੀ, ਉਹਨਾਂ ਨੂੰ ਨਾਲਾ ਪਾਰ ਕਰਨਾ ਹੀ ਪੈਂਦਾ ਸੀ। ਮੰਡੀ ਗੁਰੂ ਹਰ ਸਹਾਏ ਜਾਂ ਝੋਕ ਟਹਿਲ ਸਿੰਘ ਜਾਂ ਕੋਰ ਸਿੰਘ ਵਾਲੇ ਤੋਂ ਬੇਰੀਆਂ ਵਾਲਾ ਖੂਹ ਤੁਰ ਕੇ ਬਹੁਤ ਦੂਰ ਪੈਂਦਾ ਸੀ। ਹੁਣ ਜਦ ਇਸ ਨਵੇਂ ਇਲਾਕੇ ਭਾਵ ਸਤਲੁਜ ਦਰਿਆ ਦੀ ਬੇਟ ਵਿਚ ਜ਼ਮੀਨ ਅਲਾਟ ਹੋ ਗਈ ਸੀ ਤਾਂ ਇਹਨਾਂ ਰਾਹਾਂ ਦੀ ਜਾਣਕਾਰੀ ਬੜੀ ਜ਼ਰੂਰੀ ਸੀ।

ਬੇਰੀਆਂ ਵਾਲੇ ਖੂਹ ਤੇ ਰਾਏ ਸਿੱਖਾਂ ਨੇ ਕਈ ਕੁੱਤੇ ਰਖੇ ਹੋਏ ਸਨ ਜਿਨ੍ਹਾਂ ਤੋਂ ਡਰਦੇ ਲੋਕ ਰਾਤ ਬਰਾਤੇ ਤਾਂ ਕੀ, ਦਿਨੇ ਵੀ ਬੇਰੀਆਂ ਵਾਲੇ ਖੂਹ ਦੀਆਂ ਝੁੱਗੀਆਂ ਵਿਚ ਨਹੀਂ ਵੜਦੇ ਸਨ। ਮੈਨੂੰ ਵੀ ਇਹਨਾਂ ਕੁਤਿਆਂ ਦੀ ਹੇੜ ਤੋਂ ਡਰ ਲਗਦਾ ਸੀ ਕਿਤੇ ਵਢ ਨਾ ਖਾਣ ਕਿਓਂਕਿ ਓਭੜ ਨੂੰ ਵੇਖਦਿਆਂ ਹੀ ਇਹ ਕੁੱਤੇ ਇਕਠੇ ਹੋ ਕੇ ਉਚੀ ਉਚੀ ਭੌਂਕਣ ਲੱਗ ਜਾਂਦੇ ਸਨ। ਬਾਪੂ ਨੇ ਦਸਿਆ ਕਿ ਜੇ ਮੈਂ ਕੁਝ ਦਿਨ ਇਹਨਾਂ ਕੁਤਿਆਂ ਨੂੰ ਰੋਟੀ ਪਾਵਾਂ ਤਾਂ ਇਹ ਮੇਰੇ ਮਿੱਤਰ ਬਣ ਜਾਣਗੇ ਤੇ ਮੈਨੂੰ ਕੁਝ ਨਹੀਂ ਕਹਿਣਗੇ, ਸਿਰਫ ਭੌਂਕ ਕੇ ਚੁੱਪ ਹੋ ਜਾਣਗੇ। ਚੈਰੀ ਵੀ ਬੇਰੀਆਂ ਵਾਲੇ ਖੂਹ ਤੇ ਰਚ ਮਿਚ ਗਈ ਸੀ ਅਤੇ ਕਈ ਵਾਰ ਤਿੱਤਰਾਂ ਨੂੰ ਉਡਾਣ ਦਾ ਕੰਮ ਕਰਦੀ ਸੀ। ਕਾਨਿਆਂ ਤੇ ਸਰਕੜੇ ਦੇ ਜੰਗਲ ਵਿਚ ਕਾਲੇ ਤੇ ਭੂਰੇ ਰੰਗ ਦੇ ਚੰਗੇ ਪਲੇ ਹੋਏ ਤਿੱਤਰ ਸਨ ਤੇ ਪੈਲੀਆਂ ਦੀਆਂ ਵੱਟਾਂ ਤੇ ਭੱਜੇ ਫਿਰਦਿਆਂ ਦੀਆਂ ਆਵਾਜ਼ਾਂ ਅਕਸਰ ਔਂਦੀਆਂ ਰਹਿੰਦੀਆਂ ਸਨ। ਦਿਨ ਵੇਲੇ ਤਾਂ ਝੁਗੀਆਂ ਵਿਚ ਕੁਝ ਰੌਣਕ ਰਹਿੰਦੀ ਸੀ ਪਰ ਰਾਤਾਂ ਸਾਂ ਸਾਂ ਕਰਦੀਆਂ ਸਨ। ਪਾਕਿਸਤਾਨ ਵਿਚੋਂ ਉਜੜ ਕੇ ਆਏ ਮੁੜ ਵਸੇਬੇ ਲਈ ਧੱਕੇ ਖਾਂਦੇ ਲੋਕਾਂ ਦਾ ਇਸ ਪਿੰਡ ਦੇ ਇਲਾਕੇ ਵਿਚ ਜ਼ਮੀਨ ਅਲਾਟ ਹੋਣ ਤੋਂ ਪਹਿਲਾਂ ਜ਼ਮੀਨ ਵੇਖਣ ਲਈ ਆਉਣਾ ਜਾਣਾ ਕਾਫੀ ਬਣਿਆ ਰਹਿੰਦਾ ਸੀ। ਬੜਾ ਉਥਲ ਪਥਲ ਦਾ ਸਮਾਂ ਸੀ ਪਰ ਚੋਰੀ ਬਹੁਤ ਘੱਟ ਹੁੰਦੀ ਸੀ। ਫਸਲ ਦੀ ਚੋਰੀ ਤਾਂ ਖੈਰ ਸਦਾ ਹੁੰਦੀ ਆਈ ਹੈ ਤੇ ਥੋੜ੍ਹੀ ਬਹੁਤੀ ਹੋ ਜਾਂਦੀ ਸੀ, ਜਿਵੇਂ ਪਠੇ ਵਢੇ ਜਾਣੇ, ਗੰਨੇ ਤੇ ਮਕੀ ਦੀਆਂ ਛੱਲੀਆਂ ਭੰਨ ਲੈਣੀਆਂ। ਕਈ ਵਾਰ ਮਿਰਚਾਂ ਵੀ ਤੋੜ ਲਈਆਂ ਜਾਂਦੀਆਂ ਜਾਂ ਚੁਗਣ ਤੇ ਆਈ ਖਿੜੀ ਕਪਾਹ ਦੇ ਫੁੱਟ ਵੀ ਚੁਗ ਲਏ ਜਾਂਦੇ। ਕਈ ਵਾਰ ਮੈਂ ਰਾ ਸਿੱਖਾਂ ਦੇ ਮੁੰਡਿਆਂ ਨਾਲ ਮਾਲ ਚਾਰਨ ਚਲਾ ਜਾਂਦਾ ਪਰ ਮੈਨੂੰ ਉਹਨਾਂ ਨਿਕੇ ਨਿਕੇ ਮੁੰਡਿਆਂ ਦੀ ਬੋਲੀ ਦੀ ਸਮਝ ਨਾ ਆਉਂਦੀ। ਮਾਲ ਚਾਰਦੇ ਕਈ ਵਾਰ ਉਹ ਘੋੜੀ ਦੀ ਪੂਛ ਦੇ ਵਾਲਾਂ ਦੀ ਫਾਹੀ ਬਣਾ ਕੇ ਡੰਡੀਆਂ ਵਿਚ ਰਖ ਦਿੰਦੇ ਤੇ ਡੰਡੀਆਂ ਵਿਚ ਭਜੇ ਜਾਂਦੇ ਤਿੱਤਰ ਇਹਨਾਂ ਫਾਹੀਆਂ ਵਿਚ ਫਸ ਜਾਂਦੇ ਤੇ ਸ਼ਾਮਾਂ ਨੂੰ ਉਹਨਾਂ ਦੇ ਪਰਵਾਰ ਇਹ ਤਿੱਤਰ ਭੁੰਨ ਭੁੰਨ ਖਾਂਦੇ। ਇਹ ਨਿਕੇ ਨਿਕੇ ਮੁੰਡੇ ਬਚਪਨ ਤੋਂ ਈ ਸ਼ਿਕਾਰੀ ਸਨ। ਕਦੀ ਕਦੀ ਇਹ ਡੰਡਿਆਂ ਨਾਲ ਸਹੀਅੜ (ਖਰਗੋਸ਼) ਕੁੱਟ ਲੈਂਦੇ। ਕਈ ਵਾਰ ਛਪੜਾਂ ਵਿਚੋਂ ਮਛੀਆਂ ਫੜ ਲਿਆਉਂਦੇ। ਰਾਏ ਸਿੱਖ ਸ਼ਿਕਾਰ ਦੇ ਬੜੇ ਸ਼ੁਕੀਨ ਸਨ। ਇਹਨਾਂ ਦਾ ਪਹਿਰਾਵਾ ਸਾਡੇ ਨਾਲੋਂ ਕਾਫੀ ਵਖਰਾ ਸੀ ਤੇ ਇਹ ਆਪਸ ਵਿਚ ਲੜਦੇ ਵੀ ਬਹੁਤ ਸਨ ਤੇ ਗਾਲਾਂ ਵੀ ਕਢਦੇ ਸਨ। ਬਰਛਿਆਂ ਨਾਲ ਜੰਗਲੀ ਸੂਰ ਦਾ ਸ਼ਿਕਾਰ ਖੇਡਣ ਵਿਚ ਇਹਨਾਂ ਦੀ ਮੁਹਾਰਤ ਸੀ। ਇਹਨਾਂ ਦਾ ਕਹਿਣਾ ਸੀ ਸਤਲੁਜ ਤੋਂ ਪਾਰ ਪਾਕਿਸਤਾਨ ਦੇ ਮੁਸਲਮਾਨ ਸੂਰਾਂ ਨੂੰ ਹਿੰਦੋਸਤਾਨ ਦੀ ਹੱਦ ਵੱਲ ਧਕ ਦਿੰਦੇ ਸਨ। ਉਹਨਾਂ ਦੇ ਮਜ਼ਬ ਵਿਚ ਸੂਰ ਖਾਣਾ ਪਾਪ ਸੀ ਤੇ ਸੂਰ ਉਹਨਾਂ ਦੀਆਂ ਫਸਲਾਂ ਦੀ ਤਬਾਹੀ ਵੀ ਕਰਦੇ ਸਨ।

ਬੇਰੀਆਂ ਵਾਲੇ ਖੂਹ ਤੇ ਆ ਕੇ ਮੈਂ ਸਾਰੀ ਦੁਨੀਆ ਨਾਲੋਂ ਕਟਿਆ ਗਿਆ ਸਾਂ। ਏਥੇ ਦੂਰ ਦੂਰ ਤਕ ਨਾ ਕੋਈ ਅਖਬਾਰ ਅਤੇ ਨਾ ਕਿਤੇ ਰੇਡੀਓ ਸੀ। ਇਥੇ ਜੀਵਨ ਦਿਨ ਅਤੇ ਰਾਤ ਵਿਚ ਵੰਡਿਆ ਹੋਇਆ ਸੀ। ਜਦ ਰਾਤ ਪੈ ਜਾਂਦੀ ਤੇ ਸਭ ਪਾਸੇ ਹਨੇਰਾ ਈ ਹਨੇਰਾ ਹੋ ਜਾਂਦਾ ਜਿਸ ਵਿਚ ਕੁਤਿਆਂ ਦੇ ਭੌਂਕਣ ਦੀਆਂ ਆਵਾਜ਼ਾਂ ਆਉਂਦੀਆਂ ਤੇ ਅਕਸਰ ਡਰ ਵੀ ਲਗਦਾ। ਰਾਤ ਨੂੰ ਜਦੋਂ ਗਿਦੜ ਹਵਾਂਕਦੇ ਤਾਂ ਵੀ ਜਾਗ ਖੁਲ੍ਹ ਜਾਂਦੀ। ਸੂਰਜ ਚੜ੍ਹਦਾ ਤਾਂ ਦਿਨ ਹੋ ਜਾਂਦਾ ਤੇ ਵਾਰਸ ਸ਼ਾਹ ਦੀਆਂ ਸਤਰਾਂ ਯਾਦ ਆ ਜਾਂਦੀਆਂ, "ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ।" ਗੁੱਦੜ ਢੰਡੀ ਦੇ ਜਿਨ੍ਹਾਂ ਅਲਾਟੀਆਂ ਦੀਆਂ ਜ਼ਮੀਨਾਂ ਬੇਰੀਆਂ ਵਾਲੇ ਖੂਹ ਦੇ ਲਾਗੇ ਚਾਗੇ ਪੈਂਦੀਆਂ ਸਨ, ਉਹਨਾਂ ਨੇ ਹੌਲੀ ਹੌਲੀ ਕਾਨਿਆਂ ਦੀਆਂ ਝੁਗੀਆਂ ਪਾ ਕੇ ਬਸਤੀ ਟਰਿਡਿਆਂ ਵਾਲੀ ਵਸਾ ਲਈ ਸੀ। ਇਥੇ ਜ਼ਿਆਦਾ ਕੰਬੋ ਤੇ ਰਾਏ ਸਿੱਖ ਦੀਆਂ ਝੁਗੀਆਂ ਈ ਸਨ। ਇਕ ਤਰ੍ਹਾਂ ਨਾਲ ਛੋਟਾ ਜਿਹਾ ਪਿੰਡ ਹੀ ਬਝ ਗਿਆ ਸੀ ਜੋ ਗੁਦੜਢੰਡੀ ਦੇ ਰਕਬੇ ਅਧੀਨ ਪੈਂਦਾ ਸੀ। ਨਵੇਂ ਅਲਾਟੀਆਂ ਵਿਚ ਪਿਛੋਂ ਸਾਡੇ ਜ਼ਿਲਾ ਸ਼ੇਖੂਪੁਰੇ ਦੇ ਕਈ ਕੰਬੋ ਏਥੇ ਆ ਵਸੇ ਸਨ ਤੇ ਕੁਝ ਲਾਹੌਰੀਏ ਕੰਬੋਆਂ ਨੂੰ ਵੀ ਇਥੇ ਜ਼ਮੀਨ ਅਲਾਟ ਹੋ ਗਈ ਸੀ। ਜੀਵਨ ਭਾਵੇਂ ਬਹੁਤ ਔਖਾ ਸੀ ਪਰ ਕੁਝ ਧਰਤੀ ਉਪਜਾਊ ਸੀ, ਫਸਲ ਹੁੰਦੀ ਸੀ ਤੇ ਦਿਨ ਫਿਰਨ ਲਗ ਪਏ ਸਨ। ਹੌਲੀ ਹੌਲੀ ਮੈਨੂੰ ਇਸ ਇਲਾਕੇ ਦੀ ਵਾਕਫੀਅਤ ਹੋਣੀ ਸ਼ੁਰੂ ਹੋ ਗਈ ਸੀ। ਮਮਦੋਟ ਲਾਗੇ ਪਿੰਡ ਜੋਧਪੁਰ ਵਿਚ ਵੀ ਕੰਬੋਆਂ ਦੇ ਕਈ ਘਰ ਆ ਵਸੇ ਸਨ ਜਿਨ੍ਹਾਂ ਵਿਚ ਪਿਛੋਂ ਪਿੰਡ ਚੋਰ ਕੋਟ ਦੇ ਪਰਕਾਸ਼ ਸਿੰਘ ਜੰਮੂ ਜੋ ਬਾਅਦ ਵਿਚ ਪੰਜਾਬੀ ਯੂਨੀਵਰਸਿਟੀ ਵਿਚੋਂ ਬਤੌਰ ਪ੍ਰੋਫੈਸਰ ਐਂਡ ਮੁਖੀ ਸਮਾਜ ਵਿਗਿਆਨ ਵਿਭਾਗ ਰੀਟਾਇਰ ਹੋਇਆ ਤੇ ਹੁਣ ਵੈਕੂਵਰ ਰਹਿੰਦਾ ਹੈ ਤੇ ਉਹਦਾ ਵਡਾ ਭਰਾ ਸਾਧੂ ਵੀ ਸੀ ਜੋ ਪਾਕਿਸਤਾਨ ਵਾਲੇ ਸਾਡੇ ਪਿੰਡ ਦੇ ਹਾਈ ਸਕੂਲ ਵਿਚ ਮੇਰਾ ਜਮਾਤੀ ਸੀ। ਇਹ

ਪਰਵਾਰ ਕੈਨੇਡਾ ਆਣ ਵਸੇ ਹਿੰਦੀ ਅਖਬਾਰ "ਇੰਡੋ ਕੈਨੇਡੀਅਨ ਸਮੇ" ਦੇ ਮਾਲਕ ਅਤੇ ਪ੍ਰਸਿਧ ਫੋਟੋਗਰਾਫਰ ਕੰਵਲਜੀਤ ਸਿੰਘ ਕੰਵਲ ਦੇ ਨੇੜਿਆਂ ਵਿਚੋਂ ਸੀ। ਕੰਵਲ ਦਾ ਪਿਤਾ ਵੀ ਪਾਕਿਸਤਾਨ ਵਿਚ ਮੇਰਾ ਜਮਾਤੀ ਸੀ ਪਰ ਵੰਡ ਪਿਛੋਂ ਇਹ ਜੰਡਿਆਲਾ ਗੁਰੂ ਸੈਟਲ ਹੋ ਗਏ ਸਨ। ਰਿਸ਼ਤੇ ਵਜੋਂ ਇਹ ਸਾਰੇ ਮੇਰੀ ਭੂਆ ਭਗਵਾਨੀ ਦੀ ਔਲਾਦ ਵਿਚੋਂ ਸਨ ਜਿਸਦਾ ਮੇਰੇ ਨਾਲ ਬਹੁਤ ਪਿਆਰ ਸੀ। ਪਤਾ ਲੱਗਾ ਕਿ ਸਾਧੂ ਤੇ ਪਰਕਾਸ਼ ਬਸਤੀ ਕੰਬੋਜ ਫਿਰੋਜ਼ਪੁਰ ਵਿਚ ਕਿਰਾਏ ਤੇ ਇਕ ਬੈਠਕ ਲੈ ਕੇ ਦਸਵੀਂ ਦੀ ਤਿਆਰੀ ਕਰਦੇ ਸਨ। ਕਦੀ ਕਦੀ ਮੈਂ ਫਿਰੋਜ਼ਪੁਰ ਜਾ ਕੇ ਦਸਵੀਂ ਦੇ ਨਤੀਜੇ ਦਾ ਪਤਾ ਕਰ ਆਉਂਦਾ ਜੋ ਹਾਲੇ ਨਿਕਲਿਆ ਨਹੀਂ ਸੀ। ਏਨਾ ਕੁ ਪਤਾ ਲਗਦਾ ਸੀ ਕਿ ਰੀਜ਼ਲਟ ਬੱਸ ਆਉਣ ਵਾਲਾ ਈ ਹੈ। ਜਦੋਂ ਮੈਂ ਫਿਰੋਜ਼ਪੁਰ ਸ਼ਹਿਰ ਆਉਂਦਾ ਤਾਂ ਬੱਸ ਦੇ ਮਿਲਣ ਨਾ ਮਿਲਣ ਦੀ ਕੁੱਤੇ ਝਾਕ ਤੋਂ ਬਚਣ ਲਈ ਰੇਲਵੇ ਸਟੇਸ਼ਨ ਕੋਰ ਸਿੰਘ ਵਾਲਾ ਜਾਂ ਝੋਕ ਟਹਿਲ ਸਿੰਘ ਤਕ ਤੁਰ ਕੇ ਅਗੋਂ ਗਡੀ ਫੜ ਲੈਂਦਾ। ਝੋਕ ਟਹਿਲ ਸਿੰਘ ਦਾ ਸਟੇਸ਼ਨ ਬਹੁਤ ਦੂਰ ਪੈਂਦਾ ਸੀ ਪਰ ਹੋਰ ਕੋਈ ਚਾਰਾ ਨਹੀਂ ਸੀ। ਭਾਵੇਂ ਫਿਰੋਜ਼ ਪੁਰ ਗੁੱਦੜ ਢੰਡੀ ਤੋਂ ਲਗ ਭਗ 20 ਮੀਲ ਦੂਰ ਸੀ ਪਰ ਸ਼ਹਿਰ ਆ ਕੇ ਇਸ ਤਰ੍ਹਾਂ ਲਗਦਾ ਕਿ ਪਿੰਡ ਨਰਕ ਸਨ ਤੇ ਸ਼ਹਿਰ ਸੁਰਗ। ਅਗੇ ਜਾ ਕੇ ਜਦੋਂ ਪਿੰਡਾਂ ਦਾ ਜੀਵਨ ਹੋਰ ਵੀ ਬਹੁਤ ਔਖਾ ਲਗਣ ਲੱਗਾ ਜਿਵੇਂ ਮਲੇਰੀਆ ਬੁਖਾਰ ਚੜ੍ਹ ਜਾਣਾ ਮੀਂਹ ਪੈਣ ਤੇ ਗਾਰੇ ਵਿਚ ਖੁਭ ਜਾਣਾ ਤਾਂ ਮੈਨੂੰ ਪਿੰਡ ਹੋਰ ਵੀ ਨਰਕ ਲੱਗਣ ਲਗ ਪਏ। ਮਲੇਰੀਆ ਬੁਖਾਰ ਇਸ ਇਲਾਕੇ ਵਿਚ ਬਹੁਤ ਚੜ੍ਹਦਾ ਸੀ ਤੇ ਮਲੇਰੀਆ ਦਾ ਕੋਈ ਠੀਕ ਇਲਾਜ ਨਾ ਹੋਣ ਕਾਰਨ ਬਹੁਤ ਮੌਤਾਂ ਹੋ ਜਾਂਦੀਆਂ ਸਨ। ਸ਼ਹਿਰ ਸੁਰਗ ਲਗਦੇ ਸਨ ਜਿਥੇ ਪਕੀਆਂ ਸੜਕਾਂ ਤੇ ਬਿਜਲੀ ਸੀ। ਸੈਰ ਕਰਨ ਲਈ ਪਾਰਕਾਂ ਤੇ ਬਾਗ ਸਨ। ਪਾਣੀ ਠੰਢਾ ਕਰਨ ਲਈ ਬਰਫ ਮਿਲ ਜਾਂਦੀ ਸੀ ਅਤੇ ਮਨੋਰੰਜਨ ਲਈ ਕਈ ਸਿਨਮੇ ਸਨ। ਮੈਂ ਯਾਦ ਕਰਦਾ ਕਿ ਅਸਲ ਸੁਰਗ ਤਾਂ ਪਿਛੇ ਪਾਕਿਸਤਾਨ ਵਾਲੇ ਪਿੰਡ ਰਹਿ ਗਿਆ ਸੀ। ਮਹਿਤਾ ਵੀ ਅਧਾ ਕੁ ਸੁਰਗ ਤੇ ਅਧਾ ਕੁ ਨਰਕ ਸੀ ਜਿਥੇ ਪੈਦਲ ਤੁਰ ਕੇ ਜਾਣਾ ਬੜਾ ਔਖਾ ਸੀ। ਪਰ ਮਹਿਤੇ ਘਰ ਤਾਂ ਮਿਲ ਗਿਆ ਸੀ ਤੇ ਜਿਸ ਵਿਚ ਪਿਛੇ ਦੋ ਕੋਠੇ ਸਨ ਤੇ ਅਗੇ ਵਡਾ ਦਰਵਾਜ਼ਾ ਜਿਥੇ ਬਹਿ ਕੇ ਪੜ੍ਹਨ ਦਾ ਬੜਾ ਸਵਾਦ ਆਉਂਦਾ ਸੀ। ਜਿਥੇ ਬਹਿ ਕੇ ਮੈਂ ਆਪਣੇ ਜੀਵਨ ਦੀਆਂ ਪਹਿਲੀਆਂ ਪੰਜ ਕਹਾਣੀਆਂ ਲਿਖੀਆਂ ਸਨ। ਇਥੇ ਬੇਰੀਆਂ ਵਾਲੇ ਖੂਹ ਤੇ ਤਾਂ ਦਰਖਤਾਂ ਹੇਠਾਂ ਟੁਟੀ ਪੈਂਦ ਵਾਲੀ ਮੁੰਜ ਦੀ ਮੰਜੀ ਡਾਹ ਕੇ ਹੀ ਪੜ੍ਹਿਆ ਜਾ ਸਕਦਾ ਸੀ। ਕੱਲਰੀ ਭੋਂ ਵਿਚ ਖੜੱਪੇ ਸੱਪਾਂ ਤੋਂ ਬੜਾ ਡਰ ਲਗਦਾ ਸੀ। ਦਸਦੇ ਕਿ ਖੜੱਪੇ ਸੱਪ ਦਾ ਡੰਗਿਆ ਬੰਦਾ ਪਾਣੀ ਨਹੀਂ ਮੰਗਦਾ ਸੀ। ਇਹ ਸੱਪ ਛੋਟੇ ਆਕਾਰ ਦਾ ਹੁੰਦਾ ਹੈ। ਵੈਸੇ ਇਸ ਇਲਾਕੇ ਵਿਚ ਕਈ ਤਰ੍ਹਾਂ ਦੇ ਸੱਪ ਜਿਨ੍ਹਾਂ ਵਿਚ ਖਤਰਨਾਕ ਫਨੀਅਰ ਸੱਪ ਵੀ ਸਨ।

ਆਖਰ ਰੀਜ਼ਲਟ ਆ ਗਿਆ ਤੇ ਮੈਂ ਪਾਸ ਹੋ ਗਿਆ। ਨੰਬਰ ਭਾਵੇਂ ਬਹੁਤੇ ਨਹੀਂ ਸਨ ਆਏ ਪਰ ਪਾਸ ਹੋਣ ਦੀ ਬੜੀ ਖੁਸ਼ੀ ਹੋਈ। ਜਿਥੋਂ ਤਕ ਮੈਨੂੰ ਯਾਦ ਹੈ ਕਿ ਤੇਤੀਆਂ ਵਿਚੋਂ ਗਿਆਰਾਂ ਮੁੰਡੇ ਹੀ ਪਾਸ ਹੋਏ ਸਨ। ਬਾਣੀਆਂ ਦੇ ਇਕ ਮੁੰਡੇ ਬਨਾਰਸੀ ਦਾਸ ਦੇ ਸਭ ਤੋਂ ਵਧ ਨੰਬਰ ਆਏ ਸਨ। ਮੈਂ ਗੋਨਿਆਣਾ ਮੰਡੀ ਦੇ ਸਕੂਲ ਵਿਚੋਂ ਕਰੈਕਟਰ ਸਰਟੀਫਿਕੇਟ ਬਣਵਾ ਲਿਆਇਆ ਜਿਸ ਦੀ ਕਾਲਜ ਦਾਖਲ ਹੋਣ ਲਈ ਬੜੀ ਲੋੜ ਸੀ। ਮੈਂ ਬਾਪੂ ਨੂੰ ਕਿਹਾ ਕਿ ਮੈਂਨੂੰ ਕਾਲਜ ਦਾਖਲ ਹੋਣ ਲਈ ਬਹੁਤ ਵਧੀਆ ਕਪੜੇ ਚਾਹੀਦੇ ਹਨ। ਬਾਪੂ ਤਾਂ ਪੈਸੇ ਹੀ ਦੇ ਸਕਦਾ ਸੀ ਤੇ ਮੈਂ ਵਧੀਆਂ, ਕਮੀਜ਼ਾਂ, ਪੈਂਟਾਂ ਤੇ ਬੁਸ਼ਰਟਾਂ ਤੇ ਪਾਜਾਮੇ ਸਵਾ ਲਏ। ਉਹਨੀਂ ਦਿਨੀਂ ਫਿਰੋਜ਼ਪੁਰ ਸ਼ਹਿਰ ਵਿਚ ਵਜ਼ੀਰ ਸਿੰਘ ਦਰਜ਼ੀ ਜੋ ਬਾਂਸੀ ਗੇਟ ਦੇ ਅੰਦਰਵਾਰ ਬਾਵਿਆਂ ਵਾਲੇ ਮੁਹਲੇ ਦੀ ਨੁਕਰ ਤੇ ਕੰਮ ਕਰਦਾ ਸੀ, ਦਾ ਬੜਾ ਨਾਂ ਸੀ ਜੋ ਕਾਲਜ ਪੜ੍ਹਨ ਵਾਲਿਆਂ ਦੇ ਕਪੜੇ ਸਿਉਣ ਦਾ ਬੜਾ ਮਾਹਰ ਕਾਰੀਗਰ ਮੰਨਿਆ ਜਾਂਦਾ ਸੀ। ਸ਼ਿਵ ਕੁਮਾਰ ਸ਼ਰਮਾ ਵੀ ਜੋ ਪਿਛੋਂ ਪੰਜਾਬੀ ਦਾ ਸ਼ਾਇਰ ਬਣ ਗਿਆ ਸੀ, ਕਪੜੇ ਕੱਟਣ ਤੇ ਸਿਓਣ ਦਾ ਬੜਾ ਕਾਰੀਗਰ ਸੀ ਪਰ ਉਹ ਲੇਡੀਜ਼ ਸੂਟਾਂ ਦਾ ਸਪੈਸ਼ਲਿਸਟ ਸੀ ਤੇ ਮਰਦਾਵੇਂ ਕਪੜੇ ਬਹੁਤ ਘੱਟ ਸੀਂਦਾ ਸੀ। ਉਸਦੀ ਦੁਕਾਨ ਬੁਧਵਾਰਾਂ ਵਾਲੇ ਮੁਹਲੇ ਵਿਚ ਸੀ ਜਿਥੇ ਹਰ ਵੇਲੇ ਕਪੜੇ ਸਵਾਉਣ ਵਾਲੀਆਂ ਕੁੜੀਆਂ ਤੇ ਜਨਾਨੀਆਂ ਦੀ ਭੀੜ ਲੱਗੀ ਰਹਿੰਦੀ ਸੀ। ਭੋਲੂ ਦੀ ਦੁਕਾਨ ਤੋਂ ਮੈਂ ਮਹਿੰਗੇ ਸਾਬਰ ਦੇ ਬੂਟ ਖਰੀਦ ਲਏ ਸਨ। ਬਾਟਾ ਦੀ ਦੁਕਾਨ ਤੋਂ ਫਲੀਟ ਲੈ ਲਏ ਸਨ ਜੋ ਦੌੜਨ ਵੇਲੇ ਠੀਕ ਰਹਿੰਦੇ ਸਨ। ਨਵੀਆਂ ਪਗਾਂ, ਰੁਮਾਲ ਤੇ ਜਰਾਬਾਂ ਵੀ ਖਰੀਦ ਲਈਆਂ ਸਨ। ਇਸ ਤੋਂ ਪਹਿਲਾਂ ਮੈਂ ਅਤਿ ਗਰੀਬੀ ਦੇ ਤਿੰਨ ਚਾਰ ਸਾਲ ਕੱਟੇ ਸਨ। 1947 ਵਿਚ ਸਾਂਦਲ ਬਾਰ ਚੋਂ ਉਜੜਨ ਵੇਲੇ ਬੂਟ ਤੇ ਪਗ ਰਾਹ ਵਿਚ ਹੀ ਰਹਿ ਗਏ ਸਨ ਅਤੇ ਪੈਸੇ ਤੇ ਟੂਮ ਛੱਲਾ ਸਭ ਕੁਝ ਸ਼ੇਖੂਪੁਰੇ ਦੇ ਰੇਲਵੇ ਸਟੇਸ਼ਨ ਤੇ ਗੱਡੀ ਦੀ ਤਲਾਸ਼ੀ ਲੈਣ ਵੇਲੇ ਬਲੋਚ ਮਿਲਟਰੀ ਨੇ ਖੋਹ ਲਿਆ ਸੀ। ਕਈ ਸਾਲ ਨੰਗੇ ਪੈਰੀਂ ਤੇ ਬਗੈਰ ਪਗ ਦੇ ਸਕੂਲ ਪੜ੍ਹਨ ਜਾਂਦਾ ਰਿਹਾ ਸਾਂ। ਹੁਣ ਉਸ ਦੇ ਉਲਟ ਕਰਨਾ ਚਹੁੰਦਾ ਸਾਂ। ਮਾਂ ਨੇ ਪਿੰਨੀਆਂ ਤੇ ਘਿਓ ਜੋੜ ਦਿਤਾ। ਮੈਂ ਐਫ. ਏ. ਵਿਚ ਕਿਹੜੇ ਸਬਜੈਕਟ ਲੈਣੇ ਹਨ, ਇਸ ਬਾਰੇ ਮੈਨੂੰ ਉਕਾ ਈ ਕੋਈ ਪਤਾ ਨਹੀਂ ਸੀ। ਮੈਨੂੰ ਤਾਂ ਸਿਰਫ ਏਨਾ ਪਤਾ ਲੱਗਾ ਸੀ ਕਾਲਜ ਵਿਚ ਪ੍ਰੋਫੈਸਰ ਸਟੂਡੰਟਸ ਨੂੰ ਕੁਟਦੇ ਨਹੀਂ ਸਨ ਅਤੇ ਜਦੋਂ ਚਾਹੋ ਕਲਾਸ ਵਿਚੋਂ ਪੀਰੀਅਡ ਛਡ ਕੇ ਬਾਹਰ ਆ ਸਕਦੇ ਹੋ।
ਭਰਜਾਈ ਕਹਿਣ ਲਗੀ ਕਿ ਮੈਂ ਮੈਡੀਕਲ ਲੈ ਲਵਾਂ ਤੇ ਪੜ੍ਹ ਕੇ ਡਾਕਟਰ ਬਣਾਂ। ਭਰਾ ਕਾਲਜ ਦਾਖਲ ਕਰਾਉਣ ਗਿਆ ਤੇ ਮੈਂ ਮੈਡੀਕਲ ਲੈ ਲਿਆ। ਕਾਲਜ ਦਾ ਪ੍ਰਿੰਸੀਪਲ ਐਸ ਬੀ ਸੈਨ ਗੁਪਤਾ ਜੋ ਬੰਗਾਲੀ ਸੀ, ਪਹਿਲਾਂ ਲਾਇਲਪੁਰ ਖਾਲਸਾ ਕਾਲਜ ਦਾ ਪ੍ਰਿੰਸੀਪਲ ਰਿਹਾ ਸੀ ਤੇ ਭਰਾ ਨੂੰ ਜਾਣਦਾ ਸੀ ਕਿਓਂਕਿ ਭਰਾ ਲਾਇਲਪੁਰ ਪੜ੍ਹਿਆ ਸੀ। ਭਰਾ ਦੇ ਕਹਿਣ ਤੇ ਪ੍ਰਿੰਸੀਪਲ ਨੇ ਮੇਰੀ ਅਧੀ ਫੀਸ ਵੀ ਮੁਆਫ ਕਰ ਦਿਤੀ ਤੇ ਮੈਨੂੰ ਆਰ ਐਸ ਡੀ ਕਾਲਜ ਦੇ ਹੋਸਟਲ ਵਿਚ ਕਮਰਾ ਨੰਬਰ 10 ਮਿਲ ਗਿਆ। ਹੋਸਟਲ ਦੇ ਮੁੰਡੇ ਮੁੰਡੇ ਮੈਨੂੰ ਦਸ ਨੰਬਰੀਆਂ ਕਹਿਣ ਲਗ ਪਏ। ਮੈਂ ਆਪਣੀ ਦੇਸੀ ਘਿਓ ਵਾਲੀ ਪੀਪੀ ਜਿੰਦਰੀ ਲਾ

ਕੇ ਟੱਕ ਸ਼ਾਪ ਜਿਸ ਨੂੰ ਅਜ ਕੱਲ ਕਨਟੀਨ ਕਹਿੰਦੇ ਹਨ, ਵਿਚ ਰੱਖ ਦਿਤੀ। ਏਥੇ ਹੋਰ ਵੀ ਬਹੁਤ ਸਾਰੇ ਮੁੰਡਿਆਂ ਦੀਆਂ ਪੀਪੀਆਂ ਪਈਆਂ ਸਨ ਜਿਨ੍ਹਾਂ ਵਿਚੋਂ ਕਈ ਤਾਂ ਆਪਣੀਆ ਪੀਪੀਆਂ ਨੂੰ ਜਿੰਦਰੀਆਂ ਵੀ ਨਹੀਂ ਲੌਂਦੇ ਸਨ। ਦਰ ਅਸਲ ਇਹ ਕਾਲਜ ਦੇ ਪੁਰਾਣੇ ਖਲੀਫੇ ਸਨ ਤੇ ਇਹਨਾਂ ਤੋਂ ਸਾਰੇ ਡਰਦੇ ਸਨ। ਇਹ ਕਈ ਕਈ ਸਾਲਾਂ ਤੋਂ ਐਫ. ਏ., ਬੀ.ਏ. ਵਿਚੋਂ ਫੇਲ ਹੋ ਰਹੇ ਸਨ ਪਰ ਕਾਲਜ ਨਹੀਂ ਛਡਦੇ ਸਨ। ਜ਼ੀਰੇ ਵਾਲਾ ਕਾਮਰੇਡ ਜੋਗਿੰਦਰ ਸਿੰਘ, ਹੁਣ ਹਾਈਕੋਰਟ ਦਾ ਵਕੀਲ ਮੇਜਾ ਸਿੰਘ, ਬਸਤੀ ਕੰਬੋਆਂ ਵਾਲਾ ਜਾਗੀਰ ਸਿੰਘ, ਮ੍ਰਿਤਕ ਲੇਖਕ ਸੋਹਨ ਲਾਲ ਮੋਹਿਤ, ਅਮੀਰ ਖਾਸ ਵਾਲ ਹਰਬੰਸ ਸਿੰਘ ਜਿਸ ਦਾ ਲੜਕਾ ਹਰਜਿੰਦਰ ਸਿੰਘ ਅੰਗਰੇਜ਼ੀ ਦਾ ਅਖਬਾਰ ਇੰਡੀਆ ਜਰਨਲ ਕਢਦਾ ਹੈ, ਗੰਗਾ ਨਗਰ ਵੱਲ ਦਾ ਮਧਰੇ ਕੱਦ, ਸੰਘਣੀ ਦਾੜ੍ਹੀ ਤੇ ਚਾਲਾਕ ਅਖਾਂ ਵਾਲਾ ਅਮਰ ਸਿੰਘ, ਦੱਬ ਵਾਲੀ ਮੰਡੀ ਵੱਲ ਦੇ ਕਈ ਸਰਦਾਰਾਂ ਦੇ ਮੁੰਡੇ, ਕੋਟਕਪੂਰੇ ਵੱਲ ਦਾ ਬਹੁਤ ਸ਼ੁਕੀਨ ਗੁਰਨਾਮ ਸਿੰਘ ਪ੍ਰਭਾਤ ਜੋ ਕਵਿਤਾ ਲਿਖਣ ਕਾਰਨ ਕਾਲਜ ਮੈਗਜ਼ੀਨ ਦਾ ਪੰਜਾਬੀ ਭਾਗ ਦਾ ਸਟੂਡੰਟ ਐਡੀਟਰ ਸੀ ਤੇ ਅੰਤ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਪ੍ਰੋਫੈਸਰ ਲਗ ਗਿਆ ਸੀ, ਮਧਰੇ ਕੱਦ ਦਾ ਅਮਰ ਸਿੰਘ ਤੇ ਪਕੀ ਉਮਰ ਦੇ ਕਈ ਹੋਰ ਸਨ ਤੇ ਨਵੇਂ ਮੁੰਡਿਆ ਤੇ ਪੂਰਾ ਰੁਅਬ ਪੌਂਦੇ ਸਨ ਤੇ ਤੰਗ ਕਰਦੇ ਸਨ।

ਮੇਰੇ ਲਈ ਇਹ ਸਭ ਕੁਝ ਨਵਾਂ ਸੀ। ਜਦ ਮੈਂ ਪਹਿਲੇ ਦਿਨ ਮੈਡੀਕਲ ਦੀਆਂ ਕਲਾਸਾਂ ਵਿਚ ਗਿਆ ਤਾਂ ਮੇਰੇ ਕੁਝ ਪੱਲੇ ਨਾ ਪਿਆ। ਗੋਨਿਆਣੇ ਮੰਡੀ ਵਾਲਾ ਬਨਾਰਸੀ ਦਾਸ ਵੀ ਇਸੇ ਕਾਲਜ ਵਿਚ ਦਾਖਲ ਹੋ ਗਿਆ ਸੀ। ਓਸ ਨੇ ਵੀ ਮੈਡੀਕਲ ਲੈ ਲਿਆ ਸੀ ਤੇ ਹੋਸਟਲ ਦੀ ਉਪਰਲੀ ਮੰਜ਼ਲ ਤੇ ਉਸ ਨੂੰ ਕਮਰਾ ਮਿਲ ਗਿਆ ਸੀ। ਪਤਾ ਨਹੀਂ ਉਹਨੂੰ ਕੀ ਹੋ ਗਿਆ ਕਿ ਉਹਨੇ ਛੱਤ ਦੇ ਪਖੇ ਨਾਲ ਰੱਸੀ ਲਮਕਾ ਕੇ ਆਪਣੀ ਬੋਦੀ ਰੱਸੀ ਨਾਲ ਬੰਨ੍ਹ ਕੇ ਅੰਗਰੇਜ਼ੀ ਦੀ ਡਿਕਸ਼ਨਰੀ ਜ਼ਬਾਨੀ ਯਾਦ ਕਰਨੀ ਸ਼ੁਰੂ ਕਰ ਦਿਤੀ। ਅਜੇ ਉਹਨੇ "ਏ" ਦੇ ਸਾਰੇ ਸ਼ਬਦ ਵੀ ਯਾਦ ਨਹੀਂ ਸਨ ਕੀਤੇ ਕਿ ਪਾਗਲ ਹੋ ਗਿਆ ਅਤੇ ਕਾਲਜ ਛਡ ਕੇ ਦੌੜ ਗਿਆ।

**ਕਾਲਜ ਵਿਚ ਰੈਗਿੰਗ**

ਭਰਜਾਈ ਪਿਛੋਂ ਬੜੇ ਅਮੀਰ ਘਰ ਦੀ ਸੀ। ਉਹਦੇ ਪੇਕੇ ਪਿਛੋਂ ਤਰਨਤਾਰਨ ਦੇ ਲਾਗੇ ਪੈਂਦੇ ਪਿੰਡ ਫਤਿਆਬਾਦ ਦੇ ਸਨ ਜੋ ਕੈਨੇਡਾ ਦੇ ਮਸ਼ਹੂਰ ਰੇਡੀਓ ਹੋਸਟ ਦਿਲਬਾਗ ਚਾਵਲੇ ਦਾ ਪਿੰਡ ਹੈ। ਉਸਦੇ ਪਿਤਾ ਜੀ ਨਹਿਰੀ ਮਹਿਕਮੇ ਵਿਚੋਂ ਬੜੇ ਉਚੇ ਅਫਸਰ ਰੀਟਾਇਰ ਹੋਏ ਸਨ। ਲਾਹੌਰ ਵਿਚ ਉਹਨਾਂ ਦੀ ਕੋਠੀ ਤੇ ਸਿਨਮਾ ਸੀ। ਭਰਜਾਈ ਦਾ ਇਕ ਭਰਾ ਸ. ਕਰਮ ਸਿੰਘ ਕੋਲ ਰਾਜਸਥਾਨ ਵਿਚ ਗੰਗਾਨਗਰ ਲਾਗੇ ਕਈ ਮੁਰੱਬੇ ਜ਼ਮੀਨ ਸੀ ਤੇ ਉਹ ਫਾਰਮ ਸਾਂਭਦਾ ਸੀ। ਦੂਜੇ ਭਰਾ ਸ. ਕੇਵਲ ਸਿੰਘ ਦਾ ਕਾਨਪੁਰ ਵਿਚ ਸਿਨਮਾ ਸੀ। ਭਰਜਾਈ ਦੀ ਇਕ ਭੈਣ ਕੁਲਦੀਪ ਕੌਰ ਆਪਣੇ ਡਾਕਟਰ ਪਤੀ ਦੀ ਮੌਤ ਪਿਛੋਂ ਪੜ੍ਹ ਲਿਖ ਕੇ ਡਾਕਟਰ ਬਣ ਗਈ ਸੀ ਤੇ ਬਹੁਤ ਸਾਲ ਰਾਜਸਥਾਨ ਦੇ ਗੰਗਾ ਨਗਰ ਦੇ ਸਰਕਾਰੀ ਹਸਪਤਾਲ ਵਿਚ ਡਾਕਟਰ ਰਹੀ। ਇਕ ਭੈਣ ਦਾ ਘਰ ਵਾਲਾ ਫੌਜ ਵਿਚ ਬਹੁਤ ਵਡਾ ਅਫਸਰ ਸੀ ਜਿਸ ਦੇ ਬਾਪ ਨੂੰ ਰਾਏ ਬਹਾਦਰ ਦਾ ਖਿਤਾਬ ਮਿਲਿਆ ਹੋਇਆ ਸੀ ਤੇ ਵੰਡ ਪਿਛੋਂ ਉਹ ਪਰਵਾਰ ਲਾਹੌਰ ਤੋਂ ਲੁਧਿਆਣੇ ਆ ਕੇ ਬਹੁਤ ਵਡੀ ਕੋਠੀ ਬਣਾ ਕੇ ਸੈਟਲ ਹੋ ਗਿਆ ਸੀ। ਭਰਜਾਈ ਦੇ ਪੇਕਿਆਂ ਨੇ ਇਕ ਮੁਰੱਬਾ ਜ਼ਮੀਨ ਦਾ ਗੰਗਾ ਨਗਰ ਲਾਗੇ ਭਰਾ ਦਲੀਪ ਸਿੰਘ ਨੂੰ ਦਾਜ ਵਿਚ ਦਿਤਾ ਸੀ ਅਤੇ ਬਾਕੀ ਦੀ ਤਾਇਆ ਬੇਲਾ ਸਿੰਘ ਨੇ ਆਪਣੇ ਮਿਹਨਤ ਦੇ ਪੈਸਿਆਂ ਨਾਲ ਜੋੜੀ ਰਕਮ ਨਾਲ ਲਾਗੇ ਮੁੱਲ ਲੈ ਲਈ ਸੀ। ਤਾਇਆ ਬੇਲਾ ਸਿੰਘ ਹਾਲੇ ਪਿਛਲੀ ਨਵੇਂ ਪਿੰਡ ਵਾਲੀ ਜ਼ਮੀਨ ਵੇਚ ਕੇ ਹੋਰ ਮੁਰੱਬੇ ਲੈਣ ਨੂੰ ਫਿਰਦੇ ਸੀ ਕਿ ਪਾਕਿਸਤਾਨ ਬਣ ਗਿਆ ਤੇ ਪਾਕਿਸਤਾਨ ਵਾਲੀ ਜ਼ਮੀਨ ਬਦਲੇ ਉਹਨਾਂ ਨੂੰ ਹਮੀਰੇ ਜ਼ਮੀਨ ਅਲਾਟ ਹੋ ਗਈ ਸੀ। ਇੰਜ ਭਰਾ ਦਲੀਪ ਸਿੰਘ ਦੀ ਜਿਥੇ ਕਾਫੀ ਜਾਇਦਾਦ ਗੰਗਾਨਗਰ ਦੇ ਚੱਕਾਂ ਵਿਚ ਸੀ, ਓਥੇ ਹਮੀਰੇ ਵਿਚ ਅਲਾਟ ਹੋਈ ਜ਼ਮੀਨ ਵਿਚ ਵੀ ਦਲੀਪ ਸਿੰਘ

ਦਾ ਭਰਾਵਾਂ ਨਾਲ ਹਿੱਸਾ ਸੀ। ਭਰਾ ਤੇ ਉਹਦਾ ਬਾਕੀ ਟੱਬਰ ਰਾਧਾ ਸਵਾਮੀ ਬਣ ਚੁਕੇ ਸਨ। ਭਰਾ ਦਲੀਪ ਸਿੰਘ ਮੋਮੀ ਜੋ ਬਾਅਦ ਵਿਚ ਪੰਜਾਬ ਦੇ ਕਈ ਜ਼ਿਲਿਆਂ ਵਿਚ ਡਿਸਟ੍ਰਿਕਟ ਐਗਰੀਕਲਚਰ ਅਫਸਰ ਵੀ ਰਿਹਾ ਅਤੇ ਅੰਤ ਵਿਚ ਡਿਪਟੀ ਡਾਇਰੈਕਟਰ ਖੇਤੀ ਬਾੜੀ ਵਿਭਾਗ ਪੰਜਾਬ ਰੀਟਾਇਰ ਹੋਇਆ, ਨੇ ਸਾਰੀ ਉਮਰ ਕਿਸੇ ਤੋਂ ਰਿਸ਼ਵਤ ਤਾਂ ਕੀ ਲੈਣੀ ਸੀ, ਚਾਹ ਦਾ ਕੱਪ ਵੀ ਨਹੀਂ ਪੀਤਾ ਸੀ। ਕੁਝ ਚਿਰ ਭਰਾ ਡੈਪੂਟੇਸ਼ਨ ਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਪ੍ਰੋਫੈਸਰ ਵੀ ਲੱਗਾ ਰਿਹਾ ਸੀ। ਦਲੀਪ ਸਿੰਘ ਦੇ ਬਾਕੀ ਭਰਾ ਪੜ੍ਹੇ ਲਿਖੇ ਨਹੀਂ ਸਨ ਤੇ ਵਾਹੀ ਹੀ ਕਰਦੇ ਸਨ। ਸ਼ਰੀਕੇ ਵਿਚੋਂ ਦਸਵੀਂ ਪਾਸ ਕਰਨ ਵਾਲਾ ਮੈਂ ਹੀ ਸਾਂ ਤੇ ਭਰਜਾਈ ਦੇ ਕਹਿਣ ਤੇ ਹੀ ਮੈਂ ਮੈਡੀਕਲ ਲੈ ਲਿਆ ਸੀ। ਭਰਜਾਈ ਮੈਨੂੰ ਇਕ  ਪੜ੍ਹ ਲਿਖ ਕੇ ਇਕ ਡਾਕਟਰ ਬਣਿਆ ਵੇਖਣਾ ਚਹੁੰਦੀ ਸੀ।

ਕੁਝ ਦਿਨਾਂ ਬਾਅਦ ਮੈਂ ਸਮਝ ਗਿਆ ਕਿ ਮੈਡੀਕਲ ਮੇਰੇ ਵੱਸ ਦਾ ਰੋਗ ਨਹੀਂ ਸੀ। ਮੈਨੂੰ ਤੇ ਫਿਜ਼ਕਸ ਤੇ ਕੈਮੈਸਟਰੀ ਦੇ ਫਰਕ ਦਾ ਵੀ ਪਤਾ ਨਹੀਂ ਸੀ। ਮੈਂ ਭਰਾ ਭਰਜਾਈ ਅਗੇ ਜਾ ਕੇ ਰੋ ਪਿਆ ਕਿ ਮੈਨੂੰ ਕੁਝ ਸਮਝ ਨਹੀਂ ਆਉਂਦੀ ਤੇ ਮੈਂ ਨਹੀਂ ਪੜ੍ਹਨਾ। ਉਹਨਾਂ ਨੇ ਮੈਨੂੰ ਮੈਡੀਕਲ ਬਦਲ ਕੇ ਨਾਨ ਮੈਡੀਕਲ ਲੈ ਦਿਤਾ ਜੋ ਮੈਡੀਕਲ ਨਾਲੋਂ ਵੀ ਜ਼ਿਆਦਾ ਔਖਾ ਸੀ। ਮੈਂ ਫਿਰ ਭਰਾ ਭਰਜਾਈ ਨੂੰ ਕਿਹਾ ਮੈਨੂੰ ਕੋਈ ਪਤਾ ਨਹੀਂ ਲਗਦਾ। ਭਰਜਾਈ ਕਹਿਣ ਲਗੀ ਇਹਨੂੰ ਏ ਬੀ ਕੋਰਸ ਲੈ ਦਿਓ ਜਿਸ ਵਿਚ ਹਿਸਾਬ ਹੁੰਦਾ ਹੈ। ਮੈਂ ਕਿਹਾ ਕਿ ਹਿਸਾਬ ਤਾਂ ਮੈਨੂੰ ਉਕਾ ਈ ਨਹੀਂ ਔਂਦਾ। ਪਤਾ ਨਹੀਂ ਮੈਟਿਰਿਕ ਦੇ ਇਮਤਿਹਾਨ ਵਿਚ ਹਿਸਾਬ ਵਿਚੋਂ ਮੈਂ ਕਿਵੇਂ ਪਾਸ ਹੋ ਗਿਆ ਹਾਂ। ਜੇ ਕੋਈ ਚੀਜ਼ ਬਾਰਾਂ ਆਨਿਆਂ ਦੀ ਤਿੰਨ ਸੇਰ ਆਉਂਦੀ ਆ ਤੇ ਸਵਾ ਰੁਪਈਏ ਦੀ ਕਿੰਨੀ ਆਈ, ਮੈਂ ਸਾਰਾ ਦਿਨ ਨਹੀਂ ਕਢ ਸਕਦਾ। ਆਖਰ ਭਰਾ ਭਰਜਾਈ ਨੇ ਮੇਰੀ ਹਾਲਤ ਵੇਖ ਕੇ ਮੈਨੂੰ ਆਰਟਸ ਲੈ ਦਿਤੇ ਜਿਨ੍ਹਾਂ ਵਿਚ ਇਕਨਾਮਿਕਸ, ਸਿਵਿਕਸ, ਪੰਜਾਬੀ, ਹਿੰਦੀ ਤੇ ਇੰਗਲਿਸ਼ ਵਗੈਰਾ ਸਨ। ਹਿੰਦੀ ਦੇ ਪ੍ਰੋਫੈਸਰ ਮਨੋਹਰ ਲਾਲ ਅਨੰਦ ਨੇ ਸਾਰੀ ਕਲਾਸ ਨੂੰ ਕਿਹਾ ਕਿ ਜਿਨ੍ਹਾਂ ਨੂੰ ਪਹਿਲਾਂ ਹਿੰਦੀ ਨਹੀਂ ਆਉਂਦੀ, ਉਹ ਖੜ੍ਹੇ ਹੋ ਜਾਣ। ਜਿਹੜੇ ਮੁੰਡੇ ਖੜ੍ਹੇ ਹੋਏ, ਉਹ ਬਹੁਤੇ ਸਰਦਾਰਾਂ ਦੇ ਸਨ ਜਿਨ੍ਹਾਂ ਵਿਚ ਮੈਂ ਵੀ ਖੜ੍ਹਾ ਹੋ ਗਿਆ। ਸਭ ਤੋਂ ਪਹਿਲਾਂ ਉਹਨੇ ਮੈਨੂੰ ਕਲਾਸ ਵਿਚੋਂ ਬਾਹਰ ਕਢ ਦਿਤਾ ਤੇ ਫਿਰ ਬਾਕੀ ਦੇ ਸਰਦਾਰ ਮੁੰਡਿਆਂ ਨੂੰ ਭਜਾ ਦਿਤਾ। ਉਸ ਬਾਰੇ ਮਸ਼ਹੂਰ ਸੀ ਕਿ ਉਹ ਬੜਾ ਮੁਤੱਸਬੀ ਹੈ। ਹਿੰਦੀ ਦੀ ਜਗ੍ਹਾ ਮੈਂ ਸਿਵਿਕਸ ਲੈ ਲਈ ਤੇ ਕਾਲਜ ਦੀ ਪੜ੍ਹਾਈ ਨੂੰ ਸਮਝਣ ਦੀ ਕੋਸ਼ਿਸ਼ ਕਰਨ ਲੱਗਾ। ਕਾਲਜ ਦਾਖਲ ਹੋਣ ਵੇਲੇ ਮੈਂ ਆਪਣੇ ਵੱਲੋਂ ਜੋ ਬੜੇ ਸੁਹਣੇ ਕਪੜੇ ਸਿਵਾ ਕੇ ਪਾਏ ਸਨ, ਮੈਨੂੰ ਬੜੇ ਅਜੀਬ ਲਗਣ ਲੱਗੇ। ਇਕ ਸਵੇਰ ਅਜੇ ਮੈਂ ਸੁਤਾ ਹੋਇਆ ਨਹੀਂ ਉਠਿਆ ਸਾਂ ਕਿ ਬੂਹਾ ਖੜਕਿਆ। ਜਦ ਅਖਾਂ ਮਲਦਿਆਂ ਮੈਂ ਬੂਹਾ ਖੋਲ੍ਹਿਆ ਤਾਂ ਵੇਖਿਆ ਕਿ ਦਰਵਾਜ਼ੇ ਤੇ ਮੇਰਾ ਭਤੀਜਾ ਅਮਰਜੀਤ ਤੇ ਭਤੀਜੀ ਜਸਵਿੰਦਰ ਜੋ ਅਜੇ ਛੋਟੇ ਛੋਟੇ ਸਨ, ਸਾਫ ਚਿਟੇ ਪੋਣੇ ਨਾਲ ਢਕ ਕੇ ਇਕ ਥਾਲੀ ਵਿਚ ਪਰੌਠੇ, ਆਚਾਰ ਤੇ ਲੱਸੀ ਦਾ ਗਲਾਸ ਲੈ ਕੇ ਆਏ ਸਨ ਤੇ ਤੋਤਲੀ ਆਵਾਜ਼ ਵਿਚ ਕਹਿ ਕੇ ਚਲੇ ਗਏ ਕਿ ਮਮੀ ਕਹਿੰਦੀ ਸੀ ਕਿ ਚਾਚਾ ਜੀ ਨੂੰ ਘਰ ਆਉਣ ਲਈ ਕਹਿ ਕੇ ਆਇਓ।

ਦਰਅਸਲ ਕਾਲਜ ਦੀ ਪੜ੍ਹਾਈ ਬਹੁਤ ਔਖੀ ਸੀ ਤੇ ਮੈਂ ਇਹਨੂੰ ਐਵੇਂ ਸ਼ੁਗਲ ਮੇਲਾ ਹੀ ਸਮਝਦਾ ਸਾਂ। ਮੈਨੂੰ ਲਗਦਾ ਕਿ ਮੈਂ ਕਾਲਜ ਦਾਖਲ ਹੋਣ ਦਾ ਐਵੇਂ ਪੰਗਾ ਹੀ ਲੈ ਲਿਆ ਸੀ। ਇਥੇ ਤਾਂ ਕਿਸੇ ਪ੍ਰੋਫੈਸਰ ਗੱਲ ਦੀ ਸਮਝ ਹੀ ਨਹੀਂ ਔਂਦੀ ਸੀ ਅਤੇ ਕਾਲਜ ਵਿਚ ਕੁੜੀਆਂ ਮੁੰਡੇ ਇਕਠੇ ਪੜ੍ਹਦੇ ਹਨ ਦਾ ਜੋ ਬਠਿੰਡੇ ਪੜ੍ਹਦਿਆਂ ਮਨ ਵਿਚ ਨਕਸ਼ਾ ਬਣਿਆ ਸੀ, ਉਹ ਬੇਕਾਰ ਸੀ। ਸ਼ੁਰੂ ਵਿਚ ਫਸਟ ਯੀਅਰ ਵਿਚ ਦੋ ਸੌ ਤੋਂ ਜ਼ਿਆਦਾ ਮੁੰਡੇ ਇਕ ਕਲਾਸ ਵਿਚ ਸਨ ਤੇ ਕੁੜੀਆਂ ਸਿਰਫ ਗਿਆਰਾਂ ਸਨ। ਉਹ ਪ੍ਰੋਫੈਸਰ ਦੇ ਕਲਾਸ ਅੰਦਰ ਆਉਣ ਤੋਂ ਬਾਅਦ ਸਿਰਾਂ ਤੇ ਦੁਪਟੇ ਲੈ ਕੇ ਕਲਾਸ ਵਿਚ ਦਾਖਲ ਹੁੰਦੀਆਂ ਅਤੇ ਕਲਾਸ ਦੇ ਇਕ ਪਾਸੇ ਲਗੇ ਬੈਂਚਾਂ ਤੇ ਬਹਿੰਦੀਆਂ। ਪ੍ਰੋਫੈਸਰ ਦੇ ਕਲਾਸ ਛਡਣ ਤੋਂ ਪਹਿਲਾਂ ਕਲਾਸ ਵਿਚੋਂ ਨਿਕਲ ਕੇ ਚਲੀਆਂ ਜਾਂਦੀਆਂ। ਉਹਨਾਂ ਦਾ ਕਾਮਨ ਰੂਮ ਵੀ ਵਖਰਾ ਸੀ। ਉਹ ਕਿਸੇ ਮੁੰਡੇ ਨਾਲ ਬੋਲਦੀਆਂ ਨਹੀਂ ਸਨ, ਇਥੋਂ ਤਕ ਕਿ ਪ੍ਰੋਫੈਸਰਾਂ ਨਾਲ ਵੀ ਘੱਟ ਹੀ ਬੋਲਦੀਆਂ ਸਨ। ਕਈ ਮੁੰਡਿਆਂ ਨੂੰ ਉਹ ਸੋਹਣੀਆਂ ਲਗਦੀਆਂ ਪਰ ਮੈਂ ਇਕ ਦਿਨ ਬੜੇ ਗੌਰ ਨਾਲ ਵੇਖਿਆ ਤਾਂ ਇਹਨਾਂ ਕੁੜੀਆਂ ਵਿਚੋਂ ਇਕ ਵੀ ਕੁੜੀ ਮਹਿਕ ਨਾਲੋਂ ਜ਼ਿਆਦਾ ਖੂਬਸੂਰਤ ਨਹੀਂ ਸੀ। ਜੇ ਮਹਿਕ ਨੂੰ ਇਹਨਾਂ ਸ਼ਹਿਰਨਾਂ ਵਰਗੇ ਸਾਫ ਸੁਥਰੇ ਪ੍ਰੈੱਸ ਕੀਤੇ ਕਪੜੇ ਪਵਾ ਕੇ ਕਲਾਸ ਵਿਚ ਬਿਠਾ ਦਿਤਾ ਜਾਂਦਾ ਤਾਂ ਉਸ ਵਰਗੀ ਖੂਬਸੂਰਤ, ਉਚੀ ਲੰਮੀ ਅਤੇ ਸਿਹਤਮੰਦ ਕੁੜੀ ਸਾਰੇ ਫਿਰੋਜ਼ਪੁਰ ਸ਼ਹਿਰ ਵਿਚ ਵੀ ਕੋਈ ਨਹੀਂ ਹੋਣੀ ਸੀ। ਸਾਨੂੰ ਪੰਜਾਬੀ ਦਾ ਸਬਜੈਕਟ ਪ੍ਰੋ: ਐਸ. ਐਸ. ਭਾਟੀਆਂ ਪੜ੍ਹਾਂਦਾ ਸੀ। ਉਹ ਅਧਾ ਦਿਨ ਆਰ. ਐਸ. ਡੀ. ਕਾਲਜ ਵਿਚ ਤੇ ਅਧਾ ਦਿਨ ਕੁੜੀਆਂ ਦੇ ਦੇਵ ਸਮਾਜ ਕਾਲਜ ਵਿਚ ਪੰਜਾਬੀ ਪੜ੍ਹਾਂਦਾ ਸੀ। ਮੈਂ ਪੰਜਾਬੀ ਦੀਆਂ ਸਾਰੀਆਂ ਕਿਤਾਬਾਂ ਕੁਝ ਦਿਨਾਂ ਵਿਚ ਹੀ ਪੜ੍ਹ ਲਈਆਂ ਅਤੇ ਕਾਫੀ ਮੈਨੂੰ ਜ਼ਬਾਨੀ ਯਾਦ ਹੋ ਗਈਆਂ। ਮੈਂ ਫਰੋ: ਭਾਟੀਆ ਨੂੰ ਵਖ ਵਖ ਰਸਾਲਿਆਂ ਵਿਚ ਐਮ. ਬੀ. ਮਹਿਤਾ ਨਾਂ ਹੇਠ ਛਪੀਆਂ ਕੁਝ ਕਹਾਣੀਆਂ ਵੀ ਵਿਖਾਈਆਂ ਜਿਨ੍ਹਾਂ ਨੂੰ ਵੇਖ ਕੇ ਉਹ ਬਹੁਤ ਖੁਸ਼ ਹੋਇਆ ਤੇ ਮੇਰੀ ਲੋੜੋਂ ਵਧ ਕਦਰ ਕਰਨ ਲੱਗਾ। ਪਰ ਮੈਂ ਆਪਣਾ ਅਸਲੀ ਨਾਂ ਬਲਬੀਰ ਸਿੰਘ ਕਿਓਂ ਨਹੀਂ ਲਿਖਦਾ ਸਾਂ, ਓਸ ਨੂੰ ਦੱਸ ਨਾ ਸਕਿਆ ਤੇ ਦੋ ਸਾਲ ਏਸੇ ਨਾਂ ਹੇਠ ਹੀ ਲਿਖਦਾ ਰਿਹਾ। ਅਸਲ ਰਾਜ਼ ਇਹ ਸੀ ਕਿ ਕਚੀ ਉਮਰ ਦੇ ਅਸਰ ਹੇਠ ਮੈਂ ਆਪਣੇ ਨਾਂ ਤੋਂ ਪਹਿਲਾਂ ਐਮ ਮਹਿਕ ਲਈ ਵਰਤਦਾ ਸਾਂ, ਬੀ ਬਲਬੀਰ ਲਈ ਅਤੇ ਮਹਿਤਾ ਓਸ ਪਿੰਡ ਲਈ ਜਿਥੇ ਤਿੰਨ ਚਾਰ ਸਾਲ ਉਜੜਣ ਪਿਛੋਂ ਕੱਟੇ ਸਨ। ਲਾਇਬਰੇਰੀ ਚੋਂ ਇਰਵਿੰਗ ਸਟੋਨ ਦਾ ਅੰਗਰੇਜ਼ੀ ਦਾ ਨਾਵਲ “ਲਸਟ ਫਾਰ ਲਾਈਫ” ਜੋ ਦੁਨੀਆ ਦੇ ਮਸ਼ਹੂਰ ਪੈਂਟਟਿੰਗ

ਕਰਨ ਵਾਲੇ ਆਰਟਿਸਟ "ਵੈਨ ਗਾਗ" ਦੀ ਜ਼ਿੰਦਗੀ ਤੇ ਲਿਖਿਆ ਹੋਇਆ ਸੀ, ਲੈ ਕੇ ਪੜ੍ਹਿਆ। ਬੜਾ ਕਰੁਣਾ ਮਈ ਸੱਚਾ ਨਾਵਲ ਸੀ। ਇਸ ਨਾਵਲ ਨੇ ਮੇਰੇ ਤੇ ਬਹੁਤ ਜ਼ਿਆਦਾ ਅਸਰ ਕੀਤਾ ਅਤੇ ਇਹ ਨਾਵਲ ਮੈਨੂੰ ਅਧੋਂ ਵਧ ਜ਼ਬਾਨੀ ਯਾਦ ਹੋ ਗਿਆ। ਯੂਰਪ ਦੇ ਡੱਚ ਇਲਾਕੇ ਵਿਚ ਇਕ ਮਹਾਨ ਆਰਟਿਸਟ ਨੂੰ ਸਾਰੀ ਉਮਰ ਕੋਈ ਵੀ ਸਮਝ ਨਾ ਸਕਿਆ। ਉਹਦੀ ਇਕ ਵੀ ਪੇਂਟਿੰਗ ਸਾਰੀ ਉਮਰ ਨਾ ਵਿਕੀ ਤੇ ਤੇ ਕਿਸੇ ਕੁੜੀ ਨੇ ਉਸ ਨੂੰ ਪਿਆਰ ਨਾ ਕੀਤਾ। ਇਥੋਂ ਤਕ ਕਿ ਇਕ ਵੇਸਵਾ ਨੂੰ ਜਿੱਤਣ ਲਈ ਉਹਨੇ ਆਪਣਾ ਇਕ ਕੰਨ ਵਢ ਕੇ ਉਹਨੂੰ ਦੇ ਦਿਤਾ ਪਰ ਫਿਰ ਵੀ ਉਹ ਉਹਦੀ ਨਾ ਬਣੀ ਤੇ ਉਹ ਪਾਗਲ ਹੋ ਗਿਆ। ਗਲੀਆਂ ਦੇ ਮੁੰਡੇ ਉਹਨੂੰ ਰੋੜੇ ਮਾਰਦੇ, "ਫਊ ਰਊ ਵਾਜ਼ ਏ ਕਰੇਜ਼ੀ ਮੈਨ," ਕਹਿ ਕੇ ਛੇੜਦੇ ਅਤੇ ਕਾਂ ਸਿਰ ਵਿਚ ਠੂੰਗਾਂ ਮਾਰਦੇ ਤੇ ਉਹ ਭੁਖ ਦੇ ਦੁਖ ਨਾਲ ਮਰ ਗਿਆ। ਮਰਨ ਉਪਰੰਤ ਉਹਦੀਆਂ ਪੇਟਿੰਗਜ਼ ਦੀਆਂ ਕੀਮਤਾਂ ਦੁਨੀਆ ਵਿਚ ਐਨੀ ਬੁਲੰਦੀ ਤੇ ਪਹੁੰਚ ਗਈਆਂ ਕਿ ਉਹਨਾਂ ਨੂੰ ਦੁਨੀਆ ਦਾ ਕੋਈ ਵਡੇ ਤੋਂ ਵਡਾ ਧਨਾਡ ਵੀ ਖਰੀਦ ਨਹੀਂ ਸਕਦਾ ਸੀ। ਬਹੁਤ ਸਾਲਾਂ ਪਿਛੋਂ ਵਿਨਸੈਂਟ ਵਾਨ ਗਾਗ ਦੀ ਇਸੇ ਨਾਵਲ ਤੇ ਅੰਗਰੇਜ਼ੀ ਵਿਚ ਬਣੀ ਮੈਂ ਪਿਕਚਰ ਵੀ ਵੇਖੀ ਅਤੇ ਉਹਦੀਆਂ ਪੇਂਟਿੰਗਜ਼ ਵਿਚੋਂ ਰੰਗਾਂ ਦੀ ਮਹਾਨਤਾ ਅਤੇ ਜ਼ਿੰਦਗੀ ਦੇ ਅਰਥ ਸਮਝਣ ਦੀ ਕੋਸ਼ਿਸ਼ ਵੀ ਕੀਤੀ।

ਕਾਲਜ ਦੀ ਲਾਇਬਰੇਰੀ ਵਿਚੋਂ ਮੈਂ ਉਰਦੂ ਦੇ ਮਸ਼ਹੂਰ ਲੇਖਕ ਕ੍ਰਿਸ਼ਨ ਚੰਦਰ ਦੀਆਂ ਵੀ ਕਈ ਕਿਤਾਬਾਂ ਲੈ ਕੇ ਵੀ ਪੜ੍ਹ ਲਈਆਂ ਅਤੇ ਇਹਨਾਂ ਵਿਚੋਂ ਕਈ ਕਹਾਣੀਆਂ ਜਿਵੇਂ ਅਜੰਤਾ ਸੇ ਆਗੇ, ਪੂਰੇ ਚਾਂਦ ਕੀ ਰਾਤ ਵਗੈਰਾ ਮੈਨੂੰ ਜ਼ਬਾਨੀ ਯਾਦ ਹੋ ਗਈਆਂ। ਮੈਂ ਇਕ ਇਕ ਰਾਤ ਵਿਚ ਕਈ ਕਿਤਾਬਾਂ ਪੜ੍ਹ ਲੈਂਦਾ ਸਾਂ ਜਿਸ ਨਾਲ ਕਿਤਾਬਾਂ ਅੰਦਰਲਾ ਸਾਹਿਤਕ ਗਿਆਨ ਮੇਰੇ ਅੰਦਰ ਪਰਵੇਸ਼ ਕਰ ਰਿਹਾ ਸੀ ਅਤੇ ਇਹ ਗਿਆਨ ਜਿਥੇ ਮੈਨੂੰ ਲੇਖਕ ਬਨਣ ਲਈ ਉਤਸ਼ਾਹਤ ਕਰ ਰਿਹਾ ਸੀ, ਓਥੇ ਆਪਣੇ ਮਨ ਵਿਚ ਪੈਦਾ ਹੁੰਦੇ ਵਿਚਾਰਾਂ ਨੂੰ ਕਲਮ ਬੰਦ ਕਰਨ ਲਈ ਵੀ ਕਹਿ ਰਿਹਾ ਸੀ। ਪ੍ਰੋ: ਭਾਟੀਆ ਨੇ ਮੈਨੂੰ ਕਾਲਜ ਮੈਗਜ਼ੀਨ ਦੇ ਪੰਜਾਬੀ ਭਾਗ ਦਾ ਫਸਟ ਯੀਅਰ ਵਿਚ ਹੀ ਅਸਿਟੰਟ ਐਡੀਟਰ ਹੀ ਬਣਾ ਦਿਤਾ ਜਿਸ ਦਾ ਪੂਰਾ ਐਡੀਟਰ ਗੁਰਨਾਮ ਸਿੰਘ ਪ੍ਰਭਾਤ ਸੀ। ਹੁਣ ਮੈਂ ਇਕ ਐਸੀ ਕਹਾਣੀ ਲਿਖਣਾ ਚਹੁੰਦਾ ਸਾਂ ਜਿਸ ਨਾਲ ਸਾਰੇ ਕਾਲਜ ਵਿਚ ਯਕ ਦਮ ਮੇਰਾ ਨਾਂ ਮਸ਼ਹੂਰ ਹੋ ਜਾਵੇ ਪਰ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਕੀ ਲਿਖਾਂ। ਬਾਕੀ ਅਜੇ ਕਾਲਜ ਮੈਗਜ਼ੀਨ ਦੇਰ ਨਾਲ ਛਪਣਾ ਸੀ ਤੇ ਪ੍ਰੋਫੈਸਰ ਭਾਟੀਆ ਕਹਿਣ ਲੱਗਾ ਕਿ ਮੈਂ ਹੋਰਨਾਂ ਮੁੰਡਿਆਂ ਤੋਂ ਵੀ ਆਰਟੀਕਲਜ਼ ਇਕਠੇ ਕਰਨੇ ਸ਼ੁਰੂ ਕਰ ਦੇਵਾਂ।

ਅੰਗਰੇਜ਼ੀ ਦਾ ਪ੍ਰੋ: ਮਨਰਾਏ ਸੀ ਜੋ ਗਿੱਟਿਆਂ ਤੋਂ ਉਚੀ ਤੇ ਬੜੀ ਖੁਲ੍ਹੀ ਪੈਂਟ ਪੌਂਦਾ ਤੇ ਆਪਣੇ ਆਪ ਨੂੰ ਰਾਜ ਕਪੂਰ ਸਮਝਦਾ ਸੀ। ਕਾਲਜ ਵਿਚ ਮਸ਼ਹੂਰ ਸੀ ਕਿ ਪ੍ਰੋ: ਮਨਰਾਏ ਐਕਟਰ ਬਨਣ ਲਈ ਬੰਬਈ ਚਲਾ ਗਿਆ ਸੀ ਤੇ ਕਾਮਯਾਬ ਨਾ ਹੋਣ ਤੇ ਕਿਸੇ ਕੋਲੋਂ ਵਾਪਸੀ ਦਾ ਕਿਰਾਇਆਂ ਫੜ ਕੇ ਬੜੀ ਮੁਸ਼ਕਲ ਨਾਲ ਫਿਰੋਜ਼ਪੁਰ ਪਹੁੰਚਿਆ ਸੀ। ਕਾਲਜ ਵਿਚ ਉਸਦੀ ਬੜੀ ਟੌਹਰ ਸੀ ਤੇ ਅੰਗਰੇਜ਼ੀ ਪੜ੍ਹਾਉਣ ਵਿਚ ਉਸ ਨੂੰ ਕਮਾਲ ਹਾਸਲ ਸੀ। ਹਿੰਦੀ ਦਾ ਪ੍ਰੋਫੈਸਰ ਅਨੰਦ ਵੀ ਆਪਣੇ ਆਪ ਨੂੰ ਦੇਵਾ ਅਨੰਦ ਸਮਝਦਾ ਸੀ ਤੇ ਬਹੁਤ ਸੁਹਣਾ ਹੋਣ ਕਰ ਕੇ ਜਿਥੇ ਕਪੜੇ ਵੀ ਬੜੇ ਸੁਹਣੇ ਪੌਂਦਾ ਸੀ, ਓਥੇ ਸਿਰ ਦੇ ਪਟੇ ਦੇਵਾਨੰਦ ਵਾਂਗ ਵਾਹ ਕੇ ਰਖਦਾ ਸੀ। ਫਿਲਮਾਂ ਵਿਚ ਐਕਟਰਾਂ ਤੋਂ ਬਾਅਦ ਮੈਨੂੰ ਇਹ ਪ੍ਰੋਫੈਸਰ ਐਕਟਰਾਂ ਵਰਗੇ ਹੀ ਲਗਦੇ ਅਤੇ ਇਹਨਾਂ ਦੀ ਕਾਬਲੀਅਤ ਮੈਨੂੰ ਬੜੀ ਪ੍ਰਭਾਵਿਤ ਕਰਦੀ। ਪ੍ਰੋ ਟੰਡਨ ਇਕਨਾਮਿਕਸ ਪੜ੍ਹਾਂਦਾ ਸੀ ਤੇ ਬੜਾ ਸ਼ਰੀਫ ਸੀ।
ਪ੍ਰੋ: ਜੋਤੀ ਡੀ. ਪੀ. ਈ. ਸੀ ਤੇ ਪ੍ਰੋ: ਕੈਸ਼ਪ ਅੰਗਰੇਜ਼ੀ ਦਾ ਟੀਚਰ ਸੀ ਤੇ ਕਾਲਜ ਹੋਸਟਲ ਦਾ ਸੁਪਰਡੰਟ ਵੀ ਸੀ। ਪ੍ਰਿੰਸੀਪਲ ਐਸ. ਬੀ. ਸੈਨ ਗੁਪਤਾ ਨੂੰ ਕਾਲਜ ਵਿਚ ਹੀ ਰਹਿਣ ਲਈ ਕੋਠੀ ਮਿਲੀ ਹੋਈ ਸੀ। ਉਹਨੂੰ ਪੰਜਾਬੀ ਬੜੀ ਘੱਟ ਆਉਂਦੀ ਸੀ। ਇਕ ਦਿਨ ਦੋ ਮੁੰਡੇ ਲੜਦੇ ਲੜਦੇ ਉਹਦੇ ਕਮਰੇ ਵਿਚ ਚਲੇ ਗਏ ਤੇ ਇਕ ਦੂਜੇ ਤੇ ਦੋਸ਼ ਲਾਉਣ ਲੱਗੇ

: ਸਰ ਇਹਨੇ ਮੈਨੂੰ ਗਾਲ ਕਢੀ"

"ਦੈੱਨ?"

"ਸਰ ਮੈਂ ਇਹਦੇ ਮੁੱਕਾ ਮਾਰਿਆ"

"ਦੈੱਨ?"

"ਸਰ ਇਹਨੇ ਮੇਰਾ ਝੱਗਾ ਪਾੜ ਦਿਤਾ"

"ਵਟ ਝੱਗਾ ਪਾੜ ਦਿਤਾ?" ਪ੍ਰਿੰਸੀਪਲ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਤੇ ਪ੍ਰਿੰਸੀਪਲ ਨੇ ਦੋਹਾਂ ਨੂੰ ਜੁਰਮਾਨਾ ਕਰ ਕੇ ਅਤੇ ਅਗੋਂ ਨਾ ਲੜਨ ਲਈ ਕਹਿ ਕੇ ਆਪਣੇ ਦਫਤਰ ਵਿਚੋਂ ਬਾਹਰ ਕਢ ਦਿਤਾ।

ਇਕ ਰਾਤ ਨੂੰ ਮੈਂ ਹੋਸਟਲ ਵਿਚ ਕਾਲਜ ਦੇ ਪੁਰਾਣੇ ਮੁੰਡੇ ਜੋ ਆਪਣੇ ਆਪ ਨੂੰ ਖਲੀਫੇ ਸਮਝਦੇ ਸਨ, ਦੀ ਰੈਗਿੰਗ ਦਾ ਸ਼ਿਕਾਰ ਹੋ ਗਿਆ। ਉਹਨਾਂ ਅਧੀ ਰਾਤ ਮੇਰੇ ਦਸ ਨੰਬਰ ਕਮਰੇ ਦਾ ਦਰਵਾਜ਼ਾਂ ਖੜਕਾਇਆ ਤੇ ਔਂਦੇ ਈ ਕਹਿਣ ਲਗੇ ਆਪਣਾ ਪਾਜਾਮਾ ਲਾਹ ਦੇ ਨਹੀਂ ਤਾਂ ਅਸੀਂ ਜ਼ਬਰਦਸਤੀ ਕਰਾਂਗੇ। ਉਹ ਜ਼ਬਰਦਸਤੀ ਕਰਨ ਤੇ ਉਤਰੇ ਹੋਏ ਸਨ ਤੇ ਗੰਗਾ ਨਗਰ ਵੱਲ ਦਾ ਅਮਰ ਸਿੰਘ ਜਿਸ ਨੂੰ ਮੈਂ ਬੜਾ ਗੁਰਮਖ ਸਮਝਦਾ ਸਾਂ, ਉਹਨਾਂ ਨੂੰ ਹਲਾ ਸ਼ੇਰੀ ਦੇ ਰਿਹਾ ਸੀ ਤੇ ਬਧੋ ਬਧੀ ਮੇਰੇ ਨਾਲ ਲੇਟ ਕੇ ਮੇਰੀਆਂ ਗਲ੍ਹਾਂ ਚੂਸਣ ਦੀ ਕੋਸ਼ਿਸ਼ ਕਰਨ ਲੱਗਾ। ਉਹਦੇ ਮੂੰਹ ਵਿਚੋਂ ਦਾਰੂ ਦੀ ਬੂ ਆ ਰਹੀ ਸੀ। ਜਦੋਂ ਮੈਂ

ਰੌਲਾ ਪਾ ਦਿਤਾ ਤੇ ਉਚੀ ਉਚੀ ਰੋਣ ਲਗ ਪਿਆ ਤੇ ਕਿਹਾ ਕਿ ਮੈਂ ਹੋਸਟਲ ਦੇ ਸੁਪਰਡੰਟ ਨੂੰ ਦੱਸਾਂਗਾ ਤਾਂ ਉਹ ਕਹਿਣ ਲਗੇ ਅਜ ਤਾਂ ਅਸੀਂ ਤੈਨੂੰ ਛਡ ਦਿੰਦੇ ਹਾਂ ਪਰ ਜੇ ਤੂੰ ਹੋਸਟਲ ਸੁਪਰਡੰਟ ਨੂੰ ਦਸਿਆ ਤਾਂ ਕਾਲਜ ਵਿਚੋਂ ਬਾਹਰ ਲਿਜਾ ਕੇ ਤੈਨੂੰ ਐਨਾ ਕੁੱਟਾਂਗੇ ਕਿ ਤੂੰ ਕਾਲਜ ਛਡ ਜਾਏਂਗਾ। ਜਦੋਂ ਉਹ ਚਲੇ ਗਏ ਤਾਂ ਮੈਂ ਜਾ ਕੇ ਹੋਸਟਲ ਸੁਪਰਡੰਟ ਦੀ ਬੈਲ ਨੱਪ ਦਿਤੀ। ਉਹ ਸੁਤਾ ਪਿਆ ਉਠ ਕੇ ਆਇਆ ਤੇ ਮੈਂ ਉਹਨੂੰ ਸਾਰੀ ਗੱਲ ਦੱਸ ਦਿਤੀ। ਓਸ ਮੈਨੂੰ ਹੌਸਲਾ ਦਿਤਾ ਅਤੇ ਕਿਹਾ ਕਿ ਸਵੇਰੇ ਉਹ ਉਹਨਾਂ ਨੂੰ ਬੁਲਾ ਕੇ ਪੁਛੂਗਾ ਤੇ ਲੋੜ ਪਈ ਤਾਂ ਪ੍ਰਿੰਸੀਪਲ ਦੇ ਵੀ ਪੇਸ਼ ਕਰੂਗਾ। ਅਗਲੇ ਦਿਨ ਉਹਨਾਂ ਸਭ ਨੇ ਮੁਆਫੀ ਮੰਗ ਲਈ ਤੇ ਅਗੋਂ ਤੋਂ ਅਜਿਹੀ ਹਰਕਤ ਨਾ ਕਰਨ ਦੀ ਸਹੁੰ ਖਾਧੀ ਪਰ ਫਿਰ ਵੀ ਮੈਨੂੰ ਇਹਨਾਂ ਤੋਂ ਡਰ ਈ ਲਗਦਾ ਰਹਿੰਦਾ।

ਅਬੋਹਰ ਵੱਲ ਦੇ ਬਾਗੜੀਆਂ ਅਤੇ ਬਿਸ਼ਨੋਈਆਂ ਦੇ ਮੁੰਡਿਆਂ ਨੂੰ ਵੈਸੇ ਤਾਂ ਫਾਜਿਲਕਾ ਦਾ ਮੁਨਸ਼ੀ ਰਾਮ ਕਾਲਜ ਨੇੜੇ ਪੈਂਦਾ ਸੀ ਪਰ ਉਹ ਫਿਰੋਜ਼ਪੁਰ ਦੇ ਕਾਲਜ ਜੋ ਵਡੇ ਸ਼ਹਿਰ ਵਿਚ ਸੀ, ਪੜ੍ਹਨਾ ਫਖਰ ਤੇ ਵਡੀ ਗੱਲ ਸਮਝਦੇ ਸਨ। ਕਈ ਤਾਂ ਜਲੰਧਰ ਦੇ ਕਾਲਜਾਂ ਵਿਚ ਵੀ ਦਾਖਲ ਹੋ ਜਾਂਦੇ ਸਨ ਜਿਸ ਨਾਲ ਇਲਾਕੇ ਵਿਚ ਇਹਨਾਂ ਦੀ ਟੌਹਰ ਬਣ ਜਾਂਦੀ ਸੀ। ਇਹਨਾਂ ਵਿਚੋਂ ਕਈ ਲੁਕ ਛਿਪ ਕੇ ਹੁੱਕਾ ਵੀ ਪੀਂਦੇ ਸਨ ਜਦ ਕਿ ਸਿਰਗਟਾਂ ਤੇ ਬੀੜੀਆਂ ਤਾਂ ਆਮ ਹੀ ਪੀਂਦੇ ਰਹਿੰਦੇ ਸਨ। ਇਹ ਵਖ ਵਖ ਸਿਨਮਿਆਂ ਵਿਚ ਜਾ ਕੇ ਪਿਕਚਰਾਂ ਵੀ ਬਹੁਤ ਵੇਖਦੇ ਸਨ ਤੇ ਚੌਧਰੀਆਂ ਦੇ ਇਹ ਮੁੰਡੇ ਬਾਗੜੀ ਭਾਸ਼ਾ ਵਿਚ ਪਿਕਚਰਾਂ ਦੀਆਂ ਗੱਲਾਂ ਕਰਿਆ ਕਰਦੇ ਸਨ। ਕੁੜੀਆਂ ਵੇਖ ਕੇ ਆਵਾਜ਼ੇ ਕਸਦੇ, " ਅਰੇ ਤਨੇ ਦੇਖਣ ਖਾਤਰ ਤੋ ਮੇਰੇ ਖੇਤ ਕੀ ਫਸਲ ਠਾਹ ਠਾਹ ਕੇ ਉਪਰ ਨੂੰ ਆਵੈ ਸੈ-ਜਬ ਤੂੰ ਚਾਲੇ ਸੇ ਤੋ ਮਨ ਮੇਂ ਘੁੰਗਰੂ ਬਾਜੇ ਸੈ"। ਜਿਹੜੇ ਮੁੰਡੇ ਜ਼ਿਆਦਾ ਪਿਕਚਰਾਂ ਵੇਖਦੇ ਸਨ, ਉਹ ਜ਼ਿਆਦਾ ਅਮੀਰ ਤੇ ਸੌਖੇ ਸਮਝੇ ਜਾਂਦੇ ਸਨ। ਇਹ ਸ਼ਰਾਬ ਪੀਣੀ ਵੀ ਮਾੜੀ ਨਹੀਂ ਸਮਝਦੇ ਸਨ। ਇਕ ਦਿਨ ਕੁਝ ਮੁੰਡਿਆਂ ਨੇ ਦਰਿਆ ਸਤਲੁਜ ਦਰਿਆ ਦੀ ਇਕ ਫਾਂਟ ਕੰਢੇ ਪੈਂਦੇ ਪਿੰਡਾਂ ਪਲੇ ਮੇਘੇ ਵਿਚ ਜਾ ਕੇ ਰਾਏ ਸਿੱਖਾਂ ਦੀ ਘਰ ਦੀ ਦਾਰੂ ਪੀਣ ਤੇ ਗਰਮ ਗਰਮ ਪਕੌੜੇ ਤੇ ਜਲੇਬੀਆਂ ਖਾਣ ਦਾ ਪਰੋਗਰਾਮ ਬਣਾ ਲਿਆ।

### ਦਰਿਆ ਵਿਚ ਡੁਬਦੇ ਡੁਬਦੇ ਬਚੇ

ਕਾਲਜ ਦੇ ਸਿਨੀਅਰ ਮੁੰਡੇ ਜਾਂ ਖਲੀਫੇ ਜਿਨ੍ਹਾਂ ਦੀ ਮੈਂ ਸ਼ਕਾਇਤ ਲਾਈ ਸੀ, ਅੰਦਰੋਂ ਮੇਰੇ ਨਾਲ ਬੜੇ ਔਖੇ ਸਨ। ਮੈਂ ਵੀ ਇਹਨਾਂ ਤੋਂ ਬਚ ਕੇ ਰਹਿੰਦਾ ਸਾਂ। ਮੈਨੂੰ ਪਤਾ ਸੀ ਕਿ ਖੁੰਦਕ ਕਢਣ ਲਈ ਇਹ ਕਿਸੇ ਨਾ ਕਿਸੇ ਤਰੀਕੇ ਨਾਲ ਮੇਰੇ ਤੇ ਵਾਰ ਕਰਨਗੇ। ਮੈਂ ਭਰਾ ਭਰਜਾਈ ਨੂੰ ਸਿਰਫ ਏਨਾ ਹੀ ਦਸਿਆ ਸੀ ਕਿ ਇਹਨਾਂ ਨੇ ਰਾਤ ਨੂੰ ਮੈਨੂੰ ਤੰਗ ਕੀਤਾ ਸੀ। ਭਰਾ ਭਰਜਾਈ ਨੇ ਕਹਿ ਦਿਤਾ ਸੀ ਕਿ ਮੈਂ ਹੋਸਟਲ ਛਡਕੇ ਉਹਨਾਂ ਦੇ ਘਰ ਆ ਜਾਵਾਂ ਪਰ ਮੈਂ ਇਹਨਾਂ ਤੋਂ ਡਰ ਕੇ ਹੋਸਟਲ ਨਹੀਂ ਛਡਣਾ ਚਹੁੰਦਾ ਸਾਂ। ਦਿਨ ਵਿਚ ਕਈ ਵਾਰ ਕਾਲਜ ਵਿਚ ਤੁਰੇ ਫਿਰਦਿਆਂ, ਟੱਕ ਸ਼ਾਪ ਜਾਂ ਕਨਟੀਨ ਵਿਚ ਅਤੇ ਕਈ ਵਾਰ ਸ਼ਾਮ ਨੂੰ ਫੁੱਟ ਬਾਲ ਜਾਂ ਹਾਕੀ ਖੇਡਦਿਆਂ ਮੁਲਾਕਾਤ ਹੋ ਜਾਂਦੀ ਸੀ ਪਰ ਮੈਂ ਇਹਨਾਂ ਨਾਲ ਬੋਲਦਾ ਨਹੀਂ ਸਾਂ। ਜਿਸ ਪਾਸੇ ਕਾਲਜ ਦੀਆਂ ਲੈਟਰੀਨਜ਼ ਸਨ, ਓਸ ਪਾਸੇ ਕੇਲਿਆਂ ਦੇ ਬਹੁਤ ਸਾਰੇ ਅਠ ਅਠ ਫੁਟ ਉਚੇ ਪੌਦੇ ਸਨ ਜਿਨ੍ਹਾਂ ਨੂੰ ਕਚੇ ਕੇਲਿਆਂ ਦੇ ਗੁਛੇ ਲਗੇ ਹੋਏ ਸਨ। ਇਕ ਦਿਨ ਇਹਨਾਂ ਵਿਚੋਂ ਇਕ ਮੁੰਡਾ ਮੈਨੂੰ ਕੇਲਿਆਂ ਦਾ ਗੁਛਾ ਤੋੜਨ ਲਈ ਕਹਿ ਰਿਹਾ ਸੀ ਪਰ ਨਾਂਹ ਕਰ ਦਿਤੀ। ਇਹ ਮੇਰੇ ਤੇ ਆਵਾਜ਼ੇ ਕਸਦੇ ਸਨ ਅਤੇ ਰੁਅਬ ਰਖਣ ਦੀ ਕੋਸ਼ਿਸ਼ ਕਰਦੇ ਸਨ। ਇਕ ਰਾਤ ਇਹਨਾਂ ਨੇ ਫਸਟ ਯੀਅਰ ਦੇ ਮੁੰਡਿਆਂ ਨੂੰ ਹੋਸਟਲ ਦੀ ਬਾਰੀ ਤੋੜ ਕੇ ਮਗਰ ਪੈਂਦੇ ਬਾਗ ਵਿਚੋਂ ਅਲੂਚੇ ਤੋੜਨ ਲਈ ਸਾਨੂੰ ਭੇਜ ਦਿਤਾ। ਰਾਤ ਦੇ ਹਨੇਰੇ ਵਿਚ ਅਸਾਂ ਕਚੇ ਪਕੇ ਆਲੂਚੇ ਤੋੜ ਕੇ ਝੋਲੀਆਂ ਭਰ ਲਈਆਂ ਪਰ ਸਾਨੂੰ ਸ਼ਹਿਦ ਦੀਆਂ ਮਖੀਆਂ ਲੜ ਗਈਆਂ ਤੇ ਸਾਡੇ ਮੂੰਹ ਸਿਰ ਸੁਜ ਗਏ। ਮੈਂ ਤਾਂ ਭਰਾ ਦੇ ਘਰ ਚਲਾ ਗਿਆ ਪਰ ਜਦੋਂ ਕਮਰਿਆਂ ਦੀ ਤਲਾਸ਼ੀ ਹੋਈ ਤਾਂ

ਜਿਨ੍ਹਾਂ ਮੁੰਡਿਆਂ ਦੇ ਕਮਰਿਆਂ ਵਿਚੋਂ ਅਲੂਚੇ ਨਿਕਲੇ, ਉਹਨਾਂ ਨੂੰ ਪ੍ਰਿੰਸੀਪਲ ਨੇ ਜੁਰਮਾਨਾ ਕਰ ਦਿਤਾ ਤੇ ਜੁਰਮਾਨੇ ਦੀ ਰਕਮ ਬਾਗ ਦੇ ਮਾਲੀ ਨੂੰ ਦੇ ਦਿਤੀ। ਇਸਤਰ੍ਹਾਂ ਦੀਆਂ ਸ਼ਰਾਰਤਾਂ ਇਹ ਮੁੰਡੇ ਕਰਦੇ ਹੀ ਰਹਿੰਦੇ ਸਨ।
ਕਦੀ ਕਦੀ ਸ਼ਾਮੀਂ ਹਥਾਂ ਨਾਲ ਬਾਲੇ ਕਢਦਿਆਂ ਬਸਤੀ ਕੰਬੋਆਂ ਵਾਲੇ ਜਾਗੀਰ ਨਾਲ ਮੁਲਾਕਾਤ ਹੋ ਜਾਂਦੀ ਜੋ ਡੌਲੇ ਬਨਾਉਣ ਵਾਸਤੇ ਬਾਲੇ ਕਢਣ ਲਈ ਕਾਲਜ ਆਉਂਦਾ ਅਤੇ ਨਾਲ ਬੀ. ਏ. ਵਿਚ ਆਈ ਆਪਣੀ ਕੰਪਾਰਟਮੈਂਟ ਦੀ ਤਿਆਰੀ ਵੀ ਕਰਦਾ। ਜਾਗੀਰ ਕੰਬੋਆਂ ਵਾਲੀ ਬਸਤੀ ਦਾ ਲੈਂਡਲਾਰਡ ਸੀ। ਵਡੀ ਹਵੇਲੀ ਤੇ ਕਈ ਕਮਰਿਆਂ ਵਾਲਾ ਘਰ। ਇਕ ਪਾਸੇ ਮਝਾਂ ਗਾਵਾਂ ਬੰਨ੍ਹਣ ਲਈ ਆਹਾਤਾ। ਬਸਤੀ ਦੇ ਨਾਲ ਲਗਦੀ ਬਾਰਾਂ ਏਕੜ ਜ਼ਮੀਨ ਜਿਸ ਵਿਚ ਬਿਜਲੀ ਦੀ ਮੋਟਰ ਲਗੀ ਹੋਈ ਸੀ ਅਤੇ ਬਲਦ ਹਕਣ ਵਾਲਾ ਖੂਹ ਵੀ ਸੀ। ਉਹਦੀ ਜ਼ਮੀਨ ਵਿਚ ਵਾਧੂ ਸਬਜ਼ੀਆਂ ਜਿਵੇਂ ਟਮਾਟਰ, ਗੋਭੀ, ਆਲੂ, ਟਿੰਡੇ, ਹਲਵਾ ਕਦੂ, ਪਿਆਜ਼ ਆਦਿ ਬਹੁਤ ਹੁੰਦੇ ਤੇ ਸ਼ਹਿਰ ਦੀ ਸਬਜ਼ੀ ਮੰਡੀ ਵਿਚ ਵਿਕਣ ਜਾਂਦੇ। ਜਾਗੀਰ ਦਾ ਬਾਪ ਸਰਦਾਰ ਬਿਹਾਰਾ ਸਿੰਘ ਬਸਤੀ ਕੰਬੋਆਂ ਦਾ ਸਰਦਾਰ ਮੰਨਿਆ ਜਾਂਦਾ ਸੀ। ਇਸ ਤੋਂ ਇਲਾਵਾ ਉਹਨਾਂ ਨੂੰ ਪਾਕਿਸਤਾਨ ਵਿਚ ਰਹਿ ਗਈ ਜ਼ਮੀਨ ਬਦਲੇ ਵੀ ਅਬੋਹਰ ਲਾਗੇ ਇਕ ਪਿੰਡ ਵਿਚ ਕਾਫੀ ਜ਼ਮੀਨ ਅਲਾਟ ਹੋਈ ਸੀ ਜੋ ਬਾਅਦ ਵਿਚ ਉਹਨਾਂ ਨੇ ਬਾਹਮੀ ਤਬਾਦਲਾ ਕਰ ਕੇ ਕਰਮੂ ਵਾਲੇ ਲੈ ਆਂਦੀ ਸੀ ਜਿਸ ਦਾ ਰਕਬਾ ਤਿੰਨ ਸੌ ਏਕੜ ਦੇ ਕਰੀਬ ਸੀ। ਬਾਅਦ ਵਿਚ 1958 ਵਿਚ ਜਾਗੀਰ ਦਾ ਵਿਆਹ ਪੰਜਾਬ ਦੇ ਖਜ਼ਾਨਾ ਮੰਤਰੀ ਰਹੇ ਬਲਵੰਤ ਸਿੰਘ ਦੀ ਕਜ਼ਨ ਸਿਸਟਰ ਅਮਰ ਕੌਰ ਨਾਲ ਹੋ ਗਿਆ ਸੀ ਤੇ ਜਦੋਂ ਜੰਜ ਪਿੰਡ ਸੈਦ ਪੁਰ ਢੁਕੀ ਸੀ ਤਾਂ ਮੈਂ ਵੀ ਬਰਾਤੇ ਗਿਆ ਸਾਂ। ਓਦੋਂ ਸੁਲਤਾਨ ਪੁਰ ਲੋਧੀ ਤੋਂ ਟਿਬੇ ਨੂੰ ਕੋਈ ਪਕੀ ਸੜਕ ਨਹੀਂ ਜਾਂਦੀ ਸੀ।

ਜਾਗੀਰ ਰਾਹੀਂ ਹੀ ਅਮੀਰ ਖਾਸ ਪਿੰਡ ਵਾਲਾ ਸ. ਹਰਬੰਸ ਸਿੰਘ ਜਿਸ ਦਾ ਪਿੰਡ ਗੁਦੜਢੰਡੀ ਤੋਂ ਪੰਦਰਾਂ ਵੀਹ ਮੀਲ ਅਗੇ ਜਲਾਲਾਬਾਦ ਵੈਸਟ ਲਾਗੇ ਪੈਂਦਾ ਸੀ, ਮੇਰਾ ਦੋਸਤ ਬਣ ਗਿਆ। ਉਹ ਵੀ ਜਾਗੀਰ ਦੇ ਨਾਲ ਹੀ ਬੀ. ਏ. ਵਿਚੋਂ ਆਈ ਕੰਪਾਰਟਮੈਂਟ ਦੀ ਤਿਆਰੀ ਕਰਦਾ ਸੀ। ਉਹ ਦੋਵੇਂ ਇਕਠੇ ਬੀਹ ਕੇ ਕਦੇ ਕਾਲਜ ਵਿਚ ਤੇ ਕਦੇ ਹਰਬੰਸ ਸਿੰਘ ਦੇ ਘਰ ਕੰਪਾਰਟਮੈਂਟ ਦਾ ਇਮਤਿਹਾਨ ਪਾਸ ਕਰਨ ਦੀ ਤਿਆਰੀ ਕਰਦੇ ਸਨ। ਕਈ ਵਾਰ ਉਹ ਮੇਰੇ ਹੋਸਟਲ ਦੇ ਕਮਰੇ ਵਿਚ ਵੀ ਆ ਜਾਂਦੇ। ਜਾਗੀਰ ਮੇਥੋਂ ਭਾਵੇਂ ਚਾਰ ਵਡਾ ਸੀ ਤੇ ਪੜ੍ਹਾਈ ਵਿਚ ਅਗੇ ਸੀ, ਪਰ ਇਕੋ ਬਰਾਦਰੀ ਦੇ ਹੋਣ ਕਰ ਕੇ ਜਾਗੀਰ ਨਾਲ ਮੇਰੀ ਦੋਸਤੀ ਪੈ ਗਈ ਸੀ। ਜਾਗੀਰ ਅਕਸਰ ਮੈਨੂੰ ਆਪਣੇ ਬਸਤੀ ਕੰਬੋਆਂ ਵਾਲੇ ਵਡੇ ਸਾਰੇ ਘਰ ਵਿਚ ਲੈ ਜਾਂਦਾ ਜਿਥੇ ਉਹਨਾਂ ਦੀ ਬੈਠਕ ਵਿਚ ਅਸੀਂ ਮਰਫੀ ਰੇਡੀਓ ਤੇ ਰੇਡੀਓ ਸੀਲੋਨ ਤੋਂ ਗਾਣੇ ਸੁਣਦੇ। ਏਡਾ ਵਡਾ ਤੇ ਕੀਮਤੀ ਰੇਡੀਓ ਸ਼ਹਿਰ ਵਿਚ ਕਿਸੇ ਕਿਸੇ ਕੋਲ ਹੀ ਹੁੰਦਾ ਸੀ। ਹਰਬੰਸ ਸਿੰਘ ਤੇ ਜਾਗੀਰ ਸਿੰਘ ਦੋਹਾਂ ਨਾਲ ਮੇਰੀ ਦੋਸਤੀ ਪੈ ਗਈ। ਕਦੀ ਕਦੀ ਮੈਂ ਇਹਨਾਂ ਨੂੰ ਭਰਾ ਦੇ ਘਰ ਵੀ ਲੈ ਜਾਂਦਾ। ਭਰਾ ਖੁਸ਼ ਸੀ ਕਿ ਮੇਰੀ ਵਡੇ ਘਰ ਦੇ ਸਿਨੀਅਰ ਮੁੰਡਿਆਂ ਨਾਲ ਦੋਸਤੀ ਪੈ ਰਹੀ ਸੀ। ਹਰਬੰਸ ਸਿੰਘ ਬਹੁਤ ਸੁਹਣੇ ਪ੍ਰੈਸ ਕੀਤੇ ਹੋਏ ਕਪੜੇ ਪਾ ਕੇ ਰਖਦਾ ਅਤੇ ਗਲ ਵਿਚ ਰੁਮਾਲ ਵੀ ਪੌਂਦਾ ਤਾਂ ਜੋ ਪਸੀਨਾ ਉਹਦੀ ਕਮੀਜ਼ ਦੇ ਕਾਲਰਾਂ ਨੂੰ ਖਰਾਬ ਨਾ ਕਰੇ। ਰੋਜ਼ ਨਵੇਂ ਕਪੜੇ ਬਦਲਦਾ। ਕਈ ਵਾਰ ਹਰਬੰਸ ਸਿੰਘ ਮੈਨੂੰ ਤੇ ਜਾਗੀਰ ਨੂੰ ਕਾਲਜ ਤੋਂ ਔਂਦਿਆਂ ਮਖੂ ਗੇਟ ਦੇ ਅੰਦਰਵਾਰ ਸੱਜੇ ਹਥ ਪੈਂਦੀ ਪਹਿਲੀ ਗਲੀ ਵਿਚ ਆਪਣੇ ਘਰ ਲੈ ਜਾਂਦਾ ਜਿਥੇ ਉਹ ਸਾਨੂੰ ਘਰ ਦੀ ਪਕੀ ਵਧੀਆ ਰੋਟੀ ਖਵਾਉਂਦਾ। ਦਾਲ ਜਾਂ ਸਬਜ਼ੀ ਵਿਚ ਦੇਸੀ ਘਿਓ ਤਰ ਰਿਹਾ ਹੁੰਦਾ। ਪਾਣੀ ਦੀ ਥਾਂ ਲਸੀ ਹੁੰਦੀ। ਗਰਮੀਆਂ ਵਿਚ ਸ਼ਿਕੰਜਵੀ ਬਣਾ ਕੇ ਪਿਆਉਂਦਾ।। ਉਸ ਨੇ ਇਹ ਮੁਸਲਮਾਨਾਂ ਦਾ ਘਰ ਅਲਾਟ ਕਰਾਇਆ ਹੋਇਆ ਸੀ ਅਤੇ ਰੋਟੀ ਪਕਾਣ ਤੇ ਘਰ ਦੇ ਹੋਰ ਕੰਮ ਕਾਜ ਲਈ ਨੌਕਰਾਣੀ ਰੱਖੀ ਹੋਈ ਸੀ। ਸ਼ਾਇਦ ਇਹ ਉਹਦੇ ਪਿੰਡੋਂ ਅਮੀਰ ਖਾਸ ਤੋਂ ਆਈ ਹੋਈ ਸੀ ਤੇ ਦੇਸੀ ਘਿਓ, ਖੋਏ ਦੀਆਂ ਪਿੰਨੀਆਂ, ਆਟਾ, ਦਾਲਾਂ ਆਦਿ ਹਰਬੰਸ ਸਿੰਘ ਦੇ ਪਿੰਡੋਂ ਔਂਦੀਆਂ ਸਨ। ਇਸ ਘਰ ਵਿਚ ਅਮੀਰ ਖਾਸ ਤੋਂ ਹਰਬੰਸ ਸਿੰਘ ਦੇ ਘਰ ਵਾਲੇ ਤੇ ਰਿਸ਼ਤੇਦਾਰ ਵੀ ਔਂਦੇ ਜਾਂਦੇ ਰਹਿੰਦੇ ਸਨ ਜੋ ਕਪੜਿਆਂ ਅਤੇ ਗੱਲਾਂ ਬਾਤਾਂ ਤੋਂ ਅਮੀਰ ਲਗਦੇ ਸਨ। ਇਕ ਵਾਰ ਮੈਂ ਤੇ ਜਾਗੀਰ ਉਹਦੇ ਪਿੰਡ ਚਲੇ ਗਏ ਤੇ ਉਹਦੇ ਘਰ ਵਾਲਿਆਂ ਨੇ ਸਾਡੀ ਬੜੀ ਸੇਵਾ ਕੀਤੀ ਅਤੇ ਜਿੰਨੇ ਦਿਨ ਅਸੀਂ ਉਹਦੇ ਘਰ ਰਹੇ, ਰੋਜ਼ ਮੁਰਗੇ ਬਣਦੇ ਰਹੇ। ਉਹ ਪਿੰਡ ਦੇ ਸਭ ਤੋਂ ਵਡੇ ਅਲਾਟੀ ਸਨ ਅਤੇ ਪਿਛੇ ਜ਼ਿਲਾ ਮਿੰਟਗੁਮਰੀ ਵਿਚ ਵੀ ਬਹੁਤ ਵਡੀ ਜਾਇਦਾਦ ਛਡ ਕੇ ਆਏ ਸਨ। ਪੰਜਾਬੀ ਲੇਖਕ ਬਰਗੇਡੀਅਰ ਨਰਿੰਦਰਪਾਲ ਸਿੰਘ ਅਤੇ ਉਹਦੀ ਪਤਨੀ ਪੰਜਾਬੀ ਲੇਖਿਕਾ ਪ੍ਰਭਜੋਤ ਕੌਰ ਜਿਸ ਦਾ ਜਵਾਈ ਪਿਛੇ ਜਹੇ ਸਾਰੇ ਭਾਰਤ ਦਾ ਮਿਲਟਰੀ ਚੀਫ ਰੀਟਾਇਰ ਹੋਇਆ ਹੈ ਅਤੇ ਹੁਣ ਭਾਰਤ ਦੀ ਇਕ ਸਟੇਟ ਦਾ ਲੈਫਟੀਨੈਂਟ ਗਵਰਨਰ ਹੈ, ਇਸਦੇ ਰਿਸ਼ਤੇਦਾਰ ਸਨ। ਸੀ ਬੀ ਆਈ ਦਾ ਡਾਇਰੈਕਟਰ ਬਣ ਕੇ ਰੀਟਾਇਰ ਹੋਇਆ ਜੋਗਿੰਦਰ ਸਿੰਘ ਜੋ ਜਲਾਲਾਬਾਦ ਦੇ ਭਾਈਆਂ ਕੇ ਦੇ ਬਹੁਤ ਵਡੇ ਖਾਨਦਾਨ ਵਿਚੋਂ ਹੈ ਤੇ ਮੈਟਰਿਕ ਵਿਚ ਗੌਰਮਿੰਟ ਹਾਈ ਸਕੂਲ ਫਿਰੋਜ਼ਪੁਰ ਪੜ੍ਹਿਆ ਸੀ, ਵੀ ਹਰਬੰਸ ਸਿੰਘ ਦਾ ਰਿਸ਼ਤੇਦਾਰ ਸੀ। ਜਾਗੀਰ ਸਿੰਘ ਰਾਹੀਂ ਹੀ ਬਸਤੀ ਕੰਬੋਆਂ ਦੇ ਬੀ. ਏ. ਕਰ ਚੁਕੇ ਮੋਹਨ ਸਿੰਘ ਦੇ ਭਰਾ ਸੋਹਨ ਲਾਲ ਮੋਹਿਤ ਨਾਲ ਵੀ ਦੋਸਤੀ ਹੋ ਗਈ ਜੋ ਆਰ. ਐਸ. ਡੀ. ਕਾਲਜ ਤੋਂ ਬੀ. ਏ. ਕਰ ਚੁਕਾ ਸੀ ਤੇ ਪਰਾਈਵੇਟ ਹਿੰਦੀ ਦੀ ਐਮ. ਏ. ਦੀ ਤਿਆਰੀ ਕਰ ਰਿਹਾ ਸੀ। ਫਿਰੋਜ਼ਪੁਰ ਛਾਉਣੀ ਵਿਚ ਉਹ ਜ਼ਿਲੇ ਦੇ ਇੰਡਸਟਰੀ ਅਫਸਰ ਦਾ ਸਟੈਨੋ ਵੀ ਸੀ ਅਤੇ ਵਡੀ ਗਲ ਕਿ ਉਹਦੇ ਕੋਲ ਸਾਈਕਲ ਸੀ ਜੋ ਉਹ ਕਦੇ ਕਦੇ ਸਾਨੂੰ ਦੇ ਦੇਂਦਾ ਅਤੇ ਮੈਂ ਤੇ ਜਾਗੀਰ ਛਾਉਣੀ ਦਾ ਗੇੜਾ ਕਢ ਔਂਦੇ ਜਾਂ ਛਾਉਣੀ ਵਾਲੇ ਸਿਨਮਿਆਂ ਵਿਚ ਪਿਕਚਰਾਂ ਵੇਖ ਔਂਦੇ। ਭਾਵੇਂ ਉਹ ਘਰੋਂ ਗਰੀਬ ਸੀ ਪਰ ਸਾਥੋਂ ਜ਼ਿਆਦਾ ਪੜ੍ਹਿਆ ਅਤੇ ਹਿੰਦੀ ਵਿਚ ਕਵਿਤਾ ਤੇ ਕਹਾਣੀਆਂ ਲਿਖਦਾ ਹੋਣ ਕਰ ਕੇ ਅਸੀਂ ਉਸਦਾ ਰੁਅਬ ਮੰਨਦੇ ਸਾਂ।

ਬਸਤੀ ਕੰਬੋਆਂ ਵਿਚ ਉਹ ਪਹਿਲਾ ਆਦਮੀ ਸੀ ਜਿਸ ਨੇ ਬੀ. ਏ. ਕੀਤੀ ਸੀ। ਉਹਨੂੰ ਵੇਖ ਕੇ ਮੇਰੇ ਮਨ ਵਿਚ ਉਠਦਾ ਕਿ ਉਹ ਦਿਨ ਕਦੋਂ ਆਊਗਾ ਜਦੋਂ ਮੈਂ ਵੀ ਬੀ. ਏ. ਪਾਸ ਕਰੂੰਗਾ। ਘਰ ਲਿਜਾ ਕੇ ਉਹ ਵੀ ਬੜੀ ਸੇਵਾ ਕਰਦਾ ਸੀ। ਮੇਥੋਂ ਉਮਰ ਤੇ ਪੜ੍ਹਾਈ ਵਿਚ ਵਡੇ ਹੋਣ ਕਾਰਨ ਇਹਨਾਂ ਦੋਸਤਾਂ ਸਦਕਾ ਮੈਂ ਆਪਣੇ ਆਪ ਨੂੰ ਤਕੜਾ ਮਹਿਸੂਸ ਕਰ ਰਿਹਾ ਸਾਂ। ਜ਼ੀਰੇ ਵਾਲਾ ਕਾਮਰੇਡ ਜੋਗਿੰਦਰ ਸਿੰਘ ਸੰਧੂ ਜੋ ਬੀ. ਏ. ਕਰ ਕੇ ਬਾਅਦ ਵਿਚ "ਬੀ. ਏ." ਕਰ ਬਹੁਤ ਮਸ਼ਹੂਰ ਹੋਇਆ ਅਤੇ ਮੇਜਾ ਸਿੰਘ ਜੋ ਪਿਛੋਂ ਹਾਈ ਕੋਰਟ ਦਾ ਵਕੀਲ ਬਣਿਆ, ਲੇਖਕ ਹੋਣ ਕਰ ਕੇ ਮੇਰੇ ਮਿਤਰ ਬਣ ਗਏ ਅਤੇ ਇਹਨਾਂ ਸਾਰਿਆਂ ਨਾਲ ਦੋਸਤੀ ਦਾ ਮੈਨੂੰ ਬੜਾ ਨਸ਼ਾ ਚੜ੍ਹਿਆ ਰਹਿੰਦਾ। ਇਹਨਾਂ ਨੇ ਮੇਰੇ ਨਾਲ ਰੈਗਿੰਗ ਕਰਨ ਵਾਲਿਆਂ ਨੂੰ ਐਸਾ ਦਬਕਾ ਮਾਰਿਆ ਦਿਤਾ ਕਿ ਉਹ ਅਗੋਂ ਤੋਂ ਉਹਨਾਂ ਮੈਨੂੰ ਤੰਗ ਕਰਨਾ ਛਡ ਦਿਤਾ ਪਰ ਉਹਨਾਂ ਨੇ ਸੁਲ੍ਹਾ ਲਈ ਸ਼ਰਤ ਰਖੀ ਕਿ ਨਵੇਂ ਦਾਖਲ ਹੋਏ ਮੁੰਡੇ ਜੋ ਹੋਸਟਲ ਵਿਚ ਰਹਿੰਦੇ ਹਨ, ਇਕ ਤਾਂ ਸਤਲੁਜ ਦਰਿਆ ਦੀ ਫਾਂਟ ਤੇ ਪੈਂਦੇ ਪਿੰਡ ਪਲ੍ਹੇ ਮੇਘੇ ਲਿਜਾ ਕੇ ਤੇ ਸਾਨੂੰ ਪਕੌੜਿਆਂ ਤੇ ਜਲੇਬੀਆਂ ਨਾਲ ਦੇਸੀ ਸ਼ਰਾਬ ਪਿਆਉਣ ਤੇ ਨਾਲੇ ਕਨਟੀਨ ਵਿਚ ਪਈਆਂ ਦੇਸੀ ਘਿਓ ਦੀਆਂ ਪੀਪੀਆਂ ਚੋਂ ਪਟੌਠੇ ਪਕੌਣ ਤੇ ਦਾਲ ਨੂੰ ਤੜਕਾ ਲੌਣ ਲਈ ਆਪਣੀਆਂ ਪੀਪੀਆਂ ਦੀਆਂ ਜਿੰਦਰੀਆਂ ਖੋਲ੍ਹ ਦੇਣ। ਇਸ ਸ਼ਰਤ ਤੇ ਸਾਡਾ ਸਭ ਦਾ ਸਮਝੌਤਾ ਹੋ ਗਿਆ। ਸੋਢੀਆਂ ਵਾਲੇ ਮਲਣ ਪਿੰਡ ਦੇ ਸੋਢੀਆਂ ਦੇ ਦੋ ਮੁੰਡੇ ਅਮੋਲਕ ਤੇ ਦਲਜੀਤ ਵੀ ਮੇਰੇ ਜਮਾਤੀ ਸਨ ਤੇ ਉਹਨਾਂ ਨੇ ਵੀ ਹੋਸਟਲ ਵਿਚ ਕਮਰੇ ਮਿਲੇ ਹੋਏ ਸਨ ਪਰ ਕੁਝ ਚਿਰ ਬਾਅਦ ਉਹ ਹੋਸਟਲ ਛਡ ਕੇ ਸ਼ਹਿਰ ਵਿਚ ਸਸਤੇ ਕਿਰਾਏ ਤੇ ਚੁਬਾਰੇ ਲੈ ਕੇ ਰਹਿਣ ਲਗ ਪਏ ਕਿਓਂਕਿ ਹੋਸਟਲ ਦਾ ਕਮਰੇ ਦਾ ਦਸ ਰੁਪੈ ਮਹੀਨਾ ਕਿਰਾਇਆ ਉਹਨਾਂ ਦਿਨਾਂ ਵਿਚ ਬਹੁਤ ਜ਼ਿਆਦਾ ਸੀ। ਸ਼ਹਿਰ ਵਿਚ ਦਸਾਂ ਰੁਪਿਆਂ ਵਿਚ ਚਾਰ ਜਣਿਆਂ ਨੂੰ ਬਿਜਲੀ ਪਾਣੀ ਸਮੇਤ ਕਮਰਾ ਮਿਲ ਜਾਂਦਾ ਸੀ ਅਤੇ ਬਾਹਰ ਢਾਬਿਆਂ ਤੇ ਰੋਟੀ ਵੀ ਬੜੀ ਸਸਤੀ ਸੀ, ਵਧ ਤੋਂ ਵਧ ਮਹੀਨੇ ਦੇ ਦਸ ਰੁਪੈ। ਅਮੋਲਕ ਨੂੰ ਵੀ ਪਿਕਚਰਾਂ ਵੇਖਣ ਦਾ ਬਹੁਤ ਸ਼ੌਕ ਸੀ ਅਤੇ ਮੈਨੂੰ ਕਈ ਵਾਰ ਆਪਣੇ ਨਾਲ ਲੈ ਜਾਂਦਾ। ਕਿਓਂਕਿ ਮੇਰਾ ਘਿਓ ਮੁਕਿਆ ਹੋਇਆ ਸੀ, ਮੈਂ ਸਚਿਰਵਾਰ ਨੂੰ ਪਿੰਡੋਂ ਦੇਸੀ ਘਿਓ ਲੈਣ ਚਲਾ ਗਿਆ।

ਜਦ ਮੈਂ ਬੇਰੀਆਂ ਵਾਲੇ ਖੂਹ ਤੇ ਪਹੁੰਚਿਆ ਤਾਂ ਵੇਖ ਕੇ ਹੈਰਾਨ ਹੋਇਆ ਕਿ ਓਥੇ ਮਹਿਤੇ ਤੋਂ ਮਾੜੂ ਆਇਆ ਬੈਠਾ ਸੀ। ਮੈਨੂੰ ਬੜੇ ਪਿਆਰ ਨਾਲ ਜੱਫੀ ਪਾ ਕੇ ਮਿਲਿਆ ਤੇ ਦਸਵੀਂ ਪਾਸ ਕਰ ਕੇ ਕਾਲਜ ਵਿਚ ਦਾਖਲ ਹੋਣ ਦੀ ਵਧਾਈ ਦਿਤੀ। ਮੈਂ ਉਹਨੂੰ ਪੁਛਿਆ ਕਿ ਤੈਨੂੰ ਸਾਡਾ ਪਿੰਡ ਤੇ ਬੇਰੀਆਂ ਵਾਲੇ ਖੂਹ ਦਾ ਪਤਾ ਕਿਵੇਂ ਲਭ ਗਿਆ ਤਾਂ ਦੱਸਣ ਲਗਾ ਕਿ ਮੈਨੂੰ ਸਾਰਾ ਪਤਾ ਅਮਰ ਨਾਥ ਸਿੰਗਲੇ ਤੋਂ ਮਿਲਿਆ ਸੀ ਜਿਸ ਨੂੰ ਤੂੰ ਬਠਿੰਡੇ ਕਾਲਜ ਦਾਖਲ ਹੋਣ ਦੀ ਚਿਠੀ ਲਿਖੀ ਸੀ ਤੇ ਪਿੰਡ ਗੁਦੜਢੰਡੀ ਵਿਚ ਪੈਂਦੇ ਬੇਰੀਆਂ ਵਾਲੇ ਖੂਹ ਦਾ ਅਤਾ ਪਤਾ ਵੀ ਲਿਖਿਆ ਸੀ। ਮਾੜੂ ਕਹਿਣ ਲਗਾ ਕਿ ਉਹ ਘਰ ਦਿਆਂ ਨੂੰ ਦੱਸੇ ਬਿਨਾਂ ਘਰੋਂ ਭਜ ਕੇ ਆਇਆ ਸੀ ਤੇ ਹੁਣ ਉਹ ਏਥੇ ਸਾਡੇ ਕੋਲ ਬੇਰੀਆਂ ਵਾਲੇ ਖੂਹ ਤੇ ਹੀ ਰਹੇਗਾ ਅਤੇ ਵਾਪਸ ਪਿੰਡ ਨਹੀਂ ਜਾਵੇਗਾ ਅਤੇ ਨਾ ਹੀ ਘਰ ਵਾਲਿਆਂ ਨੂੰ ਕੋਈ ਚਿਠੀ ਲਿਖੇਗਾ ਜਾਂ ਸੁਨੇਹਾ ਭੇਜੇਗਾ। ਘਰ ਵਾਲੇ ਆਪੇ ਸਾਕ ਸਕੀਰੀਆਂ ਵਿਚੋਂ  ਚਾਰ ਦਿਨ ਮੇਰਾ ਪਤਾ ਲਭ ਲੁਭ ਕੇ ਚੁੱਪ ਕਰ ਜਾਣਗੇ ਤੇ ਸਮਝਣਗੇ ਕਿ ਮੈਂ ਕਿਧਰੇ ਮਾੜੀ ਮੋਟੀ ਨੌਕਰੀ ਲਗ ਗਿਆ ਹੋਊਂਗਾ। ਹੁਣ ਤੁਹਾਡੇ ਖੂਹ ਵਾਲੀ ਜ਼ਮੀਨ ਵਿਚ ਵਾਹੀ ਖੇਤੀ ਕਰੂੰਗਾ ਅਤੇ ਮਾਲ ਡੰਗਰ ਵੀ ਸਾਂਭੂਗਾ। ਦਿਨ ਛਿਪੇ ਤੇ ਜਦ ਅਸੀਂ ਖੇਤਾਂ ਦਾ ਗੇੜਾ ਮਾਰਨ ਨਿਕਲੇ ਤਾਂ ਮਾੜੂ ਦੱਸਣ ਲੱਗਾ ਕਿ ਮਹਿਕ ਦਾ ਵਿਆਹ ਹੋ ਗਿਆ ਸੀ। ਡੋਲੇ ਚੜ੍ਹਨ ਲੱਗੀ ਤੁਹਾਡੇ ਘਰ ਵਾਲਾ ਪਾਸਾ ਵੇਖ ਕੇ ਬੜਾ ਰੋਈ ਸੀ। ਵਿਚੋਂ ਤੈਨੂੰ ਯਾਦ ਕਰਦੀ ਸੀ। ਫਿਰ ਜਦ ਫੇਰਾ ਪਾ ਕੇ ਆਈ ਤਾਂ ਇਕ ਦਿਨ ਮੈਨੂੰ ਖੂਹ ਤੋਂ ਪਾਣੀ ਭਰਨ ਜਾਂਦੀ ਛਪੜ ਕੰਢੇ ਮਿਲ ਗਈ ਤੇ ਕਹਿਣ ਲਗੀ ਕਿ ਤੂੰ ਉਹਦੇ ਨਵੇਂ ਥਾਂ ਵਾਲੀ ਜ਼ਮੀਨ ਤੇ ਜ਼ਰੂਰ ਜਾਈਂ ਤੇ ਉਹਨੂੰ ਕਹੀਂ ਕਿ ਦਿਲ ਲਾ ਕੇ ਪੜ੍ਹੇ, ਤਰੱਕੀ ਕਰੇ ਤੇ ਕਿਸੇ ਵਡੇ ਅਫਸਰ ਦੀ ਕੁੜੀ ਨਾਲ ਵਿਆਹ ਕਰਵਾ ਲਵੇ। ਮੇਰਾ ਜੀ ਕਰੇ ਕਿ ਪੁਛਾਂ ਕਿ ਹੋਰ ਕੀ ਕਹਿੰਦੀ ਸੀ ਤੇ ਉਹਦੇ ਘਰ ਵਾਲਾ ਕਿਹੋ ਜਿਹਾ ਲਗਦਾ ਸੀ ਪਰ ਮੈਂ ਚੁਪ ਰਿਹਾ। ਓਸ ਹੋਰ ਦਸਿਆ ਕਿ ਮਹੀਨੇ ਬਾਅਦ ਉਹਦਾ ਮੁਕਲਾਵਾ ਤੋਰਨ ਪਿਛੋਂ ਉਹਦੇ ਮਾਪੇ ਮਹਿਤਾ ਪਿੰਡ ਛਡ ਕੇ ਅਗਲੀ ਜ਼ਮੀਨ ਤੇ ਫਰੀਦਕੋਟ ਵੱਲ ਬੀਕਾਨੇਰ ਨਹਿਰ ਦੇ ਕੰਢੇ ਕਿਸੇ ਪਿੰਡ ਵਿਚ ਆ ਗਏ ਸਨ। ਜਦ ਮੈਂ ਉਹਨੂੰ ਦਸਿਆ ਕਿ ਕਾਲਜ ਵਿਚ ਵਡੀਆਂ ਜਮਾਤਾਂ ਦੇ ਮੁੰਡੇ ਮੈਨੂੰ ਤੰਗ ਕਰਦੇ ਹਨ ਤਾਂ ਕਹਿਣ ਲਗਾ ਤੂੰ ਮੈਨੂੰ ਨਾਲ ਲੈ ਕੇ ਚੱਲ, ਸਾਲਿਆਂ ਨੂੰ ਗੰਡਾਸੇ ਨਾਲ ਵਢ ਦੂੰਗਾ। ਮੇਰੇ ਹੁੰਦਿਆਂ ਤੇਰੀ ਵਾ ਵੱਲ ਵੀ ਕੋਈ ਵੇਖ ਨਹੀਂ ਸਕੂਗਾ।

ਉਸ ਤੋਂ ਬਾਅਦ ਮਾੜੂ ਕਈ ਮਹੀਨੇ ਸਾਡੇ ਖੂਹ ਤੇ ਰਿਹਾ ਤੇ ਖੇਤ ਤੇ ਘਰ ਦਾ ਸਾਰਾ ਕੰਮ ਕਰਦਾ ਰਿਹਾ। ਰਾਅ ਸਿੱਖਾਂ ਨਾਲ ਰਲ ਕੇ ਘਰ ਦੀ ਦਾਰੂ ਕਢਣ ਵਿਚ ਮਾਹਰ ਹੋ ਗਿਆ। ਜਦੋਂ ਕਦੀ ਮੈਂ ਕਾਲਜ ਤੋਂ ਆਉਂਦਾ ਤਾਂ ਉਹ ਪਹਿਲਾ ਪੈਗ ਮੈਨੂੰ ਜ਼ਰੂਰ ਪਿਆਉਂਦਾ ਤੇ ਕਹਿੰਦਾ ਹੋਰ ਨਹੀਂ ਪੀਣੀ ਤੂੰ ਪੜ੍ਹਾਈ ਵੀ ਕਰਨੀ ਆ। ਬਾਪੂ ਨੂੰ ਉਹਦੇ ਆਉਣ ਦਾ ਬੜਾ ਆਸਰਾ ਹੋ ਗਿਆ ਸੀ। ਵਾਪਸ ਕਾਲਜ ਆ ਕੇ ਮੁੰਡਿਆਂ ਦਾ ਪਰੋਗਰਾਮ ਬਣਿਆ ਕਿ ਦਸ ਬਾਰਾਂ ਮੁੰਡੇ ਚਾਰ ਵਜੇ ਦੇ ਕਰੀਬ ਕਾਲਜ ਤੋਂ ਸੂਟ ਵੱਟ ਕੇ ਭਜਣਗੇ ਅਤੇ ਅਧੇ ਘੰਟੇ ਵਿਚ ਦਰਿਆ ਸਤਲੁਜ ਦੀ ਫਾਂਟ ਤੇ ਪੈਂਦੇ ਪਿੰਡ ਪੱਲੇ ਮੇਘੇ ਪਹੁੰਚ ਜਾਣਗੇ ਜਿਥੇ ਦੇਸੀ ਦਾਰੂ ਦੀ ਮੰਡੀ ਲਗਦੀ ਸੀ। ਕਾਲਜ ਦੇ ਹੋਸਟਲ ਤੋਂ ਦੇਵ ਸਮਾਜ ਕਾਲਜ ਵਾਲੇ ਪੈਂਦੀ ਸੱਤ ਕੁ ਫੁਟ ਉਚੀ ਕੰਧ ਵਿਚ ਮੁੰਡਿਆਂ ਨੇ ਪਾੜ ਪਾ ਰਖਿਆ ਸੀ। ਏਸ ਪਾਸੇ ਤੋਂ ਆਣ ਜਾਣ ਵਾਲੇ ਮੁੰਡੇ ਕਾਲਜ ਦੇ ਵਡੇ ਗੇਟ ਵੱਲ ਕਦੇ ਨਹੀਂ ਜਾਂਦੇ ਸਨ ਕਿਓਂਕਿ ਓਧਰ ਦੀ ਬਹੁਤ ਵਲਾ ਪੈਂਦਾ ਸੀ। ਜਦ ਅਸੀਂ ਓਸ ਕੰਧ ਵਿਚਲੇ ਪਾੜ ਵਿਚੋਂ ਨਿਕਲ ਕੇ ਭਜੇ ਤਾਂ ਜਾਗੀਰ ਵੀ ਸਾਡੇ

ਨਾਲ ਸੀ ਤੇ ਅਸੀਂ ਦਰਿਆ ਦੀ ਫਾਂਟ ਤੇ ਪਹੁੰਚ ਗਏ ਜਿਥੇ ਸਤਲੁਜ ਦਰਿਆ ਦੇ ਕੰਢੇ ਗਰਮ ਗਰਮ ਪਕੌੜੇ ਤੇ ਜਲੇਬੀਆਂ ਨਿਕਲ ਰਹੀਆਂ ਸਨ ਤੇ ਰੂੜੀ ਮਾਰਕਾ ਸ਼ਰਾਬ ਵਿਕ ਰਹੀ ਸੀ। ਬੋਤਲ ਓਦੋਂ ਮਸਾਂ ਬਾਰਾਂ ਆਨਿਆਂ ਦੀ ਆਉਂਦੀ ਸੀ। ਅਸੀਂ ਮਿੰਟਾਂ ਵਿਚ ਬੋਤਲ ਮੁਕਾ ਦਿਤੀ ਤੇ ਨਾਲ ਗਰਮ ਗਰਮ ਪਕੌੜੇ ਤੇ ਜਲੇਬੀਆਂ ਵੀ ਖਾਧੀਆਂ। ਪਕੌੜੇ ਤੇ ਜਲੇਬੀਆਂ ਤਾਂ ਇਸ ਤੋਂ ਪਹਿਲਾਂ ਵੀ ਕਈ ਵਾਰ ਖਾਧੀਆਂ ਸਨ ਵਗਦੇ ਦਰਿਆ ਦੇ ਨੀਲੀ ਭਾਅ ਮਾਰਦੇ ਪਾਣੀ ਕੰਢੇ ਜੋ ਸਵਾਦ ਆਇਆ ਸੀ, ਉਹ ਕਦੀ ਵੀ ਨਾ ਭੁਲਣ ਵਾਲਾ ਸੀ। ਪਤਾ ਲਗਾ ਕਿ ਵਗਦੀ ਫਾਂਟ ਦੀ ਪਰਲੇ ਪਾਸੇ ਕਾਨਿਆਂ ਦੇ ਜੰਗਲ ਵਿਚ ਸ਼ਰਾਬ ਹੋਰ ਵੀ ਸਸਤੀ ਸੀ ਅਤੇ ਕਈ ਹਾੜੇ ਤਾਂ ਮੁਫਤ ਹੀ ਪਿਆ ਦੇਂਦੇ ਸਨ। ਸੁਲਫੇ ਦੀ ਲਾਟ ਵਰਗੇ ਦੇਸੀ ਦਾਰੂ ਦੇ ਨਸ਼ੇ ਤੇ ਕਰਾਰੇ ਪਕੌੜਿਆਂ ਨੇ ਜਿਸਮ ਦੇ ਅੰਗਾਂ ਵਿਚ ਫੁਰਤੀ ਲਿਆ ਦਿਤੀ ਸੀ। ਜਲੇਬੀਆਂ ਵਾਲੇ ਕੋਲ ਕਪੜੇ ਲਾਹ ਕੇ ਰਖ ਅਸੀਂ ਦਰਿਆ ਦੀ ਫਾਂਟ ਦੇ ਪਰਲੇ ਪਾਸੇ ਚਲਦੀਆਂ ਭਠੀਆਂ ਤੋਂ ਹੋਰ ਪੀਣ ਲਈ ਦਰਿਆ ਵਿਚ ਛਾਲਾਂ ਮਾਰ ਦਿਤੀਆਂ। ਪਾਣੀ ਡੋਬੂ ਸੀ ਤੇ ਜਾਗੀਰ ਨੂੰ ਤਰਨਾ ਨਹੀਂ ਔਂਦਾ ਸੀ ਤੇ ਓਸ ਨੂੰ ਚੜ੍ਹ ਵੀ ਗਈ ਸੀ। ਉਹ ਡੁਬਕੀਆਂ ਲੈਣ ਤੇ ਡੁਬਣ ਲੱਗਾ। ਘਰ ਦੀ ਕਢੀ ਦੇਸੀ ਦਾਰੂ ਵੇਚਣ ਵਾਲੇ ਕੁਝ ਰਾਵਾਂ ਤੇ ਅਸਾਂ ਬੜੀ ਮੁਸ਼ਕਲ ਨਾਲ ਉਹਨੂੰ ਖਿਚ ਕੇ ਦਰਿਆ ਦੇ ਕੰਢੇ ਤੇ ਲਿਆ ਕੇ ਲੰਮਾ ਪਾ ਦਿਤਾ ਤੇ ਆਪ ਫਿਰ ਤਰ ਕੇ ਦੂਜੇ ਬੰਨੇ ਜਾ ਲਗੇ। ਕਾਫੀ ਅਗੇ ਜਾ ਕੇ ਕਾਨਿਆਂ ਵਿਚ ਵਾਧੂ ਦਾਰੂ ਨਿਕਲ ਰਹੀ ਸੀ। ਏਥੇ ਪੁਲਸ ਦਾ ਕੋਈ ਡਰ ਨਹੀਂ ਸੀ ਕਿਓਂਕਿ ਦਰਿਆ ਦੀ ਫਾਂਟ ਪਾਰ ਕਰ ਕੇ ਪੁਲਸ ਦਾ ਏਥੇ ਪੁਜਣਾ ਬੜਾ ਮੁਸ਼ਕਲ ਸੀ। ਉਹਨਾਂ ਦਸਿਆ ਕਿ ਸਤਲੁਜ ਦਰਿਆ ਇਸ ਤੋਂ ਥੋੜ੍ਹਾ ਅਗੇ ਸੀ ਤੇ ਉਹਦੇ ਪਾਰ ਪਾਕਿਸਤਾਨ ਸੀ। ਕਈ ਲੋਕ ਦਰਿਆ ਤਰ ਕੇ ਏਧਰ ਓਧਰ ਆਂਦੇ ਜਾਂਦੇ ਸਨ ਅਤੇ ਓਸ ਵੇਲੇ ਹੱਦਾਂ ਦੀ ਹੁਣ ਜਿੰਨੀ ਸਖਤੀ ਸ਼ੁਰੂ ਨਹੀਂ ਸੀ ਹੋਈ। ਕਈ ਤਾਂ ਏਧਰ ਦੀ ਕਢੀ ਸ਼ਰਾਬ ਓਧਰ ਦੇ ਪਿੰਡਾਂ ਵਿਚ ਜਾ ਕੇ ਵੇਚ ਆਉਂਦੇ ਸਨ।
ਉਹਨਾਂ ਪਾੜ੍ਹੇ ਜਾਣ ਕੇ ਸਾਨੂੰ ਬਿਨਾਂ ਕੋਈ ਪੈਸਾ ਲਿਆਂ ਦੋ ਦੋ ਤਕੜੇ ਹਾੜੇ ਹੋਰ ਪਿਆ ਦਿਤੇ ਪਰ ਏਸ ਪਾਸੇ ਖਾਣ ਨੂੰ ਕੁਝ ਨਹੀਂ ਸੀ। ਕੁਝ ਚਿਰ ਅਸੀਂ ਕਾਨਿਆਂ ਵਿਚ ਭਜੇ ਫਿਰਦੇ ਰਹੇ। ਦਿਨ ਛਿਪ ਰਿਹਾ ਸੀ ਤੇ ਥੋੜ੍ਹਾ ਥੋੜ੍ਹਾ ਹਨੇਰਾ ਹੋਣ ਲਗ ਪਿਆ ਸੀ। ਜਦੋਂ ਸਾਨੂੰ ਚੱਕਰ ਆਉਣ ਲਗੇ ਤਾਂ ਅਸਾਂ ਵਾਪਸ ਆਉਣ ਲਈ ਫਿਰ ਛਾਲਾਂ ਮਾਰ ਦਿਤੀਆਂ। ਪਤਾ ਨਹੀਂ ਕਿ ਅਸੀਂ ਪਹਿਲੇ ਪਤਨ ਦੀ ਬਜਾਏ ਕਿਸੇ ਹੋਰ ਥਾਂ ਤੋਂ ਦਰਿਆ ਵਿਚ ਘਿਰ ਗਏ ਸਾਂ, ਇਸ ਪਾਸੇ ਜਿਥੇ ਪਾਣੀ ਦਾ ਵਹਾ ਤੇਜ਼ ਸੀ, ਉਸ ਦੇ ਨਾਲ ਦਰਿਆ ਦੀ ਚੌੜਾਈ ਵੀ ਜ਼ਿਆਦਾ ਸੀ ਤੇ ਡੋਬੂ ਵੀ ਜ਼ਿਆਦਾ ਸੀ। ਤਰਦਿਆ ਸਾਹ ਫੁਲ ਰਿਹਾ ਸੀ ਤੇ ਕਈ ਵਾਰ ਪਾਣੀ ਨਕ ਵਿਚ ਚੜ੍ਹ ਜਾਂਦਾ ਤੇ ਲਗਦਾ ਸੀ ਡੁਬੇ ਕਿ ਡੁਬੇ। ਜੇ ਡੁਬ ਗਏ ਤਾਂ ਲਾਸ਼ਾਂ ਛੋਟੇ ਦਰਿਆ ਵਿਚ ਰੁੜ੍ਹ ਕੇ ਅਗੇ ਸਤਲੁਜ ਦਰਿਆ ਵਿਚ ਮਿਲ ਜਾਣਗੀਆਂ ਅਤੇ ਪਾਕਿਸਤਾਨ ਚਲੀਆਂ ਜਾਣਗੀਆਂ ਪਰ ਡੁਬਦੇ ਡੁਬਦੇ ਆਖਰ ਕੰਢੇ ਤੇ ਪਹੁੰਚ ਗਏ ਅਤੇ ਕਪੜੇ ਲਭ ਕੇ ਜਿਓਂ ਨੱਸੇ, ਫਿਰ ਪਤਾ ਨਹੀਂ ਲੱਗਾ ਕਿ ਕੋਈ ਕਿਸੇ ਪਾਸੇ ਭਜ ਗਿਆ ਤੇ ਕੋਈ ਕਿਸੇ ਪਾਸੇ। ਰਾਤ ਦੇ ਸਾਂ ਸਾਂ ਕਰਦੇ ਹਨੇਰੇ ਵਿਚ ਜਦੋਂ ਕਾਲਜ ਪਹੁੰਚੇ ਤਾਂ ਰਾਤ ਦੇ ਬਾਰਾਂ ਵਜ ਚੁਕੇ ਸਨ ਤੇ ਕੁਝ ਮੁੰਡੇ ਰਾਹ ਵਿਚ ਈ ਕਿਧਰੇ ਡਿਗ ਪਏ ਸਨ ਤੇ ਅਗਲੇ ਦਿਨ ਹੋਸ਼ ਆਉਣ ਤੇ ਕਾਲਜ ਵਾਪਸ ਪਰਤੇ ਸਨ।

ਕਾਲਜ ਵਿਚ ਗਰਮੀਆਂ ਦੀਆਂ ਛੁਟੀਆਂ ਹੋਣ ਤੇ ਮੈਂ ਪਿੰਡ ਆ ਗਿਆ ਤੇ ਜਦੋਂ ਕਾਲਜ ਖੁਲ੍ਹੇ ਤਾਂ ਕਾਫੀ ਮੁੰਡੇ ਕਾਲਜ ਛਡ ਗਏ ਸਨ ਤੇ ਵਾਪਸ ਨਹੀਂ ਸਨ ਆਏ। ਇਹਨਾਂ ਵਿਚ ਰੋਹਤਕ ਦੇ ਥਾਣੇਦਾਰ ਦਾ ਇਕ ਮੁੰਡਾ ਵੀ ਸੀ ਅਤੇ ਅਬੋਹਰ ਵੱਲ ਦੇ ਬਾਗੜੀਆਂ ਤੇ ਵੈਸ਼ਨੋਈਆਂ ਦੇ ਕਈ ਮੁੰਡੇ ਵੀ ਸਨ ਜੋ ਮੁੜ ਕੇ ਨਾ ਆਏ ਆਏ। ਮੈਂ ਵੀ ਹੋਸਟਲ ਛਡ ਕੇ ਭਰਾ ਦੇ ਘਰ ਆ ਗਿਆ ਜਿਥੇ ਭਰਾ ਦੇ ਮਨ੍ਹਾ ਕਰਨ ਤੇ ਵੀ ਮੈਂ ਲੂਣ ਮੰਡੀ ਵਿਚ ਲਗਦੀ ਰਾਮ ਲੀਲਾ ਵੇਖਣ ਜ਼ਰੂਰ ਜਾਂਦਾ। ਮੇਰਾ ਜੀ ਕਰਦਾ ਕਿ ਮੈਂ ਰਾਮ ਚੰਦਰ ਦਾ ਰੋਲ ਕਰਾਂ ਪਰ ਮੇਰੀ ਉਹਨਾਂ ਨਾਲ ਕੋਈ ਵਾਕਫੀਅਤ ਨਹੀਂ ਸੀ। ਰਾਮ ਲੀਲਾ ਦੀ ਚਲਦੀ ਕਹਾਣੀ ਮੈਨੂੰ ਬੜੀ ਰੌਚਿਕ ਲਗਦੀ। ਬੱਚੇ ਤੇ ਔਰਤਾਂ ਖਾਸ ਤੌਰ ਤੇ ਰਾਮ ਲੀਲਾ ਵੇਖਣ ਔਂਦੀਆਂ ਸਨ ਤੇ ਦੁਸਹਿਰੇ ਵਾਲੇ ਦਿਨ ਜਿਸ ਦਿਨ ਰਾਵਣ ਦਾ ਬੁਤ ਸਾੜਿਆ ਜਾਣਾ ਸੀ, ਓਸ ਦਿਨ ਤਾਂ ਭੀੜ ਤੇ ਰੌਣਕ ਦਾ ਕੋਈ ਅੰਤ ਨਹੀਂ ਸੀ।

### ਜੜ੍ਹਾਂ ਵਾਲੇ ਫੋੜੇ

ਮੈਂ ਕਹਾਣੀ ਲਿਖੀ “ਜਦੋਂ ਮੈਂ ਬੱਚਾ ਸਾਂ” ਜੋ ਕਾਲਜ ਦੇ ਮੈਗਜ਼ੀਨ ਵਿਚ ਛਪ ਗਈ। ਇਸਦਾ ਵਿਸ਼ਾ ਸੀ ਕਿ ਜਦੋਂ ਮੈਂ ਇਕ ਖੂਬਸੂਰਤ ਬੱਚਾ ਸਾਂ ਤਾਂ ਕੁੜੀਆਂ ਮੈਨੂੰ ਬਹੁਤ ਪਿਆਰ ਕਰਦੀਆਂ ਸਨ ਅਤੇ ਆਪਣੀ ਛਾਤੀ ਨਾਲ ਘੁਟ ਕੇ ਲਾ ਲੈਂਦੀਆਂ ਸਨ। ਹੁਣ ਜਦ ਮੈਂ ਜਵਾਨ ਹੋ ਗਿਆ ਸਾਂ ਤਾਂ ਕੋਈ ਕੁੜੀ ਮੇਰੇ ਵੱਲ ਵਿੰਹਦੀ ਵੀ ਨਹੀਂ ਸੀ। ਪ੍ਰੋਫੈਸਰ ਨੇ ਬਿਨਾ ਪੜ੍ਹੇ ਕਹਾਣੀ ਛਾਪ ਦਿਤੀ ਜਿਸ ਨਾਲ ਸਾਰੇ ਕਾਲਜ ਵਿਚ ਰੌਲਾ ਪੈ ਗਿਆ ਕਿ ਇਹ ਕਹਾਣੀ ਬਹੁਤ ਜ਼ਿਆਦਾ ਬੇਬਾਕ ਹੀ ਨਹੀਂ ਸਗੋਂ ਅਸ਼ਲੀਲ ਸੀ ਅਤੇ ਕਾਲਜ ਦੇ ਮੈਗਜ਼ੀਨ ਵਿਚ ਛਪਣ ਦੇ ਯੋਗ ਨਹੀਂ ਸੀ। ਖੈਰ ਜੋ ਹੋਣਾ ਸੀ ਉਹ ਤਾਂ ਹੋ ਗਿਆ ਸੀ ਪਰ ਮੈਂ ਸਾਰੇ ਕਾਲਜ ਵਿਚ ਮਸ਼ਹੂਰ ਹੋ ਗਿਆ ਸਾਂ ਜਾਂ ਸਮਝੋ ਬਦਨਾਮ ਹੋ ਗਿਆ ਸਾਂ। ਕਾਲਜ ਦੀਆਂ ਕੁੜੀਆਂ ਮੁੰਡਿਆਂ ਦੇ ਘਰਾਂ ਵਿਚ ਵੀ ਇਹ ਕਹਾਣੀ ਪੜ੍ਹੀ ਜਾ ਚੁਕੀ ਸੀ। ਜਿਥੇ ਇਸ ਨੂੰ ਨਿੰਦਣ ਵਾਲੇ ਲੋਕ ਸਨ, ਓਥੇ ਇਸ ਨੂੰ ਸਲਾਹੁਣ ਵਾਲੇ ਉਸ ਤੋਂ ਜ਼ਿਆਦਾ ਸਨ। ਮੈਂ ਜਿਥੋਂ ਲੰਘਦਾ ਸਾਂ, ਮੁੰਡੇ ਮੇਰੇ ਵੱਲ ਇਸ਼ਾਰਾ ਕਰ ਕੇ ਕਹਿੰਦੇ ਸਨ ਕਿ ਆਹ ਜਾ ਰਿਹਾ ਜਿਸ ਨੇ ਇਹ ਕਹਾਣੀ ਲਿਖੀ ਹੈ। ਕਾਲਜ ਦੀਆਂ ਕੁੜੀਆਂ ਵੀ ਮੈਨੂੰ ਘੂਰ ਕੇ ਤੇ ਮੂੰਹ ਵੱਟ ਕੇ ਲੰਘਦੀਆਂ ਸਨ ਪਰ ਇਸ ਕਹਾਣੀ ਨਾਲ ਮੇਰੀ ਮਸ਼ਹੂਰੀ ਦਾ ਕੋਈ ਅੰਤ ਨਾ ਰਿਹਾ। ਇਹ ਕਹਾਣੀ ਐਮ. ਬੀ. ਮਹਿਤਾ ਦੇ ਨਾਂ ਥਲੇ ਛਪੀ ਸੀ ਅਤੇ ਮੇਰੇ ਅਸਲ ਨਾਂ ਨਾਲ ਇਸਦੀਆਂ ਤੰਦਾਂ ਨਹੀਂ ਜੁੜਦੀਆਂ ਸਨ। ਕੁਝ ਮੁੰਡੇ ਮੈਨੂੰ ਖਤਰੀ ਸਮਝਣ ਲਗ ਪਏ ਕਿਓਂਕਿ ਖਤਰੀਆਂ ਵਿਚ ਮਹਿਤਾ ਜ਼ਾਤ ਹੁੰਦੀ ਹੈ। ਕਹਾਣੀ ਤੇ ਮੇਰਾ ਅਸਲ ਨਾਂ ਨਾ ਛਪਣ ਨਾਲ ਅਕਸਰ ਮੈਨੂੰ ਆਪਣਾ ਅਸਲੀ ਨਾਂ ਛਾਪਣ ਲਈ ਬਹੁਤ ਕਿਹਾ ਜਾਣ ਲੱਗਾ। ਪਰ ਮੈਂ ਫਿਰ ਵੀ ਐਮ. ਬੀ. ਮਹਿਤਾ ਦੇ ਨਾਂ ਥਲੇ ਹੀ ਉਰਦੂ ਅਤੇ ਪੰਜਾਬੀ ਵਿਚ ਕਹਾਣੀਆਂ ਲਿਖ ਕੇ

ਅਖਬਾਰਾਂ ਅਤੇ ਰਸਾਲਿਆਂ ਨੂੰ ਛਪਣ ਲਈ ਭੇਜਦਾ ਰਿਹਾ। ਇਹਨਾਂ ਵਿਚੋਂ ਕੁਝ ਕਹਾਣੀਆਂ ਛਪ ਜਾਂਦੀਆਂ ਅਤੇ ਕਈ ਵਾਪਸ ਵੀ ਆ ਜਾਂਦੀਆਂ। ਮੇਰੀ ਉਮਰ ਦਾ ਇਹ ਹਿੱਸਾ ਓਸ ਸਮੇਂ ਵਿਚੋਂ ਲੰਘ ਰਿਹਾ ਸੀ ਜਦੋਂ ਮੈਂ ਸ਼ਹਿਰ ਦੇ ਲੋਕਾਂ ਦੇ ਜੀਵਨ ਨੂੰ ਬਹੁਤ ਨੇੜਿਓਂ ਵੇਖ ਰਿਹਾ ਸਾਂ ਅਤੇ ਸ਼ਹਿਰ ਤੇ ਪੇਂਡੂ ਜੀਵਨ ਦੇ ਅੰਤਰ ਅਤੇ ਅਰਥਚਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਕਾਲਜ ਵਿਚ ਪੜ੍ਹਦੇ ਸ਼ਹਿਰੀ ਮੁੰਡੇ ਅਤੇ ਪਿੰਡਾਂ ਚੋਂ ਪੜ੍ਹਨ ਆਏ ਪੇਂਡੂ ਮੁੰਡਿਆਂ ਦੀ ਸੋਚਣੀ ਤੇ ਰਹਿਣੀ ਬਹਿਣੀ ਵਿਚ ਢੇਰ ਫਰਕ ਸੀ। ਪੇਂਡੂ ਮੁੰਡਿਆਂ ਦੀ ਸੋਚਣੀ ਵਿਚ ਪਤਾ ਨਹੀਂ ਇਹ ਵਿਚਾਰ ਕਿਉਂ ਭਾਰੂ ਸੀ ਕਿ ਸ਼ਹਿਰਾਂ ਦੀਆਂ ਕੁੜੀਆਂ ਪੇਂਡੂ ਕੁੜੀਆਂ ਦੇ ਮੁਕਾਬਲੇ ਜ਼ਿਆਦਾ ਖੂਬਸੂਰਤ, ਸਭਿਅਕ ਅਤੇ ਚੁਸਤ ਸਨ ਅਤੇ ਇਹਨਾਂ ਨੂੰ ਫਸਾਉਣਾ ਸੌਖਾ ਸੀ ਜਾਂ ਦੂਜੇ ਸ਼ਬਦਾਂ ਵਿਚ ਪੇਂਡੂੰ ਮੁੰਡਿਆਂ ਦੀਆਂ ਜ਼ਮੀਨ ਜਾਇਦਾਦਾਂ ਕਾਰਨ ਉਹ ਇਹਨਾਂ ਦੇ ਮਗਰ ਲਗ ਜਾਂਦੀਆਂ ਸਨ। ਜੇ ਕੋਈ ਕੁੜੀ ਇਹਨਾਂ ਪੇਂਡੂ ਮੁੰਡਿਆਂ ਵੱਲ ਕਿਤੇ ਇਕ ਛੋਟੀ ਜਹੀ ਮੁਸਕਾਣ ਸੁਟ ਦੇਂਦੀ ਤਾਂ ਇਹ ਉਹਦੇ ਘਰ ਦਵਾਲੇ ਚਕਰ ਲਾਉਣੇ ਸ਼ੁਰੂ ਕਰ ਦੇਂਦੇ ਸਨ। ਗੁਰਨਾਮ ਸਿੰਘ ਪ੍ਰਭਾਤ ਜੋ ਕੋਟਕਪੂਰੇ ਵੱਲ ਦਾ ਸੀ ਅਤੇ ਘਰੋਂ ਸੌਖਾ ਸੀ, ਬੜਾ ਇਸ਼ਕੀ ਟੱਟੂ ਸੀ। ਸੁਹਣੇ ਸੁਹਣੇ ਪ੍ਰੈੱਸ ਕੀਤੇ ਕਪੜੇ ਪਾ ਕੇ ਸਿਰਕੀ ਬਾਜ਼ਾਰ ਵਿਚ ਅਕਸਰ ਗੇੜੇ ਮਾਰਦਾ ਰਹਿੰਦਾ। ਉਹ ਆਪਣੇ ਕਪੜੇ ਡਾਕਖਾਨੇ ਵਾਲੀ ਗਲੀ ਦੀ ਨੁਕਰ ਤੇ ਪੈਂਦੀ ਫੈਂਸੀ ਲਾਂਡਰੀ ਤੋਂ ਧਵਾਉਂਦਾ ਜੋ ਦੂਜਿਆਂ ਨਾਲੋਂ ਮਹਿੰਗੀ ਸੀ। ਪਿਛੋਂ ਪਤਾ ਲੱਗਾ ਕਿ ਸਿਰਕੀ ਬਾਜ਼ਾਰ ਰਹਿੰਦੀ ਇਕ ਬਾਲ ਬਚਿਆਂ ਵਾਲੀ ਵਿਧਵਾ ਔਰਤ ਨਾਲ ਉਹਦਾ ਇਸ਼ਕ ਹੋ ਗਿਆ ਸੀ ਜੋ ਪਾਕਿਸਤਾਨ ਵਿਚੋਂ ਉਜੜ ਕੇ ਆਏ ਪਰਵਾਰ ਵਿਚੋਂ ਸੀ। ਆਖਰ ਦੋਹਾਂ ਨੇ ਵਿਆਹ ਕਰਵਾ ਲਿਆ ਜਿਸ ਦੀ ਉਹਦੇ ਘਰ ਵਾਲਿਆਂ ਨੇ ਬਹੁਤ ਵਿਰੋਧਤਾ ਕੀਤੀ ਕਿਓਂਕਿ ਉਹ ਸ਼ਾਇਦ ਪਹਿਲਾਂ ਹੀ ਮੰਗਿਆ ਜਾਂ ਵਿਆਹਿਆ ਹੋਇਆ ਸੀ। ਇਸ ਤਰ੍ਹਾਂ ਦੇ ਛੋਟੇ ਮੋਟੇ ਇਸ਼ਕ ਮੁਸ਼ਕ ਕਈ ਮੁੰਡਿਆਂ ਦੇ ਚਲਦੇ ਰਹਿੰਦੇ ਸਨ ਅਤੇ ਉਹ ਆਪਣੇ ਆਪ ਨੂੰ ਬੜੇ ਹੀਰੋ ਸਮਝਦੇ ਸਨ। ਉਹਨਾਂ ਨੂੰ ਵੇਖ ਦੂਜੇ ਮੁੰਡਿਆਂ ਦੇ ਮੂੰਹ ਵਿਚ ਵੀ ਪਾਣੀ ਆ ਜਾਂਦਾ ਸੀ ਕਿ ਉਹ ਵੀ ਕੋਈ ਇਹੋ ਜਹੀ ਮੱਲ ਮਾਰਨ।

ਇੰਜ ਫਿਰੋਜ਼ਪਰ ਦੇ ਕਾਲਜ ਵਿਚ ਮੇਰਾ ਇਕ ਸਾਲ ਲੰਘ ਗਿਆ ਅਤੇ ਕਾਲਜ ਦੇ ਕਈ ਹਮਜਮਾਤੀ ਮੇਰੇ ਦੋਸਤ ਬਣ ਗਏ ਅਤੇ ਉਹਨਾਂ ਦੇ ਘਰਾਂ ਵਿਚ ਮੇਰਾ ਆਉਣ ਜਾਣ ਬਣ ਗਿਆ। ਇਹਨਾਂ ਵਿਚ ਰਾਜਾ ਜੰਗ ਤੋਂ ਉਜੜ ਕੇ ਫਿਰੋਜ਼ਪੁਰ ਸ਼ਹਿਰ ਦੇ ਪੁਰਾਣੇ ਖਾਲਸਾ ਹਾਈ ਸਕੂਲ ਦੇ ਪਿਛਵਾੜੇ ਇਕ ਗਲੀ ਵਿਚ ਰਹਿੰਦਾ ਮਹਿਲ ਸਿੰਘ ਵੀ ਸੀ। ਉਹਦਾ ਵਡਾ ਭਰਾ ਦਰਬਾਰਾ ਸਿੰਘ ਜੋ ਸਦਰ ਕਾਨੂਗੋ ਦਫਤਰ ਵਿਚ ਕੰਮ ਕਰਦਾ ਸੀ। ਰਾਮਗੜ੍ਹੀਆ ਪਰਵਾਰ ਦੇ ਖੇਮ ਸਿੰਘ ਤੇ ਰਾਜਿੰਦਰ, ਸੰਤਾ ਸਿੰਘ, ਮੱਲਣ ਦੇ ਅਮੋਲਕ ਤੇ ਮਨਜੀਤ ਸੋਢੀ ਤੇ ਹੋਰ ਕਈ ਮੁੰਡੇ ਵੀ ਸਨ। ਬਾਅਦ ਵਿਚ ਮਹਿਲ ਸਿੰਘ ਐਫ. ਏ. ਚੋਂ ਫੇਲ ਹੋ ਕੇ ਛਛਰੌਲੀ ਤੋਂ ਪਟਵਾਰ ਦਾ ਕੋਰਸ ਪਾਸ ਕਰ ਕੇ ਨਿਹਾਲ ਖੇੜੇ ਵੱਲ ਪਟਵਾਰੀ ਲਗ ਗਿਆ ਸੀ। ਖੇਮਾ ਐਫ. ਏ. ਕਰ ਕੇ ਰੇਲ ਦੇ ਮਹਿਕਮੇ ਵਿਚ ਛੋਟਾ ਸਟੇਸ਼ਨ ਮਾਸਟਰ ਬਣ ਗਿਆ ਸੀ ਤੇ ਰਾਜਿੰਦਰ ਏਅਰਫੋਰਸ ਵਿਚ ਭਰਤੀ ਹੋ ਗਿਆ ਸੀ ਤੇ ਫੌਜੀ ਨੌਕਰੀ ਦੇ ਨਾਲ ਨਾਲ ਉਹਨੇ ਬੀ. ਏ. ਫਿਰ ਐਮ. ਏ. ਤੇ ਫਿਰ ਲਾਅ ਕਰ ਲਿਆ ਸੀ। ਰੀਟਾਰਿਮੈਂਟ ਤੋਂ ਬਾਅਦ ਉਹਨੇ ਚੰਡੀਗੜ੍ਹ 22 ਸੈਕਟਰ ਵਿਚ ਛੋਟਾ ਜਿਹਾ ਮਕਾਨ ਪਾ ਕੇ 17 ਸੈਕਟਰ ਦੀਆਂ ਕਚਿਹਰੀਆਂ ਵਿਚ ਲਾਅ ਦੀ ਪ੍ਰੈਕਟਿਸ ਸ਼ੁਰੂ ਕਰ ਦਿਤੀ ਸੀ। ਅਸੀਂ ਕਾਲਜ ਦੇ ਵਿਛੜੇ 1971 ਵਿਚ ਫਿਰ ਚੰਡੀਗੜ੍ਹ ਇਕਠੇ ਹੋ ਗਏ ਸਾਂ ਜਿਥੇ ਮੈਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਖੋਜ ਤੇ ਮੁਲਅੰਕਣ ਅਫਸਰ ਦੀ ਨੌਕਰੀ ਮਿਲ ਗਈ ਸੀ।

ਅਪਰੈਲ 1952 ਵਿਚ ਮੈਂ ਫਸਟ ਯੀਅਰ ਦਾ ਇਮਤਿਹਾਨ ਪਾਸ ਕਰ ਲਿਆ। ਇਸ ਇਮਤਿਹਾਨ ਵਿਚੋਂ ਕੋਈ ਫੇਲ ਨਹੀਂ ਹੋਇਆ ਸੀ। ਦੂਜੇ ਮੁੰਡਿਆਂ ਦੇ ਨਾਲ ਮੈਂ ਵੀ ਸੈਕੰਡ ਯੀਅਰ ਵਿਚ ਹੋ ਗਿਆ ਸਾਂ। ਜਾਗੀਰ ਤੇ ਹੋਰ ਮੁੰਡਿਆਂ ਨਾਲ ਤੁਰ ਫਿਰ ਕੇ ਮੈਂ ਫਿਰੋਜ਼ਪੁਰ ਸ਼ਹਿਰ ਦੀਆਂ ਬਹੁਤੀਆਂ ਗਲੀਆਂ ਦਾ ਜਾਣੂ ਹੋ ਗਿਆ ਸਾਂ। ਮੋਦੀ ਮਿਲ ਲਾਗੇ ਪੈਂਦੀ ਕਾਂਸ਼ੀ ਨਗਰੀ ਮੈਨੂੰ ਬਾਕੀ ਸ਼ਹਿਰ ਨਾਲੋਂ ਚੰਗੀ ਲਗਦੀ। ਸਬਜ਼ੀ ਮੰਡੀ ਦਾ ਗੰਦ ਮੈਨੂੰ ਬੜਾ ਭੈੜਾ ਲਗਦਾ ਖਾਸਕਰ ਬਰਸਾਤ ਦੇ ਦਿਨਾਂ ਵਿਚ ਪਰ ਫਿਰ ਵੀ ਓਥੇ ਗਹਿਮਾ ਗਹਿਮੀ ਹਰ ਵੇਲੇ ਰਹਿੰਦੀ ਸੀ। ਸਾਈਕਲ ਨਾ ਹੋਣ ਕਰ ਕੇ ਅਸੀਂ ਸਾਰਾ ਸ਼ਹਿਰ ਪੈਦਲ ਹੀ ਗਾਹ ਦਿੰਦੇ ਸਾਂ।

ਅਪਰੈਲ ਦੇ ਦਿਨਾਂ ਦਿਨਾਂ ਵਿਚ ਭਰਾ ਦੀ ਬਦਲੀ ਫਿਰੋਜ਼ਪੁਰ ਤੋਂ ਫਾਜ਼ਿਲਕਾ ਹੋ ਗਈ ਤੇ ਉਹ ਸਾਰਾ ਟੱਬਰ ਫਾਜ਼ਿਲਕਾ ਚਲਾ ਗਿਆ ਜਿਥੇ ਥਲੇ ਭਰਾ ਦਾ ਦਫਤਰ ਸੀ ਤੇ ਉਪਰ ਕਈ ਕਮਰਿਆਂ ਵਾਲਾ ਖੁਲ੍ਹਾ ਡੁਲ੍ਹਾ ਘਰ ਸੀ। ਭਰਜਾਈ ਕਹਿਣ ਲਗੀ ਕਿ ਮੈਂ ਮਾਈਗਰੇਟ ਕਰ ਕੇ ਫਾਜ਼ਿਲਕਾ ਦੇ ਐਮ ਆਰ ਕਾਲਜ ਵਿਚ ਆ ਜਾਵਾਂ। ਭਰਾ ਨੇ ਓਸ ਕਾਲਜ ਤੋਂ ਫਾਰਮ ਲੈ ਕੇ ਵੀ ਭੇਜ ਦਿਤਾ ਜੋ ਮੈਂ ਭਰ ਤਾਂ ਦਿਤਾ ਪਰ ਭੇਜਿਆ ਨਾ। ਬਾਂਸੀ ਗੇਟ ਦੇ ਅੰਦਰਵਾਰ ਸੱਜੇ ਹਥ ਪੈਂਦੀ ਗਲੀ ਵਿਚ ਖੇਮ ਸਿੰਘ ਦੇ ਘਰ ਕਿਰਾਏ ਤੇ ਚੁਬਾਰਾ ਲੈ ਕੇ ਸੰਤਾ ਸਿੰਘ ਤੇ ਦੋ ਹੋਰ ਮੁੰਡੇ ਰਹਿੰਦੇ ਸਨ ਤੇ ਮੈਂ ਵੀ ਉਹਨਾਂ ਨਾਲ ਜਾ ਕੇ ਰਹਿਣ ਲਗ ਪਿਆ। ਇਸ ਚੁਬਾਰੇ ਦਾ ਕਿਰਾਇਆ ਅਠ ਜਾਂ ਦਸ ਰੁਪੈ ਸੀ ਜੋ ਅਸੀਂ ਚਾਰੇ ਆਪਸ ਵਿਚ ਵੰਡ ਲੈਂਦੇ ਸਾਂ। ਦਸ ਰੁਪੈ ਮਹੀਨੇ ਤੇ ਰੋਟੀ ਲੂਨ ਮੰਡੀ ਦੇ ਬਾਹਰ ਬਣੇ ਇਕ ਹੋਟਲ ਤੇ ਕਰ ਲਈ। ਘਰ ਦੀ ਰੋਟੀ ਦਾ ਜੋ ਮਜ਼ਾ ਭਰਾ ਦੇ ਘਰ ਸੀ, ਉਹ ਹੁਣ ਕਿਥੇ ਲਭਣਾ ਸੀ। ਪਰ ਭਰਾ ਦੇ ਚਲੇ ਜਾਣ ਤੋਂ ਬਾਅਦ ਪਿਕਚਰਾਂ ਵੇਖਣ ਤੇ ਆਵਾਰਾ ਫਿਰਨ ਦੀ ਬੜੀ ਆਜ਼ਾਦੀ ਮਿਲ ਗਈ ਸੀ। ਸ਼ਹਿਰ ਅਤੇ ਛਾਉਣੀ ਦੇ ਚਹੁੰ ਸਿਨਮਿਆਂ ਵਿਚ ਲਗੀਆਂ ਸਾਰੀਆਂ ਪਿਕਚਰਾਂ ਮੁੰਡਿਆਂ ਨਾਲ ਰਲ ਕੇ ਵੇਖਣੀਆਂ ਸ਼ੁਰੂ

ਕਰ ਦਿਤੀਆਂ। ਕਈ ਵਾਰ ਤਾਂ ਇਕ ਦਿਨ ਵਿਚ ਹੀ ਤਿੰਨ ਸ਼ੋਅ ਵੇਖੇ ਜਾਂਦੇ। ਰਹਿੰਦਾ ਵਕਤ ਮੈਂ ਨਾਵਲ ਕਹਾਣੀਆਂ ਪੜ੍ਹਨ ਜਾਂ ਕੁਝ ਕਹਾਣੀਆਂ ਲਿਖਣ ਵੱਲ ਲਾ ਦੇਂਦਾ। ਇਹ ਕਹਾਣੀਆਂ ਮੈਂ ਕਈ ਵਾਰ ਨਾਲ ਰਹਿੰਦੇ ਮੁੰਡਿਆਂ ਨੂੰ ਸੁਣਾਉਂਦਾ ਜੋ ਵਿਚੋਂ ਬਹੁਤ ਸਾਰੀਆਂ ਗਲਤੀਆਂ ਕਢ ਦਿੰਦੇ ਜਾਂ ਕਈ ਵਾਰ ਸਾਰੀ ਕਹਾਣੀ ਨੂੰ ਹੀ ਨਿੰਦ ਦਿੰਦੇ। ਉਹ ਮੈਨੂੰ ਇਹ ਵੀ ਕਹਿਣ ਲਗ ਪਏ ਕਿ ਮੈਂ ਕਾਲਜ ਦੀਆਂ ਕਿਤਾਬਾਂ ਨਹੀਂ ਪੜ੍ਹਦਾ ਸਾਂ ਤੇ ਪਿਕਚਰਾਂ ਤੇ ਹੋਰ ਕਿਤਾਬਾਂ ਪੜ੍ਹਨ ਵਿਚ ਬਹੁਤ ਜ਼ਿਆਦਾ ਟਾਈਮ ਜ਼ਾਇਆ ਕਰਦਾ ਸਾਂ। ਉਹ ਏਥੋਂ ਤਕ ਵੀ ਕਹਿਣ ਲਗ ਪਏ ਸਨ ਕਿ ਮੈਂ ਐਫ. ਏ. ਵਿਚੋਂ ਪਾਸ ਨਹੀਂ ਹੋਵਾਂਗਾ ਤੇ ਮੈਨੂੰ ਵੀ ਇਸ ਤਰ੍ਹਾਂ ਲਗਣ ਲਗ ਪਿਆ ਸੀ ਕਿ ਮੇਰੇ ਪਾਸ ਹੋਣ ਵਾਲੇ ਲਛਣ ਨਹੀਂ ਸਨ। ਉਹਨਾਂ ਦੇ ਮਿਹਣਿਆਂ ਤੋਂ ਅੱਕ ਕੇ ਮੈਂ ਉਹ ਚੁਬਾਰਾ ਛਡ ਦਿਤਾ ਤੇ ਮਹਿਰਿਆਂ ਵਾਲੀ ਗਲੀ ਦੇ ਅਖੀਰਲੇ ਘਰ ਦੇ ਚੁਬਾਰੇ ਤੇ ਖਾਈ ਫੇਮੇ ਕੀ ਲਾਗੇ ਪੈਂਦੇ ਇਕ ਪਿੰਡ ਦਾ ਕੰਬੋਆਂ ਦਾ ਮੁੰਡਾ ਪ੍ਰੀਤਮ ਪੰਜ ਰੁਪੈ ਕਿਰਾਏ ਤੇ ਰਹਿੰਦਾ ਸੀ ਤੇ ਮੈਂ ਵੀ ਉਹਦੇ ਨਾਲ ਰਹਿਣ ਲਗ ਪਿਆ। ਇਸੇ ਗਲੀ ਵਿਚ ਪਹਿਲਾਂ ਭਰਾ ਰਹਿ ਕੇ ਗਿਆ ਸੀ ਅਤੇ ਇਹ ਗਲੀ ਕਾਲਜ ਤੋਂ ਵੀ ਬਹੁਤ ਨੇੜੇ ਪੈਂਦੀ ਸੀ। ਗਲੀ ਦੇ ਲੋਕ ਜਾਣਦੇ ਵੀ ਸਨ। ਪ੍ਰੀਤਮ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ ਤੇ ਉਹਨੇ ਹਿਸਾਬ ਦਾ ਏ ਬੀ ਕੋਰਸ ਲਿਆ ਹੋਇਆ ਸੀ।

ਕਦੀ ਕਦੀ ਮੈਂ ਗੁਦੜਢੰਡੀ ਵਾਲੇ ਤਖਾਣਾਂ ਦੇ ਮੁੰਡੇ ਅਮਰ ਸਿੰਘ ਦੇ ਘਰ ਚਲਾ ਜਾਂਦਾ ਜੋ ਬਗਦਾਦੀ ਗੇਟ ਦੇ ਅੰਦਰਵਾਰ ਇਕ ਮਸੀਤ ਵਿਚ ਰਹਿੰਦੇ ਸਨ। ਉਹਦੀ ਉਚੀ ਲੰਮੀ ਘਰਵਾਲੀ ਦਲਜੀਤ ਪਿਛੋਂ ਪੱਟੀ ਲਾਗੇ ਪਿੰਡ ਸਭਰਾਵਾਂ ਦੀ ਸੀ। ਉਹ ਮੇਰਾ ਬਹੁਤ ਆਦਰ ਮਾਣ ਕਰਦੀ ਤੇ ਇਕੋ ਪਿੰਡ ਦੇ ਹੋਣ ਕਾਰਨ ਮੈਨੂੰ ਆਪਣਾ ਦਿਓਰ ਸਮਝਦੀ ਤੇ ਮੈਂ ਉਹਨੂੰ ਭਾਬੀ ਕਹਿੰਦਾ। ਕਈ ਵਾਰ ਪਿੰਡੋਂ ਉਹਨਾਂ ਦੇ ਘਰੋਂ ਮੈਂ ਘਿਓ ਜਾਂ ਕਈ ਦਾਲਾਂ, ਆਟਾ ਜਾਂ ਮਿਰਚਾਂ ਵਗੈਰਾ ਉਹਨਾਂ ਲਈ ਲੈ ਕੇ ਆਉਂਦਾ। ਉਹ ਕਦੇ ਵੀ ਮੈਨੂੰ ਰੋਟੀ ਖਾਧੇ ਬਿਨਾਂ ਆਉਣ ਨਾ ਦੇਂਦੀ ਅਤੇ ਬਹੁਤ ਤੇਹ ਕਰਦੀ। ਜਦੋਂ ਮੈਂ ਭਾਬੀ ਕਹਿੰਦਾ ਤਾਂ ਅਗੋਂ ਸਦਾ ਕਹਿੰਦੀ ਮੇਰਾ ਨਾਂ ਲੈ ਕੇ ਬੁਲਾਇਆ ਕਰ ਤੇ ਮੈਨੂੰ ਭਾਬੀ ਨਾ ਕਿਹਾ ਕਰ। ਕਦੇ ਕਦੇ ਉਹ ਮੈਨੂੰ ਸਾਈਕਲ ਚਲੌਣਾ ਸਿਖੌਣ ਲਈ ਆਖਦੀ ਤੇ ਮੈਂ ਉਹਨੂੰ ਥੋੜ੍ਹਾ ਹਨੇਰਾ ਹੋਏ ਤੇ ਨਹਿਰੂ ਪਾਰਕ ਲਿਜਾ ਕੇ ਸਾਈਕਲ ਸਿਖੌਂਦਾ ਜੋ ਉਹ ਕਦੇ ਵੀ ਸਿੱਖ ਨਾ ਸਕੀ ਤੇ ਡਿਗ ਪੈਂਦੀ ਤੇ ਮੈਂਨੂੰ ਚੁਕ ਕੇ ਉਠਾਉਣਾ ਪੈਂਦਾ। ਹੌਲੀ ਹੌਲੀ ਮੈਂਨੂੰ ਇੰਜ ਲਗਣ ਲਗ ਪਿਆ ਕਿ ਸ਼ਾਇਦ ਉਹ ਜਾਣ ਕੇ ਡਿਗ ਪੈਂਦੀ ਸੀ ਕਿਓਂਕਿ ਜਦੋਂ ਮੈਂ ਉਹਨੂੰ ਉਠਾਉਂਦਾ ਤੇ ਮੇਰੇ ਹਥ ਉਹਦੇ ਜਿਸਮ ਨੂੰ ਲਗਦੇ ਤਾਂ ਉਹਨੂੰ ਬੜੀ ਰਾਹਤ ਕਹਿਸੂਸ ਹੁੰਦੀ ਸੀ। ਉਮਰ ਵਿਚ ਮੇਥੋਂ ਚਾਰ ਪੰਜ ਸਾਲ ਵਡੀ ਹੋਣ ਕਰ ਕੇ ਜੇ ਮੈਂ ਉਹਨੂੰ "ਭਾਬੀ ਜੀ ਤੁਸੀਂ" ਕਹਿ ਕੇ ਬੁਲਾਉਂਦਾ ਤਾਂ ਉਹ ਕਿਹੰਦੀ ਕਿ ਮੈਨੂੰ ਤੂੰ ਕਹਿ ਕੇ ਬੁਲਾਇਆ ਕਰ। ਉਹਦੇ ਸ਼ਰੀਕੇ ਕਬੀਲੇ ਵਿਚ ਉਹਦਾ ਕੋਈ ਦਿਓਰ ਜੇਠ ਨਹੀਂ ਸੀ ਜਿਸ ਨਾਲ ਉਹ ਦੇਰ ਭਾਬੀ ਵਾਲੀਆਂ ਲਹਿਰੀਆਂ ਗੱਲਾਂ ਕਰ ਸਕਦੀ। ਅਕਸਰ ਮੇਰੇ ਕਪੜੇ ਧੋ ਕੇ ਪ੍ਰੈੱਸ ਕਰ ਦੇਂਦੀ। ਅਮਰ ਸਿੰਘ ਭਾਵੇਂ ਸਿਨਮਿਆਂ ਦੀਆਂ ਸਲਾਈਡਾਂ ਬਨੌਣ ਦਾ ਕੰਮ ਕਰਦਾ ਸੀ ਤੇ ਉਹਨੂੰ ਫਿਲਮ ਵੇਖਣ ਦੇ ਪਾਸ ਮਿਲਦੇ ਸਨ ਪਰ ਉਹ ਬਹੁਤ ਘਟ ਫਿਲਮਾਂ ਵੇਖਣ ਜਾਂਦਾ ਸੀ ਤੇ ਉਹਦੇ ਪਾਸਾਂ ਤੇ ਦਲਜੀਤ ਮੈਨੂੰ ਪਿਕਚਰ ਵੇਖਣ ਲਈ ਆਪਣੇ ਨਾਲ ਲੈ ਜਾਂਦੀ। ਅਮਰ ਸਿੰਘ ਬਹੁਤ ਜ਼ਿਆਦਾ ਚੁਪ ਰਹਿੰਦਾ ਸੀ ਤੇ ਕਿਸੇ ਨਾਲ ਗਲ ਨਹੀਂ ਕਰਦਾ ਸੀ। ਆਪਣੇ ਖਿਆਲਾਂ ਵਿਚ ਗਵਾਚਿਆ ਰਹਿੰਦਾ ਸੀ। ਬੁਲੌਣ ਤੇ ਇੰਜ ਲਗਦਾ ਜਿਵੇਂ ਸੁੱਤਾ ਪਿਆ ਬੰਦਾ ਖੜਕਾ ਸੁਣ ਕੇ ਜਾਗ ਪੈਂਦਾ ਹੈ ਜਾਂ ਕੋਈ ਬੰਦਾ ਕੋਈ ਬੁਰਾ ਸੁਪਣਾ ਵੇਖ ਕੇ ਅਚਾਣਕ ਘਬਰਾ ਕੇ ਉਠ ਖਲੋਂਦਾ ਹੈ। ਉਹਦੇ ਵਿਆਹ ਹੋਏ ਨੂੰ ਚਾਰ ਪੰਜ ਸਾਲ ਹੋ ਗਏ ਸਨ ਤੇ ਬੱਚਾ ਕੋਈ ਨਹੀਂ ਹੋਇਆ ਸੀ। ਭਾਬੀ ਦਲਜੀਤ ਕਈ ਵਾਰ ਮੇਰੇ ਨਾਲ ਐਨੀਆਂ ਖੁਲ੍ਹੀਆਂ ਗੱਲਾਂ ਕਰਦੀ ਕਿ ਮੈਂਨੂੰ ਸੁਣ ਕੇ ਸ਼ਰਮ ਆ ਜਾਂਦੀ ਤੇ ਉਹਦੀ ਗੱਲ ਦਾ ਮੇਰੇ ਕੋਲ ਕੋਈ ਜਵਾਬ ਨਾ ਹੁੰਦਾ ਜਿਵੇਂ ਉਹ ਅਕਸਰ ਕਹਿੰਦੀ ਕਿ ਤੇਰਾ ਭਰਾ ਮੈਨੂੰ ਬੁਲਾਉਂਦਾ ਨਹੀਂ ਹੈ। ਦਿਨੇ ਤਾਂ ਭਲਾ ਨਾ ਵੀ ਬੁਲਾਵੇ ਪਰ ਰਾਤ ਨੂੰ ਵੀ ਨਹੀਂ ਬੁਲਾਂਦਾ। ਮੈਂ ਉਹਦੀਆਂ ਗੱਲਾਂ ਦਾ ਕੋਈ ਜਵਾਬ ਨਾ ਦਿੰਦਾ ਤੇ ਉਠ ਕੇ ਆ ਜਾਂਦਾ। ਕਈ ਵਾਰੀਂ ਉਹ ਮੇਰੇ ਨਾਲ ਬੱਸ ਜਾਂ ਗਡੀ ਤੇ ਚੜ੍ਹ ਕੇ ਪਿੰਡ ਵੀ ਆ ਜਾਂਦੀ ਤੇ ਸਾਡੇ ਖੂਹ ਤੇ ਹਿੱਸੇ ਤੇ ਕਪਾਹ ਚੁਗਣ ਜਾਂ ਮਿਰਚਾਂ ਤੋੜਨ ਦਾ ਕੰਮ ਵੀ ਕਰਦੀ। ਮਾਂ ਉਹਨੂੰ ਦੂਜਿਆਂ ਨਾਲੋਂ ਥੋੜ੍ਹਾ ਵਧ ਹਿੱਸਾ ਦੇਂਦੀ। ਕਈ ਵਾਰ ਉਹ ਕਹਿੰਦੀ ਕਿ ਜੇ ਮੇਰੇ ਮੁੰਡਾ ਹੋਇਆ ਤਾਂ ਮੈਂ ਉਹਦਾ ਨਾਂ ਬਲਬੀਰ ਰਖਾਂਗੀ ਤੇ ਹੋਇਆ ਵੀ ਇੰਜ ਈ। ਜਦ 1955 ਤੋਂ ਬਾਅਦ ਆਏ ਲਗਾਤਾਰ ਹੜਾਂ ਨਾਲ ਗੁਦੜਢੰਡੀ ਦਾ ਇਲਾਕਾ ਤਬਾਹ ਤੇ ਬਰਬਾਦ ਹੋ ਕੇ ਸੇਮ ਦਾ ਸ਼ਿਕਾਰ ਹੋ ਗਿਆ ਤਾਂ ਇਹ ਪਰਵਾਰ ਆਪਣੀ ਸਾਰੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਕੇ ਪਟੀ ਸੈਟਲ ਹੋ ਗਿਆ ਤੇ ਇਕ ਵਾਰ ਜਦ ਮੈਂ ਪਟੀ ਦੇ ਲੇਖਕ ਨਿਰਮਲ ਅਰਪਨ ਨੂੰ ਮਿਲਣ ਪਟੀ ਗਿਆ ਤਾਂ ਇਹਨਾਂ ਦਾ ਘਰ ਲਭ ਕੇ ਵੀ ਮਿਲਣ ਗਿਆ ਤਾਂ ਅਮਰ ਸਿੰਘ ਪਾਗਲ ਹੋ ਚੁਕਾ ਸੀ ਤੇ ਉਸਦਾ ਬਾਬਾ ਵੀ ਪੂਰਾ ਹੋ ਚੁਕਾ ਸੀ। ਵੇਚੀ ਜ਼ਮੀਨ ਦੇ ਪੈਸਿਆਂ ਨਾਲ ਬੱਸਾਂ ਦੇ ਅਡੇ ਲਾਗੇ ਉਹਨਾਂ ਨੇ ਤਖਾਣੇ ਕੰਮ ਦੀ ਦੁਕਾਨ ਖੋਲ੍ਹ ਲਈ ਸੀ ਤੇ ਕੋਲ ਇਕ ਘਰ ਵੀ ਖਰੀਦ ਲਿਆ ਸੀ। ਇਹ ਸਾਡੀ ਆਖਰੀ ਮਿਲਣੀ ਸੀ।

ਜਦੋਂ ਮੈਂ ਪਿੰਡ ਜਾਂਦਾ ਤਾਂ ਰਾ ਸਿੱਖਾਂ ਦਾ ਜੀਵਨ ਵਿੰਹਦਾ ਜੋ ਸ਼ਹਿਰ ਨਾਲੋਂ ਢੇਰ ਵਖਰਾ ਸੀ। ਰਾ ਸਿੱਖ ਜੋ ਮੁਖ ਤੌਰ ਤੇ ਬੇਜ਼ਮੀਨੇ ਸਨ ਤੇ ਮੁਜ਼ਾਰਿਆਂ ਦਾ ਕੰਮ ਕਰਦੇ ਸਨ, ਨੂੰ ਬੜੀ ਆਸ ਸੀ ਕਿ ਜਦੋਂ ਪੰਡਤ ਜਵਾਹਰ ਲਾਲ ਨਹਿਰੂ ਫਿਰੋਜ਼ਪੁਰ ਆਊਗਾ ਤਾਂ ਉਹਨਾਂ ਨੂੰ ਜ਼ਮੀਨਾਂ ਦੇ ਜਾਊਗਾ। ਹੁਣ ਉਹਨਾਂ ਦੇ ਮਾਲਕਾਂ ਨਾਲ ਝਗੜੇ ਹੋਣੇ ਸ਼ੁਰੂ ਹੋ ਗਏ ਸਨ ਕਿਓਂਕਿ ਮਾਲਕ ਉਹਨਾਂ ਨੂੰ ਜ਼ਮੀਨਾਂ ਖਾਲੀ ਕਰਨ ਲਈ ਕਹਿ ਰਹੇ ਸਨ ਤੇ ਕਈ ਰਾ ਸਿੱਖ ਤਾਂ ਅਗੇ ਬੀਕਾਨੇਰ ਵੱਲ ਨੂੰ ਨਿਕਲ ਗਏ

ਸਨ। ਇਕ ਵਾਰ ਬਾਪੂ ਨੂੰ ਸਾਡੇ ਖੂਹ ਦੇ ਰਾਏ ਸਿੱਖ ਵਿਆਹ ਤੇ ਲੈ ਗਏ। ਗੁਦੜਢੰਡੀ ਦੇ ਅਡੇ ਤੋਂ ਉਹ ਬੱਸ ਵਿਚ ਬਹਿ ਕੇ ਫਾਜਿਲ਼ਕਾ ਚਲੇ ਗਏ ਤੇ ਓਥੋਂ ਉਹ ਢੋਲ ਵਜਾਉਂਦੇ ਤੇ ਨਚਦੇ ਗਾਉਂਦੇ ਪਿੰਡਾਂ ਥਾਣੀਂ ਬੀਕਾਨੇਰ ਵੱਲ ਨੂੰ ਪੈਦਲ ਚੱਲ ਪਏ। ਬਾਪੂ ਗੰਗਾਨਗਰ ਤਕ ਤਾਂ ਉਹਨਾਂ ਦੇ ਨਾਲ ਤੁਰਦਾ ਗਿਆ ਤੇ ਜਦ ਉਹ ਗੰਗਾਨਗਰ ਪਹੁੰਚੇ ਤਾਂ ਬਾਪੂ ਨੇ ਉਹਨਾਂ ਨਾਲ ਬੀਕਾਨੇਰ ਤਕ ਤੁਰ ਕੇ ਜਾਣੋ ਜਵਾਬ ਦੇ ਦਿਤਾ ਤੇ ਓਥੋਂ ਬੱਸਾਂ ਤੇ ਚੜ੍ਹ ਕੇ ਅਬੋਹਰ ਹੁੰਦਾ ਹੋਇਆ ਵਾਪਸ ਫਾਜ਼ਿਲਕਾ ਥਾਣੀਂ ਪਿੰਡ ਆ ਗਿਆ। ਰਾਏ ਸਿੱਖਾਂ ਦੀ ਉਹ ਜੰਜ ਆਪਣਾ ਮੁੰਡਾ ਪ੍ਰਣਾ ਕੇ ਵਿਆਂਹਦੜ ਸਮੇਤ ਮਹੀਨੇ ਬਾਅਦ ਮੁੜੇ। ਵਹੁਟੀ ਵੀ ਬੀਕਾਨੇਰ ਤੋਂ ਕਈ ਦਿਨ ਉਹਨਾਂ ਨਾਲ ਪੈਦਲ ਤੁਰ ਕੇ ਵਾਪਸ ਬੇਰੀਆਂ ਵਾਲੇ ਖੂਹ ਤੇ ਆਈਂ।

1952-53 ਵਿਚ ਫਿਰੋਜ਼ਪੁਰ ਵਿਚ ਜੜ੍ਹਾਂਵਾਲੇ ਫੋੜਿਆਂ ਦਾ ਬੜਾ ਫੁਹਾਰਾ ਸੀ। ਇਸ ਨੂੰ ਲਾਹੌਰੀ ਜਾਂ ਕਸੂਰੀ ਫੋੜਾ ਵੀ ਕਹਿੰਦੇ ਸਨ। ਕਈਆਂ ਔਰਤਾਂ ਜਾਂ ਕੁੜੀਆਂ ਦੇ ਇਹ ਫੋੜਾ ਨੱਕ ਤੇ ਹੋ ਜਾਂਦਾ ਸੀ ਜਿਸ ਕਾਰਨ ਜਿਥੇ ਇਹਦੇ ਠੀਕ ਹੋਣ ਤੇ ਕਈ ਮਹੀਨੇ ਲਗਦੇ ਸਨ, ਓਥੇ ਨੱਕ ਦਾ ਹੁਸਨ ਵੀ ਮਾਰਿਆ ਜਾਂਦਾ ਸੀ। ਮੇਰੇ ਸੱਜੇ ਗਿੱਟੇ ਤੇ ਗੋਡੇ ਤੇ ਦੋ ਜੜ੍ਹਾਂ ਵਾਲੇ ਫੋੜੇ ਹੋ ਗਏ। ਪਤਾ ਨਹੀਂ ਕਿਸੇ ਜ਼ਹਿਰੀਲੇ ਮਛਰ ਲੜਨ ਕਾਰਨ ਹੋਏ ਜਾਂ ਕਿਸੇ ਹੋਰ ਵਜ੍ਹਾ ਨਾਲ। ਇਹਨਾਂ ਤੇ ਖਾਰਸ਼ ਬਹੁਤ ਜ਼ਿਆਦਾ ਹੁੰਦੀ ਸੀ। ਸਾਰੀ ਸਾਰੀ ਰਾਤ ਫੋੜੇ ਵਾਲੀ ਥਾਂ ਨੂੰ ਖੁਰਕਣਾ ਪੈਂਦਾ ਸੀ ਪਰ ਚੈਨ ਨਹੀਂ ਪੈਂਦਾ ਸੀ। ਇਹ ਫੋੜੇ ਥੋੜ੍ਹੇ ਥੋੜ੍ਹੇ ਰਿਸਦੇ ਰਹਿੰਦੇ ਸਨ ਤੇ ਇਹਨਾਂ ਵਿਚੋਂ ਨਿਕਲਦੀ ਰਤੂਬਤ ਨੂੰ ਸਾਫ ਕਰਨਾ ਪੈਂਦਾ ਸੀ। ਫਿਰ ਇਹਨਾਂ ਦੋਹਾਂ ਫੋੜਿਆ ਦਾ ਆਕਾਰ ਵਧਣਾ ਸ਼ੁਰੂ ਹੋ ਗਿਆ। ਕਈ ਮਲ੍ਹਮਾਂ ਤੇ ਦਵਾਈਆਂ ਲਾਈਆਂ ਤੇ ਇਲਾਜ ਕੀਤਾ ਪਰ ਇਹ ਫੋੜੇ ਠੀਕ ਨਾ ਹੋਏ। ਕਿਸੇ ਦਸਿਆ ਕਿ ਦੋ ਭਰਾ ਗੁਰਦਿਤ ਸਿੰਘ ਤੇ ਕੁੰਦਨ ਸਿੰਘ ਬੜੇ ਨਾਮਵਰ ਜਿਰਾਹ ਹਨ ਤੇ ਜੜ੍ਹਾਂ ਵਾਲੇ ਫੋੜਿਆਂ ਦਾ ਇਲਾਜ ਕਰਦੇ ਹਨ। ਇਹਨਾਂ ਦੀ ਦੁਕਾਨ ਦਿੱਲੀ ਦਰਵਾਜ਼ੇ ਦੇ ਅੰਦਰਵਾਰ ਸੱਜੇ ਹਥ ਜਾਂਦੀ ਪਹਿਲੀ ਗਲੀ ਵਿਚ ਪੈਂਦੀ ਸੀ। ਇਹ ਇਕ ਫਹੇ ਦੀ ਅਠਿਆਨੀ ਲੈਂਦੇ ਸਨ ਤੇ ਮੈਂ ਇਹਨਾਂ ਕੋਲੋਂ ਫਹੇ ਲਵਾਉਣੇ ਸ਼ੁਰੂ ਕਰ ਦਿਤੇ। ਇਹਨਾਂ ਦਾ ਕਹਿਣਾ ਸੀ ਇਹ ਫਹੇ ਫੋੜੇ ਦੀਆਂ ਜੜ੍ਹਾਂ ਕਢ ਦੇਣਗੇ। ਜਦੋਂ ਮੈਂ ਫਹੇ ਬਦਲਾਉਣ ਜਾਂਦਾ ਤਾਂ ਓਥੇ ਇਸ ਤਰ੍ਹਾਂ ਦੇ ਫੋੜਿਆਂ ਤੇ ਫਹੇ ਲਵਾਉਣ ਵਾਲਿਆਂ ਦੀ ਬੜੀ ਭੀੜ ਹੁੰਦੀ। ਇਹਨਾਂ ਫਹਿਆਂ ਨਾਲ ਰਾਤ ਨੂੰ ਚੀਕਾਂ ਨਿਕਲਦੀਆਂ ਤੇ ਜ਼ਖਮ ਵਧਣੇ ਸ਼ੁਰੂ ਹੋ ਗਏ ਤੇ ਵਧ ਵਧ ਕੇ ਇਹ ਫੋੜੇ ਓਸ ਵੇਲੇ ਦੇ ਰੁਪਈਏ ਦੇ ਆਕਾਰ ਨਾਲੋਂ ਵੀ ਵਡੇ ਹੋ ਗਏ। ਮੈਂ ਲੰਗਾ ਕੇ ਤੁਰਦਾ ਤੇ ਜਿਹੜਾ ਮੈਨੂੰ ਆਪਣੀ ਜਵਾਨੀ, ਖੂਬਸੂਰਤੀ ਅਤੇ ਆਪਣੀ ਤੋਰ ਤੇ ਗਰੂਰ ਸੀ, ਉਸ ਗਰੂਰ ਦਾ ਸਿਰ ਨੀਵਾਂ ਹੋਣ ਲੱਗਾ। ਕਈ ਮਹੀਨੇ ਮੈਂ ਫਹੇ ਲਵਾਏ ਪਰ ਆਰਾਮ ਨਾ ਆਇਆ। ਅਖੀਰ ਇਕ ਡਾਕਟਰ ਨੇ ਇਹਨਾਂ ਫੋੜਿਆਂ ਦੇ ਪਾਸਿਆਂ ਤੇ ਟੀਕੇ ਲਾਏ ਤੇ ਇਹ ਫੋੜੇ ਸੁਕਣੇ ਸ਼ੁਰੂ ਹੋ ਗਏ ਪਰ ਮੇਰੀ ਸੱਜੀ ਲੱਤ ਦੇ ਗੋਡੇ ਅਤੇ ਗਿਟੇ ਤੇ ਇਹਨਾਂ ਫੋੜਿਆਂ ਦੇ ਵਡੇ ਵਡੇ ਚਟਾਕ ਪੈ ਗਏ। ਮੈਂ ਕਈ ਵਾਰ ਸੋਚਦਾ ਕਿ ਜਦ ਮੇਰਾ ਵਿਆਹ ਹੋਊਗਾ ਤਾਂ ਮੈਂ ਸੱਜੀ ਲੱਤ ਤੇ ਪਏ ਇਹਨਾਂ ਵਡੇ ਵਡੇ ਚਟਾਕਾਂ ਨੂੰ ਆਪਣੀ ਵਹੁਟੀ ਕੋਲੋਂ ਕਿਵੇਂ ਲੁਕੋਵਾਂਗਾ।

### ਹਰੀ ਕੇ ਪਤਨ ਤੋਂ ਬੇੜੀ ਤੇ ਸਤਲੁਜ ਪਾਰ ਕਰਨਾ

ਕਾਲਜ ਵਿਚ ਗਰਮੀਆਂ ਦੀਆਂ ਛੁਟੀਆਂ ਹੋਈਆਂ ਤਾਂ ਮੈਂ ਪਿੰਡ ਆ ਗਿਆ। ਕਦੀ ਕਦੀ ਮੈਂ, ਬਾਪੂ ਤੇ ਮਾੜੂ ਕਹੀਆਂ ਲੈ ਕੇ ਕਾਨਿਆਂ ਤੇ ਸੜਕੜੇ ਵਾਲੀ 22 ਕਿੱਲੇ ਜ਼ਮੀਨ ਨੂੰ ਸਾਫ ਕਰਨ ਤੇ ਕਾਨਿਆਂ ਦੇ ਬੂਝੇ ਮੁਢੋਂ ਪੁਟਣ ਲਈ ਚਲੇ ਜਾਂਦੇ ਜੋ ਬੜਾ ਔਖਾ ਕੰਮ ਸੀ। ਕਹੀ ਨਾਲ ਇਹ ਬੂਝੇ ਜੜ੍ਹਾਂ ਤੋਂ ਨਹੀਂ ਪੁਟੇ ਜਾਂਦੇ ਸਨ ਤੇ ਕਹੀ ਦੇ ਦਸਤੇ ਟੁੱਟ ਜਾਂਦੇ ਸਨ। ਜੇ ਬੂਝੇ ਜੜ੍ਹਾਂ ਤੋਂ ਨਾ ਪੁੱਟੀਏ ਤਾਂ ਇਹ ਫਿਰ ਉਗ ਪੈਂਦੇ ਸਨ। ਰਾਵਾਂ ਨੇ ਦਸਿਆ ਕਿ ਕਾਨਿਆਂ ਦੇ ਮੁਢ ਸਿਰਫ ਬਹੌਲਿਆਂ ਨਾਲ ਈ ਪੁੱਟੇ ਜਾ ਸਕਦੇ ਹਨ। ਫਿਰ ਬਾਪੂ ਕਿਸੇ ਕੋਲੋਂ ਬਹੌਲਾ ਮੰਗ ਲਿਆਇਆ ਜੋ ਕਹੀ ਨਾਲੋਂ ਵਖਰਾ ਤੇ ਜਿਸਦਾ ਦਸਤਾ ਮੋਟੀ ਲਕੜ ਦਾ ਹੁੰਦਾ ਸੀ। ਇਸ ਬਹੌਲੇ ਨਾਲ ਅਸੀਂ ਥੋੜ੍ਹੇ ਥੋੜ੍ਹੇ ਕਰ ਕੇ ਸਰ ਅਤੇ ਕਾਨਿਆਂ ਦੇ ਬੂਝੇ ਪੁਟਦੇ ਜੋ ਬਾਲਣ ਅਤੇ ਝੁਗੀਆਂ ਬਨਾਉਣ ਦੇ ਕੰਮ ਵੀ ਔਂਦੇ ਸਨ। ਇਹ ਕੰਮ ਬੜਾ ਔਖਾ ਸੀ ਅਤੇ ਓਦੋਂ ਤਕ ਪੰਜਾਬ ਵਿਚ ਟਰੈਕਟਰ ਵੀ ਨਹੀਂ ਆਏ ਸਨ ਅਤੇ ਟਰੈਕਟਰ ਲੈਣ ਦੀ ਹਰ ਕਿਸਾਨ ਕੋਲ ਪੁੱਜ ਵੀ ਕਿਥੇ ਸੀ। ਪਿਛੋਂ 1953-54 ਵਿਚ ਫਾਜਿਲ਼ਕਾ ਅਤੇ ਅਬੋਹਰ ਦੇ ਇਲਾਕੇ ਵਿਚ ਟਰੈਕਟਰ ਆ ਗਏ ਸਨ ਅਤੇ ਵਡੇ ਜ਼ਿਮੀਂਦਾਰਾਂ ਨੇ ਟਰੈਕਟਰ ਖਰੀਦ ਵੀ ਲਏ ਸਨ। ਸਾਡੇ ਦੋਸਤ ਹਰਬੰਸ ਸਿੰਘ ਅਮੀਰ ਖਾਸ ਵਾਲਿਆਂ ਨੇ ਵੀ ਫਰਗੂਸਨ ਟਰੈਕਟਰ ਖਰੀਦ ਲਿਆ ਸੀ ਕਿਓਂਕਿ ਉਹਨਾਂ ਕੋਲ ਜ਼ਮੀਨ ਵੀ ਬਹੁਤ ਸੀ। ਇਕ ਵਾਰ ਮੈਂ ਤੇ ਜਾਗੀਰ ਹਰਬੰਸ ਸਿੰਘ ਦੇ ਪਿੰਡ ਅਮੀਰ ਖਾਸ ਜਾ ਕੇ ਟਰੈਕਟਰ ਚਲਾਉਣਾ ਵੀ ਸਿਖਦੇ ਰਹੇ ਸਾਂ ਅਤੇ ਉਹਨਾਂ ਦੀ ਮਿੰਟਗੁਮਰੀ ਵਾਲੀ ਮਹਿਮਾਨ ਨਿਵਾਜ਼ੀ ਦਾ ਲੁਤਫ ਵੀ ਲੈਂਦੇ ਰਹੇ ਸਾਂ। ਕੁਝ ਦਿਨਾਂ ਬਾਅਦ ਮੈਂ ਬਾਪੂ ਨੂੰ ਕਹਿ ਦਿਤਾ ਕਿ ਮੇਰੇ ਹਥਾਂ ਵਿਚ ਬਹੌਲੇ ਦੇ ਮੋਟੇ ਦਸਤੇ ਨਾਲ ਛਾਲੇ ਪੈ ਗਏ ਹਨ ਅਤੇ ਮੈਥੋਂ ਕਾਨੇ ਪੁਟਣ ਦਾ ਕੰਮ ਨਹੀਂ ਹੁੰਦਾ। ਨਾਲੇ ਮੈਂ ਭੈਣ ਨੂੰ ਮਿਲਣ ਲਈ ਅਮ੍ਰਿਤਸਰ ਜਾਣਾ ਚਹੁੰਦਾ ਹਾਂ ਅਤੇ ਹੋਰ ਰਿਸ਼ਤੇਦਾਰਾਂ ਜਿਵੇਂ ਤਾਇਆ ਗਿਆਨ ਸਿੰਘ ਅਤੇ

ਭੂਆ ਆਤੋ ਨੂੰ ਵੀ ਪਿੰਡ ਚੋਰਕੋਟ ਜਾ ਕੇ ਮਿਲ ਆਵਾਂਗਾ। ਬਾਪੂ ਮੰਨ ਗਿਆ ਤੇ ਕਹਿਣ ਲੱਗਾ ਕਿ ਪਿਛਲੇ ਪਿੰਡੋਂ ਜ਼ਮੀਨ ਦਾ ਠੇਕਾ ਵੀ ਲੈ ਆਵੀਂ ਜਿਸ ਨੂੰ ਮੇਰਾ ਨਿਜ਼ਾਮਪੁਰ ਵਾਲਾ ਭਣਵਈਆ ਭਾਈਆ ਭਗਵਾਨ ਸਿੰਘ ਉਗਰਾਹ ਕੇ ਰੱਖ ਲੈਂਦਾ ਸੀ।

ਉਸ ਵੇਲੇ ਹਰੀਕੇ ਪਤਨ ਦਾ ਪੁਲ ਨਹੀਂ ਸੀ ਬਣਿਆ ਅਤੇ ਨਾ ਹੀ ਰਾਜਸਥਾਨ ਨੂੰ ਜਾਣ ਵਾਲੀਆਂ ਦੋ ਨਹਿਰਾਂ ਹੀ ਬਣੀਆਂ ਸਨ ਜਿਨ੍ਹਾਂ ਨੇ ਦਰਿਆ ਦਾ ਅਧਾ ਪਾਣੀ ਚੀਰ ਕੇ ਆਪਣੇ ਕੰਢਿਆਂ ਅੰਦਰ ਕੈਦ ਕਰ ਲਿਆ ਤੇ ਰਾਜਸਥਾਨ ਦੇ ਦੂਰ ਦੁਰਾਡੇ ਖੁਸ਼ਕ ਇਲਾਕੇ ਤਕ ਪੁਚਾ ਦਿਤਾ ਸੀ। ਬੱਸ ਕਾਗਜ਼ਾਂ ਪੱਤਰਾਂ ਵਿਚ ਇਹਨਾਂ ਦੇ ਨਕਸ਼ੇ ਤਿਆਰ ਹੋ ਰਹੇ ਸਨ। ਅਮ੍ਰਿਤਸਰ ਜਾਣ ਦਾ ਇਕੋ ਤਰੀਕਾ ਸੀ ਕਿ ਫਿਰੋਜ਼ਪੁਰ ਛਾਉਣੀ ਤੋਂ ਗਡੀ ਫੜ ਕੇ ਜਲੰਧਰ ਪਹੁੰਚੀਦਾ ਸੀ। ਇਹ ਰਾਹ ਚਾਰ ਘੰਟੇ ਦਾ ਸਫਰ ਸੀ। ਇਥੋਂ ਗਡੀ ਬਦਲ ਕੇ ਅਮ੍ਰਿਤਸਰ ਜਾਇਆ ਜਾਂਦਾ ਸੀ। ਇੰਜ ਘਟੋ ਘੱਟ ਇਕ ਦਿਨ ਲਗ ਜਾਂਦਾ ਸੀ। ਇਕ ਛੋਟਾ ਰਸਤਾ ਸੀ ਕਿ ਮਖੂ ਤੋਂ ਪੈਦਲ ਤੁਰ ਕੇ ਦਰਿਆ ਸਤਲੁਜ ਦੇ ਕੰਢੇ ਪੁਜਿਆ ਜਾਵੇ ਜਿਥੇ ਬੇੜੀ ਪੈਂਦੀ ਸੀ ਜੋ ਦਰਿਆ ਪਾਰ ਕਰਾ ਕੇ ਹਰੀਕੇ ਪੱਤਨ ਲਾ ਦੇਂਦੀ ਸੀ ਜਿਥੋਂ ਅਗੇ ਅਮ੍ਰਿਤਸਰ ਨੂੰ ਬੱਸਾਂ ਮਿਲ ਜਾਂਦੀਆਂ ਸਨ। ਇਹ ਰਾਹ ਜਿਥੇ ਨੇੜੇ ਪੈਂਦਾ ਸੀ, ਓਥੇ ਪੈਸੇ ਵੀ ਘੱਟ ਲਗਦੇ ਸਨ। ਲੋਕ ਡਰਾਉਂਦੇ ਸਨ ਕਿ ਜੇ ਬੇੜੀ ਡੁਬ ਜੇ ਤਾਂ ਬਚਣਾ ਮੁਸਸ਼ਕਲ ਸੀ ਤੇ ਲਾਸ਼ਾਂ ਦਰਿਆ ਵਿਚ ਰੁੜ ਕੇ ਕਿਤੇ ਦੀਆਂ ਕਿਤੇ ਪਹੁੰਚ ਜਾਂਦੀਆਂ ਸਨ ਅਤੇ ਕਈ ਲਾਸ਼ਾਂ ਨੂੰ ਤਾਂ ਮਛੀਆਂ ਅਤੇ ਮਗਰਮਛ ਵੀ ਖਾ ਜਾਂਦੇ ਸਨ। ਮਾਂ ਨੇ ਮੈਨੂੰ ਬਾਰ ਬਾਰ ਸਮਝਾਇਆ ਕਿ ਮੈਂ ਬੇੜੀ ਤੇ ਦਰਿਆ ਪਾਰ ਨਾ ਕਰਾਂ ਤੇ ਜਲੰਧਰ ਥਾਣੀਂ ਜਾਵਾਂ। ਮੈਂ ਝੋਲੇ ਵਿਚ ਆਪਣੇ ਕਪੜੇ ਪਾਏ ਤੇ ਫਿਰੋਜ਼ਪੁਰ ਛਾਉਣੀ ਤੋਂ ਗਡੀ ਫੜ ਕੇ ਉਹਨਾਂ ਲੋਕਾਂ ਦੇ ਨਾਲ ਮਖੂ ਉਤਰ ਗਿਆ ਜਿਨ੍ਹਾਂ ਨੇ ਸਤਲੁਜ ਦਰਿਆ ਤੋਂ ਬੇੜੀ ਫੜਨੀ ਸੀ। ਇਹ ਲੋਕ ਵਾਹੋ ਦਾਹੀ ਬੜੀ ਕਾਹਲੀ ਕਾਹਲੀ ਵਖੋ ਵਖ ਡੰਡੀਆਂ ਰਾਹੀਂ ਦਰਿਆ ਵੱਲ ਨੂੰ ਤੁਰੇ ਨਹੀਂ ਸਗੋਂ ਭਜੇ ਜਾ ਰਹੇ ਸਨ ਕਿ ਜੇ ਬੇੜੀ ਨਿਕਲ ਗਈ ਤਾਂ ਕੀ ਪਤਾ ਦੋਬਾਰਾ ਵਾਪਸ ਆਵੇ ਜਾਂ ਨਾ ਤੇ ਕਈ ਕਹਿ ਰਹੇ ਸਨ ਕਿ ਜੇ ਬੇੜੀ ਦਾ ਪੂਰ ਪੂਰਾ ਨਾ ਹੋਵੇ ਤਾਂ ਬੇੜੀ ਦੇ ਮੁਜਾਣੇ ਬੇੜੀ ਨੂੰ ਤੋਰਦੇ ਹੀ ਨਹੀਂ ਸਨ। ਮੇਰੇ ਲਈ ਇਹ ਸਭ ਕੁਝ ਨਵਾਂ ਸੀ ਹਾਲਾਂ ਕਿ ਮੇਰੇ ਨਾਲ ਪੜ੍ਹਦਾ ਸੁਜਾਨ ਤੇ ਉਹਦਾ ਛੋਟਾ ਭਰਾ ਸੁਖਦੇਵ ਜੋ ਸਰਹਾਲੀ ਲਾਗੇ ਪੈਂਦੇ ਪਿੰਡ ਚੋਲ੍ਹਾ ਸਾਹਿਬ ਦੇ ਰਹਿਣ ਵਾਲੇ ਸਨ ਤੇ ਜਿਨ੍ਹਾਂ ਦਾ ਬਾਪ ਫਿਰੋਜ਼ਪੁਰ ਕੋਆਪਰੇਟਿਵ ਮਹਿਕਮੇ ਵਿਚ ਕਿਸੇ ਚੰਗੀ ਨੌਕਰੀ ਤੇ ਲੱਗਾ ਹੋਇਆ ਸੀ, ਬੇੜੀ ਰਾਹੀਂ ਦਰਿਆ ਪਾਰ ਕਰ ਕੇ ਪਿੰਡ ਚਲੇ ਜਾਇਆ ਕਰਦੇ ਸਨ। ਆਸੇ ਪਾਸੇ ਕਾਨਿਆਂ ਤੇ ਸਰਕੜੇ ਦਾ ਜ਼ੰਗਲ ਹੀ ਜੰਗਲ ਸਨ। ਆਖਰ ਅਸੀਂ ਸਤਲੁਜ ਦਰਿਆ ਦੇ ਕੰਢੇ ਤੇ ਪਹੁੰਚ ਗਏ ਜਿਥੇ ਏਡਾ ਵਡਾ ਚੌੜਾ ਸਤਲੁਜ ਦਰਿਆ ਵੇਖ ਕੇ ਮੈਂ ਡਰ ਗਿਆ। ਜਿਧਰੋਂ ਪਾਣੀ ਆ ਰਿਹਾ ਸੀ, ਲੋਕ ਕਹਿ ਰਹੇ ਸਨ ਕਿ ਕੁਝ ਮੀਲ ਪਿਛੇ ਹੀ ਸਤਲੁਜ ਤੇ ਬਿਆਸ ਇਕ ਦੂਜੇ ਵਿਚ ਮਿਲਦੇ ਸਨ। ਇਸ ਤੋਂ ਪਹਿਲਾਂ ਕਦੇ ਮੈਂ ਦਰਿਆ ਦਾ ਕੰਢਾ ਐਨਾ ਨੇੜਿਓਂ ਨਹੀਂ ਵੇਖਿਆ ਸੀ। ਸਾਡੇ ਤੋਂ ਪਹਿਲਾਂ ਵੀ ਕਈ ਲੋਕ ਬੇੜੀ ਦਾ ਇੰਤਜ਼ਾਰ ਕਰ ਰਹੇ ਸਨ ਜਿਨ੍ਹਾਂ ਦੇ ਸਤਲੁਜ ਆਰ ਪਾਰ ਰਿਸ਼ਤੇਦਾਰੀਆਂ ਜਾਂ ਸਾਕ ਸਕੀਰੀਆਂ ਸਨ ਤੇ ਕਈਆਂ ਕੋਲ ਬਕਰੀਆਂ ਤੇ ਕੁੱਤੇ ਵੀ ਸਨ। ਕਈਆਂ ਕੋਲ ਸਾਮਾਨ ਦੀਆਂ ਗੰਢਾਂ ਸਨ ਤੇ ਆਟਾ ਦਾਲਾਂ ਵੀ। ਲਗਦਾ ਸੀ ਕਿ ਇਹ ਲੋਕ ਦਰਿਆ ਦੇ ਏਧਰ ਓਧਰ ਆਉਂਦੇ ਜਾਂਦੇ ਸਨ ਤੇ ਮੇਰੇ ਵਾਂਗ ਬਹੁਤ ਖੌਫਜ਼ਦਾ ਨਹੀਂ ਸਨ। ਇਹ ਵੀ ਪਤਾ ਲੱਗਾ ਕਿ ਬੇੜੀ ਪਰਲੇ ਪਾਰ ਇਕ ਪੂਰ ਲਹੁਣ ਗਈ ਹੋਈ ਸੀ ਤੇ ਓਦੋਂ ਈ ਮੁੜੇਗੀ ਜਦੋਂ ਓਧਰੋਂ ਬੇੜੀ ਦਾ ਪੂਰ ਮਿਲੇਗਾ। ਸਿਵਾਏ ਇਸਦੇ ਕਿ ਬੇੜੀ ਦੀ ਉਡੀਕ ਕੀਤੀ ਜਾਵੇ, ਹੋਰ ਕੋਈ ਚਾਰਾ ਨਹੀਂ ਸੀ ਪਰ ਸਤਲੁਜ ਦੇ ਵਿਸ਼ਾਲ ਕੰਢੇ ਬੈਠ ਕੇ ਲਿਆ ਇਹ ਰਮਣੀਕ ਨਜ਼ਾਰਾ ਮੇਰੀ ਜ਼ਿੰਦਗੀ ਅਤੇ ਮੇਰੀਆਂ ਯਾਦਾਂ ਦਾ ਹਿੱਸਾ ਬਣ ਗਿਆ ਜਿਸ ਨੂੰ ਆਪਣੇ ਸਾਹਿਤਕ ਸਫਰ ਵਿਚ ਮੈਂ ਕਈ ਵਾਰ ਵਰਤਿਆ। ਬਗਲਿਆਂ ਦੀਆਂ ਡਾਰਾਂ ਤੋਂ ਇਲਾਵਾ ਹੋਰ ਦਰਿਆਈ ਜਾਨਵਰ ਲਮਢੀਂਗ, ਨੜੀਆਂ ਤੇ ਨਿਕੀਆਂ ਨਿਕੀਆਂ ਲੋਕਲ ਮੁਰਗਾਬੀਆਂ ਵੀ ਏਧਰ ਓਧਰ ਉਡ ਰਹੀਆਂ ਸਨ। ਕਦੀ ਕਦੀ ਵਡੀਆਂ ਛੋਟੀਆਂ ਮਛੀਆਂ ਦੇ ਪੂਰ ਵੀ ਲੰਘ ਰਹੇ ਸਨ। ਦਰਿਆਵਾਂ ਦੇ ਆਰ ਪਾਰ ਰਹਿਣ ਵਾਲੇ ਲੋਕਾਂ ਦਾ ਜੀਵਨ ਮੇਰੀਆਂ ਕਹਾਣੀਆਂ ਦਾ ਵਿਸ਼ਾ ਬਣ ਗਿਆ। ਕਈ ਲੇਖਕਾਂ ਜਿਵੇਂ ਮੈਕਸਮ ਗੋਰਕੀ ਨੇ "ਮਾਲਵਾ" ਅਤੇ ਹੇਮਿੰਗਜ਼ਵੇ ਨੇ "ਓਲਡ ਮੈਨ ਐਂਡ ਦਾ ਸੀ" ਡਾ: ਗੁਰਚਰਨ ਸਿੰਘ ਨੇ "ਵਗਦੀ ਸੀ ਰਾਵੀ" ਤੇਜਾਰਜ ਈਲੀਇਟ ਮੇ "ਮਿਲ ਆਨ ਦਾ ਫਲਾਸ" ਪਾਣੀਆਂ ਨਾਲ ਸਬੰਧਤ ਨਾਵਲ ਲਿਖੇ ਅਤੇ ਮੋਹਨ ਕਾਹਲੋਂ ਨੇ ਵੀ "ਬੇੜੀ ਤੇ ਬਰੇਤਾ" ਲਿਖਿਆ, ਇਸੇ ਤਰ੍ਹਾਂ ਪਾਣੀ ਦੇ ਵਿਸ਼ੇ ਤੇ ਮੈਂ ਪੂਰਾ ਨਾਵਲ ਤਾਂ ਨਾ ਲਿਖ ਸਕਿਆ ਪਰ ਆਪਣੀਆਂ ਕਹਾਣੀਆਂ ਵਿਚ ਪਾਣੀਆਂ, ਬੇਟ ਅਤੇ ਸਤਲੁਜ ਦਾ ਜ਼ਿਕਰ ਬਹੁਤ ਕਰਦਾ ਰਿਹਾ।

ਆਖਰ ਦੂਜੇ ਪਾਸਿਓਂ ਬੇੜੀ ਔਂਦੀ ਦਿਸੀ ਜਿਸ ਵਿਚ ਬਹੁਤੇ ਲੋਕ ਸਵਾਰ ਨਹੀਂ ਸਨ, ਇਸ ਦੀ ਰਫਤਾਰ ਬਹੁਤੀ ਤੇਜ਼ ਨਹੀਂ ਸੀ ਅਤੇ ਜਿਥੇ ਦਰਿਆ ਦੇ ਅਧ ਵਿਚ ਪਾਣੀ ਦਾ ਵਹਾ ਬਹੁਤ ਜ਼ਿਆਦਾ ਸੀ, ਲਗਦਾ ਓਥੇ ਵੰਝ ਦੇ ਚੱਪੂ ਲਾਉਣ ਵਾਲੇ ਮਹਾਣਿਆਂ ਦਾ ਬੜਾ ਜ਼ੋਰ ਲਗ ਰਿਹਾ ਸੀ। ਏਧਰਲੇ ਕੰਢੇ ਲਿਆ ਕੇ ਜਦੋਂ ਅਜੇ ਬੇੜੀ ਪਾਣੀ ਵਿਚ ਹੀ ਸੀ ਕਿ ਮੁਹਾਣਿਆਂ ਨੇ ਬੇੜੀ ਦੇ ਰੱਸੇ ਕਿਲਿਆਂ ਨਾਲ ਬੰਨ੍ਹ ਦਿਤੇ ਤਾਂ ਜੋ ਬੇੜੀ ਰੁੜ੍ਹ ਨਾ ਜਾਵੇ। ਬੇੜੀ ਚੋਂ ਉਤਰ ਕੇ ਅਤੇ ਪਹੁੰਚੇ ਉਚੇ ਕਰ ਕੇ ਮੁਸਾਫਰ ਗੋਡੇ ਗੋਡੇ ਪਾਣੀ ਵਿਚੋਂ ਹੁੰਦੇ ਹੋਏ ਬਾਹਰ ਨਿਕਲ ਆਏ ਤੇ ਅਸੀਂ ਪਾਣੀ ਵਿਚ ਤੁਰਦੇ ਬੇੜੀ ਵਿਚ ਚੜ੍ਹਦੇ ਗਏ। ਮੈਂ ਵੇਖਿਆ ਕਿ ਬੇੜੀ ਨੂੰ ਚੱਪੂ ਲਾਉਣ ਵਾਲੇ ਮਹਾਣਿਆਂ ਦੇ ਡੌਲੇ ਵੇਖਣ ਵਾਲੇ ਸਨ। ਸਰੀਰ ਸੂਤੇ ਹੋਏ ਅਤੇ ਹਿਕਾਂ ਚੌੜੀਆਂ ਸਨ। ਕਈਆਂ ਦੀਆਂ ਬਕਰੀਆਂ ਤੇ ਕੁੱਤੇ ਵੀ ਸਾਡੇ ਨਾਲ ਬੇੜੀ ਵਿਚ ਸਵਾਰ ਹੋ ਗਏ ਤੇ ਘੰਟੇ ਕੁ ਬਾਅਦ ਮਲਾਹਾਂ ਨੇ ਬੇੜੀ

ਦੇ ਰੱਸੇ ਕਿੱਲਿਆਂ ਨਾਲੋਂ ਖੋਲ੍ਹ ਦਿਤੇ ਤੇ ਪਾਣੀ ਦੇ ਦੇਵਤੇ ਖਿਜਰ ਖਵਾਜ ਨੂੰ ਧਿਆਉਂਦਿਆਂ ਬੇੜੀ ਨੂੰ ਵੰਝਾਂ ਦੇ ਜ਼ੋਰ ਨਾਲ ਦਰਿਆ ਸਤਲੁਜ ਦੇ ਪਾਣੀਆਂ ਵਿਚ ਠਿਲ ਦਿਤਾ। ਮਲਾਹਾਂ ਦੇ ਇਕ ਬੰਦੇ ਨੇ ਸਾਡੇ ਕੋਲੋਂ ਅਠ ਅਠ ਆਨੇ ਕਿਰਾਇਆ ਲੈਣਾ ਸ਼ੁਰੂ ਕਰ ਦਿਤਾ। ਪਤਾ ਲਗਾ ਰਾਤ ਬਰਾਤੇ ਦਰਿਆ ਪਾਰ ਕਰਨ ਵਾਲੇ ਚੋਰਾਂ, ਡਾਕੂਆਂ, ਆਸ਼ਕਾਂ ਕੋਲੋਂ ਇਹ ਬੇੜੀਆਂ ਵਾਲੇ ਮੂੰਹ ਮੰਗੇ ਪੈਸੇ ਲੈਂਦੇ ਸਨ। ਬੇੜੀ ਵਿਚ ਕੁਝ ਬਾਲਟੀਆਂ ਵੀ ਪਈਆਂ ਸਨ ਜੋ ਬੇੜੀ ਵਿਚ ਪਾਣੀ ਭਰਨ ਤੇ ਪਾਣੀ ਕਢਣ ਲਈ ਰਖੀਆਂ ਹੋਈਆਂ ਸਨ। ਕੁਝ ਰਸੇ ਵੀ ਪਏ ਸਨ ਕਿ ਕੋਈ ਡਿਗ ਪਵੇ ਤਾਂ ਰੱਸਾ ਫੜ ਕੇ ਬੇੜੀ ਵਿਚ ਆ ਜਾਵੇ। ਕਈ ਲੋਕ ਪਾਠ ਕਰ ਰਹੇ ਸਨ ਤੇ ਕਈ ਵਾਹਿਗੁਰੂ ਵਾਹਿਗੁਰੂ। ਦਰਿਆ ਦੇ ਅਧ ਵਿਚ ਜਾਂ ਜਿਥੇ ਪਾਣੀ ਦੀਆਂ ਘੁੰਮਣਘੇਰੀਆਂ ਆ ਜਾਂਦੀਆਂ ਸਨ, ਓਥੇ ਬਾਂਸ ਦੇ ਚੱਪੂਆਂ ਨਾਲ ਬੇੜੀ ਨੂੰ ਅਗੇ ਤੋਰਨ ਅਤੇ ਸਿੱਧਾ ਰਖਣ ਵਿਚ ਮੁਹਾਣਿਆਂ ਦਾ ਬੜਾ ਜ਼ੋਰ ਲਗਦਾ ਸੀ। ਮੈਂ ਅਤੇ ਹੋਰ ਕਈਆਂ ਨੇ ਵੀ ਕਈ ਵਾਰ ਪਾਣੀ ਨੂੰ ਹਥ ਲਾ ਲਾ ਵੇਖਿਆ ਤੇ ਪਾਣੀ ਦੀਆਂ ਚੂਲੀਆਂ ਭਰ ਭਰ ਪੀਤੀਆਂ। ਹੁਣ ਤਾਂ ਹਰੀਕੇ ਪੱਤਨ ਤੇ ਪੁਲ ਬਣ ਗਿਆ ਹੈ ਪਰ ਓਸ ਵੇਲੇ ਦੂਜੇ ਪਾਸੇ ਲਗਣ ਲਈ ਦਰਿਆ ਦਾ ਪਾਟ ਬਹੁਤ ਚੌੜਾ ਸੀ ਤੇ ਬੇੜੀ ਓਥੋਂ ਜਾ ਕੇ ਲਗਦੀ ਸੀ ਜਿਥੇ ਹੁਣ ਮਛੀ ਵਿਕਣ ਦੀਆਂ ਦੁਕਾਨਾਂ ਖੁਲ੍ਹੀਆਂ ਹੋਈਆਂ ਹਨ। ਬੇੜੀ ਚੋਂ ਨਿਕਲ ਕੇ ਕਈ ਤਾਂ ਆਸੇ ਪਾਸੇ ਦੇ ਪਿੰਡਾਂ ਨੂੰ ਚਲੇ ਗਏ ਅਤੇ ਮੈਂ ਤੇ ਕਈ ਹੋਰ ਲੋਕ ਬੱਸ ਵਿਚ ਚੜ੍ਹ ਕੇ ਸਰਹਾਲੀ ਤੇ ਤਰਨਤਾਰਨ ਹੁੰਦੇ ਤੇ ਮਝੈਲਾਂ ਦੇ ਰੁਅਬ ਵਾਲੇ ਬੋਲ ਸੁਣਦੇ ਹੋਏ ਅਮ੍ਰਿਤਸਰ ਪਹੁੰਚ ਗਏ। ਅਮ੍ਰਿਤਸਰੋ ਆ ਕੇ ਮੈਂ ਦਰਬਾਰ ਸਾਹਿਬ ਮਥਾ ਟੇਕਿਆ, ਲੰਗਰ ਛਕਿਆ ਤੇ ਰਾਤ ਗੁਰੂ ਰਾਮਦਾਸ ਸਰਾਂ ਵਿਚ ਕੱਟ ਕੇ ਸਵੇਰੇ ਤੁਰਦਾ ਹੋਇਆ ਵੱਲੇ ਵਾਲੀ ਨਹਿਰ ਲੰਘ ਕੇ ਛਾਪੇ ਤੇ ਫਤਿਹਪੁਰ ਹੁੰਦਾ ਹੋਇਆ ਆਪਣੀ ਨਿਜ਼ਾਮ ਪੁਰੇ ਆਪਣੀ ਭੈਣ ਦੇ ਘਰ ਆ ਗਿਆ। ਹਫਤਾ ਭਰ ਮੈਂ ਸਾਰੇ ਘੁੰਮ ਘੁਮਾ ਕੇ ਆਪਣੇ ਰਿਸ਼ਤੇਦਾਰਾਂ ਜਿਵੇਂ ਚੋਰ ਕੋਟ ਭੂਆ ਆਤੋ ਨੂੰ, ਨਵੇਂ ਪਿੰਡ ਚਾਚੇ ਗਿਆਨੀ ਸੋਹਨ ਸਿੰਘ ਨੂੰ, ਫਤਿਹਪੁਰ ਦਲੀਪ ਸਿੰਘ ਢਾਡੀ ਨੂੰ ਅਤੇ ਖਾਨਪੁਰ ਤਾਏ ਗਿਆਨ ਸਿੰਘ ਨੂੰ ਜਿਸ ਢਾਬਾਂ ਸਿੰਘ ਰਾਇਟ ਕੇਸ ਵਿਚ ਕੈਦ ਕੱਟੀ ਸੀ ਤੇ ਲਾਹੌਰ ਜੇਲ੍ਹ ਵਿਚ ਉਸਦੀ ਮੁਲਾਕਾਤ ਸ਼ਹੀਦ ਭਗਤ ਸਿੰਘ ਨਾਲ ਵੀ ਹੋਈ ਸੀ। ਸਾਰੇ ਥਾਂ ਵਡੀ ਭੈਣ ਜੀਤ ਕੁਰ ਮੇਰੇ ਨਾਲ ਗਈ। ਇਸ ਫੇਰੀ ਵਿਚ ਮੇਰੇ ਨਾਲ ਦੋ ਗੱਲਾਂ ਬੜੀਆਂ ਅਜੀਬ ਹੋਈਆਂ। ਇਕ ਤਾਂ ਇਹ ਕਿ ਭਾਈਆ ਭਗਵਾਨ ਸਿੰਘ ਕਹਿਣ ਲੱਗਾ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਮਤਾਬੇ ਪਿੰਡ ਦੀ ਜਿਹੜੀ ਕੁੜੀ ਸਵਰਨੀ ਨਾਲ ਮੇਰੀ ਮੰਗਣੀ ਹੋਈ ਸੀ ਤੇ ਜਿਸ ਦਾ ਉਹ ਵਿਚੋਲਾ ਸੀ, ਉਹ ਕੁੜੀ ਹੁਣ ਜਵਾਨ ਹੋ ਗਈ ਸੀ ਤੇ ਉਹਦੇ ਮਾਪੇ ਵਿਆਹ ਲਈ ਕਾਹਲੇ ਸਨ। ਇਸ ਦਾ ਜਵਾਬ ਤਾਂ ਮੈਂ ਭਾਈਏ ਨੂੰ ਠੋਕ ਕੇ ਦੇ ਦਿਤਾ ਕਿ ਜਿੰਨਾ ਚਿਰ ਮੈਂ ਪੜ੍ਹਦਾ ਹਾਂ, ਮੇਰੇ ਨਾਲ ਵਿਆਹ ਦੀ ਕੋਈ ਗੱਲ ਨਾ ਕੀਤੀ ਜਾਵੇ। ਭਾਈਏ ਨੂੰ ਮੇਰੇ ਜਵਾਬ ਦਾ ਗੁੱਸਾ ਤਾਂ ਲੱਗਾ ਪਰ ਭੈਣ ਕਹਿਣ ਲਗੀ ਕਿ ਮੈਂ ਠੀਕ ਈ ਕਿਹਾ ਸੀ। ਦੂਜੀ ਗੱਲ ਇਸ ਤੋਂ ਵੀ ਅਜੀਬ ਤੇ ਨਿਆਰੀ ਸੀ। ਤਾਇਆ ਗਿਆਨ ਸਿੰਘ ਜੋ ਸਕਾ ਤਾਇਆ ਨਹੀਂ ਸੀ ਨੇੜੇ ਦੇ ਸ਼ਰੀਕੇ ਚੋਂ ਤਾਇਆ ਲਗਦਾ ਸੀ, ਉਹਦੀਆਂ ਦੋਵੇਂ ਕੁੜੀਆਂ ਜਵਾਨ ਹੋ ਗਈਆਂ ਸਨ। ਵਡੀ ਜਿਹੜੀ ਪਾਕਿਸਤਾਨ ਵਿਚ ਮੁਸਲਮਾਨਾਂ ਨੇ ਉਧਾਲ ਲਈ ਸੀ ਸਾਲ ਬਾਅਦ ਮੁੜੀ ਸੀ। ਤਾਇਆ ਕਹਿਣ ਲੱਗਾ ਕਿ ਮੈਂ ਉਹਦੇ ਨਾਲ ਵਿਆਹ ਕਰਵਾ ਲਵਾਂ। ਪਰਤਾਪ ਸਿੰਘ ਕੈਰੋਂ ਜੋ ਤਾਏ ਨੂੰ ਜੇਲ੍ਹਾਂ ਵਿਚ ਕੈਦ ਕੱਟਣ ਸਮੇਂ ਤੋਂ ਜਾਣਦਾ ਸੀ, ਨੇ ਫਰੀਡਮ ਫਾਈਟਰਾਂ ਵਿਚ ਤਾਏ ਨੂੰ ਹਿਸਾਰ ਜ਼ਿਲੇ ਵਿਚ ਅਧਾ ਮੁਰੱਬਾ ਜ਼ਮੀਨ ਅਲਾਟ ਕਰ ਦਿਤੀ ਸੀ ਤੇ ਕੁਝ ਪੈਨਸ਼ਨ ਵੀ ਲਾ ਦਿਤੀ ਸੀ। ਤਾਇਆ ਵਡੀ ਕੁੜੀ ਦਾ ਮੇਰੇ ਨਾਲ ਵਿਆਹ ਕਰ ਕੇ ਉਹ ਅੱਧਾ ਮੁਰਬਾ ਜ਼ਮੀਨ ਮੈਨੂੰ ਦੇਣ ਦੀ ਗੱਲ ਕਰਨ ਲੱਗਾ। ਮੇਰੀ ਭੈਣ ਕਹਿਣ ਲੱਗੀ ਤਾਇਆ ਜੀ ਦੋਹਾਂ ਦਾ ਗੋਤ ਮੋਮੀ ਹੈ ਅਤੇ ਅਸੀਂ ਮੁਸਲਮਾਨ ਥੋੜੈਂ ਜੋ ਵਿਚੋ ਵਿਚ ਰਿਸ਼ਤੇ ਕਰ ਲੈਂਦੇ ਹਨ। ਤਾਇਆ ਉਹਦੀ ਗੱਲ ਸੁਣ ਕੇ ਕਹਿਣ ਲੱਗਾ, ਬੀਬੀ ਜਥੇਦਾਰ ਭਗਤ ਸਿੰਘ (ਮੇਰਾ ਪਿਓ) ਅਤੇ ਸ਼ਾਮ ਕੌਰ (ਮੇਰੀ ਮਾਂ) ਨੂੰ ਮੈਂ ਮਨਾ ਲਵਾਂਗਾ। ਇਸ ਤੋਂ ਪਹਿਲਾਂ ਕਿ ਮੈਂ ਆਪਣੀ ਨਾਂਹ ਕਹਿੰਦਾ, ਬੀਬੀ ਕਹਿਣ ਲੱਗੀ ਤਾਇਆ ਜੀ ਕਿਸੇ ਨੇ ਨਹੀਂ ਮੰਨਣਾ ਨਾਲੇ ਅਸੀਂ ਇਹਨੂੰ ਪਹਿਲਾਂ ਈ ਮੰਗਿਆ ਹੋਇਆ ਹੈ। ਤਾਏ ਦੀ ਦਲੀਲ ਸੀ ਕਿ ਘਰ ਦੀ ਜਾਇਦਾਦ ਘਰ ਵਿਚ ਹੀ ਰਹਿ ਜਾਵੇਗੀ। ਬਾਕੀ ਤਾਏ ਦੀ ਜੋ ਜ਼ਮੀਨ ਪਾਕਿਸਤਾਨ ਵਿਚ ਰਹਿ ਗਈ ਸੀ, ਉਹਦੇ ਬਦਲੇ ਜ਼ਮੀਨ ਰਮਦਾਸ ਤੋਂ ਅਗੇ ਰਾਵੀ ਦਰਿਆ ਦੇ ਕੰਢੇ ਅਲਾਟ ਹੋਈ ਸੀ, ਉਹ ਜ਼ਮੀਨ ਉਹ ਆਪਣੀ ਦੂਜੀ ਕੁੜੀ ਨੂੰ ਦੇਣਾ ਚਹੁੰਦਾ ਸੀ। ਸੁਤੰਤਰਤਾ ਸੰਗਰਾਮੀ ਹੋਣ ਕਰ ਕੇ ਇਸ ਸੜਕ ਦਾ ਨਾਂ ਵੀ ਤਾਏ ਦੇ ਨਾਂ ਤੇ ਬਾਅਦ ਵਿਚ ਰਖਿਆ ਗਿਆ ਸੀ। ਜਦ ਮੈਂ ਇਹ ਗੱਲ ਵਾਪਸ ਆ ਕੇ ਆਪਣੇ ਬਾਪੂ ਨਾਲ ਸਾਂਝੀ ਕੀਤੀ ਤਾਂ ਉਹਨੂੰ ਤਾਏ ਦੀ ਗੱਲ ਵਿਚ ਵਜ਼ਨ ਵੀ ਲੱਗਾ ਅਤੇ ਦੇਸ਼ ਦੀ ਆਜ਼ਾਦੀ ਲਈ ਜੇਲ੍ਹਾਂ ਵਿਚ ਰਹੇ ਕਾਰਨ ਤਾਏ ਦੇ ਅਗੇ ਵਧੂ ਖਿਆਲਾਂ ਦੀ ਕਦਰ ਵੀ ਕੀਤੀ ਪਰ ਇਹ ਨਾ ਹੋਇਆ ਤੇ ਨਾ ਹੀ ਹੋ ਸਕਦਾ ਸੀ।

ਕਾਲਜ ਦੋਬਾਰਾ ਖੁਲ੍ਹੇ ਤਾਂ ਪ੍ਰੀਤਮ ਨੇ ਇਕ ਦਿਨ ਚੁਬਾਰਾ ਛਡ ਦਿਤਾ ਤੇ ਮਖੂ ਗੇਟ ਦੇ ਅੰਦਰਵਾਰ ਖਬੇ ਹਥ ਪੈਂਦੇ ਗੁਰਦਵਾਰੇ ਲਾਗੇ ਪਾਕਿਸਤਾਨ ਚਲੇ ਗਏ ਮੁਸਲਮਾਨਾਂ ਦੇ ਟੁਟੇ ਫੁਟੇ ਮਕਾਨ ਤੇ ਪੈਂਦੇ ਇਕ ਚੁਬਾਰੇ ਤੇ ਕਬਜ਼ਾ ਕਰ ਲਿਆ। ਟੁਟਿਆ ਬੂਹਾ ਠੀਕ ਕਰਵਾ ਕੇ ਜਿੰਦਰਾ ਲਾ ਲਿਆ। ਇਸ ਚੁਬਾਰੇ ਦੇ ਥਲੇ ਪਤਾ ਨਹੀਂ ਕੌਣ ਰਹਿੰਦਾ ਸੀ। 1951-52 ਵਿਚ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਵਿਚ ਮੁਸਲਮਾਨ ਦੇ ਛਡੇ ਇਸ ਤਰ੍ਹਾਂ ਦੇ ਕਈ ਮਕਾਨ ਖਾਲੀ ਪਏ ਸਨ। ਇਹਨਾਂ ਵਿਚੋਂ ਬਹੁਤੇ ਅੱਗ ਲੱਗਣ ਨਾਲ ਸੜੇ ਹੋਏ ਸਨ ਤੇ ਬੂਹੇ ਗਾਇਬ ਜਾਂ ਟੁਟੇ ਹੋਏ ਸਨ। ਜਿਸ ਕਿਸੇ ਦਾ ਜੀਅ ਕਰਦਾ ਜਾਂ ਹਥ ਪੈਂਦਾ, ਉਹ ਇਹੋ ਜਿਹਾ ਟੁਟਿਆ ਫੁਟਿਆ ਧੁਆਖਿਆ ਮਕਾਨ ਮੱਲ ਲੈਂਦਾ। ਸਾਡੇ ਦੋਹਾਂ ਲਈ ਇਹ ਚੁਬਾਰਾ ਤਾਂ ਠੀਕ ਸੀ ਤੇ ਅਸੀਂ ਇਸਦੀ ਸਾਫ ਸਫਾਈ ਕਰ ਕੇ ਅੰਦਰ ਆਪਣੀਆਂ ਮੰਜੀਆਂ ਡਾਹ ਲਈਆਂ ਤੇ ਮਿਟੀ ਦੇ ਤੇਲ ਦਾ ਲੈਂਪ ਲੈ ਆਂਦਾ ਪਰ

ਰੋਸ਼ਨਦਾਨ ਜਾਂ ਬਾਰੀਆਂ ਨਾ ਹੋਣ ਕਾਰਨ ਅੰਦਰ ਗਰਮੀ ਬੜੀ ਲਗਦੀ ਸੀ ਅਤੇ ਇਸ ਵਿਚ ਬਿਜਲੀ ਵੀ ਨਹੀਂ ਸੀ। ਪੌੜੀਆਂ ਚੜ੍ਹ ਕੇ ਸੱਜੇ ਹਥ ਚੁਬਾਰੇ ਦਾ ਬੂਹਾ ਸੀ ਤੇ ਖਬੇ ਹਥ ਢਠੀ ਛੱਤ ਵਾਲਾ ਇਕ ਕੋਠਾ ਸੀ ਜਿਸ ਵਿਚ ਰਾਤ ਵੇਲੇ ਡਿਗ ਪੈਣ ਦਾ ਡਰ ਲਗਦਾ। ਇਸ ਦੀ ਛੱਤ ਭਾਵੇਂ ਡਿਗ ਪਈ ਸੀ ਪਰ ਸ਼ਤੀਰੀਆਂ ਲੱਗੀਆਂ ਹੋਈਆਂ ਸਨ। ਅਸੀਂ ਇਹਨਾਂ ਸ਼ਤੀਰੀਆਂ ਤੇ ਆਪਣੇ ਮੰਜੇ ਡਾਹ ਲੈਂਦੇ ਤੇ ਮੰਜੀਆਂ ਦੇ ਪਾਵੇ ਬੜੇ ਹਿਸਾਬ ਨਾਲ ਸ਼ਤੀਰੀਆਂ ਤੇ ਟਿਕਾਉਂਦੇ ਕਿ ਇਕ ਤਾਂ ਰਾਤ ਨੂੰ ਉਠਣ ਲਗਿਆਂ ਕਿਤੇ ਡਿਗ ਨਾ ਪਈਏ ਅਤੇ ਦੂਜੇ ਕਿਤੇ ਮੰਜੀ ਦਾ ਪਾਵਾ ਸ਼ਤੀਰੀ ਤੋਂ ਏਧਰ ਓਧਰ ਨਾ ਖਿਸਕ ਜਾਵੇ। ਇਸ ਚੁਬਾਰੇ ਦਾ ਸਭ ਤੋਂ ਵਡਾ ਸੁਖ ਇਹ ਸੀ ਕਿ ਮਖੂ ਗੇਟ ਦੇ ਅੰਦਰ ਹੋਣ ਕਰ ਕੇ ਇਥੋਂ ਕਾਲਜ ਬਿਲਕੁਲ ਨੇੜੇ ਪੈਂਦਾ ਸੀ। ਉਹਨਾਂ ਦਿਨਾਂ ਵਿਚ ਪਾਕਿਸਤਾਨ ਵਿਚੋਂ ਉਜੜ ਕੇ ਆਏ ਲੋਕ ਇਸ ਤਰ੍ਹਾਂ ਦੇ ਮਕਾਨ ਮੱਲ ਲੈਂਦੇ ਸਨ ਅਤੇ ਜਦ ਤਕ ਇਹਨਾਂ ਵਿਚ ਕੋਈ ਪੱਕਾ ਅਲਾਟੀ ਆ ਕੇ ਜ਼ੋਰ ਨਾਲ ਖਾਲੀ ਕਰਨ ਲਈ ਨਹੀਂ ਕਹਿੰਦਾ ਸੀ, ਰਹੀ ਜਾਂਦੇ ਸਨ। ਲੂੰਬੜੀ ਵਾਲੇ ਦੇ ਕੰਬੋ ਸੁਰਿੰਦਰ ਅਰਮਾਨ ਨੇ ਜੋ ਬਾਅਦ ਵਿਚ ਅਮਰੀਕਾ ਚਲਾ ਗਿਆ ਸੀ, ਵੀ ਅਮ੍ਰਿਤਸਰੀ ਗੇਟ ਵਾਲੇ ਪਾਸੇ ਪੈਂਦੀ ਗਲੀ ਵਿਚ ਇਕ ਮਕਾਨ ਮਲਿਆ ਹੋਇਆ ਸੀ ਜਿਸ ਵਿਚ ਬਿਜਲੀ ਲੱਗੀ ਹੋਈ ਸੀ। ਏਸੇ ਸੁਰਿੰਦਰ ਅਰਮਾਨ ਦਾ ਛੋਟਾ ਭਰਾ ਕਿਰਪਾਲ ਬਾਅਦ ਵਿਚ ਆਈ ਟੀ ਆਈ ਵਿਚ ਇਨਸਟਰਕਟਰ ਲਗਾ ਰਿਹਾ ਤੇ ਫਿਰ ਅਰਮਾਨ ਕੋਲ ਅਮਰੀਕਾ ਚਲਾ ਗਿਆ। ਅਰਮਾਨ ਸਾਡੇ ਨਾਲੋਂ ਪੜ੍ਹਾਈ ਵਿਚ ਕਾਫੀ ਅਗੇ ਸੀ ਤੇ ਉਹਨੂੰ ਬਹੁਤ ਗੱਲਾਂ ਮਾਰਨੀਆਂ ਔਂਦੀਆਂ ਸਨ। ਇਕ ਵਾਰ ਉਹਨੇ ਇਲੈਕਸ਼ਨ ਵੀ ਲੜਿਆ ਸੀ ਪਰ ਜਿੱਤਿਆ ਨਹੀਂ ਸੀ। ਇਹ ਸਭ ਮੈਨੂੰ ਇਸ ਕਰ ਕੇ ਜਾਣਦੇ ਸਨ ਕਿ ਮੈਂ ਕਾਲਜ ਦੇ ਮੈਗਜ਼ੀਨ ਵਿਚ ਜੋ ਕਹਾਣੀ "ਜਦੋਂ ਮੈਂ ਬੱਚਾ ਸਾਂ," ਲਿਖੀ ਸੀ, ਓਸ ਨਾਲ ਮੇਰੇ ਨਾਂ ਦੀ ਬੜੀ ਚਰਚਾ ਹੋ ਗਈ ਸੀ ਅਤੇ ਮੇਰੀਆਂ ਹੋਰ ਕਹਾਣੀਆਂ ਵੀ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਸਨ। ਕੁਝ ਇਸ ਕਰ ਕੇ ਵੀ ਮੇਰਾ ਨਾਂ ਮਸ਼ਹੂਰ ਹੋ ਗਿਆ ਸੀ ਕਿ ਕਾਲਜ ਵਿਚ ਅਸੀਂ ਹਰਚਰਨ ਸਿੰਘ ਅਤੇ ਕਰਤਾਰ ਸਿੰਘ ਦੁੱਗਲ ਦੇ ਲਿਖੇ ਡਰਾਮੇ ਖੇਡੇ ਸਨ ਤੇ ਉਹਨਾਂ ਸਮਿਆਂ ਵਿਚ ਅੰਗਰੇਜ਼ੀ ਦੇ ਅਖਬਾਰ ਟ੍ਰਿਬਿਊਨ ਜੋ ਅੰਬਾਲੇ ਤੋਂ ਛਪਦਾ ਸੀ, ਵਿਚ ਸਾਡੀਆਂ ਫੋਟੋ ਛਪੀਆਂ ਸਨ। ਇਕ ਤਰ੍ਹਾਂ ਨਾਲ ਮੇਰੇ ਵਿਚ ਦੂਜਿਆਂ ਨਾਲੋਂ ਕੁਝ ਵਧੇਰੇ ਗੁਣ ਸਨ ਅਤੇ ਮੇਰੇ ਤੇ ਸੂਕਦੀ ਜਵਾਨੀ ਵੀ ਚੜ੍ਹੀ ਸੀ। ਮੈਂ ਦਿਨ ਵਿਚ ਕਈ ਕਈ ਵਾਰ ਪਗ ਬੰਨ੍ਹਦਾ ਸਾਂ ਅਤੇ ਟਾਈ ਲਾਉਣੀ ਵੀ ਸਿੱਖ ਲਈ ਸੀ। ਜਿਥੇ ਲੋੜ੍ਹੇ ਦੀ ਜਵਾਨੀ ਚੜ੍ਹੀ ਸੀ,ਓਥੇ ਕੱਦ ਵੀ ਨਿੱਕਲ ਆਇਆ ਸੀ ਜੋ ਪੰਜ ਫੁਟ ਨੌਂ ਇੰਚ ਦੇ ਕਰੀਬ ਪਹੁੰਚ ਗਿਆ ਸੀ। ਦਾੜ੍ਹੀ ਮੁਛਾਂ ਵੀ ਫੁੱਟ ਪਈਆਂ ਸਨ। ਕਈ ਮੁੰਡੇ ਤਾਂ ਦਾੜ੍ਹੀ ਮੁਛਾਂ ਵਧਣ ਨਾ ਦਿੰਦੇ ਤੇ ਕੈਂਚੀ ਨਾਲ ਛੋਟੀਆਂ ਕਰ ਲੈਂਦੇ ਪਰ ਕੁਝ ਇਹੋ ਜਿਹੇ ਵੀ ਸਨ ਜੋ ਧਰਮ ਦੇ ਡਰ ਕਰ ਕੇ ਕੈਂਚੀ ਨਹੀਂ ਲੌਂਦੇ ਸਨ ਪਰ ਤੀਲੀਆਂ ਵਾਲੀ ਮਾਚਸ ਦੀ ਡੱਬੀ ਵਿਚੋਂ ਤੀਲੀਆਂ ਨੂੰ ਅਗ ਲਾ ਕੇ ਥੋੜ੍ਹੀ ਥੋੜ੍ਹੀ ਸਾੜਦੇ ਜਾਂ ਦਾੜ੍ਹੀ ਮਿੱਟੀ ਦੇ ਤੇਲ ਦੀ ਛੋਟੀ ਚਿਮਨੀ ਵਾਲੇ ਲੈਂਪ ਦੀ ਲਾਟ ਅਗੇ ਕਰ ਕੇ ਥੋੜ੍ਹੀ ਥੋੜ੍ਹੀ ਸਾੜਦੇ ਅਤੇ ਆਪਣੇ ਧਰਮ ਵਿਚ ਪੱਕੇ ਰਹਿਣ ਦਾ ਭਰਮ ਵੀ ਪਾਲਦੇ ਸਨ।

## ਪਿਰਥਵੀ ਰਾਜ ਕਪੂਰ ਤੇ ਪੰਡਤ ਜਵਾਹਰ ਲਾਲ ਨਹਿਰੂ ਫਿਰੋਜ਼ਪੁਰ ਵਿਚ

ਜੇ ਮੈਂ ਭੁਲਦਾ ਨਹੀਂ ਤਾਂ ਪਿਰਥਵੀ ਰਾਜ ਕਪੂਰ ਤੇ ਪੰਡਤ ਜਵਾਹਰ ਲਾਲ ਨਹਿਰੂ 1952-53 ਵਿਚ ਫਿਰੋਜ਼ਪੁਰ ਆਏ ਸਨ। ਪੰਡਤ ਜਵਾਹਰ ਲਾਲ ਨਹਿਰੂ 1952 ਵਿਚ ਭਾਰਤ ਦੀ ਲੋਕ ਸਭਾ ਦੀ ਸਭ ਤੋਂ ਪਹਿਲੀ ਚੋਣ ਦੇ ਸਿਲਸਿਲੇ ਵਿਚ ਲੋਕਾਂ ਨੂੰ ਵੋਟਾਂ ਪਾਉਣ ਲਈ ਆਮ ਚੋਣਾਂ ਤੋਂ ਪਹਿਲਾਂ ਫਿਰੋਜ਼ਪੁਰ ਆਏ ਸਨ। ਉਹਨਾਂ ਫਿਰੋਜ਼ਪੁਰ ਦੀ ਹੈਰਨ ਪਾਰਕ ਵਿਚ ਲੈਕਚਰ ਕਰਨਾ ਸੀ ਜੋ ਸ਼ਹਿਰ ਅਤੇ ਛਾਉਣੀ ਦੇ ਵਿਚ੍ਹਕਾਰ ਰੇਲਵੇ ਪੁਲ ਦੇ ਲਾਗੇ ਪੈਂਦੀ ਸੀ। ਫਿਰੋਜ਼ਪੁਰ ਦੇ ਆਲੇ ਦਵਾਲੇ ਦਾ ਸਾਰਾ ਇਲਾਕਾ ਪੰਡਤ ਜਵਾਹਰ ਲਾਲ ਨਹਿਰੂ ਨੂੰ ਵੇਖਣ ਤੇ ਸੁਣਨ ਲਈ ਇਕਠਾ ਹੋਇਆ ਸੀ। ਪੰਡਤ ਜਵਾਹਰ ਲਾਲ ਨਹਿਰੂ ਓਸ ਵੇਲੇ ਹਰ ਹਿੰਦੋਸਤਾਨ ਦੇ ਲੋਕਾਂ ਦੇ ਦਿਲ ਦੇ ਹੀਰੋ ਸਨ ਜਿਨ੍ਹਾਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦੀ ਦਿਵਾਈ ਸੀ ਤੇ ਆਜ਼ਾਦ ਭਾਰਤ ਦੇ ਪਹਿਲੇ ਪਰਧਾਨ ਮੰਤਰੀ ਬਣੇ ਸਨ। ਮੈਨੂੰ ਓਸ ਵੇਲੇ ਰਾਜਨੀਤੀ ਦੀ ਬਹੁਤੀ ਸਮਝ ਤਾਂ ਨਹੀਂ ਸੀ ਪਰ ਏਨਾ ਕੁ ਯਾਦ ਹੈ ਕਿ ਪੰਜਾਬੀ ਲੇਖਕ ਪ੍ਰੋ: ਸੰਤ ਸਿੰਘ ਸੇਖੋਂ ਨੇ ਵੀ ਫਿਰੋਜ਼ਪੁਰ ਤੋਂ ਸ਼ਾਇਦ ਕਮਿਊਨਿਸਟ ਪਾਰਟੀ ਵੱਲੋਂ ਚੋਣ ਲੜੀ ਸੀ ਪਰ ਉਹਨਾਂ ਦੀ ਜ਼ਮਾਨਤ ਜ਼ਬਤ ਹੋ ਗਈ ਸੀ। ਮੈਂ ਤੇ ਕੁਝ ਹੋਰ ਮੁੰਡੇ ਗੰਗਾ ਮੰਦਰ ਵਾਲੀ ਗਲੀ ਵਿਚ ਓਸ ਵੇਲੇ ਖੇਮ ਸਿੰਘ ਦੇ ਚੁਬਾਰੇ ਵਿਚ ਰਹਿੰਦੇ ਹੁੰਦੇ ਸਾਂ ਅਤੇ ਲੁਧਿਆਣੇ ਤੋਂ ਸੰਤ ਸਿੰਘ ਸੇਖੋਂ ਦੇ ਕੁਝ ਸਮਰਥਕ ਜੋ ਕਾਮਰੇਡ ਲਗਦੇ ਸਨ, ਸੇਖੋਂ ਸਾਹਿਬ ਨੂੰ ਵੋਟਾਂ ਪਾਉਣ ਲਈ ਕਹਿਣ ਵਾਸਤੇ ਸਾਡੇ ਕੋਲ ਆਏ ਸਨ। ਸ਼ਾਇਦ ਜਸਵੰਤ ਸਿੰਘ ਕੰਵਲ ਵੀ ਸੇਖੋਂ ਸਾਹਿਬ ਦੀ ਹਮਾਇਤ ਲਈ ਪਰਚਾਰ ਕਰ ਰਹੇ ਸਨ।

ਬੇਟ ਇਲਾਕੇ ਦੇ ਰਾਏ ਸਿੱਖ ਵੀ ਵਡੀ ਗਿਣਤੀ ਵਿਚ ਹੈਰਨ ਪਾਰਕ ਵਿਚ ਇਕਠੇ ਹੋਏ ਕਿ ਪੰਡਤ ਜਵਾਹਰ ਲਾਲ ਨਹਿਰੂ ਉਹਨਾਂ ਨੂੰ ਜ਼ਮੀਨਾਂ ਦੇਣ ਆਇਆ ਹੈ। ਇਸ ਇਕਠ ਵਿਚ ਮੈਂ ਵੀ ਸਾਂ। ਪੰਡਤ ਜੀ ਉਚੇ ਥਾਂ ਤੋਂ ਮਾਈਕ ਤੇ ਬੋਲ ਰਹੇ ਸਨ ਤੇ ਆਸੇ ਪਾਸੇ ਪੁਲਸ ਦਾ ਬੜਾ ਸਖਤ ਪਹਿਰਾ ਸੀ। ਪਿੰਡ ਰੱਤੇ ਖੇੜੇ ਦੇ ਦੋ ਕਾਮਰੇਡ ਭਰਾ ਸ਼ਿੰਗਾਰਾ ਸਿੰਘ ਤੇ ਤਾਰਾ ਸਿੰਘ ਪਾਕਿਸਤਾਨ ਵਿਚੋਂ ਉਜੜ ਕੇ ਆਰੇ ਰੀਫਿਊਜੀਆਂ ਦੀ ਮੁੜ ਵਸੇਬੇ ਦੀ ਸਮਸਿਆ ਦੀਆਂ ਮੰਗਾਂ ਲਈ ਆਪਣਾ ਵਫਦ ਲੈ ਨਹਿਰੂ ਨੂੰ ਮਿਲਣਾ ਚਹੁੰਦੇ ਸਨ ਕਿ ਪੁਲਸ ਨਾਲ ਉਹਨਾਂ ਦੀ ਝੜਪ ਹੋ ਗਈ। ਗੋਲੀ ਚਲੀ ਤੇ ਇਕ ਥਾਣੇਦਾਰ ਦੀ ਗੋਲੀ ਨਾਲ ਸ਼ਿੰਗਾਰਾ ਸਿੰਘ ਜ਼ਖਮੀ ਹੋ ਗਿਆ। ਗੁਸੇ ਵਿਚ ਆਏ ਕਾਮਰੇਡਾਂ ਨੇ ਥਾਣੇਦਾਰ ਦੀਆਂ ਬਾਹਾਂ ਤੋੜ ਦਿਤੀਆਂ ਤੇ ਪੋਲੀਸ ਨੇ ਤਾਰਾ ਸਿੰਘ ਤੇ ਕਈ ਹੋਰਾਂ ਨੂੰ ਗ੍ਰਿਫਤਾਰ ਕਰ ਲਿਆ ਜਿਨ੍ਹਾਂ ਨੂੰ ਅਦਾਲਤ ਵੱਲੋਂ ਕੈਦ ਦੀ ਸਜ਼ਾ ਹੋ ਗਈ ਸੀ।

ਪੰਡਤ ਜੀ ਹਿੰਦੀ ਵਿਚ ਆਪਣੇ ਫਿਕਰੇ ਅਗੇ ਪਿਛੇ ਕਰ ਕੇ ਬੋਲ ਰਹੇ ਸਨ ਜਿਵੇਂ ਯਦੀ ਭਾਈਓ ਔਰ ਭੈਣੋ, ਮੈਂ ਗਿਆ ਲਦਾਖ ਸੇ ਲੇ ਕਰ ਰਾਸਕੁਮਾਰੀ ਤਕ ਔਰ ਫਿਰ ਆਇਆ ਬੰਗਾਲ ਸੇ ਪੰਜਾਬ ਮੇਂ। ਮੇਰੇ ਦਿਲ ਮੇਂ ਕਈ ਏਕ ਡਿਬੇ ਹੈਂ ਜਿਨ੍ਹੇ ਮੈਂ ਪਾਤਾ ਹੂੰ ਗਰਦ ਔਰ ਮਿੱਟੀ ਸੇ ਅਟੇ ਹੂਏ। ਜੈਸੇ ਜੈਸੇ ਮੈਂ ਖੋਲ੍ਹਤਾ ਹੂੰ ਇਨ੍ਹੇਂ ਤੋ ਮੇਰੇ ਦਿਲ ਮੇਂ ਏਕ ਇਲੈਕਸ਼ਨ ਕਾ ਡਿਬਾ ਭੀ ਹੈ ਜੋ ਮੈਂ ਆਇਆ ਹੂੰ ਕਿ ਆਪ ਲੋਗ ਕਾਂਗਰਸ ਕੋ ਵੋਟ ਡਾਲੇਂ। ਔਰ ਦੇਸ਼ ਕੇ ਅੰਨ ਸੰਕਟ ਕਾ ਡਿਬਾ ਭੀ ਹੈ। ਤੋ ਮੈਂ ਕਰੂੰਗਾ ਅਪੀਲ ਆਪ ਭਾਈਓ ਸੇ ਔਰ ਸਭ ਸੇ ਕਿ ਆਪ ਗੁਜ਼ਾਰਾ ਕਰੇਂ ਮੂੰਗ ਫਲੀ ਔਰ ਸ਼ਕਰਗੰਦੀ ਕਾ ਆਟਾ ਖਾ। ਨਹਿਰੂ ਦੀ ਤਕਰੀਰ ਸੁਣ ਕੇ ਲੋਕਾਂ ਵਿਚ ਘੁਸਰ ਮੁਸਰ ਜੀ ਹੋਣ ਲਗੀ। ਜਿਹੜੇ ਰਾਏ ਸਿੱਖ ਜ਼ਮੀਨਾਂ ਮਿਲਣ ਦੇ ਲਾਰੇ ਵਿਚ ਗਏ ਸਨ, ਆਪਸ ਵਿਚ ਇਕ ਦੂਜੇ ਨੂੰ ਆਪਣੀ ਕੁਰਖਤ ਭਾਸ਼ਾ ਵਿਚ ਕਹਿਣ ਲਗੇ "ਓ ਧੀ ਯਾਹਵੇ ਦੇ ਯਾਹਵਿਓ, ਇਹ ਤੇ ਮੂੰਗ ਫਲੀ ਤੇ ਸ਼ਕਰਗੰਦੀ ਦਾ ਆਟਾ ਪਿਆ ਖਵੀਂਦਾ ਏ। ਇਹਨੇ ਕੀ ਜ਼ਮੀਨਾਂ ਢੀਚਨੀਆਂ ਨੇ, ਚਲੋ ਰਲਕੋ ਤੇ ਮੰਜਰ ਲਗੋ।"

ਪਿਰਥਵੀ ਰਾਜ ਕਪੂਰ ਆਪਣੀ ਟੀਮ ਨਾਲ ਪੰਜਾਬ ਦੇ ਸ਼ਹਿਰਾਂ ਵਿਚ ਡਰਾਮੇ ਖੇਡਦਾ ਖੇਡਦਾ ਫਿਰੋਜ਼ਪੁਰ ਡਰਾਮੇ ਖੇਡਣ ਆਇਆ ਸੀ। ਓਸ ਨੇ ਫਿਰੋਜ਼ਪੁਰ ਦੀ ਜੇਲ੍ਹ ਵਿਚ ਡਰਾਮਾ ਖੇਡਿਆ ਸੀ। ਮੈਂ ਉਸ ਨੂੰ ਅਵਾਰਾ ਫਿਲਮ ਵਿਚ ਵੇਖਿਆ ਹੋਇਆ ਸੀ। ਓਸ ਨੂੰ ਅਖੀਂ ਵੇਖਣ ਦੀ ਰੀਝ ਜਿੰਨੀ ਮੇਰੇ ਮਨ ਵਿਚ ਸੀ, ਓਸ ਦਾ ਕੋਈ ਅੰਤ ਨਹੀਂ ਸੀ। ਕਾਲਜ ਦੇ ਹੋਰ ਮੁੰਡੇ ਵੀ ਉਸ ਨੂੰ ਵੇਖਣ ਦੇ ਬੜੇ ਚਾਹਵਾਨ ਸਨ। ਫਿਰੋਜ਼ਪੁਰ ਦੇ ਸ਼ਹਿਰੀਆਂ ਵੱਲੋਂ ਉਸ ਨੂੰ ਗੋਬਰ ਮੰਡੀ ਵਿਚ ਜੀ ਆਇਆ ਕਿਹਾ ਜਾਣਾ ਸੀ ਜਿਥੇ ਉਸਦ ਸਨਮਾਨ ਲਈ ਸਟੇਜ ਬਣੀ ਹੋਈ ਸੀ। ਸਾਰੀ ਲੂਨ ਮੰਡੀ ਵਿਚ ਭੀੜ ਦਾ ਕੋਈ ਅੰਤ ਨਹੀਂ ਸੀ। ਮੰਡੀ ਦਾ ਇਕੋ ਇਕ ਗੇਟ ਹੋਣ ਕਰ ਕੇ ਅੰਦਰ ਵੜਨਾ ਬੜਾ ਮੁਸ਼ਕਲ ਸੀ। ਬੜੀ ਔਖ ਨਾਲ ਮੈਂ, ਮੋਹਿਤ ਤੇ ਜਾਗੀਰ ਸਟੇਜ ਦੇ ਲਾਗੇ ਪੁਜਣ ਵਿਚ ਕਾਮਯਾਬ ਹੋ ਗਏ। ਜਦੋਂ ਧੁਧ ਵਰਗੇ ਚਿੱਟੇ ਕੁੜਤੇ ਪਾਜਾਮੇ ਵਿਚ ਮਲਬੂਸ ਅੰਗਰੇਜ਼ਾਂ ਵਰਗਾ ਗੋਰਾ ਚਿੱਟਾ ਤੇ ਪਠਾਨਾਂ ਵਰਗਾ ਉਚਾ ਲੰਮਾ ਪਿਰਥਵੀ ਰਾਜ ਕਪੂਰ ਸਟੇਜ ਤੇ ਚੜ੍ਹਿਆ ਤੇ ਵੇਖਣ ਵਾਲੇ ਲੋਕਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਉਸ ਦੇ ਸਿਰ ਦੇ ਖੂਬਸੂਰਤ ਸ਼ੈਂਪੂ ਕੀਤੇ ਵਾਲ ਹਵਾ ਵਿਚ ਲਹਿਰਾ ਰਹੇ ਸਨ ਤੇ ਲੋਕ ਦੀਵਾਨੇ ਹੋਏ ਓਸ ਦੇ ਡਰਾਮਿਆਂ ਵਿਚ ਕੰਮ ਕਰਨ ਵਾਲੇ ਡਾਇਲਾਗਜ਼ ਨੂੰ ਬੜਾ ਬੋਚ ਬੋਚ ਕੇ ਸੁਣ ਰਹੇ ਸਨ ਅਤੇ ਆਪਣੀਆਂ ਯਾਦਾਂ ਦੇ ਖਜ਼ਾਨਿਆਂ ਵਿਚ ਸਾਂਭ ਕੇ ਰਖੀ ਜਾਂਦੇ ਸਨ। ਕਈ ਮਹੀਨੇ ਪਿਰਥਵੀ ਰਾਜ ਕਪੂਰ ਨੂੰ ਅਖੀਂ ਵੇਖਣ ਦਾ ਬੁਖਾਰ ਮੈਨੂੰ ਚੜ੍ਹਿਆ ਰਿਹਾ ਤੇ ਉਹ ਨਕਸ਼ਾ ਮੇਰੀਆਂ ਅਖਾਂ ਅਗੋਂ ਜਾਂਦਾ ਹੀ ਨਹੀਂ ਸੀ। ਓਸ ਦੀ ਟੀਮ ਨਾਲ ਹੋਰ ਵੀ ਕਈ ਐਕਟਰ ਤੇ ਐਕਟਰੈਸਾਂ ਜੋ ਡਰਾਮੇ ਖੇਡਣ ਆਈਆਂ ਸਨ, ਉਹਨਾਂ ਦੇ ਨਾਂ ਹੁਣ ਮੈਨੂੰ ਯਾਦ ਨਹੀਂ।

ਇਕ ਦਿਨ ਮੈਂ ਤੇ ਪ੍ਰੀਤਮ ਫਿਰੋਜ਼ਪੁਰ ਛਾਉਣੀ ਵਿਚ ਰੀਹੈਬਲੀਟੇਸ਼ਨ ਦੇ ਦਫਤਰ ਗਏ ਕਿ ਮਖੂ ਗੇਟ ਦੇ ਅੰਦਰ ਪੈਂਦਾ ਉਹ ਟੁੱਟਾ ਚੁਬਾਰਾ ਸਾਨੂੰ ਅਲਾਟ ਕਰ ਦਿਓ ਤੇ ਅਸੀਂ ਇਸ ਦੀ ਹੋਰ ਮੁਰੰਮਤ ਕਰਵਾ ਲਵਾਂਗੇ। ਰੀਹੈਬਲੀਟੇਸ਼ਨ ਇਨਸਪੈਕਟਰ ਕਹਿਣ ਲੱਗਾ ਕਿ ਪਾਕਿਸਤਾਨ ਵਿਚ ਛਡੇ ਸ਼ਹਿਰੀ ਮਕਾਨ ਦਾ ਤੁਹਾਡੇ ਕੋਲ ਕੋਈ ਸਬੂਤ ਹੈ। ਜਦ ਅਸੀਂ ਕਿਹਾ ਕਿ ਸਾਡੇ ਕੋਲ ਪਾਕਿਸਤਾਨ ਦੇ ਪਿੰਡਾਂ ਵਿਚ ਛਡੀ ਜ਼ਮੀਨ ਦਾ ਕਾਗਜ਼ ਹਨ ਤੇ ਸਾਨੂੰ ਲਾਗੇ ਪਿੰਡਾਂ ਵਿਚ ਜ਼ਮੀਨ ਅਲਾਟ ਹੋ ਗਈ ਹੈ ਤਾਂ ਉਹ ਪੁਛਣ ਲਗਾ ਕਿ ਪਿੰਡਾਂ ਵਿਚ ਰਿਹਾਇਸ਼ੀ ਮਕਾਨ ਵੀ ਅਲਾਟ ਹੋ ਗਏ ਹਨ। ਇਹ ਸੁਣ ਕੇ ਓਸ ਕਿਹਾ ਕਿ ਤੁਹਾਨੂੰ ਸ਼ਹਿਰੀ ਮਕਾਨ ਅਲਾਟ ਨਹੀਂ ਹੋ ਸਕਦਾ। ਸ਼ਹਿਰੀ ਮਕਾਨ ਸਿਰਫ ਉਹਨਾਂ ਲੋਕਾਂ ਨੂੰ ਹੀ ਅਲਾਟ ਹੁੰਦੇ ਹਨ ਜੋ ਪਿਛੇ ਪਾਕਿਸਤਾਨ ਵਿਚ ਸ਼ਹਿਰਾਂ ਦੇ ਰਹਿਣ ਵਾਲੇ ਸਨ ਅਤੇ ਸ਼ਹਿਰੀ ਜਾਇਦਾਦ ਛਡ ਕੇ ਆਏ ਹਨ। ਮੈਂ ਕਿਹਾ ਕਿ ਮੇਰੇ ਬਾਪੂ ਨੇ ਮੰਡੀ ਢਾਬਾਂ ਸਿੰਘ ਵਾਲੀ ਵਿਚ ਇਕ ਪਲਾਟ ਲਿਆ ਹੋਇਆ ਸੀ ਤੇ ਜਦ ਓਸ ਨੇ ਪਲਾਟ ਦਾ ਸਬੂਤ ਮੰਗਿਆ ਤਾਂ ਉਸ ਦਾ ਕੋਈ ਕਾਗਜ਼ ਜਾਂ ਸਬੂਤ ਨਹੀਂ ਸੀ। ਇਨਸਪੈਕਟਰ ਜੋ ਚੰਗਾ ਬੰਦਾ ਸੀ ਸਾਡੇ ਕਾਲਜੀਏਟ ਹੋਣ ਤੋਂ ਪ੍ਰਭਾਵਤ ਸੀ, ਕਹਿਣ ਲੱਗਾ ਕਿ ਜਿੰਨਾ ਚਿਰ ਤਕ ਕੋਈ ਅਲਾਟੀ ਨਹੀਂ ਆ ਜਾਂਦਾ, ਓਨਾ ਚਿਰ ਤੁਸੀਂ ਓਸ ਮਕਾਨ ਵਿਚ ਰਹੀ ਜਾਓ। ਮੈਂ ਤੁਹਾਡਾ ਕਿਰਾਇਆ ਫਿਕਸ ਕਰ ਦੇਂਦਾ ਹਾਂ ਤੇ ਹਰ ਮਹੀਨੇ ਸਾਡੇ ਦਫਤਰ ਕਿਰਾਇਆ ਜਮ੍ਹਾਂ ਕਰਵਾਈ ਜਾਇਓ। ਅਸੀਂ ਕਿਹਾ ਕਿ ਅਸੀਂ ਸਟੂਡੰਟ ਹਾਂ ਤੇ ਕਿਰਾਇਆ ਨਹੀਂ ਦੇ ਸਕਦੇ ਤਾਂ ਉਹ ਹੱਸ ਕੇ ਕਹਿਣ ਲਗਾ ਕਿ ਜਿੰਨਾ ਚਿਰ ਕੋਈ ਅਲਾਟੀ ਆ ਕੇ ਤੁਹਾਨੂੰ ਨਹੀਂ ਕਢਦਾ, ਓਨਾ ਚਿਰ ਰਹੀ ਜਾਓ। ਅਮੀਰ ਖਾਸ ਵਾਲਾ ਸਾਥੋਂ ਸਿਨੀਅਰ ਸਟੂਡੰਟ ਹਰਬੰਸ ਸਿੰਘ ਵੀ ਇਸੇ ਚੁਬਾਰੇ ਦੇ ਨਾਲ ਵਾਲੀ ਗਲੀ ਵਿਚ ਰਹਿੰਦਾ ਸੀ ਪਰ ਉਸਦਾ ਮਕਾਨ ਵਧੀਆ ਤੇ ਵਡਾ ਸੀ। ਪਤਾ ਨਹੀਂ ਉਸ ਨੂੰ ਇਹ ਮਕਾਨ

ਕਿਵੇਂ ਮਿਲਿਆ ਸੀ। ਸ਼ਾਇਦ ਪਿਛੇ ਮਿੰਟਗੁਮਰੀ ਜ਼ਿਲੇ ਵਿਚ ਜਿਥੇ ਉਹ ਖੇਤੀ ਬਾੜੀ ਵਾਲੀ ਸੈਂਕੜੇ ਏਕੜ ਜ਼ਮੀਨ ਛਡ ਕੇ ਆਏ ਸਨ, ਓਥੇ ਸ਼ਹਿਰੀ ਜਾਇਦਾਦ ਵੀ ਛਡ ਕੇ ਆਏ ਹੋਣਗੇ।

ਮੈਂ ਤੇ ਪ੍ਰੀਤਮ ਨੇ ਉਹ ਮਕਾਨ ਵੀ ਛਡ ਦਿਤਾ ਜਿਸ ਵਿਚ ਹਰ ਵੇਲੇ ਡਿਗਣ ਦਾ ਖਤਰਾ ਰਹਿੰਦਾ ਸੀ ਤੇ ਹੀਰਾ ਮੰਡੀ ਦੇ ਗੇਟ ਦੇ ਬਾਹਰਵਰ ਪੈਂਦੇ ਇਕ ਤਿੰਨ ਮੰਜ਼ਲੇ ਮਕਾਨ ਵਿਚ ਸਿਖਰ ਵਾਲਾ ਇਕ ਹੋਰ ਚੁਬਾਰਾ ਲੈ ਲਿਆ। ਇਹ ਚੁਬਾਰਾ ਤਾਂ ਬਹੁਤ ਵਧੀਆ ਸੀ। ਗਰਮੀਆਂ ਦੀ ਰਾਤ ਨੂੰ ਬਾਹਰ ਮੰਜੇ ਡਾਹ ਕੇ ਸੌਣ ਤੇ ਹਵਾ ਲਗਦੀ ਰਹਿੰਦੀ ਸੀ ਪਰ ਰਾਤੀਂ ਦਸ ਵਜੇ ਤੋਂ ਬਾਅਦ ਇਸ ਦੇ ਮਾਲਕ ਅੰਦਰੋਂ ਕੁੰਡਾ ਲਾ ਲੈਂਦੇ ਸਨ ਤੇ ਫਿਰ ਦਰਵਾਜ਼ਾ ਨਹੀਂ ਖੋਲ੍ਹਦੇ ਸਨ। ਜਦ ਅਸੀਂ ਲੇਟ ਹੋ ਜਾਂਦੇ ਤਾਂ ਸਾਨੂੰ ਜਾਂ ਤਾਂ ਸਾਰੀ ਰਾਤ ਬਾਹਰ ਸ਼ਹਿਰ ਵਿਚ ਤੁਰ ਫਿਰ ਕੇ ਗੁਜ਼ਾਰਨੀ ਪੈਂਦੀ ਜਾਂ ਕਾਲਜ ਦੀ ਗਰਾਊਂਡ ਵਿਚ ਜਾ ਕੇ ਸੌਂ ਜਾਂਦੇ। ਰਾਤ ਵਾਲਾ ਸ਼ੋਅ ਵੇਖ ਕੇ ਰਾਤ ਦੇ ਬਾਰਾਂ ਇਕ ਵਜੇ ਤੋਂ ਪਹਿਲਾਂ ਘਰ ਮੁੜਨਾ ਵੀ ਮੁਸ਼ਕਲ ਸੀ। ਅਕਸਰ ਲੇਟ ਹੋਣ ਕਾਰਨ ਤੇ ਦਰਵਾਜ਼ਾ ਬੰਦ ਰਹਿਣ ਕਾਰਨ ਕੁਝ ਮਹੀਨਿਆਂ ਬਾਅਦ ਅਸੀਂ ਇਹ ਚੁਬਾਰਾ ਵੀ ਛਡ ਦਿਤਾ ਤੇ ਬੁਧਵਾਰਾਂ ਵਾਲੇ ਮੁਹਲੇ ਵਿਚ ਅਗੇ ਜਾ ਕੇ ਇਕ ਭੀੜੀ ਗਲੀ ਵਿਚ ਚਾਰ ਰੁਪੈ ਮਹੀਨੇ ਤੇ ਇਕ ਹੋਰ ਚੁਬਾਰਾ ਲੈ ਲਿਆ। ਇਸ ਚੁਬਾਰਾ ਵੀ ਤੀਜੀ ਮੰਜ਼ਲ ਤੇ ਸੀ ਇਸ ਵਿਚ ਜਿਥੇ ਗਰਮੀ ਬਹੁਤ ਲਗਦੀ ਸੀ, ਓਥੇ ਦੇਰ ਨਾਲ ਆਉਣ ਕਾਰਨ ਇਥੇ ਵੀ ਬੂਹਾ ਨਹੀਂ ਖੁਲ੍ਹਦਾ ਸੀ। ਇਥੇ ਸ਼ਹਰੀ ਕੰਬੋਆਂ ਦੇ ਕੁਝ ਘਰ ਸਨ। ਇਹ ਘਰ ਵੀ ਅਮੀਰ ਕੰਬੋਆਂ ਦਾ ਸੀ ਗਲੀ ਦੀ ਨੁਕਰ ਤੇ ਇਕੰਬੋ ਸਰਦਾਰ ਬਹਾਲ ਸਿੰਘ ਵਕੀਲ ਦਾ ਘਰ ਸੀ। ਪਿਛੋਂ ਪਤਾ ਲੱਗਾ ਕਿ ਐਕਟਰ ਮਨੋਹਰ ਦੀਪਕ ਦਾ ਭਰਾ ਗੁਰਬਚਨ ਸਿੰਘ ਦੀਪਕ ਜੋ ਪੰਜਾਬ ਵਿਚ ਦੋਬਾਰਾ ਭੰਗੜਾ ਸ਼ੁਰੂ ਕਰਨ ਦਾ ਝੰਡਾ ਬਰਦਾਰ ਅਤੇ ਖੇਤੀ ਬਾੜੀ ਮਹਿਕਮੇ ਵਿਚ ਉਚ ਅਫਸਰ ਸੀ, ਸਰਦਾਰ ਬਹਾਲ ਸਿੰਘ ਵਕੀਲ ਦੀ ਇਕ ਕੁੜੀ ਨਾਲ ਵਿਆਹਿਆ ਹੋਇਆ ਸੀ। ਸਰਦਾਰ ਬਹਾਲ ਸਿੰਘ ਵਕੀਲ ਦੀ ਘਰਵਾਲੀ ਜੋ ਬੜੀ ਨੇਕ ਔਰਤ ਸੀ, ਖੇਮ ਕਰਨ ਦੇ ਵਡੇ ਸਰਦਾਰਾਂ ਦੀ ਧੀ ਸੀ। ਕਈ ਵਾਰ ਸਾਡੇ ਨਾਲ ਗੱਲਾਂ ਬਾਤਾਂ ਕਰਨ ਲਗ ਪੈਂਦੀ ਤੇ ਜਦੋਂ ਉਸ ਨੂੰ ਪਤਾ ਲੱਗਾ ਕਿ ਅਸੀਂ ਵੀ ਕੰਬੋ ਆਂ ਤੇ ਜ਼ਮੀਨ ਜਾਇਦਾਦ ਵਾਲੇ ਹਾਂ, ਤਾਂ ਬੜੀ ਖੁਸ਼ ਹੋਈ। ਉਹ ਦਸਦੀ ਕਿ ਪਾਕਿਸਤਾਨ ਬਣਨ ਤੋਂ ਪਹਿਲਾਂ ਉਹ ਫਿਰੋਜ਼ਪੁਰੋਂ ਆਪਣੇ ਪੇਕੇ ਖੇਮ ਕਰਨ ਆਪਣੇ ਟਾਂਗੇ ਤੇ ਜਾਇਆ ਕਰਦੀ ਸੀ। ਕਈ ਵਾਰ ਉਹ ਸਾਨੂੰ ਇਹ ਵੀ ਕਹਿ ਦੇਂਦੀ ਕਿ ਜਦੋਂ ਵਿਆਹ ਕਰਵਾਉਣਾ ਹੋਇਆ ਤਾਂ ਮੈਨੂੰ ਦੱਸਣਾ ਮੈਂ ਤੁਹਾਡੇ ਲਈ ਕੁੜੀ ਲਭਾਂਗੀ। ਕਈ ਵਾਰ ਅਸੀਂ ਉਹਦੇ ਘਰੋਂ ਚਾਹ ਵੀ ਪੀ ਆਉਂਦੇ। ਸਰਦਾਰ ਬਹਾਲ ਸਿੰਘ ਐਡਵੋਕੇਟ ਬਹੁਤ ਘੱਟ ਗੱਲ ਕਰਿਆ ਕਰਦੇ ਸਨ ਅਤੇ ਆਪਣੇ ਅਸੂਲਾਂ ਦੇ ਬੜੇ ਪਕੇ ਸਨ।

ਪ੍ਰੀਤਮ ਨੇ ਬਾਵਿਆਂ ਵਾਲੇ ਮੁਹਲੇ ਵਿਚ ਇਕ ਹੋਰ ਚੁਬਾਰਾ ਲਭ ਲਿਆ ਤੇ ਅਸੀਂ ਓਥੇ ਚਲੇ ਗਏ ਜਿਥੇ ਛੱਤ ਤੇ ਪੈ ਕੇ ਅਸਮਾਨ ਵਿਚ ਚਮਕਦੇ ਤਾਰੇ ਤੇ ਚੰਦ ਚੇਖਣ ਦਾ ਆਪਣਾ ਹੀ ਮਜ਼ਾ ਸੀ। ਅਸੀਂ ਹੀ ਨਹੀਂ, ਕਾਲਜ ਦੇ ਹੋਰ ਮੁੰਡੇ ਵੀ ਅਕਸਰ ਚੁਬਾਰੇ ਜਾਂ ਕਮਰੇ ਬਦਲਦੇ ਰਹਿੰਦੇ ਸਨ ਅਤੇ ਕਈ ਤਾਂ ਕਿਰਾਇਆ ਵੀ ਮਾਰ ਲੈਂਦੇ ਸਨ। ਪ੍ਰੀਤਮ ਦਾ ਕੱਦ ਕਿਓਂਕਿ ਬਹੁਤ ਲੰਮਾ ਤੇ ਸਰੀਰ ਦਿਓ ਵਰਗਾ ਸੀ, ਜਾਗੀਰ ਨੇ ਉਹਦਾ ਨਾਂ ਫੈਂਟਮ ਰਖਿਆ ਹੋਇਆ ਸੀ। ਜਿਵੇਂ ਕਿ ਪਿਛੇ ਵੀ ਲਿਖ ਆਇਆ ਹਾਂ ਕਿ ਪ੍ਰੀਤਮ ਪੜ੍ਹਨ ਲਿਖਣ ਵਿਚ ਬਹੁਤ ਹੁਸ਼ਿਆਰ ਸੀ ਤੇ ਉਸ ਨੇ ਬੀ. ਏ. ਫਸਟ ਡਵੀਜ਼ਨ ਵਿਚ ਪਾਸ ਕਰ ਕੇ ਪਹਿਲਾਂ ਬੀ. ਟੀ. ਤੇ ਫਿਰ ਐਮ. ਏ. ਮੈਥ ਵਿਚ ਕਰ ਕੇ ਦਿੱਲੀ ਚਲਾ ਗਿਆ ਸੀ ਤੇ ਜਿਥੇ ਉਹਨੂੰ ਮੈਥ ਟੀਚਰ ਦੀ ਨੌਕਰੀ ਮਿਲ ਗਈ ਸੀ। ਓਥੇ ਈ ਉਨੇ ਇਕ ਖੂਬਸੂਰਤ ਭਾਪਿਆਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ ਸੀ ਤੇ 1964 ਤੋਂ ਬਾਅਦ ਜਦੋਂ ਉਹ ਆਪਣੀ ਬੀਵੀ ਤੇ ਬੱਚਿਆਂ ਨੂੰ ਪਿੰਡ ਵਖਾਉਣ ਲਈ ਆਇਆ ਸੀ। ਰੇਲਵੇ ਸਟੇਸ਼ਨ ਖਾਈ ਫੇਮੇ ਕੀ ਤੋ ਰੇਲੋ ਰੇਲ ਅਗੇ ਤੁਰ ਕੇ ਅਗਲੇ ਸਟੇਸ਼ਨ ਖਾਈ ਦੇ ਅਧ ਲਾਗੇ ਪੈਂਦੇ ਇਕ ਪਿੰਡ ਵਿਚ ਜ਼ਮੀਨ ਅਲਾਟ ਹੋਈ ਸੀ। ਉਹਨਾਂ ਨੇ ਵੀ ਰੇਲਵੇ ਲਾਈਨ ਦੇ ਕੰਢੇ ਝੁਗੀਆਂ ਤੇ ਕੱਚਾ ਕੋਠੇ ਪਾਏ ਹੋਏ ਸਨ। ਫਿਰ ਉਹਦੇ ਨਾਲ ਕਦੇ ਮੁਲਾਕਾਤ ਨਹੀਂ ਹੋਈ। ਜਦੋਂ ਅਸੀਂ ਇਕਠੇ ਪੜ੍ਹਦੇ ਸਾਂ ਤਾਂ ਕਈ ਵਾਰ ਮੈਂ ਉਹਦੇ ਪਿੰਡ ਗਿਆ ਸਾਂ ਜਿਥੇ ਉਹਦੇ ਘਰ ਦੇ ਸਾਡੀ ਦੇਸੀ ਦਾਰੂ ਤੇ ਘਰ ਵਿਚ ਪਾਲੇ ਬਿਨ ਬਾਂਗੇ ਮੁਰਗੇ ਝਟਕਾ ਕੇ ਸੇਵਾ ਕਰਦੇ।

ਫਿਰੋਜ਼ਪੁਰ ਦੀਆਂ ਇਹਨਾਂ ਗਲੀਆਂ ਵਿਚ ਪੇਟੀ ਕੋਟ ਤੇ ਬਲਾਊਜ਼ ਪਾਈਂ ਕਈ ਲਾਲੀਆਂ ਤੇ ਹੋਰ ਜਨਾਨੀਆਂ ਨਿੰਦਿਆ ਦਰਬਾਰ ਲਾਉਂਦੀਆਂ ਅਤੇ ਹਰ ਆਏ ਗਏ ਤੇ ਨਿਗ੍ਹਾ ਰਖਦੀਆਂ। ਸ਼ਾਮਾਂ ਨੂੰ ਕਈ ਪਖੀਆਂ ਦੀ ਹਵਾ ਨਾਲ ਕੋਇਲਿਆਂ ਵਾਲੀਆ ਅੰਗੀਠੀਆਂ ਮਘਾਉਂਦੀਆਂ ਤੇ ਸਾਰੀ ਗਲੀ ਵਿਚ ਧੂੰਆਂ ਈ ਧੂੰਆਂ ਹੋ ਜਾਂਦਾ। ਬਸਤੀ ਟੈਂਕਾਂ ਵਾਲੀ ਦੀਆਂ ਗਲੀਆਂ ਤਾਂ ਇਸ ਧੂੰਏਂ ਨਾਲ ਜ਼ਿਆਦਾ ਭਰੀਆਂ ਰਹਿੰਦੀਆਂ ਕਿਓਂਕਿ ਨਾਰਦਰਨ ਰੇਲਵੇ ਦਾ ਸਭ ਤੋਂ ਵਡਾ ਦਫਤਰ ਲਾਗੇ ਹੋਣ ਕਰ ਕੇ ਬਸਤੀ ਟੈਂਕਾਂ ਵਾਲੀ ਵਿਚ ਰੇਲਵੇ ਦੇ ਬਹੁਤ ਸਾਰੇ ਮੁਲਾਜ਼ਮ ਏਥੇ ਰਹਿੰਦੇ ਸਨ ਅਤੇ ਉਹਨਾਂ ਨੂੰ ਰੇਲਵੇ ਵਰਕਸ਼ਾਪ ਲਾਗਿਓਂ ਸਸਤਾ ਜਾਂ ਫਰੀ ਕੋਇਲਾ ਮਿਲਣ ਦੀਆਂ ਸਹੂਲਤਾਂ ਸਨ ਅਤੇ ਸਟੋਵ ਅਜੇ ਸ਼ੁਰੂ ਨਹੀਂ ਸਨ ਹੋਏ। ਕੋਇਲਆਂ ਤੋਂ ਇਲਾਵਾ ਪਾਥੀਆਂ ਤੇ ਲਕੜ ਵੀ ਅਗ ਬਾਲਣ ਦੇ ਕੰਮ ਔਂਦੀ ਸੀ। ਅਗ ਬਾਲਣ  ਇਹਨਾਂ ਗਲੀਆਂ ਮੁਹੱਲਿਆਂ ਵਿਚ ਰਹਿਣ ਵਾਲੇ ਲੋਕ ਜਾਂ ਤਾਂ ਦੁਕਾਨਦਾਰ ਸਨ ਜਾਂ ਨੌਕਰੀ ਪੇਸ਼ਾ ਬਾਬੂ। ਜ਼ਿਆਦਾ ਤਰ ਹਿੰਦੂ ਸਨ ਤੇ ਕਿਧਰੇ ਕਿਧਰੇ ਸਿੱਖ ਵੀ ਸਨ। ਜੱਟ ਘੱਟ ਸਨ ਤੇ ਅਰੋੜੇ, ਖਤਰੀ, ਕੰਬੋ ਤੇ ਰਾਮਗੜੀਏ ਆਦਿ ਜ਼ਿਅਦਾ ਸਨ। ਇਹਨਾਂ ਦਾ ਖਾਣ ਪਾਣ ਤੇ ਵਤੀਰਾ ਪਿੰਡਾਂ ਦੇ

ਲੋਕਾਂ ਨਾਲੋਂ ਵਖਰਾ ਸੀ। ਮੈਨੂੰ ਇੰਜ ਲਗਦਾ ਜਿਵੇਂ ਸਾਨੂੰ ਪਿੰਡਾਂ ਵਿਚੋਂ ਪੜ੍ਹਨ ਆਏ ਮੁੰਡਿਆਂ ਨੂੰ ਇਹ ਆਪਣੇ ਆਪ ਨਾਲੋਂ ਕੁਝ ਵਖਰੇ ਸਮਝਦੇ ਸਨ। ਪਰ ਇਹਨਾਂ ਵਿਚ ਰੇੜ੍ਹੀਆਂ ਲਾਉਣ ਵਾਲੇ, ਰਿਕਸ਼ੇ ਟਾਂਗੇ ਵਹੁਣ ਵਾਲੇ ਅਤੇ ਦੁਕਾਨਾਂ ਤੇ ਮਜ਼ਦੂਰੀ ਕਰ ਕੇ ਪੇਟ ਪਾਲਣ ਵਾਲੇ ਲੋਕ ਵੀ ਸਨ। ਫਿਰ ਵੀ ਮੈਨੂੰ ਨਵੇਂ ਨਵੇਂ ਮਿਲ ਰਹੇ ਤਜਰਬੇ ਨਾਲ ਸ਼ਹਿਰ ਪਿੰਡਾਂ ਨਾਲੋਂ ਚੰਗੇ ਲਗਣ ਲਗ ਪਏ। ਉਂਜ ਮੈਂ ਮਹਿਸੂਸ ਕੀਤਾ ਕਿ ਫਿਰੋਜ਼ਪੁਰ ਜ਼ਿਲੇ ਦੇ ਲੋਕ ਬੜੇ ਸਿੱਧੇ ਸਾਦੇ ਸਨ ਤੇ ਚਾਲਾਕ ਨਹੀਂ ਸਨ ਜਿਵੇਂ ਲਾਹੌਰ ਤੇ ਅੰਮ੍ਰਿਤਸਰ ਦੀਆਂ ਔਰਤਾਂ ਬਾਰੇ ਕਿਹਾ ਜਾਂਦਾ ਹੈ ਕਿ ਇਹ ਬੜੀਆਂ ਚਾਲਾਕ ਹੁੰਦੀਆਂ ਹਨ। ਕੁਝ ਚਿਰ ਬਾਅਦ ਮੈਨੂੰ ਮਖੂ ਦਾ ਫਸਟ ਯੀਅਰ ਵਿਚ ਪੜ੍ਹਦਾ ਲਾਹੌਰੀਏ ਕੰਬੋਆਂ ਦਾ ਇਕ ਹੋਰ ਮੁੰਡਾ ਜਿਸ ਦਾ ਨਾਂ ਮੈਨੂੰ ਯਾਦ ਨਹੀਂ ਆ ਰਿਹਾ, ਮਿਲ ਗਿਆ ਜੋ ਬੜਾ ਸੁਹਣਾ ਸੀ ਤੇ ਖਾਲਸਾ ਸਕੂਲ ਵੱਲ ਪੈਂਦੀ ਇਕ ਗਲੀ ਵਿਚ ਇਕ ਬੈਠਕ ਕਿਰਾਏ ਤੇ ਲੈ ਕੇ ਰਹਿੰਦਾ ਸੀ। ਚੁਬਾਰਿਆਂ ਉਪਰ ਰਾਤ ਬਰਾਤੇ ਚੜ੍ਹਨ ਨਾਲੋਂ ਮੈਂ ਉਹਦੇ ਨਾਲ ਜਾ ਕੇ ਰਹਿਣਾ ਸ਼ੁਰੂ ਕਰ ਦਿਤਾ ਪਰ ਗਿੱਟੇ ਗੋਡੇ ਵਾਲੇ ਲਾਹੌਰੀ ਫੋੜੇ ਅਜੇ ਵੀ ਰਾਤ ਨੂੰ ਪੀੜ ਕਰਦੇ ਤੇ ਉਹ ਮੇਰੇ ਗਿਟੇ ਤੇ ਗੋਡੇ ਤੇ ਪੱਟੀ ਕਰ ਦੇਂਦਾ। ਬੜੀ ਨਿਮ੍ਰਤਾ ਵਾਲਾ ਲੜਕਾ ਸੀ। ਇਕ ਦਿਨ ਉਹਦਾ ਪਿਓ ਘਿਓ ਦੀ ਪੀਪੀ ਦੇਣ ਆਇਆ ਜੋ ਵੇਖਣ ਨੂੰ ਸੌਖਾ ਜ਼ਿਮੀਂਦਾਰ ਲਗਦਾ ਸੀ ਤੇ ਕੁਝ ਦਿਨਾਂ ਸਾਡੇ ਕੋਲ ਬੈਠਕ ਵਿਚ ਹੀ ਰਿਹਾ। ਬਾਅਦ ਵਿਚ ਪਿਓ ਪੁਤ ਨੇ ਆਪਣੀ ਜਵਾਨ ਕੁੜੀ ਦੇ ਰਿਸ਼ਤੇ ਦੀ ਗੱਲ ਮੇਰੇ ਨਾਲ ਤੋਰ ਲਈ। ਆਪਣੀ ਭੈਣ ਦੇ ਬਹੁਤ ਸੋਹਣੀ ਪਰ ਅਨਪੜ੍ਹ ਹੋਣ ਬਾਰੇ ਮੁੰਡਾ ਮੈਨੂੰ ਗੱਲੀਂ ਗੱਲੀਂ ਪਹਿਲਾਂ ਹੀ ਦੱਸ ਚੁਕਾ ਸੀ। ਪਿਓ ਨੇ ਇਹ ਵੀ ਕਿਹਾ ਕਿ ਦਾਜ ਦਹੇਜ ਨਾਲ ਸਾਡਾ ਘਰ ਭਰ ਦੇਣਗੇ। ਓਸ ਮੇਰੇ ਮਾਪਿਆਂ ਨਾਲ ਗੱਲ ਕਰਨ ਲਈ ਮੇਰੇ ਪਿੰਡ ਦਾ ਅਤਾ ਪਤਾ ਪੁਛਿਆ ਤਾਂ ਜੋ ਉਹ ਪਿੰਡ ਜਾ ਕੇ ਮੇਰੇ ਮਾਂ ਪਿਓ ਨਾਲ ਗੱਲ ਕਰ ਸਕੇ। ਮੈਂ ਓਸਨੂੰ ਇਹ ਕਹਿ ਕੇ ਟਾਲ ਦਿਤਾ ਕਿ ਜਿੰਨਾ ਚਿਰ ਮੈਂ ਪੜ੍ਹਦਾ ਹਾਂ, ਮੇਰਾ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ ਹੈ ਅਤੇ ਫਿਰ ਪੜ੍ਹ ਲਿਖ ਕੇ ਪਤਾ ਨਹੀਂ ਨੌਕਰੀ ਮਿਲਣੀ ਹੈ ਜਾਂ ਨਹੀਂ ਅਤੇ ਇਹ ਵੀ ਪਤਾ ਨਹੀਂ ਕਿ ਕਿਸ ਤਰ੍ਹਾਂ ਦੀ ਨੌਕਰੀ ਮਿਲਣੀ ਹੈ। ਉਹ ਕਹਿਣ ਲੱਗਾ ਅਸੀਂ ਕੁੜੀ ਮੰਗ ਦਿਆਂਗੇ ਅਤੇ ਪੜ੍ਹਾਈ ਪੂਰੀ ਹੋਣ ਤਕ ਇੰਤਜ਼ਾਰ ਕਰਾਂਗੇ। ਮੈਂ ਫਿਰ ਵੀ ਨਾਂਹ ਕਰਦਾ ਰਿਹਾ ਅਤੇ ਇਹ ਵੀ ਦਸਿਆ ਕਿ ਪਾਕਿਸਤਾਨ ਬਨਣ ਤੋਂ ਪਹਿਲਾਂ ਜਦੋਂ ਮੈਂ ਪੰਜਵੀਂ ਵਿਚ ਪੜ੍ਹਦਾ ਸਾਂ ਤਾਂ ਮੇਰਾ ਮੰਗਣਾ ਹੋ ਗਿਆ ਸੀ ਅਤੇ ਮੇਰੀ ਵਡੀ ਭੈਣ ਤੇ ਭਣਵਈਆ ਵਿਚੋਲੇ ਸਨ। ਅਜੇ ਅਸੀਂ ਉਹਨਾਂ ਨੂੰ ਵੀ ਜਵਾਬ ਨਹੀਂ ਦਿਤਾ। ਉਸ ਮੁੰਡੇ ਦਾ ਬਾਪ ਤਾਂ ਮਖੂ ਨੂੰ ਮੁੜ ਗਿਆ ਜਿਥੇ ਉਹਨਾਂ ਦੀ ਜ਼ਮੀਨ ਤੇ ਮੱਝਾਂ ਦਾ ਆਹਾਤਾ ਸੀ ਪਰ ਮੁੰਡਾ ਪਿਛੋਂ ਵੀ ਕਈ ਦਿਨ ਮੇਰੇ ਤਰਲੇ ਕਰਦਾ ਰਿਹਾ ਪਰ ਮੈਂ ਆਖਰ ਓਸ ਨੂੰ ਠੋਕ ਕੇ ਨਾਂਹ ਕਰ ਦਿਤੀ ਅਤੇ ਬੈਠਕ ਛਡ ਕੇ ਫਿਰ ਮਹਿਰਿਆਂ ਵਾਲੀ ਬਸਤੀ ਦੇ ਇਕ ਘਰ ਵਿਚ ਕਮਰਾ ਲੈ ਲਿਆ ਜੋ ਇਕ ਪ੍ਰੋਫੈਸਰ ਦਾ ਘਰ ਸੀ। ਪ੍ਰੋਫੈਸਰ ਤਾਂ ਮੋਗੇ ਪੜ੍ਹਾਂਦਾ ਸੀ ਪਰ ਉਹਦਾ ਛੋਟਾ ਭਰਾ ਚੰਦਰ ਤੇ ਉਹਦੀ ਮਾਂ ਹੀ ਰਹਿੰਦੇ ਸਨ ਜੋ ਬੜੇ ਹੀ ਚੰਗੇ ਸਨ। ਮੇਰੀ ਰੋਟੀ ਵੀ ਪਕਾ ਦਿੰਦੇ ਸਨ ਅਤੇ ਕਈ ਵਾਰ ਚੰਦਰ ਦੀ ਮਾਂ ਮੈਨੂੰ ਸਿਰ ਵੀ ਨੁਹਾ ਦਿੰਦੀ ਅਤੇ ਕੇਸਾਂ ਵਿਚ ਤੇਲ ਵੀ ਝੱਸ ਦੇਂਦੀ। ਦਰਅਸਲ ਜਦੋਂ ਭਰਾ ਇਸ ਗਲੀ ਵਿਚ ਰਹਿੰਦਾ ਸੀ ਤਾਂ ਚੰਦਰ ਦੀ ਮਾਂ ਤੇ ਮੇਰੀ ਭਰਜਾਈ ਦਾ ਆਪਸ ਵਿਚ ਬੜਾ ਪਿਆਰ ਰਿਹਾ ਸੀ।

**ਅਗਲੀ ਵਾਰ ਪੜ੍ਹੋ: ਕੁਲਵੰਤ ਸਿੰਘ ਵਿਰਕ ਨਾਲ ਮੁਲਾਕਾਤ**

## ਕੁਲਵੰਤ ਸਿੰਘ ਵਿਰਕ ਨਾਲ ਮੁਲਾਕਾਤ
**ਕਿਸ਼ਤ 28:**

ਮੇਰੀ ਜ਼ਿੰਦਗੀ ਦੇ ਕਾਲਜ ਦੀ ਪੜ੍ਹਾਈ ਦੇ ਸਮੇਂ ਵਿਚ ਕਈ ਪਖ ਵੇਖਣ ਨੂੰ ਮਿਲੇ ਜਿਸ ਵਿਚ ਵਡਾ ਪਖ ਸ਼ਹਿਰਾਂ ਤੇ ਪਿੰਡਾਂ ਦੇ ਜੀਵਨ, ਰਹਿਣ ਸਹਿਣ ਅਤੇ ਕੰਮ ਕਾਰ ਦਾ ਅੰਤਰ ਸੀ। ਸ਼ਹਿਰ ਵਿਚ ਕਈ ਹੋਟਲ ਸਨ ਜਿਵੇਂ ਸਿੰਧੀ ਹੋਟਲ, ਸ਼ੰਕਰ ਦਾਸ ਹੋਟਲ, ਨਰੂਲਾ ਹੋਟਲ, ਵੈਸ਼ਨੂੰ ਹੋਟਲ ਤੇ ਢਾਬੇ ਜਿਨ੍ਹਾਂ ਦੇ ਖਾਣੇ ਬੜੇ ਸਵਾਦ ਸਨ। ਸਿੰਧੀ ਹੋਟਲ ਦੀ ਮਛੀ, ਤਿੱਤਰ, ਬਟੇਰੇ ਤੇ ਝਟਕੇ ਦਾ ਮਾਸ ਖਾਣ ਲਈ ਮੁਕਤਸਰ, ਮਲੋਟ ਅਤੇ ਫਾਜ਼ਿਲਕਾ ਦੇ ਸਰਦਾਰ ਤੇ ਲੋਕਲ ਸਰਕਾਰੀ ਅਫਸਰ ਤੇ ਹੋਰ ਵੀ ਬਹੁਤ ਲੋਕ ਆਉਂਦੇ ਸਨ। ਹੋਟਲ ਅਗੋਂ ਤੁਰੇ ਜਾਂਦੇ ਲੋਕਾਂ ਨੂੰ ਹੋਟਲਾਂ ਦੇ ਬਾਹਰ ਪਤੀਲਿਆਂ ਤੇ ਕੜਾਹੀਆਂ ਵਿਚ ਭੁਜਦੇ ਤੜਕਿਆਂ ਦੀਆਂ ਖੁਸ਼ਬੂਆਂ ਆਕਰਸ਼ਤ ਕਰਦੀਆਂ। ਸ਼ੰਕਰ ਦਾਸ ਹੋਟਲ ਦਾ ਬੜਾ ਨਾਂ ਸੀ ਜਿਸ ਉਪਰ ਰਿਹਾਇਸ਼ੀ ਕਮਰੇ ਵੀ ਮਿਲਦੇ ਸਨ। ਸਿੰਧੀ ਹੋਟਲ ਉਪਰ ਵੀ ਰਿਹਾਇਸੀ ਕਮਰੇ ਮਿਲਦੇ ਸਨ। ਇਹਨਾਂ ਹੋਟਲਾਂ ਵਿਚ ਅਬੋਹਰ, ਫਾਜ਼ਿਲਕਾ, ਮੁਕਤਸਰ, ਮੋਗਾ ਆਦਿ ਤੋਂ ਤਰੀਕਾਂ ਭੁਗਤਣ ਜਾਂ ਹੋਰ ਕੰਮਾਂ ਲਈ ਆਏ ਲੋਕ ਰੁਕਦੇ ਸਨ। ਅਨੇਕਾਂ ਕਮਰਿਆਂ ਵਾਲੀ ਨਾਗਰ ਮੱਲ ਦੀ ਸਰਾਂ ਵੀ ਬਹੁਤ ਵਡੀ ਸੀ ਪਰ ਹੁਣ ਉਜਾੜ ਬਣਦੀ ਜਾ ਰਹੀ ਸੀ। ਪੰਜਾਬ ਰੋਡਵੇਜ਼ ਦਾ ਸਭ ਤੋਂ ਪਹਿਲਾ ਬੱਸ ਅਡਾ ਇਹਦੇ ਅੰਦਰ ਬਣਿਆ ਸੀ ਜਿਥੋਂ ਫਾਜ਼ਿਲਕਾ ਨੂੰ ਪਕੀ ਸੜਕ ਬਨਣ ਤੋਂ ਬਾਅਦ ਸਰਕਾਰੀ ਬੱਸਾਂ ਚਲਣੀਆਂ ਸ਼ੁਰੂ ਹੋਈਆਂ ਸਨ। ਪਿਛੋਂ ਪੰਜਾਬ ਰੋਡਵੇਜ਼ ਦਾ ਇਹ ਅਡਾ ਸੁਪਰਡੰਟ ਜੇਲ੍ਹ ਦੀ ਕੋਠੀ ਮੂਹਰੇ ਬਣ ਗਿਆ ਸੀ ਤੇ ਫਿਰ ਵਕਤ ਬਦਲਦਾ ਗਿਆ ਤੇ ਅਡੇ ਵੀ ਬਦਲਦੇ ਗਏ। ਜ਼ਿਲੇ ਦੇ ਵਡੇ ਅਫਸਰਾਂ ਦੇ ਦਫਤਰ ਅਤੇ ਕਚਹਿਰੀਆਂ ਵੀ ਛਾਉਣੀ ਵਿਚ ਪੈਂਦੀਆਂ ਸਨ। ਡੀ. ਸੀ. ਦਫਤਰ, ਐਸ. ਐਸ. ਪੀ. ਦਫਤਰ ਫਿਰੋਜ਼ਪੁਰ ਛਾਉਣੀ ਵਿਚ ਸਨ। ਕਚਿਹਰੀਆਂ ਲਾਗੇ ਲਾਗੇ

ਪੈਂਦੇ ਦੋ ਹੋਟਲ ਨਾਵਲਟੀ ਤੇ ਗਰੀਨ ਵੀ ਬੜੇ ਚਲਦੇ ਸਨ ਤੇ ਇਹਨਾਂ ਵਿਚ ਵੀ ਰਿਹਾਇਸ਼ੀ ਕਮਰੇ ਹੁੰਦੇ ਸਨ। ਇੰਗਲਸ਼ ਬੁਕ ਡੀਪੋ ਤੋਂ ਕਿਤਾਬਾਂ ਤੇ ਅੰਗਰੇਜ਼ੀ ਦੇ ਰਸਾਲੇ ਲੈਣ ਲਈ ਲੋਕ ਦੂਰ ਦੂਰ ਤੋਂ ਆਉਂਦੇ ਸਨ। ਛੋਟੇ ਹੋਟਲਾਂ, ਢਾਬਿਆਂ ਤੇ ਵੈਸ਼ਨੂੰ ਹੋਟਲਾਂ ਦੇ ਪਕਵਾਨਾਂ ਦਾ ਸਵਾਦ ਵਖਰਾ ਸੀ। ਪੂੜੀਆਂ ਛੋਲੇ ਤੇ ਲੱਸੀ ਦਾ ਗਲਾਸ ਪਿਆਉਣ ਵਾਲੀਆਂ ਦੁਕਾਨਾਂ ਅਗੇ ਹਰ ਵੇਲੇ ਭੀੜ ਜੁੜੀ ਰਹਿੰਦੀ ਸੀ। ਭੀੜੇ ਬਾਜ਼ਾਰ ਵਿਚ ਸਾਰਾ ਦਿਨ ਕੜ੍ਹਦੇ ਰਹੇ ਦੁਧ ਤੇ ਆਈ ਮਲਾਈ ਤੇ ਉਤੇ ਕੁਤਰ ਕੇ ਪਾਏ ਗਿਰੀਆਂ, ਛੁਹਾਰੇ ਤੇ ਬਾਦਾਮਾਂ ਵਾਲੇ ਦੁੱਧ ਨੂੰ ਪੀਣ ਲਈ ਵੀ ਕਤਾਰਾਂ ਲਗੀਆਂ ਹੁੰਦੀਆਂ ਸਨ। ਪਾਨਾਂ ਵਾਲੀਆਂ ਦੁਕਾਨਾਂ ਦੀ ਗਾਹਕੀ ਦਾ ਵੀ ਕੋਈ ਅੰਤ ਨਹੀਂ ਸੀ। ਲਲਾਰੀ ਪੱਗਾਂ ਧੋਂਦੇ, ਰੰਗਦੇ ਤੇ ਮਾਵਾ ਲਾ ਕੇ ਦਿੰਦੇ ਸਨ। ਲੂਣ ਮੰਡੀ ਦੇ ਬਾਹਰ ਮੋਚੀਆਂ ਵਾਲੇ ਬਾਜ਼ਾਰ ਵਿਚੋਂ ਲੰਘਦਿਆਂ ਜਿਥੇ ਕਈ ਪਰਕਾਰ ਦੀਆਂ ਜੁੱਤੀਆਂ ਵੇਖਣ ਨੂੰ ਮਿਲਦੀਆਂ, ਓਥੇ ਚਮੜੇ ਦੀ ਹਲਕੀ ਹਲਕੀ ਬੂ ਵੀ ਨੱਕ ਨੂੰ ਚੜ੍ਹਦੀ। ਦਾਣੇ ਭੁੰਨਣ ਵਾਲੀਆਂ ਭਠੀਆਂ ਤੇ ਖੰਡ ਦੇ ਪਤਾਸੇ ਤੇ ਖਿਢੌਣੇ ਬਨਾਉਣ ਵਾਲਿਆਂ ਦੀ ਆਪਣੀ ਰੌਣਕ ਸੀ। ਸਾਈਕਲਾਂ ਨੂੰ ਪੈਂਚਰ ਲਾਉਣ ਵਾਲੇ, ਬਰੇਕਾਂ ਠੀਕ ਕਰਨ ਵਾਲੇ, ਹੈਂਡਲ ਸਿੱਧਾ ਕਰਨ ਵਾਲੇ, ਟੁੱਟੀਆਂ ਤਾਰਾਂ ਪਾਉਣ ਅਤੇ ਕੁਤੇ (ਫਰੀਵੀਲ) ਫੇਲ ਹੋ ਜਾਣ ਤੇ ਨਵੇਂ ਕੁਤੇ ਪੌਣੇ, ਚੈਨ ਕਸਣੀ ਜਾਂ ਢਿੱਲੀ ਕਰ ਕੇ ਸਾਈਕਲ ਨੂੰ ਚਲਦਾ ਕਰਨ ਵਾਲਿਆਂ ਦਾ ਆਪਣਾ ਬੜਾ ਮੁਕਾਮ ਸੀ। ਪਾਕਿਸਤਾਨ ਵਿਚੋਂ ਉਜੜ ਕੇ ਆਏ ਕਾਫੀ ਲੋਕ ਵੀ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਵਿਚ ਕਿਧਰੇ ਕਿਧਰੇ ਵੱਸ ਗਏ ਸਨ। ਇਹਨਾਂ ਵਿਚੋਂ ਬਹੁਤੇ ਕਸੂਰ ਦੇ ਆਸ ਪਾਸ ਤੋਂ ਉਜੜ ਕੇ ਸਨ। ਸੈਂਕੜੇ ਸਾਲ ਪਹਿਲਾਂ ਮੁਸਲਮਾਨ ਬਾਦਸ਼ਾਹ ਫਿਰੋਜ਼ ਸ਼ਾਹ ਤੁਗਲਕ ਦੇ ਵਸਾਏ ਹੋਏ ਇਸ ਬਝਵੇਂ ਸਮਾਜ ਵਾਲੇ ਸ਼ਹਿਰ ਵਿਚ ਰੇਲ ਦੇ ਉਚੇ ਪੁਲ ਤੋਂ ਪਾਰ ਅੰਗਰੇਜ਼ਾਂ ਦੀ ਬਣਾਈ ਬੜੀ ਵਡੀ ਛਾਉਣੀ ਸੀ। ਮਾਲ ਰੋਡ ਦੀ ਸਿਰੇ ਵਾਲੀ ਕੋਠੀ ਨੰਬਰ 5 ਵਿਚ ਮੇਰਾ ਦੋਸਤ ਭੁਪਿੰਦਰ ਰਹਿੰਦਾ ਸੀ। ਇਹ ਕੋਠੀ ਦੋ ਏਕੜ ਦੇ ਕਰੀਬ ਹੋਵੇਗੀ। ਭੁਪਿੰਦਰ ਦੀ ਏਡੀ ਵਡੀ ਕੋਠੀ ਅਤੇ ਮਾਲ ਰੋਡ ਦੀ ਠੰਢੀ ਸੜਕ ਦੇ ਦੋਵੇਂ ਪਾਸੇ ਯੁਕਲਿਪਟਸ ਦੇ ਉਚੇ ਉਚੇ ਰੁੱਖ ਤੇ ਵਡੀਆਂ ਵਡੀਆਂ ਖੁਲ੍ਹੀਆਂ ਕੋਠੀਆਂ ਮੈਂ ਪਹਿਲੀ ਵਾਰ ਵੇਖੀਆਂ ਸਨ। ਮੇਰੇ ਲਈ ਇਹ ਸਾਰਾ ਕੁਝ ਇਕ ਨਵੀਂ ਦੁਨੀਆ ਸੀ। ਇਹ ਬਾਰ ਦੇ ਖੁਲ੍ਹੇ ਪਿੰਡਾਂ, ਖੁਲ੍ਹੀਆਂ ਜ਼ਰਖੇਜ਼ ਜ਼ਮੀਨਾਂ, ਲੰਮੀਆਂ ਚੌੜੀਆਂ ਉਛਲਦੀਆਂ ਨਹਿਰਾਂ ਤੇ ਪਾਸੇ ਪੈਂਦੇ ਖਤਾਨਾਂ ਦੇ ਜੰਗਲਾਂ ਅਤੇ ਬਠਿੰਡੇ ਦੇ ਟਿੱਬਿਆਂ ਨਾਲੋਂ ਵਖਰੀ ਦੁਨੀਆ ਸੀ। ਇਹ ਸਭ ਕੁਝ ਮੈਨੂੰ ਬੜਾ ਵਧੀਆ ਵਧੀਆ ਲਗਦਾ ਸੀ। ਇਸ ਮਾਲ ਰੋਡ ਤੇ ਸ਼ਾਮਾਂ ਨੂੰ ਜਦੋਂ ਮੈਂ ਖੂਬਸੂਰਤ ਔਰਤਾਂ ਤੇ ਮਰਦਾਂ ਨੂੰ ਵਧੀਆ ਕਪੜੇ ਪਾ ਕੇ ਸੈਰ ਕਰਦਿਆਂ ਵੇਖਦਾ ਤਾਂ ਲਗਦਾ ਸੀ ਦੁਨੀਆ ਦੋ ਕਿਸਮ ਦੀ ਹੈ, ਇਕ ਅਮੀਰਾਂ ਦੀ, ਇਕ ਗਰੀਬਾਂ ਦੀ। ਓਸ ਵੇਲੇ ਮੇਰੇ ਜੋ ਵੀ ਹਾਲਾਤ ਸਨ, ਉਹਨਾਂ ਨੇ ਮੇਰੇ ਅਗੇ ਇਹ ਸੱਚ ਸਪਸ਼ਟ ਕਰ ਦਿਤਾ ਸੀ ਕਿ ਮੈਂ ਗਰੀਬ ਹਾਂ। ਗੁਦੜਢੰਡੀ ਦੀ ਕਾਨਿਆਂ, ਦੱਭ, ਸਰਕੜੇ ਤੇ ਪੋਹਲੀ ਅਧੋਂ ਵੱਧ ਬੇਆਬਾਦ ਜ਼ਮੀਨ, ਢਾਬਿਆਂ ਤੇ ਦਵਾਨੀ ਦੀ ਜਿੰਦਰੀ ਲਾ ਕੇ ਰਖੀ ਦੇਸੀ ਘਿਓ ਦੀ ਪੀਪੀ, ਦੋ ਚਾਰ ਪੈਂਟਾਂ ਤੇ ਕਮੀਜ਼ਾਂ, ਦੋ ਤਿੰਨ ਪਗਾਂ, ਕੁਝ ਕਛੇ ਬਨੈਣਾਂ, ਇਕ ਛੋਟਾ ਜਿਹਾ ਟਰੰਕ, ਵਾਂਸੀ ਮੰਜਾ, ਇਕ ਦਰੀ, ਖੇਸ, ਚਾਦਰ ਤੇ ਸਰ੍ਹਾਣੇ ਤੋਂ ਬਗੈਰ ਮੇਰੇ ਕੋਲ ਕੀ ਸੀ। ਇਸ ਫਰਕ ਨੇ ਤੇ ਮੈਨੂੰ ਅਮੀਰੀ ਦੀ ਬਜਾਏ ਗਰੀਬੀ ਦੇ ਵਧੇਰੇ ਨੇੜੇ ਹੋਣ ਦਾ ਫਰਕ ਸਮਝਾ ਦਿਤਾ ਤੇ ਇਸਦਾ ਮੇਰੇ ਮਨ ਤੇ ਬਹੁਤ ਡੂੰਘਾ ਅਸਰ ਹੋਇਆ। ਇਸ ਅਸਰ ਨੂੰ ਲੈ ਕੇ ਮੈਂ ਅਗੇ ਜਾ ਕੇ ਪਿੰਡਾਂ ਅਤੇ ਸ਼ਹਿਰਾਂ ਦੇ ਵਖਰੇਵੇਂ ਦੇ ਵਿਸ਼ੇ ਤੇ ਸਮਾਜਕ, ਆਰਥਕ ਅਤੇ ਸਭਿਆਚਾਰਕ ਪਖੋਂ ਪੇਂਡੂ ਅਤੇ ਸ਼ਹਿਰੀ ਪਾਤਰਾਂ ਦੇ ਵਤੀਰੇ ਵਾਲੀਆਂ ਕੁਝ ਕਹਾਣੀਆਂ ਲਿਖੀਆਂ ਜਿਵੇਂ ਮਸਾਲੇ ਵਾਲਾ ਘੋੜਾ, ਝੁਗੀਆਂ, ਮਨ ਜਾਣਤ ਸਭ ਬਾਤ, ਆਪਣੀ ਧਰਤੀ, ਜ਼ਖਮ ਫਿਰ ਉਚੜ ਗਏ ਤੇ ਗਲਤੀ ਆਦਿ। ਇਹ ਕਹਾਣੀਆਂ ਬਹੁਤ ਪਰਸਿਧ ਹੋਈਆਂ ਤੇ ਹੋਰਨਾਂ ਜ਼ਬਾਨਾਂ ਵਿਚ ਵੀ ਤਰਜਮਾ ਹੋਈਆਂ। ਨਾਟਕ ਨੌਕਰੀਆਂ ਹੀ ਨੌਕਰੀਆਂ ਵੀ ਮਹਿਤੇ ਪਿੰਡ ਦੇ ਖੂੰਢਾਂ ਤੇ ਬਹਿ ਕੇ ਗੱਲਾਂ ਕਰਨ ਵਾਲਿਆਂ ਲੋਕਾਂ ਦੇ ਮਨਾਂ ਦੀ ਸੋਚ ਬਾਰੇ ਸੀ ਜੋ ਕਹਿੰਦੇ ਸਨ ਕਿ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੇਰੇ ਅਗੇ “ਨੌਕਰੀਆਂ ਹੀ ਨੌਕਰੀਆਂ” ਹਨ। ਇਹ ਨਾਟਕ ਫਿਰੋਜ਼ਪੁਰ ਜੇਲ੍ਹ ਦੇ ਕੈਦੀਆਂ ਨੇ 1960 ਵਿਚ ਖੇਡਿਆ ਸੀ ਤੇ ਇਸ ਵਿਚ ਮਦਨ ਪਾਹਵਾ ਨੇ ਵੀ ਕੰਮ ਕੀਤਾ ਸੀ ਜੋ ਮਹਾਤਮਾ ਗਾਂਧੀ ਨੂੰ ਮਾਰਨ ਦੀ ਸਾਜ਼ਸ਼ ਵਿਚ ਉਮਰ ਕੈਦ ਸੀ ਤੇ ਨਾਟਕਕਾਰ ਗੁਰਸ਼ਰਨ ਸਿੰਘ ਦੀ ਟੀਮ ਨੇ ਵੀ ਮੇਰਾ ਇਹ ਨਾਟਕ 1967 ਵਿਚ ਅਮ੍ਰਿਤਸਰ ਦੇ ਓਪਨ ਥੇਟਰ ਵਿਚ ਖੇਡਿਆ ਸੀ ਜਿਥੇ ਬਲਰਾਜ ਸਾਹਨੀ ਤੇ ਸ਼ਿਵ ਕੁਮਾਰ ਬਟਾਲਵੀ ਵੀ ਵੇਖਣ ਆਏ ਸਨ। ਇਕਾਂਗੀ ਨਾਟਕ ਦੇ ਤੌਰ ਤੇ ਇਹ ਨਾਟਕ 1954 ਦੇ ਸ਼ੁਰੂ ਵਿਚ ਪੰਜ ਦਰਿਆ ਵਿਚ ਛਪਿਆ ਸੀ ਤੇ ਬਲਵੰਤ ਗਾਰਗੀ ਨੇ ਇਸ ਨਾਟਕ ਬਾਰੇ ਓਸ ਵੇਲੇ 27 ਕਰਜ਼ਨ ਰੋਡ, ਦਿੱਲੀ ਤੋਂ ਮੈਨੂੰ ਚਿਠੀ ਲਿਖੀ ਸੀ ਜੋ ਅਜੇ ਤਕ ਮੇਰੇ ਕੋਲ ਪਈ ਹੈ। 1960 ਵਿਚ ਇਹ ਇਕਾਂਗੀ ਨਾਟਕ ਜਦ ਪੂਰੇ ਨਾਟਕ ਦੇ ਰੂਪ ਵਿਚ ਛਪਿਆ ਤਾਂ ਮੈਂ ਲਿਖਿਆ ਸੀ: ਖਾਸ ਕਰ ਪਿੰਡਾਂ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਜਿਹੜੇ ਸਮਝਦੇ ਹਨ ਕਿ ਪੜ੍ਹਨ ਪਿਛੋਂ ਤਾਂ ਉਨ੍ਹਾਂ ਕੋਲ ਨੌਕਰੀਆਂ ਹੀ ਨੌਕਰੀਆਂ ਹਨ।

5 ਨੰਬਰ ਮਾਲ ਰੋਡ ਵਾਲੀ ਕੋਠੀ ਵਿਚ ਰਹਿਣ ਵਾਲੇ ਭੁਪਿੰਦਰ ਸਿੰਘ ਨਾਲ ਮੁਲਾਕਾਤ ਵੀ ਇਕ ਦਿਨ ਗੁਦੜਢੰਡੀ ਨੂੰ ਜਾਂਦਿਆਂ ਬੱਸ ਵਿਚ ਹੋਈ ਸੀ। ਉਹਨਾਂ ਨੂੰ ਵੀ ਲਖੋ ਕੇ ਬਹਿਰਾਮ ਲਾਗੇ ਪੈਂਦੇ ਇਕ ਪਿੰਡ ਵਿਚ ਜ਼ਮੀਨ ਅਲਾਟ ਹੋਈ ਸੀ। ਉਹ ਪਿਛੋਂ ਜ਼ਿਲਾ ਮਿੰਟਗੁਮਰੀ ਦੇ ਸਨ ਪਰ ਉਸਦਾ ਬਾਪ ਥੋੜ੍ਹਾ ਚਿਰ ਪਹਿਲਾਂ ਹੀ ਪੂਨੇ ਤੋਂ ਸੂਬੇਦਾਰ ਮੇਜਰ ਰੀਟਾਇਰ ਹੋ ਕੇ ਪੈਨਸ਼ਨ ਤੇ ਆਇਆ ਸੀ। ਇਹ ਪਰਵਾਰ ਮਾਲ ਰੋਡ ਦੀ 5 ਨੰਬਰ ਕੋਠੀ ਵਿਚ ਰਹਿੰਦਾ ਸੀ ਜਿਥੇ ਹੋਰ ਵਡੇ ਵਡੇ ਅਫਸਰਾਂ ਦੀਆਂ ਕੋਠੀਆਂ ਸਨ। ਇਹਨਾਂ ਦੀ ਕੋਠੀ ਤੋਂ ਮੀਲ ਕੁ ਅਗੇ ਛਾਉਣੀ ਦੀ ਚਾਂਦਮਾਰੀ ਸੀ ਜਿਥੇ ਫੌਜੀਆਂ ਨੂੰ ਗੋਲੀਆਂ ਚਲਾਉਣੀਆਂ ਤੇ ਹੋਰ ਫੌਜੀ ਸਿਖਲਾਈ ਦਿਤੀ ਜਾਂਦੀ ਸੀ। ਇਹ ਸਾਰਾ ਇਲਾਕਾ ਬਹੁਤ ਵੀਰਾਨ ਬੀਆਬਾਨ ਹੀ ਸੀ ਅਤੇ ਦੂਰ

ਦੂਰ ਤਕ ਸਰਕੜਾ ਤੇ ਕਾਨੇ ਹੀ ਕਾਨੇ ਸਨ। ਇਥੇ ਇਕ ਪਕੀ ਹਵਾਈ ਪਟੜੀ ਵੀ ਸੀ ਜੋ ਫੌਜੀਆਂ ਵੱਲੋਂ ਹਵਾਈ ਜਹਾਜ਼ ਉਤਰਨ ਜਾਂ ਚੜ੍ਹਨ ਵੇਲੇ ਸਾਫ ਕੀਤੀ ਜਾਂਦੀ ਸੀ। ਇਸ ਇਲਾਕੇ ਵਿਚ ਤਿੱਤਰ, ਲਾਲ ਰੰਗ ਦੇ ਕਮਾਦੀ ਕਾਂ ਤੇ ਖਰਗੋਸ਼ ਬਹੁਤ ਸਨ। ਭੁਪਿੰਦਰ ਜਿਸ ਦੇ ਸੂਬੇਦਾਰ ਮੇਜਰ ਰੀਟਾਇਰ ਹੋਏ ਬਾਪ ਕੋਲ ਬਾਰਾਂ ਬੋਰ ਬੰਦੂਕ ਤੇ ਏਅਰ ਗੰਨ ਵੀ ਸੀ, ਕਈ ਵਾਰ ਇਸ ਇਲਾਕੇ ਵਿਚੋਂ ਤਿੱਤਰ ਮਾਰ ਲਿਆਉਂਦਾ ਤੇ 5 ਨੰਬਰ ਕੋਠੀ ਉਹਨਾਂ ਦੀ ਬੜੀ ਸਵਾਦ ਤਰਕਾਰੀ ਬਣਦੀ। ਮੈਂ ਭੁਪਿੰਦਰ ਦੀ ਕੋਠੀ ਕਮਰਿਆਂ ਵਾਲੀ ਕੋਠੀ ਵਿਚ ਕਈ ਦਿਨ ਰਹਿ ਪੈਂਦਾ। ਗਰਮੀਆਂ ਵਿਚ ਅਸੀਂ ਕੋਠੀ ਦੀ ਛਤ ਤੇ ਭੁੰਜੇ ਦਰੀਆਂ ਵਿਛਾ ਕੇ ਸੌਂ ਜਾਂਦੇ। ਉਹ ਵੀ ਮੇਰੇ ਨਾਲ ਬੇਰੀਆਂ ਵਾਲੇ ਖੂਹ ਤੇ ਏਅਰਗੰਨ ਲੈ ਕੇ ਆ ਜਾਂਦਾ ਜਿਥੇ ਅਸੀਂ ਏਅਰ ਗੰਨ ਨਾਲ ਕਬੂਤਰ, ਤਿੱਤਰ, ਘੁਗੀਆਂ ਦਾ ਸ਼ਿਕਾਰ ਕਰਦੇ ਤੇ ਮੋਟੇ ਮੋਟੇ ਚੂਹੇ ਵੀ ਮਾਰਦੇ। ਏਅਰ ਗੰਨ ਦਾ ਨਿਸ਼ਾਨਾ ਲਾਉਣਾ ਮੈਂ ਭੁਪਿੰਦਰ ਤੋਂ ਸਿੱਖ ਲਿਆ ਸੀ। ਬਾਰਾਂ ਬੋਰ ਨਾਲ ਫਾਇਰ ਕਰਨ ਨਾਲ ਜਿਥੇ ਖੜਾਕ ਬਹੁਤ ਹੁੰਦਾ ਸੀ, ਓਥੇ ਫਾਇਰ ਹੋਣ ਵੇਲੇ ਛਾਤੀ ਵਿਚ ਬੱਟ ਦਾ ਧੱਕਾ ਵੀ ਲਗਦਾ ਸੀ। ਲੋਕ ਸਭਾ ਦੀਆਂ ਪਹਿਲੀਆਂ ਚੋਣਾਂ ਦੇ ਦਿਨਾਂ ਵਿਚ ਭੁਪਿੰਦਰ ਦੀ ਕੋਠੀ ਇਕ ਸ. ਅਜੀਤ ਸਿੰਘ ਨਾਲ ਬੜੀ ਨਿਘੀ ਮੁਲਾਕਾਤ ਹੋਈ ਜੋ ਕਪੂਰਥਲਾ ਅਤੇ ਬਠਿੰਡੇ ਤੋਂ ਜੋ ਓਸ ਵੇਲੇ ਪੈਪਸੂ ਦਾ ਇਲਾਕਾ ਸੀ, ਸ. ਹੁਕਮ ਸਿੰਘ ਦੇ ਨਾਲ ਅਕਾਲੀਆਂ ਵੱਲੋਂ ਰੀਜ਼ਰਵ ਸੀਟ ਤੇ ਚੋਣ ਲੜ ਰਿਹਾ ਸੀ ਤੇ ਜਿੱਤ ਵੀ ਗਿਆ ਸੀ। ਬਾਅਦ ਵਿਚ ਉਹ ਕਾਂਗਰਸ ਵਿਚ ਰਲ ਗਿਆ ਸੀ ਤੇ ਦੂਜੀ ਵਾਰ ਬਠਿੰਡੇ ਦੀ ਰੀਜ਼ਰਵ ਸੀਟ ਤੋਂ ਫਿਰ ਜਿੱਤ ਗਿਆ ਸੀ। ਓਸ ਦਾ ਨੌਜਵਾਨ ਮੁੰਡਿਆਂ ਨਾਲ ਬੜਾ ਪਿਆਰ ਸੀ। ਉਸ ਨੇ ਕਿਹਾ ਸੀ ਕਿ ਜੇ ਮੈਂ ਜਿੱਤ ਗਿਆ ਤਾਂ ਤੁਸੀਂ ਮੇਰੇ ਕੋਲ ਦਿੱਲੀ ਆਇਓ, ਮੈਂ ਤੁਹਾਨੂੰ ਕਿਤੇ ਨੌਕਰੀਆਂ ਤੇ ਲਵਾ ਦੇਵਾਂਗਾ। ਉਹ ਭਾਵੇਂ ਸਾਥੋਂ ਉਮਰ ਵਿਚ ਵਡਾ ਸੀ ਪਰ ਜਦ ਵੀ ਮਿਲਦਾ ਤਾਂ ਬੜੇ ਤਪਾਕ ਨਾਲ ਮਿਲਦਾ। ਜਾਗੀਰ, ਭੁਪਿੰਦਰ ਤੇ ਮੈਂ ਉਹਨੂੰ ਵੋਟਾਂ ਪਵਾਉਣ ਲਈ ਬਠਿੰਡੇ ਦੇ ਇਲਾਕੇ ਵਿਚ ਕਈ ਚੱਕਰ ਮਾਰੇ।

ਬੇਟ ਦੇ ਇਸ ਇਲਾਕੇ ਵਿਚ ਕੁਝ ਰਾਏ ਸਿੱਖਾਂ ਨੂੰ ਬਾਰਡਰ ਦੀ ਰਾਖੀ ਲਈ ਸ਼ਾਇਦ ਪੀ. ਏ. ਪੀ. ਜਾਂ ਹੋਮ ਗਾਰਡ ਵੱਲੋਂ ਪਕੀਆਂ ਬੰਦੂਕਾਂ ਤੇ ਗੋਲੀਆਂ ਵੀ ਮਿਲੀਆਂ ਹੋਈਆਂ ਸਨ। ਕਈ ਰਾਏ ਸਿੱਖ ਸ਼ਰਾਬ ਪੀ ਕੇ ਹਵਾ ਵਿਚ ਹੋਲੀਆਂ ਚਲਾ ਦੇਂਦੇ ਤੇ ਜਦ ਕਦੀ ਉਹਨਾਂ ਦੀ ਪੜਤਾਲ ਹੁੰਦੀ ਤਾਂ ਗੋਲੀਆਂ ਘਟ ਜਾਣ ਤੇ ਪੁਲਸ ਦੀ ਕੁੱਟ ਵੀ ਖਾਂਦੇ। ਫੌਜੀਆਂ ਦੀ ਭਰਤੀ ਦਾ ਦਫਤਰ ਵੀ ਪੁਲੋਂ ਉਤਰਦਿਆਂ ਹੀ ਮਾਲ ਰੋਡ ਤੇ ਪੈਂਦੀ ਕੋਠੀ ਵਿਚ ਸੀ ਜੋ ਪਾਕਿਸਤਾਨ ਬਨਣ ਤੋਂ ਪਹਿਲਾਂ ਨਵਾਬ ਮਮਦੋਟ ਦੀ ਕੋਠੀ ਸੀ। ਨੰਬਰਦਾਰ ਖੇਮ ਸਿੰਘ ਦਾ ਮੁੰਡਾ ਨੰਜੀ ਜਿਸਦਾ ਪੂਰਾ ਨਾਂ ਨਿਰੰਜਨ ਸਿੰਘ ਸੀ ਜਿਸਦੀ ਪਿਓ ਨਾਲ ਥੋੜ੍ਹੀ ਅਣਬਣ ਰਹਿੰਦੀ ਸੀ ਤੇ ਜੋ ਪਾਕਿਸਤਾਨ ਵਾਲੇ ਸਾਡੇ ਪਿੰਡ ਦੇ ਖਾਲਸਾ ਹਾਈ ਸਕੂਲ ਵਿਚ ਮੇਥੋਂ ਦੋ ਸਾਲ ਅਗੇ ਸੀ, ਘਰ ਦਿਆਂ ਤੋਂ ਬਾਗੀ ਹੋ ਕੇ ਇਕ ਦਿਨ ਏਸੇ ਦਫਤਰ ਵਿਚ ਭਰਤੀ ਹੋ ਕੇ ਟਰੇਨਿੰਗ ਲੈਣ ਲਈ ਕਿਧਰੇ ਦੂਰ ਚਲਾ ਗਿਆ ਸੀ। ਅਸਲ ਵਿਚ ਹੋਇਆ ਇੰਜ ਕਿ ਉਹ ਮੈਨੂੰ ਕਹਿਣ ਲੱਗਾ ਕਿ ਮੇਰਾ ਸਾਈਕਲ ਲੈ ਜਾ ਤੇ ਕਿਸੇ ਨੂੰ ਪਤਾ ਨਾ ਲੱਗੇ ਕਿ ਭਰਤੀ ਖੁਲ੍ਹੀ ਹੈ। ਮੈਂ ਬਸਤੀ ਟਰਿਡਿਆਂ (ਗੁਦੜਢੰਡੀ) ਤੋਂ 20 ਮੀਲ ਘੰਟੇ ਦੀ ਸਪੀਡ ਨਾਲ ਸਾਈਕਲ ਭਜਾਇਆ ਤੇ ਭਰਤੀ ਵਾਲੇ ਦਫਤਰ ਤੋਂ ਪਤਾ ਕਰ ਕੇ ਕਿ ਸਵੇਰੇ ਭਰਤੀ ਹੋਣੀ ਆ, ਓਸੇ ਵੇਲੇ 20 ਮੀਲ ਘੰਟੇ ਦੀ ਸਪੀਡ ਤੇ ਵਾਪਸੀ ਸਾਈਕਲ ਭਜਾ ਕੇ ਬੇਰੀਆਂ ਵਾਲੇ ਖੂਹ ਤੇ ਆ ਗਿਆ ਤੇ ਨਿਰੰਜਨ ਨੂੰ ਦੱਸ ਦਿਤਾ ਕਿ ਕੱਲ ਭਰਤੀ ਹੋ ਰਹੀ ਆ। ਭਰਤੀ ਹੋ ਕੇ ਜਾਣ ਵੇਲੇ ਸਾਰਾ ਪਿੰਡ ਉਹਨੂੰ ਗੁਦੜਢੰਡੀ ਦੇ ਬਾਹਰ ਤਕ ਛਡਣ ਆਇਆ ਤੇ ਨੰਬਰਦਾਰ ਤਾਏ ਖੇਮ ਸਿੰਘ ਨੇ ਆਖੀਰ ਤੇ ਨਰਿੰਜਨ ਸਿੰਘ ਨੂੰ ਨਸੀਹਤ ਕੀਤੀ ਕਿ ਕਦੀਂ ਆਪਣੇ ਅਫਸਰ ਦੇ ਅਗੇ ਨਾ ਬੋਲੀਂ। ਨਿਰੰਜਨ ਉਸ ਵੇਲੇ ਧਰਮਕੋਟ ਲਾਗੇ ਕਿਸੇ ਪਿੰਡ ਸ਼ਾਇਦ ਕੈਲੇ ਵਿਆਹਿਆ ਹੋਇਆ ਸੀ ਪਰ ਹਾਲੇ ਮੁਕਲਾਵਾ ਨਹੀਂ ਸੀ ਲਿਆਂਦਾ। ਇਸ ਘਟਨਾ ਨੇ ਮੇਰੇ ਕੋਰੇ ਮਨ ਤੇ ਬੜਾ ਅਸਰ ਕੀਤਾ ਤੇ ਅਗੇ ਜਾ ਕੇ ਮੈਂ ਇਸ ਪਿਠ ਭੂਮੀ ਨੂੰ ਆਧਾਰ ਬਣਾ ਕੇ ਦਿਲ ਨੂੰ ਧੂਹ ਪੌਣ ਵਾਲੀਆਂ ਕਈ ਕਹਾਣੀਆਂ ਲਿਖੀਆਂ ਜਿਨ੍ਹਾਂ ਵਿਚ ਇਕ ਦਾ ਨਾਂ "ਭੱਜੀਆਂ ਬਾਹਾਂ" ਤੇ "ਗੋਹਿਆਂ ਦੀ ਅਗ" ਵੀ ਸੀ।

ਇਕ ਦਿਨ ਪੰਜਾਬੀ ਦਾ ਪ੍ਰੋਫੈਸਰ ਐਸ. ਐਸ. ਭਾਟੀਆ ਜੋ ਮੇਰੀ ਪੰਜਾਬੀ ਬਹੁਤ ਚੰਗੀ ਹੋਣ ਕਾਰਨ ਅਤੇ ਕਹਾਣੀਆਂ ਲਿਖਣ ਕਾਰਨ ਮੇਰੇ ਨਾਲ ਬੜਾ ਤੇਹ ਕਰਦਾ ਸੀ, ਕਹਿਣ ਲੱਗਾ ਕਿ 53 ਮਾਲ ਰੋਡ ਤੇ ਇਕ ਅਫਸਰ ਰਹਿੰਦਾ ਹੈ ਜੋ ਕਹਾਣੀਆਂ ਲਿਖਦਾ ਹੈ। ਲੇਖਕ ਦਾ ਨਾਂ ਤਾਂ ਮੈਨੂੰ ਭੁੱਲ ਗਿਆ ਹੈ ਪਰ ਤੂੰ ਉਹਨੂੰ ਜ਼ਰੂਰ ਮਿਲੀਂ। ਉਹਦੀ ਕੋਠੀ ਪਿਰਥਵੀ ਰਾਜ ਕਪੂਰ ਦੀ ਸਾਰੀ ਟੀਮ ਆਈ ਸੀ ਤੇ ਉਹਨੇ ਸਾਰਿਆਂ ਨੂੰ ਚਾਹ ਪਿਆਈ ਸੀ ਅਤੇ ਆਪਣੀ ਇਕ ਕਹਾਣੀ ਵੀ ਪੜ੍ਹ ਕੇ ਸੁਣਾਈ ਸੀ। ਮੈਂ ਇਕ ਸ਼ਾਮ ਉਸ ਨੂੰ ਮਿਲਣ ਚਲਾ ਗਿਆ। ਉਹ ਕੋਠੀ ਦੇ ਬਰਾਂਡੇ ਵਿਚ ਨੰਗੇ ਸਿਰ ਹੀ ਬੈਠਾ ਸੀ। ਮੈਂ ਦਸਿਆ ਕਿ ਮੈਨੂੰ ਪ੍ਰੋ: ਐਸ. ਐਸ. ਭਾਟੀਆ ਨੇ ਭੇਜਿਆ ਹੈ। ਮੈਂ ਐਮ. ਬੀ. ਮਹਿਤਾ ਦੇ ਨਾਂ ਥਲੇ ਕਹਾਣੀਆਂ ਲਿਖਦਾ ਹਾਂ ਜੋ ਕਈ ਰਸਾਲਿਆਂ ਵਿਚ ਛਪੀਆਂ ਹਨ। ਸੁਣ ਕੇ ਬਹੁਤ ਖੁਸ਼ ਹੋਇਆ ਤੇ ਕਹਿਣ ਲਗਾ ਤੇਰਾ ਅਸਲ ਨਾਂ ਕੀ ਹੈ। ਜਦ ਮੈਂ ਕਿਹਾ ਕਿ ਬਲਬੀਰ ਸਿੰਘ ਤਾਂ ਝੱਟ ਕਿਹਾ ਕਿ ਫਿਰ ਤੂੰ ਆਪਣੇ ਨਾਂ ਥਲੇ ਕਿਉਂ ਨਹੀਂ ਲਿਖਦਾ। ਮੇਰਾ ਨਾਂ ਕੁਲਵੰਤ ਸਿੰਘ ਵਿਰਕ ਹੈ ਅਤੇ ਮੈਂ ਆਪਣੇ ਨਾਂ ਥਲੇ ਕਹਾਣੀਆਂ ਲਿਖਦਾ ਹਾਂ। ਉਸ ਦਾ ਨਾਂ ਸੁਣ ਕੇ ਮੈਨੂੰ ਖੁਸ਼ੀ ਦਾ ਕਰੰਟ ਵੱਜਾ ਕਿਓਂਕਿ ਇਕ ਲੇਖਕ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ। ਇਸ ਤੋਂ ਪਹਿਲਾਂ ਮੈਂ ਕਿਸੇ ਲੇਖਕ ਨੂੰ ਨਹੀਂ ਵੇਖਿਆ ਸੀ ਤੇ ਮੇਰੀ ਸੋਚ ਵਿਚ ਮੈਨੂੰ ਲੇਖਕ ਆਮ ਲੋਕਾਂ ਤੋਂ ਉਚੇ ਤੇ ਵਖਰੇ ਲਗਦੇ ਸਨ। ਮੈਂ ਕਿਹਾ ਕਿ ਅਮਰ ਕਹਾਣੀਆਂ ਵਿਚ ਮੈਂ ਤੁਹਾਡੀ ਕਹਾਣੀ "ਮਾਂ" ਅਤੇ ਹੋਰ ਵੀ

ਕਈ ਕਹਾਣੀਆਂ ਪੜ੍ਹੀਆਂ ਹਨ ਜੋ ਬਹੁਤ ਵਧੀਆ ਸਨ। ਲਾਪਰਵਾਹੀ ਨਾਲ ਕਹਿਣ ਲੱਗਾ ਕਿ ਰਸਾਲੇ ਦਾ ਐਡੀਟਰ ਮੇਰੇ ਕੋਲ ਜਲੰਧਰ ਆਇਆ ਸੀ ਕਹਿਣ ਲੱਗਾ ਕਿ ਕੋਈ ਕਹਾਣੀ ਭੇਜਣਾ। ਮੈਂ ਸੁਣ ਕੇ ਖੁਸ਼ ਹੋਇਆ ਕਿ ਐਡੀਟਰ ਆਪ ਇਹਨਾਂ ਕੋਲ ਕਹਾਣੀ ਭੇਜਣ ਲਈ ਕਹਿਣ ਆਇਆ ਸੀ। ਵਿਰਕ ਨੇ ਨੌਕਰ ਨੂੰ ਚਾਹ ਬਨਾਉਣ ਲਈ ਤੇ ਮੈਨੂੰ ਆਪਣੇ ਲਾਗ ਇਕੇ ਕੁਰਸੀ ਤੇ ਬੈਠਣ ਲਈ ਕਿਹਾ ਜੋ ਬਰਾਂਡੇ ਵਿਚ ਪਈਆਂ ਹੋਈਆਂ ਸਨ। ਵਿਰਕ ਸਾਹਿਬ ਨੇ ਪੁਛਿਆ ਕਿ ਕਾਲਜ ਵਿਚ ਕਿਹੜੀ ਜਮਾਤ ਵਿਚ ਪੜ੍ਹਦਾ ਏਂ ਤੇ ਮੈਂ ਜਵਾਬ ਦਿਤਾ ਕਿ ਸੈਕੰਡ ਯੀਅਰ ਵਿਚ। ਤੇਰਾ ਪਿੰਡ ਕਿਹੜਾ ਹੈ ਤਾਂ ਮੈਂ ਦਸਿਆ ਕਿ ਏਥੋਂ ਫਾਜ਼ਿਲਕਾ ਵਾਲੀ ਸੜਕ ਤੇ ਵੀਹ ਕੁ ਮੀਲ ਤੇ ਪਿੰਡ ਗੁਦੜਢੰਡੀ ਵਿਚ ਜ਼ਮੀਨ ਅਲਾਟ ਹੋਈ ਆ।

"ਪਿਛੋਂ ਕਿਹੜੇ ਜ਼ਿਲੇ ਵਿਚੋਂ ਆਏ ਹੋ?"

"ਸ਼ੇਖੂਪੁਰਾ"

"ਕਿਹੜਾ ਪਿੰਡ"

"ਚੱਕ ਨੰਬਰ 78, ਰੇਲਵੇ ਸਟੇਸ਼ਨ ਮੰਡੀ ਢਾਬਾਂ ਸਿੰਘ ਲਾਗੇ"

ਵਿਰਕ ਦੀਆਂ ਨਿਕੀਆਂ ਨਿਕੀਆਂ ਅਖਾਂ ਚਮਕ ਉਠੀਆਂ ਤੇ ਓਸ ਉਠ ਕੇ ਮੈਨੂੰ ਜਫੀ ਪਾ ਲਈ। "ਮੈਂ ਵੀ ਤੁਹਾਡੇ ਲਾਗਿਓਂ ਈ ਆਇਆ ਹਾਂ, ਪਿੰਡ ਫੁੱਲਰਵਨ ਰੇਲਵੇ ਸਟੇਸ਼ਨ ਬਹਾਲੀ ਕੇ ਲਾਗੇ।"

ਫਿਰ ਮੈਂ ਦਸਿਆ ਕਿ ਸਾਡਾ ਮੁਰੱਬਾ ਵਿਰਕਾਂ ਦੀ ਹੱਦ ਨਾਲ ਲਗਦਾ ਸੀ। ਮੈਂ ਕਈ ਵਾਰ ਮਾਲ ਚਾਰਦਾ ਤੁਹਾਡੇ ਪਿੰਡ ਦੀਆਂ ਜੂਹਾਂ ਵਿਚ ਚਲਾ ਜਾਂਦਾ ਸਾਂ ਤੇ ਵਿਰਕਾਂ ਦੀਆਂ ਬੇਰੀਆਂ ਤੋਂ ਬੇਰ ਤੋੜ ਕੇ ਖਾਂਦਾ ਰਿਹਾ ਹਾਂ। ਉਹ ਵੀ ਕਹਿਣ ਲੱਗਾ ਕਿ ਮੈਂ ਵੀ ਓਸ ਨਹਿਰ ਕੰਡੇ ਮਝਾਂ ਚਾਰਦਾ ਰਿਹਾ ਹਾਂ ਜਿਥੋਂ ਤੁਹਾਡੇ ਪਿੰਡ ਦੇ ਮੁਰੱਬੇ ਸ਼ੁਰੂ ਹੁੰਦੇ ਸਨ। ਸਾਨੂੰ ਪਿਛਲੇ ਪਿੰਡਾਂ ਦੇ ਗਵਾਂਢੀ ਹੋਣ ਦੀਆਂ ਗੱਲਾਂ ਕਰ ਕੇ ਬੜਾ ਮਜ਼ਾ ਆਇਆ। ਓਸ ਵੇਲੇ ਵਿਰਕ ਦੀ ਕਹਾਣੀਆਂ ਦੀ ਪਹਿਲੀ ਕਿਤਾਬ "ਛਾਹ ਵੇਲਾ" ਛਪ ਚੁਕੀ ਸੀ ਤੇ ਦੂਜੀ "ਧਰਤੀ ਤੇ ਆਕਾਸ਼" ਛਪਣ ਵਾਲੀ ਸੀ ਜੋ ਪਿਛੋਂ ਗਿਆਨੀ ਵਿਚ ਲਗ ਗਈ ਸੀ। ਸ਼ਾਮ ਪਈ ਤਾਂ ਵਿਰਕ ਨੇ ਮੈਨੂੰ ਰੋਟੀ ਖਵਾਏ ਬਿਨਾਂ ਨਾ ਆਉਣ ਦਿਤਾ। ਆਉਣ ਲਗਿਆਂ ਗੁਰਚਰਨ ਸਿੰਘ ਦਾ ਨਾਵਲ ਵਗਦੀ ਸੀ ਰਾਵੀ ਅਤੇ ਹੋਰ ਕਈ ਕਿਤਾਬਾਂ ਪੜ੍ਹਨ ਲਈ ਦੇ ਦਿਤੀਆਂ ਤੇ ਨਾਲ ਇਹ ਵੀ ਆਖ ਦਿਤਾ ਕਿ ਇਹ ਵਾਪਸ ਕਰਨ ਦੀ ਲੋੜ ਨਹੀਂ ਹੈ।

ਹੁਣ ਵਿਰਕ ਦੀ ਕੋਠੀ ਮੇਰਾ ਆਮ ਆਣ ਜਾਣ ਹੋ ਗਿਆ। ਛਾਹ ਵੇਲਾ ਨਾ ਵੇਖਣਾ, ਲੌਢਾ ਵੇਲਾ ਨਾ ਵੇਖਣਾ, ਦੋਪਹਿਰ ਨਾ ਵੇਖਣੀ, ਰਾਤ ਨਾ ਵੇਖਣੀ, ਜਦੋਂ ਜੀ ਆਉਣਾ ਵਿਰਕ ਦੀ ਕੋਠੀ। ਜਦੋਂ ਵਿਰਕ ਕੋਲ ਜਾਵੋ, ਚਾਹ ਪੀਤੇ ਬਿਨਾਂ ਵਿਰਕ ਨੇ ਮੁੜਨ ਨਾ ਦੇਣਾ। ਰੋਟੀ ਵੇਲੇ ਨਾਂਹ ਨਾਂਹ ਕਰਦਿਆਂ ਵੀ ਉਹਨੇ ਖਾਣੇ ਦੀ ਮੇਜ਼ ਤੇ ਨਾਲ ਬਿਠਾਲ ਈ ਲੈਣਾ। ਸ਼ੇਖੂਪੁਰੇ ਵਿਰਕ ਦਾ ਵਡਾ ਭਰਾ ਸ. ਦਰਬਾਰਾ ਸਿੰਘ ਵਿਰਕ ਵਕਾਲਤ ਕਰਦਾ ਹੁੰਦਾ ਸੀ, ਸੌ ਮੰਜਾ, ਸੌ ਬਿਸਤਰਾ ਤੇ ਕਈ ਮਝਾਂ ਲੋਕਾਂ ਦੇ ਦੁਧ ਲੱਸੀ ਪੀਣ ਲਈ ਬਝੀਆਂ ਹੁੰਦੀਆਂ ਸਨ। ਭਾਵੇਂ ਕਿਸੇ ਨੇ ਵਿਰਕ ਦੇ ਵਡੇ ਭਰਾ ਵਕੀਲ ਕਰਨਾ ਹੁੰਦਾ ਸੀ ਜਾਂ ਨਹੀਂ, ਠਹਿਰਦਾ ਉਹ ਦਰਬਾਰਾ ਸਿੰਘ ਦੇ ਘਰ ਹੀ ਹੁੰਦਾ ਸੀ। ਵਿਰਕ ਦੀ ਘਰ ਵਾਲੀ ਹਰਬੰਸ ਕੌਰ ਅਮ੍ਰਿਤਸਰ ਦੇ ਹਡੀਆਂ ਦੇ ਮਾਹਰ ਸਰਜਨ ਡਾਕਟਰ ਕਰਮ ਸਿੰਘ ਦੀ ਧੀ ਸੀ, ਐਨੀ ਹਸਮੁਖ ਕਿ ਹਸਾ ਹਸਾ ਢਿਡੀਂ ਪੀੜਾ ਪਾ ਦੇਂਦੀ ਤੇ ਮੈਨੂੰ ਬੀਰ੍ਹਾ ਕਹਿਣ ਕੇ ਬੁਲਾਉਂਦੀ ਜਿਵੇਂ ਮੈਨੂੰ ਬਹੁਤ ਦੇਰ ਤੋਂ ਜਾਣਦੀ ਹੋਵੇ। ਛੋਟੇ ਬੱਚੀ ਮੰਜੂ ਤੇ ਬੇਟਾ ਸਰਬਜੀਤ ਵੀ ਮੇਰੇ ਨਾਲ ਘੁਲ ਮਿਲ ਗਏ ਤੇ ਉਹ ਵੀ ਕੁਝ ਨਾ ਕੁਝ ਚੁਟਕਲੇ ਜ਼ਰੂਰ ਸੁਣਾਉਂਦੇ। ਵਿਰਕ ਕਹਿੰਦਾ ਕਿ ਉਸ ਦੀ ਬੀਵੀ ਵਰਗੀ ਹੁਸੀਨ ਬੀਵੀ ਪੰਜਾਬੀ ਦੇ ਕਿਸੇ ਲੇਖਕ ਦੀ ਨਹੀਂ ਸੀ। ਜਦੋਂ ਅਸੀਂ ਕਾਲਜ ਵਿਚ ਡਰਾਮਾ ਖੇਡਿਆ ਤਾਂ ਵਿਰਕ ਸਾਹਬ ਨੂੰ ਆਉਣ ਲਈ ਕਿਹਾ ਤੇ ਉਹ ਡਰਾਮਾ ਵੇਖਣ ਆਇਆ। ਮੈਂ ਜਦ ਕੋਈ ਨਵੀਂ ਕਹਾਣੀ ਲਿਖ ਕੇ ਉਹਨੂੰ ਸੁਣਾਉਂਦਾ ਤਾਂ ਉਹ ਮੇਰੀਆਂ ਕੱਚੀਆਂ ਪਿੱਲੀਆਂ ਕਹਾਣੀਆਂ ਦੀਆਂ ਗਲਤੀਆਂ ਕਢਣ ਦੀ ਬਜਾਏ ਮੈਨੂੰ ਬਦੇਸ਼ੀ ਕਹਾਣੀਕਾਰ ਜਿਵੇਂ ਸਮਰਸਟ ਮਾਅਮ, ਓ ਹੈਨਰੀ, ਚੈਖਵ ਵਗੈਰਾ ਪੜ੍ਹਨ ਦਾ ਮਸ਼ਵਰਾ ਦੇਂਦਾ। ਵਿਰਕ ਨੇ ਲਾਹੌਰ ਤੋਂ ਅੰਗਰੇਜ਼ੀ ਵਿਚ ਐਮ. ਏ. ਕੀਤੀ ਹੋਈ ਸੀ। ਦੂਜੇ ਸੰਸਾਰ ਯੁਧ ਵਿਚ ਫੌਜ ਵਿਚ ਲੈਫਟੀਨੰਟ ਭਰਤੀ ਹੋ ਗਿਆ ਸੀ। ਲੜਾਈ ਹਟੀ ਤਾਂ ਐਲ. ਐਲ. ਬੀ. ਕਰ ਕੇ ਵਕਾਲਤ ਕਰਨ ਦੀ ਸੋਚ ਰਿਹਾ ਸੀ ਕਿ ਵੰਡ ਹੋ ਗਈ। ਪਾਕਿਸਤਾਨ ਵਿਚ ਰਹਿ ਗਈਆਂ ਹਿੰਦੂ ਸਿੱਖ ਔਰਤਾਂ ਨੂੰ ਹਿੰਦੋਸਤਾਨ ਲਿਆਉਣ ਲਈ ਉਹ ਲੇਅਨਜ਼ ਅਫਸਰ ਲਗ ਗਿਆ ਤੇ ਜਦ ਇਹ ਕੰਮ ਖਤਮ ਹੋ ਗਿਆ ਤਾਂ ਫਿਰ ਫਿਰੋਜ਼ਪੁਰ ਦਾ ਜ਼ਿਲਾ ਲੋਕ ਸੰਪਰਕ ਅਫਸਰ ਆ ਲੱਗਾ। ਅਕਾਲੀ ਲੀਡਰ ਗਿਆਨੀ ਕਰਤਾਰ ਸਿੰਘ ਜਿਸ ਨੂੰ ਸਿੱਖਾਂ ਦਾ ਦਿਮਾਗ ਕਹਿੰਦੇ ਹਨ, ਵਿਰਕ ਦੇ ਬਹੁਤ ਨੇੜੇ ਸੀ ਤੇ ਪੰਜਾਬ ਵਿਚ ਵਜ਼ੀਰ ਵੀ ਰਿਹਾ ਸੀ। ਦਰਅਸਲ ਵਿਰਕ ਕਿਸੇ ਕਾਲਜ ਦਾ ਪ੍ਰੋਫੈਸਰ ਲਗਣਾ ਚਹੁੰਦਾ ਸੀ ਪਰ ਲਗ ਨਾ ਸਕਿਆ। ਪਿੰਡਾਂ ਦੇ ਨੌਜਵਾਨ ਮੁੰਡਿਆਂ ਜੋ ਸ਼ਹਿਰਾਂ ਵਿਚ ਆ ਕੇ ਪੜ੍ਹਾਈ ਕਰਦੇ ਸਨ ਤੇ ਅਗੇ ਵਧਣਾ ਚਹੁੰਦੇ ਸਨ, ਉਹਨੂੰ ਬੜੇ ਚੰਗੇ ਲਗਦੇ ਸਨ ਤੇ ਵਿਰਕ ਉਹਨਾਂ ਦੀ ਬੜੀ ਦਲੇਰੀ ਨਾਲ ਮਦਦ ਕਰਦਾ ਸੀ। ਉਸ ਦੀ ਸਲਾਹ ਨਾਲ ਮੈਂ ਆਪਣੀਆਂ ਕਹਾਣੀਆਂ ਥਲੇ ਐਮ. ਬੀ. ਮਹਿਤਾ ਲਿਖਣਾ ਛਡ ਅਤੇ ਬਲਬੀਰ ਸਿੰਘ ਲਿਖਣ ਲਗ ਪਿਆ। ਜਦ ਇਹ ਪਤਾ ਲੱਗਾ ਕਿ ਬਲਬੀਰ ਸਿੰਘ ਨਾਂ ਦੇ ਵੀ ਕਈ ਲਿਖਾਰੀ ਸਨ ਤਾਂ ਆਪਣੇ ਨਾਂ ਪਿਛੇ ਮੋਮੀ ਲਾ ਲਿਆ ਜੋ ਕੰਬੋਜ ਕਿਮਉਨਿਟੀ ਵਿਚ ਇਕ ਗੋਤ ਹੈ ਜਿਵੇਂ ਥਿੰਦ, ਮਰੋਕ, ਜੋਸਨ, ਟੁਰਨੇ, ਚੰਦੀ, ਹਾਂਡੇ, ਮੁਤੀ, ਜਮੂੰ, ਚਤਰਥ ਆਦਿ। ਪਰ ਅਜੇ ਤਕ ਵੀ ਬਹੁਤ ਲੋਕ ਇਸ ਨੂੰ ਗੋਤ ਨਾਲੋਂ ਜ਼ਿਆਦਾ ਮੇਰਾ ਤੁਖਲਸ ਹੀ ਸਮਝਦੇ ਹਨ ਕਿਓਂਕਿ ਮੈਂ ਸੁਭਾਅ ਵੱਲੋਂ ਸਖਤ ਨਹੀਂ ਹਾਂ ਸਗੋਂ ਮੋਮ ਵਰਗਾ ਹਾਂ। ਨਵੀਆਂ ਖੋਜਾਂ ਅਨੁਸਾਰ ਕੰਬੋਆਂ ਦੇ ਕਈ ਗੋਤ ਜੱਟਾਂ, ਸੈਣੀਆਂ, ਖਤਰੀਆਂ, ਲੁਬਾਣਿਆਂ,

ਬਾਣੀਆਂ ਤੇ ਰਾਮਗੜ੍ਹੀਆਂ ਨਾਲ ਵੀ ਮਿਲਦੇ ਹਨ। ਜੇ ਤੁਸੀਂ ਗੂਗਲ ਤੇ ਜਾਓ ਤਾਂ ਸਭ ਤੋਂ ਵਧ "ਮੋਮੀ" ਗੋਤ ਯਹੂਦੀਆਂ ਵਿਚ ਮਿਲਦਾ ਹੈ ਅਤੇ ਜਾਪਾਨੀਆਂ ਤੇ ਇਟਾਲੀਅਨਜ਼ ਵਿਚ ਵੀ।

**ਰਾਅ ਸਿੱਖਾਂ ਨਾਲ ਲੜਾਈ**
**ਕਿਸ਼ਤ** 29

ਓਸ ਵੇਲੇ ਸਤਲੁਜ ਦਰਿਆ ਦੇ ਪੁਲ ਦਾ ਪਰਲਾ ਹਿੱਸਾ ਪਾਕਿਸਤਾਨ ਦੇ ਕਬਜ਼ੇ ਵਿਚ ਸੀ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਦੀ ਸਮਾਧ ਵਾਲੀ ਇਤਿਹਾਸਿਕ ਥਾਂ ਅਤੇ ਨਾਲ ਲਗਦੀ ਹਜ਼ਾਰਾਂ ਏਕੜ ਜ਼ਮੀਨ ਪਾਕਿਸਤਾਨ ਦੇ ਥੱਲੇ ਸੀ। ਓਸ ਪਾਸੇ ਜਾਣਾ ਮੁਸ਼ਕਲ ਸੀ। ਪਾਕਿਸਤਾਨ ਜਾਣ ਲਈ ਇਹ ਇਹ ਹੁਸੈਨੀ ਵਾਲਾ ਬਾਰਡਰ ਨਹੀਂ ਖੁਲ੍ਹਾ ਸੀ। ਲੋਕ ਵਾਘਾ ਬਾਰਡਰ ਰਾਹੀਂ ਹੀ ਆਂਦੇ ਜਾਂਦੇ ਸਨ। 1959 ਲਾਗੇ ਨਵੇਂ ਸਮਝੌਤੇ ਅਨੁਸਾਰ ਸਤਲੁਜ ਦਰਿਆ ਤੋਂ ਥਲੇ ਭਾਰਤ ਦੀ ਪਾਰ ਪੈਂਦੀ ਜ਼ਮੀਨ ਪਾਕਿਸਤਾਨ ਨੂੰ ਦੇ ਕੇ ਪੁਲ ਸਮੇਤ ਹੁਣ ਵਾਲੀ ਹੁਸੈਨੀ ਵਾਲਾ ਹੱਦ ਤੀਕ ਭਗਤ ਸਿੰਘ ਦੀ ਸਮਾਧ ਵਾਲੀ ਥਾਂ ਅਤੇ ਚੜ੍ਹਦੇ ਵੱਲ ਦਾ ਹਜ਼ਾਰਾਂ ਏਕੜ ਦਾ ਰਕਬਾ ਭਾਰਤ ਨੂੰ ਮਿਲ ਗਿਆ ਸੀ। ਇਸ ਰਕਬੇ ਵਿਚ ਰਾਅ ਸਿੱਖਾਂ ਨੂੰ ਜੋ ਬਾਰਡਰ ਤੇ ਰਹਿਣ ਗਿਝੇ ਹੋਏ ਸਨ, ਪੰਜ ਪੰਜ ਏਕੜ ਜ਼ਮੀਨ ਅਲਾਟ ਹੋ ਗਈ ਸੀ। ਬੇਰੀਆਂ ਵਾਲੇ ਖੂਹ ਲਾਗੇ ਰਹਿੰਦਾ ਜੀਵਨ ਰਾਅ ਵੀ ਏਥੇ ਆ ਬੈਠਾ ਸੀ। 1971 ਤਕ ਜਦ ਤਕ ਮੈਂ ਫਿਰੋਜ਼ਪੁਰ ਰਿਹਾ, ਬਾਰਡਰ ਤੇ ਕੋਈ ਕੰਡਿਆਲੀ ਤਾਰ ਨਹੀਂ ਸੀ ਅਤੇ ਸਮਗਲਰ ਜਾਂ ਜਾਸੂਸ ਲੋਕ ਏਧਰ ਓਧਰ ਲੰਘ ਜਾਂਦੇ ਸਨ। ਕਈ ਬਾਰਡਰ ਲੰਘਦਿਆਂ ਏਧਰ ਪੀ ਏ ਪੀ ਤੇ ਦੂਜੇ ਪਾਸੇ ਸਤਲੁਜ ਰੇਂਜਰਜ ਦੇ ਕਾਨਿਆਂ ਵਿਚ ਲੁਕੇ ਸਿਪਾਹੀਆਂ ਦੀ ਗੋਲੀ ਦਾ ਸ਼ਿਕਾਰ ਹੋ ਜਾਂਦੇ ਸਨ ਜਾਂ ਪਕੜੇ ਜਾਂਦੇ ਸਨ। ਕਈ ਸਮਗਲਰ ਜੋ ਇਹਨਾਂ ਨਾਲ ਰਲੇ ਹੁੰਦੇ ਸਨ, ਨੂੰ ਰਾਤ ਬਰਾਤੇ ਬਾਰਡਰ ਦੇ ਰਾਖੇ ਆਪ ਮੌਕਾ ਤਾੜ ਕੇ ਏਧਰ ਓਧਰ ਲੰਘਾ

ਦੇਂਦੇ ਸਨ। ਆਈ. ਬੀ. ਜਾਂ ਹੋਰ ਸੁਰਖਿਆ ਏਜੰਸੀਆਂ ਵਾਲੇ ਵੀ ਆਪਣੇ ਜਾਸੂਸਾਂ ਨੂੰ ਰਾਤ ਬਰਾਤੇ ਇਹਨਾਂ ਥਾਵਾਂ ਤੋਂ ਬਾਰਡਰ ਪਾਰ ਕਰੌਂਦੇ ਸਨ। ਮਿਲਾਪ ਦੇ ਚਿਟੇ ਝੰਡੇ ਉਚੇ ਚੁਕ ਕੇ ਦੋਵਾਂ ਮੁਲਕਾਂ ਦੀ ਪੋਲੀਸ ਵਾਲੇ ਆਪਸ ਵਿਚ ਗੱਲਾਂ ਬਾਤਾਂ ਵੀ ਕਰ ਲੈਂਦੇ ਤੇ ਇਕ ਦੂਜੇ ਕੋਲੋਂ ਚੀਜ਼ਾਂ ਵੀ ਮੰਗਵਾ ਲੈਂਦੇ ਸਨ। ਸ਼ਹੀਦ ਭਗਤ ਸਿੰਘ ਦੇ ਸਸਕਾਰ ਵਾਲੀ ਥਾਂ ਮਿਲਣ ਤੋਂ ਬਾਅਦ ਪਾਕਿਸਤਾਨ ਆਣ ਜਾਣ ਲਈ ਇਹ ਬਾਰਡਰ ਖੁਲ੍ਹ ਗਿਆ ਸੀ ਪਰ 1971 ਦੀ ਜੰਗ ਤੋਂ ਬਾਅਦ ਸਦਾ ਲਈ ਬੰਦ ਹੋ ਗਿਆ। ਮੈਨੂੰ ਸਾਰੇ ਫਿਰੋਜ਼ਪੁਰ ਨਾਲ ਹੀ ਬਹੁਤ ਪਿਆਰ ਹੋ ਗਿਆ ਸੀ ਕਿਉਂਕਿ ਮੈਂ ਏਥੇ ਕਾਲਜ ਪੜ੍ਹ ਰਿਹਾ ਸਾਂ ਤੇ ਇਥੇ ਹੀ ਮੈਨੂੰ ਜਵਾਨੀ ਚੜ੍ਹੀ ਸੀ। ਫਿਰੋਜ਼ਪੁਰ ਮੇਰੇ ਜਵਾਨੀ ਦੇ ਸੁਪਨਿਆਂ ਦੀ ਧਰਤੀ ਸੀ ਜਿਸ ਨਾਲ ਹੁਣ ਤਕ ਮੇਰੀਆਂ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਹਨ। ਵੰਡ ਦੇ ਦੁਖਾਂਤ ਪਿਛੋਂ ਜਿਥੇ ਪਾਕਿਸਤਾਨ ਵਾਲਾ ਪਿੰਡ ਨਹੀਂ ਭੁਲਿਆ, ਓਥੇ ਮਹਿਤੇ ਤੋਂ ਬਾਅਦ ਫਿਰੋਜ਼ਪੁਰ ਸ਼ਹਿਰ, ਛਾਉਣੀ, ਕਾਵਾਂ ਵਾਲੇ ਪਤਨ ਤੋਂ ਅਬੋਹਰ-ਸੀਤੋ ਗੰਨੋ ਤਕ, ਹਰੀਕੇ ਪੱਤਨ ਤੋਂ ਲੰਬੀ ਤਕ, ਢੁਡੀਕੇ-ਚੂਹੜ ਚੱਕ ਤੋਂ ਹਿੰਦੂ ਮਲ ਕੋਟ ਦਾ ਸਾਰਾ ਇਲਾਕਾ ਮੇਰੀਆਂ ਯਾਦਾਂ ਵਿਚ ਸਮੋਇਆ ਹੋਇਆ ਹੈ। ਫਿਰੋਜ਼ਪੁਰ ਵਿਚ ਕਾਂਸ਼ੀ ਰਾਮ ਦਾ ਦੜਾ ਮਸ਼ਹੂਰ ਸੀ। ਦੜਾ ਜਾਂ ਘੜਾ ਲੌਣ ਦੇ ਸ਼ੌਕੀਨ ਮਹਿਰਿਆਂ ਵਾਲੀ ਬਸਤੀ ਵਿਚ ਤੁਰੀ ਫਿਰਦੀ ਇਕ ਪਾਗਲ ਔਰਤ ਜੋ ਆਪਣਾ ਗੰਦ ਮੰਦ ਆਪਣੇ ਸਰੀਰ ਤੇ ਮਲ ਲੈਂਦੀ ਸੀ, ਦੀਆਂ ਗਾਲਾਂ ਨੂੰ ਆਧਾਰ ਬਣਾ ਕੇ ਦੜੇ ਜਾਂ ਸੱਟੇ ਦੇ ਨੰਬਰ ਲਾਇਆ ਕਰਦੇ ਸਨ।

ਇਹਨਾਂ ਦਿਨਾਂ ਵਿਚ ਜਦੋਂ ਮੇਰੇ ਸੈਕੰਡ ਯੀਅਰ ਦੇ ਇਮਤਿਹਾਨ ਨੇੜੇ ਆ ਰਹੇ ਸਨ ਤਾਂ ਸੋਹਨ ਲਾਲ ਮੋਹਿਤ ਜੋ ਪਰਾਈਵੇਟ ਐਮ. ਏ. ਹਿੰਦੀ ਕਰ ਰਿਹਾ ਸੀ, ਨੇ ਮੈਨੂੰ ਕੋਰਸ ਦੇ ਦੋ ਨਾਵਲ ਮੁਨਸ਼ੀ ਪ੍ਰੇਮ ਚੰਦ ਦਾ "ਗਊਦਾਨ" ਅਤੇ ਵਿਰੰਦਾਵਨ ਲਾਲ ਵਰਮਾ ਦਾ "ਮ੍ਰਿਗਨੈਣੀ" ਪੜ੍ਹਨ ਲਈ ਦਿਤੇ। ਮੈਂਨੂੰ ਹਿੰਦੀ ਪੜ੍ਹਨੀ ਨਹੀਂ ਔਂਦੀ ਸੀ ਪਰ ਮੈਂ ਹਿੰਦੀ ਦਾ ਕਾਇਦਾ ਲਾਗੇ ਰਖ ਕੇ ਅਖਰਾਂ ਦੀ ਪਛਾਣ ਕਰ ਲਈ ਤੇ ਦੋਵੇਂ ਨਾਵਲ ਕੁਝ ਹਫਤਿਆਂ ਵਿਚ ਪੜ੍ਹ ਦਿਤੇ। ਜਿਥੇ ਮੈਂ ਹੌਲੀ ਹੌਲੀ ਹਿੰਦੀ ਪੜ੍ਹਨੀ ਸਿੱਖ ਲਈ, ਓਥੇ ਇਹਨਾਂ ਨਾਵਲਾਂ ਨੇ ਮੇਰੀ ਸੂਝ ਬੂਝੇ, ਲੋਕ ਜੀਵਨ ਅਧਿਅਨ ਵਿਚ ਬੜਾ ਵਾਧਾ ਕੀਤਾ ਕੀਤਾ। ਜੇ ਕੋਈ ਮੈਨੂੰ ਪੁਛੇ ਕਿ ਹਿੰਦੋਸਤਾਨ ਵਿਖਾਓ ਤਾਂ ਮੈਂ ਕਹਾਂਗਾ ਗਊਦਾਨ ਪੜ੍ਹ ਲਵੋ। ਜੇ ਕੋਈ ਕਹੇ ਰਾਜਪੂਤ ਅਤੇ ਮੁਸਲਿਮ ਪੀਰੀਅਡ ਦਾ ਰਾਜਸਥਾਨ ਦਿਖਾਓ ਤਾਂ ਮੈਂ ਕਹਾਂਗਾ "ਮ੍ਰਿਗਨੈਣੀ" ਪੜ੍ਹ ਲਵੋ। ਬਹੁਤ ਪਿਛੋਂ ਜਦੋਂ ਮੈਂ ਅਨਾਰਕਲੀ ਲਾਹੌਰ ਤੋਂ ਕਰਤੁਲਐਨ ਹੈਦਰ ਦਾ ਉਰਦੂ ਵਿਚ ਲਿਖਿਆ ਵਡ ਆਕਾਰੀ ਨਾਵਲ "ਆਗ ਕਾ ਦਰਿਆ" ਲਿਆ ਕੇ ਪੜ੍ਹਿਆ ਤਾਂ ਮੈਂ ਕਹਾਂਗਾ ਕਿ ਜੇ ਤੁਸੀਂ ਹਿੰਦੋਸਤਾਨ ਦਾ ਢਾਈ ਹਜ਼ਾਰ ਸਾਲਾਂ ਵਿਚ ਗੋਤਮ ਬੁਧ ਤੋਂ ਲੈ ਕੇ 1955 ਤਕ ਦਾ ਇਤਿਹਾਸ, ਸਭਿਆਚਾਰ, ਧਰਮ ਅਤੇ ਜੀਵਨ ਵੇਖਣਾ ਹੈ ਤਾਂ "ਆਗ ਕਾ ਦਰਿਆ" ਪੜ੍ਹ ਲਵੋ। ਪਿਛੋਂ ਇਹ ਨਾਵਲ ਪੰਜਾਬੀ ਵਿਚ ਹੀ ਨਹੀਂ, ਸਗੋਂ ਭਾਰਤ ਦੀਆਂ ਕਈ ਜ਼ਬਾਨਾਂ ਵਿਚ ਨੈਸ਼ਨਲ ਬੁਕ ਟਰਸਟ ਆਫ ਇੰਡੀਆ ਨੇ ਅਨੁਵਾਦ ਕਰਵਾ ਕੇ ਛਾਪ ਦਿਤਾ ਸੀ। ਇਸਦੀ ਮਹਾਨ ਲੇਖਿਕਾ ਮੁਹਤਰਮਾ ਕਰਤੁਲਐਨ ਹੈਦਰ ਜਿਸਨੂੰ ਨਵੰਬਰ 1962 ਵਿਚ ਮੈਂ 13 ਅਨਾਰਕਲੀ ਲਾਹੌਰ ਵਿਚ ਰਹਿੰਦੇ ਉਰਦੂ ਲੇਖਕ ਅਕਰਾਮ ਲੁਧਿਆਣਵੀ ਨਾਲ ਮਿਲਿਆ ਸਾਂ, ਨੂੰ ਇਹ ਨਾਵਲ ਲਿਖਣ ਤੇ ਪਾਕਿਸਤਾਨ ਵਿਚੋਂ ਡੀਪੋਰਟ ਕਰ ਦਿਤਾ ਸੀ। ਉਸ ਦੀ ਪੇਸ਼ੀਨਗੋਈ ਸੀ ਕਿ ਪਾਕਿਸਤਾਨ ਵਿਚੋਂ ਬੰਗਲਾਦੇਸ਼ ਅਡ ਹੋ ਜਾਏਗਾ।

ਜਿਵੇਂ ਮੈਂ ਲਿਖਿਆ ਹੈ ਕਿ ਨਵੰਬਰ 1953 ਵਿਚ ਮੈਂ ਸਤਾਰਾਂ ਸਾਲਾਂ ਦਾ ਜਵਾਨ ਹੋ ਗਿਆ ਸਾਂ। ਇਮਤਿਹਾਨ ਅਪ੍ਰੈਲ ਵਿਚ ਹੋਣੇ ਸਨ। ਮੈਨੂੰ ਕੋਰਸ ਦੀਆਂ ਕਿਤਾਬਾਂ ਪੜ੍ਹਨ ਵਿਚ ਕੋਈ ਦਿਲਚਸਪੀ ਨਹੀਂ ਸੀ। ਆਵਾਰਾ ਫਿਰਨ ਨੂੰ ਜ਼ਿਆਦਾ ਜੀ ਕਰਦਾ ਸੀ। ਮੁੰਡਿਆਂ ਨਾਲ ਰਲ ਕੇ ਅਵਾਰਾਗਰਦੀ ਕਰਨੀ, ਗਲੀਆਂ ਬਾਜ਼ਾਰਾਂ ਦੇ ਚੱਕਰ ਕਢਣੇ ਅਤੇ ਖ਼ੂਬਸੂਰਤ ਕੁੜੀਆਂ ਨੂੰ ਹੁਸਨ ਦੀਆਂ ਆਨਰੇਰੀ ਡਿਗਰੀਆਂ ਦੇਣ ਤੋਂ ਇਲਾਵਾ ਵਧ ਤੋਂ ਵਧ ਪਿਕਚਰਾਂ ਵੇਖਣੀਆਂ ਸਨ। ਬਲਰਾਜ ਸਾਹਨੀ ਦੀ ਫਿਲਮ "ਹਮ ਲੋਗ" ਮੈਂ ਕਈ ਵਾਰ ਵੇਖੀ ਤੇ ਮੇਰੇ ਤੇ ਇਸਦਾ ਬਹੁਤ ਅਸਰ ਪਿਆ। ਦਲੀਪ ਕੁਮਾਰ ਦੀ ਮੈਂ ਕੋਈ ਪਿਕਚਰ ਨਹੀਂ ਛਡਦਾ ਸਾਂ ਤੇ ਉਹਦੀ ਗਮਗੀਨ ਅਦਾਕਾਰੀ ਤੇ ਡਾਇਲਾਗ ਬੋਲਣ ਦਾ ਅੰਦਾਜ਼ ਮੈਨੂੰ ਬਹੁਤ ਪਸੰਦ ਸੀ। ਉਹਦੀ ਡੂੰਘਿਆਈ ਨਾਲ ਕੀਤੀ ਪੇਸ਼ਕਾਰੀ ਵੇਖ ਮੈਨੂੰ ਇੰਜ ਲਗਦਾ ਕਿ ਮੇਰੇ ਧੁਰ ਅੰਦਰ ਜੋ ਗਮ ਪਲ ਰਿਹਾ ਸੀ, ਆਪਣੀ ਐਕਟਿੰਗ ਤੇ ਬੋਲਣ ਢੰਗ ਨਾਲ ਉਹ ਓਸ ਗਮ ਦੀ ਤਰਜਮਾਨੀ ਕਰਦਾ ਸੀ। ਮੈਂ ਕੋਸ਼ਿਸ਼ ਕਰਦਾ ਕਿ ਉਹਦੇ ਵਾਂਗ ਬੋਲਾਂ ਤੇ ਆਪਣਾ ਚਿਹਰਾ ਵੀ ਓਹਦੇ ਵਰਗਾ ਗਮਜ਼ਦਾ ਬਣਾ ਲਵਾਂ। ਇਹਨਾਂ ਦਿਨਾਂ ਵਿਚ ਕਈ ਕੁਝ ਨਵਾਂ ਵਾਪਰਿਆ, ਇਕ ਤਾਂ ਭਾਈਆ ਇਕ ਦਿਨ ਲਭਦਾ ਲਭਾਉਂਦਾ ਕਾਲਜ ਆ ਗਿਆ ਤੇ ਕਹਿਣ ਲੱਗਾ ਕਿ ਤੇਰੀ ਛੋਟੇ ਹੁੰਦਿਆਂ ਦੀ ਮੰਗੇਤਰ ਸਵਰਨੀ ਦੇ ਮਾਪੇ ਵਿਆਹ ਦੀ ਤਾਰੀਖ ਪਕੀ ਕਰਨਾ ਚਹੁੰਦੇ ਹਨ। ਉਹਨਾਂ ਦੀ ਕੁੜੀ ਜਵਾਨ ਆ ਤੇ ਉਹ ਆਪਣੇ ਸਿਰੋਂ ਉਹਦਾ ਭਾਰ ਲਹੁਣਾ ਚਹੁੰਦੇ ਹਨ। ਮੈਂ ਖੂਹ ਤੇ ਗਿਆ ਸਾਂ ਤੇ ਬਾਪੂ ਕਹਿੰਦਾ ਸੀ ਜਾ ਕੇ ਬਲਬੀਰ ਨਾਲ ਸਲਾਹ ਕਰ ਲਵਾਂ। ਮੈਂ ਭਾਈਏ ਨੂੰ ਬਹੁਤ ਸਾਫ ਕਹਿ ਦਿਤਾ ਕਿ ਭਾਈਆ ਮੈਂ ਹੁਣ ਓਸ ਕੁੜੀ ਨਾਲ ਵਿਆਹ ਨਹੀਂ ਕਰਾਵਾਂਗਾ। ਭਾਈਆਂ ਕਹਿਣ ਲੱਗਾ ਕਿ ਉਹ ਕਹਿੰਦੀ ਆ ਕਿ ਜੇ ਮੈਂ ਵਿਆਹ ਕਰਾਉਣਾ ਹੈ ਤਾਂ ਓਸੇ ਨਾਲ ਈ ਕਰਾਉਣਾ ਏ ਜੀਹਦੀ ਮੈਂ ਮੰਗ ਆਂ, ਨਹੀਂ ਤਾਂ ਸਾਰੀ ਕਵਾਰੀ ਬੈਠੀ ਰਹਾਂਗੀ ਤੇ ਵਿਆਹ ਨਹੀਂ ਕਰਾਵਾਂਗੀ। ਮੈਂ ਫਿਰ ਭਾਈਏ ਨੂੰ ਕਿਹਾ ਕਿ ਉਹ ਭਾਵੇਂ ਸਾਰੀ ਉਮਰ ਕਵਾਰੀ ਬੈਠੀ ਰਹੇ, ਚਾਹੇ ਕਿਤੇ ਹੋਰ ਉਹਦਾ ਵਿਆਹ ਹੋ ਜਾਵੇ, ਮੇਰੇ ਵੱਲੋਂ ਸੋਲਾਂ ਆਨੇ ਪਕੀ ਨਾਂਹ ਆ। ਜੇ ਮੈਂ ਵਿਆਹ ਕਰਵਾਇਆ ਤਾਂ ਸ਼ਹਿਰ ਦੀ ਕਿਸੇ ਖ਼ੂਬਸੂਰਤ ਤੇ ਪੜ੍ਹੀ ਲਿਖੀ ਕੁੜੀ ਨਾਲ ਵਿਆਹ ਕਰਾਵਾਂਗਾ ਜੋ ਨੌਕਰੀ ਵੀ ਕਰਦੀ ਹੋਵੇ। ਭਾਈਆ ਨਿਰਾਸ ਹੋ ਕੇ ਚਲਾ

ਗਿਆ। ਇਕ ਦਿਨ ਬਸਤੀ ਟੈਂਕਾਂ ਵਾਲੀ ਵਿਚ ਰਹਿੰਦਾ ਇਕ ਪਤਲਾ ਜਿਹਾ ਪੈਂਤੀ ਕੁ ਸਾਲ ਦਾ ਅਪ ਟੂ ਡੇਟ ਸਰਦਾਰ ਜੋ ਫਿਰੋਜ਼ਪੁਰ ਰੇਲ ਦੇ ਡਵੀਜ਼ਨਲ ਦਫਤਰ ਵਿਚ ਕਲਰਕ ਲੱਗਾ ਹੋਇਆ ਸੀ, ਮਿਲਣ ਆ ਗਿਆ। ਕਾਲਜ ਕਨਟੀਨ ਵਿਚ ਚਾਹ ਪੀਂਦਿਆਂ ਕਹਿਣ ਲੱਗਾ ਕਿ ਮੈਨੂੰ ਤੁਹਾਡਾ ਨਾਂ ਪਤਾ ਬਸਤੀ ਕੰਬੋਆਂ ਵਿਚ ਰਹਿੰਦੇ ਬਾਬੂ ਰਾਮ ਨਾਥ ਕੰਬੋਜ ਨੇ ਦਿਤਾ ਹੈ ਜੋ ਮੇਰੇ ਨਾਲ ਦਫਤਰ ਵਿਚ ਕੰਮ ਕਰਦਾ ਹੈ। ਦਰਅਸਲ ਅਸੀਂ ਵੀ ਕੰਬੋ ਆਂ। ਸਾਡਾ ਪਿੱਛਾ ਤਾਂ ਸਹਾਰਨਪੁਰ ਦਾ ਹੈ ਪਰ ਫਿਰੋਜ਼ਪੁਰ ਨੌਕਰੀ ਹੋਣ ਕਰ ਕੇ ਟੈਂਕਾਂ ਵਾਲੀ ਬਸਤੀ ਆਪਣਾ ਮਕਾਨ ਬਣਾਇਆ ਹੋਇਆ ਹੈ। ਮੇਰੇ ਪਿਤਾ ਜੀ ਵੀ ਰੇਲਵੇ ਵਿਚੋਂ ਰੀਟਾਇਰ ਹੋਏ ਹੋਏ ਹਨ। ਮੇਰੇ ਸਹੁਰੇ ਪਟਿਆਲੇ ਦੇ ਹਨ ਜਿਨ੍ਹਾਂ ਦੀ ਨਿਊ ਪਟਿਆਲੇ ਵਿਚ ਕੋਠੀ ਹੈ। ਮੇਰਾ ਇਕ ਸਾਲਾ ਪੈਪਸੂ ਸੈਕਟਰੀਏਟ ਵਿਚ ਲੱਗਾ ਹੋਇਆ ਹੈ। ਇਕ ਲਪੂਰਥਲੇ ਨਾਇਬ ਤਹਿਸੀਲਦਾਰ ਹੈ। ਇਕ ਦੀ ਘੜੀਆਂ ਦੀ ਦੁਕਾਨ ਹੈ। ਮੇਰੇ ਸਹੁਰਾ ਸਾਹਬ ਰੀਟਾਇਰਡ ਸੂਬੇਦਾਰ ਹਨ। ਮੇਰੀ ਇਕ ਸਾਲੀ ਹੈ ਜੋ ਰਾਜਿੰਦਰਾ ਹਸਪਤਾਲ ਵਿਚ ਨਰਸ ਲੱਗੀ ਹੋਈ ਹੈ। ਦਸਵੀਂ ਵਿਚ ਉਹ ਸਾਰੇ ਪੈਪਸੂ ਵਿਚੋਂ ਫਸਟ ਆਈ ਸੀ। ਇਕ ਤਾਂ ਤੁਸੀਂ ਕਿਸੇ ਦਿਨ ਬਸਤੀ ਟੈਂਕਾਂ ਵਾਲੀ ਸਾਡੇ ਘਰ ਆਓ ਤੇ ਦੂਜਾ ਕਿਸੇ ਦਿਨ ਪਟਿਆਲੇ ਜਾ ਕੇ ਮੇਰੀ ਸਾਲੀ ਨੂੰ ਵੇਖਣ ਦਾ ਪਰੋਗਰਾਮ ਬਣਾਓ। ਉਹਨੇ ਟੈਂਕਾਂ ਵਾਲੀ ਬਸਤੀ ਵਿਚ ਆਪਣੀ ਗਲੀ ਅਤੇ ਮਕਾਨ ਨੰਬਰ ਲਿਖ ਕੇ ਦੇ ਦਿਤਾ। ਮੈਂ ਕੁਝ ਦਿਨਾਂ ਬਾਅਦ ਗਿਆ ਤਾਂ ਉਹਨਾਂ ਨੇ ਮੇਰੀ ਬਹੁਤ ਆਓ ਭਗਤ ਕੀਤੀ। ਜੋਗਿੰਦਰ ਸਿੰਘ ਦੀ ਘਰ ਵਾਲੀ ਜੋ ਉਹਨਾਂ ਸਮਿਆਂ ਦੀ ਐਫ. ਏ.ਪਾਸ ਸੀ ਤੇ ਉਹਨੀਂ ਦਿਨੀਂ ਗਰਭਵਤੀ ਸੀ। ਮੇਰੇ ਨਾਲ ਬਹੁਤ ਘੁਲ ਮਿਲ ਗਈ ਜਿਵੇਂ ਇਹ ਰਿਸ਼ਤਾ ਪੱਕਾ ਈ ਹੋ ਗਿਆ ਸੀ। ਉਹ ਮੈਨੂੰ ਆਪਣੇ ਨਾਲ ਪਟਿਆਲੇ ਲਿਜਾਣ ਬਾਰੇ ਦਿਨ ਤਹਿ ਕਰਨ ਲੱਗੀ। ਮੈਂ ਕਿਹਾ ਕਿ ਇਕ ਤਾਂ ਮੈਂ ਅਜੇ ਆਪਣੇ ਮਾਪਿਆਂ ਨਾਲ ਗੱਲ ਨਹੀਂ ਕੀਤੀ, ਦੂਜਾ ਇਮਤਿਹਾਨ ਦੇਣ ਪਿਛੋਂ ਹੀ ਪਟਿਆਲੇ ਜਾਇਆ ਜਾ ਸਕਦਾ ਹੈ। ਉਹ ਮੈਨੂੰ ਔਂਦੇ ਜਾਂਦੇ ਰਹਿਣ ਲਈ ਕਹਿੰਦੇ ਰਹੇ ਤੇ ਵਾਪਸੀ ਤੇ ਸ. ਜੋਗਿੰਦਰ ਸਿੰਘ ਮੈਨੂੰ ਰੇਲ ਦੇ ਫਾਟਕਾਂ ਤੋਂ ਅਗੇ ਦੂਰ ਤਕ ਛਡਣ ਆਇਆ।

ਹੁਣ ਉਹ ਪਟਿਆਲੇ ਵਾਲੀ ਨਰਸ ਕੁੜੀ ਮੇਰੇ ਦਿਮਾਗ ਅਗੇ ਫਿਰਨ ਲਗੀ। ਮੈਂ ਖਿਆਲਾਂ ਈ ਖਿਆਲਾਂ ਵਿਚ ਉਹਦਾ ਚਿਹਰਾ ਕਿਆਸਣ ਲੱਗਾ। ਸ਼ੇਖ ਚਿਲੀ ਵਾਂਗ ਮੈਨੂੰ ਲਗਦਾ ਕਿ ਜੇ ਮੇਰਾ ਉਹਦੇ ਨਾਲ ਵਿਆਹ ਹੋ ਜਾਵੇ ਤਾਂ ਉਹ ਨੌਕਰੀ ਕਰੇਗੀ ਤੇ ਮੈਂ ਉਚ ਵਿਦਿਆ ਪ੍ਰਾਪਤ ਕਰਾਂਗਾ। ਘਰ ਦੇ ਜੋ ਪੈਸੇ ਦੇਣ ਵੇਲੇ ਚੀਕਦੇ ਰਹਿੰਦੇ ਹਨ, ਕੋਲੋਂ ਪੈਸੇ ਨਹੀਂ ਮੰਗਣੇ ਪੈਣਗੇ। ਬੀ. ਏ. ਕਰਨ ਲਈ ਵੀ ਮੈਂ ਪਟਿਆਲੇ ਦਾਖਲ ਹੋ ਜਾਵਾਂਗਾ। ਨਾਲੇ ਐਨੀ ਪੜ੍ਹੀ ਲਿਖੀ ਚੰਗੇ ਘਰ ਦੀ ਨੌਕਰੀ ਕਰਦੀ ਕੁੜੀ ਬੇਰੀਆਂ ਵਾਲੇ ਖੂਹ ਤੇ ਕੱਚੇ ਕੋਠੇ, ਛੰਨਾਂ ਤੇ ਝੁਗੀਆਂ ਵਿਚ ਥੋੜ੍ਹਾ ਰਹੇਗੀ। ਪਿੰਡ ਜਾ ਕੇ ਮੈਂ ਜਦ ਆਪਣੇ ਬਾਪੂ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਹ ਸੁਣ ਕੇ ਬਹੁਤ ਖੁਸ਼ ਹੋਇਆ। ਮਾਂ ਨੇ ਗਊ ਦੇ ਦੁਧ ਦਾ ਦੋ ਸੇਰ ਘਿਓ ਜੋੜ ਕੇ ਜੋਗਿੰਦਰ ਸਿੰਘ ਦੀ ਗਰਭਵਤੀ ਪਤਨੀ ਲਈ ਭੇਜ ਦਿਤਾ ਜਿਸ ਨੇ ਮੇਰੀ ਵਡੀ ਸਾਲੀ ਬਣਨਾ ਸੀ। ਪਿੰਡੋਂ ਹੋਰ ਵੀ ਤਾਜ਼ਾ ਸਬਜ਼ੀਆਂ ਆਦਿ ਵੀ ਮੈਂ ਕਦੀ ਕਦੀ ਬਸਤੀ ਟੈਂਕਾਂ ਵਾਲੀ ਦੇ ਆਉਂਦਾ। ਓਧਰ ਐਫ. ਏ. ਦੇ ਇਮਤਿਹਾਨ ਨੇੜੇ ਆ ਰਹੇ ਸਨ। ਪ੍ਰੋ: ਭਾਟੀਆ ਕਹਿਣ ਲਗਾ ਕਿ ਮੈਂ ਜੂਨ ਵਿਚ ਹੋ ਰਿਹਾ ਗਿਆਨੀ ਦਾ ਇਮਤਿਹਾਨ ਵੀ ਦੇ ਦੇਵਾਂ ਤੇ ਮੈਂ ਗਿਆਨੀ ਦੀ ਗਾਈਡ ਵੀ ਖਰੀਦ ਲਈ। ਗਿਆਨੀ ਵਿਚ ਲੱਗੀਆਂ ਬਹੁਤੀਆਂ ਕਿਤਾਬਾਂ ਤਾਂ ਮੈਂ ਪਹਿਲਾਂ ਈ ਪੜ੍ਹੀਆਂ ਹੋਈਆਂ ਸਨ। ਸਿਰਫ ਡਾ: ਮੋਹਨ ਸਿੰਘ ਦੀਵਾਨਾ ਦੀ ਰੁਬਾਈਆਂ ਦੀ ਕਿਤਾਬ "ਮਸਤੀ" ਨਹੀਂ ਪੜ੍ਹੀ ਸੀ। ਉਹ ਵੀ ਖਰੀਦ ਕੇ ਪੜ੍ਹ ਲਈ। ਇਕ ਮੁਸੀਬਤ ਇਹ ਸੀ ਕਿ ਓਸੇ ਸਾਲ ਜੂਨ 1953 ਤੋਂ ਗਿਆਨੀ ਵਿਚ ਇਕ ਫਾਰਸੀ ਦਾ 50 ਨੰਬਰ ਦਾ ਸੱਤਵਾਂ ਪਰਚਾ ਸ਼ੁਰੂ ਹੋ ਗਿਆ ਸੀ। ਓਸ ਵਿਚੋਂ ਪਾਸ ਹੋਣਾ ਤਾਂ ਲਾਜ਼ਮੀ ਨਹੀਂ ਸੀ ਪਰ ਓਸ ਪਰਚੇ ਵਿਚੋਂ ਪਾਸ ਨਾ ਹੋਣ ਤੇ ਨੰਬਰ ਨਾ ਲੱਗਣ ਨਾਲ ਡਵੀਜ਼ਨ ਵਿਚ ਫਰਕ ਪੈਂਦਾ ਸੀ। ਪਹਿਲਾਂ ਡਵੀਜ਼ਨ 600 ਨੰਬਰਾਂ ਵਿਚੋਂ ਬਣਦੀ ਸੀ ਤੇ ਸੱਤਵਾਂ ਪਰਚਾ ਸ਼ੁਰੂ ਹੋਣ ਨਾਲ ਡਵੀਜ਼ਨ 650 ਨੰਬਰਾਂ ਵਿਚੋਂ ਲੈਣੀ ਪੈਂਦੀ ਸੀ।

ਮਾਰਚ ਵਿਚ ਇਮਤਿਹਾਨਾਂ ਦੀ ਤਿਆਰੀ ਲਈ ਕਾਲਜ ਵਿਚ ਛੁਟੀਆਂ ਹੋ ਗਈਆਂ। ਮੈਂ ਪੜ੍ਹਾਈ ਕਰਨ ਲਈ ਭਰਾ ਕੋਲ ਫਾਜ਼ਿਲਕਾ ਚਲਾ ਗਿਆ। ਫਾਜ਼ਿਲਕਾ ਸ਼ਹਿਰ ਵਿਚ ਪਿੰਡ ਕੁੰਡਲਾਂ ਦੇ ਦੋ ਮੁੰਡੇ ਅਜਮੇਰ ਸਿੰਘ ਬਰਾੜ ਤੇ ਜਗਜੀਤ ਸਿੰਘ ਬਰਾੜ ਇਕ ਬੈਠਕ ਕਿਰਾਏ ਤੇ ਲੈ ਕੇ ਇਮਤਿਹਾਨਾਂ ਦੀ ਤਿਆਰੀ ਕਰ ਰਹੇ ਸਨ। ਅਜਮੇਰ ਨੇ ਤਾਂ ਮੇਰੇ ਵਾਂਗ ਐਫ. ਏ. ਦਾ ਇਮਤਿਹਾਨ ਦੇਣਾ ਸੀ ਤੇ ਜਗਜੀਤ ਨੇ ਬੀ. ਏ. ਦਾ। ਇਹਨਾਂ ਸਿਹਤ ਬਨਾਉਣ ਲਈ ਮੁਗਧਰ ਵੀ ਰਖੇ ਹੋਏ ਸਨ ਅਤੇ ਡੰਡ ਬੈਠਕਾਂ ਵੀ ਬੜੀਆਂ ਕਢਦੇ ਸਨ। ਅਜਮੇਰ ਨਾਲ ਮੇਰੀ ਲਿਹਾਜ ਬਣ ਗਈ। ਕਦੀ ਕਦੀ ਉਹ ਮੇਰੇ ਨਾਲ ਭਰਾ ਦੇ ਘਰ ਵੀ ਆ ਜਾਂਦਾ। ਓਸ ਨਾਲ ਮੈਂ ਸਾਰਾ ਫਾਜ਼ਿਲਕਾ ਸ਼ਹਿਰ ਤੁਰ ਫਿਰ ਕੇ ਵੇਖ ਲਿਆ ਤੇ ਇਕ ਦਿਨ ਬਾਰਡਰ ਤਕ ਵੀ ਜਾ ਆਏ ਜਿਥੇ ਭਾਰਤ ਅਤੇ ਪਾਕਿਸਤਾਨ ਨੂੰ ਸਤਲੁਜ ਦਰਿਆ ਅਡ ਕਰਦਾ ਸੀ। ਸ਼ਾਇਦ ਇਸਦਾ ਨਾਂ ਸੁਲੇਮਾਨ ਕੀ ਹੈੱਡ ਸੀ। ਫਾਜ਼ਿਲਕਾ ਕਪਾਹ ਅਤੇ ਭੇਡਾਂ ਦੀ ਉਨ ਦੀ ਬਹੁਤ ਵਡੀ ਮੰਡੀ ਸੀ ਅਤੇ ਮਾਰਚ 1953 ਦੇ ਦਿਨਾਂ ਵਿਚ ਏਸ ਇਲਾਕੇ ਦੇ ਵਡੀਆਂ ਜ਼ਮੀਨਾਂ ਵਾਲੇ ਸਰਦਾਰਾਂ ਤੇ ਬਾਗੜੀ ਚੌਧਰੀਆਂ ਨੇ ਫਰਗੂਸਨ ਟਰੈਕਟਰ ਲੈਣੇ ਸ਼ੁਰੂ ਕਰ ਦਿਤੇ ਸਨ। ਕਿਸੇ ਕਿਸੇ ਕੋਲ ਜ਼ੀਟਰ ਵੀ ਸੀ। ਭਰਾ ਨੇ ਏਥੇ ਗੌਰਮਿੰਟ ਹਾਈ ਸਕੂਲ ਦੇ ਸਾਇੰਸ ਮਾਸਟਰ ਹਰਚਰਨ ਸਿੰਘ ਨਾਲ ਮੇਰੀ ਮੁਲਾਕਾਤ ਕਰਾਈ ਜੋ ਹੋਸਟਲ ਦਾ ਸੁਪਰਡੰਟ ਵੀ ਸੀ। ਉਹ ਸੂਬੇਦਾਰ ਧਰਮ ਸਿੰਘ ਦਾ ਲੜਕਾ ਸੀ ਤੇ ਉਹ ਪਿਛੋਂ ਲਾਇਲਪੁਰ ਚੋਂ ਆਏ ਸਨ। ਉਹਨਾਂ ਨੂੰ ਕਰਮ ਪਟੀ ਪਿੰਡ ਵਿਚ ਜ਼ਮੀਨ ਅਲਾਟ ਹੋਈ ਸੀ ਜੋ ਫਾਜ਼ਿਲਕਾ ਮਲੋਟ ਸੜਕ ਤੇ ਜਾ ਕੇ ਸੜਕੋਂ ਹਟਵਾ ਪੈਂਦਾ ਸੀ। ਮਾਸਟਰ ਹਰਚਰਨ ਸਿੰਘ ਦੀ ਘਰਵਾਲੀ ਜੋ ਪਿਛੋਂ ਪਿੰਡ ਇੱਬਨ ਜ਼ਿਲਾ ਅਮ੍ਰਿਤਸਰ ਦੀ ਸੀ, ਦੇ ਭਰਾ

ਪ੍ਰੀਤਮ ਸਿੰਘ ਤੇ ਉਸ ਤੋਂ ਛੋਟਿਆਂ ਨੇ ਫਾਜ਼ਿਲਕਾ ਵਿਚ ਟਰੈਕਟਰਾਂ ਦੀ ਰੀਪੇਅਰ ਕਰਨ ਦਦ ਕੰਮ ਕਰਦੇ ਸਨ। ਪਿਛੋਂ ਇਹਨਾਂ ਨੇ ਅਬੋਹਰ ਜਾ ਕੇ ਗਊਸ਼ਾਲਾ ਰੋਡ ਤੇ ਆਪਣੀ ਵਰਕਸ਼ਾਪ ਖੋਲ੍ਹ ਲਈ ਸੀ। ਜਿਥੇ ਇਹ ਸਾਰੇ ਬੜੇ ਮਿਲਾਪੜੇ ਸਨ ਓਥੇ ਸਖਤ ਮਿਹਨਤੀ ਹੋਣ ਕਰ ਕੇ ਇਹਨਾਂ ਨੇ ਤਰੱਕੀ ਵੀ ਬੜੀ ਕੀਤੀ ਸੀ।। ਏਥੇ ਹੀ ਭਰਾ ਦੇ ਘਰ ਮੇਰੀ ਚੌਧਰੀ ਵਧਾਵਾ ਰਾਮ ਐਮ. ਐਲ. ਏ. ਨਾਲ ਮੁਲਾਕਾਤ ਹੋਈ ਜੋ ਪਹਿਲਾ ਕੰਬੋ ਐਮ. ਐਲ. ਏ. ਬਣਿਆ ਸੀ ਤੇ ਓਸ ਨੇ ਕਾਮਰੇਡ ਹੋਣ ਕਰ ਕੇ ਵਿਆਹ ਵੀ ਨਹੀਂ ਕਰਵਾਇਆ ਸੀ। ਉਹ ਜੇਲ੍ਹ ਵਿਚ ਹੀ ਸੀ ਕਿ ਐਮ. ਐਲ. ਏ. ਚੁਣਿਆ ਗਿਆ ਸੀ। ਪਰਤਾਪ ਸਿੰਘ ਕੈਰੋਂ ਉਹਦੇ ਨਾਲ ਬੜਾ ਔਖਾ ਸੀ ਤੇ ਪਾਰਟੀ ਛਡ ਕੇ ਕਾਂਗਰਸ ਰਲਣ ਲਈ ਜ਼ੋਰ ਪਾ ਰਿਹਾ ਸੀ। ਇਕ ਵਾਰ ਜਦ ਉਹ ਚੰਡੀਗੜ੍ਹ ਲੜ ਪਏ ਸਨ ਤਾਂ ਕੈਰੋਂ ਨੇ ਉਹਨੂੰ ਪੁਲਸ ਕੋਲੋਂ ਗ੍ਰਿਫਤਾਰ ਕਰਨ ਦਾ ਇਸ਼ਾਰਾ ਕਰ ਦਿਤਾ ਸੀ ਪਰ ਕਾਮਰੇਡ ਵਧਾਵਾ ਰਾਮ ਐਸੀ ਚਾਲਾਕੀ ਨਾਲ ਭਜ ਗਿਆ ਤੇ ਪੁਲਸ ਦੇ ਕਾਬੂ ਨਹੀਂ ਆਇਆ ਸੀ। ਇਕ ਦਿਨ ਮੈਂ ਤੇ ਅਜਮੇਰ ਸਿੰਘ ਬਰਾੜ ਜਦੋਂ ਭਰਾ ਦੌਰੇ ਤੇ ਗਿਆ ਹੋਇਆ ਸੀ, ਭਰਜਾਈ ਤੋਂ ਬਾਰਾਂ ਬੋਰ ਦੀ ਦੋਨਾਲੀ ਬੰਦੂਕ ਲੈ ਕੇ ਫਾਜ਼ਿਕਾ ਤੋਂ ਬਾਹਰਵਾਰ ਪੈਂਦੇ ਦਰਿਆ ਦੇ ਇਕ ਛੋਟੇ ਜਹੇ ਪਾੜ ਤੇ ਮੁਰਗਾਬੀਆਂ ਮਾਰਨ ਚਲੇ ਗਏ ਪਰ ਸਾਡੇ ਹਥ ਕੁਝ ਵੀ ਨਾ ਲੱਗਾ। ਭਰਾ ਪਕਾ ਰਾਧਾ ਸਵਾਮੀ ਸੀ ਪਰ ਭਰਜਾਈ ਨਹੀਂ ਸੀ। ਜੇ ਸਾਡੇ ਹਥ ਕੋਈ ਸ਼ਿਕਾਰ ਲਗ ਜਾਂਦਾ ਤਾਂ ਭਰਾ ਦੀ ਗੈਰ ਹਾਜ਼ਰੀ ਵਿਚ ਭਰਜਾਈ ਨੇ ਸਾਨੂੰ ਬਣਾ ਕੇ ਖਵਾਉਣਾ ਸੀ। ਖੈਰ ਉਸ ਦਿਨ ਅਸੀਂ ਆਂਡਿਆਂ ਦੀ ਭੁਰਜੀ ਨਾਲ ਰੋਟੀਆਂ ਖਾਧੀਆਂ। ਅਜਮੇਰ ਬਰਾੜ ਜੋ ਬਾਅਦ ਵਿਚ ਇੰਗਲੈਂਡ ਚਲਾ ਗਿਆ ਸੀ ਤੇ ਓਥੇ ਚੰਗੀ ਕਮਾਈ ਕਰ ਕੇ ਆਪਣੇ ਪਿੰਡ ਅਤੇ ਗੰਗਾਨਗਰ ਵੱਲ ਵਿਚ ਜ਼ਮੀਨਾਂ ਜਾਇਦਾਦਾਂ ਬਣਾ ਕੇ ਘਰ ਦਾ ਨਕਸ਼ਾ ਹੀ ਪਲਟ ਦਿਤਾ, ਨੇ ਚੰਡੀਗੜ੍ਹ, ਮੁਕਤਸਰ ਅਤੇ ਬਠਿੰਡੇ ਵਿਚ ਬੜੇ ਕਾਮਯਾਬ ਕਨਵੈਂਟ ਪਬਲਕ ਸਕੂਲ ਚਲਾਏ ਤੇ ਸਾਰੀ ਉਮਰ ਆਪਣੀ ਪਿਆਰੀ ਦੋਸਤੀ ਦਾ ਸਾਥ ਦਿਤਾ। 2008 ਵਿਚ ਲੰਮਾ ਸਮਾਂ ਬੀਮਾਰ ਰਹਿ ਕੇ ਲੁਧਿਆਣੇ ਦੇ ਇਕ ਹਸਪਤਾਲ ਵਿਚ ਉਹਦੀ ਮੌਤ ਹੋ ਗਈ ਤੇ ਬਠਿੰਡੇ ਵਿਚ ਉਹ ਕਰੋੜਾਂ ਦੀ ਪਰਾਪਰਟੀ ਛਡ ਗਿਆ। ਜਦ ਵੀ ਕੈਨੇਡਾ ਵਿਚੋਂ ਮੈਂ ਭਾਰਤ ਜਾਂਦਾ ਤਾਂ ਜ਼ਰੂਰ ਇਕ ਦੂਜੇ ਨੂੰ ਮਿਲਦੇ।

ਇਮਤਿਹਾਨਾਂ ਦੇ ਨੇੜੇ ਮੈਂ ਫਿਰੋਜ਼ਪੁਰ ਆ ਗਿਆ ਤੇ ਪ੍ਰੀਤਮ ਨਾਲ ਰਹਿਣ ਲਗ ਪਿਆ। ਐਫ. ਏ. ਦਾ ਇਮਤਿਹਾਨ ਦੇ ਕੇ ਬੇਰੀਆਂ ਵਾਲੇ ਖੂਹ ਤੇ ਆ ਗਿਆ। ਮੇਰੇ ਪਰਚੇ ਚੰਗੇ ਨਹੀਂ ਸਨ ਹੋਏ ਤੇ ਲਗਦਾ ਸੀ ਕਿ ਪਾਸ ਹੋਣਾ ਮੁਸ਼ਕਲ ਸੀ। ਮੈਂ ਹੁਣ ਸਾਰਾ ਜ਼ੋਰ ਗਿਆਨੀ ਦਾ ਇਮਤਿਹਾਨ ਪਾਸ ਕਰਨ ਵੱਲ ਲਾਉਣ ਲੱਗਾ। ਖੂਹ ਤੇ ਬੈਠ ਕੇ ਪੜ੍ਹਦਾ ਰਹਿੰਦਾ ਪਰ ਕਈ ਸਵਾਲਾਂ ਦੇ ਜਵਾਬਾਂ ਦਾ ਪਤਾ ਨਾ ਲਗਦਾ। ਇਸ ਲਈ ਇਮਤਿਹਾਨ ਤੋਂ ਪਹਿਲਾਂ ਮੈਂ ਫਿਰ ਫਿਰੋਜ਼ਪੁਰ ਆ ਗਿਆ ਜਿਥੇ ਬਾਵਿਆਂ ਵਾਲੇ ਮੁਹੱਲੇ ਪ੍ਰੀਤਮ ਕੋਲ ਆ ਗਿਆ। ਬੜੀ ਗਰਮੀ ਦੇ ਦਿਨ ਸਨ। ਵਿਚ ਵਿਚ ਮੈਂ ਛਾਉਣੀ ਪ੍ਰੋ: ਭਾਟੀਆ ਦੇ ਘਰ ਜਾ ਔਂਦਾ ਜਿਥੇ ਉਹ ਆਪਣੇ ਘਰ ਗਿਆਨੀ ਕਾਲਜ ਖੋਲ੍ਹਿਆ ਹੋਇਆ ਸੀ। ਗਿਆਨੀ ਦੇ ਇਮਤਿਹਾਨ ਦੀ ਤਿਆਰੀ ਕਰਨ ਵਾਲੀਆਂ ਏਥੇ ਕੁੜੀਆਂ ਜ਼ਿਆਦਾ ਤੇ ਮੁੰਡੇ ਘੱਟ ਸਨ। ਇਹਨਾਂ ਵਿਚ ਕੁਝ ਉਹ ਮੁੰਡੇ ਵੀ ਸਨ ਜੋ ਕਾਲਜ ਵਿਚ ਮੇਰੇ ਨਾਲ ਪੜ੍ਹਦੇ ਸਨ ਜਿਵੇਂ ਰਣਜੀਤ ਲੰਮਾ ਤੇ ਕੁਝ ਹੋਰ। ਜਿਨ੍ਹਾਂ ਸਵਾਲਾਂ ਦੇ ਜਵਾਬਾਂ ਦਾ ਪਤਾ ਨਹੀਂ ਸੀ ਲਗਦਾ, ਪ੍ਰੋ: ਭਾਟੀਆ ਸਾਨੂੰ ਸਮਝਾ ਦਿੰਦਾ। ਮੈਂ ਗਿਆਨੀ ਦਾ ਇਮਤਿਹਾਨ ਦੇ ਕੇ ਵਿਰਕ ਤੇ ਪ੍ਰੋ: ਭਾਟੀਆ ਨੂੰ ਮਿਲਿਆ ਜੋ ਕਹਿਣ ਲਗੇ ਕਿ ਜੇ ਮੈਂ ਐਫ. ਏ. ਵਿਚੋਂ ਫੇਲ ਹੋ ਗਿਆ ਤਾਂ ਐਫ.ਏ.ਓਨਲੀ ਇੰਗਲਿਸ਼ ਦਾ ਇਮਤਿਹਾਨ ਦੇ ਕੇ ਤੇ ਫਿਰ ਸਿੱਧਾ ਬੀ. ਏ. ਓਨਲੀ ਇੰਗਲਿਸ਼ ਦਾ ਇਮਤਿਹਾਨ ਦੇ ਕੇ ਬਾਅਦ ਵਿਚ ਇਕ ਹੋਰ ਸਬਜੈਕਟ ਪਾਸ ਕਰ ਕ ਵੀ ਬੀ. ਏ. ਦੀ ਡਿਗਰੀ ਲੈ ਸਕਦਾ ਹੈਂ। ਇਸ ਨੂੰ ਵਾਇਆ ਭਠਿੰਡਾ ਕਹਿੰਦੇ ਸਨ ਅਤੇ ਪੰਜਾਬ ਅਤੇ ਪੈਪਸੂ ਦੇ ਹਰ ਸ਼ਹਿਰ ਵਿਚ ਇਸ ਤਰ੍ਹਾਂ ਐਫ. ਏ., ਬੀ. ਏ. ਕਰਾਉਣ ਵਾਲੇ ਕਈ ਗਿਆਨੀ ਕਾਲਜ ਖੁਲ੍ਹੇ ਹੋਏ ਸਨ। ਬਹੁਤ ਲੋਕ ਇਸ ਵਿਧੀ ਰਾਹੀਂ ਪੜ੍ਹਾਈ ਕਰਦੇ ਸਨ। ਛੋਟੀਆਂ ਨੌਕਰੀਆਂ ਕਰਨ ਵਾਲੇ ਬਹੁਤੇ ਲੋਕ ਇਸ ਤਰੀਕੇ ਪੜ੍ਹਾਈ ਕਰਦੇ ਸਨ। ਮੇਰੇ ਗਿਆਨੀ ਦੇ ਪਰਚੇ ਬਹੁਤ ਅਛੇ ਹੋ ਗਏ ਸਨ ਤੇ ਮੈਨੂੰ ਪੂਰਾ ਵਿਸ਼ਵਾਸ ਸੀ ਕਿ ਮੈਨੂੰ ਗਿਆਨੀ ਦੇ ਇਮਤਿਹਾਨ ਵਿਚੋਂ ਕੋਈ ਫੇਲ ਨਹੀਂ ਕਰ ਸਕਦਾ ਸੀ। ਆਪਣੀ ਪੜ੍ਹਾਈ ਦੀਆਂ ਗਤੀਵਿਧੀਆਂ ਤੋਂ ਮੈਂ ਬਸਤੀ ਟੈਂਕਾਂਵਾਲੀ ਦੇ ਜੋਗਿੰਦਰ ਸਿੰਘ ਨੂੰ ਵੀ ਜਾਣੂ ਕਰਵਾਉਂਦਾ ਰਹਿੰਦਾ ਸਾਂ। ਮੈਨੂੰ ਲਗਦਾ ਜਿਵੇਂ ਉਹਨਾਂ ਨੂੰ ਮੇਰੇ ਨਾਲੋਂ ਮੇਰੇ ਪਾਸ ਹੋਣ ਦੀ ਜ਼ਿਆਦਾ ਚਿੰਤਾ ਸੀ।

ਹੁਣ ਮੈਂ ਪਿੰਡ ਆ ਗਿਆ ਤੇ ਦੋਹਾਂ ਇਮਤਿਹਾਨਾਂ ਦੇ ਨਤੀਜਿਆਂ ਦੀ ਉਡੀਕ ਦਾ ਸਮਾਂ ਸੀ। ਮਾੜੂ ਕਈ ਮਹੀਨੇ ਪਹਿਲਾਂ ਬਿਨਾਂ ਦਸਿਆਂ ਮਹਿਤੇ ਨੂੰ ਮੁੜ ਗਿਆ ਸੀ ਤੇ ਫਿਰ ਕਦੀ ਉਹਦੇ ਨਾਲ ਮੁਲਾਕਾਤ ਨਾ ਹੋਈ। ਉਹਦੀ ਇਹ ਗੱਲ ਮੈਨੂੰ ਕਦੇ ਨਾ ਭੁਲੀ ਜਦੋਂ ਦਾਰੂ ਪੀ ਕੇ ਉਹ ਆਖਦਾ ਆਪਾਂ ਇਕ ਵਾਰ ਮਹਿਕ (ਅਸਲ ਨਾਂ ਹੋਰ) ਦੇ ਸਹੁਰੀਂ ਜਾ ਕੇ ਉਹਨੂੰ ਮਿਲ ਕੇ ਆਈਏ। ਇਸ ਦੌਰਾਨ ਪਟਿਆਲੇ ਜਾ ਕੇ ਨਰਸ ਕੁੜੀ ਨੂੰ ਵੇਖਣ ਦਾ ਪਰੋਗਰਾਮ ਬਣ ਗਿਆ। ਮੈਂ ਬਹੁਤ ਮਹਿੰਗੇ ਤੇ ਸੁਹਣੇ ਨਵੇਂ ਕਪੜੇ ਸਿਵਾਏ। ਜਾਣਾ ਤਾਂ ਮੇਰੇ ਨਾਲ ਜੋਗਿੰਦਰ ਸਿੰਘ ਦੀ ਘਰ ਵਾਲੀ ਨੇ ਸੀ ਪਰ ਉਸਦੀ ਤਬੀਅਤ ਖਰਾਬ ਹੋਣ ਕਰ ਕੇ ਮੈਂ ਤੇ ਜੋਗਿੰਦਰ ਸਿੰਘ ਇਕ ਸ਼ਾਮ ਫਿਰੋਜ਼ਪੁਰ ਛਾਉਣੀ ਤੋਂ ਗਡੀ ਫੜ ਕੇ ਰਾਤ ਦੇ ਬਾਰਾਂ ਵਜੇ ਦੇ ਕਰੀਬ ਪਟਿਆਲੇ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਗਏ। ਜੋਗਿੰਦਰ ਸਿੰਘ ਦਾ ਸਾਲਾ ਸਾਨੂੰ ਅਗੋਂ ਲੈਣ ਲਈ ਸਟੇਸ਼ਨ ਤੇ ਆਇਆ ਹੋਇਆ ਸੀ। ਬੜੇ ਤਪਾਕ ਨਾਲ ਮਿਲਿਆ। ਰਾਤ ਇਕ ਵਜੇ ਦੇ ਕਰੀਬ ਉਹਨਾਂ ਦੀ ਕੋਠੀ ਪਹੁੰਚ ਗਏ ਜੋ ਅਜੇ ਪੂਰੀ ਨਹੀਂ ਸੀ ਹੋਈ। ਇਕ ਪਾਸੇ ਮਝਾਂ ਬਝੀਆਂ ਹੋਈਆਂ ਸਨ। ਸੌਂ ਕੇ ਸਵੇਰੇ ਜਦੋਂ ਉਠੇ ਤਾਂ ਬਾਕੀ ਪਰਵਾਰ ਜਿਵੇਂ ਜੋਗਿੰਦਰ ਸਿੰਘ ਦਾ ਸਹੁਰਾ, ਸੱਸ,

ਸਾਲੇ ਸਾਰੇ ਬੜੇ ਪਿਆਰ ਸਤਿਕਾਰ ਨਾਲ ਮਿਲੇ। ਘਰ ਦੇ ਚੌਗਿਰਦੇ ਵਿਚ ਮੇਰੀਆਂ ਨਜ਼ਰਾਂ ਚੋਰੀ ਚੋਰੀ ਉਸ ਨਰਸ ਕੁੜੀ ਨੂੰ ਤਲਾਸ਼ ਕਰ ਰਹੀਆਂ ਸਨ ਜਿਸ ਨੂੰ ਵੇਖਣ ਲਈ ਮੈਂ ਆਇਆ ਸਾਂ। ਓਥੇ ਕਈ ਕੁੜੀਆਂ ਤੁਰੀਆਂ ਫਿਰਦੀਆਂ ਸਨ ਜੋ ਪੜ੍ਹਨ ਜਾਣ ਦੀ ਤਿਆਰੀ ਵਿਚ ਲਗਦੀਆਂ ਸਨ। ਜਦੋਂ ਮੈਂ ਗੁਸਲਖਾਨੇ ਵਿਚੋਂ ਨਹਾ ਕੇ ਬਾਹਰ ਨਿਕਲ ਰਿਹਾ ਸਾਂ ਤਾਂ ਮੈਂ ਇਕ ਗੋਰੇ ਰੰਗ ਦੀ ਉਚੀ, ਲੰਮੀ ਖੂਬਸੂਰਤ ਜਵਾਨ ਕੁੜੀ ਜਿਸ ਨੇ ਨਜ਼ਰ ਦੀਆਂ ਐਨਕਾਂ ਲਾਈਆਂ ਹੋਈਆਂ ਸਨ, ਨੂੰ ਸਾਈਕਲ ਤੇ ਕੋਠੀ ਅੰਦਰ ਦਾਖਲ ਹੁੰਦੇ ਵੇਖਿਆ। ਬਗੈਰ ਨਜ਼ਰ ਸਾਂਝੀ ਕੀਤਿਆਂ ਸਾਈਕਲ ਬਰਾਂਡੇ ਵਿਚ ਖੜ੍ਹਾ ਕਰ ਕੇ ਉਹ ਕਮਰੇ ਅੰਦਰ ਚਲੀ ਗਈ। ਮੇਰੇ ਅੰਦਾਜ਼ੇ ਅਨੁਸਾਰ ਇਹੀ ਨਰਸ ਕੁੜੀ ਸੀ ਜਿਸ ਨੂੰ ਵੇਖਣ ਲਈ ਮੈਂ ਪਟਿਆਲੇ ਆਇਆ ਸਾਂ। ਸ਼ਾਇਦ ਉਹ ਰਾਤ ਦੀ ਡਿਊਟੀ ਕਰ ਕੇ ਆਈ ਸੀ। ਉਸ ਮੇਰੇ ਵੱਲ ਨਜ਼ਰ ਚੁਕ ਕੇ ਨਹੀਂ ਵੇਖਿਆ ਸੀ। ਸਵੇਰ ਦਾ ਨਾਸ਼ਤਾ ਮੈਂ ਤੇ ਜੋਗਿੰਦਰ ਸਿੰਘ ਨੇ ਓਸ ਦੇ ਸਾਲਿਆਂ ਨਾਲ ਕੀਤਾ। ਓਥੇ ਕਿਸੇ ਪਰਕਾਰ ਦੀ ਕੋਈ ਗੱਲ ਨਾ ਹੋਈ। ਨਾ ਉਹਨਾਂ ਨੇ ਮੈਨੂੰ ਕੁਝ ਪੁਛਿਆ ਤੇ ਤੇ ਮੈਂ ਤਾਂ ਪੁਛਣਾ ਈ ਕੀ ਸੀ। ਮੇਰੀ ਉਮਰ ਤਾਂ ਪੁਛਣ ਦੀ ਹੈ ਹੀ ਨਹੀ ਸੀ। ਦਿਨੇ ਉਹਨਾਂ ਨੇ ਸਾਨੂੰ ਪਟਿਆਲਾ ਵਿਖਾਇਆ ਜੋ ਫਿਰੋਜ਼ਪੁਰ ਤੇ ਬਠਿੰਡੇ ਨਾਲੋਂ ਬਹੁਤ ਵਖਰਾ ਸੀ। ਕੁੜੀ ਦੇ ਭਰਾ ਨੇ ਸੈਕਟਰੀਏਟ ਵਿਚ ਆਪਣਾ ਦਫਤਰ ਵੀ ਵਿਖਾਇਆ ਤੇ ਏਨਾ ਕਿਹਾ ਕਿ ਪੈਪਸੂ ਵਿਚ ਅਜੇ ਮੁਸਲਮਾਨਾਂ ਦੀਆਂ ਬਹੁਤ ਜ਼ਮੀਨਾਂ ਅਲਾਟ ਹੋਣ ਵਾਲੀਆਂ ਪਈਆਂ ਹਨ। ਕਈ ਤਾਂ ਬਿਲਕੁਲ ਪਟਿਆਲੇ ਦੇ ਲਾਗੇ ਪੈਂਦੀਆਂ ਹਨ। ਜੇ ਤੁਸੀਂ ਚਾਹੋ ਤਾਂ ਤੁਹਾਡੀ ਜ਼ਮੀਨ ਬਦਲਾ ਕੇ ਏਧਰ ਲਿਆ ਸਕਦੇ ਹਾਂ ਤੇ ਮਿਲੂਗੀ ਵੀ ਚੰਗੀ ਤੇ ਜ਼ਿਆਦਾ ਕਿਓਂਕਿ ਉਹਨੂੰ ਪਾਕਿਸਤਾਨ ਵਿਚੋਂ ਆਏ ਸ਼ਰਨਾਰਥੀਆਂ ਦੇ ਮੁੜ ਵਸੇਬੇ ਦੇ ਕੰਮ ਦੀ ਕਾਫੀ ਜਾਣ ਪਹਿਚਾਣ ਸੀ। ਨਾਲੇ ਐਫ. ਏ.ਪਾਸ ਕਰਨ ਪਿਛੋਂ ਤੁਹਾਨੂੰ ਏਥੇ ਪਟਿਆਲੇ ਨੌਕਰੀ ਵੀ ਲੁਆ ਦੇਵਾਂਗੇ ਤੇ ਨਾਲ ਨਾਲ ਪੜ੍ਹਾਈ ਕਰੀ ਜਾਇਓ। ਮੈਂ ਏਨਾ ਈ ਕਿਹਾ ਕਿ ਬਾਪੂ ਨਾਲ ਸਲਾਹ ਕਰ ਲਵਾਂਗੇ ਤੇ ਨਾਲੇ ਤੁਸੀਂ ਸਾਡਾ ਘਰ ਵੀ ਵੇਖ ਲਵੋ। ਨਵੇਂ ਨਵੇਂ ਗੁਦੜਢੰਡੀ ਵਸੇ ਹੋਣ ਕਰ ਕੇ ਅਜੇ ਤਾਂ ਅਸੀਂ ਇਕ ਕੱਚੇ ਕੋਠੇ ਤੇ ਝੁਗੀਆਂ ਅਤੇ ਕਾਨਿਆਂ ਦੀਆਂ ਛੰਨਾਂ ਵਿਚ ਹੀ ਰਹਿੰਦੇ ਆਂ। ਹੌਲੀ ਹੌਲੀ ਮਕਾਨ ਬਣਾਵਾਂਗੇ। ਪਟਿਆਲੇ ਦੀ ਫੇਰੀ ਨੂੰ ਦਿਲ ਵਿਚ ਚਿੜੀ ਦੇ ਬੋਟ ਵਾਂਗ ਸਾਂਭ ਕੇ ਸ਼ਾਮੀਂ ਮੈਂ ਤੇ ਸ. ਜੋਗਿੰਦਰ ਸਿੰਘ ਗੱਡੀ ਚੜ੍ਹ ਕੇ ਫਿਰੋਜ਼ਪੁਰ ਨੂੰ ਵਾਪਸ ਆ ਗਏ।

## ਨੌਕਰੀ ਲੱਭਣ ਲਈ ਦਿੱਲੀ ਜਾਣਾ
ਕਿਸ਼ਤ 30

ਫਿਰੋਜ਼ਪੁਰ ਦੇ ਮੇਨ ਬਾਜ਼ਾਰ ਵਿਚੋਂ ਜਿਥੋਂ ਪੁਰਾਣਾ ਬਾਜ਼ਾਰ ਜਾਂ ਭੀੜਾ ਬਾਜ਼ਾਰ ਨਿਕਲਦਾ ਹੈ, ਸੱਜੇ ਪਾਸੇ ਇਕ ਵਡੀ ਦੁਕਾਨ ਦੇ ਖੁਲ੍ਹੇ ਚੁਬਾਰੇ ਉਤੇ ਪਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਫਿਰੋਜ਼ਪੁਰ ਦੀਆਂ ਮੀਟਿੰਗਜ਼ ਹੋਇਆ ਕਰਦੀਆਂ ਸਨ। ਵਡੀਆਂ ਦਰੀਆਂ ਉਤੇ ਚਿੱਟੀਆਂ ਚਾਦਰਾਂ ਵਿਛੀਆਂ ਹੁੰਦੀਆਂ ਅਤੇ ਗਾਓ ਤਕੀਏ ਲਗੇ ਹੁੰਦੇ। ਸੋਹਨ ਲਾਲ ਮੋਹਿਤ ਜੋ ਹਿੰਦੀ ਵਿਚ ਕਵਿਤਾਵਾਂ ਅਤੇ ਕਹਾਣੀਆਂ ਲਿਖਦਾ ਸੀ, ਪਹਿਲੀ ਵਾਰ ਮੈਨੂੰ ਓਥੇ ਲੈ ਗਿਆ। ਸ਼ਿਵ ਕੁਮਾਰ ਸ਼ਰਮਾ ਜੋ ਬੁਧਵਾਰਾਂ ਵਾਲੇ ਮੁਹਲੇ ਨੂੰ ਨਾਲ ਲਗਦੀ ਗਲੀ ਵਿਚ ਟੇਲਰ ਮਾਸਟਰ ਦਾ ਕੰਮ ਕਰਦਾ ਸੀ, ਦਾ ਮੇਲ ਵੀ ਏਥੇ ਹੀ ਹੋਇਆ। ਡੀ. ਪੀ. ਈ. ਗੁਰਚਰਨ ਸਿੰਘ ਗਿੱਲ ਜੋ ਅਜ ਕੱਲ ਵੈਨਕੂਵਰ ਰਹਿੰਦਾ ਹੈ ਅਤੇ ਫਿਰੋਜ਼ਪੁਰ ਦੇ ਨੌਜਵਾਨ ਮੁੰਡਿਆਂ ਨੂੰ ਸਿਹਤਾਂ ਬਨਾਉਣ ਲਈ ਅਖਾੜਾ ਲਾਉਂਦਾ ਹੁੰਦਾ ਸੀ। ਏਥੇ ਘੋਲ, ਕੁਸ਼ਤੀਆਂ, ਬੀਣੀ ਫੜਨੀ, ਬੈਠਕਾਂ ਕਢਣੀਆਂ, ਡੰਡ ਮਾਰਨੇ ਤੇ ਮੁਘਦਰ ਚੁੱਕਣ ਦੀ ਪ੍ਰੈਕਟਿਸ ਕਰਵਾਉਂਦਾ ਸੀ। ਇਸ ਤੋਂ ਇਲਾਵਾ ਉਰਦੂ ਵਿਚ ਅਫਸਾਨੇ ਲਿਖਣ ਵਾਲੇ ਪ੍ਰੀਤਮ ਸਿੰਘ ਸਹਿਰਾਈ ਨਾਲ ਵੀ ਏਥੇ ਹੀ ਮੁਲਾਕਾਤ ਹੋਈ। ਉਰਦੂ ਅਖਬਾਰ ਚਿੰਗਾੜੀ ਦਾ ਐਡੀਟਰ ਸੱਤਪਾਲ ਬਾਗੀ ਅਤੇ ਉਰਦੂ ਦੇ ਦੂਜੇ ਅਖਬਾਰ ਚਟਾਨ ਜੋ ਫਿਰੋਜ਼ਪੁਰ ਛਾਉਣੀ ਤੋਂ ਨਿਕਲਦਾ ਸੀ, ਦਾ ਐਡੀਟਰ ਐਚ. ਆਰ. ਧੀਮਾਨ ਵੀ ਕਦੀ ਕਦੀ ਏਥੇ ਹਾਜ਼ਰੀ ਲਵਾਉਂਦਾ। ਇਕ ਖੁਲ੍ਹੇ ਚਿਟੇ ਲੰਮੇ ਕੁੜਤੇ ਪਾਜਾਮੇ ਵਾਲਾ ਉਰਦੂ ਸ਼ਾਇਰ ਜਿਸ ਨੇ ਸਿਰ ਦੇ ਵਾਲ ਵਾਹੇ ਪਿਛਾਂਹ ਨੂੰ ਹੁੰਦੇ ਤੇ ਸਿਗਰਟ ਦੇ ਕਸ਼ ਲਾ ਰਿਹਾ ਹੁੰਦਾ, ਅਕਸਰ ਇਸ ਤਰੱਕੀ ਪਸੰਦ ਅਦੀਬਾਂ ਦੀ ਅੰਜਮਨ ਵਿਚ ਇਹ ਨਜ਼ਮ ਬਾਰ ਬਾਰ ਸੁਣਾਉਂਦਾ:-

"ਅਭੀ ਤੋ ਹਿਚਕੀ ਆਏਗੀ
ਔਰ ਸਾਂਸ ਭੀ ਰੁਕ ਜਾਏਗੀ
ਹਸਰਤ ਭੀ ਮੁਸਕਰਾਏਗੀ
ਫਿਰ ਪੂਛਣਾ ਹੂਆ ਥਾ ਕਿਆ---"

ਉਹਨੂੰ ਵੇਖ ਕੇ ਮੈਨੂੰ ਇੰਜ ਲਗਦਾ ਜਿਵੇਂ ਸ਼ਾਇਰ ਬਨਣ ਜਾਂ ਦਿਸਣ ਲਈ ਲੰਮਾ ਕੁੜਤਾ ਪਾਜਾਮਾ, ਪਿਛਾਂਹ ਨੂੰ ਵਾਹੇ ਲੰਮੇ ਪਟੇ ਤੇ ਸਿਗਰਟ ਪੀਣਾ ਜ਼ਰੂਰੀ ਸੀ। ਅਗੇ ਜਾ ਕੇ ਜਦੋਂ ਸ਼ਿਵ ਕੁਮਾਰ ਬਟਾਲਵੀ ਨਾਲ ਕਈ ਸਾਲ ਇਕਠੇ ਰਹਿਣ ਦਾ ਮੌਕਾ ਮਿਲਿਆ ਤਾਂ ਮਹਿਸੂਸ ਹੋਇਆ ਕਿ ਸ਼ਾਇਰ ਬਨਣ ਜਾਂ ਦਿਸਣ ਲਈ ਅੰਨ੍ਹੀ ਸ਼ਰਾਬ ਪੀਣੀ ਵੀ ਜ਼ਰੂਰੀ ਸੀ। ਮੈਂ ਫਿਰੋਜ਼ਪੁਰ ਦੀ ਇਸ ਤਰੱਕੀ ਪਸੰਦ ਅੰਜਮਨ ਦਾ ਮੈਂਬਰ ਬਣ ਗਿਆ ਤੇ ਇਕ ਵਾਰ ਮੈਨੂੰ ਕਹਾਣੀ ਸੁਨਾਉਣ ਲਈ ਕਿਹਾ ਗਿਆ ਪਰ

ਇਹਨਾਂ ਅਗੇ ਮੇਰਾ ਕਹਾਣੀ ਸੁਨਾਉਣ ਦਾ ਹੌਸਲਾ ਨਾ ਪਵੇ। ਇਹ ਸਾਰੇ ਉਰਦੂ ਜਾਂ ਹਿੰਦੀ ਦੇ ਰਾਈਟਰ ਸਨ ਤੇ ਕਈਆਂ ਦੀਆਂ ਰਚਨਾਵਾਂ ਓਸ ਵੇਲੇ ਦੇ ਉਰਦੂ ਦੇ ਮਸ਼ਹੂਰ ਰਸਾਲਿਆਂ ਜਿਵੇਂ ਬੀਸਵੀਂ ਸਦੀ ਅਤੇ ਸ਼ਮ੍ਹਾਂ ਵਿਚ ਛਪਦੀਆਂ ਸਨ। ਬੜੇ ਸੰਗਦਿਆਂ ਸੰਗਦਿਆਂ ਉਹਨਾਂ ਦੀ ਹਾਜ਼ਰੀ ਵਿਚ ਮੈਂ ਇਕ ਪੰਜਾਬੀ ਦੀ ਕਹਾਣੀ ਸੁਣਾਈ ਜਿਸ ਦੀ ਉਹਨਾਂ ਨੇ ਕਾਫੀ ਤਨਕੀਦ ਕੀਤੀ ਅਤੇ ਕਿਸੇ ਉਸਤਾਦ ਲਿਖਾਰੀ ਤੋਂ ਲਿਖਣ ਦਾ ਹੁਨਰ ਸਿੱਖਣ ਤੇ ਜ਼ੋਰ ਦਿੱਤਾ। ਹੌਲੀ ਹੌਲੀ ਇਸ ਅੰਜਮਨ ਦੇ ਮੈਂਬਰ ਖਿੰਡ ਪੁੰਡ ਗਏ ਤੇ ਕੁਝ ਸਮੇਂ ਬਾਅਦ ਮੈਂ, ਸ਼ਿਵ ਕੁਮਾਰ ਸ਼ਰਮਾ ਜੋ ਹੁਣ ਹੌਲੀ ਹੌਲੀ ਪੰਜਾਬੀ ਵਿਚ ਕਵਿਤਾਵਾਂ ਲਿਖਣ ਦੀ ਪ੍ਰੈਕਟਿਸ ਕਰਨ ਲਗ ਪਿਆ ਸੀ, ਕਿਹਰ ਸਿੰਘ ਵਿਰਦੀ ਤੇ ਕੁਝ ਹੋਰ ਲਿਖਣ ਵਾਲਿਆਂ ਨੇ ਆਪਣੀ ਸਭਾ ਬਣਾ ਲਈ। ਕਈ ਸਾਲ ਪਿਛੋਂ ਪਿਛੋਂ ਜਦ ਪੀ. ਸੀ. ਐਸ. ਜਸਬੀਰ ਸਿੰਘ ਆਹਲੂਵਾਲੀਆ, ਏ. ਡੀ. ਐਮ. ਗੁਰਦੇਵ ਸਿੰਘ ਗਿੱਲ, ਸੈਸ਼ਨ ਜੱਜ ਮਹਿੰਦਰ ਸਿੰਘ ਜੋਸ਼ੀ, ਜ਼ਿਲਾ ਖੇਤੀ ਬਾੜੀ ਅਫਸਰ ਗੁਰਬਚਨ ਸਿੰਘ ਦੀਪਕ, ਡਰਾਫਟਸਮੈਨ ਕਿਰਪਾਲ ਸਿੰਘ ਦਰਦੀ, ਭੁਪਿੰਦਰ ਸਿੰਘ, ਜਾਗੀਰ ਸਿੰਘ, ਗੁਰਚਰਨ ਸਿੰਘ ਸੇਕ, ਡਾ: ਕਿਰਪਾਲ ਕੌਰ ਸਕੂਲਾਂ ਦੇ ਕੁਝ ਟੀਚਰ ਆਦਿ ਇਸ ਨਾਲ ਆ ਜੁੜੇ ਤਾਂ ਇਸਦਾ ਨਾਂ "ਪੰਚ ਕਲਾ" ਰੱਖ ਦਿਤਾ ਗਿਆ। ਏ. ਡੀ. ਐਮ. ਗੁਰਦੇਵ ਸਿੰਘ ਗਿੱਲ ਨੇ ਮੀਟਿੰਗਜ਼ ਕਰਨ ਲਈ ਰੈਡ ਕਰਾਸ ਦਫਤਰ ਵਿਚ ਸਭਾ ਦਾ ਪੱਕਾ ਟਿਕਾਣਾ ਬਣਵਾ ਦਿਤਾ। ਬਹੁਤ ਸਾਲ ਮੈਂ ਇਸਦਾ ਜਨਰਲ ਸਕੱਤਰ ਰਿਹਾ। ਕਿਸੇ ਨਾ ਕਿਸੇ ਰੂਪ ਜਾਂ ਨਾਂਵਾਂ ਹੇਠ ਸ਼ਹਿਰ ਅਤੇ ਛਾਉਣੀ ਵਿਚ ਸਾਈਕਲ ਚਲਾ ਚਲਾ ਕੇ ਲੋਕਾਂ ਨੂੰ ਸਭਾ ਦੀ ਮੀਟਿੰਗਜ਼ ਵਿਚ ਸੱਦੇ ਦੇਣ ਪਿਛੋਂ ਪੰਜਾਹਵਿਆਂ ਵਿਚ ਖੜ੍ਹੀ ਕੀਤੀ ਇਹ ਪੰਜਾਬੀ ਲਿਖਾਰੀ ਸਭਾ ਫਿਰੋਜ਼ਪੁਰ ਵਿਚ ਅਜੇ ਤਕ ਵੀ ਚੱਲ ਰਹੀ ਹੈ।

ਫਿਰੋਜ਼ਪੁਰੋਂ ਬੇਰੀਆਂ ਵਾਲੇ ਖੂਹ ਤੇ ਆ ਕੇ ਮੈਂ ਚਾਰ ਗੱਲਾਂ ਦੀ ਉਡੀਕ ਕਰਨ ਲੱਗਾ। ਪਹਿਲੀ ਐਫ. ਏ. ਅਤੇ ਇਮਤਿਹਾਨ ਗਿਆਨੀ ਦੇ ਇਮਤਿਹਾਨ ਦੇ ਨਤੀਜੇ, ਪਟਿਆਲੇ ਵਾਲੇ ਲੋਕਾਂ ਵੱਲੋਂ ਰਿਸ਼ਤੇ ਦੀ ਹਾਂ ਤੇ ਕੋਈ ਨੌਕਰੀ ਮਿਲ ਜਾਣ ਦੀ ਆਸ। ਮੈਂ ਕਈ ਵਾਰ ਐਮਪਲਾਏਮੈਂਟ ਐਕਸਚੇਂਜ ਦੇ ਦਫਤਰ ਗਿਆ ਤੇ ਓਥੇ ਲਗੀਆਂ ਨੌਕਰੀਆਂ ਲਈ ਅਰਜ਼ੀਆਂ ਦਿਤੀਆਂ ਪਰ ਨਤੀਜਾ ਖਾਕ ਹੀ ਨਿਕਲਿਆ। ਫਿਰ ਮਿਲਟਰੀ ਦੇ ਦਫਤਰ ਕਈ ਵਾਰ ਭਰਤੀ ਹੋਣ ਲਈ ਗਿਆ ਜਿਥੇ ਕਦੀ ਮੇਰੀ ਛਾਤੀ ਛੋਟੀ ਹੋਣ ਤੇ ਕਦੀ ਖਬੇ ਕੰਨ ਵਿਚ ਸੁਰਾਖ ਹੋਣ ਤੇ ਰੀਜੈਕਟ ਹੋ ਜਾਂਦਾ। ਕਈ ਵਾਰ ਮੈਂ ਸੈਕੰਡ ਲੈਫਟੀਨੈਂਟ ਜਾਂ ਫੌਜ ਦੀਆਂ ਹੋਰ ਨੌਕਰੀਆਂ ਲਈ ਅਰਜ਼ੀ ਦਿੰਦਾ ਪਰ ਉਸਦਾ ਮਤਲਬ ਕੁਝ ਨਾ ਨਿਕਲਦਾ। ਰੇਲਵੇ ਦੀਆਂ ਨੌਕਰੀਆਂ ਲਈ ਅਰਜ਼ੀ ਦਿੰਦਾ ਪਰ ਓਥੇ ਵੀ ਨੌਕਰੀ ਨਾ ਮਿਲਦੀ। ਮੈਂ ਕਿਡਾ ਅਣਜਾਣ ਸਾਂ ਕਿ ਇਹ ਗੱਲ ਕਿਓਂ ਨਹੀਂ ਸਮਝਦਾ ਸਾਂ ਕਿ ਨੌਕਰੀ ਅਰਜ਼ੀ ਦੇਣ ਨਾਲ ਨਹੀਂ, ਸਗੋਂ ਜਾਣ ਪਹਿਚਣ ਨਾਲ ਮਿਲਦੀ ਹੈ।।

1953 ਦੀਆਂ ਗਰਮੀਆਂ ਦੇ ਦਿਨ ਸਨ ਜਿਸ ਰਾਤ ਸਾਡੀ ਪਾਣੀ ਦੀ ਵਾਰੀ ਸੀ ਤੇ ਬਾਪੂ ਧਾਈਆਂ ਦੀਆਂ ਪੈਲੀਆਂ ਨੂੰ ਪਾਣੀ ਲਾਉਣ ਗਿਆ ਹੋਇਆ ਸੀ। ਅਚਾਨਕ ਮਾਰ ਦਿਤਾ, ਮਾਰ ਦਿਤਾ ਦੀਆਂ ਆਵਾਜ਼ਾਂ ਆਉਣ ਲਗੀਆਂ। ਮੈਂ ਤਾਇਆ ਸੰਤਾ ਸਿੰਘ ਤੇ ਭਾਊ ਤਾਰਾ ਸਿੰਘ ਡਾਂਗਾਂ ਫੜ ਕੇ ਭੱਜ ਕੇ ਧਾਈਆਂ ਦੇ ਖੇਤਾਂ ਵੱਲ ਗਏ ਤਾਂ ਕਾਲੂ, ਹਾਕੂ ਤੇ ਹੋਰ ਰਾਏ ਸਿੱਖ ਬਾਪੂ ਨੂੰ ਮਾਰ ਰਹੇ ਸਨ। ਸਾਨੂੰ ਵੇਖ ਕੇ ਉਹ ਭੱਜ ਗਏ। ਪਤਾ ਲੱਗਾ ਕਿ ਬਾਪੂ ਆਪਣੇ ਹਿੱਸੇ ਦੀ ਜ਼ਮੀਨ ਵਾਲੀ ਧਾਂਈਆਂ ਦੀ ਪੈਲੀ ਨੂੰ ਪਾਣੀ ਦੇਣ ਲਈ ਖਾਲ ਦਾ ਨੱਕਾ ਵਢਣ ਲਗਾ ਸੀ ਕਿ ਰਾਅ ਸਿੱਖਾਂ ਨੇ ਉਹਦੇ ਤੇ ਹਮਲਾ ਕਰ ਦਿਤਾ। ਬਾਪੂ ਦੇ ਗੁਝੀਆਂ ਸੱਟਾਂ ਵੱਜੀਆਂ ਸਨ। ਬਾਪੂ ਤਾਂ ਪਹਿਲਾਂ ਈ ਮੁਲਕ ਦੀ ਵੰਡ ਦਾ ਭੰਨਿਆ ਹੋਇਆ ਸੀ ਤੇ ਉਤੋਂ ਇਕੱਲੇ ਉਤੇ ਰਾਅ ਸਿੱਖਾਂ ਨੇ ਹਮਲਾ ਕਰ ਦਿਤਾ ਸੀ। ਅਗਲੇ ਦਿਨ ਮੈਂ ਤੇ ਭਾਊ ਤਾਰਾ ਸਿੰਘ ਰਾਅ ਸਿੱਖਾਂ ਦੇ ਖਿਲਾਫ ਮਮਦੋਟ ਥਾਣੇ ਜਾ ਕੇ ਦਰਖਾਸਤ ਦੇ ਆਏ। ਪਹਿਲਾਂ ਏਥੇ ਪਿਛੋਂ ਸਾਡੇ ਜ਼ਿਲਾ ਸ਼ੇਖੂਪੁਰੇ ਦਾ ਬਲਕਾਰ ਸਿੰਘ ਵਿਰਕ ਛੋਟਾ ਥਾਣੇਦਾਰ ਹੁੰਦਾ ਸੀ ਪਰ ਉਹ ਬਦਲ ਗਿਆ ਸੀ ਤੇ ਉਹਦੀ ਥਾਂ ਛੋਟਾ ਥਾਣੇਦਾਰ ਚੌਧਰੀ ਰਾਜ ਸਿੰਘ ਆ ਗਿਆ ਸੀ। ਵਡਾ ਥਾਣੇਦਾਰ ਕਪੂਰ ਸਾਹਿਬ ਸੀ ਜਿਸ ਦੀ ਸ਼ਕਲ ਪਰਦੀਪ ਕੁਮਾਰ ਐਕਟਰ ਵਰਗੀ ਸੀ। ਦੋ ਸਿਪਾਹੀ ਤੇ ਚੌਧਰੀ ਰਾਜ ਸਿੰਘ ਘੋੜਿਆਂ ਤੇ ਚੜ੍ਹ ਸਾਡੇ ਬੇਰੀਆਂ ਵਾਲੇ ਖੂਹ ਤੇ ਆ ਗਏ। ਰਾਅ ਸਿੱਖਾਂ ਨੂੰ ਬੁਲਾ ਕੇ ਬਾਪੂ ਨੂੰ ਕੁਟਣ ਦੇ ਦੋਸ਼ ਵਿਚ ਸਿਪਾਹੀਆਂ ਕੋਲੋਂ ਉਹਨਾਂ ਦੇ ਚਿਤੜ ਨੰਗੇ ਕਰ ਕੇ ਤਕੜੀ ਛਿਤਰ ਪਰੇਡ ਕੀਤੀ ਗਈ। ਉਹਨਾਂ ਦੀਆਂ ਘਰ ਵਾਲੀਆਂ ਤੇ ਬੱਚੇ ਚੀਕਾਂ ਮਾਰਨ ਤੇ ਦੁਹਾਈਆਂ ਪੌਣ ਲਗੇ ਤੇ ਸਾਡੇ ਤਰਲੇ ਕਰਨ ਲਗੇ ਕਿ ਸਾਡੇ ਬੰਦਿਆਂ ਨੂੰ ਪੈਂਦੀ ਕੁੱਟ ਤੋਂ ਬਚਾਓ। ਉਹਨਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਮੁਸ਼ਕਾਂ ਬੰਨ੍ਹ ਕੇ ਥਾਣੇ ਲਿਜਾਣ ਲਈ ਦਰਖਤਾਂ ਹੇਠਾਂ ਬਿਠਾ ਦਿਤਾ। ਕਿਓਂਕਿ ਸ਼ਾਮ ਪੈ ਰਹੀ ਸੀ, ਇਸ ਲਈ ਉਹਨਾਂ ਪੁਲਸ ਅਫਸਰਾਂ ਲਈ ਮੁਰਗੇ ਵਢੇ ਗਏ ਅਤੇ ਵਧੀਆਂ ਘਰ ਦੀਆਂ ਕਢੀਆਂ ਬੋਤਲਾਂ ਮੰਗਵਾਈਆਂ ਗਈਆਂ। ਲੰਘਦੇ ਟਪਦੇ ਸਿਪਾਹੀ ਉਹਨਾਂ ਦੇ ਠੁਡੇ ਮਾਰ ਔਂਦੇ ਅਤੇ ਗਾਲਾਂ ਕਢ ਔਂਦੇ। ਰਾਅ ਸਿੱਖਣੀਆਂ ਸਾਰੀ ਰਾਤ ਆਪਣੀ ਬੋਲੀ ਵਿਚ ਰੋਂਦੀਆਂ ਤੇ ਗਾਲਾਂ ਕਢਦੀਆਂ ਰਹੀਆਂ। ਥਾਣੇਦਾਰ ਰਾਜ ਸਿੰਘ ਨੂੰ ਬਾਪੂ ਨੇ ਕੋਈ ਪੈਸਾ ਨਹੀਂ ਸੀ ਦਿਤਾ। ਇਸ ਲਈ ਸਵੇਰੇ ਥਾਣੇਦਾਰ ਬਾਪੂ ਤੇ ਰਾਏ ਸਿੱਖਾਂ ਨੂੰ ਧਾਰਾ 107/51 ਵਿਚ ਨੁਕਸੇ ਅਮਨ ਅਧੀਨ ਗਿਰਫਤਾਰ ਕਰ ਕੇ ਮਮਦੋਟ ਥਾਣੇ ਲੈ ਗਿਆ ਤੇ ਜਾ ਕੇ ਸਾਰਿਆਂ ਨੂੰ ਹਵਾਲਾਤ ਵਿਚ ਡਕ ਦਿਤਾ। ਮੈਂ ਵੀ ਨਾਲ ਥਾਣੇ ਗਿਆ ਸਾਂ। ਸ਼ਾਮੀਂ ਥਾਣੇਦਾਰ ਮੈਨੂੰ ਕਹਿਣ ਲੱਗਾ ਕਿ ਗ੍ਰਿਫਤਾਰ ਤਾਂ ਅਸੀਂ ਤੈਨੂੰ ਵੀ ਕਰਨਾ ਸੀ ਪਰ ਸਟੂਡੰਟ ਹੋਣ ਕਰ ਕੇ ਛਡ ਦਿਤਾ ਹੈ। ਜਾਹ ਅਗਲੇ ਦਿਨ ਫਿਰੋਜ਼ਪੁਰ ਦੀਆਂ ਕਚਹਿਰੀਆਂ ਵਿਚੋਂ ਆਪਣੇ ਪਿਓ ਦੀ ਜ਼ਮਾਣਤ ਕਰਵਾ ਲਵੀਂ ਤੇ ਦੇਸੀ ਘਿਓ ਦੀ ਪੀਪੀ ਮੇਰੇ ਕਵਾਟਰ ਵਿਚ ਪੁਜਦੀ ਕਰ ਜਾਈਂ। ਮੈਂ ਕਿਹਾ ਮੇਰੇ ਬਾਪੂ ਨੂੰ ਹਵਾਲਾਤ ਵਿਚ ਨਾ ਰਖੋ। ਇਹਨਾਂ ਰਾਵਾਂ ਨੇ ਉਹਦੇ ਸੱਟਾਂ ਮਾਰੀਆਂ ਹਨ। ਉਹ ਮੰਨ ਗਿਆ ਤੇ ਬਾਪੂ ਨੇ ਉਹ ਰਾਤ

ਹਵਾਲਾਤ ਦੇ ਬਾਹਰ ਕੱਟੀ ਤੇ ਸਵੇਰੇ ਸਾਰਿਆਂ ਨੂੰ ਹਥਕੜੀਆਂ ਲਾ ਕੇ ਫਿਰੋਜ਼ਪੁਰ ਦੀਆਂ ਕਚਹਿਰੀਆਂ ਵਿਚ ਲੈ ਗਏ। ਮੈਂ ਵੀ ਪਿੰਡ ਦੇ ਨੰਬਰਦਾਰ ਤੇ ਕੁਝ ਹੋਰ ਜ਼ਮਾਨਤੀਆਂ ਨੂੰ ਲੈ ਕੇ ਫਿਰੋਜ਼ਪੁਰ ਦੀਆਂ ਕਚਿਹਰੀਆਂ ਵਿਚ ਪਹੁੰਚ ਗਿਆ ਪਰ ਇਲਾਕਾ ਮੈਜਿਸਟਰੇਟ ਦੀ ਕਿਸੇ ਮੈਚ ਕਰਾਉਣ ਵਿਚ ਡਿਊਟੀ ਲੱਗੀ ਹੋਈ ਸੀ। ਮੈਂ ਜਾ ਕੇ ਸਾਰੀ ਗੱਲ ਕੁਲਵੰਤ ਸਿੰਘ ਵਿਰਕ ਨੂੰ ਦੱਸੀ ਤੇ ਓਸ ਗਰਾਊਂਡ ਵਿਚ ਜਾ ਕੇ ਮੈਜਿਸਟਰੇਟ ਨੂੰ ਬਾਪੂ ਨੂੰ ਜ਼ਮਾਨਤ ਤੇ ਛਡਣ ਲਈ ਕਿਹਾ। ਇਲਾਕਾ ਮੈਜਿਸਟਰੇਟ ਨੇ ਵਿਰਕ ਦੇ ਕਹਿਣ ਤੇ ਬਾਪੂ ਨੂੰ ਬਗੈਰ ਜ਼ਮਾਨਤ ਦੇ ਹੀ ਛਡ ਦਿਤਾ। ਰਾਅ ਸਿੱਖ ਕਈ ਹਫਤੇ ਜੇਲ੍ਹ ਵਿਚ ਰਹੇ ਤੇ ਫਿਰ ਕਿਤੇ ਜਾ ਕੇ ਉਹਨਾਂ ਦੀ ਜ਼ਮਾਨਤਾਂ ਹੋਈਆਂ। ਜਦ ਉਹ ਜ਼ਮਾਨਤਾਂ ਤੇ ਰਿਹਾ ਹੋ ਕੇ ਆਏ ਤਾਂ ਉਹ ਪਹਿਲਾਂ ਵਾਲੇ ਮਾਰ ਖੋਰੇ ਰਾਅ ਸਿੱਖ ਨਹੀਂ ਸਨ ਤੇ ਉਹ ਇਹ ਗੱਲ ਵੀ ਸਮਝ ਗਏ ਸਨ ਕਿ ਜ਼ਮੀਨ ਦੇ ਮਾਲਕ ਉਹ ਨਹੀਂ, ਸਗੋਂ ਅਸੀਂ ਸਾਂ ਜਿਨ੍ਹਾਂ ਨੂੰ ਸਰਕਾਰ ਵੱਲੋਂ ਜ਼ਮੀਨਾਂ ਅਲਾਟ ਹੋਈਆਂ ਸਨ। ਇਸ ਘਟਨਾ ਤੋਂ ਬਾਅਦ ਰਾਅ ਸਿੱਖਾਂ ਤੇ ਸਾਡੇ ਬੇਰੀਆਂ ਵਾਲੇ ਖੂਹ ਦੇ ਮਾਲਕਾਂ ਦਰਮਿਆਨ ਫਰਕ ਪੈਣਾ ਸ਼ੁਰੂ ਹੋ ਗਿਆ ਤੇ ਬੋਲ ਚਾਲ ਵੀ ਬੰਦ ਹੋ ਗਿਆ। ਬੇਰੀਆਂ ਵਾਲੇ ਖੂਹ ਤੇ ਹੁਣ ਸਾਨੂੰ ਇਕ ਦੂਜੇ ਤੋਂ ਡਰ ਵੀ ਲਗਦਾ ਸੀ।

ਕੁਝ ਦਿਨਾਂ ਬਾਅਦ ਐਫ. ਏ. ਦਾ ਨਤੀਜਾ ਨਿਕਲਿਆ ਤੇ ਮੈਂ ਫੇਲ ਸਾਂ। ਕਾਲਜ ਵਿਚ ਜਾ ਕੇ ਜਦੋਂ ਗਜ਼ਟ ਵੇਖਿਆ ਤਾਂ ਮੇਰੇ ਨਾਲ ਦੇ ਬਹੁਤੇ ਮੁੰਡੇ ਫੇਲ ਸਨ ਤੇ ਉਹਨਾਂ ਵਿਚੋਂ ਕਿਸੇ ਨੇ ਕਾਲਜ ਵਿਚ ਦੋਬਾਰਾ ਦਾਖਲਾ ਨਾ ਲਿਆ ਤੇ ਨੌਕਰੀਆਂ ਲਭਨ ਲਗੇ ਤੇ ਕੁਝ ਮਾਪਿਆਂ ਨਾਲ ਖੇਤੀਬਾੜੀ ਦੇ ਧੰਦੇ ਵਿਚ ਲਗ ਗਏ। ਮਹਿਲੇ ਨੇ ਛਛਰੌਲੀ ਪਟਵਾਰ ਦੇ ਕੋਰਸ ਵਿਚ ਦਾਖਲਾ ਲੈ ਲਿਆ। ਖੇਮ ਸਿੰਘ ਨੂੰ ਰੇਲਵੇ ਵਿਚ ਨੌਕਰੀ ਮਿਲ ਗਈ। ਸੰਤਾ ਸਿੰਘ ਅਨਟਰੇਂਡ ਟੀਚਰ ਲਗ ਗਿਆ। ਰਾਜਿੰਦਰ ਏਅਰਫੋਰਸ ਵਿਚ ਭਰਤੀ ਹੋ ਗਿਆ। ਹੋਰ ਮੁੰਡੇ ਵੀ ਏਧਰ ਓਧਰ ਖਿਲਰ ਗਏ। ਜਾਗੀਰ ਨੇ ਬੀ. ਏ. ਤਾਂ ਕਰ ਲਈ ਸੀ ਪਰ ਨੌਕਰੀ ਕੋਈ ਨਹੀਂ ਮਿਲ ਰਹੀ ਸੀ। ਉਹ ਬੀ. ਟੀ. ਵਿਚ ਦਾਖਲ ਹੋਣ ਬਾਰੇ ਸੋਚ ਰਿਹਾ ਸੀ ਕਿਉਂਕਿ ਮੋਹਿਤ ਐਮ. ਏ. ਕਰ ਕੇ ਮੁਰਾਦਾਬਾਦ ਬੀ. ਟੀ. ਕਰਨ ਚਲਾ ਗਿਆ ਸੀ। ਇਕ ਦਿਨ ਸਾਡੀ ਕਪਾਹ ਦੇ ਖੇਤ ਵਿਚ ਇਕ ਟਾਹਲੀ ਥਲੇ ਮੰਜੇ ਡਾਹ ਕੇ ਮੈਂ, ਭੁਪਿੰਦਰ, ਜਾਗੀਰ, ਤੇ ਜੋਧਪੁਰ ਵਾਲੇ ਪਰਕਾਸ਼ ਜਮੂੰ ਨੇ ਸਵੈ-ਵਿਕਾਸ ਕਰਨ ਦੀ ਮੀਟਿੰਗ ਕੀਤੀ। ਪ੍ਰੀਤਮ ਕਿਸੇ ਵਜ੍ਹਾ ਕਾਰਨ ਪਹੁੰਚ ਨਾ ਸਕਿਆ। ਇਸ ਮੀਟਿੰਗ ਵਿਚ ਇਹ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਨੌਕਰੀ ਮਿਲਣੀ ਤਾਂ ਬੜੀ ਔਖੀ ਹੈ, ਇਸ ਲਈ ਚਾਰੇ ਰਲ ਕੇ ਦਿੱਲੀ ਚਲੀਏ ਤੇ ਓਥੇ ਜਾ ਕੇ ਟੈਕਸੀ ਚਲਾਉਣ ਦਾ ਕੰਮ ਸ਼ੁਰੂ ਕੀਤਾ ਜਾਵੇ ਅਤੇ ਨਾਲ ਨਾਲ ਪੜ੍ਹਾਈ ਕੀਤੀ ਜਾਵੇ। ਘਰ ਦਿਆਂ ਤੇ ਬੋਝ ਨਾ ਬਣਿਆ ਜਾਵੇ ਕਿਓਂਕਿ ਉਹਨਾਂ ਵਿਚ ਸਾਨੂੰ ਪੜ੍ਹਾਉਣ ਦੀ ਹਿੰਮਤ ਨਹੀਂ ਸੀ। ਸਿਵਾਏ ਭੁਪਿੰਦਰ ਦੇ ਜੋ ਪੂਨੇ ਤੋਂ ਆਇਆ ਸੀ, ਕਿਸੇ ਨੇ ਦਿੱਲੀ ਨਹੀਂ ਵੇਖੀ ਸੀ। ਦਿੱਲੀ ਓਸ ਦਾ ਦੋਸਤ ਅਜੀਤ ਸਿੰਘ ਐਮ. ਪੀ. ਵੀ ਬਣ ਗਿਆ ਸੀ ਤੇ ਓਸ ਦਾ ਐਡਰੈਸ ਵੀ ਉਹਦੇ ਕੋਲ ਸੀ। ਹੋ ਸਕਦਾ ਕਿ ਉਹ ਵੀ ਸਾਨੂੰ ਕਿਤੇ ਨੌਕਰੀ ਲਵਾ ਦੇਵੇ। ਫੈਸਲਾ ਹੋਇਆ ਕਿ ਮੈਂ ਤੇ ਭੁਪਿੰਦਰ ਸਿੰਘ ਪਹਿਲਾਂ ਦਿੱਲੀ ਜਾ ਕੇ ਵੇਖੀਏ ਕਿ ਪੈਰ ਲਗ ਸਕਦੇ ਹਨ ਕਿ ਨਹੀਂ ਤੇ ਫਿਰ ਜਾਗੀਰ ਤੇ ਪਰਕਾਸ਼ ਨੂੰ ਵੀ ਬੁਲਾ ਲਵਾਂਗੇ।

ਮੇਰੀ ਮਾਂ ਵੀ ਚਹੁੰਦੀ ਸੀ ਕਿ ਮੈਂ ਕੁਝ ਚਿਰ ਲਈ ਖੂਹ ਤੋਂ ਕਿਤੇ ਦੂਰ ਚਲਾ ਜਾਵਾਂ ਕਿਓਂਕਿ ਕੈਦ ਕਟ ਕੇ ਆਏ ਰਾਅ ਸਿੱਖ ਕਿਧਰੇ ਮੈਨੂੰ ਇਕੱਲਾ ਦੁਕੱਲਾ ਵੇਖ ਕੇ ਵਾਰ ਨਾ ਕਰਨ। ਜਦ ਮੈਂ ਵਿਰਕ ਨੂੰ ਦਸਿਆ ਕਿ ਮੈਂ ਨੌਕਰੀ ਲਭਨ ਦਿੱਲੀ ਜਾ ਰਿਹਾ ਹਾਂ ਤਾਂ ਉਹ ਬੜਾ ਖੁਸ਼ ਹੋਇਆ ਤੇ ਮੈਨੂੰ ਕਹਿਣ ਲੱਗਾ ਕਿ ਓਥੇ ਕਰਤਾਰ ਸਿੰਘ ਦੁੱਗਲ ਜੋ ਦਿੱਲੀ ਰੇਡੀਓ ਸਟੇਸ਼ਨ ਤੇ ਕੰਮ ਕਰਦਾ ਹੈ, ਉਹਨੂੰ ਮੇਰਾ ਨਾਂ ਲੈ ਕੇ ਮਿਲੀਂ ਤੇ ਨਾਲੇ ਉਹਨੂੰ ਆਪਣੀਆਂ ਕਹਾਣੀਆਂ ਪੜ੍ਹਨ ਲਈ ਦਈਂ। ਉਹਦੇ ਨਾਲ ਈ ਇਕ ਹੋਰ ਰੇਡੀਓ ਦਾ ਅਫਸਰ ਲੋਚਨ ਬਖਸ਼ੀ ਬੈਠਦਾ ਹੈ, ਉਸ ਨੂੰ ਵੀ ਮਿਲੀਂ ਅਤੇ ਬਲਵੰਤ ਗਾਰਗੀ ਅਤੇ ਦੇਵਿੰਦਰ ਸਤਿਆਰਥੀ ਨੂੰ ਵੀ ਮਿਲੀਂ। ਮੈਂ ਤੇ ਭੁਪਿੰਦਰ ਦਿੱਲੀ ਜਾਣ ਦੀ ਤਿਆਰੀ ਕਰਨ ਲਗੇ। ਏਸ ਦੌਰਾਨ ਮੇਰਾ ਗਿਆਨੀ ਦਾ ਨਤੀਜਾ ਨਿਕਲ ਆਇਆ ਸੀ ਤੇ ਮੈਂ ਬਹੁਤ ਚੰਗੇ ਨੰਬਰ ਲੈ ਕੇ ਪਾਸ ਹੋ ਗਿਆ ਸਾਂ। ਅਸੀਂ ਕੁਝ ਪੈਸੇ ਇਕਠੇ ਕੀਤੇ, ਆਪਣੇ ਕਪੜੇ ਝੋਲਿਆਂ ਵਿਚ ਪਾਏ ਤੇ ਇਕ ਸ਼ਾਮ ਨੂੰ ਅਸਾਂ ਫਿਰੋਜ਼ਪੁਰ ਤੋਂ ਪੰਜਾਬ ਮੇਲ ਗੱਡੀ ਫੜ ਲਈ ਜੋ ਕਿਸੇ ਕਿਸੇ ਸਟੇਸ਼ਨ ਤੇ ਖੜ੍ਹਦੀ ਸੀ ਤੇ ਦਿਨ ਚੜ੍ਹਦੇ ਨੂੰ ਦਿੱਲੀ ਜਾ ਉਤਾਰਦੀ ਸੀ। ਇਸ ਦਾ ਕਿਰਾਇਆ ਦਿੱਲੀ ਜਾਣ ਵਾਲੀ ਦੂਜੀ ਪੈਸੈਂਜਰ ਗੱਡੀ ਨਾਲੋਂ ਵਧ ਸੀ ਪਰ ਇਹ ਛੇਤੀ ਪੁਚਾਉਂਦੀ ਸੀ। ਪੈਸਿੰਜਰ ਟਰੇਨ ਫਿਰੋਜ਼ਪੁਰ ਤੋਂ ਚਲਦੀ ਵੀ ਪਹਿਲਾਂ ਸੀ ਤੇ ਦਿੱਲੀ ਪਹੁੰਚਦੀ ਵੀ ਲੇਟ ਸੀ। ਇਹ ਗੱਡੀਆਂ ਦਿੱਲੀ ਤੋਂ ਅਗੇ ਬੰਬਈ ਨੂੰ ਚਲੀਆਂ ਜਾਂਦੀਆਂ ਸਨ। ਅਸੀਂ ਕੁਝ ਪੈਸੇ ਤਾਂ ਜੇਬਾਂ ਵਿਚ ਰਖ ਲਏ ਤੇ ਬਾਕੀ ਦੇ ਚੋਰੀ ਹੋਣ ਦੇ ਡਰੋਂ ਜੁਰਾਬਾਂ ਵਿਚ ਪਾ ਕੇ ਉਤੋਂ ਬੂਟ ਪਾ ਕੇ ਤਸਮੇਂ ਕੱਸ ਲਏ। ਸਾਨੂੰ ਕਿਸੇ ਨੇ ਦਸਿਆ ਸੀ ਕਿ ਗੱਡੀ ਵਿਚ ਚੋਰੀ ਬਹੁਤ ਹੁੰਦੀ ਹੈ ਅਤੇ ਦਿੱਲੀ ਵਿਚ ਵੀ ਜੇਬ ਕਤਰੇ ਬਹੁਤ ਹਨ। ਇਸ ਲਈ ਪਰਦੇਸ ਜਾਣ ਲਗਿਆਂ ਪੂਰੇ ਸਾਵਧਾਨ ਰਹਿਣ ਦੀ ਲੋੜ ਸੀ। ਭੁਪਿੰਦਰ ਨੇ ਦਿੱਲੀ ਵਿਚ ਹੋ ਰਹੇ ਤੈਰਾਕੀ ਦੇ ਇਕ ਮੁਕਾਬਲੇ ਵਿਚ ਵੀ ਹਿਸਾ ਲੈਣਾ ਸੀ। ਉਹਦਾ ਕਹਿਣਾ ਸੀ ਕਿ ਜੇ ਮੈਂ ਤੈਰਾਕੀ ਵਿਚੋਂ ਕੋਈ ਪੁਜ਼ੀਸ਼ਨ ਹਾਸਲ ਕਰ ਗਿਆ ਤਾਂ ਫਿਰ ਨੌਕਰੀ ਮਿਲਣ ਵਿਚ ਕੋਈ ਦਿਕਤ ਨਹੀਂ ਹੋਵੇਗੀ।

ਪੰਜਾਬ ਮੇਲ ਨੇ ਸਾਨੂੰ ਦਿਨ ਚੜ੍ਹਦੇ ਨੂੰ ਪੁਰਾਣੀ ਦਿੱਲੀ ਦੇ ਸਟੇਸ਼ਨ ਤੇ ਲਾਹ ਦਿਤਾ ਤੇ ਅਸੀਂ ਬਾਹਰ ਆ ਕੇ ਚਾਂਦਨੀ ਚੌਕ ਗੁਰਦਵਾਰੇ ਵਿਚ ਆ ਕੇ ਮਥਾ ਟੇਕਿਆ ਤੇ ਚਾਹ ਪਾਣੀ ਵੀ ਛਕਿਆ। ਚਾਂਦਨੀ ਚੌਕ ਵਿਚ ਜਿੰਨਾ ਭੀੜ ਭੜੱਕਾ ਸੀ, ਮੈਂ ਇਸ ਤੋਂ ਪਹਿਲਾਂ ਕਿਤੇ ਨਹੀਂ ਵੇਖਿਆ ਸੀ। ਲੋਕ ਬੜੀ ਕਾਹਲੀ ਕਾਹਲੀ ਤੁਰਦੇ ਸਨ ਤੇ ਇਕ ਦੂਜੇ ਵਿਚ ਵਜਦੇ ਸਨ। ਸੜਕ ਦੇ ਵਿਚੁਕਾਰ ਬਣੀ ਛੋਟੀ ਜਹੀ ਰੇਲ ਦੀ ਪਟੜੀ ਤੇ ਟਰਾਮ ਚਲਦੀ ਮੈਂ ਪਹਿਲੀ ਵਾਰ ਵੇਖੀ ਜੋ ਬਹੁਤੀ ਤੇਜ਼ ਨਹੀਂ ਚਲਦੀ ਸੀ ਅਤੇ ਲੋਕ ਮੌਜ ਨਾਲ ਉਤਰਦੇ ਤੇ ਚੜ੍ਹਦੇ ਸਨ। ਸ਼ਾਇਦ ਟਿਕਟ ਵੀ ਨਹੀਂ ਲੈਂਦੇ ਸਨ। ਇਸ ਦੀ ਸਪੀਡ ਵੀ ਬਹੁਤ ਘੱਟ ਸੀ। ਛੋਟੇ ਛੋਟੇ ਦੁਕਾਨਦਾਰਾਂ ਦਾ ਜਮਘਟਾ ਸੀ ਤੇ ਕਈ ਪਟੜੀਆਂ ਤੇ ਬੈਠੇ ਆਪਣਾ ਮਾਲ ਵੇਚ ਰਹੇ ਸਨ। ਗੁਰਦਵਾਰੇ ਦੇ ਆਸ ਪਾਸ ਪਿਸ਼ੌਰੀ ਤੇ ਰਾਵਲਪਿੰਡੀ ਦੇ ਭਾਪਿਆਂ ਦਾ ਗੜ੍ਹ ਦਿਸ ਰਿਹਾ ਸੀ। ਅਸੀਂ ਓਥੋਂ ਐਮ. ਪੀ. ਦੀ ਕੋਠੀ ਜੋ ਸਾਊਥ ਐਵੇਨਿਊ ਵਿਚ ਸੀ, ਜਾਣ ਲਈ ਬੱਸ ਦਾ ਨੰਬਰ ਪੁਛ ਕੇ ਉਹਦੇ ਵਿਚ ਚੜ੍ਹ ਕੇ ਉਸਦੇ ਫਲੈਟ ਵਿਚ ਪਹੁੰਚ ਗਏ। ਸਾਨੂੰ ਵੇਖ ਕੇ ਉਹ ਬਹੁਤ ਖੁਸ਼ ਹੋਇਆ ਤੇ ਬੜੇ ਪਿਆਰ ਨਾਲ ਮਿਲਿਆ। ਆਪਣੇ ਨੌਕਰ ਨੂੰ ਸਾਡੇ ਲਈ ਚਾਹ ਪਾਣੀ ਅਤੇ ਰੋਟੀ ਦਾ ਪਰਬੰਦ ਕਰਨ ਦਾ ਹੁਕਮ ਦਿਤਾ। ਕੁਝ ਦਿਨ ਵਿਚ ਅਸੀਂ ਆਲੇ ਦਵਾਲੇ ਦੇ ਮਾਹੌਲ ਨੂੰ ਸਮਝਣ ਅਤੇ ਉਸ ਨਾਲ ਇਕ ਮਿਕ ਹੋਣ ਜਾਂ ਸਮਝਣ ਦਾ ਯਤਨ ਕਰਦੇ ਰਹੇ। ਐਮ ਪੀ ਸਾਹਬ ਨੇ ਸਾਨੂੰ ਇਕ ਦਿਨ ਪਾਰਲੀਮੈਂਟ ਵੀ ਵਿਖਾਈ ਤੇ ਸਾਰਾ ਕੁਝ ਦਸਿਆ ਕਿ ਏਥੇ ਪੰਤਡ ਨਹਿਰੂ ਬੈਠਦੇ ਹਨ, ਇਥੇ ਸਪੀਕਰ ਬੈਦਾ ਹੈ ਅਤੇ ਇਧਰ ਵਿਰੋਦੀ ਪਾਰਟੀ ਬੈਠਦੀ ਹੈ ਅਤੇ ਇਸ ਪਾਸੇ ਹਾਕਮ ਪਾਰਟੀ ਦੇ ਮੈਂਬ ਅਤੇ ਵਜ਼ੀਰ ਬੈਠਦੇ ਹਨ। ਸਾਡੇ ਲਈ ਇਸ ਸਭ ਕੁਝ ਬਹੁਤ ਨਵਾਂ ਤੇ ਅਨੋਖਾ ਸੀ। ਇਹਨਾਂ ਲੀਡਰਾਂ ਦੀਆਂ ਤਸਵੀਰਾਂ ਅਸੀਂ ਕਦੀ ਕਦੀ ਅਖਬਾਰਾਂ ਵਿਚ ਵੇਖਦੇ ਸਾਂ।

**ਦਿੱਲੀ ਵਿਚ ਆਵਾਰਾਗਰਦੀ**
**ਕਿਸ਼ਤ 31**

ਐਮ. ਪੀ. ਦੇ ਫਲੈਟ ਤੋਂ ਰਾਸ਼ਟਰਪਤੀ ਭਵਨ ਵੀ ਬਹੁਤੀ ਦੂਰ ਨਹੀਂ ਸੀ। ਏਥੇ ਹੀ ਸਾਊਥ ਬਲਾਕ ਅਤੇ ਨਾਰਥ ਬਲਾਕ ਸੀ ਜਿਥੇ ਸਰਕਾਰੀ ਦਫਤਰ ਸਨ ਤੇ ਇਕ ਪਾਸੇ ਲੋਕ ਸਭਾ ਸੀ। ਉਸਦੇ ਪਰਲੇ ਪਾਰ ਤੀਨ ਮੂਰਤੀ ਵੀ ਇਸੇ ਇਲਾਕੇ ਵਿਚ ਸੀ ਜਿਥੇ ਪੰਡਤ ਜਵਾਹਰ ਲਾਲ ਨਹਿਰੂ ਦੀ ਕੋਠੀ ਸੀ ਜੋ ਭਾਰਤ ਦੇ ਪਹਿਲੇ ਪਰਧਾਨ ਮੰਤਰੀ ਸਨ। ਮੈਂ ਤੇ ਭੁਪਿੰਦਰ ਪੈਦਲ ਹੀ ਇਹ ਸਾਰੀਆਂ ਥਾਵਾਂ ਗਾਹ ਆਉਂਦੇ। ਰਾਸ਼ਟਰਪਤੀ ਭਵਨ ਦੇ ਚੁਫੇਰੇ ਪਾਰਲੀਮੈਂਟ ਦੇ ਮੈਂਬਰਜ਼ ਦੇ ਫਲੈਟਸ ਸਨ ਜੋ ਹਿੰਦੋਸਤਾਨ ਦੇ ਲਾਰਡਜ਼ ਸਨ। ਐਮ ਪੀਜ਼ ਨੂੰ ਰੇਲ ਗਡੀਆਂ ਦਾ ਸਫਰ ਫਰੀ ਸੀ ਤੇ ਉਹ ਵੀ ਫਸਟ ਕਲਾਸ ਦੇ ਡਬਿਆਂ ਵਿਚ। ਫਲੈਟਸ ਤੇ ਟੈਲੀਫੋਨਜ਼ ਵੀ ਫਰੀ ਸਨ। ਐਮ. ਪੀ. ਮੈਨੂੰ ਕਹਿਣ ਲਗਾ ਕਿ ਮੈਂ ਟਾਈਪ ਸਿੱਖ ਲਵਾਂ ਤੇ ਉਹ ਮੈਨੂੰ ਕਿਤੇ ਨੌਕਰੀ ਲਵਾ ਦੇਵੇਗਾ ਪਰ ਮੈਂ ਟਾਈਪ ਨਾ ਸਿੱਖ ਸਕਿਆ। ਸਵਮਿੰਗ ਵਿਚ ਭੁਪਿੰਦਰ ਤੀਜੇ ਚੌਥੇ ਦਰਜੇ ਤੇ ਆ ਗਿਆ ਸੀ ਤੇ ਅਖਬਾਰ ਵਿਚ ਉਸਦਾ ਨਾਂ ਵੀ ਆਇਆ ਸੀ ਪਰ ਦਿੱਲੀ ਵਿਚ ਨੌਕਰੀ ਲਭਣ ਲਈ ਇਸਦਾ ਕੋਈ ਮਤਲਬ ਨਹੀਂ ਸੀ। ਫਿਰੋਜ਼ਪੁਰੋਂ ਜੋ ਅਸੀਂ ਦਿੱਲੀ ਵਿਚ ਟੈਕਸੀਆਂ ਪਾਣ ਦਾ ਨਿਸ਼ਾਨਾ ਲੈ ਕੇ ਚਲੇ ਸਾਂ, ਉਸਦਾ ਵੀ ਕੋਈ ਮਤਲਬ ਨਹੀਂ ਸੀ ਕਿਓਂਕਿ ਟੈਕਸੀਆਂ ਦੇ ਲਾਈਸੈਂਸ ਲੈਣੇ, ਟੈਕਸੀਆਂ ਚਲਾਉਣੀਆਂ ਸਿੱਖਣੀਆਂ ਤੇ ਖਰੀਦਨੀਆਂ ਕੋਈ ਮਾਮੂਲੀ ਗੱਲ ਨਹੀਂ ਸੀ। ਸਭ ਤੋਂ ਵਡੀ ਸਮਸਿਆ ਤਾਂ ਇਸ ਕੰਮ ਲਈ ਚੋਖੇ ਪੈਸੇ ਚਾਹੀਦੇ ਸਨ ਅਤੇ ਸਾਡੇ ਕੋਲ ਤਾਂ ਸਾਈਕਲ ਖਰੀਦਣ ਜੋਗੇ ਵੀ ਪੈਸੇ ਨਹੀਂ ਸਨ। ਦਿੱਲੀ ਵੈਸੇ ਵੀ ਬੜਾ ਭੀੜ ਭੜੱਕੇ ਵਾਲਾ ਸ਼ਹਿਰ ਸੀ ਜੋ ਮੈਨੂੰ ਪਸੰਦ ਨਹੀਂ ਸੀ ਅਤੇ ਮੈਂ ਪੰਜਾਬ ਦੇ ਖੁਲ੍ਹੇ ਮੈਦਾਨਾਂ ਵਿਚੋਂ ਆਇਆ ਸਾਂ ਜਿਥੇ ਬੰਦਸ਼ ਬਹੁਤ ਘੱਟ ਸੀ। ਖੈਰ ਅਸੀਂ ਕੁਤਬ ਮੀਨਾਰ, ਕੁਤਬ ਦੀ ਲਾਠ, ਲਾਲ ਕਿਲਾ, ਬਿਰਲਾ ਮੰਦਰ, ਕਨਾਟ ਪਲੇਸ, ਗੁਰਦਵਾਰਾ ਰਕਾਬ ਗੰਜ, ਪਹਾੜ ਗੰਜ, ਕਰੋਲ ਬਾਗ, ਹਮਾਈਓਂ ਦਾ ਮਕਬਰਾ, ਤੇ ਹੋਰ ਬਹੁਤ ਸਾਰੀਆਂ ਥਾਵਾਂ ਦਿੱਲੀ ਵਿਚ ਵੇਖ ਲਈਆਂ ਸਨ। ਮੈਂ ਕਰਤਾਰ ਸਿੰਘ ਦੁੱਗਲ ਤੇ ਲੋਚਨ ਬਖਸ਼ੀ ਨੂੰ ਵੀ ਮਿਲ ਆਇਆ ਸਾਂ। ਦੁੱਗਲ ਇਹ ਸੁਣ ਕੇ ਤਾਂ ਬੜਾ ਖੁਸ਼ ਹੋਇਆ ਕਿ ਅਸੀਂ ਕਾਲਜ ਵਿਚ ਉਸਦਾ ਡਰਾਮਾ "ਇਕ ਸਿਫਰ ਸਿਫਰ" ਖੇਡਿਆ ਸੀ ਪਰ ਮੇਰੀਆਂ ਕਹਾਣੀਆਂ ਪੜ੍ਹ ਕੇ ਕਹਿਣ ਲੱਗਾ ਕਿ ਇਹ ਰੇਡੀਓ ਦੇ ਕੰਮ ਦੀਆਂ ਨਹੀਂ। ਬਲਵੰਤ ਗਾਰਗੀ ਨੂੰ ਮੈਂ ਫਲੈਟ ਤੋਂ ਤੁਰ ਕੇ ਕਈ ਵਾਰ ਸ਼ਾਮ ਨੂੰ ਮਿਲਣ ਲਈ 27 ਕਰਜ਼ਨ ਰੋਡ ਜਾਂਦਾ ਪਰ ਉਹ ਘਰ ਨਾ ਹੁੰਦਾ। ਗਾਰਗੀ ਦੀਆਂ ਲਿਖਤਾਂ ਦਾ ਮੇਰੇ ਤੇ ਬੜਾ ਅਸਰ ਸੀ। ਉਸਦਾ ਨਾਵਲ ਕੱਕਾ ਰੇਤਾ ਤੇ ਇਕਾਂਗੀ ਬੇਬੇ ਮੈਨੂੰ ਬਹੁਤ ਚੰਗਾ ਲਗਾ ਸੀ ਤੇ ਮੈਂ ਉਹਨੂੰ ਜ਼ਰੂਰ ਮਿਲਣਾ ਤੇ ਵੇਖਣਾ ਚਹੁੰਦਾ ਸਾਂ। ਉਸਦਾ ਨੌਕਰ ਹਥੀ ਸਿੰਘ ਕਹਿਣ ਲਗਾ ਕਿ ਮੈਂ ਕਿਸੇ ਸਵੇਰ ਵੇਲੇ ਆਵਾਂ ਤਾਂ ਉਹ ਘਰ ਹੁੰਦਾ ਹੈ। ਇਕ ਦਿਨ ਮੈਂ ਸਵੇਰੇ ਸਵੇਰੇ ਪਹੁੰਚ ਗਿਆ ਤਾਂ ਗਾਰਗੀ ਮਿਲ ਗਿਆ। ਬੈਠਾ ਲਿਖ ਰਿਹਾ ਸੀ। ਪੰਜਾਬੀ ਉਰਦੂ ਅਖਰਾਂ ਵਿਚ ਲਿਖ ਰਿਹਾ ਸੀ। ਕਹਿੰਦਾ ਅਜੇ ਮੈਂ ਗੁਰਮਖੀ ਲਿਖਣੀ ਸਿੱਖ ਰਿਹਾ ਹਾਂ। ਮਧਰਾ ਕੱਦ, ਤਿਖਾ ਨੱਕ, ਐਕਟਰਾਂ ਵਰਗੇ ਵਾਲ ਤੇ ਅੱਖਾਂ ਵਿਚ ਚਮਕ। ਜਦ ਮੈਂ ਆਪਣੇ ਬਾਰੇ , ਸ਼ਾਹਾਂ ਵਾਲੇ ਮਹਿਤੇ ਬਾਰੇ, ਬਠਿੰਡੇ ਦੇ ਟਿਬਿਆਂ ਬਾਰੇ ਤੇ ਉਹਦੇ ਨਾਟਕ ਲੋਹਾ ਕੁੱਟ ਬਾਰੇ ਦਸਿਆ ਤਾਂ ਬਹੁਤ ਖੁਸ਼ ਹੋਇਆ। ਬਹੁਤ ਆਲਾ ਪਿਰਚ ਪਿਆਲਿਆਂ ਵਿਚ ਉਹਦੇ ਨੌਕਰ ਨੇ ਚਾਹ ਪਿਆਈ। ਇਸ ਤਰ੍ਹਾਂ ਦੀ ਚਾਹ ਮੈਂ ਕਦੇ ਪਹਿਲਾਂ ਨਹੀਂ ਪੀਤੀ ਸੀ। ਫਿਰ ਉਹਦਾ ਧੋਬੀ ਆ ਗਿਆ ਜੋ ਉਹਦੀਆਂ ਪੈਂਟਾਂ ਤੇ ਕਮੀਜ਼ਾਂ ਗਿਣ ਗਿਣ ਕੇ ਦੱਸ ਰਿਹਾ ਸੀ। ਫਿਰ ਮਾਲੀ ਆ ਗਿਆ ਜੋ ਉਹਦੇ ਨਿਕੇ ਜੇ ਘਰ ਦੇ ਬਾਹਰ ਗਮਲਿਆਂ ਵਿਚ ਰਖੇ ਪੌਦਿਆਂ ਨੂੰ ਪਾਣੀ ਦਿੰਦਾ ਸੀ। ਵਿਰਕ ਤੋਂ ਬਾਅਦ ਇਕ ਲਿਖਾਰੀ ਨੂੰ ਉਹਦੇ ਘਰ ਵੇਖਣ ਦਾ ਇਹ ਮੇਰਾ ਪਹਿਲਾ

ਮੌਕਾ ਸੀ। ਮੈਂ ਕਿਹਾ ਕਿ ਮੈਂ ਕਈ ਵਾਰ ਸ਼ਾਮ ਨੂੰ ਤੁਹਾਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਮੇਲ ਨਹੀਂ ਹੋਇਆ। ਕਹਿਣ ਲੱਗਾ ਕਿ ਟੈਲੀਫੋਨ ਕਰ ਲੈਣਾ ਸੀ। ਮੈਂ ਕਿਹਾ ਕਿ ਮੇਰੇ ਕੋਲ ਤੁਹਾਡਾ ਟੈਲੀਫੋਨ ਨੰਬਰ ਨਹੀਂ ਸੀ ਅਤੇ ਨਾ ਹੀ ਮੈਨੂੰ ਟੈਲੀਫੋਨ ਕਰਨਾ ਔਂਦਾ ਹੈ। ਫਿਰ ਮੈਂ ਦਸਿਆ ਕਿ ਕੁਝ ਕਹਾਣੀਆਂ ਐਮ. ਬੀ. ਮਹਿਤਾ ਦੇ ਨਾਂ ਥਲੇ ਲਿਖੀਆਂ ਹਨ ਜੋ ਕਈ ਰਸਾਲਿਆਂ ਵਿਚ ਛਪੀਆਂ ਹਨ। ਉਸ ਨੇ ਕਿਹਾ ਮੈਂ ਪੜ੍ਹੀਆਂ ਹੋਈਆਂ ਹਨ। ਪਰ ਹੁਣ ਜਦ ਮਹਿਤਾ ਪਿੰਡ ਛਡ ਦਿਤਾ ਤਾਂ ਉਸਦਾ ਨਾਂ ਲਿਖਣ ਦਾ ਕੀ ਫਾਇਦਾ। ਮੈਂ ਕਿਹਾ ਵਿਰਕ ਸਾਹਿਬ ਵੀ ਇਹੀ ਕਹਿੰਦੇ ਸਨ ਅਤੇ ਹੁਣ ਮੈਂ ਬਲਬੀਰ ਮੋਮੀ ਨਾਂ ਹੇਠ ਲਿਖਦਾ ਹਾਂ। ਕਹਿੰਦਾ ਵਿਚ ਸਿੰਘ ਕਿਓਂ ਨਹੀਂ ਲਿਖਦੇ। ਮੈਂ ਕਿਹਾ ਜਿਵੇਂ ਤੁਸੀਂ ਬਲਵੰਤ ਅਤੇ ਗਾਰਗੀ ਦੇ ਵਿਚਾਲੇ ਕੁਝ ਨਹੀਂ ਲਿਖਦੇ, ਏਸੇ ਤਰ੍ਹਾਂ ਮੈਂ ਵੀ ਨਹੀਂ ਲਿਖਦਾ। ਅਮ੍ਰਿਤਾ ਪ੍ਰੀਤਮ ਵੀ ਵਿਚਾਲੇ ਕੁਝ ਨਹੀਂ ਲਿਖਦੀ ਅਤੇ ਦੱਤ ਭਾਰਤੀ ਵੀ। ਮੈਂ ਇਹ ਵੀ ਦਸਿਆ ਕਿ ਮੈਂ ਤੁਹਾਡੀ ਲੇਖਣੀ ਤੋਂ ਬਹੁਤ ਪ੍ਰਭਾਵਿਤ ਹਾਂ। ਅਚਲਾ ਸਚਦੇਵ ਬਾਰੇ ਤੁਸਾਂ ਜੋ ਆਰਟੀਕਲ ਪੰਜ ਦਰਿਆ ਵਿਚ ਲਿਖਿਆ ਸੀ, ਉਹ ਕਮਾਲ ਦਾ ਸੀ। ਸੁਣ ਕੇ ਖੁਸ਼ ਹੋਇਆ। ਗਾਰਗੀ ਨੇ ਲਾਹੌਰ ਤੋਂ ਐਮ. ਏ. ਇੰਗਲਿਸ਼ ਅਤੇ ਐਮ. ਏ. ਪੋਲੀਟੀਕਲ ਸਾਇੰਸ ਕੀਤੀ ਹੋਈ ਸੀ ਤੇ ਕੁਝ ਚਿਰ ਰੇਡੀਓ ਤੇ ਨੌਕਰੀ ਕੀਤੀ ਸੀ। ਕਰਤਾਰ ਸਿੰਘ ਦੁੱਗਲ, ਕੁਲਵੰਤ ਸਿੰਘ ਵਿਰਕ, ਕ੍ਰਿਸ਼ਨ ਚੰਦਰ, ਅਚਲਾ ਸਚਦੇਵ ਜੋ ਆਪਣੇ ਪਤੀ ਗਿਆਨ ਸਚਦੇਵ ਸਮੇਤ ਬੰਬਈ ਫਿਲਮਾਂ ਵਿਚ ਵਿਚ ਚਲੀ ਗਈ ਸੀ, ਇਹ ਸਾਰੇ ਲਾਹੌਰ ਦੇ ਪੜ੍ਹੇ ਹੋਏ ਸਨ ਤੇ ਆਪੋ ਵਿਚ ਯਾਰ ਬੇਲੀ ਸਨ ਤੇ ਇਕ ਯੁਗ ਦੇ ਮਾਲਕ ਸਨ। ਇਹਨਾਂ ਦੇ ਕਈ ਜਮਾਤੀ ਜਾਂ ਤਾਂ ਪ੍ਰੋਫੈਸਰ ਸਨ ਜਾਂ ਵਡੇ ਵਡੇ ਅਹੁਦਿਆਂ ਤੇ ਸਨ ਪਰ ਗਾਰਗੀ ਨੇ ਲਿਖ ਕੇ ਜੀਣ ਦਾ ਫੈਸਲਾ ਕਰ ਲਿਆ ਸੀ। ਖੈਰ ਗਾਰਗੀ ਬੜੇ ਤਪਾਕ ਨਾਲ ਮਿਲਿਆ। ਉਹਦਾ ਪਿਛੋਕੜ ਬਠਿੰਡੇ ਦਾ ਸੀ ਤੇ ਮੈਂ ਵੀ ਚਾਰ ਸਾਲ ਬਠਿੰਡੇ ਦੇ ਟਿਬਿਆਂ ਦੀ ਖਾਕ ਛਾਣੀ ਤੇ ਰੇਤਾ ਫਕਿਆ ਸੀ। ਭਾਵੇਂ ਮੈਂ ਉਹਦੇ ਅਗੇ ਕੁਝ ਵੀ ਨਹੀਂ ਸਾਂ ਪਰ ਉਸ ਨੇ ਮੈਨੂੰ ਹੌਸਲਾ ਦਿਤਾ ਤੇ ਲਿਖਦੇ ਪੜ੍ਹਦੇ ਰਹਿਣ ਤੇ ਵਾਪਸ ਪੰਜਾਬ ਜਾ ਕੇ ਚਿਠੀ ਪੱਤਰ ਕਰਦੇ ਰਹਿਣ ਲਈ ਕਿਹਾ।

ਇਕ ਦਿਨ ਸਰਦਾਰ ਹੁਕਮ ਸਿੰਘ ਤੇ ਉਹਨਾਂ ਦੇ ਨਾਲ ਇਕ ਮਧਰੇ ਕੱਦ ਦਾ ਨੌਜਵਾਨ ਜਿਸ ਦਾ ਨਾਂ ਬਲਵੰਤ ਸਿੰਘ ਸੀ, ਨਾਲ ਅਜੀਤ ਸਿੰਘ ਮੈਂਬਰ ਪਾਰਲੀਮੈਂਟ ਦੇ ਫਲੈਟ ਵਿਚ ਮੁਲਾਕਾਤ ਹੋਈ। ਬਲਵੰਤ ਸਿੰਘ ਅੰਗਰੇਜ਼ੀ ਵਿਚ ਸਰਦਾਰ ਹੁਕਮ ਸਿੰਘ ਜੋ ਪਿਛੋਂ ਹਿੰਦੋਸਤਾਨ ਦੀ ਪਾਰਲੀਮੈਂਟ ਦੇ ਸਪੀਕਰ ਬਣੇ, ਲਈ ਕੋਈ ਚਿਠੀ ਡਰਾਫਟ ਕਰ ਰਿਹਾ ਸੀ ਤੇ ਅਜੀਤ ਸਿੰਘ ਕਹਿ ਰਿਹਾ ਸੀ ਆਪਾਂ ਬਲਵੰਤ ਸਿੰਘ ਨੂੰ ਕਿਸੇ ਮਨਿਸਟਰੀ ਵਿਚ ਕਿਸੇ ਚੰਗੀ ਨੌਕਰੀ ਤੇ ਲਵਾਉਣਾ ਹੈ। ਅਜੀਤ ਸਿੰਘ ਸਰਦਾਰ ਹੁਕਮ ਸਿੰਘ ਨੂੰ ਕਹਿੰਦਾ ਕਿ ਸ. ਸਵਰਨ ਸਿੰਘ ਨੂੰ ਕਹੋ ਪਰ ਹੁਕਮ ਸਿੰਘ ਕਹਿੰਦੇ ਕਿ ਉਹ ਕਿਸੇ ਦੀ ਨਹੀਂ ਮੰਨਦਾ ਸੀ। ਗੁਰਮਖ ਸਿੰਘ ਮੁਸਾਫਰ ਦਾ ਫਲੈਟ ਵੀ ਲਾਗੇ ਈ ਸੀ। ਕਈ ਵਾਰ ਮੈਂ ਤੇ ਬਲਵੰਤ ਓਥੇ ਵੀ ਗੇੜਾ ਮਾਰ ਔਂਦੇ। ਵਲਿੰਗਟਨ ਹਾਸਪੀਟਲ ਵੀ ਇਹਨਾਂ ਫਲੈਟਸ ਤੋਂ ਨੇੜੇ ਹੀ ਪੈਂਦਾ ਸੀ। ਮੈਂ ਕੋਲ ਬੈਠੇ ਵੇਖਿਆ ਕਿ ਬਲਵੰਤ ਸਿੰਘ ਦੀ ਅੰਗਰੇਜ਼ੀ ਵਿਚ ਡਰਾਫਟਿੰਗ ਬੜੀ ਕਮਾਲ ਦੀ ਸੀ। ਉਹ ਜਿੰਨਾ ਨਿੱਕਾ ਸੀ, ਓਨਾ ਤਿੱਖਾ ਸੀ ਪਰ ਥੋੜ੍ਹੇ ਥੋੜ੍ਹੇ ਚਿਰ ਪਿਛੋਂ ਉਹਦੇ ਨੱਕ ਵਿਚੋਂ ਸਾਹ ਜਿਹਾ ਰੁਕਦਾ ਸੀ ਤੇ ਉਹ ਨਿਛਾਂ ਤੇ ਛੜਕੜੇ ਜਿਹੇ ਮਾਰ ਕੇ ਸਾਹ ਠੀਕ ਕਰ ਲੈਂਦਾ। ਪਿਛੋਂ ਜਦੋਂ ਉਹ ਪੰਜਾਬ ਵਿਚ ਵਜ਼ੀਰ ਬਣ ਗਿਆ ਸੀ ਤਾਂ ਬਾਹਰਲੇ ਮੁਲਕਾਂ ਵਿਚੋਂ ਨਕ ਖੁਲ੍ਹਣ ਵਾਲੇ ਮੰਗਵਾਏ ਸਪਰੇ ਇਸਤੇਮਾਲ ਕਰਦਾ ਸੀ। ਬਲਵੰਤ ਸਿੰਘ ਪਹਾੜ ਗੰਜ ਆਪਣੇ ਕਿਸੇ ਰਿਸ਼ਤੇਦਾਰ ਕੋਲ ਠਹਿਰਿਆ ਹੋਇਆ ਸੀ ਜਾਂ ਕਿਸੇ ਮਨਿਸਟਰੀ ਵਿਚ ਚੰਗੀ ਨੌਕਰੀ ਤੇ ਸੀ। ਉਹਦੇ ਕੋਲ ਆਪਣੇ ਰਿਸ਼ਤੇਦਾਰ ਦਾ ਰੈਲੇ ਸਾਈਕਲ ਸੀ ਜੋ ਉਹਨੀਂ ਦਿਨੀਂ ਬੜੀ ਵਡੀ ਗੱਲ ਸਮਝੀ ਜਾਂਦੀ ਸੀ ਅਤੇ ਕਿਸੇ ਕਿਸੇ ਕੋਲ ਹੀ ਹੁੰਦਾ ਸੀ। ਸਰਦਾਰ ਹੁਕਮ ਸਿੰਘ ਤੇ ਅਜੀਤ ਸਿੰਘ ਤਾਂ ਪਾਰਲੀਮੈਂਟ ਚਲੇ ਗਏ ਤੇ ਮੈਂ ਤੇ ਬਲਵੰਤ ਸਿੰਘ ਇੱਕਲੇ ਰਹਿ ਗਏ। ਉਹਨੇ ਦਸਿਆ ਕਿ ਉਹ ਸੁਲਤਾਨਪੁਰ ਲੋਧੀ ਲਾਗੇ ਪਿੰਡ ਸੈਦ ਪੁਰ ਦਾ ਰਹਿਣ ਵਾਲਾ ਕੰਬੋ ਸੀ ਤੇ ਉਹ ਸਾਰਾ ਇਲਾਕਾ ਕੰਬੋਆਂ ਦਾ ਸੀ। ਉਹਦੇ ਪਿੰਡ ਲਾਗੇ ਟਿੱਬਾ ਨਾਂ ਦਾ ਇਕ ਬਹੁਤ ਵਡਾ ਪਿੰਡ ਵੀ ਕੰਬੋਆਂ ਦਾ ਸੀ। ਪਿਛੋਂ ਪਿੰਡੋਂ ਜ਼ਮੀਨ ਤਾਂ ਮਸਾਂ ਗੁਜ਼ਾਰੇ ਜੋਗੀ ਸੀ ਪਰ ਉਹਨੇ ਹੋਸ਼ਿਆਰਪੁਰ ਤੋਂ ਇਕਨਾਮਿਕਸ ਵਿਚ ਸੈਕੰਡ ਡਵੀਜ਼ਨ ਵਿਚ ਐਮ. ਏ. ਕੀਤੀ, ਥੋੜ੍ਹਾ ਚਿਰ ਪੜ੍ਹਾਇਆ ਸੀ ਤੇ ਫਿਰ ਦਿੱਲੀ ਕਿਸੇ ਵਡੀ ਨੌਕਰੀ ਦੀ ਤਲਾਸ਼ ਵਿਚ ਆਇਆ ਹੋਇਆ ਸੀ। ਪਹਿਲੀਆਂ ਲੋਕ ਸਭਾ ਦੀਆਂ ਚੋਣਾਂ ਵਿਚ ਉਹਨੇ ਸਰਦਾਰ ਹੁਕਮ ਸਿੰਘ ਅਤੇ ਅਜੀਤ ਸਿੰਘ ਦੀ ਬੜੀ ਮਦਦ ਕੀਤੀ ਸੀ ਜਿਨ੍ਹਾਂ ਨੇ ਪੈਪਸੂ ਦੇ ਕਪੂਰਥਲਾ ਅਤੇ ਬਠਿੰਡੇ ਤੋਂ ਸਾਂਝੀ ਚੋਣ ਲੜੀ ਸੀ। ਪੈਪਸੂ ਵਿਚ ਉਸ ਵੇਲੇ ਇਕ ਸੀਟ ਦੇ ਨਾਲ ਦੂਜੀ ਰੀਜ਼ਰਵ ਸੀਟ ਸੀ ਜਿਸ ਲਈ ਅਕਾਲੀ ਦਲ ਨੇ ਸਰਦਾਰ ਅਜੀਤ ਸਿੰਘ ਨੂੰ ਆਪਣੇ ਉਮੀਦਵਾਰਾਂ ਵਜੋਂ ਖੜ੍ਹੇ ਕੀਤਾ ਸੀ ਤੇ ਦੋਵੇਂ ਜਿੱਤ ਗਏ ਸਨ। ਮੈਨੂੰ ਤਾਂ ਓਸ ਵੇਲੇ ਪਾਲੇਟਿਕਸ ਦੀ ਕੋਈ ਸਮਝ ਨਹੀਂ ਸੀ ਪਰ ਬਲਵੰਤ ਸਿੰਘ ਨੂੰ ਇਸਦੀ ਕਾਫੀ ਜਾਣਕਾਰੀ ਸੀ। ਜਦ ਮੈਂ ਓਸ ਨੂੰ ਦਸਿਆ ਕਿ ਮੈਂ ਵੀ ਕੰਬੋ ਹਾਂ। ਫਿਰੋਜ਼ਪੁਰ ਲਾਗੇ ਇਕ ਪਿੰਡ ਵਿਚ ਜ਼ਮੀਨ ਅਲਾਟ ਹੋਈ ਹੈ ਤੇ ਮੈਂ ਵੀ ਨੌਕਰੀ ਦੀ ਤਲਾਸ਼ ਵਿਚ ਦਿੱਲੀ ਆਇਆ ਹਾਂ ਤਾਂ ਬੜਾ ਖੁਸ਼ ਹੋਇਆ। ਸਾਡੀ ਦੋਸਤੀ ਹੋ ਗਈ। ਕਈ ਵਾਰ ਉਹ ਐਮ. ਪੀ. ਦੇ ਫਲੈਟ ਵਿਚ ਹੀ ਰਾਤ ਰਹਿ ਜਾਂਦਾ ਅਤੇ ਜ਼ਿਆਦਾ ਮਿਲਣ ਆਏ ਲੋਕਾਂ ਕਾਰਨ ਮੰਜੇ ਘੱਟ ਹੋਣ ਤੇ ਅਸੀਂ ਇਕੋ ਮੰਜੇ ਤੇ ਹੀ ਸੌਂ ਜਾਂਦੇ। ਉਹਦੀਆਂ ਲੱਤਾਂ ਛੋਟੀਆਂ ਸਨ ਇਸ ਲਈ ਮੈਂ ਉਹਨੂੰ ਸਾਈਕਲ ਦੇ ਡੰਡੇ ਅਗੇ ਬਿਠਾ ਕੇ ਸਾਈਕਲ ਚਲਾਉਂਦਾ ਤੇ ਅਸੀਂ ਸਾਰਾ ਸਾਰਾ ਦਿਨ ਦਿੱਲੀ ਵਿਚ ਘੁੰਮਦੇ ਰਹਿੰਦੇ। ਦਿੱਲੀ ਦੀ ਉਹਨੂੰ ਕਾਫੀ ਵਾਕਫੀ ਸੀ। ਮਨਿਸਟਰੀਆਂ ਬਾਰੇ ਬਹੁਤ ਪਤਾ ਸੀ। ਕਨਾਟ ਪਲੇਸ ਦੇ ਕਾਫੀ ਹਾਊਸ ਵਿਚ ਮੈਂ ਪਹਿਲੀ ਵਾਰ ਉਹਦੇ ਨਾਲ ਕਾਫੀ ਪੀਤੀ। ਇਸੇ ਤਰ੍ਹਾਂ ਪੈਲਸ ਹਾਈਟ ਹੋਟਲ ਦੀ ਬਾਰ ਵਿਚ ਬੀਅਰ ਵੀ ਪਹਿਲੀ ਵਾਰ ਮੈਂ ਉਹਦੇ ਨਾਲ ਪੀਤੀ। ਮਦਰਾਸ ਹੋਟਲ ਤੋਂ

ਮਦਰਾਸੀ ਖਾਣਾ ਵੀ ਪਹਿਲੀ ਵਾਰ ਉਹਦੇ ਨਾਲ ਖਾਧਾ ਜਿਥੇ ਮਦਰਾਸੀ ਅਰਕਾਂ ਤਕ ਬਾਹਵਾਂ ਚੜ੍ਹਾ ਕੇ ਹਥਾਂ ਨਾਲ ਹੀ ਖਾਂਦੇ ਸਨ ਤੂੜੀ ਵਿਚ ਵੰਡ ਰਲਾ ਕੇ ਖੁਰਲੀ ਵਿਚ ਗਤਾਵਾ ਕਰ ਰਹੇ ਹੋਣ। ਇੰਗਲਿਸ਼ ਪਿਕਚਰ ਵੀ ਕਨਾਟ ਪਲੇਸ ਦੇ ਇਕ ਸਿਨਮੇ ਵਿਚ ਪਹਿਲੀ ਵਾਰ ਮੈਂ ਬਲਵੰਤ ਸਿੰਘ ਨਾਲ ਹੀ ਵੇਖੀ। ਸਾਹਿਰ ਲੁਧਿਆਣਵੀ ਦੀਆਂ ਉਰਦੂ ਵਿਚ ਨਜ਼ਮਾਂ ਦੀਆਂ ਕਿਤਾਬਾਂ "ਤਲਖੀਆਂ" ਤੇ "ਪਰਛਾਈਆਂ" ਬਲਵੰਤ ਸਿੰਘ ਨੂੰ ਬਹੁਤ ਪਸੰਦ ਸਨ। ਉਹ ਦੇਵਿੰਦਰ ਸਤਿਆਰਥੀ ਨੂੰ ਵੀ ਮਿਲ ਚੁਕਾ ਸੀ ਜੋ ਮਹੀਨਾਵਾਰ ਛਪਣ ਵਾਲੇ ਹਿੰਦੀ ਮੈਗਜ਼ੀਨ "ਆਜ ਕਲ" ਦਾ ਐਡੀਟਰ ਸੀ। ਚੰਗੀ ਤਨਖਾਹ ਲੈਂਦਾ ਸੀ ਤੇ ਬੇਅਰ ਰੋਡ ਤੇ ਰਹਿੰਦਾ ਸੀ। ਸ. ਅਜੀਤ ਸਿੰਘ ਵੀ ਪਿਕਚਰਾਂ ਵੇਖਣ ਤੇ ਗੱਲਾਂ ਸੁਨਾਉਣ ਦਾ ਬੜਾ ਸ਼ੁਕੀਨ ਸੀ ਤੇ ਉਸ ਨਾਲ ਜਾ ਕੇ ਅਸੀਂ ਰੀਗਲ ਵਿਚ ਕਈ ਪਿਕਚਰਾਂ ਵੇਖੀਆਂ। ਅਜੀਤ ਸਿੰਘ ਜੋ ਫਿਰੋਜ਼ਪੁਰ ਮਿਲਟਰੀ ਵਿਚ ਕੋਈ ਸਿਵਲ ਨੌਕਰੀ ਕਰਦਾ ਰਿਹਾ ਸੀ, ਦੀ ਫਿਰੋਜ਼ਪੁਰ ਬਾਰੇ ਕਾਫੀ ਜਾਣਕਾਰੀ ਸੀ ਤੇ ਆਮ ਲੋਕਾਂ ਵਿਚ ਵਿਚਰਨ ਦਾ ਚਾਹਵਾਨ ਸੀ। ਅਮੀਰਾਂ ਨੂੰ ਉਹ ਦਿਲੋਂ ਨਹੀਂ ਚਹੁੰਦਾ ਸੀ। ਉਹ ਵੀ ਪਿਛੋਂ ਸ਼ਾਇਦ ਜ਼ਿਲਾ ਮਿੰਟਗੁਮਰੀ ਵਿਚੋਂ ਆਇਆ ਸੀ ਅਤੇ ਪਾਕਿਸਤਾਨ ਵਿਚ ਰਹਿ ਗਈ ਧਰਤੀ ਦੀਆਂ ਕਈ ਯਾਦਾਂ ਨਾਲ ਉਹਦੀ ਝੋਲੀ ਭਰੀ ਹੋਈ ਸੀ।

ਭੁਪਿੰਦਰ ਨੂੰ ਪਿਛੋਂ ਚਿਠੀ ਆਈ ਤੇ ਉਹ ਫਿਰੋਜ਼ਪੁਰ ਨੂੰ ਮੁੜ ਗਿਆ। ਮੈਨੂੰ ਅਜੀਤ ਸਿੰਘ ਨੇ ਰੁਕਣ ਲਈ ਕਹਿ ਦਿਤਾ। ਕਈ ਵਾਰ ਮੈਂ ਤੇ ਬਲਵੰਤ ਸਿੰਘ ਉਹਦੇ ਫਲੈਟ ਵਿਚ ਕੋਇਲਿਆਂ ਵਾਲੀ ਅੰਗੀਠੀ ਭਖਾਉਂਦੇ, ਸਫਾਈਆਂ ਕਰਦੇ ਅਤੇ ਦਰੀਆਂ ਝਾੜਦੇ। ਬਲਵੰਤ ਸਿੰਘ ਅੰਗਰੇਜ਼ੀ ਦੀਆਂ ਅਖਬਾਰਾਂ ਵਿਚੋਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀਆਂ ਵਡੀਆਂ ਵਡੀਆਂ ਗਜ਼ਟਡ ਪੋਸਟਾਂ ਦੇ ਇਸ਼ਤਿਹਾਰ ਵੇਖਦਾ ਰਹਿੰਦਾ ਤੇ ਫਾਰਮ ਭਰਦਾ ਰਹਿੰਦਾ। ਮੈਂ ਕੋਈ ਛੋਟੀ ਮੋਟੀ ਨੌਕਰੀ ਮਿਲ ਜਾਵੇ ਦੀ ਤਲਾਸ਼ ਕਰਦਾ ਰਹਿੰਦਾ। ਕਈ ਵਾਰ ਬਲਵੰਤ ਸਿੰਘ ਮੈਨੂੰ ਪਹਾੜ ਗੰਜ ਕੇਸਰੀ ਢਾਬੇ ਲੈ ਜਾਂਦਾ ਜਿਥੇ ਓਸ ਦੇਸੀ ਘਿਓ ਦੀ ਪੀਪੀ ਰਖੀ ਹੋਈ ਸੀ ਤੇ ਅਸੀਂ ਦਾਲ ਨੂੰ ਤੜਕਾ ਲਵਾ ਕੇ ਰੋਟੀ ਖਾਂਦੇ। ਰੋਟੀ ਦੀ ਥਾਲੀ ਓਦੋਂ ਚਾਰ ਆਨੇ ਦੀ ਹੁੰਦੀ ਸੀ। ਸ਼ਾਇਦ ਮੈਂ ਮਹੀਨਾ ਕੁ ਦਿੱਲੀ ਰਿਹਾ ਹੋਵਾਂਗਾ ਅਤੇ ਪਟਿਆਲੇ ਓਸ ਨਰਸ ਕੁੜੀ ਦੇ ਭਰਾ ਨੂੰ ਇਕ ਚਿਠੀ ਵੀ ਲਿਖ ਦਿਤੀ ਕਿ ਮੈਂ ਨੌਕਰੀ ਦੀ ਤਲਾਸ਼ ਵਿਚ ਦਿੱਲੀ ਆਇਆ ਹੋਇਆ ਹਾਂ। ਇਸ ਚਿਠੀ ਦਾ ਕੋਈ ਜਵਾਬ ਨਾ ਆਇਆ। ਦਿੱਲੀ ਵਿਚ ਕਾਫੀ ਆਵਾਰਾਗਰਦੀ ਕੀਤੀ ਤੇ ਅਖੀਰ ਮਨ ਨੇ ਫੈਸਲਾ ਕਰ ਲਿਆ ਕਿ ਏਥੇ ਕੋਈ ਨੌਕਰੀ ਨਹੀਂ ਮਿਲਣੀ ਤੇ ਮੁੜ ਜਾਣਾ ਹੀ ਠੀਕ ਰਹੇਗਾ। ਬਲਵੰਤ ਸਿੰਘ ਵੀ ਮੁੜਨ ਦੀ ਸੋਚ ਰਿਹਾ ਸੀ। ਕਹਿਣ ਲੱਗਾ ਕਿ ਪਿੰਡ ਜਾ ਕੇ ਚਿਠੀ ਲਿਖਦਾ ਰਹੀਂ ਤੇ ਹਾਲ ਚਾਲ ਦਸਦਾ ਰਹੀਂ। ਮੈਂ ਉਹਨੂੰ ਦਸਿਆ ਸੀ ਕਿ ਮੇਰੀ ਪਟਿਆਲੇ ਦੀ ਇਕ ਨਰਸ ਲੱਗੀ ਲੜਕੀ ਨਾਲ ਵਿਆਹ ਦੀ ਗੱਲ ਬਾਤ ਚਲ ਰਹੀ ਹੈ ਅਤੇ ਉਹ ਵੀ ਦਸਦਾ ਕਿ ਮੇਰੀ ਵੀ ਕਪੂਰਥਲੇ ਇਕ ਵਡੇ ਘਰ ਦੀ ਲੜਕੀ ਨਾਲ ਮੰਗਣੀ ਦੀ ਗੱਲ ਚੱਲ ਰਹੀ ਹੈ। ਦੋਵੇਂ ਨੌਜਵਾਨ ਸਾਂ ਤੇ ਬੜੀਆਂ ਖੁਲ੍ਹੀਆਂ ਗੱਲਾਂ ਕਰ ਲੈਂਦੇ ਜਿਨ੍ਹਾਂ ਵਿਚ ਕੁੜੀਆਂ ਦੀਆਂ ਗੱਲਾਂ ਆਮ ਹੁੰਦੀਆਂ ਸਨ।

**ਕਿਹੋ ਜਿਹਾ ਸੀ ਜੀਵਨ?ਬਲਬੀਰ ਮੋਮੀ**

ਕਿਸ਼ਤ: 32
**ਰਾਅ ਸਿੱਖਾਂ ਦਾ ਖੂਹ ਛਡ ਕੇ ਬੀਕਾਨਰ ਵੱਲ ਨੂੰ ਨਿਕਲ ਜਾਣਾ**

ਦਿੱਲੀ ਵਿਚ ਆਵਾਰਾਗਰਦੀ ਕਰਦਿਆਂ ਦਿਲ ਵਿਚ ਅਮ੍ਰਿਤਾ ਪ੍ਰੀਤਮ ਨੂੰ ਵੇਖਣ ਦੀ ਬੜੀ ਰੀਝ ਸੀ ਕਿਓਂਕਿ ਉਹਦੀ ਕਵਿਤਾ" "ਅਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ-ਤੇ ਅਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ" ਨੇ ਮੇਰੇ ਦਿਲ ਵਿਚ ਦੋਵਾਂ ਪੰਜਾਬਾਂ ਵਿਚ ਹੋਈ ਔਰਤ ਦੀ ਬੇਪਤੀ ਤੇ ਪੁਕਾਰ ਦੀ ਧੂ ਪਾ ਦਿਤੀ ਸੀ। ਕਵਿਤਾ ਮੈਨੂੰ ਬਹੁਤ ਚੰਗੀ ਲੱਗੀ ਸੀ ਤੇ ਸਾਰੀ ਮੈਨੂੰ ਜ਼ਬਾਨੀ ਯਾਦ ਹੋ ਗਈ ਸੀ। ਇਸ ਕਵਿਤਾ ਨੇ ਅਮ੍ਰਿਤਾ ਨੂੰ ਇਕ ਦਮ ਹੀ ਅਸਮਾਨ ਤੇ ਪੁਚਾ ਦਿਤਾ ਸੀ। ਏਸੇ ਤਰ੍ਹਾਂ ਜਿਵੇਂ ਪ੍ਰੋ: ਮੋਹਨ ਸਿੰਘ ਨੂੰ ਉਹਦੀ ਕਵਿਤਾ "ਅੰਬੀ ਦਾ ਬੂਟਾ" ਅਤੇ "ਬਸੰਤ" ਨੇ ਜੋ ਪੁਸਤਕ "ਸਾਵੇ ਪੱਤਰ" ਵਿਚ ਦਰਜ ਸਨ, ਪੰਜਾਬੀ ਸ਼ਾਇਰੀ ਦੇ ਉਤਲੇ ਡੰਡੇ ਤੇ ਲਿਆ ਖੜ੍ਹਾ ਕੀਤਾ ਸੀ। ਮੈਂ ਬਲਵੰਤ ਸਿੰਘ ਨੂੰ ਕਿਹਾ ਕਿ ਅਮ੍ਰਿਤਾ ਪ੍ਰੀਤਮ ਨੂੰ ਮਿਲਣ ਦੀ ਸਬੀਲ ਬਣਾਈਏ ਪਰ ਗੱਲ ਬਣ ਨਾ ਸਕੀ। ਪਾਕਿਸਤਾਨ ਵਾਲੇ ਪਿੰਡ ਨਵਾਂ ਪਿੰਡ ਰਹਿੰਦਿਆਂ ਜਦੋਂ ਮੈਂ ਅਜੇ ਪੰਜਵੀਂ ਛੇਵੀਂ ਜਮਾਤ ਵਿਚ ਹੀ ਪੜ੍ਹਦਾ ਸਾਂ ਤਾਂ ਅਮ੍ਰਿਤ ਕੌਰ ਨਾਂ ਹੇਠ ਉਸਦੀ ਕਵਿਤਾਵਾਂ ਦੀ ਛਪੀ ਪਹਿਲੀ ਕਿਤਾਬ "ਅਮ੍ਰਿਤ ਲਹਿਰਾਂ" ਪੜ੍ਹੀ ਹੋਈ ਸੀ ਜੋ ਅਮ੍ਰਿਤਾ ਦੀ 16-17 ਸਾਲ ਦੀ ਉਮਰ ਵਿਚ ਛਪ ਗਈ ਸੀ। ਇਸ ਕਿਤਾਬ ਦੀਆਂ ਕਵਿਤਾਵਾਂ ਕੁਝ ਧਾਰਮਿਕ ਤੇ ਆਮ ਫਹਿਮ ਹੀ ਸਨ। ਇਸ ਕਿਤਾਬ ਵਿਚੋਂ ਮੈਨੂੰ ਕਈ ਕਵਿਤਾਵਾਂ ਜ਼ਬਾਨੀ ਯਾਦ ਸਨ ਜੋ ਮੈਂ ਕਦੀ ਕਦੀ ਨਵੇਂ ਪਿੰਡ ਦੇ ਗੁਰਦਵਾਰੇ ਜਾਂ ਪਿੰਡ ਵਿਚ ਨਗਰ ਕੀਰਤਨ ਨਿਕਲਣ ਵੇਲੇ ਵਿਚ ਸਟੇਜ ਤੇ ਚੜ੍ਹ ਕੇ ਸੁਣਾਇਆ ਕਰਦਾ ਸਾਂ।

31 ਅਗਸਤ, 1919 ਨੂੰ ਜੰਮੀ ਅਮ੍ਰਿਤਾ ਦਾ ਜਨਮ ਗੁਜਰਾਂਵਾਲੇ ਦਾ ਸੀ। ਸਾਡਾ ਜ਼ਿਲਾ ਸ਼ੇਖੂਪੁਰਾ ਵੀ ਓਸ ਵੇਲੇ ਗੁਜਰਾਂਵਾਲੇ ਜ਼ਿਲੇ ਦੀ ਤਹਿਸੀਲ ਹੋਇਆ ਕਰਦਾ ਸੀ। ਅਮ੍ਰਿਤਾ ਦੇ ਪਿਤਾ ਕਰਤਾਰ ਸਿੰਘ ਹਿਤਕਾਰੀ ਜਿਥੇ ਸਿੱਖੀ ਖਿਆਲਾਂ ਵਾਲੇ ਅਧਿਆਪਕ ਸਨ, ਓਥੇ ਬ੍ਰਿਜ ਭਾਸ਼ਾ ਦੇ ਗਿਆਤਾ ਤੇ ਵਿਦਵਾਨ ਵੀ ਸਨ। ਅਮ੍ਰਿਤਾ ਗਿਆਰਾਂ ਸਾਲਾਂ ਦੀ ਸੀ ਜਦ ਉਹਦੀ ਮਾਂ ਮਰ ਗਈ ਸੀ। ਫਿਰ ਇਹ ਪਰਵਾਰ ਗੁਜਰਾਂਵਲੇ ਤੋਂ ਲਾਹੌਰ ਆ ਗਿਆ ਅਤੇ ਅਮ੍ਰਿਤਾ ਦਾ ਵਿਆਹ ਲਾਹੌਰ ਦੇ ਇਕ ਅਮੀਰ ਪਰਵਾਰ ਵਿਚ ਸ. ਪ੍ਰੀਤਮ ਸਿੰਘ ਨਾਲ ਹੋਇਆ ਸੀ। ਵੰਡ ਪਿਛੋਂ ਕਈ ਸ਼ਹਿਰਾਂ ਜਿਵੇਂ ਡੇਰਾਦੂਨ ਆਦਿ ਵਿਚ ਆਰਜ਼ੀ ਤੌਰ ਤੇ ਰਹਿਣ ਪਿਛੋਂ ਅਮ੍ਰਿਤਾ ਦਿੱਲੀ ਸੈਟਲ ਹੋ ਗਈ ਸੀ ਤੇ ਦਿੱਲੀ ਰੇਡੀਓ ਸਟੇਸ਼ਨ ਤੇ ਨੌਕਰੀ ਕਰਦੀ ਸੀ ਜਿਥੇ ਉਹਦਾ ਕੰਮ ਥੋੜ੍ਹੇ ਸਮੇਂ ਦਾ ਪੰਜਾਬੀ ਪਰੋਗਰਾਮ ਪੇਸ਼ ਕਰਨਾ ਸੀ। ਖੈਰ, ਮੈਂ ਅਮ੍ਰਿਤਾ ਨੂੰ ਮਿਲਣ ਵਿਚ ਕਾਮਯਾਬ ਨਾ ਹੋ ਸਕਿਆ ਤੇ 1956 ਵਿਚ ਜਦ ਦੋਬਾਰਾ ਦਿੱਲੀ ਗਿਆ ਤਾਂ ਪੰਜਾਬੀ ਲੇਖਕ ਗੁਰਬਖਸ਼ ਬਹਾਲਵੀ ਨਾਲ ਅਮ੍ਰਿਤਾ ਨੂੰ ਉਸਦੇ ਪਟੇਲ ਨਗਰ ਵਾਲੇ ਘਰ ਵਿਚ ਮਿਲਿਆ ਸਾਂ। ਉਹ ਕਿਸੇ ਫਿਲਮ ਐਕਟ੍ਰੈਸ ਜਿਵੇਂ ਮਧੂਬਾਲਾ ਨਾਲੋਂ ਵੀ ਜ਼ਿਆਦਾ ਖੂਬਸੂਰਤ ਸੀ। ਸ. ਪ੍ਰੀਤਮ ਸਿੰਘ ਦੀ ਓਸ ਵੇਲੇ ਸਦਰ ਬਾਜ਼ਾਰ ਵਿਚ ਬੜੀ ਵਡੀ ਕਰਾਕਰੀ ਦੀ ਦੁਕਾਨ ਸੀ ਤੇ ਪੰਜਾਬੀ ਸ਼ਾਇਰ ਬਿਸ਼ਨ ਨੇ ਉਪਾਸ਼ਕ ਨੇ ਮੈਨੂੰ ਉਹਨਾਂ ਨਾਲ ਮਿਲਾਇਆ ਸੀ।

ਦਿੱਲੀ ਮੈਂ ਪ੍ਰੀਤਮ ਸਿੰਘ ਸਫੀਰ ਨੂੰ ਵੀ ਮਿਲਣਾ ਚਹੁੰਦਾ ਸਾਂ ਜਿਸ ਦੀਆਂ ਕਵਿਤਾਵਾਂ "ਹਸਤਨਾ ਪੁਰ ਦਾ ਜ਼ਮਾਨਾ ਨਹੀਂ ਹੁਣ", "ਇਕ ਮਿੱਟੀ ਦੀ ਮੁਠੀ" ਅਤੇ "ਬਰਸਾਤ" ਸਾਡੇ ਐਫ. ਏ.ਦੇ ਕੋਰਸ ਵਿਚ ਲੱਗੀਆਂ ਹੋਈਆਂ ਸਨ। ਇਹ ਕਵਿਤਾਵਾਂ ਵੀ ਮੈਨੂੰ ਜ਼ਬਾਨੀ ਯਾਦ ਸਨ ਅਤੇ ਕਵਿਤਾ "ਬਰਸਾਤ" ਭਾਵੇਂ ਬਹੁਤ ਔਖੀ, ਅਰਧ-ਅਧਿਆਤਮਿਕ, ਸੰਕੇਤਮਈ, ਚਿੰਨ੍ਹਆਤਮਕ ਅਤੇ ਡੂੰਘੀ ਸੀ ਪਰ ਇਸਦੇ ਬਾਵਜੂਦ ਮੈਨੂੰ ਬਹੁਤ ਪਸੰਦ ਸੀ। ਪ੍ਰੀਤਮ ਸਿੰਘ ਸਫੀਰ ਜੋ ਨਵਾਂ ਜ਼ਮਾਨਾ ਅਖਬਾਰ ਦੇ ਮਾਲਕ ਜਗਜੀਤ ਸਿੰਘ ਅਨੰਦ ਦਾ ਭਰਾ ਸੀ, ਦਿੱਲੀ ਵਿਚ ਵਕੀਲ ਸੀ ਅਤੇ ਕਰੋਲ ਬਾਗ ਰਹਿੰਦਾ ਸੀ। ਬਹੁਤ ਬਾਅਦ ਵਿਚ ਸਫੀਰ ਸੁਪਰੀਮ ਕੋਰਟ ਦਾ ਜੱਜ ਵੀ ਬਣ ਗਿਆ ਸੀ। ਸਫੀਰ ਨੂੰ ਮਿਲਣ ਦਾ ਵੀ ਕੋਈ ਤਰੀਕਾ ਨਾ ਬਣ ਸਕਿਆ। ਬਹੁਤ ਪਿਛੋਂ ਪਤਾ ਲੱਗਾ ਕਿ ਜਦ ਅਮ੍ਰਿਤਾ, ਸਫੀਰ, ਮੋਹਨ ਸਿੰਘ, ਬਲਵੰਤ ਗਾਰਗੀ, ਕਰਤਾਰ ਸਿੰਘ ਦੁੱਗਲ, ਰਾਜਿੰਦਰ ਸਿੰਘ ਬੇਦੀ ਆਦਿ ਲਾਹੌਰ ਰਿਹਾ ਕਰਦੇ ਸਨ ਤਾਂ ਹੋਰਨਾਂ ਕਈਆਂ ਵਾਂਗ ਮੋਹਨ ਸਿੰਘ ਤੇ ਸਫੀਰ ਆਪਣੇ ਆਪ ਨੂੰ ਅਮ੍ਰਿਤਾ ਦੇ ਆਸ਼ਕ ਸਮਝਦੇ ਸਨ ਤੇ ਆਪਣੀਆਂ ਕਵਿਤਾਵਾਂ ਵਿਚ ਉਸ ਦਾ ਚਿੰਨ੍ਹਵਾਦੀ ਜ਼ਿਕਰ ਕਰਿਆ ਕਰਦੇ ਸਨ ਜਿਵੇਂ ਇਕ ਵਿਆਹ ਤੇ ਅਮ੍ਰਿਤਾ ਨੂੰ ਵੇਖ ਕੇ ਮੋਹਨ ਸਿੰਘ ਨੇ ਲਿਖਿਆ ਸੀ,

"ਨੀ ਅਜ ਕੋਈ ਆਇਆ ਸਾਡੇ ਵਿਹੜੇ
ਤਕਣ ਚੰਨ ਸੂਰਜ ਢੁਕ ਢੁਕ ਨੇੜੇ
ਲੱਸੇ ਨੀ ਮਥਾ ਇਹਦਾ ਤਾਰਿਆਂ ਵਾਂਗੂੰ
ਆਇਆ ਨੀ ਖਵਰੇ ਅੰਬਰ ਘੁੰਮ ਘੁੰਮ ਕਿਹੜੇ,
ਚੁੰਮੋ ਨੀ ਇਹਦੇ ਹਥ ਚੰਬੇ ਦੀਆਂ ਕਲੀਆਂ
ਧੋਵੋ ਨੀ ਇਹਦੇ ਪੈਰ ਮਖਨਾਂ ਦੇ ਪੇੜੇ
ਪੁਛੋ ਨਾ ਇਹ ਕੌਣ ਤੇ ਕਿਧਰੋਂ ਆਇਆ
ਕਰੋ ਨੀ ਇਹਨੂੰ ਘੁੱਟ ਘੁੱਟ ਜਿੰਦ ਦੇ ਨੇੜੇ
ਨੀ ਅਜ ਕੋਈ ਆਇਆ ਸਾਡੇ ਵਿਹੜੇ

**ਅਤੇ ਪ੍ਰੀਤਮ ਸਿੰਘ ਸਫੀਰ ਨੇ ਲਿਖਿਆ ਸੀ**
ਤੂੰ ਜ਼ਖਮ ਲਗਾ
ਤੂੰ ਪੀੜ ਵੀ ਦੇ
ਰੋਸ਼ਨ ਹੋ ਜਾ
ਤੇ ਨੂਰ ਰਹੁ
ਮੈਂ ਸਾਜ਼ ਵਜਾਂਗਾ ਹਿਜਰਾਂ ਦਾ
ਤੇ ਭਾਵੇਂ ਸਾਹਵੇਂ ਨਾ ਆਵਾਂ
ਕਨਸੋ ਗੀਤ ਦੀ ਪਹੁੰਚੇਗੀ
ਮੈਨੂੰ ਪਾਗਲ ਕਰ ਸਕਣ ਦੇ
ਤੇ ਸਿਤਮਾਂ ਤੋਂ ਨਾ ਥਕਣ ਦੇ
ਤੂੰ ਮਾਣ ਦੇ ਵਿਚ ਮਖਮੂਰ ਰਹੁ
ਮਨਜ਼ੂਰ ਹੈ ਮੈਨੂੰ ਸ਼ਾਮ ਤੇਰੀ

ਅਰਮਾਨ ਰਹਿਣ ਦੇ ਮੈਨੂੰ ਹੀ
ਮੈਂ ਤੇਰੀਆਂ ਅਖਾਂ ਅੰਦਰ ਤਾਂ
ਇਕ ਪਲ ਨਾ ਸੇਜਲ ਸਹਿ ਸਕਾਂ

ਜਦੋਂ ਲਗ ਕੇ ਨਵੇਂ ਨਜ਼ਾਰੇ ਵੱਲ
ਤੂੰ ਭੁੱਲ ਜਾਏਂਗੀ ਹੋਂਦ ਮੇਰੀ
ਤਾਂ ਡਰਦਾ ਹਾਂ ਗਮ ਸ਼ਕਤੀ ਇਹ
ਜਿੰਨੀ ਅਜ ਜੇਤੂ ਦਿਸਦੀ ਹੈ
ਓਸ ਜ਼ੋਰ ਨਾਲ ਹੀ ਹਾਰੇਗੀ
ਇਸ ਗੋਤਮ ਨੂੰ ਇਸ ਯਸੂ ਨੂੰ
ਇਸ਼ਕਾਂ ਦੇ ਪੀਰ ਪੈਗੰਬਰ ਨੂੰ
ਤੇਰੇ ਹੰਕਾਰੀ ਕਦਮਾਂ ਵਿਚ
ਤੜਫਣ ਦੀ ਫੁਰਸਤ ਦੇਣ ਬਿਣਾਂ
ਸਿਸਕਣ ਤੋਂ ਪਹਿਲਾਂ ਮਾਰੇਗੀ

ਤੂੰ ਜ਼ਖਮ ਲਗਾ ਤੇ ਪੀੜ ਵੀ ਦੇ
ਰੋਸ਼ਨ ਹੋ ਜਾ ਤੇ ਨੂਰ ਰਹੁ
ਮੈਂ ਸਾਜ਼ ਵਜਾਂਗਾ ਹਿਜਰਾਂ ਦਾ
ਤੇ ਭਾਵੇਂ ਸਾਹਵੇਂ ਨਾ ਆਵਾਂ
ਕਨਸੋ ਗੀਤ ਦੀ ਪਹੁੰਚੇਗੀ
ਮੈਨੂੰ ਪਾਗਲ ਕਰ ਸਕਣ ਦੇ
ਤੇ ਸਿਤਮਾਂ ਤੋਂ ਨਾ ਥਕਣ ਦੇ
ਤੂੰ ਮਾਣ ਦੇ ਵਿਚ ਮਖਮੂਰ ਰਹੁ
ਮਨਜ਼ੂਰ ਹੈ ਮੈਨੂੰ ਸ਼ਾਮ ਤੇਰੀ
ਅਰਮਾਨ ਰਹਿਣ ਦੇ ਮੈਨੂੰ ਹੀ
ਮੈਂ ਤੇਰੀਆਂ ਅਖਾਂ ਅੰਦਰ ਤਾਂ
ਇਕ ਪਲ ਨਾ ਸੇਜਲ ਸਹਿ ਸਕਾਂ

ਇਸ ਵਾਰ ਜੋ ਏਦਾਂ ਹੱਸ ਪਈ ਏਂ
ਤਾਂ ਜਾਣ ਲਵਾਂ ਕਿ ਜਾਗ ਪਏ
ਸਦੀਆਂ ਦੇ ਸੁਤੇ ਭਾਗ ਮੇਰੇ
ਪਰ ਵੱਸ ਜਾਏਗੀ, ਟੁਰ ਜਾਏਗੀ
ਨਾ ਜਾਣਾ ਫਿਰ ਕਦ ਆਏਗੀ
ਆਖਰ ਤਾਂ ਇਹ ਬਰਸਾਤ ਏ ਨਾ

ਸਫੀਰ ਵਰਗੇ ਐਡੇ ਵਡੇ ਦਾਰਸ਼ਿਨਕ ਸ਼ਾਇਰ ਨੂੰ ਮਿਲਣ ਦੀ ਹਸਰਤ ਵੀ ਦਿਲ ਵਿਚ ਰਹਿ ਗਈ। ਅਸਲ ਵਿਚ ਦਿੱਲੀ ਪੰਜਾਬ ਦੇ ਸ਼ਹਿਰਾਂ ਨਾਲੋਂ ਬਹੁਤ ਵਖਰਾ ਸੀ। ਇੰਜ ਲਗਦਾ ਜਿਵੇਂ ਏਥੋਂ ਦੀਆਂ ਕੁੜੀਆਂ ਤੇ ਔਰਤਾਂ ਪੰਜਾਬ ਦੀਆਂ ਔਰਤਾਂ ਨਾਲੋਂ ਵਧੇਰੇ ਆਜ਼ਾਦ, ਮਾਡਰਨ ਸਨ। ਮੈਨੂੰ ਆਜ਼ਾਦ ਤੇ ਮਾਡਰਨ ਔਰਤਾਂ ਬਹੁਤ ਚੰਗੀਆਂ ਲਗਦੀਆਂ ਸਨ ਜਿਵੇਂ ਪਿੰਡਾਂ ਦੀਆਂ ਘੁੰਡ ਕਢਣ ਤੇ ਸਲਵਾਰਾਂ ਉਤੇ ਘਗਰੇ ਪੌਣ ਵਾਲੀਆਂ ਔਰਤਾਂ ਨਾਲੋਂ ਇਹ ਪੰਜਾਹ ਵਰ੍ਹੇ ਅਗੇ ਸਨ। ਬਹੁਤ ਸਾਰੀਆਂ ਨੌਕਰੀਆਂ ਕਰਦੀਆਂ ਸਨ ਅਤੇ ਦਿੱਲੀ ਦੀਆਂ ਬੱਸਾਂ ਵਿਚ ਆਮ ਚੜ੍ਹੀਆਂ ਫਿਰਦੀਆਂ ਸਨ। ਦਿੱਲੀ ਦੀ ਮੁਖ ਧਾਰਾ ਦਾ ਹਿੱਸਾ ਸਨ। ਬਾਪੂ ਨੇ ਕਿਹਾ ਸੀ ਕਿ ਪਸ਼ੌਰ ਵਾਲੇ ਸੁੰਦਰੇ ਹਲਵਾਈ ਨੂੰ ਦਿੱਲੀ ਜ਼ਰੂਰ ਲਭੀਂ। ਉਹ ਦਰਿਆ ਗੰਜ ਵਿਚ ਗੋਲ ਗਪਿਆਂ, ਟਿਕੀਆਂ ਤੇ ਛੋਲਿਆਂ ਦੀ ਰੇੜ੍ਹੀ ਲੌਂਦਾ ਸੀ ਤੇ ਸਵੇਰ ਵੇਲੇ ਚਾਂਦਨੀ ਚੌਕ ਗੁਰਦਵਾਰੇ ਆਸਾ ਦੀ ਵਾਰ ਸੁਣਨ ਜ਼ਰੂਰ ਔਂਦਾ ਸੀ। ਜਦੋਂ ਮਹਿਤੇ ਰਹਿੰਦਿਆਂ ਬਾਜ਼ਾਰ ਲਾਉਣ ਲਈ ਬਾਪੂ ਦਿੱਲੀ ਤੋਂ ਮੁਨਿਆਰੀ ਦਾ ਸਾਮਾਨ ਖਰੀਦਣ ਜਾਇਆ ਕਰਦਾ ਸੀ ਤਾਂ ਇਕ ਵਾਰ ਸੁੰਦਰਾ ਹਲਵਾਈ ਜੋ ਪਸ਼ੌਰ ਦੇ ਬੜੇ ਅਮੀਰ ਸਰਦਾਰਾਂ ਵਿਚ ਗਿਣਿਆ ਜਾਂਦਾ ਸੀ ਤੇ ਉਸਦੇ ਘਰ ਦੇ ਬਾਹਰ ਪਹਿਰਾ ਹੁੰਦਾ ਸੀ, ਬਾਪੂ ਨੂੰ ਬੜੀ ਖਸਤਾ ਹਾਲਤ ਵਿਚ ਚਾਂਦਨੀ ਚੌਕ ਗੁਰਦਵਾਰੇ ਮਿਲਿਆ ਸੀ ਤੇ ਦਸਦਾ ਸੀ ਕਿ

ਉਹ ਆਰਜ਼ੀ ਤੌਰ ਤੇ ਜਮਨਾ ਤੋਂ ਪਾਰ ਬਹੁਤ ਦੂਰ ਜਾ ਕੇ ਕਿਸੇ ਮਾੜੀ ਰਹਾਇਸ਼ ਵਿਚ ਗੁਜ਼ਾਰਾ ਕਰ ਰਿਹਾ ਸੀ। ਦਿੱਲੀ ਵਿਚ ਉਸਦੇ ਪੈਰ ਨਹੀਂ ਲਗ ਰਹੇ ਸਨ। ਕੁੜੀਆਂ ਜਵਾਨ ਹੋ ਗਈਆਂ ਸਨ ਤੇ ਵਿਆਹੁਣ ਵਾਲੀਆਂ ਸਨ। ਮੈਂ ਇਕ ਦੋ ਵਾਰ ਦਰਿਆ ਗੰਜ ਵਿਚ ਰੇੜ੍ਹੀਆਂ ਲਾਉਣ ਵਾਲਿਆਂ ਤੋਂ ਓਸ ਬਾਰੇ ਪੁਛਿਆ ਤਾਂ ਪਤਾ ਲੱਗਾ ਕਿ ਹੁਣ ਉਹ ਰੇੜ੍ਹੀ ਲਾਉਣੋਂ ਹਟ ਗਿਆ ਸੀ।

ਮੈਂ ਹਿਸਾਬ ਲਾ ਲਿਆ ਸੀ ਕਿ ਦਿੱਲੀ ਵਿਚ ਪੈਰ ਲਗਣੇ ਤੇ ਨੌਕਰੀ ਮਿਲਣੀ ਬੜੀ ਮੁਸ਼ਕਲ ਸੀ। ਹਾਲਾਂਕਿ ਮੈਂ ਓਸ ਵੇਲੇ ਚੰਗੇ ਨੰਬਰਾਂ ਤੇ ਗਿਆਨੀ ਪਾਸ ਕੀਤੀ ਹੋਈ ਸੀ ਅਤੇ ਦਿੱਲੀ ਦੇ ਕਿਸੇ ਸਕੂਲ ਵਿਚ ਪੰਜਾਬੀ ਟੀਚਰ ਦੀ ਨੌਕਰੀ ਮਿਲਣੀ ਔਖੀ ਨਹੀਂ ਸੀ ਕਿਓਂਕਿ ਦਿੱਲੀ ਪੰਜਾਬੀਆਂ ਦਾ ਗੜ੍ਹ ਬਣਦਾ ਜਾ ਰਿਹਾ ਸੀ। ਰਾਵਲਪਿੰਡੀ ਅਤੇ ਪਿਸ਼ਾਵਰ ਦੇ ਭਾਪੇ ਸਖਤ ਮਿਹਨਤ ਕਰ ਕੇ ਅਤੇ ਦਿਨ ਰਾਤ ਛੋਟੇ ਛੋਟੇ ਕੰਮ ਕਰ ਕੇ ਆਪਣੇ ਪੈਰ ਲਾਉਣ ਅਤੇ ਅਗੇ ਵਧਣ ਵਿਚ ਵਿਚ ਕਾਮਯਾਬ ਹੋ ਰਹੇ ਸਨ। ਓਸ ਵੇਲੇ ਮੈਨੂੰ ਏਨੀ ਸਮਝ ਨਹੀਂ ਸੀ ਕਿ ਜਿਡਾ ਵਡਾ ਸ਼ਹਿਰ ਹੋਵੇ, ਤਰੱਕੀ ਕਰਨ ਦੇ ਸਾਧਨ ਵੀ ਓਨੇ ਜ਼ਿਆਦਾ ਹੁੰਦੇ ਹਨ। ਵਾਪਸ ਫਿਰੋਜ਼ਪੁਰ ਆਉਣ ਲਈ ਰੇਲ ਦੀ ਟਿਕਟ ਵਾਸਤੇ ਮੈਂ ਪੰਜ ਰੁਪੈ ਬੜੇ ਸਾਂਭ ਕੇ ਰਖੇ ਹੋਏ ਸਨ। ਆਖਰ ਇਕ ਦਿਨ ਐਮ. ਪੀ. ਸਾਹਬ ਅਤੇ ਬਲਵੰਤ ਸਿੰਘ ਨੂੰ ਫਤਹ ਬੁਲਾ ਕੇ ਮੈਂ ਦਿੱਲੀ ਤੋਂ ਰਾਤ ਨੂੰ ਫਿਰੋਜ਼ਪੁਰ ਨੂੰ ਚੱਲਣ ਵਾਲੀ ਪੰਜਾਬ ਮੇਲ ਫੜ ਕੇ ਅਤੇ ਦਿੱਲੀ ਦੀਆਂ ਯਾਦਾਂ ਨਾਲ ਝੋਲੀ ਭਰ ਕੇ ਅਤੇ ਇਕ ਵਾਰ ਫਿਰ ਦਿੱਲੀ ਵਿਚ ਕਿਸਮਤ ਅਜ਼ਮਾਈ ਦਾ ਸੁਪਨਾ ਲੈ ਕੇ ਫਿਰੋਜ਼ਪੁਰ ਵਾਪਸ ਆ ਗਿਆ। ਤੁਰਨ ਲਗਿਆਂ ਅਜੀਤ ਸਿੰਘ ਫਿਰੋਜ਼ਪੁਰ ਨੂੰ ਉਹੀ ਮਖੂ ਗੇਟ ਦੇ ਅੰਦਰਵਾਰ ਪੈਂਦੇ ਚੁਬਾਰੇ ਦਾ ਪਤਾ ਟਿਕਾਣਾ ਲਿਖ ਦਿਤਾ ਜਿਸ ਦੇ ਨਾਲ ਟੁੱਟੀ ਛੱਤ ਵਾਲਾ ਘਰ ਸੀ। ਪ੍ਰੀਤਮ ਫਿਰ ਏਸੇ ਚੁਬਾਰੇ ਵਿਚ ਰਹਿਣ ਲਗ ਪਿਆ ਸੀ ਕਿਉਂਕਿ ਇਹ ਕਾਲਜ ਤੋਂ ਬਹੁਤ ਨੇੜੇ ਪੈਂਦਾ ਸੀ।

ਮੈਂ ਕੁਝ ਦਿਨ ਬੇਰੀਆਂ ਵਾਲੇ ਖੂਹ ਤੇ ਰਿਹਾ ਤੇ ਵੇਖਿਆ ਕਿ ਸਾਡੇ ਖੂਹ ਵਾਲੇ ਰਾਅ ਸਿੱਖ ਹੌਲੀ ਹੌਲੀ ਖੂਹ ਛਡ ਕੇ ਬੀਕਾਨੇਰ ਵੱਲ ਨੂੰ ਜਾ ਰਹੇ ਸਨ। ਮੈਂ ਕੁਝ ਦਿਨ ਪਿੰਡ ਰਹਿ ਕੇ ਫਿਰੋਜ਼ਪੁਰ ਪ੍ਰੀਤਮ ਕੋਲ ਆ ਗਿਆ। ਐਫ. ਏ. ਇੰਗਲਿਸ਼ ਓਨਲੀ ਦੀ ਤਿਆਰੀ ਕਰਦਾ ਅਤੇ ਨੌਕਰੀ ਲਭਦਾ। ਮੈਂ ਹੈਰਾਨ ਹਇਆ ਕਿ ਵਾਕਿਆ ਈ ਇਕ ਦਿਨ ਅਜੀਤ ਸਿੰਘ ਓਸ ਟੁਟੀ ਛੱਤ ਵਾਲੇ ਘਰ ਦੇ ਨਾਲ ਲਗਦੇ ਚੁਬਾਰੇ ਵਿਚ ਭੁਪਿੰਦਰ ਨਾਲ ਮੈਨੂੰ ਲਭਦਾ ਲਭਾਉਂਦਾ ਆ ਗਿਆ। 5 ਨੰਬਰ ਮਾਲ ਰੋਡ ਵਾਲੀ ਕੋਠੀ ਵਾਲੇ ਭਪਿੰਦਰ ਨੂੰ ਸਾਡੇ ਏਸ ਛੜਿਆਂ ਦੇ ਚੁਬਾਰੇ ਦਾ ਪਤਾ ਸੀ ਤੇ ਉਹ ਵੀ ਕਈ ਵਾਰ ਆਵਾਰਾਗਰਦੀ ਕਰਦਾ ਸਾਡੇ ਨਾਲ ਏਥੇ ਹੀ ਰਹਿ ਪੈਂਦਾ ਸੀ ਕਿਉਂਕਿ ਏਥੇ ਆਜ਼ਾਦੀ ਬਹੁਤ ਸੀ। ਜਾਗੀਰ ਵੀ ਅਕਸਰ ਏਥੇ ਆ ਜਾਂਦਾ। ਸਾਰੇ ਨੌਕਰੀ ਲਭਣ ਦੀਆਂ ਗੱਲਾਂ ਕਰਦੇ। ਅਜੀਤ ਸਿੰਘ ਨੂੰ ਅਸੀਂ ਆਪਣੇ ਹੋਟਲ ਤੋਂ ਬਹੁਤ ਵਧੀਆ ਦੇਸੀ ਘਿਓ ਦਾ ਤੜਕਾ ਲੁਆ ਕੇ ਪਰੌਠਿਆਂ ਨਾਲ ਖਾਣਾ ਖਵਾਇਆ ਤੇ ਫਿਰ ਅਗਲੇ ਦਿਨ ਅਸੀਂ ਹਾਮਦ ਤਕ ਬੱਸ ਤੇ ਚੜ੍ਹ ਕੇ ਬਰਸਾਤੀ ਨਾਲਾ ਪਾਰ ਕਰ ਕੇ ਬੇਰੀਆਂ ਵਾਲੇ ਖੂਹ ਤੇ ਚਲੇ ਗਏ। ਜਦੋਂ ਲੋਕਾਂ ਨੂੰ ਪਤਾ ਲਗਾ ਕਿ ਇਕ ਐਮ ਪੀ ਖੂਹ ਤੇ ਆਇਆ ਹੈ ਤਾਂ ਬਹੁਤ ਲੋਕ ਜਿਨ੍ਹਾਂ ਵਿਚ ਰਾਅ ਸਿੱਖ, ਲਾਹੌਰੀਏ ਤੇ ਬਾਰੀਏ ਕੰਬੋ, ਜੱਟ ਤੇ ਹੋਰ ਲੋਕ ਇਕਠੇ ਹੋ ਗਏ। ਸਾਰਿਆਂ ਨੂੰ ਅਜੀਤ ਸਿੰਘ ਨੇ ਲੈਕਚਰ ਦਿਤਾ ਤੇ ਬਾਪੂ ਨੇ ਕੁੱਕੜ ਝਟਕਾ ਕੇ ਅਜੀਤ ਸਿੰਘ ਦੀ ਵਧੀਆ ਸੇਵਾ ਕੀਤੀ। ਮੈਂ ਓਸ ਵੇਲੇ ਸੋਚ ਵੀ ਨਹੀਂ ਸਕਦਾ ਸਾਂ ਕਿ ਹਿੰਦੋਸਤਾਨ ਦਾ ਇਕ ਐਮ. ਪੀ. ਸਾਡੇ ਬੇਰੀਆਂ ਵਾਲੇ ਖੂਹ ਤੇ ਸਾਡੀਆਂ ਝੁਗੀਆਂ ਵਿਚ ਆ ਕੇ ਰਹਿ ਸਕਦਾ ਹੈ। ਇਕ ਐਮ. ਪੀ. ਬਹੁਤ ਵਡਾ ਬੰਦਾ ਹੁੰਦਾ ਹੈ, ਮੈਨੂੰ ਇਸ ਗੱਲ ਦਾ ਵੀ ਬਹੁਤਾ ਪਤਾ ਨਹੀਂ ਸੀ ਅਤੇ ਨਵੇਂ ਨਵੇਂ ਐਮ. ਪੀ. ਬਣੇ ਸ਼ਾਇਦ ਅਜੀਤ ਸਿੰਘ ਨੂੰ ਵੀ ਪਤਾ ਨਹੀਂ ਸੀ ਕਿ ਉਹਦੀ ਕਿੰਨੀ ਤਾਕਤ ਹੈ। ਅਗਲੇ ਦਿਨ ਫਿਰੋਜ਼ਪੁਰ ਛਾਉਣੀ ਆ ਕੇ ਅਸੀਂ ਭੁਪਿੰਦਰ ਦੀ ਕੋਠੀ ਰਹੇ ਅਤੇ ਇਕ ਰਾਤ ਜਾਗੀਰ ਦੇ ਘਰ ਵੀ ਰੋਟੀ ਖਾਧੀ। ਇਹੋ ਜਾਗੀਰ ਪਿਛੋਂ 1958 ਵਿਚ ਬਲਵੰਤ ਸਿੰਘ ਦੀ ਕਜ਼ਨ ਸਿਸਟਰ ਅਮਰ ਕੌਰ ਨਾਲ ਵਿਆਹਿਆ ਗਿਆ ਸੀ। ਕੁਝ ਦਿਨ ਫਿਰੋਜ਼ਪੁਰ ਰਹਿ ਕੇ ਅਜੀਤ ਸਿੰਘ ਤਾਂ ਬਠਿੰਡੇ ਨੂੰ ਚਲਾ ਗਿਆ ਅਤੇ ਅਸੀਂ ਨੌਕਰੀਆਂ ਲਭਣ ਲਈ ਜ਼ੋਰ ਲਾਉਣ ਲਗੇ। ਹੌਲੀ ਹੌਲੀ ਫਿਰੋਜ਼ਪੁਰ ਜ਼ਿਲੇ ਦੇ ਪਿੰਡਾਂ ਵਿਚ ਪ੍ਰਾਇਮਰੀ ਸਕੂਲ ਖੁਲ੍ਹ ਰਹੇ ਸਨ। ਮੈਟਰਿਕ, ਐਫ.ਏ. ਜਾਂ ਬੀ.ਏ. ਪਾਸ ਨੌਜਵਾਨਾਂ ਨੂੰ ਡਿਸਟ੍ਰਿਕਟ ਬੋਰਡ ਦੇ ਸਕੂਲਾਂ ਵਿਚ ਬਤੌਰ ਅਨਟਰੇਂਡ ਟੀਚਰ ਨੌਕਰੀ ਮਿਲ ਜਾਂਦੀ ਸੀ। ਮੈਟਰਿਕ ਅਨਟਰੇਂਡ ਟੀਚਰ ਦੀ ਤਨਖਾਹ 60 ਰੁਪੈ ਮਹੀਨਾ ਹੁੰਦੀ ਸੀ। ਕੁਝ ਸਕੂਲਾਂ ਵਿਚ ਜੇ. ਬੀ. ਟੀ. ਨਵੀਂ ਨਵੀਂ ਸ਼ੁਰੂ ਹੋਈ ਸੀ। ਓ. ਟੀ. ਸ਼ੁਰੂ ਹੋਣ ਨੂੰ ਫਿਰਦੀ ਸੀ ਬੀ. ਏ. ਪਾਸ ਬੀ. ਟੀ. ਕਰਨ ਵਾਲੇ ਟੀਚਰਾਂ ਨੂੰ ਝੱਟ ਨੌਕਰੀ ਮਿਲ ਜਾਂਦੀ ਸੀ। ਬਾਕੀ ਟੀਚਰ ਅਨਟਰੇਂਡ ਹੀ ਹੁੰਦੇ ਸਨ ਜਿਨ੍ਹਾਂ ਨੂੰ ਮਹਿਕਮਾ ਹੌਲੀ ਹੌਲੀ ਤਜਰਬੇ ਦੇ ਆਧਾਰ ਤੇ ਟੀਚਿੰਗ ਸਰਟੀਫਿਕੇਟ ਦੇ ਕੇ ਪਕੇ ਕਰ ਦੇਂਦਾ ਸੀ।
ਅਗਲੀ ਵਰ ਪੜ੍ਹੋ:- ਆਪਣੇ ਪਿੰਡ ਵਿਚ ਅਨਟਰੇਂਡ ਟੀਚਰ ਲਗਣਾ

**ਕਿਹੋ ਜਿਹਾ ਸੀ ਜੀਵਨ?ਬਲਬੀਰ ਮੋਮੀ**
ਆਪਣੇ ਪਿੰਡ ਵਿਚ ਹੀ ਅਨਟਰੇਂਡ ਟੀਚਰ ਲਗਣਾ--ਕਿਸ਼ਤ 33

ਮੁੱਲਾਂ ਦੀ ਦੌੜ ਮਸੀਤ ਤਕ ਵਾਂਗ ਮੈਂ ਅਗੇ ਨਾ ਪੜ੍ਹਨ ਦਾ ਫੈਸਲਾ ਤਾਂ ਕਰ ਚੁਕਾ ਸਾਂ ਤੇ ਟੀਚਰ ਲਗਣ ਲਈ ਮੈਂ ਕੁਲਵੰਤ ਸਿੰਘ ਵਿਰਕ ਨੂੰ ਕਿਹਾ। ਕੁਲਵੰਤ ਸਿੰਘ ਵਿਰਕ ਨੇ ਆਪਣੇ ਬਰਾਬਰ ਦੇ ਜ਼ਿਲਾ ਇਨਸਪੈਕਟਰ ਆਫ ਸਕੂਲਜ਼ ਸ. ਸਾਧੂ ਸਿੰਘ ਨੂੰ ਫੋਨ ਕੀਤਾ ਤੇ ਉਸ ਨੇ ਕਿਹਾ ਕਿ ਮੈਂ ਉਹਦੇ ਅਗੇ ਆਪਣੇ ਸਰਟੀਫਿਕੇਟ ਲੈ ਕੇ ਪੇਸ਼ ਹੋਵਾਂ। ਜਦੋਂ ਮੈਂ ਉਹਦੇ ਅਗੇ ਪੇਸ਼ ਹੋਇਆ ਤਾਂ ਕਹਿਣ ਲੱਗਾ ਕਿ ਤੇਰੇ ਮੈਟਰਿਕ ਵਿਚ ਨੰਬਰ ਬਹੁਤ ਘੱਟ ਹਨ। ਮੈਂ ਕਿਹਾ ਜੀ ਮੈਂ ਗਿਆਨੀ ਵੀ ਪਾਸ ਕੀਤੀ ਹੋਈ ਆ ਤੇ ਐਫ. ਏ. ਵਿਚੋਂ ਫੇਲ ਹੋ ਗਿਆ ਸਾਂ। ਹੁਣ ਓਨਲੀ ਇੰਗਲਸ਼ ਐਫ. ਏ. ਕਰ ਕੇ ਸਿੱਧਾ ਬੀ. ਏ. ਦਾ ਇਮਤਿਹਾਨ ਦੇਵਾਂਗਾ। ਮੈਨੂੰ ਕਹਿਣ ਲੱਗਾ ਕਿ ਤੂੰ ਕਿਹੜੇ ਕਾਲਜ ਵਿਚ ਪੜ੍ਹਦਾ ਸੈਂ। ਮੈਂ ਕਿਹਾ ਜੀ ਆਰ. ਐਸ. ਡੀ. ਕਾਲਜ ਵਿਚ ਪੜ੍ਹਦਾ ਸਾਂ ਤਾਂ ਮੇਰੀ ਗੱਲ ਟੋਕ ਕੇ ਕਹਿਣ ਲੱਗਾ ਕਿ ਮੇਰਾ ਮੁੰਡਾ ਅਵਤਾਰ ਵੀ ਓਥੇ ਪੜ੍ਹਦਾ ਹੈ। ਮੈਂ ਕਿਹਾ ਜੀ ਮੈਂ ਜਾਣਦਾ ਹਾਂ। ਉਹ ਮੇਥੋਂ ਦੋ ਸਾਲ ਅਗੇ ਬੀ. ਏ. ਵਿਚ ਸੀ ਪਰੰ ਡਰਾਮੇ ਕਰਨ ਵੇਲੇ ਵਿਚ ਉਹ ਸਾਡੀ ਅਗਵਾਈ ਕਰਦੇ ਸਨ। ਸ. ਸਾਧੂ ਸਿੰਘ ਨੇ ਏ. ਡੀ. ਆਈ. ਅਵਤਾਰ ਸਿੰਘ ਨੂੰ ਤੇ ਹੈੱਡ ਕਲਰਕ ਭਾਗ ਚੰਦ ਨੂੰ ਬੁਲਾਇਆ ਤੇ ਕਿਹਾ ਕਿ ਇਹਨੂੰ ਕਿਥੇ ਲਾਈਏ? ਏ. ਡੀ. ਆਈ. ਅਵਤਾਰ ਸਿੰਘ ਕਹਿਣ ਲੱਗਾ ਕਿ ਸਾਡੇ ਕੋਲ ਕੋਈ ਸਕੂਲ ਖਾਲੀ ਨਹੀਂ ਹੈ। ਮੈਂ ਕਿਹਾ ਜੀ ਮੈਨੂੰ ਤੁਸੀਂ ਮੇਰੇ ਪਿੰਡ ਗੁਦੜਢੰਡੀ ਹੀ ਲਾ ਦਿਓ। ਮੈਂ ਆਪੇ ਓਥੇ ਸਕੂਲ ਖੜ੍ਹਾ ਕਰ ਲਵਾਂਗਾ। ਸ. ਸਾਧੂ ਸਿੰਘ ਨੇ ਨਿਯੁਕਤੀ ਪੱਤਰ ਦੇਣ ਦੇ ਹੁਕਮ ਦੇ ਦਿਤੇ ਅਤੇ ਹੈੱਡ ਕਲਰਕ ਭਾਗ ਚੰਦ ਜਿਸ ਦਾ ਮੁੰਡਾ ਵੀ ਮੇਰੇ ਨਾਲ ਕਾਲਜ ਵਿਚ ਪੜ੍ਹਦਾ ਸੀ, ਮੇਰੇ ਲਈ ਉਰਦੂ ਵਿਚ ਛਪੇ ਫਾਰਮ ਤੇ ਨਿਯੁਕਤੀ ਪੱਤਰ ਲੈ ਆਇਆ ਜਿਸ ਤੇ ਸਾਧੂ ਸਿੰਘ ਨੇ ਦਸਤਖਤ ਕਰ ਦਿਤੇ। ਇਸ ਵਿਚ ਲਿਖਿਆ ਹੋਇਆ ਸੀ ਕਿ ਮੈਨੂੰ ਗੁੱਦੜਢੰਡੀ ਪਿੰਡ ਵਿਚ ਬਤੌਰ ਅਨਟਰੇਂਡ ਅਵੱਲ ਮਦਰਸ (ਹੈਡ ਟੀਚਰ) ਲਾਇਆ ਜਾਂਦਾ ਹੈ। ਮੇਰੀ ਤਨਖਾਹ 30 ਰੁਪੈ ਜਮ੍ਹਾਂ 30 ਰੁਪੈ ਬਰਾਬਰ 60 ਰੁਪੈ ਮਹੀਨਾ ਹੋਵੇਗੀ। ਮੈਂ ਇਕ ਹਫਤੇ ਦੀ ਟਰੇਨਿੰਗ ਮਮਦੋਟ ਜਾਂ ਲਖੋ ਕੇ ਬਹਿਰਮ ਦੇ ਸੈਂਟਰ ਹੈਡਮਾਸਟਰ ਕੋਲੋਂ ਲਵਾਂਗਾ। ਮੈਂ ਖੁਸ਼ ਖੁਸ਼ ਪ੍ਰਾਇਮਰੀ ਟੀਚਰ ਲੱਗਣ ਦੇ ਹੁਕਮ, ਹਾਜ਼ਰੀ ਲਾਉਣ ਵਾਲੇ ਤੇ ਬੱਚੇ ਦਾਖਲ ਕਰਨ ਵਾਲੇ ਰਜਿਸਟਰ ਤੇ ਕੁਝ ਹੋਰ ਸਾਮਾਨ ਲੈ ਕੇ ਪਿੰਡ ਆ ਗਿਆ। ਕੁਝ ਦਿਨ ਮਮਦੋਟ ਜਾ ਕੇ ਸੈਂਟਰ ਸਕੂਲ ਦੇ ਹੈਡਮਾਸਟਰ ਕੋਲੋਂ ਟਰੇਨਿੰਗ ਲਈ। ਓਸ ਮੈਨੂੰ ਬੜਾ ਡਰਾਇਆ ਕਿ ਹੁਣ ਤੂੰ ਸਰਕਾਰ ਦਾ 24 ਘੰਟੇ ਦਾ ਮੁਲਾਜ਼ਮ ਹੈਂ। ਅਧੀ ਰਾਤ ਵੇਲੇ ਸਰਕਾਰ ਨੂੰ ਜਿਥੇ ਵੀ ਤੇਰੀ ਲੋੜ ਪਵੇ, ਤੈਨੂੰ ਓਥੇ ਭੇਜ ਸਕਦੀ ਹੈ ਤੇ ਤੈਨੂੰ ਹਾਜ਼ਰ ਹੋਣਾ ਪਵੇਗਾ।

ਨਵੰਬਰ 1953 ਦੇ ਸ਼ੁਰੂ ਵਿਚ ਆਪਣੇ ਗੁਦੜਢੰਡੀ ਪਿੰਡ ਅਲਾਟ ਹੋਏ ਕਚੇ ਘਰ ਵਿਚ ਹੀ ਮੈਂ ਪਿੰਡ ਦੇ ਮੁੰਡੇ ਕੁੜੀਆਂ ਨੂੰ ਇਕਠੇ ਕਰ ਕੇ ਪੜ੍ਹਾਣਾ ਸ਼ੁਰੂ ਕਰ ਦਿਤਾ। ਪਿੰਡ ਵਾਲਿਆਂ ਦੇ ਮਨ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਕਿ ਉਹਨਾਂ ਦੇ ਬੱਚੇ ਹੁਣ ਪੜ੍ਹ ਸਕਣਗੇ। ਬਚਿਆਂ ਦੀ ਗਿਣਤੀ ਕਾਫੀ ਹੋ ਗਈ ਸੀ। ਬੱਚੇ ਭੁੰਜੇ ਬੈਠਣ ਲਈ ਆਪਣੇ ਘਰਾਂ ਤੋਂ ਬੋਰੀਆਂ ਲੈ ਕੇ ਆਉਂਦੇ ਕਿਓਂਕਿ ਬਚਿਆਂ ਦੇ ਬੈਠਣ ਲਈ ਹਾਲੇ ਤਪੜ ਮਿਲੇ ਨਹੀਂ ਸਨ। ਬੱਚਿਆਂ ਨੇ ਕਾਇਦੇ, ਸਲੇਟਾਂ, ਸਲੇਟੀਆਂ, ਪਿਨਸਲਾਂ ਤੇ ਫੱਟੀਆਂ ਵੀ ਲੈ ਆਂਦੀਆਂ। ਛਪੜ ਵਿਚੋਂ ਜਾਂ ਘਰੋਂ ਫੱਟੀਆਂ ਧੋ ਕੇ, ਉਪਰ ਗਾਚਣੀ ਮਲ ਕੇ ਫੱਟੀਆਂ ਸੁਕਾ ਲੈਂਦੇ ਤੇ ਉਹਨਾਂ ਉਤੇ ਕਾਨੇ ਦੀ ਕਲਮ ਤੇ ਸੂਫ ਵਾਲੀ ਕਾਲੀ ਸਿਆਹੀ ਨਾਲ ੳ ਅ ੲ ਦੀ ਮੁਹਾਰਨੀ ਲਿਖਦੇ। ਬਾਅਦ ਦੁਪਹਿਰ ਪਹਾੜੇ ਯਾਦ ਕਰਦੇ ਤੇ ਹੌਲੀ ਹੌਲੀ ਗੁਰਮਖੀ ਦੇ ਅਖਰ ਉਠਾਉਣ ਲਗ ਪਏ ਤੇ ਛੋਟੀਆਂ ਛੋਟੀਆਂ ਜਮ੍ਹਾਂ ਤਫਰੀਕਾਂ ਕਰਨ ਲਗੇ। ਇਕ ਮੁਸ਼ਕਲ ਆ ਰਹੀ ਸੀ ਕਿ ਸਰਦੀ ਵਧ ਰਹੀ ਸੀ ਅਤੇ ਬਾਹਰ ਬੈਠਣ ਤੇ ਬਚਿਆਂ ਨੂੰ ਠੰਢ ਲਗਦੀ ਸੀ। ਇਕੋ ਇਕ ਕਚੇ ਕੋਠੇ ਤੇ ਰਾਅ ਸਿਖਾਂ ਦਾ ਕਬਜ਼ਾ ਸੀ ਅਤੇ ਉਹਨਾਂ ਨੂੰ ਖਾਲੀ ਕਰਨ ਲਈ ਵੀ ਨਹੀਂ ਕਿਹਾ ਸੀ। ਹੌਲੀ ਹੌਲੀ ਪਿੰਡ ਵਾਲਿਆਂ ਨੇ ਭਾਵ ਪੰਚਾਇਤ ਨੇ ਪਿੰਡੋਂ ਬਾਹਰਵਾਰ ਬੱਸ ਅਡੇ ਵਾਲੇ ਪਾਸੇ ਨੂੰ ਛਪੜ ਕੰਢੇ ਕਾਫੀ ਉਚੀ ਥਾਂ ਤੇ ਕਾਨੇ ਤੇ ਸਰਕੜਾ ਲਿਆ ਕੇ ਵਧੀਆ ਛੰਨ ਖੜ੍ਹੀ ਕਰ ਕੇ ਉਪਰ ਛਪਰ ਪਾ ਦਿਤਾ ਤੇ ਛੰਨ ਦੇ ਬੂਹੇ ਅਗੇ ਇਕ ਫਿੜਕਾ ਵੀ ਲਾ ਦਿਤਾ ਤਾਂ ਜੋ ਸਕੂਲ ਬੰਦ ਹੋਣ ਵੇਲੇ ਉਸ ਨੂੰ ਢੋ ਕੇ ਸਕੂਲ ਬੰਦ ਕਰ ਦਿਤਾ ਜਾਵੇ। ਮੇਰੀ ਮੇਜ਼ ਤੇ ਕੁਰਸੀ, ਚਾਕ, ਤਖਤਾ ਸਿਆਹ ਵਗੈਰਾ ਛਪਰ ਦੇ ਅੰਦਰ ਹੀ ਰਹਿਣ ਦਿਤੇ ਜਾਂਦੇ। ਦਾਖਲ-ਖਾਰਜ ਰਜਿਸਟਰ ਤੇ ਹਾਜ਼ਰੀ ਰਜਿਸਟਰ ਜਾਂ ਤਾਂ ਮੈਂ ਆਪਣੇ ਨਾਲ ਬੇਰੀਆਂ ਵਾਲੇ ਖੂਹ ਤੇ ਲੈ ਜਾਂਦਾ ਜਾਂ ਚਾਚੀ ਪ੍ਰੀਤੋ ਤੇ ਚਾਚੇ ਨਾਜ਼ਰ ਸਿੰਘ ਜੱਟ ਦੇ ਘਰ ਰਖ ਦੇਂਦਾ ਜੋ ਸਕੂਲ ਦੇ ਨਾਲ ਈ ਪੈਂਦਾ ਸੀ। ਅਕਸਰ ਪਟਵਾਰੀ ਤੇ ਪੁਲਸ ਵਾਲਿਆਂ ਦੀ ਰੋਟੀ ਨਾਜ਼ਰ ਸਿੰਘ ਦੇ ਘਰ ਹੀ ਹੁੰਦੀ ਸੀ ਕਿਓਂਕਿ ਉਹ ਬਹੁਤ ਦਲੇਰ ਸੀ ਤੇ ਦੁਖ ਸੁਖ ਵੇਲੇ ਹਰ ਇਕ ਦੇ ਨਾਲ ਖੜ੍ਹਾ ਹੁੰਦਾ ਸੀ। ਉਹਦੀ ਸ਼ਰਾਬ ਦੀ ਭਠੀ ਤੇ ਕਦੀ ਪੁਲਸ ਨੇ ਛਾਪਾ ਨਹੀਂ ਮਾਰਿਆ ਸੀ ਕਿਉਂਕਿ ਉਹ ਕਢਦਾ ਤਾਂ ਜ਼ਰੂਰ ਸੀ ਪਰ ਵੇਚਦਾ ਨਹੀਂ ਸੀ। ਨਾਜ਼ਰ ਸਿਹੁੰ ਦੀ ਕੁੜੀ ਵੀ ਮੇਰੇ ਕੋਲ ਪਹਿਲੀ ਜਮਾਤ ਵਿਚ ਪੜ੍ਹਨੇ ਪੈ ਗਈ ਸੀ।

ਬੇਟ ਦੇ ਇਸ ਇਲਾਕੇ ਵਿਚ ਨੇੜੇ ਤੇੜੇ ਹੋਰ ਕੋਈ ਪ੍ਰਾਇਮਰੀ ਸਕੂਲ ਵੀ ਨਹੀਂ ਸੀ। ਪਿੰਡ ਲੋਧਰਾਂ ਵੀ ਏਵੇਂ ਕਾਨਿਆਂ ਦਾ ਚੌਗਿਰਦਾ ਵਲ ਕੇ ਇਕ ਪ੍ਰਾਇਮਰੀ ਸਕੂਲ ਸੀ ਜਿਸ ਵਿਚ ਤਿੰਨ ਪਿੰਡਾਂ ਹਾਮਦ, ਲੋਧਰਾਂ ਅਤੇ ਅਲਫੂ ਕੇ ਦੇ ਜਵਾਕ ਪੜ੍ਹਦੇ ਸਨ। ਓਸ ਤੋਂ ਪਰ੍ਹਾਂ ਪਿੰਡ ਲਖੋ ਕੇ ਬਹਿਰਾਮ ਵਿਚ ਮਿਡਲ ਸਕੂਲ ਸੀ ਜੋ ਬਹੁਤ ਪੁਰਾਣਾ ਸੀ ਅਤੇ ਮੁਲਕ ਦੀ ਵੰਡ ਤੋਂ ਪਹਿਲਾਂ ਦਾ ਸੀ। ਬੇਟੂ ਕਦੀਮ ਵਿਚ ਪਤਾ ਨਹੀਂ ਸਕੂਲ ਸੀ ਕਿ ਨਹੀਂ ਪਰ ਮਮਦੋਟ ਵਿਚ ਮਿਡਲ ਸਕੂਲ ਸੀ ਅਤੇ ਮੰਡੀ ਗੁਰੂ ਹਰਸਹਾਏ ਵਿਚ ਹਾਈ ਸਕੂਲ ਸੀ। ਇਕ ਦਾਖਲਾ ਰਜਿਸਟਰ ਦੀ ਸਭ ਤੋਂ ਵਡੀ ਮਹਤਤਾ ਇਹ ਸੀ ਕਿ ਬਚੇ ਨੂੰ ਦਾਖਲ

ਕਰਨ ਵੇਲੇ ਜੋ ਜਨਮ ਮਿਤੀ ਓਸ ਵਿਚ ਇਕ ਵਾਰ ਲਿਖ ਦਿਤੀ, ਓਸ ਨੂੰ ਕੋਈ ਵੀ ਬਦਲ ਨਹੀਂ ਸਕਦਾ ਸੀ। ਓਸ ਵੇਲੇ ਜਨਮ ਮਿਤੀ ਦਾ ਕੋਈ ਸਬੂਤ ਨਹੀਂ ਲਿਆ ਜਾਂਦਾ ਸੀ। ਮਾਪੇ ਜੋ ਲਿਖਾ ਦਿੰਦੇ ਸਨ, ਉਹ ਲਿਖ ਲਈ ਦੀ ਸੀ ਪਰ ਉਸ ਵਿਚ ਬਚੇ ਨੂੰ ਵੇਖ ਈ ਜਨਮ ਮਿਤੀ ਦਾ ਅੰਦਾਜ਼ਾ ਲਾਇਆ ਜਾਂਦਾ ਸੀ। ਜੇ ਬਚਾ ਪੰਜ ਸਾਲ ਤੋਂ ਛੋਟਾ ਹੈ ਤਾਂ ਵਧਾ ਕੇ ਲਿਖ ਦਿਓ ਅਤੇ ਜੇ ਬਹੁਤੀ ਜ਼ਿਆਦਾ ਲਗਦੀ ਹੈ ਤਾਂ ਘਟਾ ਕੇ ਲਿਖ ਦਿਓ। ਆਪਣੇ ਬਚੇ ਦਾਖਲ ਕਰਾਉਣ ਆਏ ਮਾਪਿਆਂ ਨੂੰ ਵੀ ਆਪਣੇ ਬਚਿਆਂ ਦੀ ਸਹੀ ਜਨਮ ਮਿਤੀ ਦਾ ਪਤਾ ਨਹੀਂ ਹੁੰਦਾ ਸੀ ਪਰ ਅਕੂਲ ਬੱਚਾ ਦਾਖਲ ਕਟਾਉਣ ਆਏ ਮਾਪੇ ਬਚੇ ਨੂੰ ਪੜ੍ਹਨ ਪਾਉਣ ਦੀ ਖੁਸ਼ੀ ਵਿਚ ਕਈ ਵਾਰ ਗੁੜ ਵੰਡਦੇ, ਕਈ ਖੰਡ ਦੇ ਪਤਾਸੇ ਲੈ ਕੇ ਆਉਂਦੇ, ਕਈ ਖੀਰ ਜਾਂ ਕੜਾਹ ਪਰਸ਼ਾਦ ਦੀ ਦੇਗ ਤਿਆਰ ਕਰ ਕੇ ਲਿਆਉਂਦੇ। ਰਾਅ ਸਿੱਖ ਘਰ ਦੀ ਕਢੀ ਦੇਸ ਸ਼ਰਾਬ ਦੀ ਬੋਤਲ ਲੇ ਆਉਂਦੇ। ਕਈ ਟੀਚਰ ਲਈ ਵਧੀਆ ਰੋਟੀ ਲੈ ਕੇ ਆਉਂਦੇ ਤੇ ਕਈ ਦੁੱਧ ਦੀ ਗੜਵੀ ਜਾ ਚਾਹ। ਕਈ ਬੱਚਾ ਦਾਖਲ ਕਰਾਉਣ ਵੇਲੇ ਪੈਰਾਂ ਵਿਚੋਂ ਜੁਤੀ ਲਾਹ ਕੇ ਅਰਦਾਸ ਕਰਦੇ ਕਿ ਪ੍ਰਮਾਤਮਾ ਉਹਨਾਂ ਦੇ ਬੱਚੇ ਨੂੰ ਵਿਦਿਆ ਦਾ ਦਾਬ ਬਖਸ਼ੇ। ਕਈ ਕਹਿ ਜਾਂਦੇ ਕਿ ਸਾਡੇ ਬਚੇ ਨੂੰ ਖਿਚ ਕੇ ਰਖਿਓ, ਘਰ ਵਿਚ ਇਹ ਸਾਡੇ ਆਖੇ ਨਹੀਂ ਲਗਦਾ। ਮਾਪਿਆਂ ਨੂੰ ਬੱਚਾ ਦਾਖਲ ਕਰਨ ਲਈ ਦਰਖਾਸਤ ਲਿਖਣ ਲਈ ਕਿਹਾ ਜਾਂਦਾ ਪਰ ਉਹਨਾਂ ਨੂੰ ਦਰਖਾਸਤ ਲਿਖਣੀ ਨਹੀਂ ਆਉਂਦੀ ਸੀ। ਉਹ ਦਰਖਾਸਤ ਵੀ ਮੈਂ ਈ ਉਹਨਾਂ ਵੱਲੋਂ ਲਿਖਦਾ ਅਤੇ ਉਹਦੇ ਵਿਚ ਉਹਨਾਂ ਵੱਲੋਂ ਦੱਸੀ ਜਨਮ ਤਾਰੀਖ ਲਿਖੀ ਜਾਂਦੀ ਤੇ ਫਿਰ ਪਕੇ ਦਾਖਲ ਖਾਰਜ ਰਜਿਸਟਰ ਤੇ ਚੜ੍ਹਾ ਦਿਤੀ ਜਾਂਦੀ। ਸੈਂਟਰ ਹੈਡਮਾਸਟਰ ਨੇ ਤਾੜਨਾ ਕੀਤੀ ਸੀ ਕਿ ਦਾਖਲੇ ਦੀਆਂ ਅਰਜ਼ੀਆਂ ਵਾਲੀਆਂ ਜਨਮ ਮਿਤੀਆਂ ਅਤੇ ਅਤੇ ਦਾਖਲਾ ਰਜਿਸਟਰ ਵਾਲੀ ਜਨਮ ਮਿੱਤੀਆਂ ਤੇ ਮਾਪਿਆਂ ਦੇ ਨਾਂ ਮਿਲਦੇ ਹੋਣੇ ਚਾਹੀਦੇ ਹਨ ਅਤੇ ਰਜਿਸਟਰ ਵਿਚ ਕੋਈ ਖਾਨਾ ਖਾਲੀ ਨਹੀਂ ਛਡਣਾ ਅਤੇ ਪਾਪਿਆਂ ਦੇ ਦਸਤਖਤ ਵਾਲੀ ਥਾਂ ਤੇ ਦਾਖਲ ਕਰਾਉਣ ਆਏ ਮਾਪੇ ਦਾ ਅੰਗੂਠਾ ਜਾਂ ਦਸਤਖਤ ਕਰਾਉਣੇ ਲਾਜ਼ਮੀ ਹਨ। ਕਈ ਵਾਰ ਇਹ ਰਜਿਸਟਰ ਕੋਰਟਾਂ ਵਿਚ ਵੀ ਤਲਬ ਹੋ ਜਾਂਦੇ ਹਨ ਅਤੇ ਇਹਨਾਂ ਵਿਚ ਕੀਤੀ ਕੋਈ ਤਬਦੀਲੀ ਜੇਲ ਤਕ ਵੀ ਪੁਚਾ ਸਕਦੀ ਹੈ। ਇਸ ਦਾਖਲ ਖਾਰਜ ਰਜਿਸਟਰ ਵਿਚ ਲਿਖੀ ਜਨਮ ਮਿਤੀ ਸਭ ਤੋਂ ਵਡਾ ਸਬੂਤ ਮੰਨੀ ਜਾਂਦੀ ਸੀ ਅਤੇ ਅਗੇ ਮਿਡਲ ਜਾਂ ਮੈਟਰਿਕ ਦੇ ਸਰਟੀਫਿਕੇਟ ਉਤੇ ਵੀ ਇਹੀ ਦਰਜ ਹੁੰਦੀ ਸੀ। ਏਥੇ ਇਹ ਦਸਣਾ ਵੀ ਜ਼ਰੂਰੀ ਹੈ ਕਿ ਕਿਸੇ ਵੀ ਦੇਸ਼ ਵਿਚ ਜਨਮ ਮਿਤੀ ਦੀ ਬੜੀ ਮਹਤਤਾ ਹੈ ਅਤੇ ਇਸਦੀ ਬਹੁਤ ਥਾਵਾਂ ਤੇ ਲੋੜ ਪੈਂਦੀ ਹੈ ਖਾਸਕਰ ਕਿਸੇ ਨੌਕਰੀ ਲਈ ਅਰਜ਼ੀ ਦੇਣ ਵੇਲੇ ਜਾਂ ਪਾਸਪੋਰਟ ਆਦਿ ਬਣਾਉਣ ਵੇਲੇ ਵੀ। ਦਾਖਲਾ ਫੀਸ ਵੀ ਹੁੰਦੀ ਸੀ ਜੋ ਹੁਣ ਮੈਨੂੰ ਯਾਦ ਨਹੀਂ ਕਿੰਨੀ ਸੀ ਪਰ ਜੇ ਇਕ ਰੁਪਿਆ ਹੋਵੇ ਤਾਂ ਇਕ ਰੁਪਿਆ ਓਸ ਵੇਲੇ ਬਹੁਤ ਵਡੀ ਰਕਮ ਗਿਣੀ ਜਾਂਦੀ ਸੀ ਅਤੇ ਬਚਿਆਂ ਦੀ ਮਹੀਨਾ ਫੀਸ ਵੀ ਕੁ ਪੈਸੇ ਜਾਂ ਆਨਾ ਦਵਾਨੀ ਹੁੰਦੀ ਸੀ। ਜਿਥੋਂ ਮੇਰਾ ਖਿਆਲ ਹੈ ਕਿ ਪੈਸੇ ਦਾ ਲਡੂ ਵੀ ਆ ਜਾਂਦਾ ਸੀ।

ਮੈਨੂੰ ਖੁਸ਼ੀ ਸੀ ਕਿ ਇਸ ਪਿੰਡ ਵਿਚ ਜਿਥੇ ਮੇਰੇ ਤੋਂ ਵਧ ਹੋਰ ਕੋਈ ਪੜ੍ਹਿਆ ਹੋਇਆ ਨਹੀਂ ਸੀ, ਮੈਂ ਸਰਕਾਰੀ ਨੌਕਰ ਸਾਂ ਅਤੇ ਪਿੰਡ ਦੇ ਸਕੂਲ ਦਾ ਹੈਡਮਾਸਟਰ ਜਦ ਕਿ ਸਕੂਲ ਵਿਚ ਟੀਚਰ ਹੀ ਇਕ ਸੀ ਤੇ ਚਾਹੇ ਉਹਨੂੰ ਟੀਚਰ ਕਹਿ ਲਵੋ ਜਾਂ ਹੈਡ ਟੀਚਰ। ਸਕੂਲ ਪਹੁੰਚਣ ਲਈ ਮੈਨੂੰ ਰੋਜ਼ ਸਵੇਰੇ ਕਾਨਿਆਂ ਵਿਚ ਬਣੀਆਂ ਡੰਡੀਆਂ ਵਿਚੋਂ ਪੈਦਲ ਸਕੂਲ ਆਉਣਾ ਪੈਂਦਾ ਸੀ। ਰਾਹ ਵਿਚ ਕਈ ਵਾਰ ਦਭ ਦੇ ਕੰਡੇ ਵਜਦੇ ਜਾਂ ਤ੍ਰੇਲ ਪਈ ਹੋਣ ਕਰ ਕੇ ਪੈਂਟ ਦੇ ਪਹੁੰਚੇ ਗਿਲੇ ਹੋ ਜਾਂਦੇ। ਮੈਨੂੰ ਦੋ ਮਹੀਨਿਆਂ ਦੀ ਤਨਖਾਹ ਇਕਠੀ ਮਿਲੀ ਤਾਂ ਮੈਂ ਟੈਂਕਾਂ ਵਾਲੀ ਬਸਤੀ ਵਾਲੇ ਜੋਗਿੰਦਰ ਸਿੰਘ ਨੂੰ ਨਾਲ ਲੈ ਕੇ ਫਿਰੋਜ਼ਪੁਰ ਛਾਉਣੀ ਵਿਚ ਨਵੇਂ ਸਾਈਕਲ ਵੇਚਣ ਵਾਲਿਆਂ ਦੀ ਖੁਲ੍ਹੀ ਦੁਕਾਨ ਤੋਂ ਹਿੰਦ ਸਾਈਕਲ ਖਰੀਦ ਲਿਆ। ਮੈਂ ਤੇ ਜੋਗਿੰਦਰ ਸਿੰਘ ਨੇ ਆਪਣੇ ਵੱਲੋਂ ਕਾਫੀ ਨਿਰਖ ਪਰਖ ਕੇ ਸਾਈਕਲ ਪਸੰਦ ਕੀਤਾ ਅਤੇ 1947 ਵਿਚ ਪਾਕਿਸਤਾਨ ਵਿਚੋਂ ਆਉਣ ਪਿਛੋਂ ਮੈਂ ਪਹਿਲੀ ਵਾਰ ਸਾਈਕਲ ਖਰੀਦਿਆ ਸੀ ਜੋ ਓਸ ਵੇਲੇ ਬੜੀ ਵਡੀ ਗਲ ਸਮਝੀ ਜਾਂਦੀ ਸੀ। ਸਾਈਕਲ ਤਾਂ ਪਾਕਿਸਤਾਨ ਵਾਲੇ ਪਿੰਡ ਵਿਚ ਜਦੋਂ ਮੈਂ ਛੇਵੀਂ ਵਿਚ ਸਾਂ, ਬਾਪੂ ਨੇ ਮੰਡੀ ਢਾਬਾਂ ਸਿੰਘ ਤੋਂ ਸਾਈਕਲ ਲੈ ਕੇ ਦਿਤਾ ਸੀ ਜੋ ਲੱਤਾਂ ਛੋਟੀਆਂ ਹੋਣ ਕਰ ਕੇ ਮੈਂ ਕੈਂਚੀ ਸਾਈਕਲ ਚਲਾਇਆ ਕਰਦਾ ਸਾਂ ਅਤੇ ਕਈ ਵਾਰ ਮੇਰੇ ਗੋਟੇ ਗਿਡੇ ਛਿਲੇ ਜਾਂਦੇ ਸਨ ਤੇ ਲੱਤਾਂ ਵਿਚ ਖਲੀਆਂ ਪੈ ਜਾਂਦੀਆਂ ਸਨ। ਪਿੰਜਨੀਆਂ ਦੁਖਣ ਲਗ ਪੈਂਦੀਆਂ ਸਨ। ਇਸ ਸਾਈਕਲ ਤੇ ਮੈਂ ਫਿਰੋਜ਼ਪੁਰ ਤੋਂ ਇਕ ਘੰਟੇ ਵਿਚ ਬੇਰੀਆਂ ਵਾਲੇ ਖੂਹ ਤੇ ਪਹੁੰਣ ਜਾਇਆ ਕਰਦਾ ਸਾਂ ਅਤੇ ਸਵੇਰੇ ਸ਼ਾਮ ਕੁਝ ਮਿੰਟਾਂ ਵਿਚ ਖੂਹ ਤੋਂ ਸਕੂਲ ਤੇ ਸਕੂਲ ਤੋਂ ਖੂਹ ਤੇ ਆ ਜਾਈਦਾ ਸੀ। ਜਦੋਂ ਸੈਂਟਰ ਹੈਡਮਾਸਟਰ ਮੀਟਿੰਗ ਤੇ ਪਿੰਡ ਲਖੋ ਕੇ ਬਹਿਰਾਮ ਬੁਲਾਉਂਦਾ ਤਾਂ ਪੰਦਰਾਂ ਵੀਹ ਮਿੰਟਾਂ ਵਿਚ ਪਹੁੰਚ ਜਾਈਦਾ ਸੀ। ਇਸ ਨਵੇਂ ਨਵੇਂ ਚੱਲੇ ਹਿੰਦ ਸਾਈਕਲ ਦੀ ਇਕ ਬੜੀ ਪ੍ਰਾਬਲਮ ਸੀ ਕਿ ਇਸਦੇ ਪਹੀਆਂ ਦੀਆਂ ਤਾਰਾਂ ਬੜੀਆਂ ਟੁਟਦੀਆਂ ਸਨ ਅਤੇ ਚੱਕਾ ਵਿੰਗਾ ਹੋ ਜਾਂਦਾ ਸੀ। ਕਈ ਵਾਰ ਕੁੱਤੇ ਵੀ ਫੇਲ ਹੋ ਜਾਂਦੇ ਅਤੇ ਸਾਈਕਲ ਮੁਰਮਤ ਕਰਨ ਵਾਲੇ ਅਤੇ ਪੈਂਚਰ ਲਾਉਣ ਵਾਲੇ ਓਸ ਵੇਲੇ ਬਹੁਤ ਘੱਟ ਹੁੰਦੇ ਸਨ। ਪੈਂਚਰ ਤਾਂ ਮੈਂ ਆਪ ਈ ਲਾ ਲੈਂਦਾ ਸਾਂ ਅਤੇ ਹਵਾ ਭਰਨ ਲਈ ਪੰਪ ਵੀ ਰਖਿਆ ਹੋਇਆ ਸੀ। ਕਈ ਵਾਰ ਵਿਰਲੇ ਸਾਈਕਲ ਸਵਾਰ ਅਗੋਂ ਪਿਛੋਂ ਲੰਘਦੇ ਕਿਸੇ ਸਾਈਕਲ ਵਾਲੇ ਤੋਂ ਪੰਪ ਮੰਗ ਕੇ ਹਵਾ ਭਰ ਲੈਂਦੇ ਸਨ। ਫਿਰ ਵੀ ਸਾਈਕਲ ਦੀ ਬੜੀ ਬਾਦਸ਼ਾਹੀ ਸੀ। ਜੇ ਕਿਸੇ ਨੂੰ ਸਾਈਕਲ ਦੇ ਅਗੇ ਜਾਂ ਪਿਛੇ ਬਿਠਾ ਕੇ ਦੋ ਚਾਰ ਮੀਲ ਲਿਜਾਣਾ ਪੈ ਜੇ ਤਾਂ ਉਹ ਬਹੁਤ ਖੁਸ਼ ਹੁੰਦਾ ਸੀ। ਸਾਈਕਲ ਤੇ ਕਣਕ ਦੇ ਦਾਣਿਆਂ ਦੀ ਬੋਰੀ ਰਖ ਕੇ ਨਾਲ ਦੇ ਪਿੰਡ ਹਾਮਦ ਵਿਚ ਚਲਦੀ ਚਕੀ ਤੋਂ ਆਟਾ ਪਿਹਾ ਕੇ ਲੈ ਆਈਦਾ ਸੀ। ਮੈਂ ਪਿਛਲਾ ਕੈਰੀਅਰ ਵੀ ਕਾਫੀ ਵਧੀਆ ਲਵਾਇਆ ਸੀ ਅਤੇ ਪਕੜ ਵਾਲਾ ਸਪਰਿੰਗ ਵੀ ਤਾਂ ਜਾ ਪਿਛੇ ਰਖੀ ਬੋਰੀ ਜਾਂ ਕੋਈ ਹੋਰ ਚੀਜ਼ ਸਾਈਕਲ ਚਲਾਂਦਿਆਂ ਡਿਗ

ਨਾ ਪਵੇ। ਕਈ ਰਸੀਆਂ ਨਾਲ ਵੀ ਬੰਂਹ ਲੈਂਦੇ ਸਨ। ਆਂਡੇ ਵੇਚਣ ਵਾਲਿਆਂ ਹੈਂਡਲਾਂ ਅਗੇ ਟੋਕਰੀਆਂ ਲਵਾਈਆਂ ਹੋਈਆਂ ਸਨ। ਇਹ ਟੋਕਰੀਆਂ ਲਹਿ ਵੀ ਜਾਂਦੀਆਂ ਸਨ ਅਤੇ ਕਈਆਂ ਦੇ ਪਕੀਆਂ ਲਗੀਆਂ ਰਹਿੰਦੀਆਂ ਸਨ। ਅਕਸਰ ਇਕ ਬੰਦਾ ਸਾਈਕਲ ਚਲਾਉਂਦਾ ਤੇ ਇਕ ਉਹਦੇ ਪਿਛਲੀ ਕਾਠੀ ਤੇ ਬੈਠਾ ਹੁੰਦਾ ਅਤੇ ਇਕ ਅਗੇ ਹੈਂਡਲ ਉਤੇ। ਸ਼ਹਿਰਾਂ ਵਿਚ ਅਕਸਰ ਮਾਪੇ ਦੋ ਦੋ ਤਿੰਨ ਤਿੰਨ ਬਚਿਆਂ ਨੂੰ ਸਾਈਕਲ ਤੇ ਚੜ੍ਹਾ ਕੇ ਸਕੂਲ ਛਡਣ ਜਾਇਆ ਕਰਦੇ ਸਨ। ਰਿਕਸ਼ਾ ਵੀ ਉਹਨਾਂ ਵੇਲਿਆਂ ਦੀ ਬੜੀ ਵਡੀ ਸਵਾਰੀ ਮੰਨੀ ਜਾਂਦੀ ਸੀ ਜਿਸ ਨੂੰ ਇਕ ਚਲਾਉਂਦਾ ਸੀ ਅਤੇ ਦੋ ਵਿਚ ਬਹਿੰਦੇ ਸਨ। ਕਈ ਵਾਰ ਪਿਛੇ ਤਿੰਨ ਜਣੇ ਵੀ ਅੜ ਕੇ ਬੈਠ ਜਾਂਦੇ ਸਨ।

ਮਾਰਚ ਵਿਚ ਬਚਿਆਂ ਦੇ ਇਮਤਿਹਾਨ ਲਏ ਅਤੇ ਪਹਿਲੀ ਜਮਾਤ ਵਾਲੇ ਬੱਚੇ ਦੂਜੀ ਵਿਚ ਹੋ ਗਏ ਅਤੇ ਕੱਚੀ ਵਾਲੇ ਪਹਿਲੀ ਵਿਚ। ਇੰਜ ਚਹੁੰ ਜਮਾਤਾਂ ਵਾਲੇ ਇਸ ਪ੍ਰਾਇਮਰੀ ਸਕੂਲ ਵਿਚ ਹੁਣ ਦੋ ਜਮਾਤਾਂ ਹੋ ਗਈਆਂ। ਜਿਸ ਦਿਨ ਮੀਟਿੰਗ ਤੇ ਜਾਣਾ ਹੁੰਦਾ, ਓਸ ਦਿਨ ਜਾਂ ਤਾਂ ਬਚਿਆਂ ਨੂੰ ਛੁਟੀ ਕਰ ਕੇ ਸਕੂਲ ਬੰਦ ਕਰ ਦੇਣਾ ਜਾਂ ਮਨੀਟਰ ਨੂੰ ਕਹਿਣਾ ਕਿ ਬਚਿਆਂ ਨੂੰ ਪਹਾੜੇ ਯਾਦ ਕਰਾਈ ਜਾਵੇ ਪਰ ਬੱਚੇ ਮਨੀਟਰ ਤੋਂ ਕਾਬੂ ਨਹੀਂ ਆਉਂਦੇ ਸਨ। ਇਸ ਲਈ ਛੁਟੀ ਕਰਨੀ ਜ਼ਿਆਦਾ ਬਿਹਤਰ ਹੁੰਦੀ ਸੀ। ਲਗ ਭਗ ਬੇਟ ਦੇ ਇਸ ਇਲਾਕੇ ਦੇ ਕਿਸੇ ਪ੍ਰਾਇਮਰੀ ਸਕੂਲ ਵਿਚ ਵੀ ਦੋ ਟੀਚਰ ਨਹੀਂ ਸਨ। ਜਿਸ ਦਿਨ ਤਨਖਾਹ ਲੈਣ ਲਈ ਸੈਂਟਰ ਹੈਡਮਾਸਟਰ ਕੋਲ ਜਾਣਾ, ਓਦ ਦਿਨ ਵੀ ਸਕੂਲ ਬੰਦ ਕਰਨਾ ਪੈਂਦਾ ਸੀ। ਅਜ ਮੈਂ ਸੋਚਦਾ ਹਾਂ ਕਿ ਇਹ ਕਿਸ ਤਰ੍ਹਾਂ ਦਾ ਸਕੂਲ ਸਿਸਟਮ ਤੇ ਵਿਦਿਆ ਪ੍ਰਣਾਲੀ ਸੀ। ਸਕੂਲ ਟੀਚਰਾਂ ਨੂੰ ਕਿਤੇ ਏ ਡੀ ਆਈ ਛਾਪਾ ਨਾ ਮਾਰ ਲਵੇ, ਬਹੁਤ ਡਰ ਹੁੰਦਾ ਸੀ। ਏ ਡੀ ਆਈ ਅਵਤਾਰ ਸਿੰਘ ਟੀਚਰਾਂ ਉਤੇ ਬੜਾ ਰੁਅਬ ਅਤੇ ਡਰ ਸੀ। ਬੁਨਿਆਦੀ ਤੌਰ ਤੇ ਏ ਡੀ ਆਈ ਬੀ. ਏ. ਬੀ. ਟੀ. ਅਧਿਆਪਕ ਹੁੰਦੇ ਦਨ ਜਿਨ੍ਹਾਂ ਵਿਚੋਂ ਜੋ ਸਿਨੀਅਰ ਹੋਣ, ਉਹਨਾਂ ਨੂੰ ਏ ਡੀ ਆਈ ਲਾ ਦਿਤਾ ਜਾਂਦਾ ਸੀ। ਇਨ੍ਹਾਂ ਵਿਚੋਂ ਈ ਇਹ ਅਗੇ ਹਾਈ ਸਕੂਲਾਂ ਦੇ ਹੈਡਮਾਸਟਰ ਲਗ ਜਾਂਦੇ ਸਨ। ਪਿੰਡਾਂ ਦੇ ਸਾਰੇ ਸਕੂਲ ਡਿਸਟ੍ਰਿਕਟ ਬੋਰਡ ਦੇ ਅਧੀਨ ਸਨ ਅਤੇ ਕੁਝ ਕੇ ਗੌਰਮਿੰਟ ਸਕੂਲ ਸਨ। ਡਿਸਟ੍ਰਿਕਟ ਬੋਰਡ ਦੇ ਸਕੂਲਾਂ ਦੇ ਟੀਚਰਾਂ ਅਤੇ ਗੌਰਮਿੰਟ ਸਕੂਲ ਦੇ ਟੀਚਰਾਂ ਦੀ ਇਕ ਦੂਜੇ ਸਕੂਲਾਂ ਵਿਚ ਬਦਲੀ ਨਹੀਂ ਹੁੰਦੀ ਸੀ। ਪ੍ਰਇਮਰੀ ਟੀਚਰਾਂ ਤੋਂ ਉਤੇ ਅਤੇ ਬੀ ਟੀ ਟੀਚਰਾਂ ਦੇ ਦਰਮਿਆਨ ਹੋਰ ਵੀ ਟੀਚਰ ਹੁੰਦੇ ਸਨ ਜਿਵੇਂ ਹਿੰਦੀ ਟੀਚਰ, ਪੰਜਾਬੀ ਟੀਚਰ, ਡਰਾਇੰਗ ਟੀਚਰ, ਖੇਤੀ ਬਾੜੀ ਟੀਚਰ, ਐਸ ਵੀ ਟੀਚਰ, ਕਰਾਫਟ ਟੀਚਰ ਆਦਿ। ਪਰ ਬੀ ਟੀ ਟੀਚਰ ਦੀ ਬਹੁਤ ਟੌਹਰ ਹੁੰਦੀ ਸੀ ਕਿਉਂਕਿ ਓਸ ਨੇ ਬੀ. ਏ. ਕਰਨ ਤੋਂ ਬਾਅਦ ਬੀ. ਟੀ. ਕੀਤੀ ਹੁੰਦੀ ਸੀ ਜਿਸ ਵਿਚ ਦਾਖਲਾ ਬੜਾ ਔਖਾ ਮਿਲਦਾ ਸੀ। ਫਿਰ ਵੀ ਟੀਚਰ ਨਾਲੋਂ ਪਟਵਾਰੀ, ਥਾਣੇਦਾਰ ਜਾਂ ਕਲਰਕ ਦਾ ਬਹੁਤ ਰੁਅਬ ਮੰਨਿਆ ਜਾਂਦਾ ਸੀ। ਦਫਤਰਾਂ ਵਿਚ ਜਾ ਕੇ ਟੀਚਰ ਨੂੰ ਕਲਰਕ ਦੀ ਕੁਰਸੀ ਅਗੇ ਖਲੋਣਾ ਪੈਂਦਾ ਸੀ। ਕਲਰਕ ਬੈਠਾ ਹੁੰਦਾ ਸੀ ਅਤੇ ਟੀਚਰ ਖਲੋ ਕੇ ਗੱਲ ਕਰਦਾ ਸੀ। ਬਾਕੀ ਸਰਕਾਰੀ ਦਫਤਰਾਂ ਵਿਚ ਵੀ ਟੀਚਰ ਨੂੰ ਲੋੜੀਂਦਾ ਸਤਕਾਰ ਘਟ ਹੀ ਮਿਲਦਾ ਸੀ। ਸਿਰਫ ਉਹ ਮਾਪੇ ਹੀ ਟੀਚਰ ਦਾ ਸਤਕਾਰ ਕਰਦੇ ਸਨ ਜਿਨ੍ਹਾਂ ਦੇ ਬਚੇ ਉਹਦੇ ਕੋਲ ਪੜ੍ਹਦੇ ਸਨ।

ਇਕ ਵਾਰ ਬਾਪੂ ਆਖਣ ਲੱਗਾ ਕਿ ਕਿਸੇ ਵੇਲੇ ਸਾਈਕਲ ਤੇ ਫਿਰੋਜ਼ਪੁਰ ਜਾ ਕੇ ਇਕ ਤੇਲ ਦਾ ਪੀਪਾ ਪਿਛੇ ਕੈਰੀਅਰ (ਕਾਠੀ) ਤੇ ਬੰਨ੍ਹ ਕੇ ਲੈ ਆ। ਮੈਂ ਤੇਲ ਦਾ ਭਰਿਆ ਬੰਦ ਪੀਪਾ ਸਾਈਕਲ ਮਗਰ ਕੈਰੀਅਰ ਤੇ ਰਖ ਕੇ ਸਪਰਿੰਗ ਨਾਲ ਕੱਸ ਦਿਤਾ। ਅਜੇ ਸਾਈਕਲ ਚਲਾ ਪਿੰਡ ਖਾਈ ਫੇਮੇ ਕੀ ਲੰਘ ਨਹਿਰ ਦਾ ਪੁਲ ਟੱਪਿਆ ਈ ਸਾਂ ਜਿਥੇ ਇਕ ਸੜਕ ਮਮਦੋਟ ਨੂੰ ਜਾਂਦੀ ਸੀ ਤੇ ਦੂਜੀ ਫਾਜ਼ਿਲਕਾ ਨੂੰ ਕਿ ਪੈਡਲ ਮਾਰਿਦਆਂ ਮੇਰੇ ਪੈਰਾਂ ਤੇ ਮਿੱਟੀ ਦੇ ਤੇਲ ਦੇ ਛਿਟੇ ਪੈਣ ਲਗੇ। ਮੈਂ ਉਤਰ ਕੇ ਵੇਖਿਆ ਤਾਂ ਸਪਰਿੰਗ ਜੋ ਬੜਾ ਮਜ਼ਬੂਤ ਸੀ, ਪੀਪੇ ਵਿਚ ਖੁਭ ਕੇ ਓਸ ਨੇ ਪੀਪੇ ਦੇ ਲੱਕ ਵਿਚ ਦੋ ਮੋਰੀਆਂ ਕਰ ਦਿਤੀਆਂ ਸਨ ਜਿਨ੍ਹਾਂ ਨਾਲ ਪੀਪੇ ਵਿਚੋਂ ਕਾਫੀ ਤੇਲ ਡੁਲ੍ਹ ਗਿਆ ਸੀ। ਮੇਰੇ ਕੋਲ ਕੋਈ ਚਾਰਾ ਨਹੀਂ ਸੀ ਕਿ ਬਾਕੀ ਦਾ ਤੇਲ ਕਿਵੇਂ ਬਚਾਇਆ ਜਾਵੇ। ਜੇ ਮੈਂ ਹੌਲੀ ਸਾਈਕਲ ਤੋਰਦਾ ਸਾਂ ਤਾਂ ਵੀ ਤੇਲ ਡੁਲ੍ਹ ਡੁਲ੍ਹ ਪੈਂਦਾ ਸੀ। ਪਿੰਡ ਅਜੇ 12 ਮੀਲ ਦੂਰ ਸੀ ਅਤੇ ਅਗੋਂ ਬੇਰੀਆਂ ਵਾਲਾ ਖੂਹ ਤਿੰਨ ਮੀਲ ਹੋਰ ਅਗੇ ਸੀ। ਰਸਤੇ ਕਚੇ ਤੇ ਉਚੇ ਨੀਵੇਂ ਸਨ ਤੇ ਸਰਕੜੇ ਵਿਚ ਉਘੜ ਦੁਘੜੀਆਂ ਡੰਡੀਆਂ ਸਨ।

ਜਦ ਮੈਂ ਅਕਿਆ ਥਕਿਆ ਬੇਰੀਆਂ ਵਾਲੇ ਖੂਹ ਤੇ ਪਹੁੰਚਿਆ ਤਾਂ ਤੇਲ ਚੋ ਚੋ ਕੇ ਮਿਟੀ ਦੇ ਤੇਲ ਵਾਲਾ ਪੀਪਾ ਲਗ ਭਗ ਖਾਲੀ ਹੋ ਚੁਕਾ ਸੀ। ਅਗਲੀ ਵਾਰ ਪੜ੍ਹੋ:-ਪਟਿਆਲੇ ਵਾਲੇ ਰਿਸ਼ਤੇ ਦੀ ਕੁੱਤੇ ਝਾਕ

**ਕਿਹੋ ਜਿਹਾ ਸੀ ਜੀਵਨ?ਬਲਬੀਰ ਮੋਮੀ**

**ਪਟਿਆਲੇ ਵਾਲੇ ਰਿਸ਼ਤੇ ਦੀ ਕੁੱਤੇ ਝਾਕ-ਕਿਸ਼ਤ 34**

ਸਰਦੀਆਂ ਦੀਆਂ ਛੁਟੀਆਂ ਖਤਮ ਹੋਣ ਪਿਛੋਂ ਜਦ ਸਕੂਲ ਖੁਲ੍ਹੇ ਤੇ ਮੈਂ ਬੇਰੀਆਂ ਵਾਲੇ ਖੂਹ ਤੋਂ ਪਿੰਡ ਦੇ ਸਕੂਲ ਨੂੰ ਜਾ ਰਿਹਾ ਸਾਂ। ਕਿਣ ਮਿਣ ਹੋ ਰਹੀ ਸੀ ਤੇ ਬਦਲਵਾਈ ਕਾਰਨ ਕਾਫੀ ਠੰਢ ਵੀ ਸੀ। ਸਕੂਲ ਅੰਦਰ ਜਾ ਕੇ ਮੈਂ ਇਹ ਮੈਂ ਵੇਖ ਕੇ ਹੈਰਾਨ ਹੋ ਗਿਆ ਸਕੂਲ ਦੀ ਕਾਨਿਆਂ ਦੀ ਕਚੀ ਕੰਧ ਅੰਦਰ ਬਣੇ ਛੱਪਰ ਤੇ ਸ਼ੋਰਗੜ੍ਹੀਆਂ ਨੇ ਕਬਜ਼ਾ ਕਰ ਰਖਿਆ ਸੀ। ਅੰਦਰ ਉਹਨਾਂ ਦੀਆਂ ਖੋਤੀਆਂ ਤੁਰ ਫਿਰ ਰਹੀਆਂ ਸਨ ਤੇ ਉਹਨਾਂ ਨੇ ਸਾਰੇ ਸਕੂਲ ਵਿਚ ਲਿੱਦ ਕੀਤੀ ਹੋਈ ਸੀ ਜਿਸ ਦੀ ਬੋ ਆ ਰਹੀ ਸੀ। ਸ਼ੋਰ ਗੜ੍ਹੀਏ ਅਗ ਦੀਆਂ ਧੂਣੀਆਂ ਬਾਲ ਕੇ ਹਥ ਸੇਕ ਰਹੇ ਸਨ। ਇਕ ਬਹੁਤ ਖੂਬਸੂਰਤ ਤੇ ਨੌਜਵਾਨ ਸ਼ੋਰਗੜ੍ਹਨੀ ਚਾਹ ਬਣਾ ਰਹੀ ਸੀ। ਜਦ ਮੈਂ ਉਹਨਾਂ ਨੂੰ ਦਬਕਾ ਮਾਰਿਆ ਤੇ ਕਿਹਾ ਕਿ ਇਹ ਤਾਂ ਸਰਕਾਰੀ ਸਕੂਲ ਹੈ ਤੇ ਤੁਸੀਂ ਕਿਸ ਨੂੰ ਪੁਛ ਕੇ ਅੰਦਰ ਵੜੇ ਹੋ। ਫੌਰਨ ਸਫਾਈ ਕਰੋ ਤੇ ਬਾਹਰ ਨਿਕਲੋ ਕਿਉਂਕਿ ਸਕੂਲ ਦੇ ਬੱਚੇ ਪੜ੍ਹਨ ਲਈ ਆਉਣ ਵਾਲੇ ਹਨ। ਜਿਸ ਬੋਲੀ ਵਿਚ ਉਹ ਜਵਾਬ ਦੇ ਰਹੇ ਸਨ, ਉਹ ਬੋਲੀ ਮੇਰੀ ਸਮਝ ਵਿਚ ਨਹੀਂ ਆ ਰਹੀ ਸੀ। ਉਸ ਭਰਵੇਂ ਸਰੀਰ, ਖੂਬਸੂਰਤ ਤੇ ਨੌਜਵਾਨ ਸ਼ੋਰਗੜ੍ਹਨੀ ਦੀਆਂ ਅਖਾਂ ਭਾਵੇਂ ਮਸਤੀ ਨਾਲ ਭਰੀਆਂ ਹੋਈਆਂ ਸਨ ਪਰ ਡਰਦੀਆਂ ਮਾਰੀਆਂ ਕਹਿ ਇਹ ਹੀ ਰਹੀਆਂ ਸਨ ਕਿ ਏਨੀ ਠੰਢ ਅਤੇ ਵਰ੍ਹਦੇ ਮੀਂਹ ਵਿਚ ਅਸੀਂ ਕਿਥੇ ਜਾਈਏ। ਏਨੇ ਵਿਚ ਸ਼ਾਦੀ ਲਾਲ ਦੁਕਾਨਦਾਰ ਓਥੇ ਆ ਗਿਆ ਜਿਸ ਨੇ ਦਸਿਆ ਕਿ ਸ਼ੋਰ ਗੜ੍ਹੀਏ ਹਰ ਸਾਲ ਯ. ਪੀ. ਵਿਚੋਂ ਪੰਜਾਬ ਦੇ ਉਹਨਾਂ ਪਿੰਡਾਂ ਵਿਚ ਸ਼ੋਰਾ ਕਢਣ ਆਉਂਦੇ ਹਨ ਜਿਥੇ ਜ਼ਮੀਨਾਂ ਵਿਚ ਕੱਲਰ ਫੈਲ ਰਿਹਾ ਹੁੰਦਾ ਹੈ। ਓਸ ਨੇ ਉਹਨਾਂ ਨੂੰ ਸਮਝਾਇਆ ਕਿ ਇਹ ਸਕੂਲ ਹੈ, ਆਪਣੀਆਂ ਖੋਤੀਆਂ ਬਾਹਰ ਕਿੱਕਰਾਂ ਹੇਠਾ ਬੰਨ੍ਹ ਦਿਓ ਅਤੇ ਆਪਣਾ ਟਿਕਾਣਾ ਲਭੋ। ਏਨੇ ਵਿਚ ਪਿੰਡ ਦੇ ਹੋਰ ਬੰਦੇ ਵੀ ਆ ਗਏ ਜਿਨ੍ਹਾਂ ਨੇ ਰਲ ਕੇ ਫੈਸਲਾ ਕੀਤਾ ਕਿ ਸ਼ੋਰਗੜ੍ਹੀਏ ਆਪਣੀਆਂ ਖੋਤੀਆਂ ਸਕੂਲ ਦੇ ਅੰਦਰ ਨਹੀਂ ਡਕਣਗੇ ਅਤੇ ਛੇਤੀ ਤੋਂ ਛੇਤੀ ਆਪਣੀਆਂ ਕਾਨਿਆਂ ਤੇ ਸਰਕੜੇ ਦੀਆਂ ਝੁਗੀਆਂ ਖੜ੍ਹੀਆਂ ਕਰ ਕੇ ਸਕੂਲ ਵਿਚੋਂ ਚਲੇ ਜਾਣਗੇ। ਜਿੰਨੇ ਦਿਨ ਇਹਨਾਂ ਦੀਆਂ ਝੁਗੀਆਂ ਨਹੀਂ ਬਝਦੀਆਂ, ਓਨੇ ਦਿਨ ਰਾਤ ਵੇਲੇ ਠੰਢ ਕਰ ਕੇ ਇਹ ਸਕੂਲ ਦੇ ਛਪਰ ਹੇਠ ਟਿਕ ਸਕਣਗੇ ਅਤੇ ਪੂਰੀ ਸਫਾਈ ਰਖਣਗੇ। ਭਾਵੇਂ ਠੰਢ ਤੇ ਮੀਂਹ ਵਧ ਰਿਹਾ ਸੀ ਪਰ ਸ਼ੋਰਗੜ੍ਹੀਏ ਬਾਹਰ ਨਿਕਲ ਕੇ ਆਪਣੀਆਂ ਝੁਗੀਆਂ ਬਨਾਉਣ ਲਈ ਕਾਨੇ ਵਢਣ ਚਲੇ ਗਏ। ਨੌਜਵਾਨ ਸ਼ੋਰਗੜ੍ਹਨੀ ਝਾੜੂ ਦੇਣ ਲਗ ਪਈ ਅਤੇ ਮੈਂ ਕੁਰਸੀ ਮੇਜ਼ ਸਾਫ ਕਰਵਾ ਕੇ ਬੱਚਿਆਂ ਦੀ ਹਾਜ਼ਰੀ ਲਾਉਣ ਲਗ ਪਿਆ। ਕਿਓਂਕਿ ਠੰਢ ਬਹੁਤ ਸੀ ਤੇ ਸ਼ੋਰਗੜ੍ਹਨੀ ਨੇ ਇਕ ਬਾਟੇ ਵਿਚ ਅਗ ਪਾ ਕੇ ਮੇਰੇ ਮੇਜ਼ ਲਾਗੇ ਰਖ ਦਿਤੀ। ਬੱਚੇ ਵੀ ਅਗ ਸੇਕਣ ਲਗੇ ਅਤੇ ਪੜ੍ਹਾਈ ਕਰਨ ਲਗੇ। ਸ਼ੋਰਗੜ੍ਹਨੀ ਮੂਕ ਨਜ਼ਰਾਂ ਨਾਲ ਸਭ ਕੁਝ ਵੇਖ ਰਹੀ ਸੀ। ਲਗਦਾ ਸੀ ਕਿ ਉਸ ਲਈ ਇਹ ਸਭ ਕੁਝ ਨਵਾਂ ਤੇ ਅਨੋਖਾ ਸੀ।

ਜਿੰਨਾ ਚਿਰ ਤਕ ਸ਼ੋਰਗੜ੍ਹੀਆਂ ਦੀਆਂ ਝੁਗੀਆਂ ਨਾ ਬਣੀਆਂ, ਓਨੇ ਦਿਨ ਉਹਨਾਂ ਨੇ ਰਾਤਾਂ ਸਕੂਲ ਅੰਦਰ ਕੱਟੀਆਂ। ਸ਼ੋਰਗੜ੍ਹਨੀ ਖਾਣਾ, ਦਾਣਾ ਚੌਲ ਆਦਿ ਸਿਲਵਰ ਦੇ ਬਰਤਨਾਂ ਵਿਚ ਸਕੂਲ ਦੇ ਅੰਦਰ ਹੀ ਬਣਾਉਂਦੀ। ਲਾਗੇ ਵਗਦੇ ਖੂਹ ਤੋਂ ਪਾਣੀ ਦੇ ਘੜੇ ਭਰ ਲਿਆਉਂਦੀ। ਉਹ ਅਕਸਰ ਮੇਰੇ ਵੱਲ ਵਿੰਹਦੀ ਰਹਿੰਦੀ ਤੇ ਮੈਨੂੰ ਉਹਦੇ ਕੋਲੋਂ ਡਰ ਲਗਦਾ। ਕਈ ਵਾਰ ਜਦ ਬੱਚੇ ਚਲੇ ਜਾਂਦੇ ਤਾਂ ਉਹ ਮੇਰੀ ਕੁਰਸੀ ਲਾਗੇ ਆ ਕੇ ਖਲੋ ਜਾਂਦੀ। ਉਹ ਕਿਸੇ ਤਰ੍ਹਾਂ ਵੀ ਮਹਿਤੇ ਵਾਲੀ ਮਹਿਕ ਤੋਂ ਘਟ ਖੂਬਸੂਰਤ ਨਹੀਂ ਸੀ ਪਰ ਮੈਂ ਹੈਰਾਨ ਸਾਂ ਕਿ ਉਹ ਮੇਰੀ ਕੁਰਸੀ ਲਾਗੇ ਆ ਕੇ ਕਿਉਂ ਖਲੋ ਜਾਂਦੀ ਸੀ। ਮੇਰੇ ਵਲ ਬਾਰ ਬਾਰ ਕਿਉਂ ਵੇਖਦੀ ਸੀ। ਮੈਨੂੰ ਉਸਦੀ ਜ਼ਬਾਨ ਨਹੀਂ ਆਉਂਦੀ ਸੀ ਤੇ ਨਾ ਹੀ ਕਦੇ ਉਹਨੇ ਕੋਈ ਬੋਲ ਮੂੰਹੋਂ ਬਾਹਰ ਕਢਿਆ ਸੀ। ਸਿਰਫ ਨਜ਼ਰਾਂ ਦੀ ਜ਼ਬਾਨ ਹੀ ਗੱਲਾਂ ਕਰ ਰਹੀ ਸੀ। ਕੁਝ ਹਫਤਿਆਂ ਵਿਚ ਜਦ ਸਕੂਲ ਦੇ ਨਾਲ ਹੀ ਉਹਨਾਂ ਦੀਆਂ ਝੁਗੀਆਂ ਖੜ੍ਹੀਆਂ ਹੋ ਗਈਆਂ ਤੇ ਉਹ ਆਪਣਾ ਟਿੰਡ ਫੌੜਾ ਚੁਕ ਕੇ ਆਪਣੀਆਂ ਝੁਗੀਆਂ ਵਿਚ ਲੈ ਗਏ ਪਰ ਦਿਨ ਵੇਲੇ ਸ਼ੋਰਗੜ੍ਹੀਏ ਸ਼ੋਰਾ ਇਕਠਾ ਕਰਨ ਲਈ ਆਪਣੀਆਂ ਕਿਆਰੀਆਂ ਬਣਾਉਂਦੇ ਅਤੇ ਉਹ ਮੇਰੇ ਕੋਲ ਸਕੂਲ ਵਿਚ ਆ ਕੇ ਖਲੋ ਜਾਂਦੀ। ਮੇਰਾ ਹੌਸਲਾ ਨਾ ਪੈਂਦਾ ਕਿ ਇਹਨੂੰ ਸਕੂਲ ਵਿਚੋਂ ਚਲੀ ਜਾਣ ਲਈ ਕਹਾਂ। ਮੈਨੂੰ ਬੇਰੁਖ ਵੇਖ ਕੇ ਜੇ ਉਹ ਚਲੀ ਵੀ ਜਾਂਦੀ ਤਾਂ ਬਾਹਰ ਖੜ੍ਹੀ ਰਹਿੰਦੀ। ਪਿੰਡ ਵਿਚ ਚਰਚਾ ਸ਼ੁਰੂ ਹੋ ਗਈ ਕਿ ਸ਼ੋਰਗੜ੍ਹਨੀ ਮਾਸਟਰ ਤੇ ਮਰਦੀ ਹੈ। ਮਾਸਟਰ ਦੀ ਕੁਰਸੀ ਲਾਗੇ ਖੜ੍ਹੀ ਰਹਿੰਦੀ ਹੈ। ਪਿੰਡ ਦੇ ਨੌਜਵਾਨ ਮੁੰਡੇ ਆ ਕੇ ਉਹਨੂੰ ਮਖੌਲ ਤੇ ਟਿਚਰਾਂ ਕਰਦੇ ਪਰ ਉਹ ਬਸ ਮੁਸਕਰਾ ਛਡਦੀ। ਉਹਦੀ ਚੋਲੀ ਉਚੀ ਹੋਣ ਕਰ ਕੇ ਉਹਦੀ ਧੁੰਨੀ ਤੇ ਢਿਡ ਦਿਸਦਾ ਰਹਿੰਦਾ ਤੇ ਉਚੀ ਘਗਰੀ ਪਹਿਨਣ ਕਰ ਕੇ ਗੋਲ ਤੇ ਗੁੰਦੀਆਂ ਪਿੰਨੀਆਂ ਵੀ ਬੜੀਆਂ ਆਕਰਸ਼ਕ ਲਗਦੀਆਂ। ਮੇਰਾ ਜੀਅ ਕਰਦਾ ਕਿ ਇਹਨੂੰ ਕਹਾਂ ਕਿ ਤੂੰ ਵੀ ਬਾਕੀ ਬੱਚਿਆਂ ਦੇ ਨਾਲ ਕਾਇਦਾ ਲੈ ਕੇ ਪੜ੍ਹਨਾ ਸ਼ੁਰੂ ਕਰ ਦੇ ਪਰ ਇਹ ਗੱਲ ਮੇਰੇ ਮੂੰਹ ਵਿਚੋਂ ਬਾਹਰ ਨਾ ਆਈ। ਜਦੋਂ ਕਦੀ ਉਹ ਖੋਤੀਆਂ ਚਾਰਨ ਚਲੀ ਜਾਂਦੀ ਤਾਂ ਸਾਹ ਸੌਖਾ ਆਉਣ ਲਗਦਾ। ਇਸ ਘਟਨਾ ਤੋਂ ਕਈ ਸਾਲਾਂ ਬਾਅਦ ਜਦ ਇਕ ਸ਼ਾਮ ਮੈਂ, ਕੁਲਵੰਤ ਸਿੰਘ ਵਿਰਕ ਤੇ ਸੰਤ ਸਿੰਘ ਸੇਖੋਂ ਜਲੰਧਰ ਵਿਰਕ ਦੀ ਕੋਠੀ ਅਗੇ ਸੈਰ ਕਰ ਰਹੇ ਸਾਂ ਤਾਂ ਸੇਖੋਂ ਔਰਤ ਦੀ ਫਿਲਾਸਫੀ ਬਾਰੇ ਦੱਸ ਰਿਹਾ ਸੀ ਕਿ ਔਰਤ ਵਰ੍ਹਨ ਤੇ ਆਈ ਬਦਲੀ ਵਰਗੀ ਹੁੰਦੀ ਆ। ਜਿਵੇਂ ਬਦਲੀ ਵਰ੍ਹਨ ਲਗਿਆਂ ਇਹ ਨਹੀਂ ਵਿੰਹਦੀ ਕਿ ਥਲੇ ਪਹਾੜ, ਦਰਿਆ, ਜੰਗਲ, ਸਮੁੰਦਰ, ਬੰਜਰ ਮੈਦਾਨ ਹੈ ਜਾਂ ਖੇਤ ਹੈ, ਉਹ ਵਰ੍ਹ ਹੀ ਪੈਂਦੀ ਹੈ। ਏਸੇ ਤਰ੍ਹਾਂ ਜਦੋਂ ਔਰਤ ਵੀ ਕਿਸੇ ਤੇ ਵਰ੍ਹਨ ਤੇ ਆਉਂਦੀ ਹੈ ਤਾਂ ਉਮਰ, ਧਰਮ, ਵਡਾ, ਛੋਟਾ, ਰੁਤਬਾ, ਸਾਕ, ਸਕੀਰੀ, ਅਮੀਰ, ਗਰੀਬ, ਚੰਗਾ, ਮਾੜਾ ਕੁਝ ਨਹੀਂ ਵਿੰਹਦੀ।

1954 ਦੀਆਂ ਗਰਮੀਆਂ ਸ਼ੁਰੂ ਹੋ ਗਈਆਂ ਸਨ ਜਦ ਜੋਧਪੁਰ ਵਾਲੇ ਪਰਕਾਸ਼ ਜੰਮੂ ਤੋਂ ਪਤਾ ਲੱਗਾ ਕਿ ਮੇਰੀ ਇਸ ਸਕੂਲ ਵਿਚੋਂ ਬਦਲੀ ਹੋ ਰਹੀ ਸੀ। ਮੈਨੂੰ ਅਬੋਹਰ, ਮਲੋਟ ਅਤੇ ਫਾਜ਼ਿਲਕਾ ਸਭ ਪਾਸਿਆਂ ਤੋਂ ਪੰਦਰਾਂ ਵੀਹ ਮੀਲ ਦੀ ਦੂਰੀ ਤੇ ਪੈਂਦੇ ਸਰਦਾਰਾਂ ਦੇ ਇਕ ਪਿੰਡ ਮੁਰਾਦ ਵਾਲਾ ਦਲ ਸਿੰਘ ਦੇ ਮਿਡਲ ਸਕੂਲ ਵਿਚ ਪੰਜਾਬੀ ਟੀਚਰ ਲਾਇਆ ਜਾ ਰਿਹਾ ਸੀ ਤੇ ਉਹਨੂੰ ਇਸ ਸਕੂਲ ਵਿਚ ਅਨਟਰੇਂਡ ਪ੍ਰਾਇਮਰੀ ਟੀਚਰ ਦੀ ਨੌਕਰੀ ਮਿਲ ਰਹੀ ਸੀ। ਮੈਂ ਖੁਸ਼ ਸਾਂ ਕਿ ਇਕ ਤਾਂ ਮੈਂ ਪ੍ਰਾਇਮਰੀ ਸਕੂਲ ਵਿਚੋਂ ਨਿਕਲ ਕੇ ਮਿਡਲ ਸਕੂਲ ਵਿਚ ਚਲਾ ਜਾਵਾਂਗਾ, ਦੂਜੇ ਮੇਰੀ ਤਨਖਾਹ 60 ਰੁਪੈ ਤੋਂ ਵਧ ਕੇ ਇਕ ਦਮ 80 ਰੁਪਈਏ ਹੋ ਜਾਵੇਗੀ। ਉਹਨਾਂ ਦਿਨਾਂ ਵਿਚ ਥਾਣੇਦਾਰ ਦੀ ਤਨਖਾਹ ਵੀ ਸੌ ਤੋਂ ਥਲੇ ਈ ਹੁੰਦੀ ਸੀ। ਪਰ ਏਨੀ ਤਨਖਾਹ ਵਿਚ ਗੁਜ਼ਾਰਾ ਕਰਨਾ ਬੜਾ ਸੌਖਾ ਸੀ ਕਿਉਂਕਿ ਖਰਚੇ ਘੱਟ ਤੇ ਸਸਤ ਬਹੁਤ ਸੀ। ਇਕ ਰੁਪੈ ਦਾ ਚਾਰ ਜਾਂ ਪੰਜ ਸੇਰ ਦੁਧ ਆ ਜਾਂਦਾ ਸੀ, ਦੇਸੀ ਘਿਓ ਵੀ ਇਕ ਰੁਪੈ ਜਾਂ ਸਵਾ ਰੁਪੈ ਦਾ ਸੇਰ ਆ ਜਾਂਦਾ ਸੀ। ਆਟਾ ਸੱਤ ਅਠ ਰੁਪੇ ਦਾ ਮਣ ਪੱਕਾ ਸੀ। ਪਰਕਾਸ਼ ਕਹਿਣ ਲੱਗਾ ਕਿ ਮੈਂ ਇਹ ਸਕੂਲ ਛਡਣ ਤੋਂ ਪਹਿਲਾਂ ਮੁਰਾਦਵਾਲੇ ਵਾਲਾ ਸਕੂਲ ਜਾ ਕੇ ਵੇਖ ਆਵਾਂ ਕਿ ਕਿਹੋ ਜਿਹਾ ਹੈ, ਜੇ ਪਸੰਦ ਨਾ ਆਵੇ ਤਾਂ ਇਰਾਦਾ ਬਦਲ ਲਵਾਂ। ਉਹ ਪਿਛੋਂ ਮੇਰਾ ਸਕੂਲ ਵੇਖ ਲਵੇਗਾ ਤੇ ਬੱਚਿਆਂ ਨੂੰ ਪੜ੍ਹਾਂਦਾ ਰਹੇਗਾ। ਮੇਰੀ ਮਾਂ ਤਾਂ ਕਹਿ ਰਹੀ ਸੀ ਕਿ ਦੂਰ ਦੇ ਅੱਸੀਆਂ ਨਾਲੋਂ ਸਾਨੂੰ ਪਿੰਡ ਦੇ 60 ਈ ਚੰਗੇ ਆ ਪਰ ਮੈਂ ਮੁਰਾਦਵਾਲੇ ਜਾਣ ਦਾ ਮਨ ਬਣਾ ਲਿਆ। ਬੱਸ ਫੜ ਕੇ ਮੈਂ ਫਾਜ਼ਿਲਕਾ ਆ ਗਿਆ ਤੇ ਆ ਕੇ ਭਰਾ ਨੂੰ ਸਾਰੀ ਗੱਲ ਦਸੀ ਤੇ ਮੁਰਾਦਵਾਲੇ ਪਿੰਡ ਦਾ ਰਾਹ ਪੁਛਿਆ। ਓਸ ਦਸਿਆ ਕਿ ਅਬੋਹਰ ਦੇ ਰਾਹ ਵਿਚ ਇਕ ਪਿੰਡ ਨਿਹਾਲ ਖੇੜੇ ਦਾ ਅੱਡਾ ਆਉਂਦਾ ਹੈ, ਓਥੋਂ ਉਤਰ ਕੇ ਰਾਹ ਵਿਚ ਬਾਗੜੀਆਂ ਦੇ ਪਿੰਡ ਆਉਣਗੇ, ਇਕ ਸ਼ਾਇਦ ਵਜੀਦਪੁਰ ਤੇ ਇਕ ਹੋਰ। ਉਹ ਦੋਵੇਂ ਪਿੰਡ ਲੰਘ ਕੇ ਅਗੇ ਇਕ ਸੂਆ ਆਉਂਦਾ ਹੈ ਤੇ ਸੂਏ ਪੈ ਕੇ ਅਗੇ ਕੁਝ ਮੀਲਾਂ ਤੇ ਪਿੰਡ ਮੁਰਾਦਵਾਲਾ ਦਲ ਸਿੰਘ ਹੈ। ਰਸਤਾ ਰੇਤਲਾ ਹੋਣ ਕਰ ਕੇ ਸਾਈਕਲ ਲਿਜਾਣ ਦਾ ਕੋਈ ਫਾਇਦਾ ਨਹੀਂ ਹੈ। ਗਰਮੀ ਬਹੁਤ ਸੀ ਪਰ ਮੈਂ ਸੇਠ ਦੌਲਤ ਰਾਮ ਦੀਆਂ ਅਬੋਹਰ ਨੂੰ ਚਲਦੀ ਬੱਸ ਫੜ ਕੇ ਨਿਹਾਲ ਖੇੜੇ ਉੱਤਰ ਕੇ ਬਾਗੜੀਆਂ ਦੇ ਪਿੰਡਾਂ ਵੱਲ ਨੂੰ ਹੋ ਤੁਰਿਆ। ਰਾਹ ਵਿਚ ਕੋਈ ਬੰਦਾ ਦਿਖਾਈ ਨਹੀਂ ਦੇ ਰਿਹਾ ਸੀ। ਇਕ ਬਾਗੜੀਏ ਤੋ ਮੁਰਾਦਵਾਲੇ ਦੇ ਰਾਹ ਬਾਰੇ ਪੁਛਿਆ ਤਾਂ ਕਹਿਣ ਲੱਗਾ ਅਰੇ ਸੀਖੜੇ ਇਧਰ ਕਹਾਂ ਫਿਰ ਰਹਾ ਹੈ ਤੇ ਕੋਈ ਜਾਣਕਾਰੀ ਨਾ ਦਿਤੀ। ਜਿਵੇਂ ਕਿਵੇਂ ਮੈਂ ਸਖਤ ਗਰਮੀ ਵਿਚ ਦੋ ਪਿੰਡਾਂ ਦਾ ਪੈਂਡਾ ਕਰ ਕੇ ਸੂਏ ਤਕ ਪਹੁੰਚ ਗਿਆ। ਪਿਆਸ ਬਹੁਤ ਲੱਗੀ ਹੋਈ ਸੀ, ਰੱਜ ਕੇ ਸੂਏ ਦਾ ਪਾਣੀ ਪੀਤਾ। ਅਜੀਬ ਗੱਲ ਸੀ ਕਿ ਦੂਰ ਦੂਰ ਤਕ ਵੀਰਾਨੀ ਤੇ ਟਿੱਬੇ ਈ ਸਨ। ਮੁਕਮਲ ਚੁਪ ਚਾਂ ਸੀ। ਨਾ ਬੰਦਾ ਨਾ ਬੰਦੇ ਦੀ ਜ਼ਾਤ। ਮੈਂ ਮਨ ਵਿਚ ਸੋਚਿਆ ਕਿ ਇਕ ਵਾਰ ਪਿੰਡ ਵੇਖ ਆਵਾਂ ਪਰ ਏਥੇ ਟੀਚਰ ਨਹੀਂ ਲਗਾਂਗਾ। ਅਖੀਰ ਮੁਰਾਦਵਾਲਾ ਆ ਗਿਆ। ਸੂਏ ਦੇ ਕੰਢੇ ਤੇ ਸਕੂਲ ਦੀ ਪਕੀ ਇਮਾਰਤ ਬਣ ਰਹੀ ਸੀ। ਸਕੂਲ ਦੇ ਅੰਦਰ ਗਿਆ ਤਾਂ ਓਥੇ ਕੋਈ ਵੀ ਨਹੀਂ ਸੀ। ਸੂਏ ਦੇ ਪੁਲ ਤੇ ਇਕ ਲੰਮੇ ਕੱਦ ਦਾ ਬੰਦਾ ਵੇਖਿਆ ਤਾਂ ਆਪਣੇ ਬਾਰੇ ਦਸਿਆ ਤਾਂ ਕਹਿਣ ਲਗਾ ਮੇਰਾ ਨਾਂ ਕਰਤਾਰ ਸਿੰਘ ਹੈ, ਮੈਂ ਪਿੰਡ ਦੀ ਪੰਚਾਇਤ ਦਾ ਮੈਂਬਰ ਹਾਂ। ਚਲੋ ਘਰ ਚਲਦੇ ਹਾਂ। ਆਪਣੇ ਘਰ ਲੈ ਗਿਆ। ਕਿਲੇ ਵਰਗੇ ਘਰ ਦੇ ਦਰਵਾਜ਼ੇ ਅਗੇ ਸੱਜੇ ਖੱਬੇ ਬੈਠਕਾਂ ਤੇ ਵਿਚਕਾਰ ਏਡਾ ਵਡਾ ਦਰਵਾਜ਼ਾ ਕਿ ਊਠ ਵਾਲਾ ਗੱਡਾ ਸਿੱਧਾ ਅੰਦਰ ਵਿਹੜੇ ਵਿਚ ਆ ਜਾਂਦਾ ਸੀ। ਗਰਮੀ ਕਰ ਕੇ ਅੰਦਰ ਬੰਦਿਆਂ ਨੂੰ ਛਿੜਕਾਅ ਕਰਨ ਤੇ ਲਾ ਦਿਤਾ। ਕੱਚੀ ਲੱਸੀ ਕੱਚ ਦੇ ਗਲਾਸਾਂ ਵਿਚ ਆ ਗਈ। ਫਿਰ ਬਾਹਰ ਵਿਹੜੇ ਵਿਚ ਵਡੇ ਵਡੇ ਮੰਜੇ ਡਾਹ ਦਿਤੇ ਤੇ ਵਧੀਆ ਦਰੀਆਂ, ਚਾਦਰਾਂ, ਖੇਸ ਤੇ ਸਰ੍ਹਾਣੇ ਮੰਗਵਾ ਕੇ ਵਿਛਵਾ ਦਿਤੇ। ਬਹੁਤ ਜ਼ਿਆਦਾ ਆਦਰ ਮਾਨ ਨਾਲ ਮੈਨੂੰ ਬੈਠਣ ਲਈ ਕਿਹਾ ਗਿਆ ਤੇ ਇਕ ਨੌਕਰ ਨੂੰ ਗੁਸਲਖਾਨੇ ਵਿਚ ਪਾਣੀ ਦੀਆਂ ਬਾਲਟੀਆਂ ਤੇ ਤੌਲੀਆ ਰਖਣ ਦਾ ਹੁਕਮ ਦੇ ਦਿਤਾ। ਪਾਣੀ ਭਾਵੇਂ ਗਰਮ ਸੀ ਕਿਓਂਕਿ ਪਿੰਡ ਵਿਚ ਛਪੜ ਦਾ ਪਾਣੀ ਵਰਤਿਆ ਜਾਂਦਾ ਸੀ ਅਤੇ ਪੀਣ ਵਾਲੇ ਪਾਣੀ ਲਈ ਤੀਜੇ ਦਿਨ ਝਿਓਰ ਚੜ੍ਹਦਾ ਸੀ। ਮੈਂ ਨਹਾ ਧੋ ਕੇ ਤਰੋ ਤਾਜ਼ਾ ਹੋ ਗਿਆ ਅਤੇ ਵਿਛੇ ਮੰਜੇ ਤੇ ਆ ਕੇ ਬੈਠ ਗਿਆ। ਗਰਮੀ ਹਾਲੇ ਵੀ ਕਾਫੀ ਸੀ। ਉਹਨੇ ਦੋ ਬੰਦਿਆਂ ਦੀ ਡਿਓਟੀ ਲਾ ਦਿਤੀ ਕਿ ਉਹ ਮੈਨੂੰ ਪਖਾ ਝੱਲਣ।

ਕਰਤਾਰ ਸਿੰਘ ਨੇ ਪਿੰਡ ਬਾਰੇ ਦੱਸਣਾ ਸ਼ੁਰੂ ਕੀਤਾ ਕਿ ਇਸ ਪਿੰਡ ਵਿਚ ਤਿੰਨ ਤਿੰਨ ਸੌ ਘੁਮਾਂ ਜ਼ਮੀਨ ਵਾਲੇ ਕਈ ਸਰਦਾਰ ਹਨ ਜੋ ਬੜੇ ਸੌਖੇ ਹਨ। ਆਪਣੀਆਂ ਜੀਪਾਂ ਤੇ ਟਰੈਕਟਰ ਹਨ। ਕਈਆਂ ਦੀ ਕਈ ਕਈ ਹਲਾਂ ਤੇ ਊਠਾਂ ਦੀ ਵਾਹੀ ਹੈ। ਪਿੰਡ ਦੇ ਬਹੁਤੇ ਲੋਕ ਬੜੀ ਸੌਖੀ ਰੋਟੀ ਖਾਂਦੇ ਹਨ। ਪਿੰਡ ਦਾ ਇਕ ਮੁਅਤਬਰ ਆਗੂ ਜਥੇਦਾਰ ਵਾਂਢੇ ਗਿਆ ਹੋਇਆ ਸੀ ਤੇ ਸਰਪੰਚ ਮੱਲ ਸਿੰਘ ਵੀ ਘਰ ਨਹੀਂ ਵਰਨਾ ਮੈਂ ਰਾਤ ਸਰਪੰਚ ਮੱਲ ਸਿੰਘ ਦੇ ਘਰ ਰਹਿਣਾ ਸੀ ਜਿਥੇ ਹਰ ਆਇਆ ਗਿਆ ਅਫਸਰ ਰਹਿੰਦਾ ਸੀ। ਕਰਤਾਰ ਸਿੰਘ ਨੇ ਪਿੰਡ ਦੇ ਮਿਡਲ ਸਕੂਲ ਵਿਚ ਪੜ੍ਹਾਂਦੇ ਇਕੋ ਇਕ ਟੀਚਰ ਹੰਸ ਰਾਜ ਸ਼ਰਮਾ ਨੂੰ ਮੁੰਡਾ ਭੇਜ ਕੇ ਬੁਲਾ ਲਿਆ। ਹੰਸ ਰਾਜ ਵੈਸੇ ਤਾਂ ਬੀ.ਏ. ਸੀ ਪਰ ਅਨਟਰੇਂਡ ਟੀਚਰ ਸੀ ਜਿਸ ਨੂੰ ਛੁਟੀਆਂ ਵਿਚ ਟਰੇਨਿੰਗ ਲੈਣ ਲਈ ਜਾਣਾ ਪੈਂਦਾ ਸੀ। ਮੈਨੂੰ ਵੇਖ ਕੇ ਉਹਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਤੇ ਕਹਿਣ ਲਗਾ ਕਿ ਤੁਸੀਂ ਸਵੇਰ ਤੋਂ ਸਕੂਲ ਸੰਭਾਲੋ ਤੇ ਮੈਂ ਟਰੇਨਿੰਗ ਲੈਣ ਜਾਣੋ ਲੇਟ ਹੋ ਰਿਹਾ ਹਾਂ। ਮਿਡਲ ਸਕੂਲ ਵਿਚ ਅਠ ਜਮਾਤਾਂ ਇਕ ਟੀਚਰ। ਮੈਂ ਕਿਹਾ ਕਿ ਮੈਂ ਤਾਂ ਸਕੂਲ ਵੇਖਣ ਆਇਆ, ਹਾਲੇ ਜਾਇਨ ਨਹੀਂ ਕਰਾਂਗਾ। ਮੈਂ ਪਹਿਲੇ ਸਕੂਲ ਦਾ ਚਾਰਜ ਵੀ ਅਜੇ ਨਹੀਂ ਛਡਿਆ। ਹੰਸ ਰਾਜ ਤੇ ਕਰਤਾਰ ਸਿੰਘ ਤਰਲੇ ਦੀ ਹੱਦ ਤੀਕ ਕਹਿਣ ਲਗੇ ਕਿ ਮੈਂ ਸਵੇਰੇ ਸਕੂਲ ਜਾਇਨ ਕਰ ਲਵਾਂ ਕਿਓਂਕਿ ਇਸ ਦੂਰ ਦੁਰਾਡੇ ਪਿੰਡ ਵਿਚ ਕੋਈ ਟੀਚਰ ਨਹੀਂ ਆਉਂਦਾ ਸੀ। ਜੇ ਆਉਂਦਾ ਸੀ ਤਾਂ ਚਾਰ ਦਿਨ ਰਹਿ ਕੇ ਚਲਾ ਜਾਂਦਾ ਸੀ। ਹੁਣ ਮੈਨੂੰ ਸਮਝ ਆਈ ਕਿ ਮੈਨੂੰ ਬਗੈਰ ਕਿਸੇ ਅਰਜ਼ੀ ਪੱਤਰ ਦੇ ਇਸ ਸਕੂਲ ਵਿਚ ਕਲਾਸੀਕਲ ਐਂਡ ਵਰਨੈਕੂਲਰ ਟੀਚਰ ਦਾ

ਨਿਯੁਕਤੀ ਪੱਤਰ ਕਿਵੇਂ ਮਿਲ ਗਿਆ ਸੀ। ਪਿੰਡ ਦਾ ਮੁਅਤਬਰ ਜਥੇਦਾਰ ਇਲਾਕੇ ਦੇ ਡਿਸਟ੍ਰਿਕਟ ਬੋਰਡ ਦੇ ਮੈਂਬਰ ਨੂੰ ਨਾਲ ਲਿਜਾ ਕੇ ਡਿਸਟ੍ਰਿਕਟ ਇਨਸਪੈਕਟਰ ਆਫ ਸਕੂਲ ਸ. ਸਾਧੂ ਸਿੰਘ ਨੂੰ ਮਿਲਿਆ ਸੀ ਅਤੇ ਬੜਾ ਜ਼ੋਰ ਦੇ ਕੇ ਕਿਹਾ ਸੀ ਕਿ ਅਸੀਂ ਬੋਰਡ ਦੇ ਕਹਿਣ ਤੇ ਪਿੰਡ ਵਿਚ ਮਿਡਲ ਸਕੂਲ ਦੀ ਪਕੀ ਇਮਾਰਤ ਬਣਾ ਦਿਤੀ ਹੈ ਪਰ ਸਾਨੂੰ ਟੀਚਰ ਵੀ ਦਿਓ। ਜੇ ਕੋਈ ਟੀਚਰ ਓਥੇ ਆਉਂਦਾ ਸੀ ਤਾਂ ਕੁਝ ਦਿਨ ਰਹਿ ਕੇ ਭੱਜ ਜਾਂਦਾ ਸੀ।

ਮੈਂ ਕਰਤਾਰ ਸਿੰਘ ਨੂੰ ਕਿਹਾ ਕਿ ਜੇ ਮੈਂ ਇਹ ਮਿਡਲ ਸਕੂਲ ਜਾਇਨ ਕਰ ਲੈਂਦਾ ਹਾਂ ਤਾਂ ਰਹਾਂਗਾ ਕਿਥੇ। ਰੋਟੀ ਕਿਥੋਂ ਖਾਉਂਗਾ। ਏਥੇ ਤਾਂ ਕੋਈ ਹੋਟਲ ਜਾਂ ਢਾਬਾ ਵੀ ਨਹੀਂ ਹੈ। ਉਹ ਕਹਿਣ ਲੱਗਾ ਕਿ ਇਸਦੀ ਕੋਈ ਫਿਕਰ ਨਾ ਕਰੋ। ਤੁਹਾਡੀ ਰਿਹਾਇਸ਼ ਦਾ ਬਹੁਤ ਆਲਾ ਇੰਜ਼ਾਮ ਸਰਪੰਚ ਮੱਲ ਸਿੰਘ ਦੇ ਘਰ ਹੋਵੇਗਾ। ਨੁੱਕਰ ਵਾਲੀ ਬੈਠਕ ਵਿਚ ਤੁਹਾਡਾ ਉਤਾਰਾ ਹੋਵੇਗਾ। ਤਿੰਨੇ ਟਾਈਮ ਰੋਟੀ ਉਹਦੇ ਘਰੋਂ ਪਕ ਕੇ ਆਇਆ ਕਰੇਗੀ। ਸਰਕਾਰ ਦੀ ਤਨਖਾਹ ਦੀ ਉਡੀਕ ਨਾ ਕਰਿਓ, ਤਨਖਾਹ ਤੁਹਾਨੂੰ ਪੰਚਾਇਤ ਵੱਲੋਂ ਮਿਲੇਗੀ। ਜੋ ਸਰਕਾਰ ਦੀ ਹੋਵੇਗੀ, ਉਹ ਵੀ ਤੁਹਾਡੀ ਪਰ ਸਾਡੇ ਪਛੜੇ ਪਿੰਡ ਦੇ ਮੁੰਡਿਆਂ ਨੂੰ ਵਿਦਿਆ ਦਾ ਚਾਨਣ ਦੇ ਦਿਓ। ਓਸ ਰਾਤ ਕਰਤਾਰ ਸਿੰਘ ਨੇ ਜਿਹੜੀ ਸੇਵਾ ਕੀਤੀ, ਉਹ ਅਜ ਤਕ ਵੀ ਨਹੀਂ ਭੁੱਲੀ। ਸਰਦਾਰ ਕਰਤਾਰ ਸਿੰਘ ਕਹਿਣ ਲੱਗਾ ਕਿ ਉਹ ਅਮ੍ਰਿਤ ਛਕ ਕੇ ਅਕਾਲੀ ਬਣ ਗਿਆ ਹੈ ਅਤੇ ਪੀਣੀ ਛਡ ਦਿਤੀ ਹੈ ਇਸ ਲਈ ਦਾਰੂ ਨਹੀਂ ਪਿਆ ਸਕਦਾ। ਜੇ ਮੈਂ ਪੀਣੀ ਹੋਵੇ ਤਾਂ ਮੰਗਵਾ ਦਿੰਦਾ ਹਾਂ। ਮੈਂ ਨਾਂਹ ਕਰ ਦਿਤੀ। ਚੋਘਿਆਂ ਵਾਲੀਆਂ ਦੇਸੀ ਘਿਓ ਨਾਲ ਚੋਪੜੀਆਂ ਰੋਟੀਆਂ। ਦਾਲ ਵਿਚ ਤਰਦਾ ਘਿਓ, ਚਿੱਬੜਾਂ ਤੇ ਮਿਰਚਾਂ ਦੀ ਦੇਸੀ ਘਿਓ ਵਿਚ ਤੜਕੀ ਚਟਣੀ, ਮਿਰਚਾਂ ਦਾ ਆਚਾਰ ਤੇ ਕੱਟੇ ਗੰਢੇ। ਰੋਟੀ ਪਿਛੋਂ ਮਿਠੀਆਂ ਸੇਵੀਆਂ ਤੇ ਦੇਸੀ ਘਿਓ ਵਿਚ ਕੁੱਟੀ ਚੂਰੀ। ਪਾਣੀ ਦੀ ਥਾਂ ਦੁਧ ਅਤੇ ਰਾਤ ਨੂੰ ਵੀ ਮੇਰੇ ਸਰ੍ਹਾਣੇ ਕੜੇ ਵਾਲਾ ਕੜ੍ਹੇ ਦੁਧ ਦਾ ਭਰਿਆ ਗਲਾਸ ਜਿਸ ਉਤੇ ਮਲਾਈ ਦੀ ਤਹਿ ਜੰਮੀ ਹੋਈ ਸੀ, ਰਖ ਦਿਤਾ। ਸਵੇਰ ਦੇ ਨਾਸ਼ਤੇ ਵਿਚ ਪਰੌਂਠੇ ਜਿਨ੍ਹਾਂ ਤੇ ਤਾਜ਼ਾ ਮਖਨ, ਦੇਸੀ ਘਿਓ ਵਿਚ ਤਲੇ ਤਾਜ਼ਾ ਟਿੰਡਿਆਂ ਦੀ ਸਬਜ਼ੀ, ਦਹੀਂ ਦਾ ਕੌਲਾ ਤੇ ਚੋਂਦੇ ਘਿਓ ਦੀ ਚੂਰੀ ਸੀ। ਫਿਰ ਕਰਤਾਰ ਸਿੰਘ ਮੈਨੂੰ ਸਕੂਲ ਲੈ ਗਿਆ ਤੇ ਅਠਾਂ ਜਮਾਤਾਂ ਦੇ ਇਕੋ ਮਾਟਰ ਤੇ ਹੈਡ ਮਾਸਟਰ ਹੰਸ ਰਾਜ ਨੇ ਸਕੂਲ ਦੀ ਪਰੇਅਰ ਤੋਂ ਬਾਅਦ ਵਿਦਿਆਰਥੀਆਂ ਨਾਲ ਮੇਰੀ ਜਾਣ ਪਹਿਚਾਣ ਕਰਵਾਈ। ਕਈ ਬੱਚਿਆਂ ਦੇ ਮਾਪੇ ਵੀ ਮੌਜੂਦ ਸਨ। ਮੈਂ ਕਾਲਜ ਵਿਚੋਂ ਨਿਕਲਿਆ ਖੂਬਸੂਰਤ ਜਵਾਨੀ ਚੜ੍ਹਿਆ ਮੁੰਡਾ ਓਸ ਸਕੂਲ ਦੇ ਵਿਦਿਆਰਥੀਆਂ ਨੂੰ ਹੀਰੋ ਵਾਂਗ ਲਗ ਰਿਹਾ ਸਾਂ। ਮੈਂ ਕਪੜੇ ਵੀ ਬਹੁਤ ਵਧੀਆ ਪਾਏ ਹੋਏ ਸਨ। ਨੰਗੀਆਂ ਲੱਤਾਂ, ਕਛਿਆਂ ਤੇ ਸਾਦਾ ਲੰਮੇ ਕੁੜਤਿਆਂ ਵਿਚ ਪਠੋਰਿਆਂ ਵਰਗੇ ਨਿਰਛਲ ਕਈ ਮੁੰਡੇ ਕੱਦ ਵਿਚ ਮੇਰੇ ਨਾਲੋਂ ਵੀ ਉਚੇ ਲਗਦੇ ਸਨ। ਹਰਨੇਕ ਸਰਾ ਜੋ ਬਾਅਦ ਵਿਚ ਬਠਿੰਡੇ ਦਾ ਐਸ. ਐਸ. ਪੀ. ਬਣਿਆ, ਓਦੋਂ ਏਥੇ ਛੇਵੀਂ ਵਿਚ ਸੀ। ਮਨਮਿਹਰ ਸਿੰਘ ਜੋ ਗਿਆਨੀ ਜ਼ੈਲ ਸਿੰਘ ਦਾ ਭਾਣਜਾ ਸੀ, ਉਹ ਵੀ ਏਸੇ ਸਕੂਲ ਦੀ ਛੇਵੀਂ ਜਮਾਤ ਵਿਚ ਸੀ ਤੇ ਪਿਛੋਂ ਐਮ. ਬੀ. ਬੀ. ਐਸ. ਕਰ ਕੇ ਡਾਕਟਰ ਬਣ ਗਿਆ ਸੀ। ਗਿਆਨੀ ਜੀ ਸਾਲ ਵਿਚ ਇਕ ਵਾਰ ਆਪਣੀ ਭੈਣ ਨੂੰ ਮਿਲਣ ਲਈ ਮੁਰਾਦਵਾਲੇ ਜ਼ਰੂਰ ਆਉਂਦੇ ਸਨ ਤੇ ਸਕੂਲ ਦੀ ਵਿਜ਼ਟਰ ਬੁਕ ਵਿਚ ਆਪਣੇ ਰੀਮਾਰਕਸ ਲਿਖ ਕੇ ਜਾਂਦੇ। ਮੈਂ ਗਿਆਨੀ ਜੀ ਨੂੰ ਦਿੱਲੀ ਅਜੀਤ ਸਿੰਘ ਐਮ. ਪੀ. ਦੇ ਫਲੈਟ ਵਿਚ ਇਕ ਵਾਰ ਮਿਲ ਚੁਕਾ ਸਾਂ। ਮਾਸਟਰ ਹੰਸ ਰਾਜ ਨੇ ਕਿਹਾ ਕਿ ਇਹ ਨਵੇਂ ਟੀਚਰ ਤੁਹਾਨੂੰ ਪੰਜਾਬੀ, ਸੋਸ਼ਲ ਸਟਡੀ ਤੇ ਖੇਤੀ ਬਾੜੀ ਦੇ ਸਬਜੈਕਟ ਪੜ੍ਹਾਇਆ ਕਰਨਗੇ। ਹੈਰਾਨੀ ਇਸ ਗੱਲ ਦੀ ਸੀ ਕਿ ਅਠ ਜਮਾਤਾਂ ਨੂੰ ਇਕੋ ਵੇਲੇ ਇਕ ਟੀਚਰ ਲਈ ਪੜ੍ਹਾਨਾ ਕਿੰਨਾ ਮੁਸ਼ਕਲ ਸੀ। ਇਸ ਲਈ ਦੋ ਦੋ ਜਮਾਤਾਂ ਦਾ ਗਰੁੱਪ ਬਣਾ ਕੇ ਉਹਨਾਂ ਨੂੰ ਲਿਖਣ ਲਈ ਕੁਝ ਕੰਮ ਦੇ ਦਿਤਾ ਜਾਂਦਾ ਸੀ। ਮੈਂ ਹੰਸ ਰਾਜ ਨੂੰ ਕਿਹਾ ਕਿ ਮੈਨੂੰ ਇਹ ਸਕੂਲ ਜਾਇਨ ਕਰਨ ਲਈ ਸੋਚਣ ਦਾ ਮੌਕਾ ਦਿਓ। ਉਹ ਕਹਿਣ ਲੱਗਾ ਕਿ ਇਹ ਪਿੰਡ ਸੜਕਾਂ ਤੇ ਰੇਲ ਤੋਂ ਬਹੁਤ ਦੂਰ ਹੈ ਪਰ ਲੋਕ ਬਹੁਤ ਚੰਗੇ, ਸੇਵਾਦਾਰ ਤੇ ਆਗਿਆਕਾਰ ਹਨ। ਜੇ ਗਰੁੱਪ ਬਣਾ ਕੇ ਸ਼ਾਮ ਨੂੰ ਬੱਚਿਆਂ ਨੂੰ ਪੜ੍ਹਾਓਗੇ ਤਾਂ ਮਾਪੇ ਟਿਊਸ਼ਨ ਦੇ ਪੈਸੇ ਵਖਰੇ ਦੇਣਗੇ। ਦੁੱਧ ਦਹੀਂ ਦੀ ਏਥੇ ਪਰਵਾਹ ਨਹੀਂ ਹੈ। ਰੇਤਲੇ ਤੇ ਮਿੱਟੀ ਨਾਲ ਭਰੇ ਰਾਹ ਲੰਘ ਕੇ ਇਕ ਵਾਰ ਏਥੇ ਆਉਣਾ ਹੀ ਮੁਸ਼ਕਲ ਹੈ ਫਿਰ ਏਥੇ ਦਿਲ ਲਗ ਜਾਂਦਾ ਹੈ।

ਸ. ਕਰਤਾਰ ਸਿੰਘ ਨੇ ਪਿੰਡ ਚੋਂ ਕਿਸੇ ਦਾ ਟਰੈਕਟਰ ਮੰਗਵਾਇਆ ਜੋ ਮੈਨੂੰ ਨਿਹਾਲ ਖੇੜੇ ਦੇ ਅਡੇ ਤੇ ਛਡ ਗਿਆ। ਅਡੇ ਤੇ ਮੈਨੂੰ ਮੇਰੇ ਨਾਲ ਕਾਲਜ ਵਿਚ ਪੜ੍ਹਦਾ ਮਹਿਲ ਸਿੰਘ ਮਿਲ ਗਿਆ ਜੋ ਇਸ ਇਲਾਕੇ ਦਾ ਪਟਵਾਰੀ ਲਗ ਗਿਆ ਸੀ। ਉਹਨੇ ਰਿਹਾਇਸ਼ ਫਾਜ਼ਿਲਕਾ ਰਖੀ ਹੋਈ ਸੀ। ਜਦੋਂ ਮੈਂ ਦਸਿਆ ਕਿ ਮੈਨੂੰ ਮੁਰਾਦ ਵਾਲੇ ਲੈਂਗੁਏਜ ਟੀਚਰ ਦੀ ਨੌਕਰੀ ਮਿਲ ਗਈ ਹੈ ਤਾਂ ਕਹਿਣ ਲੱਗਾ ਕਿ ਜਾਇਨ ਕਰ ਲੈ। ਮੁਰਾਦਵਾਲਾ ਮੇਰੇ ਅੰਡਰ ਤਾਂ ਨਹੀਂ ਪਰ ਇਸ ਦੇ ਨਾਲ ਲਗਦੇ ਬਹੁਤ ਪਿੰਡ ਮੇਰੇ ਅੰਡਰ ਹਨ ਜਿਨ੍ਹਾਂ ਵਿਚ ਜ਼ਿਆਦਾ ਪਿੰਡ ਬਾਗੜੀ ਚੌਧਰੀਆਂ ਦੇ ਹਨ। ਇਹ ਬਾਗੜੀ ਬੜੇ ਸਿਧੇ ਸਾਦੇ, ਖੁਲ੍ਹੀਆਂ ਜ਼ਮੀਨਾਂ ਦੇ ਮਾਲਕ ਹਨ ਅਤੇ ਟਰੈਕਟਰ ਰਖਦੇ ਹਨ। ਖਾਣ ਪੀਣ ਦੇ ਬਹੁਤ ਸ਼ੁਕੀਨ ਹਨ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਰੱਬ ਸਮਝਦੇ ਹਨ। ਅਬੋਹਰ ਦਾ ਇਹ ਇਲਾਕਾ ਸਾਰੇ ਹਿੰਦੋਸਤਾਨ ਵਿਚ ਸਭ ਤੋਂ ਵਡੀ ਕਪਾਹ ਦੀ ਮੰਡੀ ਹੈ ਅਤੇ ਇਸ ਇਲਾਕੇ ਵਿਚ ਮਾਲਟਿਆਂ ਅਤੇ ਸੰਤਰਿਆਂ ਦੇ ਬਹੁਤ ਬਾਗ ਹਨ। ਫਾਜ਼ਿਲਕਾ ਆ ਕੇ ਸਾਰੀ ਗੱਲ ਬਾਤ ਭਰਾ ਭਰਜਾਈ ਨੂੰ ਦੱਸੀ ਤੇ ਉਹਨਾਂ ਨੇ ਸਲਾਹ ਦਿਤੀ ਕਿ ਮੈਂ ਇਸ ਪਿੰਡ ਵਿਚ ਨੌਕਰੀ ਜਾਇਨ ਕਰ ਲਵਾਂ। ਭਰਾ ਦੀ ਬਦਲੀ ਵੀ ਅਬੋਹਰ ਲਾਗੇ ਪੈਂਦੇ ਇਕ ਸੌ

ਏਕੜ ਦੇ ਸਰਕਾਰੀ ਫਾਰਮ ਤੇ ਹੋ ਰਹੀ ਸੀ ਜਿਥੇ ਰਹਿਣ ਲਈ ਕੋਠੀ ਤੇ ਨੌਕਰ ਚਾਕਰ ਵਖਰੇ ਸਨ। ਭਰਾ ਕਹਿੰਦਾ ਕਿ ਛੁੱਟੀ ਵਾਲੇ ਦਿਨ ਮੈਂ ਉਹਨਾਂ ਕੋਲ ਫਾਰਮ ਵਿਚ ਆ ਜਾਇਆ ਕਰਾਂ।

ਉਹਨਾਂ ਦੀ ਸਲਾਹ ਮੰਨ ਕੇ ਮੈਂ ਗੁਦੜਢੰਡੀ ਆ ਕੇ ਸਕੂਲ ਦਾ ਚਾਰਜ ਪਰਕਾਸ਼ ਜੰਮੂ ਨੂੰ ਦੇ ਦਿਤਾ। ਜਦ ਦੇ ਬਸਤੀ ਟੈਂਕਾਂ ਵਾਲੀ ਵਾਲੇ ਸ. ਜੋਗਿੰਦਰ ਸਿੰਘ ਤੇ ਪਟਿਆਲੇ ਵਾਲੀ ਨਰਸ ਕੁੜੀ ਗੁਲਬਦਨ ਕੌਰ (ਅਸਲੀ ਨਾਂ ਨਹੀਂ) ਦੇ ਭਰਾ ਸ. ਗੁਰਬਚਨ ਸਿੰਘ ਸਾਡੇ ਬੇਰੀਆਂ ਵਾਲੇ ਖੂਹ ਤੇ ਸਾਡੀ ਜ਼ਮੀਨ ਵੇਖ ਤੇ ਮੇਰੇ ਮਾਂ ਪਿਓ ਨੂੰ ਮਿਲ ਕੇ ਗਏ ਸਨ, ਵੱਲੋਂ ਰਿਸ਼ਤੇ ਦੀ ਹਾਂ ਜਾਂ ਨਾਂਹ ਦਾ ਕੋਈ ਜਵਾਬ ਨਹੀਂ ਸੀ ਆਇਆ। ਬਾਪੂ ਨੇ ਉਹਨਾਂ ਦੀ ਬੜੀ ਸੇਵਾ ਕੀਤੀ ਸੀ। ਮੈਂ ਮਮਦੋਟ ਜਾ ਕੇ ਡਾਕ ਚੈੱਕ ਕੀਤੀ ਜਿਸ ਵਿਚ ਪਟਿਆਲੇ ਤੋਂ ਇਕ ਚਿਠੀ ਸੀ ਜਿਸ ਵਿਚ ਲਿਖਿਆ ਸੀ ਕਿ ਪਹਿਲਾਂ ਪਟਿਆਲੇ ਵੱਲ ਜ਼ਮੀਨ ਬਦਲਣ ਦਾ ਕੰਮ ਸੈਟਲ ਕਰ ਲਈਏ, ਫਿਰ ਰਿਸ਼ਤਾ ਪੱਕਾ ਕਰਨ ਦੀ ਗੱਲ ਕਰਾਂਗੇ। ਮੈਨੂੰ ਲੱਗਾ ਕਿ ਮੈਂ ਉਹਨਾਂ ਦੀ ਆਸ ਤੇ ਪੂਰਾ ਨਹੀਂ ਉਤਰ ਰਿਹਾ, ਇਸ ਲਈ ਇਸ ਰਿਸ਼ਤੇ ਦੀ ਕੁੱਤੇ ਝਾਕ ਛਡ ਦੇਣੀ ਚਾਹੀਦੀ ਹੈ। ਪਰ ਪਟਿਆਲੇ ਉਸ ਕੁੜੀ ਦੀ ਵੇਖੀ ਇਕ ਝਲਕ ਮੇਰੇ ਮਨ ਵਿਚੋਂ ਜਾਂਦੀ ਨਹੀਂ ਸੀ। ਉਹਨਾਂ ਦਾ ਨਿਸ਼ਾਨਾ ਨਰਸ ਕੁੜੀ ਲਈ ਮੇਰੀ ਪਿੰਡਾਂ ਦੀ ਸਕੂਲ ਮਾਸਟਰੀ ਅਤੇ ਬੇਟ ਦੀ ਜ਼ਮੀਨ ਤੇ ਕਾਨਿਆਂ ਦੀਆਂ ਝੁਗੀਆਂ ਨਹੀਂ ਸਨ। ਖੈਰ ਮੈਂ ਇਸ ਸੋਚ ਦਾ ਖਾਤਮਾ ਕਰ ਦਿਤਾ ਤੇ ਜੂਨ 1954 ਦੇ ਅੰਤ ਵਿਚ ਮੁਰਾਦਾਵਾਲਾ ਦਲ ਸਿੰਘ ਸਕੂਲ ਜਾਇਨ ਕਰ ਲਿਆ। ਸਰਪੰਚ ਸ. ਮੱਲ ਸਿੰਘ ਦੇ ਬਹੁਤ ਖੁਲ੍ਹੇ ਘਰ ਦੀ ਨੁਕਰ ਤੇ ਰਹਿਣ ਲਈ ਮੈਨੂੰ ਬੈਠਕ ਮਿਲ ਗਈ। ਮੇਰੀ ਸੇਵਾ ਪਾਣੀ ਲਈ ਮੱਲ ਸਿੰਘ ਨੇ ਇਕ ਬੰਦਾ ਲਾ ਦਿਤਾ। ਜਦੋਂ ਮੈਂ ਸਕੂਲੋਂ ਆਉਂਦਾ ਤਾਂ ਉਹ ਮੇਰੇ ਪੈਰਾਂ ਵਿਚੋਂ ਮੇਰੇ ਬੂਟ ਉਤਾਰਦਾ। ਫਿਰ ਕੋਸੇ ਪਾਣੀ ਨਾਲ ਮੇਰੇ ਪੈਰ ਧੋਂਦਾ ਤੇ ਪਰਨੇ ਨਾਲ ਪੈਰ ਸਾਫ ਕਰਦਾ। ਸਰ੍ਹੋਂ ਦਾ ਤੇਲ ਮਲਦਾ। ਬੈਠਕ ਦੇ ਬਾਹਰ ਥੜ੍ਹੇ ਤੇ ਦੋ ਵਡੇ ਮੂੜ੍ਹੇ ਤੇ ਕੁਝ ਛੋਟੇ ਮੂੜ੍ਹੇ ਪਏ ਹੁੰਦੇ, ਵਡੇ ਮੂੜ੍ਹੇ ਰੋਜ਼ (ਨੀਲ ਗਊ) ਦੀ ਖ਼ੱਲ ਨਾਲ ਮੜ੍ਹੇ ਹੋਏ ਸਨ ਤੇ ਛੋਟੇ ਮਿਰਗ ਦੀ ਖੱਲ ਨਾਲ। ਰੋਜ਼ (ਨੀਲ ਗਊ) ਦੀ ਖ਼ੱਲ ਨਾਲ ਮੜ੍ਹੇ ਹੋਏ ਇਕ ਮੂੜ੍ਹੇ ਤੇ ਸ. ਮੱਲ ਸਿੰਘ ਬਹਿੰਦਾ ਤੇ ਦੂਜੇ ਤੇ ਮੈਂ। ਬਾਕੀ ਦੇ ਮੂੜ੍ਹਿਆਂ ਤੇ ਕੁਝਖਾਸ ਲੋਕ ਆ ਕੇ ਬਹਿੰਦੇ ਪਰ ਬਹੁਤੇ ਲੋਕ ਥੜ੍ਹੇ ਤੇ ਭੁੰਜੇ ਈ ਬੈਠ ਜਾਂਦੇ। ਸ. ਮੱਲ ਸਿੰਘ ਗੱਲ ਬਹੁਤ ਘੱਟ ਕਰਦਾ ਸੀ ਤੇ ਬਾਦਸ਼ਾਹ ਤਬੀਅਤ ਦਾ ਮਾਲਕ ਸੀ। ਉਹ ਧੋਤਾ ਹੋਇਆ ਚਾਦਰਾ ਬੰਨ੍ਹਦਾ ਤੇ ਉਤੇ ਕੁੜਤਾ ਪਾਉਂਦਾ। ਕਦੀ ਕਦੀ ਕੁੜਤਾ ਪਾਜਾਮਾ ਵੀ ਪਾ ਲੈਂਦਾ। ਸ਼ਾਮ ਨੂੰ ਦਾਰੂ ਪੀਣ ਤੋਂ ਪਹਿਲਾਂ ਉਹ ਆਪਣੀ ਦੋਨਾਲੀ ਰਫਲ ਲੈ ਕੇ ਸ਼ਿਕਾਰ ਖੇਡਣ ਜਾਂਦਾ ਅਤੇ ਜਿਸ ਦਿਨ ਕੋਈ ਤਿੱਤਰ ਜਾਂ ਖਰਗੋਸ਼ ਹਥ ਨਾ ਆਉਂਦਾ ਤਾਂ ਉਹਦੇ ਨੌਕਰ ਘਰ ਵਿਚ ਪਾਲੀਆਂ ਮੁਰਗੀਆਂ ਵਿਚੋਂ ਕੁਕੜੀ ਜਾਂ ਕੁਕੜ ਝਟਕਾ ਲੈਂਦੇ। ਬੈਠਕ ਦੇ ਅੰਦਰਵਾਰ ਘਰ ਵੱਲ ਨੂੰ ਚੁਲ੍ਹੇ ਬਣੇ ਹੋਏ ਸਨ ਜਿਥੇ ਨੌਕਰ ਮਸਾਲੇ ਰਗੜ ਕੇ ਮੁਰਗੇ ਜਾਂ ਸ਼ਿਕਾਰ ਦੇ ਸਾਫ ਕੀਤੇ ਮੀਟ ਨੂੰ ਭੁੰਨਦੇ। ਭੁਜਦੇ ਮਸਾਲੇ ਦੇ ਤੜਕੇ ਅਤੇ ਮਾਸ ਰਿਝਣ ਦੀ ਖੁਸ਼ਬੂ ਬਾਹਰ ਸਾਨੂੰ ਥੜ੍ਹੇ ਤੇ ਮੂੜ੍ਹਿਆਂ ਤੇ ਬੈਠਿਆਂ ਨੂੰ ਆਉਂਦੀ। ਰਿਝਦੇ ਮਸਾਲੇ ਵਿਚ ਪਾਣੀ ਛਡਣ ਤੋਂ ਪਹਿਲਾਂ ਭੋਨੀ ਦੇ ਟੁਕੜੇ ਸਾਨੂੰ ਥਾਲੀ ਵਿਚ ਰਖ ਕੇ ਲੂਨ ਮਿਰਚ ਚੈੱਕ ਕਰਨ ਲਈ ਖਵਾਏ ਜਾਂਦੇ। ਸ. ਮਲ ਸਿੰਘ ਦੇ ਅੰਦਰਲੇ ਘਰ ਦੀ ਰਸੋਈ ਵਿਚ ਮੀਟ ਨਹੀਂ ਬਣ ਸਕਦਾ ਸੀ। ਸ਼ਾਮਾਂ ਨੂੰ ਅਕਸਰ ਸ. ਮੱਲ ਸਿੰਘ ਆਪਣੀ ਘੋੜੀ ਤੇ ਚੜ੍ਹ ਕੇ ਸ਼ਿਕਾਰ ਖੇਡਣ ਜਾਂਦਾ ਤੇ ਮੈਨੂੰ ਵੀ ਪਿਛੇ ਬਿਠਾ ਲੈਂਦਾ। ਕਈ ਕਦੀ ਮੈਂ ਚਲਾ ਜਾਂਦਾ ਪਰ ਉਹੀ ਟਾਈਮ ਮੈਨੂੰ ਉਹਦੇ ਚੌਥੀ ਵਿਚ ਪੜ੍ਹਦੇ ਮੁੰਡੇ ਬਲਦੇਵ ਨੂੰ ਪੜ੍ਹਾਉਣ ਦਾ ਹੁੰਦਾ ਸੀ ਜੋ ਬੜਾ ਆਗਿਆਕਾਰ ਸੀ। ਜਦ ਤਕ ਮੈਂ ਉਹਦੇ ਮੁੰਡੇ ਨੂੰ ਪੜ੍ਹਾ ਕੇ ਵਿਹਲਾ ਹੁੰਦਾ ਤਦ ਤਕ ਮੱਲ ਸਿੰਘ ਵੀ ਕੁਝ ਨਾ ਕੁਝ ਸ਼ਿਕਾਰ ਕਰ ਕੇ ਲੈ ਆਉਂਦਾ। ਨੌਕਰ ਗਲਾਸ ਧੋ ਕੇ ਮੇਜ਼ ਤੇ ਰਖ ਦਿੰਦੇ। ਜੇ ਪਿੰਡ ਵਿਚੋਂ ਬਰਫ ਮਿਲ ਜਾਂਦੀ ਤਾਂ ਉਹ ਵੀ ਮੰਗਵਾ ਲੈਂਦੇ ਤੇ ਸੁਲਫੇ ਦੀ ਲਾਟ ਵਰਗੀ ਦੇਸੀ ਦਾਰੂ ਵਿਚ ਬਰਫ ਤੇ ਗੋਲੀ ਵਾਲਾ ਬੱਤਾ ਪਾ ਕੇ ਪੀਂਦੇ। ਮੱਲ ਸਿੰਘ ਭਾਵੇਂ ਰੱਜ ਕੇ ਦਾਰੂ ਪੀਂਦਾ ਪਰ ਮੈਂ ਉਹਨੂੰ ਕਦੀ ਬਹੁਤਾ ਸ਼ਰਾਬੀ ਹੁੰਦਾ ਨਹੀਂ ਵੇਖਿਆ ਸੀ। ਉਹ ਬਿਨਾਂ ਮਤਲਬ ਬੋਲਦਾ ਨਹੀਂ ਸੀ। ਕਿਸੇ ਵੀ ਆਏ ਗਏ ਦੀ ਗੱਲ ਦਾ ਜਵਾਬ ਬੜਾ ਮੁਖਤਸਰ ਦਿੰਦਾ ਸੀ। ਉਸ ਦਾ ਪਰਭਾਵ ਮੇਰੇ ਉਤੇ ਹਾਵੀ ਹੁੰਦਾ ਜਾ ਰਿਹਾ ਸੀ। ਉਹ ਮੇਰੇ ਅਤੇ ਖਾਣ ਪੀਣ, ਆਰਾਮ ਅਤੇ ਬਿਸਤਰੇ ਦਾ ਏਨਾ ਜਿਆਦਾ ਖਿਆਲ ਰਖਦਾ ਸੀ ਕਿ ਮੈਨੂੰ ਅਹਿਸਾਸ ਹੁੰਦਾ ਕਿ ਜਿੰਨੀ ਮੇਰੀ ਸੇਵਾ ਹੋ ਰਹੀ ਹੈ, ਮੈਂ ਇਸਦੇ ਕਾਬਲ ਨਹੀਂ ਹਾਂ ਅਤੇ ਜਾਂ ਇਹਨਾਂ ਸਰਦਾਰਾਂ ਦੇ ਪਿੰਡ ਦਾ ਟੀਚਰ ਹੋਣ ਕਰ ਕੇ ਕੀਤੀ ਜਾ ਰਹੀ ਹੈ। ਜੇ ਕਦੀ ਸ. ਮੱਲ ਸਿੰਘ ਨੂੰ ਬਾਹਰ ਜਾਣਾ ਪੈ ਜਾਂਦਾ ਤਾਂ ਸਰਦਾਰਨੀ ਮੱਲ ਸਿੰਘ ਖੁਦ ਆ ਕੇ ਮੈਨੂੰ ਬੈਠਕ ਵਿਚ ਆ ਕੇ ਪੁਛਦੀ ਕਿ ਮਾਸਟਰ ਜੀ ਕਿਸੇ ਚੀਜ਼ ਦੀ ਕਮੀ ਤਾਂ ਨਹੀਂ ਹੈ। ਇਕ ਗੱਲ ਜ਼ਰੂਰ ਕਹਿੰਦੀ ਕਿ ਮੇਰੇ ਮੁੰਡੇ ਦੇ ਢਿਡ ਵਿਚ ਵੀ ਚਾਰ ਅਖਰ ਪਾ ਦਿਓ ਕਿਤੇ ਇਹਦੀ ਵੀ ਜੂਨ ਬਦਲ ਜਾਵੇ। ਸਰਦਾਰਨੀ ਦੀ ਗੱਲ ਸੁਣ ਕੇ ਲਗਦਾ ਕਿ ਕਿ ਵਾਕਿਆ ਈ ਜਿੰਨੇ ਕੁ ਅਖਰ ਮੇਰੇ ਢਿਡ ਵਿਚ ਜਾ ਚੁਕੇ ਸਨ, ਜਿਵੇਂ ਉਹ ਬੇਮੁੱਲੇ ਨਹੀਂ ਸਨ। ਕਦੀ ਕਦੀ ਮੈਨੂੰ ਮਿਲਣ ਲਈ ਮੇਰੇ ਦੋਸਤ ਜਾਗੀਰ, ਭੁਪਿੰਦਰ, ਪ੍ਰੀਤਮ ਜਾਂ ਸਾਡੇ ਪਿੰਡ ਦੇ ਲੰਬਰਦਾਰ ਖੇਮ ਸਿੰਘ ਦਾ ਭਤੀਜਾ ਗੁਰਚਰਨ ਵੀ ਲਭਦੇ ਲਭਾਂਦੇ ਮੁਰਾਦਵਾਲੇ ਆ ਮੇਰੇ ਕੋਲ ਆ ਜਾਂਦੇ। ਸਰਪੰਚ ਮੱਲ ਸਿੰਘ ਉਹਨਾਂ ਦੀ ਵੀ ਰੱਜ ਕੇ ਸੇਵਾ ਕਰਦਾ। ਮੁਰਾਦਵਾਲੇ ਦੇ ਆਸ ਪਾਸ ਦੇ ਪਿੰਡਾਂ ਦੇ ਮੁੰਡੇ ਜੋ ਪੰਜਵੀਂ ਤੋਂ ਅਗੇ ਸਨ, ਵੀ ਮੁਰਾਦਵਾਲੇ ਹੀ ਪੜ੍ਹਨ ਹੀ ਔਂਦੇ ਸਨ। ਮੈਂ ਕਈ ਲਾਗਲੇ ਪਿੰਡਾਂ ਜਿਵੇਂ ਘੜਿਆਣਾ, ਕਰਮਪੱਟੀ, ਮੋਹਲਾਂ, ਕੰਧਵਾਲਾ ਹਾਜ਼ਰ ਖਾਂ, ਰੱਤਾ ਖੇੜਾ, ਧਰਾਂਗਵਾਲਾ ਤੇ ਕੁੰਡਲ ਆਦਿ ਵਿਚ ਗੇੜਾ ਮਾਰ ਚੁਕਾ ਸਾਂ। ਕੁਝ ਪਿੰਡ ਅਲਾਟੀਆਂ ਦੇ ਸਨ ਤੇ ਕੁਝ ਲੋਕਲ ਸਰਦਾਰਾਂ ਦੇ।

ਗਰਮੀਆਂ ਦੀਆਂ ਛੁਟੀਆਂ ਹੋਣ ਵਾਲੀਆਂ ਸਨ ਕਿ ਪ੍ਰੀਤਮ ਮੈਨੂੰ ਸਾਈਕਲ ਤੇ ਮਿਲਣ ਗਿਆ, ਕਹਿਣ ਲੱਗਾ ਕਿ ਆਪਾਂ ਸਾਈਕਲਾਂ ਤੇ ਬੀਕਾਨੇਰ ਨਹਿਰ ਦੀ ਪਟੜੀ ਤੇ ਮੇਰੇ ਪਿੰਡ ਵੱਲ ਨੂੰ ਚਲਦੇ ਹਾਂ। ਰਾਹ ਵਿਚ ਜਦ ਦੀਪ ਸਿੰਘ ਵਾਲੇ ਪਿੰਡ ਦਾ ਪੁਲ ਆਇਆ ਤਾਂ ਮੈਂ ਪ੍ਰੀਤਮ ਨੂੰ ਕਿਹਾ ਕਿ ਬੀਕਾਨੇਰ ਨਹਿਰ ਦੇ ਏਸੇ ਪੁਲ ਤੇ ਪੈਂਦੇ ਪਿੰਡ ਵਿਚ ਮਹਿਕ ਦੇ ਪਿਓ ਚੰਨਣ ਸਿੰਘ ਨੂੰ ਜ਼ਮੀਨ ਅਲਾਟ ਹੋਈ ਸੀ, ਪਤਾ ਈ ਕਰ ਚਲੀਏ। ਪੁਛ ਪੁਛਾ ਕੇ ਉਹਨਾਂ ਦੇ ਘਰ ਪਹੁੰਚੇ ਤਾਂ ਮਹਿਕ ਪੇਕੇ ਆਈ ਹੋਈ ਸੀ। ਇਕ ਦੋ ਢਾਈ ਸਾਲ ਦਾ ਜਵਾਕ ਜੀਹਦੇ ਸਿਰ ਦੇ ਵਾਲ ਮੁੰਨੇ ਹੋਏ ਸਨ, ਭੁੰਜੇ ਖੇਡ ਰਿਹਾ ਸੀ ਤੇ ਇਕ ਬੱਚਾ ਉਹਦੇ ਪੇਟ ਵਿਚ ਸੀ। ਮਹਿੰਗਾ ਉਹਦਾ ਭਰਾ ਪਹਿਲਾਂ ਨਾਲੋਂ ਕਾਫੀ ਵਡਾ ਹੋ ਗਿਆ ਸੀ ਤੇ ਪਿਓ ਨਾਲ ਖੇਤੀ ਕਰਦਾ ਸੀ। ਮਹਿਕ ਦੀ ਮਾਂ ਮਰ ਚੁਕੀ ਸੀ। ਮਹਿਕ ਨੇ ਇਕ ਵਾਰ ਮੇਰੇ ਨਾਲ ਅਖਾਂ ਮਿਲਾਈਆਂ ਤੇ ਫਿਰ ਮੈਂ ਉਹਦੀਆਂ ਅਖਾਂ ਨਮ ਹੁੰਦੀਆਂ ਵੇਖੀਆਂ ਜਿਵੇਂ ਕਹਿ ਰਹੀਆਂ ਹੋਣ, “ਮੇਰੀ ਚੜ੍ਹਦੀ ਜਵਾਨੀ ਦੇ ਹਾਣੀਆ, ਤੂੰ ਕਿਡਾ ਸੋਹਣਾ ਤੇ ਜਵਾਨ ਨਿਕਲਿਆ ਹੈਂ। ਤੂੰ ਕਿੰਨੇ ਮਹਿੰਗੇ ਤੇ ਖੂਬਸੂਰਤ ਕਪੜੇ ਪਾਏ ਹੋਏ ਹਨ। ਵੇਖ ਲਾ ਮੈਂ ਤਾਂ ਕਬੀਲਦਾਰ ਬਣ ਗਈ ਹਾਂ। ਤੂੰ ਹੁਣ ਕਿਸਦਾ ਇੰਤਜ਼ਾਰ ਕਰ ਰਿਹਾ ਹੈਂ?” ਉਹ ਬਹੁਤ ਬਹਾਦਰ ਨਿਕਲੀ ਕਿ ਉਹਨੇ ਆਪਣੇ ਪਲਕਾਂ ਡਕੇ ਹੰਝੂ ਆਪਣੀਆਂ ਅਖਾਂ ਵਿਚੋਂ ਕਿਰਨ ਨਾ ਦਿਤੇ ਕਿ ਮਤੇ ਕਿਤੇ ਇਹ ਜੱਗ ਉਹਨੂੰ ਮਿਹਣਾ ਨਾ ਮਾਰੇ। ਚਾਹ ਪੀਣ ਪਿਛੋਂ ਮੈਂ ਉਹਦੇ ਮੁੰਡੇ ਨੂੰ ਸਿਰ ਪਲੋਸ ਕੇ ਦੋ ਰੁਪੈ ਦਿਤੇ ਤੇ ਆਪਣੇ ਸਾਈਕਲ ਲੈ ਕੇ ਨਹਿਰ ਤੇ ਆ ਗਏ। ਇਕ ਘੰਟੇ ਅੰਦਰ ਖਾਈ ਫੇਮੇ ਕੀ ਤੇ ਝੋਕ ਟਹਿਲ ਸਿੰਘ ਰੇਲਵੇ ਸਟੇਸ਼ਨ ਦੇ ਵਿਚ੍ਹਕਾਰ ਪੈਂਦੀ ਪ੍ਰੀਤਮ ਦੀ ਜ਼ਮੀਨ ਵਿਚ ਬਣੇ ਕੋਠਿਆਂ ਵਿਚ ਆ ਕੇ ਮੰਜਿਆਂ ਉਤੇ ਬੈਠੇ ਹੀ ਸਾਂ ਕਿ ਮੇਰੇ ਮਨ ਦੀ ਅਵਸਥਾ ਨੂੰ ਸਮਝਦਿਆਂ ਪ੍ਰੀਤਮ ਨੇ ਮੇਰੇ ਅਗੇ ਦੇਸੀ ਦਾਰੂ ਦੀ ਪਹਿਲੇ ਤੋੜ ਦੀ ਬੋਤਲ ਲਿਆ ਕੇ ਰਖ ਦਿਤੀ। ਅਸਾਂ ਇਕ ਇਕ ਤਕੜਾ ਹਾੜਾ ਇਕੋ ਡੀਕੇ ਪੀ ਲਿਆ। ਮਾਰਚ 1951 ਤੋਂ ਬਾਅਦ ਮਹਿਕ ਨੂੰ ਵੇਖਣ ਤੋਂ ਬਾਅਦ ਬਹੁਤ ਉਦਾਸ ਸਾਂ। ਦੂਜਾ ਹਾੜਾ ਪਾ ਹੀ ਰਿਹਾ ਸਾਂ ਕਿ ਪ੍ਰੀਤਮ ਤੇ ਉਹਦੇ ਛੋਟੇ ਭਰਾ ਨੇ ਕੁੱਕੜ ਫੜਦਿਆਂ ਰੇਡੀਓ ਜਲੰਧਰ ਦਾ ਦਿਹਾਤੀ ਪਰੋਗਰਾਮ ਆਨ ਕਰ ਦਿਤਾ ਜਿਥੇ ਗਾਣਾ ਚੱਲ ਰਿਹਾ ਸੀ

“ਪੁਛ ਮੇਰਾ ਹਾਲ ਕਦੀ ਆ ਕੇ ਮੇਰੇ ਹਾਣੀਆ
ਤੇਰੇ ਪਿਛੇ ਰੋਂਦੀਆਂ ਨੇ ਅਖੀਆਂ ਨਿਮਾਣੀਆਂ।

ਮੈਂ ਬਗੈਰ ਪਾਣੀ ਪਾਇਆਂ ਬਲਦੀ ਲਾਟ ਵਰਗਾ ਘਰ ਦੀ ਸ਼ਰਾਬ ਦਾ ਦੂਜਾ ਹਾੜਾ ਆਪਣੇ ਹਲਕ ਅੰਦਰ ਸੁਟ ਲਿਆ। ਹੁਸੈਨੀ ਵਾਲੇ ਹੈਡ ਤੋਂ ਸਤਲੁਜ ਦਰਿਆ ਦੀ ਹਿੱਕ ਪਾੜ ਕੇ ਕਢੀ ਬੀਕਾਨੇਰ ਨਹਿਰ ਜੋ ਸਾਡੇ ਕੋਲੋਂ ਕੁਝ ਵਿਥ ਤੇ ਵਗ ਰਹੀ ਸੀ, ਤੇ ਕੁਝ ਮੀਲ ਅਗੇ ਜਾ ਕੇ ਇਸੇ ਨਹਿਰ ਦੇ ਕੰਢੇ ਵਸੇ ਇਕ ਛੋਟੇ ਜਿਹੇ ਪਿੰਡ ਵਿਚ ਸੁਚੇ ਪਿਆਰ ਦੇ ਅਰਥ ਲਭਣ ਵਾਲੀ ਮੁਟਿਆਰ ਦੇ ਹੰਝੂ ਪਲਕਾਂ ਵਿਚ ਆ ਕੇ ਸਦਾ ਲਈ ਰੁਕ ਗਏ ਸਨ।

**ਅਗਲੀ ਵਾਰ ਪੜ੍ਹੋ:-ਵਿਆਹ ਲਈ ਮਨ ਬਨਾਉਣਾ**

**ਕਿਹੋ ਜਿਹਾ ਸੀ ਜੀਵਨ?ਬਲਬੀਰ ਮੋਮੀ**

416-949-0706

**ਕਿਸ਼ਤ 35:- ਪੁਲਸ ਅਫਸਰ ਦੀ ਲੜਕੀ ਨਾਲ ਵਿਆਹ**

ਪ੍ਰੀਤਮ ਦੇ ਖੇਤਾਂ ਵਿਚ ਬਣੇ ਕੋਠਿਆਂ ਵਿਚੋਂ ਜਦੋਂ ਅਸੀਂ ਸਵੇਰੇ ਉਠੇ ਤਾਂ ਰਾਤ ਜ਼ਿਆਦਾ ਦੇਸੀ ਸ਼ਰਾਬ ਪੀਣ ਨਾਲ ਸਿਰ ਬੜਾ ਭਾਰਾ ਸੀ ਤੇ ਉਲਟੀ ਆਉਣ ਨੂੰ ਕਰਦੀ ਸੀ। ਯਾਦ ਨਹੀਂ ਸੀ ਕਿ ਰਾਤ ਰੋਟੀ ਖਾਧੀ ਵੀ ਸੀ ਕਿ ਨਹੀਂ ਖਾਧੀ ਸੀ। ਬਿਸਤਰਿਆਂ ਚੋਂ ਉਠ ਕੇ ਰਾਹ ਵਿਚ ਕਿੱਕਰ ਨਾਲੋਂ ਦਾਤਨਾਂ ਭੰਨ ਕੇ ਦਾਤਨ ਕਰਦੇ ਕਰਦੇ ਬੀਕਾਨੇਰ ਨਹਿਰ ਤੇ ਆ ਗਏ ਜਿਥੇ ਨਹਿਰ ਦਾ ਪਾਣੀ ਮਹਿਕ ਦੇ ਹੁਣ ਵਾਲੇ ਪੇਕੇ ਪਿੰਡ ਵੱਲ ਨੂੰ ਜਾ ਰਿਹਾ ਸੀ। ਮਨ ਦੀ ਬੇਚੈਨੀ ਕਾਰਨ ਜੀਅ ਕਰਦਾ ਸੀ ਕਿ ਨਹਿਰ ਵਿਚ ਛਾਲ ਮਾਰ ਕੇ ਜੀਵਨ ਦਾ ਅੰਤ ਕਰ ਲਿਆ ਜਾਵੇ। ਮਹਿਕ ਨੂੰ ਮਿਲਣ ਜਾਣ ਦੀ ਕੋਈ ਜ਼ਰੂਰਤ ਨਹੀਂ ਸੀ ਅਤੇ ਕੱਲ ਦੀ ਮਿਲਣੀ ਨੇ ਮੇਰੇ ਦਿਲ ਦੇ ਖਲੋਤੇ ਪਾਣੀਆਂ ਵਿਚ ਹਲਚਲ ਮਚਾ ਦਿਤੀ ਸੀ। ਹੁਣ ਉਹ ਵਿਆਹੀ ਵਰੀ ਸੀ, ਘਰ ਬਾਰ ਤੇ ਬੱਚਿਆਂ ਵਾਲੀ ਸੀ, ਉਸਨੂੰ ਮਿਲਣ ਦੀ ਕੋਈ ਲੋੜ ਨਹੀਂ ਸੀ। ਦੂਜੇ ਪਾਸੇ ਮਨ ਆਖਦਾ ਕਿ ਫਿਰ ਵੀ ਉਸ ਨਾਲ ਬਚਪਨ ਦੀਆਂ ਬਾਹਾਂ ਗਲੋਂ ਲਹਿੰਦਿਆਂ ਚੜ੍ਹਦੀ ਜਵਾਨੀ ਦੇ ਦਿਨਾਂ ਵਿਚ ਉਹਦੇ ਨਾਲ ਪਹਿਲਾ ਪਹਿਲਾ ਪਿਆਰ ਹੋਇਆ ਸੀ। ਬਾਅਦ ਵਿਚ ਭਾਵੇਂ ਬੰਦਾ ਕਿਸੇ ਵੀ ਹੈਸੀਅਤ ਤੇ ਪੁਜ ਜਾਵੇ ਪਰ ਪਹਿਲਾ ਪਿਆਰ ਅਤੇ ਬਚਪਨ ਦੇ ਦੋਸਤ ਜ਼ਿੰਦਗੀ ਵਿਚ ਕਦੇ ਨਹੀਂ ਭੁੱਲਦੇ। ਰਾਂਝਾ ਵੀ ਤਾਂ ਹੀਰ ਦੇ ਵਿਆਹ ਪਿਛੋਂ ਉਹਨੂੰ ਮਿਲਣ ਲਈ ਉਹਦੇ ਸਹੁਰੀਂ ਚਲਾ ਗਿਆ ਸੀ ਤੇ ਦੋਹਾਂ ਵਿਚ ਮੁਲਾਕਾਤ ਵੀ ਹੋਈ ਸੀ।

ਪ੍ਰੀਤਮ ਵੀ ਚੁੱਪ ਚੁੱਪ ਸੀ ਤੇ ਮੇਰੇ ਮਨ ਦੀ ਹਾਲਤ ਨੂੰ ਸਮਝ ਰਿਹਾ ਸੀ। ਓਸ ਮੇਰੀ ਖਾਮੋਸ਼ੀ ਨੂੰ ਤੋੜਨ ਦੀ ਕੋਸ਼ਿਸ਼ ਕਰਦਿਆਂ ਕਿਹਾ ਕਿ ਅੱਜ ਦਾ ਕੀ ਪਰੋਗਰਾਮ ਹੈ। ਫਿਰੋਜ਼ਪੁਰ ਚੱਲਣਾ ਹੈ ਜਾਂ ਗੁਦੜਢੰਡੀ ਬੇਰੀਆਂ ਵਾਲੇ ਖੂਹ ਨੂੰ। ਮੈਂ ਕਿਹਾ ਕਿ ਅਜ ਫਿਰੋਜ਼ਪੁਰ ਭੁਪਿੰਦਰ ਕੋਲ ਚਲਦੇ ਹਾਂ। ਵਾਪਸ ਕੋਠਿਆਂ ਵਿਚ ਆ ਕੇ ਅਸੀਂ ਲੱਸੀ ਪੀਤੀ। ਨਹਾ ਧੋ ਕੇ ਤਿਆਰ ਹੋਏ ਤੇ ਫਿਰ ਅੰਬ ਦੇ ਆਚਾਰ ਤੇ ਦਹੀਂ ਨਾਲ ਪਰੌਠਿਆਂ ਦਾ ਨਾਸ਼ਤਾ ਕੀਤਾ ਅਤੇ ਸਾਈਕਲ ਲੈ ਕੇ ਫਿਰੋਜ਼ਪੁਰ ਛਾਉਣੀ ਵਿਚ ਭੁਪਿੰਦਰ ਦੀ ਕੋਠੀ 5 ਮਾਲ ਰੋਡ ਤੇ ਆ ਗਏ। ਕੁਦਰਤੀ ਭੁਪਿੰਦਰ ਘਰ ਹੀ ਮਿਲ ਗਿਆ। ਪ੍ਰੀਤਮ ਨੇ ਕੱਲ ਵਾਲੀ ਸਾਰੀ ਗੱਲ ਭੁਪਿੰਦਰ ਨੂੰ ਦੱਸ ਦਿਤੀ ਜਿਸ ਨੂੰ ਸੁਣ ਕੇ ਭੁਪਿੰਦਰ ਕਹਿਣ ਲੱਗਾ ਚੰਗਾ ਹੋਇਆ ਇਕ ਵਾਰ ਮਿਲ ਕੇ ਮਨ ਦੀ ਮੁਰਾਦ ਪੂਰੀ ਹੋ ਗਈ। ਹੁਣ ਅਗੋਂ ਤੋਂ ਕਦੇ ਮਿਲਣ ਦੀ ਲੋੜ ਨਹੀਂ ਹੈ। ਦੋਪਹਿਰ ਦੀ ਰੋਟੀ ਅਸੀਂ ਭੁਪਿੰਦਰ ਦੇ ਘਰ ਖਾਧੀ। ਕੁਝ ਘੰਟੇ ਖੁਲ੍ਹੀ ਕੋਠੀ ਦੇ ਡਰਾਇੰਗ ਰੂਮ ਵਿਚ ਆਰਾਮ ਕਰਨ ਦੀ ਸਲਾਹ ਬਣੀ ਪਰ ਮੈਨੂੰ ਨੀਂਦ ਨਹੀਂ ਆ ਰਹੀ ਸੀ। ਉਹ ਦੋ ਕੁ ਘੰਟਿਆਂ ਲਈ ਸੌਂ ਗਏ ਤੇ ਮੈਂ ਉਠ ਵਡੇ ਕਮਰੇ ਦੀ ਇਕ ਨੁਕਰੇ ਬੈਠ ਕੇ ਕਹਾਣੀ ਲਿਖਣੀ ਸ਼ੁਰੂ ਕਰ ਦਿਤੀ ਜਿਸ ਦਾ ਨਾਂ ਸੀ "ਜ਼ਖਮ ਫਿਰ ਉਚੜ ਗਏ"। ਜਦ ਤਕ ਉਹ ਉਠੇ, ਮੈਂ ਕਹਾਣੀ ਲਿਖ ਦਿਤੀ ਸੀ। ਇਸ ਕਹਾਣੀ ਵਿਚ ਮੈਂ ਪਟਿਆਲੇ ਵਾਲੇ ਰਿਸ਼ਤੇ ਦੇ ਬਣੇ ਖਿਆਲਾਂ ਦੇ ਮਹਿਲ, ਮਹਿਕ ਨੂੰ ਮਿਲ ਕੇ ਮਨ ਵਿਚ ਪੈਦਾ ਹੋਈ ਬੇਚੈਨੀ ਨੂੰ ਕਾਲਜ ਦੀ ਕਾਲਪਨਿਕ ਪ੍ਰੇਮਕਾ ਦੇ ਨਾਂ ਅਤੇ ਥਾਂ ਬਦਲ ਕੇ ਬੜੀ ਕਰੁਣਾਮਈ ਤੇ ਦਿਲ ਨੂੰ ਧੂ ਪਾਉਣ ਵਾਲੀ ਸ਼ੈਲੀ ਵਿਚ ਕਹਾਣੀ ਲਿਖ ਦਿਤੀ। ਇਸ ਕਹਾਣੀ ਵਿਚ ਅਧਾ ਸੱਚ ਤੇ ਅਧੀ ਕਲਪਨਾ ਸੀ। ਕਹਾਣੀ ਬਹੁਤ ਲੰਮੀ ਸੀ ਪਰ ਮੈਂ ਇਕੋ ਬੈਠਕ ਵਿਚ ਲਿਖ ਕੇ ਰੱਖ ਦਿਤੀ ਕਿਉਂਕਿ ਵਲੂੰਧਰੇ ਮਨ ਦੀ ਹਨੇਰੀ ਦਿਮਾਗ ਨੂੰ ਚੜ੍ਹੀ ਹੋਈ ਸੀ। ਇਸ ਕਹਾਣੀ ਨੇ ਮੇਰੀ ਜ਼ਿੰਦਗੀ ਵਿਚ ਕਈ ਰੰਗ ਵਿਖਾਏ। ਅਨੇਕਾਂ ਕੁੜੀਆਂ ਨੇ ਇਸ ਕਹਾਣੀ ਨੂੰ ਆਪਣੇ ਮਨ ਦੀ ਵੇਦਨਾ ਅਤੇ ਮੇਰੇ ਮਨ ਦੀ ਵੇਦਨਾ ਨਾਲ ਜੋੜ ਕੇ ਮੈਨੂੰ ਹੀਰੋ ਬਣਾ ਦਿਤਾ। 1959 ਵਿਚ ਜਦ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਹਿੰਦ ਪਬਲਿਸ਼ਰਜ਼ ਦੇ ਮਾਲਕ ਤੇ ਪਾਰਖੂ ਸ਼ਾਇਰ ਪ੍ਰੋ: ਮੋਹਨ ਸਿੰਘ ਨੇ ਜਲੰਧਰ ਵਿਚ ਛਾਪੀ ਤਾਂ ਇਹ ਕਹਾਣੀ ਪ੍ਰਥਮ ਸਥਾਨ ਤੇ ਛਪੀ ਸੀ। ਇਸ ਤੋਂ ਪਹਿਲਾਂ ਇਹ ਕਹਾਣੀ ਕੁਝ ਰਸਾਲਿਆਂ ਵਿਚ ਵੀ ਛਪ ਚੁਕੀ ਸੀ ਤੇ ਪਾਠਕਾਂ ਨੇ ਇਸ ਕਹਾਣੀ ਨੂੰ ਦਿਲ ਨੂੰ ਧੂ ਪਾਉਣ ਵਾਲੀ ਇਕ ਜ਼ਬਰਦਸਤ ਕਹਾਣੀ ਦਸਿਆ ਸੀ। ਬਹੁਤ ਕੁੜੀਆਂ ਦੀਆਂ ਇਸ ਕਹਾਣੀ ਬਾਰੇ ਮੈਨੂੰ ਚਿਠੀਆਂ ਆਈਆਂ। ਉਹ ਪੁਛਦੀਆਂ ਕਿ ਕਹਾਣੀ ਦੀ ਨਾਇਕਾ ਚੰਦਾ ਕਿਥੇ ਸੀ। ਪ੍ਰੋ: ਗੁਰਚਰਨ ਸਿੰਘ ਨੇ ਪਟਿਆਲਾ ਵਾਲਾ ਰਿਸ਼ਤਾ ਟੁਟਣ ਦੇ ਗੁਸੇ ਵਿਚ ਆ ਕੇ ਲਿਖੀ ਇਸ ਕਹਾਣੀ ਨੂੰ "ਬਦਲਾ ਲਊ" ਕਹਾਣੀ ਕਿਹਾ। ਬਲਵੰਤ ਗਾਰਗੀ ਨੇ ਕੱਚੀ ਕਹਾਣੀ ਤੇ ਕੁਲਵੰਤ ਸਿੰਘ ਵਿਰਕ ਨੇ ਸੁੰਦਰ ਵਾਰਤਕ ਜਿਸ ਦਾ ਵਿਸ਼ਾ ਗੰਭੀਰ ਨਹੀਂ ਸੀ। ਸ਼ਾਮੀਂ ਪ੍ਰੀਤਮ ਤਾਂ ਆਪਣੇ ਪਿੰਡ ਨੂੰ ਮੁੜ ਗਿਆ ਤੇ ਮੈਂ ਤੇ ਭੁਪਿੰਦਰ ਜਾਗੀਰ ਤੇ ਸੋਹਨ ਲਾਲ ਮੋਹਿਤ ਨੂੰ ਮਿਲਣ ਲਈ ਬਸਤੀ ਕੰਬੋਆਂ ਵਾਲ ਨੂੰ ਚੱਲ ਪਏ। ਭੁਪਿੰਦਰ ਸਾਈਕਲ ਚਲਾ ਰਿਹਾ ਸੀ ਤੇ ਮੈਂ ਡੰਡੇ ਅਗੇ ਬੈਠਾ ਸਾਂ। ਜਦੋਂ ਅਸੀਂ ਡਾਕਖਾਨੇ ਵਾਲੀ ਗਲੀ ਵਿਚੋਂ ਲੰਘੇ ਤਾਂ ਆਪਣੇ ਘਰ ਦੇ ਬਾਹਰ ਵਡੇ ਗੇਟ ਅਗੇ ਬੈਠੀ ਚਾਚੀ ਚੰਨਨ ਦਈ ਪਖੀ ਝੱਲ ਰਹੀ ਸੀ। ਅਸਾਂ ਸਾਤਿ ਸ੍ਰੀ ਅਕਾਲ ਬੁਲਾਈ ਤਾਂ ਬੜੀ ਖੁਸ਼ ਹੋਈ ਤੇ ਕਹਿਣ ਲਗੀ ਬੜੀ ਦਰੇ ਬਾਅਦ ਮਿਲਿਆ ਏਂ। ਸਭ ਸੁਖ ਸਾਂਦ ਆ। ਅੰਦਰ ਲੈ ਗਈ ਤੇ ਸਾਡੇ ਲਈ ਸ਼ਿਕੰਜਵੀ ਬਨਾਉਣ ਲੱਗੀ। ਨਾਲ ਈ ਗੱਲਾਂ ਕਰੀ ਜਾਵੇ ਤੇ ਪੁਛੀ ਜਾਵੇ ਕਿ ਮੈਂ ਹੁਣ ਕੀ ਕਰਦਾ ਹਾਂ। ਵਾਹੀ ਕਰਨ ਲਗ ਪਿਆ ਹਾਂ ਜਾਂ ਕਿਸੇ ਨੌਕਰੀ ਤੇ ਲੱਗ ਗਿਆ ਆਂ। ਮੈਂ ਕਿਹਾ ਚਾਚੀ ਮੈਂ ਅਬੋਹਰ ਵੱਲ ਇਕ ਮਿਡਲ ਸਕੂਲ ਦਾ ਹੈਡਮਾਸਟਰ ਲੱਗ ਗਿਆ ਹਾਂ ਅਤੇ ਨਾਲ ਨਾਲ ਪਰਾਈਵੇਟ ਪੜ੍ਹਾਈ ਕਰ ਰਿਹਾ ਹਾਂ। ਬਹੁਤ ਖੁਸ਼ ਹੋਈ ਤੇ ਕਹਿਣ ਲਗੀ ਵਿਆਹ ਮੇਥੋਂ ਪੁਛ ਕੇ ਕਰਾਈਂ। ਸਾਡੀ ਰਿਸ਼ਤੇਦਾਰੀ ਵਿਚ ਬਹੁਤ ਕੁੜੀਆਂ ਹਨ। ਨਾਲ ਦੀ ਬੁਧਵਾਰਾਂ ਵਾਲੀ ਗਲੀ ਵਿਚ ਈ ਸਾਡਾ ਇਕ ਥਾਣੇਦਾਰ ਰਿਸ਼ਤੇਦਾਰ ਬਦਲ ਕੇ ਆਇਆ ਏ। ਉਹਦੀ ਵਡੀ ਕੁੜੀ ਬੜੀ ਸੋਹਣੀ ਤੇ ਵਿਆਹੁਣ ਵਾਲੀ ਆ। ਜਦੋਂ ਕਹੇਂ ਕੁੜੀ ਆਪਣੇ ਘਰ ਬੁਲਾ ਕੇ ਵਿਖਾ ਵੀ ਦਿਆਂਗੀ। ਭੁਪਿੰਦਰ ਕਹਿਣ ਲੱਗਾ ਮਾਸੀ ਕੁੜੀ ਵੇਖਣ ਵਿਚ ਕੀ ਹਰਜ ਆ। ਦੱਸ ਕਦੋਂ ਆਈਏ ਤੇ ਨਾਲੇ ਅਸੀਂ ਆਪਣੇ ਘਰ ਵੀ ਆਪਣੇ ਮਾਂ ਪਿਓ ਨਾਲ ਸਲਾਹ ਕਰ ਲਈਏ। ਚਾਚੀ ਕਹਿਣ ਲਗੀ ਹੁਣ ਜਿਸ ਦਿਨ ਤੁਸੀਂ ਆਏ ਤਾਂ ਮੈਨੂੰ ਪਹਿਲਾਂ ਦੱਸ ਜਾਇਓ, ਤੁਸੀਂ ਤੁਰ ਫਿਰ ਕੇ ਆ ਜਾਇਓ ਤੇ ਮੈਂ ਉਹਨੂੰ ਬੁਲਾ ਲਵਾਂਗੀ। ਕੁੜੀ ਨੂੰ ਕੋਈ ਪਤਾ ਨਹੀਂ ਹੋਵੇਗਾ ਕਿ ਤੁਸੀਂ ਕੌਣ ਹੋ? ਅਸੀਂ ਹਾਂ ਕਰ ਦਿਤੀ ਤੇ ਸ਼ਿਕੰਜਵੀ ਪੀ ਕੇ ਜਾਗੀਰ ਵੱਲ ਚਲੇ ਗਏ। ਉਹ ਜਾਂਦਿਆਂ ਨੂੰ ਆਪਣੇ ਲਾਗੇ ਪੈਂਦੀ ਜ਼ਮੀਨ ਵਾਲੇ ਖੂਹ ਤੇ ਗਿਆ ਹੋਇਆ ਸੀ ਤੇ ਅਸੀਂ ਉਹਨੂੰ ਮਿਲਣ ਲਈ ਓਥੇ ਚਲੇ ਗਏ। ਜਾਗੀਰ ਕਹਿਣ ਲਗਾ ਕਿ ਮੈਂ ਬੀ. ਟੀ. ਵਿਚ ਦਾਖਲਾ ਲੈਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੋਹਿਤ ਵੀ ਹੁਣ ਵਾਲੀ ਨੌਕਰੀ ਛਡ ਕੇ ਬੀ. ਟੀ. ਕਰਨ ਮੁਰਾਦਾਬਾਦ ਜਾ ਰਿਹਾ ਹੈ। ਫਿਰੋਜ਼ਸ਼ਾਹ ਲਾਗੇ ਪੈਂਦੇ ਪਿੰਡ ਇੱਟਾਂ ਵਾਲੀ ਦਾ ਜਾਗੀਰ ਸਿੰਘ ਜੋ ਮੋਹਿਤ ਦਾ ਕਲਾਸ ਫੈਲੋ ਸੀ, ਮੁਰਾਦਾਬਾਦ ਤੋਂ ਬੀ. ਟੀ. ਕਰ ਕੇ ਮਾਸਟਰ ਲਗ ਗਿਆ ਹੈ। ਜਾਗੀਰ ਹੈਰਾਨ ਵੀ ਸੀ ਤੇ ਖੁਸ਼ ਵੀ ਕਿ ਮੈਂ ਪਹਿਲਾਂ ਅਨਟਰੇਂਡ ਟੀਚਰ ਤੇ ਫਿਰ ਕਲਾਸੀਕਲ ਐਂਡ ਵਰਨੈਕੂਲਰ ਟੀਚਰ ਲੱਗ ਗਿਆ ਸਾਂ ਤੇ ਦੋ ਸਾਲਾਂ ਬਾਅਦ ਮਹਿਕਮੇ ਨੇ ਮੈਨੂੰ ਓ. ਟੀ. ਦਾ ਸਰਟੀਫਿਕੇਟ ਦੇ ਦੇਣਾ ਸੀ ਤੇ ਮੈਂ ਪਕੇ ਹੋ ਜਾਣਾ ਸੀ। ਮੈਨੂੰ ਕੋਈ ਟਰੇਨਿੰਗ ਕਰਨ ਦੀ ਲੋੜ ਈ ਨਹੀਂ ਪੈਣੀ ਸੀ। ਅਸੀਂ ਜਾਗੀਰ ਨਾਲ ਚਾਚੀ ਚੰਨਣ ਦਈ ਨਾਲ ਹੋਈ ਰਿਸ਼ਤੇ ਦੀ ਗੱਲ ਵੀ ਦੱਸ ਦਿਤੀ। ਓਸ ਰਾਤ ਮੈਂ ਤਾਂ ਜਾਗੀਰ ਕੋਲ ਹੀ ਰਹਿ ਪਿਆ ਤੇ ਭੁਪਿੰਦਰ 5 ਮਾਲ ਰੋਡ ਨੂੰ ਚਲਾ ਗਿਆ। ਮੈਂ ਭੁਪਿੰਦਰ ਨੂੰ ਕਿਹਾ ਕਿ ਮੈਂ ਸਵੇਰੇ ਬੇਰੀਆਂ ਵਾਲੇ ਖੂਹ ਨੂੰ ਚਲਾ ਜਾਵਾਂਗਾ ਅਤੇ ਮੇਰੀ ਕਹਾਣੀਆਂ ਵਾਲੀ ਕਾਪੀ ਤੇਰੇ ਘਰ ਰਹਿ ਗਈ ਹੈ। ਮੈਂ ਜਦੋਂ ਆਇਆ ਲੈ ਲਵਾਂਗਾ। ਰਾਤ ਮੈਂ ਤੇ ਜਾਗੀਰ ਨੇ ਸ਼ਿਮਲਾ ਟਾਕੀ ਵਿਚ ਅਨਾਰਕਲੀ ਪਿਕਚਰ ਵੇਖੀ ਜਿਸ ਦਾ ਹੀਰੋ ਪਰਦੀਪ ਕੁਮਾਰ ਸੀ। ਸਵੇਰੇ ਜਾਗੀਰ ਤੇ ਉਹਦਾ ਵਡਾ ਭਰਾ

ਮਿਲਖਾ ਸਿੰਘ ਕਹਿਣ ਲਗੇ ਕਿ ਅਸਾਂ ਜ਼ੀਟਰ ਟਰੈਕਟਰ ਤਾਂ ਖਰੀਦ ਲਿਆ ਹੈ ਤੇ ਹੁਣ ਸਾਡੇ ਕੋਲ ਟਰਾਲੀ ਖਰੀਦਨ ਲਈ ਪੈਸੇ ਨਹੀਂ ਹਨ। ਜਾਗੀਰ ਨੂੰ ਪਤਾ ਸੀ ਡਾਕਖਾਨੇ ਵਾਲੀ ਗਲੀ ਵਿਚ ਜੋ ਡਾਕਖਾਨਾ ਹੈ, ਓਥੇ ਮੇਰੇ ਖਾਤੇ ਵਿਚ ਦੋ ਹਜ਼ਾਰ ਰੁਪੈ ਜਮ੍ਹਾਂ ਹਨ ਜੋ ਮੇਰੇ ਪਿਓ ਨੇ ਮੇਰੇ ਵਿਆਹ ਲਈ ਰਖੇ ਹੋਏ ਹਨ। ਮਿਲਖਾ ਸਿੰਘ ਨੇ ਇਹ ਰਕਮ ਉਧਾਰ ਲੈਣ ਲਈ ਕਿਹਾ ਤੇ ਮੈਂ ਕਿਹਾ ਕਿ ਬਾਪੂ ਨੂੰ ਪੁਛ ਕੇ ਦੇ ਸਕਦਾ ਹਾਂ। ਉਹਨਾਂ ਦਿਨਾਂ ਵਿਚ ਇਹ ਰਕਮ ਬਹੁਤ ਵਡੀ ਗੱਲ ਸੀ। ਜਾਗੀਰ ਹੁਰਾਂ ਨੇ ਅਬੋਹਰ ਵੱਲ ਅਲਾਟ ਹੋਈ ਜ਼ਮੀਨ ਕਿਸੇ ਨਾਲ ਬਾਹਮੀ ਤਬਾਦਲਾ ਕਰ ਕੇ ਅਬੋਹਰ ਲਾਗੇ ਖੇੜੇ ਪਿੰਡ ਵਿਚ ਅਲਾਟ ਹੋਈ ਜ਼ਮੀਨ ਦਾ ਕਰਮੂ ਵਾਲੇ ਕਿਸੇ ਨਾਲ ਬਾਹਮੀ ਤਬਾਦਲਾ ਕਰ ਲਿਆ ਸੀ। ਕਰਮੂ ਵਾਲੇ ਉਹਨਾਂ ਨੂੰ 300 ਏਕੜ ਦੇ ਕਰੀਬ ਜ਼ਮੀਨ ਮਿਲ ਗਈ ਸੀ। ਇਸ ਸਿਲਸਿਲੇ ਵਿਚ ਸ. ਹਰਬੰਸ ਸਿੰਘ ਅਮੀਰਖਾਸ ਸਾਡੇ ਨਾਲ ਜਾ ਕੇ ਮਦਦ ਕੀਤੀ ਸੀ। ਅਬੋਹਰ ਵਿਚ ਉਹਦਾ ਇਕ  ਰਿਸ਼ਤੇਦਾਰ ਜ਼ੈਲਦਾਰ ਲੱਗਾ ਹੋਇਆ ਸੀ। ਇਸ ਜ਼ੈਲਦਾਰ ਦਾ ਦਫਤਰ ਗਊਸ਼ਾਲਾ ਰੋਡ ਤੇ ਗੋਬਿੰਦ ਗੜ੍ਹੀਏ ਸਰਦਾਰਾਂ ਦੀ ਨੁੱਕਰ ਵਾਲੀ ਬਿਲਡਿੰਗ ਵਿਚ ਸੀ।

ਮੈਂ ਸਾਈਕਲ  ਭਜਾਇਆ ਤੇ ਘੰਟੇ ਵਿਚ ਬੇਰੀਆਂ ਵਾਲੇ ਖੂਹ ਤੇ ਆ ਗਿਆ। ਮਾਂ ਪੁਛਣ ਲਗੀ ਕਿ ਛੁਟੀਆਂ ਤਾਂ ਕੁਝ ਦਿਨ ਪਹਿਲਾਂ ਹੋ ਗਈਆਂ ਸਨ ਤੇ ਮੈਂ ਕਿਧਰ ਚਲਾ ਗਿਆ ਸਾਂ। ਮੈਂ ਮਹਿਕ ਵਾਲੀ ਗੱਲ ਲਕੋ ਲਈ ਅਤੇ ਦਸਿਆ ਕਿ ਫਿਰੋਜ਼ਪੁਰ ਚਲਾ ਗਿਆ ਸਾਂ। ਨਾਲੇ ਬਾਪੂ ਨਾਲ ਜਾਗੀਰ ਨੂੰ ਦੋ ਹਜ਼ਾਰ ਰੁਪੈ ਟਰਾਲੀ ਲੈਣ ਲਈ ਉਧਾਰੇ ਦੇਣ ਬਾਰੇ ਪੁਛਿਆ ਤਾਂ ਉਹ ਕਹਿਣ ਲਗਾ ਕਿ ਦੇ ਦੇ ਪਰ ਏਨੀ ਪੱਕੀ ਕਰ ਲਈਂ ਕਿ ਜੇ ਤੇਰਾ ਵਿਆਹ ਰਖ ਦਿਤਾ ਤਾਂ ਰਕਮ ਮੋੜਨੀ ਪਵੇਗੀ। ਫਿਰ ਬਾਪੂ ਨਾਲ ਮੈਂ ਵਕੀਲਨੀ ਵੱਲੋਂ ਇਕ ਥਾਣੇਦਾਰ ਦੀ ਕੁੜੀ ਨਾਲ ਵਿਆਹ ਦੀ ਵਿਚੋਲਗੀ ਬਾਰੇ ਵੀ ਗੱਲ ਕਰ ਲਈ। ਬਾਪੂ ਕਹਿਣ ਲਗਾ ਜਿਵੇਂ ਤੇਰੀ ਮਰਜ਼ੀ ਕਰ ਲਾ ਪਰ ਦੋ ਗੱਲਾਂ ਦਾ ਧਿਆਨ ਰਖੀਂ। ਇਕ ਤਾਂ ਤੇਰੀ ਛੋਟੇ ਹੁੰਦਿਆਂ ਦੀ ਮੰਗਣੀ ਹੋਈ ਹੋਈ ਆ ਤੇ ਤੇਰੀ ਭੈਣ ਭਣਵਈਆ ਵਿਚੋਲੇ ਹਨ। ਉਹਨਾਂ ਨਾਲ ਵਿਘੜ ਜਾਊਗੀ। ਦੂਜਾ ਜੇ ਤੂੰ ਇਕ ਪੁਲਸ ਅਫਸਰ ਦੀ ਕੁੜੀ ਨਾਲ ਵਿਆਹ ਕਰਵਾਉਣਾ ਹੈ ਤਾਂ ਉਹਨਾਂ ਨੂੰ ਪਹਿਲਾਂ ਦੱਸ ਦਈਂ ਕਿ ਅਸੀਂ ਝੁਗੀਆਂ ਵਿਚ ਰਹਿੰਦੇ ਹਾਂ। ਸਾਡੀ ਅਧੀ ਜ਼ਮੀਨ ਵਿਚ ਕਾਨੇ ਹਨ ਅਤੇ ਅਧੀ ਛਿਮਾਹੀ ਪਾਣੀ ਖੂਹ ਦੇ ਪਾਣੀ  ਵਾਲੀ ਹੈ। ਉਹ ਪਹਿਲਾਂ ਆ ਕੇ ਸਾਡੀਆਂ ਝੁਗੀਆਂ ਵੇਖ ਲੈਣ ਕਿ ਉਹਨਾਂ ਦੀ ਕੁੜੀ ਏਥੇ ਰਹਿ ਵੀ ਸਕਦੀ ਆ ਕਿ ਨਹੀਂ। ਸ਼ਹਿਰਨਾਂ ਦਾ ਪਿੰਡਾਂ ਵਿਚ ਜੀਅ ਨਹੀਂ ਲਗਦਾ ਤੇ ਏਥੇ ਤਾਂ ਮਿੱਟੀ ਵਿਚ ਮਿੱਟੀ ਹੋਣਾ ਪੈਂਦਾ ਹੈ। ਬਾਪੂ ਦੀ ਗੱਲ ਵਿਚ ਬਹੁਤ ਵਜ਼ਨ ਸੀ ਪਰ ਮੈਂ ਦੋ ਗੱਲਾਂ ਇਕ ਤਾਂ ਪਟਿਆਲੇ ਵਾਲੇ ਰਿਸ਼ਤੇ ਦੀ ਨਾਂਹ ਅਤੇ ਦੂਜੇ ਮਹਿਕ ਨੂੰ ਮਿਲਣ ਬਾਅਦ ਮਿਲੀ ਉਦਾਸੀ ਕਰ ਕੇ ਤੁਰਤ ਵਿਆਹ ਕਰਵਾ ਕੇ ਆਪਣੇ ਮਨ ਦੀ ਬੇਚੈਨੀ ਦੂਰ ਕਰਨਾ ਚਹੁੰਦਾ ਸਾਂ। ਇਹ ਮੇਰਾ ਜਜ਼ਬਾਤੀ ਫੈਸਲਾ ਸੀ ਜੋ ਜ਼ਿੰਦਗੀ ਦੀ ਅਸਲੀਅਤ ਤੋਂ ਬਹੁਤ ਦੂਰ ਸੀ। ਜਜ਼ਬਾਤੀ ਫੈਸਲੇ ਸਿੱਧੇ ਘੱਟ ਹੀ ਪੈਂਦੇ ਹਨ ਪਰ ਮੁਲਕ ਦੀ ਵੰਡ, ਬਟਵਾਰੇ ਵਿਚੋਂ ਪੈਦਾ ਹੋਏ ਦਰਦ, ਮੁੜ ਵਸੇਬੇ ਦੀਆਂ ਮੁਸ਼ਕਲਾਂ, ਅਧੂਰੀ ਪੜ੍ਹਾਈ, ਪਿਕਚਰਾਂ ਵੇਖਣ ਅਤੇ ਨਾਵਲ ਕਹਾਣੀਆਂ ਪੜ੍ਹਨ ਵਿਚ ਗਲਤਾਨ ਰਹਿਣ ਨਾਲ ਮੇਰੇ ਮਨ ਵਿਚ ਇਕ ਖਲ਼ਾ ਅਤੇ ਦਰਦ ਪੈਦਾ ਹੋ ਚੁਕਾ ਸੀ। ਮੈਂ ਚਹੁੰਦਾ ਸਾਂ ਕਿ ਮੈਨੂੰ ਕੋਈ ਅਟੁੱਟ ਪਿਆਰ ਕਰੇ ਜਿਸ ਦੀਆਂ ਹੱਦਾਂ ਨਾ ਹੋਣ। ਉਸ ਪਿਆਰ ਦੀ ਲੰਬਾਈ ਜ਼ਮੀਨ ਤੋਂ ਅਸਮਾਨ ਤਕ ਹੋਵੇ। ਸਮੁੰਦਰ ਦੇ ਪਾਣੀਆਂ ਦੀ ਆਖਰੀ ਗਹਿਰਾਈ ਤਕ ਹੋਵੇ। ਇਸ ਤਰ੍ਹਾਂ ਦੀ ਹਾਲਤ ਵਿਚ ਮੈਨੂੰ ਗਲਤ ਫੈਸਲੇ ਵੀ ਠੀਕ ਲਗਦੇ। ਮੈਂ ਬਿਲਕੁਲ ਹੀ ਕੈਲਕੂਲੇਟਡ ਨਹੀਂ ਸਾਂ। ਸਿੱਧੇ ਜਜ਼ਬਾਤੀ ਫੈਸਲੇ ਕਰ ਰਿਹਾ ਸਾਂ। ਇਹ ਜਾਣਦਿਆਂ ਵੀ ਕਿ ਮੈਂ ਝੁਲਸਿਆ ਜਾਵਾਂਗਾ, ਫਿਰ ਵੀ ਮੈਂ ਅੱਗ ਵਿਚ ਛਾਲ ਮਾਰਨ ਲਈ ਤਿਆਰ ਸਾਂ। ਬੇਰੀਆਂ ਵਾਲੇ ਖੂਹ ਤੇ ਮੇਰਾ ਦਿਲ ਨਹੀਂ ਲਗਦਾ ਸੀ। ਭਾਵੇਂ ਮੈਨੂੰ ਦੂਰ ਦੁਰਾਡੇ ਪਿੰਡ ਵਿਚ ਨੌਕਰੀ ਮਿਲ ਗਈ ਸੀ। ਪਿੰਡ ਦੇ ਲੋਕ ਅਤੇ ਵਿਦਿਆਰਥੀ ਵੀ ਬਹੁਤ ਅਛੇ ਸਨ ਪਰ ਇਹ ਸਭ ਕੁਝ ਮੇਰੀ ਮੰਜ਼ਲ ਨਹੀਂ ਸੀ। ਮੈਂ ਬਹੁਤ ਦੂਰ ਨਿਕਲਣਾ ਚਹੁੰਦਾ ਸੀ, ਦਿਸਹਿਦੇ ਤੋਂ ਵੀ ਦੂਰ।

ਗਰਮੀਆਂ ਦੀਆਂ ਇਹਨਾਂ ਛੁਟੀਆਂ ਵਿਚ ਦੋ ਘਟਨਾਵਾਂ ਬਹੁਤ ਅਜੀਬ ਘਟੀਆਂ। ਇਕ ਤਾਂ ਵਕੀਲਨੀ ਚਾਚੀ ਚੰਨਣ ਦਈ ਨੇ ਮੈਨੂੰ ਉਸ ਪੁਲਸ ਅਫਸਰ ਦੀ ਲੜਕੀ ਦੀ ਉਹਦੇ ਘਰ ਨਾਲ ਲਗਦੀ ਗਲੀ ਵਿਚ ਖੁਲ੍ਹਦੀ ਬਾਰੀ ਅਗੋਂ ਲੰਘਦਿਆਂ ਉਹਦੀ ਝਲਕ ਵਿਖਾ ਦਿਤੀ ਸੀ ਜਿਸ ਨਾਲ ਮੈਂ ਵਿਆਹ ਕਰਵਾਉਣ ਦਾ ਫੈਸਲਾ ਕਰਨਾ ਸੀ। ਪਤਲੀ ਤੇ ਗੋਰੀ ਲੜਕੀ ਦੀ ਇਕ ਪਲ ਝਲਕ ਹੀ ਵੇਖੀ ਸੀ। ਕੱਦ ਲੰਮਾ ਨਹੀਂ ਸੀ ਪਰ ਕਪੜੇ ਸਵਾਰ ਕੇ ਪਾਏ ਹੋਏ ਸਨ। ਉਸ ਦੀ ਪੜ੍ਹਾਈ ਬਾਰੇ ਪੁਛਿਆ ਤਾਂ ਏਨਾ ਪਤਾ ਲੱਗਾ ਕਿ ਸਖਤ ਸੁਭਾਅ ਦਾ ਪੁਲਸ ਅਫਸਰ ਪਿਓ ਆਪਣੀਆਂ ਲੜਕੀਆਂ ਨੂੰ ਪਰਦੇ ਅੰਦਰ ਰਖਣ ਦੇ ਹਕ ਵਿਚ ਸੀ। ਬਾਹਰ ਪੜ੍ਹਾਈ ਲਈ ਭੇਜਣਾ ਚੰਗਾ ਨਹੀਂ ਸਮਝਦਾ ਸੀ। ਪਿਛੋਂ ਲਾਹੌਰ ਸ਼ਹਿਰ ਵਿਚੋਂ ਆਏ ਹੋਣ ਕਰ ਕੇ ਅਤੇ ਮੁਸਲਿਮ ਮੁਹਲਿਆਂ ਵਿਚ ਰਹਿਣ ਕਰ ਕੇ ਪਰਦੇ ਵਿਚ ਬਹੁਤ ਯਕੀਨ ਰਖਦੇ ਸਨ। ਕਿਓਂਕਿ ਮੈਂ ਸ਼ਹਿਰ ਵਿਚ ਵਿਆਹ ਕਰਵਾ ਲੈਣਾ ਚਹੁੰਦਾ ਸਾਂ, ਇਸ ਲਈ ਅਗਲੀ ਗੱਲ ਬਾਤ ਲਈ ਸਲਾਹਾਂ ਹੋਣ ਲੱਗੀਆਂ। ਵਕੀਲਨੀ ਉਹਨਾਂ ਦੀ ਰਿਸ਼ਤੇਦਾਰ ਸੀ ਤੇ ਉਸ ਨੇ ਇਕ ਦਿਨ ਮੈਨੂੰ ਉਸ ਲੜਕੀ ਦੇ ਪੁਲਸ ਅਫਸਰ ਬਾਪ ਨਾਲ ਵੀ ਸਰਸਰੀ ਮਿਲਾ ਦਿਤਾ ਪਰ ਇਹ ਨਾ ਦਸਿਆ ਕਿ ਮੈਂ ਕੌਣ ਹਾਂ। ਹੋ ਸਕਦਾ ਕਿ ਪਿਛੋਂ ਦੱਸ ਦਿਤਾ ਹੋਵੇ ਕਿ ਉਸ ਨੂੰ ਮੁੰਡਾ ਕੈਸਾ ਲੱਗਾ ਸੀ। ਵੈਸੇ ਉਸ ਮੈਥੋਂ ਸਰਸਰੀ ਮੇਰੀ ਪੜ੍ਹਾਈ, ਪਿੰਡ, ਜ਼ਮੀਨ ਅਤੇ ਨੌਕਰੀ ਬਾਰੇ ਪੁਛਿਆ ਜੋ ਮੈਂ ਸਹੀ ਸਹੀ ਦੱਸ ਦਿਤਾ। ਪਿਛੋਂ ਮੈਂ ਵਕੀਲਨੀ ਚਾਚੀ ਚੰਨਣ ਦਈ ਨੂੰ ਏਨਾ

ਜ਼ਰੂਰ ਕਿਹਾ ਕਿ ਸਾਡਾ ਘਰ ਜ਼ਰੂਰ ਵੇਖ ਲੈਣ, ਅਸੀਂ ਖੂਹ ਤੇ ਰਹਿੰਦੇ ਹਾਂ ਤੇ ਸਾਡੇ ਕੋਲ ਸਿਰਫ ਦੋ ਝੁੱਗੀਆਂ ਅਤੇ ਇਕ ਕੱਚਾ ਕੋਠਾ ਹੈ। ਪਾਕਿਸਤਾਨ ਵਿਚੋਂ ਉਜੜ ਕੇ ਆਏ ਹਾਂ ਅਤੇ ਹੌਲੀ ਹੌਲੀ ਮਕਾਨ ਬਣਾਵਾਂਗੇ।

ਦੂਜੀ ਘਟਨਾ ਬਹੁਤ ਅਜੀਬ ਸੀ। ਆਪਣੀਆਂ ਕਹਾਣੀਆਂ ਦੀ ਜਿਹੜੀ ਕਾਪੀ ਮੈਂ ਭੁਪਿੰਦਰ ਦੀ ਕੋਠੀ ਭੁੱਲ ਆਇਆ ਸਾਂ, ਜਦ ਲੈਣ ਗਿਆ ਤਾਂ ਭੁਪਿੰਦਰ ਤਾਂ ਘਰ ਨਹੀਂ ਸੀ ਤੇ ਉਸਦੀ ਭੈਣ ਨੇ ਕੋਠੀ ਦਾ ਦਰਵਾਜ਼ਾ ਖੋਲ੍ਹਿਆ ਅਤੇ ਮੈਨੂੰ ਬੜੇ ਪਿਆਰ ਅਤੇ ਇੱਜ਼ਤ ਨਾਲ ਕੁਰਸੀ ਤੇ ਬੈਠਣ ਲਈ ਕਿਹਾ ਤੇ ਪੁਛਿਆ ਕਿ ਮੈਂ ਕੀ ਪੀਆਂਗਾ। ਜਦ ਮੈਂ ਪਾਣੀ ਦਾ ਗਲਾਸ ਮੰਗਿਆ ਤਾਂ ਕਹਿਣ ਲੱਗੀ ਕਿ ਇਸ ਘਰ ਵਿਚ ਤੁਹਾਨੂੰ ਪਾਣੀ ਦਾ ਗਲਾਸ ਨਹੀਂ ਮਿਲ ਸਕਦਾ, ਪਾਣੀ ਦੀ ਜਗ੍ਹਾ ਦੁਧ ਮਿਲੇਗਾ। ਫੁਰਤੀ ਵਿਚ ਉਹ ਦੁੱਧ ਦਾ ਗਲਾਸ ਲੈ ਆਈ ਅਤੇ ਮੇਰੇ ਸਾਹਮਣੇ ਉਸ ਵਿਚ ਚਮਚੇ ਨਾਲ ਖੰਡ ਮਿਲਾਉਣ ਲੱਗੀ। ਉਸ ਦੀਆਂ ਅਖਾਂ ਦਾ ਰੰਗ ਬਦਲਿਆ ਹੋਇਆ ਸੀ ਅਤੇ ਉਹ ਨਹੀਂ ਸੀ ਜੋ ਮੈਂ ਪਹਿਲਾਂ ਕਈ ਵਾਰ ਵੇਖਿਆ ਸੀ। ਮੈਂ ਦੁਧ ਪੀਂਦਿਆਂ ਕਿਹਾ ਕਿ ਭੁਪਿੰਦਰ ਕਦੋਂ ਆਊਗਾ। ਕਹਿਣ ਲੱਗੀ ਕੋਈ ਪਤਾ ਨਹੀਂ ਕਦੋਂ ਆਊਗਾ। ਰਿਸ਼ਤੇਦਾਰੀਆਂ ਵਿਚ ਅਮ੍ਰਿਤਸਰ ਵੱਲ ਗਿਆ ਹੋਇਆ ਏ। ਮੈਂ ਨਾਲ ਦੇ ਕਮਰੇ ਵਿਚ ਤੁਹਾਡਾ ਬੈੱਡ ਲਾ ਦੇਂਦੀ ਹਾਂ ਤੇ ਤੁਸੀ ਆਰਮ ਕਰੋ ਹੈਡਮਾਸਟਰ ਸਾਹਿਬ, ਮੈਂ ਤੁਹਾਡੇ ਲਈ ਖਾਣਾ ਬਾਵਾਂਗੀ। ਦੱਸੋ ਕੀ ਖਾਣਾ ਹੈ। ਮੈਂ ਪੁਛਿਆ ਕਿ ਮੈਂ ਆਪਣੀ ਕਹਾਣੀਆਂ ਵਾਲੀ ਕਾਪੀ ਭੁਲ ਗਿਆ ਸਾਂ, ਉਹ ਲੈਣ ਆਇਆ ਹਾਂ। ਕਹਿਣ ਲੱਗੀ ਕਾਪੀ ਵੀ ਮਿਲ ਜਾਵੇਗੀ ਜਨਾਬ ਪਰ ਇਹ ਦੱਸੋ ਕਿ ਕਹਾਣੀ ਵਿਚਲੀ ਚੰਦਾ ਕੌਣ ਸੀ। ਮੈਂ ਕੋਈ ਜਵਾਬ ਨਾ ਦਿਤਾ ਤੇ ਓਸ ਨਾਲ ਦੇ ਕਮਰੇ ਵਿਚ ਬੈੱਡ ਲਗਾ ਦਿਤਾ ਤੇ ਮੈਨੂੰ ਕਾਪੀ ਵਾਪਸ ਕਰ ਦਿਤੀ। ਜਦ ਮੈਂ ਬੈੱਡ ਤੇ ਲੇਟ ਕੇ ਕਾਪੀ ਖੋਲ੍ਹੀ ਤਾਂ ਓਸ ਵਿਚ ਇਕ ਚਿਠੀ ਸੀ ਜਿਸ ਨੂੰ ਪੜ੍ਹ ਕੇ ਮੇਰਾ ਸਿਰ ਚਕਰਾ ਗਿਆ। ਮੇਰੀ ਕਹਾਣੀ "ਜ਼ਖਮ ਫਿਰ ਉਚੜ ਗਏ" ਨੇ ਉਹਦੇ ਦਿਲ ਅੰਦਰ ਮੇਰੇ ਲਈ ਪਿਆਰ ਦਾ ਤੂਫਾਨ ਖੜ੍ਹਾ ਕਰ ਦਿਤਾ ਸੀ। ਉਹ ਕਹਾਣੀ ਵਿਚਲੀ ਚੰਦਾ ਬਨਣ ਲਈ ਤਿਆਰ ਸੀ। ਉਹ ਹੈਰਾਨ ਸੀ ਕਿ ਮੈਂ ਏਨੀ ਛੋਟੀ ਉਮਰ ਵਿਚ ਇਕ ਮਿਡਲ ਸਕੂਲ ਦਾ ਹੈਡਮਾਸਟਰ ਕਿਵੇਂ ਬਣ ਗਿਆ ਸਾਂ। ਦੂਜਾ ਮੈਂ ਐਨੀਆਂ ਵਧੀਆ ਕਹਾਣੀਆਂ ਕਿਵੇਂ ਲਿਖ ਲੈਂਦਾ ਸਾਂ। ਮੈਨੂੰ ਉਹਦੇ ਬਾਰੇ ਪਤਾ ਨਹੀਂ ਸੀ ਕਿ ਉਹ ਕਿੰਨੀ ਪੜ੍ਹੀ ਹੋਈ ਸੀ। ਏਨਾ ਕੁ ਪਤਾ ਸੀ ਕਿ ਪੂਨੇ ਜਿਥੋਂ ਉਹਦਾ ਫੌਜੀ ਅਫਸਰ ਪਿਓ ਰੀਟਾਇਰ ਹੋ ਕੇ ਆਇਆ ਸੀ, ਓਥੇ ਪੜ੍ਹਦੀ ਰਹੀ ਸੀ। ਪਰਵਾਰ ਵਿਚ ਉਹ ਭੁਪਿੰਦਰ ਤੋਂ ਦੂਜੇ ਦਰਜੇ ਤੇ ਸੀ ਤੇ ਜਵਾਨ ਸੀ। ਜਦ ਉਹ ਦੋਬਾਰਾ ਕਮਰੇ ਵਿਚ ਆਈ ਤਾਂ ਮੈਂ ਉਹਦੀ ਚਿਠੀ ਪੜ੍ਹ ਚੁਕਾ ਸਾਂ ਜਿਸ ਦਾ ਸੰਖੇਪ ਸਿਰਫ ਏਨਾ ਸੀ ਕਿ ਉਹ ਮੈਂਨੂੰ ਦਿਲ ਦੀਆਂ ਸਾਰੀਆਂ ਤਹਿਆਂ ਵਿਚ ਬਹੁਤ ਪਿਆਰ ਕਰਦੀ ਸੀ। ਮੇਰੇ ਨਾਲ ਵਿਆਹ ਕਰਵਾਣ ਲਈ ਤਿਆਰ ਸੀ। ਇਸ ਗੱਲ ਉਹਦੇ ਸਾਰੇ ਘਰ ਦਿਆਂ ਨੂੰ ਪਤਾ ਸੀ। ਮੇਰਾ ਸਾਹ ਸੁਕ ਰਿਹਾ ਸੀ ਤੇ ਮੇਰੇ ਮੂੰਹ ਵਿਚੋਂ ਕੋਈ ਬੋਲ ਨਹੀਂ ਨਿਕਲ ਰਹੇ ਸਨ। ਬਹੁਤ ਯਤਨ ਕਰ ਕੇ ਮੈਂ ਉਸ ਨੂੰ ਸਿਰਫ ਏਨਾ ਕਹਿ ਸਕਿਆ ਕਿ ਤੂੰ ਮੇਰੇ ਬਹੁਤ ਕਰੀਬੀ ਦੋਸਤ ਦੀ ਭੈਣ ਮੇਰੀ ਭੈਣ ਹੈਂ। ਇਹ ਚਿਠੀ ਮੈਂ ਭੁਪਿੰਦਰ ਨੂੰ ਦੇ ਦਿਆਂਗਾ। ਉਸਦਾ ਜਵਾਬ ਸੀ ਕਿ ਉਸ ਨੇ ਇਹ ਚਿਠੀ ਪੜ੍ਹੀ ਹੋਈ ਹੈ। ਉਹ ਤੁਹਾਨੂੰ ਇਸਦਾ ਜਵਾਬ ਦੇਣ ਲਈ ਕਹੇਗਾ।

ਹੋਇਆ ਵੀ ਇੰਜ ਹੀ ਕਿ ਕਈ ਦਿਨਾਂ ਬਾਅਦ ਜਦ ਭੁਪਿੰਦਰ ਮਿਲਿਆ ਤਾਂ ਮੈਂ ਚਿਠੀ ਓਸ ਅਗੇ ਰਖ ਦਿਤੀ। ਓਸ ਚਿਠੀ ਮੋੜਦਿਆਂ ਕਿਹਾ ਮੈਨੂੰ ਸਭ ਪਤਾ ਹੈ। ਤੈਨੂੰ ਇਸ ਚਿਠੀ ਦਾ ਜਵਾਬ ਦੇਣਾ ਚਾਹੀਦਾ ਹੈ। ਕੁਝ ਦਿਨਾਂ ਬਾਅਦ ਮੈਂ ਇਸ ਚਿਠੀ ਦਾ ਜਵਾਬ ਦੇ ਦਿਤਾ ਕਿ ਇਹ ਸਭ ਕੁਝ ਨਾਮੁਮਕਿਣ ਹੈ। ਮੇਰੀ ਕਿਧਰੇ ਹੋਰ ਵਿਆਹ ਵਿਆਹ ਦੀ ਗੱਲ ਚੱਲ ਰਹੀ ਹੈ। ਬਾਪੂ, ਤਾਇਆ ਤੇ ਮੈਂ ਵਿਚੋਲਣ ਸਮੇਤ ਉਹਨਾਂ ਦੇ ਘਰ ਗਏ। ਭੁੰਜੇ ਦਰੀ ਤੇ ਚਾਦਰ ਵਿਛਾਈ ਹੋਈ ਸੀ। ਚਾਹ ਪਾਣੀ ਤੇ ਮਠਿਆਈ ਦਾ ਪਰਬੰਧ ਸੀ। ਬਾਪੂ ਨੇ ਆਖਿਆ ਕਿ ਸਾਡਾ ਘਰ ਵੇਖ ਲਵੋ ਪਰ ਕਿਸੇ ਨੇ ਇਸ ਤੇ ਅਮਲ ਨਾ ਕੀਤਾ। ਮੇਰੀ ਹੋਣ ਵਾਲੀ ਸੱਸ ਨੇ ਮੇਰਾ ਸਿਰ ਪਲੋਸਿਆ। ਗੱਲ ਪੱਕੀ ਹੋ ਗਈ ਤੇ ਅਕਤੂਬਰ ਦੇ ਅੰਤਲੇ ਦਿਨਾਂ ਦਾ ਵਿਆਹ ਪੱਕਾ ਹੋ ਗਿਆ।

ਵਿਆਹ ਦੀ ਕਾਫੀ ਤਿਆਰੀ ਵੀ ਭੁਪਿੰਦਰ ਦੀ ਕੋਠੀ ਵਿਚ ਹੀ ਹੋਈ। ਜਾਗੀਰ ਤੇ ਮੋਹਿਤ ਦਾ ਪਰਵਾਰ ਵੀ ਖਰੀਦਾਰੀ, ਗਹਿਣਿਆਂ ਦੀ ਘੜਾਈ ਵਗੈਰਾ ਵਿਚ ਮਦਦ ਕਰ ਰਿਹਾ ਸੀ। ਵਹੁਟੀ ਨੂੰ ਪਾਉਣ ਵਾਲੇ ਜ਼ਰੀ ਕਿਨਾਰੀ ਤੇ ਸ਼ਗਨਾਂ ਦੇ ਵਰੀ ਵਾਲੇ ਸੂਟ ਜਦ ਸਿਲ ਕੇ ਭੁਪਿੰਦਰ ਦੀ ਕੋਠੀ ਵਿਚ ਆਏ ਤਾਂ ਤੁਰੀ ਫਿਰਦੀ ਓਸ ਕੁੜੀ ਦੀਆਂ ਅਖਾਂ ਵਿਚ ਮੈਂ ਕਈ ਵਾਰ ਅਥਰੂ ਵੇਖੇ ਜੋ ਕਹਿ ਰਹੇ ਸਨ ਕਿ ਮੈਂ ਅਜੇ ਵੀ ਆਪਣਾ ਫੈਸਲਾ ਬਦਲ ਲਵਾਂ। ਕੁਦਰਤ ਦਾ ਭਾਣਾ ਐਸਾ ਵਾਪਰਿਆ ਕਿ ਵਿਆਹ ਤੋਂ ਪਹਿਲਾਂ ਐਨੇ ਭਾਰੀ ਮੀਂਹ ਪਏ ਕਿ ਫਸਲਾਂ ਤਬਾਹ ਹੋ ਗਈਆਂ। ਰਸਤੇ ਤੇ ਡੰਡੀਆਂ ਪਾਣੀ ਨਾਲ ਭਰ ਗਈਆਂ। ਕੱਚਾ ਕੋਠਾ ਚੋਣ ਲਗ ਪਿਆ। ਮੱਛਰ ਮਖੀ ਦੀ ਭਰਮਾਰ ਹੋ ਗਈ ਤੇ ਵਿਆਹ ਤੋਂ ਕੁਝ ਦਿਨ ਪਹਿਲਾਂ ਮੈਨੂੰ ਮਲੇਰੀਆ ਹੋ ਗਿਆ ਤੇ ਐਨਾ ਤਾਪ ਚੜ੍ਹੇ ਤੇ ਉਤਰੇ ਕਿ ਮੈਨੂੰ ਹੋਸ਼ ਨਾ ਆਵੇ। ਬਾਪੂ ਫਿਰੋਜ਼ਪੁਰ ਮੋਹਿਤ ਦੇ ਘਰ ਲੈ ਆਇਆ ਜਿਥੇ ਡਾ: ਸਾਧੂ ਚੰਦ ਵਿਨਾਇਕ ਨੇ ਕੁਝ ਟੀਕੇ ਲਾਏ, ਗੋਲੀਆਂ ਦਿਤੀਆਂ ਤੇ ਤਾਂ ਜਾ ਕੇ ਮੈਂ ਬਚਿਆ ਪਰ ਕਮਜ਼ੋਰੀ ਬਹੁਤ ਹੋ ਗਈ। ਵਿਆਹ ਕੇ ਜਦ ਵਹੁਟੀ ਨੂੰ ਬੱਸ ਦੇ ਅਡੇ ਤੋਂ ਗਡੇ ਤੇ ਬਿਠਾ ਕੇ ਚਾਚਾ ਨਾਜ਼ਰ ਸਿਹੁੰ ਬੇਰੀਆਂ ਵਾਲੇ ਖੂਹ ਨੂੰ ਗੱਡਾ ਲਿਜਾ ਰਿਹਾ ਸੀ ਤਾਂ ਮੀਂਹ ਦਾ ਪਾਣੀ ਜੋ ਅਜੇ ਸੁਕਾ ਨਹੀਂ ਸੀ, ਓਸ ਵਿਚ ਕਈ ਥਾਈਂ ਗੱਡਾ ਫਸਿਆ। ਵਿਚੋਲਗੀ ਦਾ ਸੂਟ ਲੈਣ ਲਈ ਵਿਚੋਲਣ ਵਕੀਲਨੀ ਵੀ ਨਾਲ ਆਈ ਸੀ। ਭਰਾ ਦਲੀਪ ਸਿੰਘ ਤੇ ਭਰਜਾਈ ਵੀ ਨਾਲ ਸਨ। ਕੱਚੇ ਕੋਠੇ ਦੇ ਬੂਹੇ ਅਗੇ

ਮੇਰੀ ਮਾਂ ਪਾਣੀ ਦੀ ਗੜਵੀ ਲੈ ਕੇ ਆਪਣੀ ਸ਼ਹਿਰਨ ਨੋਂਹ ਤੋਂ ਵਾਰਨੇ ਕਰ ਰਹੀ ਸੀ ਅਤੇ ਪੇਂਡੂ ਕੁੜੀਆਂ ਗੀਤ ਗਾ ਰਹੀਆਂ ਸਨ: ਪਾਣੀ ਵਾਰ ਬੰਨੇ ਦੀਏ ਮਾਏ ਨੀ ਬੰਨਾ ਤੇਰੇ ਬਾਰ ਖੜ੍ਹਾ।
ਅਗਲੀ ਵਾਰ ਪੜ੍ਹੋ: ਭਾਗੂ ਸਕੂਲ ਵਿਚ ਬਦਲੀ---

**ਕਿਹੋ ਜਿਹਾ ਸੀ ਜੀਵਨ?ਬਲਬੀਰ ਮੋਮੀ**
1955 ਦੇ ਹੜ:- ਕਿਸ਼ਤ 36:

ਪਿੰਡ ਮੁਰਾਦਵਾਲਾ ਦਲ ਸਿੰਘ ਦਾ ਸਕੂਲ, ਵਿਦਿਆਰਥੀ, ਪਿੰਡ ਦੇ ਲੋਕ ਅਤੇ ਲਾਗਲੇ ਪਿੰਡਾਂ ਜਿਵੇਂ ਕੰਧਵਾਲਾ ਹਾਜ਼ਰ ਖਾਂ ਤੇ ਘੜਿਆਣਾ ਆਦਿ ਦੇ ਵਿਦਿਆਰਥੀ ਜੋ ਏਸ ਸਕੂਲ ਵਿਚ ਪੜ੍ਹਨ ਆਉਂਦੇ ਸਨ, ਬਹੁਤ ਚੰਗੇ ਸਨ। ਸਭ ਸੇਵਾਦਾਰ ਅਤੇ ਆਗਿਆਕਾਰ ਵੀ ਬੜੇ ਸਨ। ਸਿਰਫ ਮੁਸ਼ਕਲ ਇਹ ਸੀ ਇਸ ਪਿੰਡ ਦੇ ਨੇੜਿਓਂ ਕੋਈ ਸੜਕ ਨਹੀਂ ਲੰਘਦੀ ਸੀ ਜਿਸ ਕਾਰਨ ਇਸ ਪਿੰਡ ਵਿਚ ਪਹੁੰਚਣ ਦੀ ਬੜੀ ਔਖਿਆਈ ਸੀ। ਰਾਤ ਬਰਾਤੇ ਪਹੁੰਚਣਾ ਤਾਂ ਹੋਰ ਵੀ ਮੁਸ਼ਕਲ ਸੀ। ਜੇ ਅਬੋਹਰ ਰਾਤ ਪੈ ਜਾਵੇ ਤਾਂ ਵਡਾ ਟਿੱਬਾ ਪਾਰ ਕਰ ਕੇ ਰਾਤ ਫਾਰਮ ਤੇ ਜਾ ਕੇ ਰਹਿਣਾ ਪੈਂਦਾ ਸੀ ਜਿਥੇ ਭਰਾ ਸਰਕਾਰੀ ਫਾਰਮ ਦਾ ਮੈਨੇਜਰ ਲੱਗਾ ਹੋਇਆ ਸੀ। ਟਿੱਬਿਆਂ ਵਿਚ ਸਾਈਕਲ ਤਾਂ ਚਲਦਾ ਨਹੀਂ ਸੀ ਸਗੋਂ ਧੂਣਾ ਪੈਂਦਾ ਸੀ। ਕਈ ਵਾਰ ਸਿਆਲਾਂ ਦੇ ਦਿਨਾਂ ਵਿਚ ਜੇ ਬੱਸ ਲੇਟ ਅਬੋਹਰ ਪਹੁੰਚਦੀ ਤਾਂ ਰਾਤ ਰਹਿਣ ਲਈ ਠਾਹਰ ਚਾਹੀਦੀ ਸੀ। ਜੇ ਜ਼ਿਆਦਾ ਹਨੇਰਾ ਹੋ ਜਾਵੇ ਤਾਂ ਫਾਰਮ ਤੇ ਜਾਣਾ ਵੀ ਮੁਸ਼ਕਲ ਹੋ ਜਾਂਦਾ ਸੀ। ਮੇਰੀ ਨਵੀਂ ਵਿਆਹੀ ਪਤਨੀ ਨੂੰ ਇਹ ਪਿੰਡ ਬਿਲਕੁਲ ਪਸੰਦ ਨਹੀਂ ਸੀ। ਉਸ ਨੂੰ ਗੁਦੜਢੰਡੀ ਵਾਲਾ ਬੇਰੀਆਂ ਵਾਲਾ ਖੂਹ ਵੀ ਉਕਾ ਈ ਪਸੰਦ ਨਹੀਂ ਸੀ। ਉਹ ਸ਼ਹਿਰ ਵਿਚ ਰਹਿਣਾ ਚਹੁੰਦੀ ਸੀ। ਅਬੋਹਰ ਕਿਰਾਏ ਤੇ ਮਕਾਨ ਲੈ ਕੇ ਰੋਜ਼ ਸਾਈਕਲ ਤੇ ਮੁਰਾਦਵਾਲੇ ਆਉਣਾ ਜਾਣਾ ਬੜਾ ਮੁਸ਼ਕਲ ਸੀ। ਅਜੇ ਮੈਂ ਕੱਚਾ ਸਾਂ ਤੇ ਐਨੀ ਜਲਦੀ ਕਿਸੇ ਸ਼ਹਿਰ ਜਾਂ ਸ਼ਹਿਰ ਲਾਗਲੇ ਸਕੂਲ ਵਿਚ ਬਦਲੀ ਹੋਣੀ ਵੀ ਬੜੀ ਮੁਸ਼ਕਲ ਸੀ। ਕੁਦਰਤੀ ਮੇਰੀ ਪਤਨੀ ਦੇ ਥਾਣੇਦਾਰ ਪਿਤਾ ਜੀ ਦੀ ਬਦਲੀ ਅਬੋਹਰ ਦੇ ਸਦਰ ਥਾਣੇ ਵਿਚ ਹੋ ਗਈ। ਅਬੋਹਰ ਦੀ ਗਊਸ਼ਾਲਾ ਰੋਡ ਦੀ ਨੁਕਰ ਤੇ ਗੋਬਿੰਦਗੜ੍ਹ ਵਾਲੇ ਸਰਦਾਰਾਂ ਵਾਲੇ ਚੁਬਾਰੇ ਉਹਨਾਂ ਨੇ ਕਿਰਾਏ ਤੇ ਲੈ ਲਏ ਅਤੇ ਮੇਰੀ ਪਤਨੀ ਜ਼ਿਆਦਾ ਉਹਨਾਂ ਕੋਲ ਹੀ ਰਹਿੰਦੀ ਤੇ ਮੈਂ ਛੁਟੀ ਵਾਲੇ ਦਿਨ ਓਥੇ ਆ ਜਾਂਦਾ। ਕਦੀ ਕਦੀ ਉਹ ਮੁਰਾਦਵਾਲੇ ਵੀ ਆ ਜਾਂਦੀ ਪਰ ਪਿੰਡ ਵਿਚ ਰਹਿਣਾ ਉਹਦੇ ਲਈ ਮੁਸ਼ਕਲ ਸੀ। ਇਸ ਤਰ੍ਹਾਂ ਇਕ ਸਾਲ ਦਾ ਸਮਾਂ ਬੀਤ ਗਿਆ ਤੇ ਅਬੋਹਰ ਵਿਚ ਮੇਰੀ ਵਡੀ ਲੜਕੀ ਦਾ ਜਨਮ ਹੋਇਆ। ਉਹ ਜਾਪਾਨੀ ਖਿਡੌਣਿਆਂ ਨਾਲੋਂ ਵੀ ਕਿਤੇ ਜ਼ਿਆਦਾ ਖੂਬਸੂਰਤ ਸੀ। ਉਸਦੀਆਂ ਅਖਾਂ ਮੋਟੀਆਂ ਤੇ ਹਿਰਨੀ ਦੇ ਬਚਿਆਂ ਵਰਗੀਆਂ ਸਨ। ਮੇਰੇ ਸਹੁਰਿਆਂ ਦਾ ਸਾਰਾ ਟੱਬਰ ਖਾਸ ਕਰ ਉਹਦੀਆਂ ਮਾਸੀਆਂ ਉਹਨੂੰ ਹਥਾਂ ਵਿਚ ਖਿਡਾਉਂਦੀਆਂ ਰਹਿੰਦੀਆਂ। ਕਈ ਵਾਰ ਮੇਰੇ ਸਹੁਰਾ ਸਾਹਿਬ ਜਿਨ੍ਹਾਂ ਦਾ ਕਦ ਕਾਠ ਬੜਾ ਉਚਾ ਲੰਮਾ ਅਤੇ ਬਹੁਤੇ ਥਾਣੇਦਾਰਾਂ ਵਾਂਗ ਪੇਟ ਵਧਿਆ ਹੋਇਆ ਸੀ, ਆਪਣੀ ਦੋਹਤੀ ਨੂੰ ਆਪਣੇ ਪੇਟ ਤੇ ਲਿਟਾ ਕੇ ਉਸ ਨਾਲ ਖੇਡਦੇ। ਉਹਦੀਆਂ ਮਾਸੀਆਂ ਉਹਦੇ ਛੋਟੇ ਛੋਟੇ ਬੁਲ੍ਹਾਂ ਨੂੰ ਹਿਲਾ ਕੇ ਉਹਦੇ ਛੋਟੇ ਛੋਟੇ ਬੁਲ੍ਹਾਂ ਵਿਚੋਂ ਮੁਸਕਾਨਾਂ ਪੈਦਾ ਕਰਦੀਆਂ। ਮੇਰੀ ਪਹਿਲੀ ਬੱਚੀ ਮੇਰੇ ਘਰ ਆਈ ਇਕ ਨੰਨ੍ਹੀ ਪਰੀ ਵਾਂਗ ਆਈ ਸੀ ਮੈਨੂੰ ਆਪਣੇ ਸੁਪਨਿਆਂ ਦੇ ਤਾਰੇ ਉਹਦੀਆਂ ਅਖਾਂ ਵਿਚ ਚਮਕਦੇ ਦਿਸਦੇ। ਮੈਂ ਉਹਨੂੰ ਬਹੁਤ ਪਿਆਰ ਕਰਦਾ ਸਾਂ, ਸ਼ਹਿਜ਼ਾਦੀਆਂ ਵਾਂਗ ਉਹਦੀ ਪਾਲਣਾ ਕਰਦਾ ਚਹੁੰਦਾ ਸਾਂ। ਮੈਂ ਤਹਈਆ ਕਰ ਲਿਆ ਕਿ ਮੈਂ ਆਪਣੀ ਇਸ ਬੱਚੀ ਨੂੰ ਆਲਾ ਤੋਂ ਆਲਾ ਤਾਲੀਮ ਦੇਵਾਂਵਾਂਗਾ ਅਤੇ ਕਲਾ ਦੀ ਮੂਰਤੀ ਬਣਾਵਾਂਗਾ। ਜੋ ਮੈਂ ਬਨਣਾ ਚਹੁੰਦਾ ਸਾਂ ਤੇ ਨਹੀਂ ਬਣ ਸਕਿਆ, ਇਹ ਬਣੇਗੀ।

ਉਹਨਾਂ ਦਿਨਾਂ ਵਿਚ ਹੀ ਮੇਰੇ ਸਹੁਰਾ ਸਾਹਿਬ ਦੀ ਬਦਲੀ ਮੋਗੇ ਥਾਣੇ ਵਿਚ ਹੋ ਗਈ ਅਤੇ ਬੱਚੀ ਕਿਉਂਕਿ ਛੋਟੀ ਸੀ, ਇਸ ਲਈ ਮੇਰੀ ਪਤਨੀ ਵੀ ਬੱਚੀ ਸਮੇਤ ਅਤੇ ਉਹਨਾਂ ਦੇ ਘਰ ਦੇ ਸਾਮਾਨ ਨਾਲ ਟਰੱਕ ਵਿਚ ਬੈਠ ਕੇ ਉਹਨਾਂ ਦੇ ਨਾਲ ਹੀ ਮੋਗੇ ਚਲੀ ਗਈ। ਮੈਂ ਵੀ ਮੋਗੇ ਤਕ ਉਹਨਾਂ ਦੇ ਨਾਲ ਗਿਆ ਅਤੇ ਦੋ ਰਾਤਾਂ ਮੋਗੇ ਰਹਿ ਕੇ ਵਾਪਸ ਮੁਰਾਦਵਾਲੇ ਆ ਗਿਆ। ਕੁਝ ਦਿਨਾਂ ਬਾਅਦ ਜਦ ਮੈਂ ਸਾਈਕਲ ਤੇ ਅਬੋਹਰ ਤੋਂ ਮੁਰਾਦਵਾਲੇ ਨੂੰ ਜਾ ਰਿਹਾ ਸਾਂ ਤਾਂ ਸ਼ਾਇਦ ਇਹ ਸਤੰਬਰ 1955 ਦੇ ਆਖਰੀ ਦਿਨ ਸਨ ਜਾਂ ਅਕਤੂਬਰ ਸ਼ੁਰੂ ਦੇ, ਮੈਨੂੰ ਰਸਤੇ ਵਿਚ ਸਖਤ ਬਾਰਸ਼ ਨੇ ਘੇਰ ਲਿਆ। ਮੈਂ ਸਾਈਕਲ ਰੋਕ ਕੇ ਇਕ ਦਰਖਤ ਹੇਠਾਂ ਖਲੋ ਗਿਆ ਪਰ ਬਾਰਸ਼ ਰੁਕਣ ਦਾ ਨਾਂ ਨਹੀਂ ਲੈ ਰਹੀ ਸੀ। ਕੱਚੇ ਰਸਤੇ ਵਿਚ ਹੋ ਰਹੀ ਮੂਸਲਾਧਾਰ ਬਾਰਸ਼ ਕਰ ਕੇ ਸਾਈਕਲ ਚਲਾਉਣਾ ਵੀ ਮੁਸ਼ਕਲ ਸੀ। ਸਾਰੇ ਕਪੜੇ ਤੇ ਸਾਈਕਲ ਦੇ ਹੈਂਡਲ ਨਾਲ ਲਮਕਾਇਆ ਝੋਲਾ ਵੀ ਬੁਰੀ ਤਰ੍ਹਾਂ ਭਿੱਜ ਚੁਕੇ ਸਨ। ਜਿਵੇਂ ਕਿਵੇਂ ਸਾਈਕਲ ਖਿਚਦਾ ਖਚਾਂਦਾ, ਦਰਖਤਾਂ ਹੇਠ ਰੁਕਦਾ ਰੁਕਾਂਦਾ ਸੂਏ ਦੀ ਪਟੜੀ ਪੈ ਕੇ ਮੈਂ ਮੁਰਾਦਵਾਲੇ ਦੇ ਸਕੂਲ ਵਿਚ ਪਹੁੰਚ ਗਿਆ। ਏਨੇ ਭਾਰੀ ਮੀਂਹ ਨਾਲ ਸਕੂਲ ਦੀ ਲੈਂਟਰ ਵਾਲੀ ਛੱਤ ਕੁਝ ਥਾਵਾਂ ਤੋਂ ਚੋ ਰਹੀ ਸੀ। ਸਕੂਲ ਵਿਚ ਕੋਈ ਵੀ ਨਹੀਂ ਸੀ। ਦੁੱਲਾ ਮਸੀਹ ਜੋ ਸਕੂਲ ਦਾ ਚਪੜਾਸੀ ਸੀ, ਉਹ ਵੀ ਪਿੰਡ ਵਿਚ ਆਪਣੇ ਘਰ ਚਲਾ ਗਿਆ ਸੀ। ਬਾਰਸ਼ ਰੁਕਣ ਦਾ ਨਾਂ ਨਹੀਂ ਲੈ ਰਹੀ ਸੀ। ਮੈਂ ਆਪਣੇ ਕਪੜੇ ਨਿਚੋੜ ਕੇ ਸੁਕਣੇ ਪਾ ਦਿਤੇ ਅਤੇ ਭੁਖ ਵੀ ਬੜੀ ਲੱਗੀ ਹੋਈ ਸੀ ਪਰ ਐਨੀ ਬਾਰਸ਼ ਵਿਚ ਪਿੰਡ ਤਕ ਪਹੁੰਚਣਾ ਮੁਸ਼ਕਲ ਹੋ ਰਿਹਾ ਸੀ। ਸਬੱਬੀਂ ਇਸ ਸਕੂਲ ਪੜ੍ਹਦੇ ਇਕ

ਮੁੰਡੇ ਦਾ ਬਾਪ ਜਿਸ ਦੀ ਸਕੂਲ ਨਾਲ ਪੈਲੀ ਲਗਦੀ ਸੀ, ਮੀਂਹ ਤੋਂ ਬਚਣ ਲਈ ਸਿਰ ਤੇ ਮੜਾਸਾ ਬੰਨ੍ਹੀਂ ਦਾ ਖੇਤਾਂ ਵਿਚ ਪਾਣੀ ਦਾ ਅੰਦਾਜ਼ਾ ਲਾਉਣ ਲਈ ਮੋਢੇ ਤੇ ਕਹੀ ਰਖੀਂ ਸਕੂਲ ਵਿਚ ਆ ਗਿਆ। ਮੈਨੂੰ ਸਤਿ ਸਰੀ ਅਕਾਲ ਬੁਲਾਈ ਤੇ ਹਾਲ ਚਾਲ ਪੁਛਿਆ। ਕਹਿਣ ਲੱਗਾ ਬਾਰਸ਼ ਬਹੁਤ ਹੋ ਰਹੀ ਹੈ। ਮੈਂ ਕਪਾਹ ਦੇ ਖੇਤ ਦਾ ਗੇੜਾ ਮਾਰ ਕੇ ਤੇ ਨਕੇ ਖੁਲ੍ਹੇ ਛਡ ਕੇ ਆਇਆ ਤੇ ਫਿਰ ਘਰ ਚਲਦੇ ਆਂ। ਸਕੂਲ ਵਿਚ ਤਾਂ ਕੋਈ ਮੰਜਾ ਬਿਸਤਰਾ ਵੀ ਨਹੀਂ ਸੀ। ਗਿੱਲੇ ਕਪੜੇ ਦੋਬਾਰਾ ਪਾ ਕੇ ਮੈਂ ਉਹਦੇ ਨਾਲ ਆ ਗਿਆ ਤੇ ਉਹਨਾਂ ਕੋਲੋਂ ਹੀ ਸੁਕੇ ਕਪੜੇ ਲੈ ਕੇ ਪਾਏ। ਵਰ੍ਹਦੇ ਮੀਂਹ ਵਿਚ ਹੀ ਉਹਨਾਂ ਚਾਹ ਬਣਾ ਕੇ ਪਿਆਈ ਅਤੇ ਰੋਟੀ ਦਾ ਇੰਤਜ਼ਾਮ ਵੀ ਕੀਤਾ। ਅਗਲੀ ਸਵੇਰ ਮੈਂ ਜਿਸ ਘਰ ਵਿਚ ਰਹਿੰਦਾ ਸਾਂ, ਓਥੇ ਆ ਗਿਆ। ਇਹ ਬੜਾ ਖੁਲ੍ਹਾ ਘਰ ਸੀ। ਇਕ ਪਾਸੇ ਮਸਾਂ ਇਕ ਮੰਜੇ ਦਾ ਕਮਰਾ ਤੇ ਨਾਲ ਰਸੋਈ ਪਰ ਗਲੀ ਵੱਲ ਇਕ ਬਹੁਤ ਵਡਾ ਦਰਵਾਜ਼ਾ ਸੀ ਜਿਥੇ ਗਰਮੀਆਂ ਵਿਚ ਬੈਠਣ ਦਾ ਬੜਾ ਮਜ਼ਾ ਆਉਂਦਾ ਸੀ। ਅਗਲੇ ਦਿਨ ਵੀ ਬਾਰਸ਼ ਰੁਕਣ ਦਾ ਨਾਂ ਨਹੀਂ ਲੈ ਰਹੀ ਸੀ। ਕਪੜੇ ਬਦਲ ਕੇ ਮੈਂ ਸਕੂਲ ਚਲਾ ਗਿਆ ਪਰ ਪੜ੍ਹਨ ਵਾਲੇ ਮੁੰਡੇ ਬਹੁਤ ਘੱਟ ਆਏ ਸਨ। ਨਾਲ ਦੇ ਪਿੰਡਾਂ ਵਿਚੋਂ ਕੋਈ ਵੀ ਨਹੀਂ ਸੀ ਆਇਆ। ਬੈਟਰੀ ਵਾਲੇ ਰੇਡੀਓ ਤੇ ਖਬਰਾਂ ਆ ਸਨ ਕਿ ਸਾਰੇ ਪੰਜਾਬ ਵਿਚ ਜ਼ਬਰਦਸਤ ਬਾਰਸ਼ਾਂ ਹੋ ਰਹੀਆਂ ਸਨ ਅਤੇ ਕਈ ਥਾਈਂ ਹੜ ਆ ਗਏ ਸਨ। ਕਈ ਸੜਕਾਂ ਤੇ ਫੁਟ ਫੁਟ ਪਾਣੀ ਖੜ੍ਹਾ ਸੀ ਤੇ ਕਈ ਰੂਟਸ ਦੀਆਂ ਬੱਸਾਂ ਬੰਦ ਹੋ ਗਈਆਂ ਸਨ। ਕਈ ਰੇਲ ਗੱਡੀਆਂ ਵੀ ਨਹੀਂ ਚੱਲ ਰਹੀਆਂ ਸਨ। ਫਿਰੋਜ਼ਪੁਰ ਤੋਂ ਲੈ ਕੇ ਫਾਜ਼ਿਲਕਾ ਤਕ ਸਾਰੀ ਪਕੀ ਸੜਕ ਪਾਣੀ ਨਾਲ ਭਰ ਗਈ ਸੀ। ਸਤਲੁਜ ਦਾ ਪਾਣੀ ਇਸ ਸੜਕ ਤਕ ਆ ਗਿਆ ਸੀ। ਪਿੰਡਾਂ ਦੇ ਲੋਕ ਪਕੀ ਸੜਕ ਨਾਲ ਵਗਦੀ ਨਹਿਰ ਦੇ ਕੰਢਿਆਂ ਜਾਂ ਉਚੀਆਂ ਥਾਵਾਂ ਤੇ ਆ ਕੇ ਬੈਠ ਗਏ ਸਨ। ਅਨੇਕਾਂ ਪਸੂ ਰੁੜ੍ਹ ਗਏ ਸਨ। ਕਈ ਲੋਕ ਜਾਨਾਂ ਬਚਾਉਣ ਲਈ ਦਰਖਤਾਂ ਜਿਵੇਂ ਕਿੱਕਰਾਂ, ਬੇਰੀਆਂ ਅਤੇ ਟਾਹਲੀਆਂ ਤੇ ਚੜ੍ਹੇ ਹੋਏ ਸਨ। ਕਚੇ ਕੋਠੇ ਠਹਿ ਗਏ ਸਨ ਅਤੇ ਝੁਗੀਆਂ ਪਾਣੀ ਦੇ ਜ਼ੋਰ ਨਾਲ ਰੁੜ੍ਹ ਗਈਆਂ ਸਨ। ਕਈ ਲੋਕ ਡੁਬ ਵੀ ਗਏ ਸਨ। ਅਤੇ ਅਫਵਾਹਾਂ ਦਾ ਜ਼ੋਰ ਸੀ ਕਿ ਜੇਸਤਲੁਜ ਦਰਿਆ ਦਾ ਬੰਨ੍ਹ ਟੁਟ ਗਿਆ ਤਾਂ ਸਾਰਾ ਫਿਰੋਜ਼ਪੁਰ ਸ਼ਹਿਰ ਰੁੜ੍ਹ ਜਾਵੇਗਾ। ਫਰੀਦ ਕੋਟ ਅਤੇ ਫਿਰੋਜ਼ਪੁਰ ਛਾਉਣੀ ਦੇ ਦਰਮਿਆਨ ਵੀ ਸੜਕ ਟੁੱਟਣ ਨਾਲ ਆਵਾਜਾਈ ਰੁਕ ਗਈ ਸੀ। ਫਾਜ਼ਿਲਕਾ ਅਤੇ ਫਿਰੋਜ਼ਪੁਰ ਰੇਲ ਵੀ ਬੰਦ ਹੋ ਗਈ ਸੀ। ਮੋਗਾ ਫਿਰੋਜ਼ਪੁਰ ਦਾ ਇਲਾਕਾ ਵੀ ਹੜ ਦੀ ਮਾਰ ਹੇਠ ਸੀ ਅਤੇ ਕਈ ਥਾਵਾਂ ਤੋਂ ਸੜਕ ਟੁਟ ਗਈ ਸੀ ਤੇ ਆਵਾ ਜਾਈ ਵਿਚ ਵਿਘਨ ਪੈ ਗਿਆ ਸੀ।

ਇਹ ਖਬਰਾਂ ਸੁਣ ਕੇ ਮੈਨੂੰ ਫਿਕਰ ਲਗ ਗਿਆ ਕਿ ਇਹਨਾਂ ਜ਼ਬਰਦਸਤ ਹੜਾਂ ਵਿਚ ਬੇਰੀਆਂ ਵਾਲੇ ਖੂਹ ਤੇ ਮੇਰੇ ਮਾਂ ਪਿਓ ਅਤੇ ਭੈਣ ਭਰਾ ਪਤਾ ਨਹੀਂ ਰੁੜ੍ਹ ਗਏ ਹੋਣਗੇ ਜਾਂ ਬਚ ਗਏ ਹੋਣਗੇ। ਬਾਰਸ਼ਾਂ ਘੱਟ ਹੋਈਆਂ ਤਾਂ ਮੈਂ ਸਾਈਕਲ ਚੁਕਿਆ ਤੇ ਫਾਜ਼ਿਲਕਾ ਮਹਿਲੇ ਕੋਲ ਆ ਗਿਆ। ਅਸੀਂ ਬੱਸ ਅਡੇ ਤੇ ਗਏ ਤਾਂ ਫਿਰੋਜ਼ਪੁਰ ਨੂੰ ਨਾ ਕੋਈ ਬੱਸ ਅਤੇ ਨਾ ਹੀ ਕੋਈ ਗੱਡੀ ਚੱਲ ਰਹੀ ਸੀ। ਇਹੀ ਸੁਨਣ ਵਿਚ ਆ ਰਿਹਾ ਸੀ ਕਿ ਸਾਰਾ ਇਲਾਕਾ ਹੜਾਂ ਦੇ ਪਾਣੀ ਦੀ ਮਾਰ ਹੇਠ ਆ ਚੁਕਾ ਸੀ। ਨਹਿਰ ਤੇ ਜਾਨਾਂ ਬਚਾ ਕੇ ਬੈਠੇ ਲੋਕਾਂ ਲਈ ਰੋਟੀ ਪਾਣੀ ਦਾ ਕੋਈ ਪ੍ਰਬੰਧ ਨਹੀਂ ਹੈ। ਮੈਂ ਆਪਣਾ ਸਾਈਕਲ ਮਹਿਲੇ ਕੋਲ ਛਡਿਆ ਤੇ ਛੋਟੀ ਗੱਡੀ ਫੜ ਕੇ ਕੋਟਕਪੂਰੇ ਆ ਗਿਆ ਤੇ ਕੁਦਰਤੀ ਫਿਰੋਜ਼ਪੁਰ ਨੂੰ ਜਾਂਦੀ ਇਕ ਬੱਸ ਮਿਲ ਗਈ ਜੋ ਗੋਲੇਵਾਲੇ ਲਾਗਿਓਂ ਪਾਣੀ ਦੇ ਘੇਰੇ ਵਿਚ ਟੁੱਟਣ ਤੇ ਆਈ ਸੜਕ ਪਾਰ ਕਰ ਕੇ ਪਾਣੀ ਵਿਚੋਂ ਲੰਘ ਗਈ। ਬਾਅਦ ਵਿਚ ਇਹ ਰਸਤਾ ਵੀ ਬੰਦ ਹੋ ਗਿਆ। ਫਿਰੋਜ਼ਪੁਰ ਪਹੁੰਚ ਕੇ ਮੈਂ ਸਿੱਧਾ ਬਸਤੀ ਕੰਬੋਆਂ ਵਾਲੀ ਜਾਗੀਰ ਕੋਲ ਗਿਆ। ਸ਼ਾਮ ਹੋ ਚੁਕੀ ਸੀ। ਬਹੁਤੇ ਲੋਕ ਡਰੇ ਬੈਠੇ ਸਨ ਕਿ ਹੜ ਦਾ ਪਾਣੀ ਦਰਿਆ ਸਤਲੁਜ ਤੇ ਲਗੇ ਬੰਨ੍ਹ ਦੇ ਕੰਢਿਆਂ ਨੂੰ ਛੂਹ ਕੇ ਲੰਘ ਰਿਹਾ ਹੈ ਅਤੇ ਕਿਸੇ ਵੇਲੇ ਵੀ ਬੰਨ੍ਹ ਟੁਟ ਸਕਦਾ ਹੈ। ਹੁਸੈਨੀ ਵਾਲੇ ਤੋਂ ਥਲੇ ਜਾ ਕੇ ਸਾਰਾ ਬੇਟ ਦਾ ਇਲਾਕਾ ਹੜਾਂ ਦੀ ਮਾਰ ਹੇਠਾਂ ਆ ਚੁਕਾ ਸੀ। ਮੈਂ ਤੇ ਜਾਗੀਰ ਡੀ. ਸੀ. ਦੀ ਕੋਠੀ ਗਏ ਜਿਥੇ ਸਾਰੇ ਜ਼ਿਲੇ ਦੀਆਂ ਖਬਰਾਂ ਡੀ. ਸੀ. ਕੋਲ ਆ ਰਹੀਆਂ ਸਨ ਤੇ ਫਸੇ ਲੋਕਾਂ ਨੂੰ ਕਢਣ ਅਤੇ ਰਾਸ਼ਨ ਪੁਚਾਉਣ ਦੇ ਪਰਬੰਧ ਕੀਤੇ ਜਾ ਰਹੇ ਸਨ। ਫਿਰੋਜ਼ਪੁਰ ਸ਼ਹਿਰ ਵਿਚ ਉਹ ਰਾਤ ਜ਼ਿੰਦਗੀ ਅਤੇ ਮੌਤ ਦੇ ਵਿਚੁਕਾਰ ਲਟਕਦੀ ਰਾਤ ਸੀ ਕਿਉਂਕਿ ਦਰਿਆ ਦਾ ਬੰਨ੍ਹ ਟੁਟਣ ਦੀਆਂ ਅਫਵਾਹਾਂ ਆ ਰਹੀਆਂ ਸਨ। ਸਵੇਰੇ ਉਠ ਕੇ ਜਾਗੀਰ ਦੇ ਘਰੋਂ ਮੈਂ ਕਾਫੀ ਸਾਰੀਆਂ ਰੋਟੀਆਂ ਬਣਵਾਈਆਂ ਅਤੇ ਆਚਾਰ ਤੇ ਸਬਜ਼ੀ ਆਦਿ ਲੈ ਕੇ ਮੈਂ ਤੇ ਜਾਗੀਰ ਉਸਦਾ ਟਰੈਕਟਰ ਲੈ ਕੇ ਖਾਈ ਫੇਮੇ ਕੀ ਤੋਂ ਨਹਿਰ ਦੀ ਪਟੜੀਓ ਪਟੜੀ ਗੁਦੜਢੰਡੀ ਪੁਲ ਤੇ ਪਹੁੰਚ ਗਏ। ਸਾਰੇ ਰਾਹ ਵਿਚ ਪਿੰਡਾਂ ਦੇ ਲੋਕ ਨਹਿਰ ਦੇ ਕੰਢੇ ਤੇ ਡੇਰੇ ਲਾ ਕੇ ਬੈਠੇ ਸਨ ਤੇ ਕਈਆਂ ਨੇ ਧੁੱਪ ਜਾਂ ਮੀਂਹ ਤੋਂ ਬਚਣ ਲਈ ਚਾਦਰਾਂ ਤਾਣੀਆਂ ਹੋਈਆਂ ਸਨ। ਮੇਰੀ ਮਾਂ ਤੇ ਭੈਣ ਭਰਾ ਏਥੇ ਮਿਲ ਗਏ ਜਿਨ੍ਹਾਂ ਨੂੰ ਅਸੀਂ ਰੋਟੀਆਂ ਖਵਾਈਆਂ ਅਤੇ ਪਿੰਡ ਦੇ ਹੋਰ ਲੋਕਾਂ ਨੂੰ ਵੀ ਰੋਟੀਆਂ ਵੰਡ ਦਿਤੀਆਂ। ਮਾਂ ਨੂੰ ਮੈਂ ਬਾਪੂ ਬਾਰੇ ਪੁਛਿਆ ਤਾਂ ਕਹਿਣ ਲੱਗੀ ਕਿ ਜਦੋਂ ਅਸੀਂ ਉਹਨੂੰ ਛਡ ਕੇ ਆਏ ਸਾਂ ਤਾਂ ਉਹ ਬੇਰੀ ਤੇ ਚੜ੍ਹਿਆ ਬੈਠਾ ਸੀ। ਤੂੰ ਜਾਹ ਤੇ ਉਹਨੂੰ ਕਢ ਕੇ ਲੈ ਕੇ ਆ। ਅਸੀਂ ਟਰੈਕਟਰ ਓਥੇ ਛਡਿਆ ਅਤੇ ਮੈਂ ਤੇ ਜਾਗੀਰ ਲੱਕ ਲੱਕ ਪਾਣੀ ਵਿਚੋਂ ਲੰਘਦੇ ਬੇਰੀਆਂ ਵਾਲੇ ਖੂਹ ਨੂੰ ਤੁਰ ਪਏ। ਜਦੋਂ ਪਿੰਡ ਗੁਦੜਢੰਡੀ ਲੰਘੇ ਤਾਂ ਅਗੇ ਪਾਣੀ ਛਾਤੀ ਤਕ ਆ ਰਿਹਾ ਸੀ ਤੇ ਪਾਣੀ ਦੀ ਆਵਾਜ਼ ਜਹਾਜ਼ ਦੀ ਗੂੰਜ ਵਰਗੀ ਹੁੰਦੀ ਜਾ ਰਹੀ ਸੀ। ਇਨੇ ਪਾਣੀ ਵਿਚ ਰਾਹ ਦੀਆਂ ਡੰਡੀਆਂ ਦਾ ਕੋਈ ਪਤਾ ਨਹੀਂ ਲਗ ਰਿਹਾ ਸੀ। ਕੇ ਕੋਈ ਡੂੰਘਾ ਖਾਲ ਜਾਂ ਖਡ ਆ ਜਾਂਦੀ ਤਾਂ ਪਾਣੀ ਗਲ ਗਲ ਤਕ ਆ ਜਾਂਦਾ। ਪਾਣੀ ਦੀ ਰਫਤਾਰ ਵਧ ਰਹੀ ਤੇ ਬੜੀ ਜੱਦੋ ਜਹਿਦ ਨਾਲ ਮੈਂ ਤੇ ਜਾਗੀਰ ਕਮਾਦ ਲਾਗੇ ਇਕ ਉੱਚੀ ਵੱਟ ਤਕ ਪਹੁੰਚ ਸਕੇ। ਇਹ ਵੱਟ ਜੋ ਕਾਫੀ ਉਚੀ ਸੀ, ਵੀ ਪਾਣੀ ਦੀ ਮਾਰ ਹੇਠ ਸੀ। ਇਸ ਤੇ ਖਲੋ ਕੇ ਅਸੀਂ ਬਾਪੂ ਨੂੰ ਬਹੁਤ ਵਾਜਾਂ ਮਾਰੀਆਂ ਪਰ ਪਾਣੀ ਦਾ

ਸ਼ੋਰ ਐਨਾ ਜ਼ਿਆਦਾ ਸੀ ਕਿ ਕੁਝ ਸੁਣਾਈ ਨਹੀਂ ਦੇ ਰਿਹਾ ਸੀ। ਮੈਂ ਪੂਰੇ ਜ਼ੋਰ ਨਾਲ ਚੀਕ ਰਿਹਾ ਸਾਂ ਕਿ ਬਾਪੂ ਬੇਰੀ ਤੋਂ ਉਤਰ ਕੇ ਆ ਜਾ ਅਸੀਂ ਤੈਨੂੰ ਲੈਣ ਆਏ ਹਾਂ। ਸਾਨੂੰ ਇੰਜ ਲਗਦਾ ਜਿਵੇਂ ਬਾਪੂ ਅਗੋਂ ਆਖ ਰਿਹਾ ਸੀ ਕਿ ਤੁਸੀਂ ਮੁੜ ਜਾਓ ਤੇ ਅਗੇ ਨਾ ਆਓ, ਨਹੀਂ ਤਾਂ ਰੁੜ ਜਾਓਗੇ। ਪਾਣੀ ਦੇ ਜ਼ੋਰ ਨੇ ਕਈ ਵਾਰ ਸਾਡੇ ਪੈਰ ਹਿਲਾਏ ਅਤੇ ਕੁਝ ਵਾਰ ਤਾਂ ਜਾਗੀਰ ਦੇ ਪੈਰ ਫਿਸਲੇ ਤੇ ਮੈਂ ਉਹਨੂੰ ਪੂਰੇ ਜ਼ੋਰ ਨਾਲ ਰੁੜਨੋਂ ਬਚਾਉਂਦਾ ਰਿਹਾ। ਮੈਂ ਜਾਗੀਰ ਨੂੰ ਕਿਹਾ ਕਿ ਜੇ ਤੂੰ ਏਥੇ ਰੁਕ ਜਾਵੇਂ ਤਾਂ ਮੈਂ ਬਾਪੂ ਨੂੰ ਖੂਹ ਤੋਂ ਲੈ ਕੇ ਆਉਂਦਾ ਹਾਂ। ਉਹ ਕਹਿਣ ਲੱਗਾ ਕਿ ਮੈਨੂੰ ਤਾਂ ਤਰਨਾ ਵੀ ਨਹੀਂ ਆਉਂਦਾ ਅਤੇ ਨਾ ਹੀ ਨੇੜੇ ਕੋਈ ਰੁਖ ਹੈ ਜਿਸ ਨੂੰ ਮੈਂ ਫੜ ਸਕਾਂ। ਇਹ ਨਾ ਹੋਵੇ ਕਿ ਤੇਰੇ ਆਉਣ ਤਕ ਮੈਂ ਰੁੜ ਜਾਵਾਂ ਤੇ ਆਪਾਂ ਹੁਣ ਮੁੜ ਚਲੀਏ। ਮੇਰਾ ਜੀ ਮੁੜਨ ਨੂੰ ਤਾਂ ਨਹੀਂ ਕਰਦਾ ਸੀ ਪਰ ਪਾਣੀ ਦਾ ਜ਼ੋਰ ਐਨਾ ਵਧ ਰਿਹਾ ਸੀ ਕਿ ਕਦਮ ਅਗੇ ਨਹੀਂ ਚੱਲ ਰਹੇ ਸਨ। ਕਈ ਜਾਨਵਰ ਵੀ ਪਾਣੀ ਵਿਚ ਰੁੜ੍ਹਦੇ ਜਾ ਰਹੇ ਸਨ। ਹਾਰ ਕੇ ਅਸੀਂ ਵਾਪਸ ਮੁੜਨ ਦਾ ਇਰਾਦਾ ਕਰ ਲਿਆ ਅਤੇ ਜਦ ਤਕ ਵਾਪਸ ਨਹਿਰ ਦੇ ਪੁਲ ਤੇ ਆਏ ਤਾਂ ਹੜ ਦੇ ਸੂਕਦੇ ਪਾਣੀ ਵਿਚ ਆਉਣ ਜਾਣ ਤੇ ਚਾਰ ਪੰਜ ਘੰਟੇ ਲਗ ਚੁਕੇ ਸਨ। ਮਾਂ ਤੈ ਛੋਟੀਆਂ ਭੈਣਾਂ ਅਤੇ ਭਰਾ ਨੂੰ ਟਰੈਕਟਰ ਤੇ ਚੜ੍ਹਾ ਕੇ ਅਸੀਂ ਫਿਰੋਜ਼ਪੁਰ ਸ਼ਹਿਰ ਦੀ ਕੰਬੋਆਂ ਵਾਲੀ ਬਸਤੀ ਵਿਚ ਆ ਗਏ। ਨਵੀਆਂ ਖਬਰਾਂ ਕਹਿ ਰਹੀਆਂ ਸਨ ਕਿ ਸਤਲੁਜ ਦਰਿਆ ਦਾ ਪਾਣੀ ਹੌਲੀ ਹੌਲੀ ਘਟਣਾ ਸ਼ੁਰੂ ਹੋ ਗਿਆ ਸੀ। ਕੁਝ ਦਿਨਾਂ ਬਾਅਦ ਫਿਰੋਜ਼ਪੁਰ ਤੋਂ ਫਾਜ਼ਿਲਕਾ ਨੂੰ ਲੱਕ ਲੱਕ ਪਾਣੀ ਵਿਚ ਹੌਲੀ ਹੌਲੀ ਬੱਸਾਂ ਚਲਣੀਆਂ ਸ਼ੁਰੂ ਹੋ ਗਈਆਂ। ਕੁਝ ਬੱਸਾਂ ਰਾਹ ਵਿਚ ਪਾਣੀ ਵਿਚ ਫਸ ਜਾਂਦੀਆਂ ਤੇ ਕੁਝ ਮਿਥੇ ਸਮੇਂ ਨਾਲੋਂ ਕਿਤੇ ਜ਼ਿਆਦਾ ਸਮਾਂ ਲੈ ਕੇ ਸਿਰੇ ਜਾ ਲਗਦੀਆਂ। ਕੁਝ ਦਿਨਾਂ ਬਾਅਦ ਜਦ ਅਸੀਂ ਫਿਰੋਜ਼ਪੁਰੋਂ ਗੁਦੜਢੰਡੀ ਆ ਕੇ ਉਤਰੇ ਤਾਂ ਬਾਪੂ ਵੀ ਨਹਿਰ ਦੇ ਪੁਲ ਤੇ ਮਿਲ ਗਿਆ। ਉਸ ਨੇ ਦਸਿਆ ਕਿ ਕੱਚਾ ਕੋਠਾ ਰੁੜ੍ਹ ਗਿਆ ਸੀ ਅਤੇ ਝੁਗੀਆਂ ਦਾ ਵੀ ਨੁਕਸਾਨ ਹੋਇਆ ਸੀ। ਮਾਲ ਡੰਗਰ ਬਚ ਗਿਆ ਸੀ ਪਰ ਉਹਨਾਂ ਨੂੰ ਪਾਉਣ ਲਈ ਪਠੇ ਨਹੀਂ ਸਨ ਕਿਓਂਕਿ ਸਾਰੀਆਂ ਫਸਲਾਂ ਡੁਬ ਗਈਆਂ ਸਨ ਅਤੇ ਖੇਤਾਂ ਵਿਚ ਪਾਣੀ ਅਜੇ ਵੀ ਖੜ੍ਹਾ ਸੀ। ਇਸ ਤਰ੍ਹਾਂ ਦੇ ਹਾਲਾਤਾਂ ਵਿਚ ਵੀ ਬੇਰੀਆਂ ਵਾਲੇ ਖੂਹ ਤੇ ਜਾ ਕੇ ਮੁੜ ਵਸੇਬੇ ਲਈ ਹਥ ਪੈਰ ਮਾਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਸਤਲੁਜ ਦਰਿਆ ਦੀ ਬੇਟ ਦਾ ਸਾਰਾ ਇਲਾਕਾ ਤਹਿਸ ਨਹਿਸ ਹੋ ਗਿਆ ਸੀ। ਘਰ ਦਿਆਂ ਨੂੰ ਖੂਹ ਤੇ ਛਡ ਕੇ ਮੈਂ ਫਾਜ਼ਿਲਕਾ ਆ ਕੇ ਸਾਈਕਲ ਚੁਕਿਆ ਤੇ ਮੁਰਾਦਵਾਲੇ ਆ ਗਿਆ। ਸਾਰੇ ਪਿੰਡ ਦੇ ਲੋਕ ਮੇਰੇ ਘਰ ਵਾਲਿਆਂ ਦਾ ਹਾਲ ਚਾਲ ਪੁਛਣ ਆਏ ਤੇ ਕੁਝ ਸਿਆਣਿਆਂ ਨੇ ਕਿਹਾ ਕਿ ਜਦ ਤਕ ਪੈਲੀਆਂ ਵਿਚੋਂ ਪਾਣੀ ਨਹੀਂ ਸੁਕਦਾ, ਤੁਸੀਂ ਆਪਣੇ ਪਰਵਾਰ ਅਤੇ ਪਸੂਆਂ ਨੂੰ ਏਥੇ ਲੈ ਆਓ। ਇਸ ਕੰਮ ਲਈ ਪਿੰਡ ਦੇ ਕੁਝ ਬੰਦੇ ਤਿਆਰ ਹੋਏ ਤੇ ਜਿਨ੍ਹਾਂ ਮਾਲ ਡੰਗਰ ਹਿਕ ਕੇ ਕੁਝ ਦਿਨਾਂ ਵਿਚ ਨਾਲ ਦੇ ਪਿੰਡ ਘੜਿਆਣੇ ਪੁਚਾ ਦਿਤਾ ਜਿਥੇ ਛੇ ਮਹੀਨੇ ਇਕ ਸਰਦਾਰ ਨੇ ਪਸੂ ਸਾਂਭੇ। ਪਿੰਡ ਦੇ ਲੋਕਾਂ ਨੇ ਕਣਕ ਇਕਠੀ ਕਰ ਦਿਤੀ ਅਤੇ ਹੋਰ ਮਦਦ ਵੀ ਕੀਤੀ। ਪਾਣੀ ਤਾਂ ਭਾਵੇਂ ਸੁਕਾ ਨਹੀਂ ਸੀ ਕਿਓਂਕਿ ਇਲਾਕਾ ਸੇਮ ਦੀ ਮਾਰ ਹੇਠ ਆ ਗਿਆ ਸੀ ਪਰ ਕੁਝ ਮਹੀਨਿਆਂ ਬਾਅਦ ਪਰਵਾਰ ਦੇ ਜੀਅ ਵਾਪਸ ਖੂਹ ਨੂੰ ਮੁੜ ਗਏ ਜਿਥੇ ਉਹ ਇਕਲੇ ਹੀ ਨਹੀਂ, ਸਗੋਂ ਸਾਰਾ ਪਿੰਡ, ਸਾਰਾ ਇਲਾਕਾ ਹੀ ਡੋਬਿਆਂ ਨੇ ਤਬਾਹ ਕਰ ਦਿਤਾ ਸੀ। ਇਹ ਉਜਾੜਾ ਵੀ ਮੁਲਕ ਦੀ ਵੰਡ ਨਾਲੋਂ ਘੱਟ ਭਿਆਣਕ ਨਹੀਂ ਸੀ। ਪਾਣੀ ਸੁਕਣ ਤੇ ਜਦੋਂ ਬਾਪੂ ਪਸੂਆਂ ਨੂੰ ਘੜਿਆਣੇ ਤੋਂ ਲੈ ਕੇ ਵਾਪਸ ਗੁਦੜਢੰਡੀ ਨੂੰ ਜਾ ਰਿਹਾ ਸੀ ਤਾਂ ਪਸੂ ਤੁਰਦੇ ਨਹੀਂ ਸਨ ਪਰ ਆਪਣੇ ਪਿੰਡ ਦੀ ਜੂਹ ਵਿਚ ਆ ਕੇ ਪਸੂਆਂ ਦੇ ਪੈਰ ਏਨੇ ਕਾਹਲੇ ਹੋ ਗਏ ਸਨ ਕਿ ਬਾਪੂ ਨੂੰ ਭਜ ਭਜ ਉਹਨਾਂ ਦੇ ਨਾਲ ਰਲਣਾ ਪੈਂਦਾ ਸੀ। ਇਸ ਵਿਸ਼ੇ ਤੇ ਮੈਂ ਆਪਣੀ ਮਸ਼ਹੂਰ ਕਹਾਣੀ "ਆਪਣੀ ਧਰਤੀ" ਲਿਖੀ ਸੀ।

1956 ਦੀਆਂ ਗਰਮੀਆਂ ਤਕ ਮੈਂ ਲਗ ਭਗ ਸਵਾ ਦੋ ਕੁ ਸਾਲ ਮੁਰਾਦਵਾਲੇ ਰਿਹਾ ਜਿਸਨੂੰ ਮੈਂ ਕਦੀ ਵੀ ਭੁਲ ਨਹੀਂ ਸਕਿਆ ਅਤੇ ਓਥੋਂ ਮੇਰੀ ਬਦਲੀ ਡੀ. ਬੀ. ਮਿਡਲ ਸਕੂਲ ਭਾਗੂ ਦੀ ਹੋ ਗਈ। ਇਹ ਅਬੋਹਰ ਤੋਂ ਮਟੀਲੀ ਵਾਲੀ ਪਕੀ ਸੜਕ ਤੇ ਦਸ ਕੁ ਮੀਲ ਜਾ ਕੇ ਪਿੰਡ ਵਹਾਬਵਾਲੇ ਤੋਂ ਦੋ ਕੁ ਮੀਲ ਖਬੇ ਵੱਲ ਹਟਵਾਂ ਸੀ ਪਰ ਮੁਰਾਦਵਾਲੇ ਨਾਲੋਂ ਏਥੇ ਪੁਜਣਾ ਕਾਫੀ ਆਸਾਨ ਸੀ। ਬਾਗੜੀ ਚੌਧਰੀਆਂ ਤੇ ਕੁਝ ਸਰਦਾਰਾਂ ਦਾ ਇਹ ਸਾਂਝਾ ਪਿੰਡ ਵੀ ਮੁਰਾਦਵਾਲਾ ਦਲ ਸਿੰਘ ਵਾਂਗ ਸੌਖੇ ਲੋਕਾਂ ਦਾ ਪਿੰਡ ਸੀ ਜਿਨ੍ਹਾਂ ਦੀਆਂ ਖੁਲ੍ਹੀਆਂ ਜ਼ਮੀਨਾਂ ਤੇ ਟਰੈਕਟਰਜ਼ ਸਨ। ਸ਼ਾਮਾਂ ਨੂੰ ਚੌਧਰੀ ਊਠਾਂ ਤੇ ਚੜ੍ਹ ਕੇ ਤੇ ਦੋਨਾਲੀਆਂ ਲੈ ਕੇ ਤਿੱਤਰਾਂ ਦੇ ਸ਼ਿਕਾਰ ਨੂੰ ਨਿਕਲ ਜਾਂਦੇ। ਹਿਰਨ ਤੇ ਰੋਝ (ਨੀਲਗਾਏ) ਵੀ ਇਸ ਇਲਾਕੇ ਵਿਚ ਆਮ ਸਨ। ਨਾਲ ਲਗਦੇ ਕੁਝ ਵੈਸ਼ਨੋਈਆਂ ਦੇ ਪਿੰਡਾਂ ਵਿਚ ਸ਼ਿਕਾਰ ਕਰਨ ਦੀ ਸਖਤ ਮਨਾਹੀ ਸੀ। ਇਸ ਪਿੰਡ ਦੇ ਲੋਕ ਵੀ ਸਕੂਲ ਦੇ ਟੀਚਰਾਂ ਦੀ ਬਹੁਤ ਇਜ਼ੱਤ ਕਰਦੇ ਤੇ ਉਹਨਾਂ ਨੂੰ ਗੁਰੂਆਂ ਵਾਂਗ ਪੂਜਦੇ ਸਨ। ਇਸ ਪਿੰਡ ਤੋਂ ਰਾਜਸਥਾਨ ਦੀ ਹੱਦ ਕੋਈ ਬਹੁਤੀ ਦੂਰ ਨਹੀਂ ਸੀ ਅਤੇ ਮਟੀਲੀ ਦੇ ਠੇਕੇ ਤੋਂ ਲਿਆਂਦੀ ਹਰੇ ਰੰਗ ਦੀ ਢੋਲਕੀ ਦੀ ਸ਼ਰਾਬ ਇਸ ਪਿੰਡ ਵਿਚ ਬਹੁਤ ਮਸ਼ਹੂਰ ਸੀ ਜਿਸ ਨੂੰ ਹੁਕਿਆਂ ਦੇ ਨਾਲ ਨਾਲ ਪਿੰਡ ਦੇ ਚੌਧਰੀ ਜੋ ਲਾਂਗੜ ਵਾਲੀਆਂ ਚਿੱਟੀਆਂ ਧੋਤੀਆਂ ਬੰਨ੍ਹਦੇ। ਆਪਣੀਆਂ ਹਵੇਲੀਆਂ ਦੇ ਥੜ੍ਹਿਆਂ ਤੇ ਤੇ ਢਾਣੀਆਂ ਵਿਚ ਬੈਠ ਕੇ ਦਿਨ ਰਾਤ ਸ਼ਰਾਬ ਪੀਂਦੇ ਤੇ ਬਾਗੜੀ ਭਾਸ਼ਾ ਵਿਚ ਗੱਲਾਂ ਕਰਦੇ। ਕਦੀ ਕਦੀ ਰਾਜਸਥਾਨ ਦੇ ਕਿਸੇ ਰੇਡੀਓ ਤੋਂ ਉਹਨਾਂ ਦੀ ਭਾਸ਼ਾ ਵਿਚ ਗੀਤ ਸੁਣਨ ਨੂੰ ਮਿਲਦੇ ਜਿਵੇਂ "ਓ ਮੇਰਾ ਭਾਈ ਹਰਫੂਲ ਸਿਹੁੰ ਤੁਝੇ ਕਾਢ ਦੇਗਾ ਘਰ ਸੇ ਬਾਹਰ"। ਸਖਤ ਗਰਮੀਆਂ ਦੇ ਦਿਨਾਂ ਵਿਚ ਰਾਬੜੀ ਪੀਣੀ, ਬਾਜਰੇ ਦੀਆਂ ਰੋਟੀਆਂ ਤੇ ਚਿਭੜਾਂ ਦੀ ਚਟਣੀ ਰਖ ਕੇ ਖਾਣੀ ਇਸ ਇਲਾਕੇ ਦੀ ਸੌਗਾਤ ਮੰਨੀ ਜਾਂਦੀ ਸੀ।

ਕਿਹੋ ਜਿਹਾ ਸੀ ਜੀਵਨ?ਬਲਬੀਰ ਮੋਮੀ

ਦਿੱਲੀ ਸੈਨਟਰੀ ਇਨਸਪੈਕਟਰ ਦਾ ਕੋਰਸ ਕਰਨ ਜਾਣਾ:- ਕਿਸ਼ਤ: 37

1959 ਦੀਆਂ ਗਰਮੀਆਂ ਦੀਆਂ ਛੁਟੀਆਂ ਤਕ ਮੈਂ ਭਾਗੂ ਦੇ ਸਕੂਲ ਵਿਚ ਰਿਹਾ। ਇਸ ਸਕੂਲ ਤੇ ਪਿੰਡ ਦੀਆਂ ਕਈ ਘਟਨਾਵਾਂ ਮੈਨੂੰ ਕਦੇ ਵੀ ਨਹੀਂ ਭੁਲਦੀਆਂ। ਪਹਿਲੀ ਇਹ ਕਿ ਇਸ ਪਿੰਡ ਦੇ ਅਮੀਰ ਚੌਧਰੀਆਂ ਦਾ ਇਕ ਮੁੰਡਾ ਚੌਧਰੀ ਦੇਵੀ ਲਾਲ ਸ਼ਿਮਲੇ ਪੜ੍ਹਦਾ ਸੀ। ਉਹਨੂੰ ਪੈਸੇ, ਰਜਾਈਆਂ ਤੇ ਦੇਸੀ ਘਿਓ ਦਾ ਪੀਪਾ ਸ਼ਿਮਲੇ ਪੁਚਾਉਣ ਜਾਣਾ। ਦੂਜੇ ਸੈਕੰਡ ਹੈਡਮਾਸਟਰ ਹੋਣ ਕਰ ਕੇ ਸਕੂਲ ਦੇ ਹੈਡਮਾਸਟਰ ਬਲਦੇਵ ਸਿੰਘ ਪਿਆਸਾ ਦਾ ਮਹੀਨੇ ਵਿਚ ਇਕ ਦੋ ਵਾਰ ਮੈਨੂੰ ਅਧੀ ਰਾਤ ਨੂੰ ਸਕੂਲ ਬੁਲਾ ਕੇ ਸਕੂਲ ਦਾ ਚਾਰਜ ਦੇ ਕੇ ਫਿਰੋਜ਼ਪੁਰ ਖੁਦਕਸ਼ੀ ਕਰਨ ਚਲੇ ਜਾਣਾ ਪਰ ਦੋ ਤਿੰਨ ਦਿਨਾਂ ਬਾਅਦ ਮੁੜ ਆਉਣਾ, ਤੀਜਾ ਦਿੱਲੀ ਸੈਨਟਰੀ ਇਨਸਪੈਕਟਰ ਦਾ ਕੋਰਸ ਕਰਨ ਜਾਣਾ। ਚੌਥਾ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਤੇ ਹੋਰ ਕਹਾਣੀਆਂ ਦਾ ਛਪਣਾ। ਇਹਨਾਂ ਸਭ ਦਾ ਵੇਰਵਾ ਮੈਂ ਇਸ ਕਾਂਡ ਵਿਚ ਤੁਹਾਡੇ ਨਾਲ ਸਾਂਝਾ ਕਰਾਂਗਾ।

ਭਾਵ 1954 ਤੋਂ 1959 ਤਕ ਮੈਂ ਆਪਣੀ ਭਰਪੂਰ ਜਵਾਨੀ ਦੇ ਦਿਨਾਂ ਦੇ ਪੰਜ ਸਾਲ ਦੇ ਅਬਹੋਰ ਦੇ ਟਿਬਿਆਂ ਅਤੇ ਜ਼ਰਖੇਜ਼ ਇਲਾਕੇ ਵਿਚ ਕੱਟੇ। ਪਹਿਲਾਂ ਇਹ ਇਲਾਕਾ ਜ਼ਰਖੇਜ਼ ਨਹੀਂ ਸੀ। ਲੋਕਾਂ ਕੋਲ ਜ਼ਮੀਨਾਂ ਖੁਲ੍ਹੀਆਂ ਸਨ ਪਰ ਪਾਣੀ ਦੀ ਘਾਟ ਕਰ ਕੇ ਫਸਲਾਂ ਮੀਂਹ ਦੇ ਆਧਾਰ ਤੇ ਪੈਦਾ ਹੁੰਦੀਆਂ ਸਨ। ਜਿਥੇ ਫਿਰੋਜ਼ਪੁਰ ਦੀ ਬੇਟ ਦਾ ਇਲਾਕਾ ਸੇਮ ਨਾਲ ਤਬਾਹ ਹੋ ਗਿਆ, ਓਥੇ ਬਾਰਸ਼ਾਂ ਹੋਣ ਨਾਲ ਇਹ ਇਲਾਕੇ ਦੀ ਜ਼ਮੀਨ ਸੋਨਾ ਉਗਲਣ ਲੱਗੀ। ਟਰੈਕਟਰਾਂ ਦੀਆਂ ਭਰਮਾਰਾਂ ਲਗ ਗਈਆਂ। ਾਰਮੇ ਦੀ ਫਸਲ ਬਹੁਤ ਹੋਣ ਕਰ ਕੇ ਅਬਹੋਰ ਪਹਿਲਾਂ ਈ ਸਾਰੇ ਭਾਰਤ ਵਿਚ ਕਪਾਹ ਦੀ ਬਹੁਤ ਵਡੀ ਮੰਡੀ ਸੀ ਪਰ ਬਾਰਸ਼ਾਂ ਹੋਣ ਨਾਲ ਕਪਾਹ ਦੀ ਫਸਲ ਤੇ ਦੂਜੀਆਂ ਫਸਲਾਂ ਵਿਚ ਹੋਰ ਵਾਧਾ ਹੋ ਗਿਆ। ਕੁਝ ਚਿਰ ਮੈਂ ਆਪਣੀ ਰਿਹਾਇਸ਼ ਪਿੰਡ ਵਹਾਬਵਾਲੇ ਤੇ ਭਾਗੂ ਵਿਚ ਰਖੀ। ਫਿਰ ਮੈਂ ਅਬਹੋਰ ਦੀ ਗਲੀ ਨੰਬਰ 12 ਵਿਚ ਇਕ ਚੁਬਾਰਾ ਕਿਰਾਏ ਤੇ ਲੈ ਲਿਆ ਤੇ ਰੋਜ਼ ਸਾਈਕਲ ਤੇ ਭਾਗੂ ਸਕੂਲ ਵਿਚ ਪੜ੍ਹਾਉਣ ਜਾਣਾ ਸ਼ੁਰੂ ਕਰ ਦਿਤਾ। ਅਬਹੋਰ ਵਿਚ ਹੀ ਮੇਰੀ ਦੂਸਰੀ ਬੇਟੀ ਦਾ ਜਨਮ ਹੋਇਆ। ਮੇਰੀ ਪਤਨੀ ਚਹੁੰਦੀ ਸੀ ਕਿ ਇਸ ਵਾਰ ਲੜਕਾ ਹੋਵੇਗਾ ਤੇ ਲੜਕੀ ਹੋਣ ਤੇ ਉਹ ਰੋਣ ਲਗ ਪਈ। ਮੈਂ ਉਸ ਨੂੰ ਹੌਸਲਾ ਦਿਤਾ ਕਿ ਹਰ ਜੀਅ ਆਪਣੇ ਭਾਗ ਲੈ ਕੇ ਆਉਂਦਾ ਹੈ। ਕੀ ਪਤਾ ਇਹ ਬੱਚੀ ਸਾਨੂੰ ਕਿਥੋਂ ਤਕ ਲੈ ਕੇ ਜਾਏਗੀ ਅਤੇ ਹੋਇਆ ਵੀ ਇੰਜ ਹੀ। ਅਜ ਜਦ ਅਸੀਂ ਕੈਨੇਡਾ ਵਿਚ ਬੈਠੇ ਹਾਂ ਤਾਂ ਇਸ ਲੜਕੀ ਦੀ ਬਦੌਲਤ ਹੀ ਬੈਠੇ ਹਾਂ। ਅਗੇ ਜਾ ਕੇ ਮੇਰੀ ਇਹ ਬੇਟੀ ਐਨੀ ਲਾਇਕ ਅਤੇ ਸੁਝਵਾਨ ਨਿਕਲੀ ਤੇ ਉਸ ਨੇ ਏਨੀ ਜ਼ਿਆਦਾ ਤਰੱਕੀ ਕੀਤੀ ਕਿ ਅਜ ਜੇ ਉਹ ਮਿੱਟੀ ਨੂੰ ਹਥ ਲਾਵੇ ਤਾਂ ਉਹ ਵੀ ਸੋਨਾ ਬਣ ਜਾਂਦੀ ਹੈ। ਖੈਰ ਇਹ ਤਾਂ ਬਹੁਤ ਪਿਛੋਂ ਦੀਆਂ ਗੱਲਾਂ ਹਨ ਅਤੇ ਕੈਨੇਡਾ ਤੇ ਪੰਜਾਬ ਦੇ ਦਰਮਿਆਨ ਅਜੇ ਬਹੁਤ ਫਾਸਲਾ ਬਾਕੀ ਪਿਆ ਹੈ। ਪੰਜਾਬ ਵੰਡ ਤੋਂ ਪਹਿਲਾਂ, ਪੰਜਾਬ ਵੰਡ ਤੋਂ ਪਿਛੋਂ ਅਤੇ ਕੈਨੇਡਾ ਵਿਚ ਪੰਜਾਬ ਮੇਰੀ ਸਵੈ ਜੀਵਨੀ ਦਾ ਅਹਿਮ ਹਿੱਸਾ ਹਨ।

ਭਾਗੂ ਦੇ ਸਕੂਲ ਦੇ ਨਾਲ ਹੀ ਗੁਰਦਵਾਰਾ ਸੀ। ਕੁਝ ਟੀਚਰ ਗੁਰਦਵਾਰੇ ਰੋਟੀ ਖਾ ਕੇ ਗੁਰਦਵਾਰੇ ਵਿਚ ਹੀ ਸੌਂ ਜਾਂਦੇ ਜਾਂ ਸਕੂਲ ਦੇ ਇਕ ਕਮਰੇ ਵਿਚ ਸੌਂਦੇ। ਕੁਝ ਆਪਣੀ ਰੋਟੀ ਆਪ ਬਣਾ ਲੈਂਦੇ। ਜਦੋਂ ਮੈਂ ਇਕੱਲਾ ਸਾਂ ਤਾਂ ਭਾਗੂ ਦੇ ਚੌਧਰੀ ਬਹਾਦਰ ਰਾਮ ਦੇ ਬਹੁਤ ਵਡੇ ਘਰ ਵਿਚ ਰਹਿੰਦਾ ਸਾਂ। ਖਾਣ ਪੀਣ ਦੀ ਓਸ ਘਰ ਵਿਚ ਕੋਈ ਕਮੀ ਨਹੀਂ ਸੀ। ਮਝਾਂ ਗਾਈਆਂ ਤੇ ਨੌਕਰਾਂ ਦਾ ਕੋਈ ਅੰਤ ਨਹੀਂ ਸੀ। ਭਾਵੇਂ ਉਹਨਾਂ ਦੀ ਦਾਲ, ਰੋਟੀ ਤੇ ਸਬਜ਼ੀ ਬਾਗੜੀ ਤਰੀਕੇ ਦੀ ਹੁੰਦੀ ਸੀ ਪਰ ਉਸਦਾ ਆਪਣਾ ਹੀ ਵਖਰਾ ਸਵਾਦ। ਵੇਸਨ ਦੇ ਪਕੌੜਿਆਂ ਦੀ ਸਬਜ਼ੀ, ਪਾਪੜਾਂ ਦੀ ਸਬਜ਼ੀ, ਕੜ੍ਹੀ, ਦਾਲ, ਟਿੰਡਿਆਂ ਦੀ ਸਬਜ਼ੀ ਵਧੇਰੇ ਬਣਦੀ। ਪੀਣ ਲਈ ਪਾਣੀ ਦੀ ਥਾਂ ਦੁਧ। ਸਕੂਲੋਂ ਆ ਕੇ ਮੈਂ ਉਹਨਾਂ ਦੇ ਬੱਚਿਆਂ ਨੂੰ ਘਰ ਵੀ ਪੜ੍ਹਾਉਂਦਾ। ਟੀਚਰ ਦੀ ਉਹ ਬਹੁਤ ਜ਼ਿਆਦਾ ਇੱਜ਼ਤ ਕਰਦੇ ਸਨ ਅਤੇ ਬੱਚੇ ਤੇ ਸਿਆਣੇ ਮੈਨੂੰ ਮਾਸਟਰ ਜੀ ਦੀ ਬਜਾਏ ਗੁਰੂ ਜੀ ਕਹਿੰਦੇ ਸਨ। ਕਈ ਬੱਚੇ ਤਾਂ ਪੈਰੀਂ ਹਥ ਲੌਂਦੇ ਸਨ। ਉਹਨਾਂ ਦਾ ਬਾਲ ਚੰਦ ਇਕ ਮੁੰਡਾ ਚੌਧਰੀ ਦੇਵੀ ਲਾਲ ਸ਼ਿਮਲੇ ਦੇ ਇਕ ਕਾਲਜ ਵਿਚ ਬੀ. ਏ. ਵਿਚ ਪੜ੍ਹਦਾ ਸੀ। ਬਾਗੜੀਆਂ ਦੇ ਘਰਾਂ ਵਿਚ ਉਹਨਾਂ ਦੀਆਂ ਔਰਤਾਂ ਆਮ ਤੌਰ ਤੇ ਪਰਦਾ ਕਰਦੀਆਂ ਸਨ। ਇਥੋਂ ਤਕ ਕਿ ਜਦ ਤਕ ਘਰ ਦੀ ਨੋਂਹ ਮਾਂ ਨਹੀਂ ਬਣ ਜਾਂਦੀ ਸੀ, ਉਹ ਵੀ ਆਪਣੀ ਸੱਸ ਤੋਂ ਪਰਦਾ ਕਰਦੀ ਸੀ। ਦਿਨ ਵੇਲੇ ਬਹੁਤੀਆਂ ਔਰਤਾਂ ਆਪਣੇ ਘਰ ਵਾਲੇ ਨਾਲ ਗੱਲ ਨਹੀਂ ਕਰ ਸਕਦੀਆਂ ਸਨ। ਦੇਵੀ ਲਾਲ ਦੀ ਮਾਂ ਜੀਹਨੂੰ ਅਸੀਂ ਮਾਊ ਕਹਿੰਦੇ ਸਾਂ, ਮੈਨੂੰ ਪੁਤਰਾਂ ਵਾਂਗ ਪਿਆਰ ਕਰਦੀ ਤੇ ਆਪਣੇ ਬਾਕੀ ਮੁੰਡਿਆਂ ਪਿਰਥੀ ਚੰਦ, ਬਾਲ ਚੰਦ, ਰਣਜੀਤ, ਆਦਿ ਨੂੰ ਹਮੇਸ਼ਾ ਮੇਰੀ ਵਧ ਤੋਂ ਵਧ ਸੇਵਾ ਕਰਨ ਲਈ ਆਖਦੀ। ਛੋਟੇ ਬੱਚਿਆਂ ਨੂੰ ਆਮ ਤੌਰ ਤੇ ਲਾਡੀ ਆਖ ਕੇ ਬੁਲਾਂਦੇ। ਮਾਊ ਜਿਸ ਦੀ ਬੋਲੀ ਬਾਗੜੀ ਬੋਲੀ ਦੀ ਮੈਨੂੰ ਬਹੁਤੀ ਸਮਝ ਨਾ ਔਂਦੀ, ਅਕਸਰ ਇਹ ਵੀ ਆਖਦੀ ਕਿ ਮਾਸਟਰ ਜੀ ਇਹਨਾਂ ਬੱਚਿਆਂ ਨੂੰ ਦਿਲ ਲਗਾ ਕੇ ਪੜ੍ਹਾਓ ਤਾਂ ਜੋ ਉਹਨਾਂ ਦੀ ਜੂਨ ਸੁਧਰ ਜਾਏ। ਕਿਤੇ ਇਹ ਗਵਾਰ ਨਾ ਰਹਿ ਜਾਣ। ਹੌਲੀ ਹੌਲੀ ਮੈਂ ਬਾਗੜੀ ਜ਼ਬਾਨ ਸਿੱਖ ਗਿਆ। ਲਾਗੇ ਠਾਕਰਾਂ ਦਾ ਇਕ ਪਿੰਡ ਅਮਰ ਕੋਟ ਤੇ ਵੈਸ਼ਨੋਈਆਂ ਦੇ ਵੀ ਕਈ ਪਿੰਡ ਸਨ। ਇਹਨਾਂ

ਸਭ ਦੀ ਬੋਲੀ ਵਿਚ ਥੋੜ੍ਹਾ ਥੋੜ੍ਹਾ ਅੰਤਰ ਸੀ। ਜਦ ਇਹ ਆਪਸ ਵਿਚ ਗੱਲ ਕਰਦੇ ਤਾਂ ਸਿੱਖਾਂ ਨੂੰ ਸੀਖੜੇ ਕਹਿੰਦੇ। ਇਸ ਪਿੰਡ ਵਿਚ ਬਾਗੜੀਆਂ ਦੇ ਘਰ ਜ਼ਿਆਦਾ ਤੇ ਸਿੱਖਾਂ ਦੇ ਘਰ ਘੱਟ ਸਨ।

ਘੜਿਆਣੇ ਪਿੰਡ ਵਿਚ ਇਕ ਅਨਟਰੇਂਡ ਟੀਚਰ ਚਿਮਨ ਲਾਲ ਪੰਛੀ ਜੋ ਫਿਰੋਜ਼ਪੁਰ ਸ਼ਹਿਰ ਦਾ ਸੀ। ਜਦੋਂ ਮੈਂ ਮੁਰਾਦਵਾਲੇ ਪੜ੍ਹਾਂਦਾ ਸਾਂ ਤਾਂ ਸ਼ਾਮੀਂ ਪੜ੍ਹਾ ਕੇ ਮੇਰੇ ਕੋਲ ਆ ਜਾਂਦਾ ਜਾਂ ਕਦੀ ਕਦੀ ਮੈਂ ਉਹਦੇ ਕੋਲ ਚਲਾ ਜਾਂਦਾ। ਇਕ ਦਿਨ ਅਬਹੋਰ ਮਿਲ ਗਿਆ ਅਤੇ ਅੰਗਰੇਜ਼ੀ ਦੀ ਟ੍ਰਿਬਿਊਨ ਅਖਬਾਰ ਵਿਚ ਛਪਿਆ ਇਸ਼ਤਿਹਾਰ ਵਿਖਾ ਕੇ ਕਹਿਣ ਲੱਗਾ ਕਿ ਦਿੱਲੀ ਪਹਾੜਗੰਜ ਇਕ ਰਾਇਲ ਇਨਸਟੀਚਿਊਟ ਆਫ ਹੈਲਥ ਖੁਲ੍ਹਾ ਹੈ ਜੋ ਲੰਦਨ ਨਾਲ ਮਾਣਤਾ ਪ੍ਰਾਪਤ ਹੈ। ਛੇ ਮਹੀਨੇ ਦਾ ਸੈਨਟਰੀ ਇਨਸਪੈਕਟਰ ਦਾ ਕੋਰਸ ਖੁਲ੍ਹਾ ਹੈ ਤੇ ਫੀਸ ਸਿਰਫ ਦੋ ਸੌ ਰੁਪੈ। ਮੈਂ ਤਾਂ ਅਪਲਾਈ ਕਰ ਦਿਤਾ ਹੈ ਤੇ ਤੂੰ ਵੀ ਕਰ ਦੇ। ਛਡ ਪਿੰਡਾਂ ਦੀ ਬਕ ਬਕ, ਕਿਸੇ ਸ਼ਹਿਰ ਵਿਚ ਇਨਸਪੈਕਟਰ ਲੱਗ ਜਾਵਾਂਗੇ ਤੇ ਫਿਰ ਮੌਜਾਂ ਈ ਮੌਜਾਂ। ਅਬਹੋਰ ਤੋਂ ਦਿੱਲੀ ਨੂੰ ਓਕਾੜਾ ਟਰਾਂਸਪੋਰਟ ਵਾਲਿਆਂ ਦੇ ਅਤੇ ਹੋਰ ਕਈ ਕੰਪਨੀਆਂ ਦੇ ਬਹੁਤ ਟਰੱਕ ਚੱਲਿਆ ਕਰਦੇ ਸਨ। ਸਾਡੀ ਓਥੇ ਵਾਕਫੀਅਤ ਸੀ। ਅਸੀਂ ਇਕ ਟਰੱਕ ਤੇ ਚੜ੍ਹ ਕੇ ਦਿੱਲੀ ਚਲੇ ਗਏ। ਪਹਾੜ ਗੰਜ ਦੀਆਂ ਕਈ ਭੀੜੀਆਂ ਗਲੀਆਂ ਟੱਪ ਕੇ ਅਸੀਂ ਉਹਦੇ ਇਕ ਰਿਸ਼ਤੇਦਾਰ ਦੇ ਘਰ ਪੁਜੇ ਤੇ ਉਹ ਸਾਨੂੰ ਪਹਾੜ ਗੰਜ ਦੇ ਸਕੂਲ ਵਿਚ ਲੈ ਗਿਆ ਜਿਥੇ ਇਸ ਕੋਰਸ ਦੀਆਂ ਸ਼ਾਮ ਨੂੰ ਕਲਾਸਾਂ ਲਗਦੀਆਂ ਸਨ। ਮਿਸਟਰ ਵਰਮਾ ਇਸ ਦੇ ਡਾਇਰੈਕਟਰ ਸਨ। ਅਸੀਂ ਉਸ ਨੂੰ ਅਰਜ਼ੀਆਂ ਦੇ ਦਿਤੀਆਂ ਤੇ ਓਸ ਸਾਨੂੰ ਦਾਖਲਾ ਫੀਸ ਜਮ੍ਹਾਂ ਕਰਵਾਣ ਲਈ ਕਹਿ ਦਿਤਾ। ਭਾਵ ਸਾਨੂੰ ਦਾਖਲਾ ਮਿਲ ਗਿਆ। ਇਥੇ ਸਾਨੂੰ ਫਿਰੋਜ਼ਪੁਰ ਅਤੇ ਕੋਟਕਪੂਰੇ ਵੱਲ ਦੇ ਹੋਰ ਵੀ ਕਈ ਮੁੰਡੇ ਮਿਲ ਗਏ। ਅਸੀਂ ਡਾਇਰੈਕਟਰ ਨੂੰ ਕਿਹਾ ਕਿ ਅਸੀਂ ਪੰਜਾਬ ਵਿਚ ਕੱਚੇ ਟੀਚਰ ਲਗੇ ਹੋਏ ਹਾਂ ਅਤੇ ਨੌਕਰੀ ਨਹੀਂ ਛਡਣੀ ਚਹੁੰਦੇ। ਸਾਨੂੰ ਵਿਚ ਵਿਚ ਆ ਕੇ ਟਰੇਨਿੰਗ ਲੈਣ ਦੀ ਸਹੂਲਤ ਦਿਓ। ਉਹ ਮੰਨ ਗਿਆ ਅਤੇ ਕਹਿਣ ਲੱਗਾ ਠੀਕ ਹੈ ਪਰ ਕੋਰਸ ਦੇ ਆਖੀਰ ਤੇ ਮਹੀਨੇ ਦੀ ਛੁਟੀ ਲੈ ਕੇ ਆ ਜਾਇਓ। ਅਸੀਂ ਸਕੂਲਾਂ ਵਿਚ ਨੌਕਰੀ ਵੀ ਕਰਦੇ ਤੇ ਵਿਚ ਵਿਚ ਟਰੱਕਾਂ ਤੇ ਚੜ੍ਹ ਕੇ ਦਿੱਲੀ ਜਾਂ ਕੇ ਕਲਾਸਾਂ ਅਟੈਂਡ ਕਰਦੇ, ਪ੍ਰੈਕਟੀਕਲ ਕਰਦੇ ਅਤੇ ਹਾਜ਼ਰੀਆਂ ਲਵਾ ਔਂਦੇ। ਪੰਜਾਬ ਆ ਕੇ ਕੋਰਸ ਦੀਆਂ ਕਿਤਾਬਾਂ ਪੜ੍ਹਦੇ ਰਹਿੰਦੇ। ਅੰਤ ਤੇ ਮਹੀਨੇ ਦੀ ਛੁਟੀ ਲੈ ਕੇ ਇਮਤਿਹਾਨ ਦੇ ਦਿਤਾ ਤੇ ਪਾਸ ਵੀ ਹੋ ਗਏ ਪਰ ਇਹ ਟਰੇਨਿੰਗ ਕੋਰਸ ਬੋਗਸ ਨਿਕਲਿਆ ਅਤੇ ਕਿਸੇ ਵੀ ਸੈਸ਼ਨ ਵਿਚ ਇਸ ਕੋਰਸ ਵਿਚੋਂ ਪਾਸ ਹੋਏ ਕਿਸੇ ਵੀ ਸਿਖਲਾਈ ਪ੍ਰਾਪਤ ਨੂੰ ਨੌਕਰੀ ਨਾ ਮਿਲੀ। ਹਾਂ ਦਿੱਲੀ ਰਹਿੰਦਿਆਂ ਕਈ ਨਵੇਂ ਲੇਖਕ ਮਿਲ ਗਏ ਜਿਵੇਂ ਵੇਦ ਪਰਕਾਸ਼ ਸ਼ਰਮਾ, ਬਿਸ਼ਨ ਸਿੰਘ ਉਪਾਸ਼ਕ, ਗੁਰਮਖ ਸਿੰਘ ਜੀਤ, ਬਾਵਾ ਬਲਵੰਤ, ਪ੍ਰੋ: ਆਈ ਸੀ ਨੰਦਾ, ਮਹਿੰਦਰ ਸਿੰਘ ਸਰਨਾ, ਪਿਆਰਾ ਸਿੰਘ ਐਮ. ਏ., ਦੇਵਿੰਦਰ ਸਤਿਆਰਥੀ, ਪਿਆਰਾ ਸਿੰਘ ਦਾਤਾ, ਐਮ. ਐਸ. ਸੇਠੀ, ਸਲਾਮ ਮਛਲੀ ਸ਼ਹਿਰੀ, ਠਾਕਰ ਪੁੰਛੀ, ਪ੍ਰੀਤਮ ਸਿੰਘ ਸਫੀਰ, ਪ੍ਰੋ: ਹਰਚਰਨ ਸਿੰਘ ਨਾਟਕਕਾਰ, ਗੁਲਜ਼ਾਰ ਸੰਧੂ, ਗੁਰਮੇਲ ਪੰਨੂੰ, ਅਮ੍ਰਿਤਾ ਪ੍ਰੀਤਮ, ਤਾਰਾ ਸਿੰਘ ਕਾਮਲ ਆਦਿ। ਦਿੱਲੀ ਸਾਹਿਤ ਸਭਾ ਦੀਆਂ ਮੈਂ ਕਈ ਮੀਟੰਗਿਜ਼ ਵੀ ਅਟੈਂਡ ਕੀਤੀਆਂ ਜੋ 21 ਐਡਵਰਡ ਸੁਕੇਅਰ ਤੇ ਲਗਦੀਆਂ ਹੁੰਦੀਆਂ ਸਨ। ਸੇਵਕ ਸਾਹਿਤ ਵਾਲੇ ਨੇ ਪੈਸੇ ਲੈ ਕੇ ਵੀ ਮੇਰੀ ਕਿਤਾਬ ਪੂਰੀ ਨਾ ਛਾਪੀ। ਭਾਵੇਂ ਦਿੱਲੀ ਦਾ ਟਰੇਨਿੰਗ ਕੋਰਸ ਫਰਾਡ ਨਿਕਲਿਆ ਪਰ ਦਿਲੀ ਦੇ ਅਨੇਕਾਂ ਪੰਜਾਬੀ ਲੇਖਕਾਂ ਨਾਲ ਜਾਣ ਪਛਾਣ ਹੋ ਗਈ। ਚਿਮਨ ਲਾਲ ਪੰਛੀ ਨੇ ਨੌਕਰੀ ਛਡ ਦਿਤੀ ਤੇ ਫਿਰੋਜ਼ਪੁਰ ਜਾ ਕੇ ਆਪਣੇ ਘਰ ਵਿਚ ਮੁੰਡਿਆਂ ਨੂੰ ਮੈਟਰਿਕ ਕਰਾਉਣ ਦੀ ਅਕੈਡਮੀ ਖੋਲ੍ਹ ਲਈ ਜੋ ਬਹੁਤ ਚਲ ਨਿਕਲੀ। ਪੈਸਾ ਵੀ ਮੋਟਾ ਕਮਾਇਆ ਤੇ ਆਪ ਵੀ ਬਹੁਤ ਮੋਟਾ ਹੋ ਗਿਆ।

ਇਹ ਸ਼ਾਇਦ ਨਵੰਬਰ 1957 ਦੇ ਨਵੰਬਰ ਦੇ ਦਿਨ ਸਨ ਕਿ ਇਕ ਦਿਨ ਮਾਊ ਆਖਣ ਲੱਗੀ ਕਿ ਮੈਂ ਸ਼ਿਮਲੇ ਜਾਵਾਂ ਤੇ ਦੇਵੀ ਲਾਲ ਨੂੰ 500 ਰੁਪੈ, ਘਿਓ ਦਾ ਪੀਪਾ, ਕਪੜੇ ਅਤੇ ਕੁਝ ਰਜਾਈਆਂ, ਤਲਾਈਆਂ ਤੇ ਕੰਬਲ ਦੇ ਆਵਾਂ। ਰਜਾਈਆਂ ਦੇਵੀ ਲਾਲ ਨੇ ਗਰੀਬਾਂ ਨੂੰ ਵੰਡਣੀਆਂ ਸਨ। ਆਉਣ ਜਾਣ ਦੇ ਖਰਚੇ ਦਾ ਸੌ ਰੁਪਿਆਂ ਮਾਊ ਨੇ ਮੈਨੂੰ ਦੇ ਦਿਤਾ ਜੋ ਉਹਨਾਂ ਦਿਨਾਂ ਵਿਚ ਬੜੀ ਵਡੀ ਗੱਲ ਹੁੰਦਾ ਸੀ। ਚੌਧਰੀ ਬਹਾਦਰ ਰਾਮ ਅਤੇ ਪਿਰਥੀ ਚੰਦ ਇਕ ਸਵੇਰ ਮੈਨੂੰ ਟਰੈਕਟਰ ਤੇ ਅਬਹੋਰ ਛਡ ਆਏ। ਓਥੋਂ ਬੱਸਾਂ ਫੜ ਕੇ ਮੈਂ ਸ਼ਾਮ ਚੰਡੀਗੜ੍ਹ ਪਹੁੰਚ ਗਿਆ। ਸਤਾਰਾਂ ਸੈਕਟਰ ਦੇ ਅਡੇ ਤੇ ਜਦ ਮੈਂ ਸ਼ਿਮਲੇ ਵਾਲੀ ਬੱਸ ਦੀ ਉਡੀਕ ਕਰ ਰਿਹਾ ਸਾਂ ਤਾਂ ਦੇਸੀ ਘਿਓ ਦਾ ਪੀਪੇ ਵਿਚੋਂ ਟਾਂਕੇ ਲੌਣ ਵਾਲਿਆਂ ਤੋਂ ਖੁਮਾਏ ਹੋਣ ਦੇ ਬਾਵਜੂਦ ਥੋੜ੍ਹਾ ਥੋੜ੍ਹਾ ਘਿਓ ਸਿੰਮ ਰਿਹਾ ਸੀ। ਉਸਦੀ ਖੁਸ਼ਬੋ ਲਾਗੇ ਬੈਠੀਆਂ ਸਵਾਰੀਆਂ ਨੂੰ ਆ ਰਹੀ ਸੀ। ਇਕ ਪਹਾੜੀਏ ਨੇ ਸਿਮਦੇ ਘਿਓ ਨੂੰ ਪਹਿਲਾਂ ਹਥਾਂ ਤੇ ਮਲਿਆ ਤੇ ਫਿਰ ਆਪਣੀਆਂ ਮੁਛਾਂ ਤੇ। ਫਿਰ ਕਹਿਣ ਲੱਗਾ ਕਿ ਬੜੀ ਦੇਰ ਬਾਅਦ ਮੁਛਾਂ ਨੂੰ ਨੂੰ ਲਾਉਣ ਲਈ ਦੇਸੀ ਘਿਓ ਮਿਲਿਆ ਹੈ। ਮੈਂ ਕਿਹਾ ਹੋਰ ਲਾ ਲਾ ਨਹੀਂ ਤਾਂ ਬੱਸ ਵਿਚ ਹੁਚਕਿਆਂ ਨਾਲ ਹੋਰ ਡੁਲ੍ਹੇਗਾ। ਫਿਰ ਉਸ ਨੇ ਉਂਗਲਾਂ ਨਾਲ ਜਿੰਨਾ ਘਿਓ ਲਗ ਸਕਦਾ ਸੀ, ਲਾ ਲਾ ਕੇ ਆਪਣੀ ਜੁਤੀ ਨੂੰ ਲਾ ਲਿਆ। ਵਧੀਆ ਗੱਲ ਇਹ ਹੋਈ ਕਿ ਜਦੋਂ ਸ਼ਿਮਲੇ ਵਾਲੀ ਬੱਸ ਚੱਲੀ ਤਾਂ ਉਹਨੇ ਬੱਸ ਵਿਚ ਸਾਮਾਨ ਚੜ੍ਹਾਉਣ ਵਿਚ ਮੇਰੀ ਮਦਦ ਕੀਤੀ। ਘਿਓ ਵਾਲਾ ਪੀਪਾ ਜੋ ਥੋੜ੍ਹਾ ਥੋੜ੍ਹਾ ਰਿਸ ਰਿਹਾ ਸੀ, ਆਪਣੇ ਅਗੇ ਰਖ ਲਿਆ। ਇਸ ਤਰ੍ਹਾਂ ਮੇਰੇ ਕਪੜੇ ਖਰਾਬ ਹੋਣੋਂ ਬਚ ਗਏ ਗਏ।

ਓਸੇ ਬਸ ਵਿਚ ਹੀ ਮੇਰੇ ਨਾਲ ਕਾਲਜ ਪੜ੍ਹਦਾ ਰਿਹਾ ਫਿਰੋਜ਼ਪੁਰ ਦਾ ਇਕ ਹੋਰ ਮੁੰਡਾ ਮਿਲ ਗਿਆ ਜੋ ਸ਼ਿਮਲੇ ਨੌਕਰੀ ਕਰਦਾ ਸੀ। ਉਸ ਤੋਂ ਹੀ ਪਤਾ ਲੱਗਾ ਕਿ ਸਾਡੇ ਨਾਲ ਪੜ੍ਹਦੇ ਕੁਝ ਹੋਰ ਮੁੰਡੇ ਵੀ ਸ਼ਿਮਲੇ ਨੌਕਰੀ ਕਰਦੇ ਸਨ। ਮੈਂ ਉਸ ਨੂੰ

ਕਿਹਾ ਕਿ ਮੈਂ ਪਹਿਲੀ ਵਾਰ ਸ਼ਿਮਲੇ ਜਾ ਰਿਹਾ ਹਾਂ ਅਤੇ ਮੈਨੂੰ ਸਰਦੀ ਤੋਂ ਡਰ ਲਗਦਾ ਹੈ। ਮੈਂ ਉਹਨੂੰ ਇਹ ਵੀ ਪੁਛਿਆ ਕਿ ਜੇ ਮੈਨੂੰ ਕਾਲਜ ਨਾ ਲਭਿਆ ਤਾਂ ਸਰਦੀ ਵਿਚ ਰਾਤ ਨੂੰ ਮੈਂ ਕਿਥੇ ਜਾਵਾਂਗਾ। ਉਸ ਮੈਨੂੰ ਬੜਾ ਹੌਸਲਾ ਦਿਤਾ ਕਿ ਸਰਦੀ ਤਾਂ ਓਥੇ ਜ਼ਰੂਰ ਹੋਵੇਗੀ ਪਰ ਉਹਨੂੰ ਕਾਲਜ ਦਾ ਪਤਾ ਸੀ ਤੇ ਉਹ ਮੈਨੂੰ ਕਾਲਜ ਦੇ ਹੋਸਟਲ ਵਿਚ ਛਡ ਕੇ ਆਵੇਗਾ। ਜੇ ਕੋਈ ਮੁਸ਼ਕਲ ਹੋਈ ਤਾਂ ਮੈਂ ਰਾਤ ਉਹਦੇ ਕੋਲ ਠਹਿਰ ਸਕਦਾ ਸਾਂ। ਕਾਲਕਾ ਟਪਦਿਆਂ ਈ ਪਹਾੜ ਸ਼ੁਰੂ ਹੋਏ ਤੇ ਜਦ ਬਸ ਮੋੜ ਕਟਦੀ ਤਾਂ ਡਰ ਲਗਦਾ। ਪੇਟ ਵਿਚ ਘੇਰ ਜਹੀ ਉਠਦੀ ਅਤੇ ਅਗੇ ਜਾ ਕੇ ਕਈ ਸਵਾਰੀਆਂ ਉਲਟੀਆਂ ਕਰਨ ਲਗੀਆਂ। ਮੈਨੂੰ ਵੀ ਚਕਰ ਆਉਣ ਲਗੇ ਪਰ ਮੈਂ ਆਪਣੇ ਆਪ ਨੂੰ ਬਹੁਤ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਡੂੰਘੀ ਹੁੰਦੀ ਰਾਤ ਵਿਚ ਸ਼ਿਮਲੇ ਦਾ ਇਹ ਸਫਰ ਮੇਰੀ ਜ਼ਿੰਦਗੀ ਦਾ ਜਿਥੇ ਪਹਿਲਾ ਸਫਰ ਸੀ, ਓਥੇ ਨਵੇਂ ਤਜਰਬੇ ਦਾ ਸੂਚਕ ਅਤੇ ਯਾਦਗਾਰੀ ਵੀ ਬਹੁਤ ਸੀ। ਮੈਂ ਜ਼ਿੰਦਗੀ ਵਿਚ ਪਹਾੜ ਪਹਿਲੀ ਵਾਰ ਵੇਖੇ ਸਨ। ਵਲ ਖਾਂਦੀਆਂ ਸੜਕਾਂ ਤੇ ਨਿਕੇ ਨਿਕੇ ਡਬਿਆਂ ਵਾਲੀ ਨਿਕੀ ਜਹੀ ਰੇਲ ਗਡੀ ਵੀ ਪਹਿਲੀ ਵਾਰ ਵੇਖੀ ਸੀ। ਪਹਾੜੀ ਲੋਕਾਂ ਦਾ ਲਿਬਾਸ ਤੇ ਬੋਲੀ ਵੀ ਸਾਡੇ ਨਾਲੋਂ ਵਖਰੀ ਸੀ। ਰਾਤ ਦੇ ਦਸ ਵਜੇ ਬੱਸ ਸ਼ਿਮਲੇ ਪੁਜੀ ਤੇ ਅਸੀਂ ਸਾਮਾਨ ਚੁਕਣ ਲਈ ਕੁਲੀ ਵੀ ਕੀਤਾ ਤੇ ਕੁਝ ਸਾਮਾਨ ਆਪਣੇ ਹਥਾਂ ਵਿਚ ਫੜ ਕੇ ਪਹਿਲਾਂ ਰਿਜ ਤੇ ਪਹੁੰਚੇ। ਓਥੇ ਪਹੁੰਚ ਕੇ ਮੇਰੇ ਨਾਲ ਪੜ੍ਹਦਾ ਰਿਹਾ ਮੁੰਡਾ ਕਹਿਣ ਲਗਾ ਕਿ ਜੇ ਕਹੇਂ ਤਾਂ ਮੈਂ ਨਾਲ ਚਲਿਆ ਚਲਦਾ ਹਾਂ ਪਰ ਕੁਲੀ ਕਹਿਣ ਲਗਾ ਕਿ ਮੈਨੂੰ ਸਾਰਾ ਪਤਾ ਹੈ ਅਤੇ ਉਹ ਮੈਨੂੰ ਪੁਚਾ ਦੇਵੇਗਾ। ਜਦ ਸਾਮਾਨ ਲੈ ਕੇ ਮੈਂ ਦੇਵੀ ਲਾਲ ਦੇ ਕਮਰੇ ਵਿਚ ਪਹੁੰਚਿਆ ਤਾਂ ਉਹ ਬਹੁਤ ਖੁਸ਼ ਹੋਇਆ। ਮਾਊ, ਬਾਬੇ ਤੇ ਬਾਕੀ ਘਰ ਦੇ ਜੀਆਂ ਦੀ ਸੁਖ ਸਾਂਦ ਪੁਛੀ, ਸਾਰਾ ਸਾਮਾਨ ਮੈਂ ਉਹਦੇ ਹਵਾਲੇ ਕੀਤਾ। ਉਹਨੇ ਰੋਟੀ ਬਾਰੇ ਪੁਛਿਆ ਤਾਂ ਮੈਂ ਕਿਹਾ ਕਿ ਰਾਹ ਵਿਚ ਇਕ ਥਾਂ ਜਦ ਬੱਸ ਰੁਕੀ ਸੀ ਤਾਂ ਰੋਟੀ ਅਸੀਂ ਓਥੇ ਖਾ ਲਈ ਸੀ। ਜਿੰਨਾ ਠੰਢ ਤੋਂ ਡਰ ਲਗਦਾ ਸੀ। ਅੰਦਰ ਏਨੀ ਠੰਡ ਨਹੀਂ ਸੀ।

ਸ਼ਿਮਲੇ ਦੀ ਸਵੇਰ ਹੋਈ ਤਾਂ ਸੂਰਜ ਚਮਕ ਰਿਹਾ ਸੀ। ਦੇਵੀ ਲਾਲ ਨੇ ਮੈਨੂੰ ਪਹਾੜਾਂ ਦੀਆਂ ਖ਼ੂਬਸੂਰਤ ਸੀਨਰੀਆਂ ਵੇਖਣ ਲਈ ਕਿਹਾ ਤੇ ਚਾਹ ਪੀਣ ਤੋਂ ਬਾਅਦ ਉਹ ਸੂਰਜ ਵੱਲ ਤੇ ਪਹਾੜਾਂ ਦੀਆਂ ਚੋਟੀਆਂ ਵੱਲ ਮੂੰਹ ਕਰ ਕੇ ਬੰਸਰੀ ਵਜਾਉਣ ਲਗ ਪਿਆ। ਲੰਮਾ, ਪਤਲਾ ਦੇਵੀ ਲਾਲ ਉਸ ਵੇਲੇ ਬਹੁਤ ਖ਼ੂਬਸੂਰਤ ਸੀ ਅਤੇ ਉਹਨਾਂ ਸਮਿਆਂ ਦੇ ਮਸ਼ਹੂਰ ਐਕਟਰ ਸ਼ਮੀ ਕਪੂਰ ਨਾਲੋਂ ਘੱਟ ਸੋਹਣਾ ਨਹੀਂ ਸੀ। "ਤੁਮ ਸਾ ਨਹੀਂ ਦੇਖਾ" ਫਿਲਮ ਉਹਨੀਂ ਦਿਨੀਂ ਸ਼ਿਮਲੇ ਲੱਗੀ ਹੋਈ ਸੀ ਅਤੇ ਦੇਵੀ ਲਾਲ ਨੇ ਮੈਨੂੰ ਇਹ ਫਿਲਮ ਦੋ ਵਾਰ ਵਿਖਾਈ। ਸ਼ਿਮਲੇ ਦੀ ਕਾਫੀ ਸੈਰ ਕਰਾਈ, ਜਾਖੂ ਦੇ ਮੰਦਰ ਤੇ ਵੀ ਅਸੀਂ ਗਏ ਅਤੇ ਜ਼ਿੰਦਗੀ ਵਿਚ ਕਦੀ ਐਨੇ ਬਾਂਦਰ ਨਹੀਂ ਸਨ ਵੇਖੇ ਜਿੰਨੇ ਬਾਂਦਰ ਸ਼ਿਮਲੇ ਵੇਖਣ ਲਈ ਮਿਲੇ। ਅਸੀ ਮੂੰਗਫਲੀ ਖਰੀਦਦੇ ਅਤੇ ਬਾਂਦਰਾਂ ਨੂੰ ਪਾਉਂਦੇ। ਅਕਸਰ ਬਾਂਦਰਾਂ ਦਾ ਸਰਦਾਰ ਦੂਜੇ ਬਾਂਦਰਾਂ ਨੂੰ ਡਰਾ ਕੇ ਮੂੰਗਫਲੀ ਆਪ ਖਾ ਜਾਂਦਾ। ਇਥੇ ਹੀ ਮੈਂ ਇਕ ਬਾਂਦਰੀ ਵੇਖੀ ਜਿਸ ਨੇ ਆਪਣੇ ਮਰੇ ਹੋਏ ਬੱਚੇ ਦਾ ਕਰੰਗ ਆਪਣੇ ਲੱਕ ਨਾਲ ਬੰਨ੍ਹਿਆ ਹੋਇਆ ਸੀ। ਇਥੋਂ ਹੀ ਮੈਨੂੰ ਪਤਾ ਲੱਗਾ ਕਿ ਜਦ ਤਕ ਬਾਂਦਰੀ ਦੇ ਹੋਰ ਬੱਚਾ ਨਹੀਂ ਹੋ ਜਾਂਦਾ, ਉਹ ਆਪਣੇ ਮਰੇ ਹੋਏ ਬੱਚੇ ਨੂੰ ਆਪਣੇ ਲੱਕ ਨਾਲ ਬੰਨ੍ਹੀ ਰਖਦੀ ਹੈ। ਉਂਜ ਮੈਂ ਸੋਚਦਾ ਹਾਂ ਕਿ ਹੈਵਾਨਾਂ ਦੇ ਮੁਕਾਬਲੇ ਤੇ ਇਨਸਾਨ ਕਿੰਨਾ ਬਦਲ ਗਿਆ ਹੈ ਜੋ ਮਨੁਖੀ ਰਿਸ਼ਤਿਆਂ ਨੂੰ ਤਿਆਗਦਾ ਜਾ ਰਿਹਾ ਹੈ ਅਤੇ ਇਕ ਇਕ, ਦੋ ਦੋ ਮਰਲੇ ਜ਼ਮੀਨ ਪਿਛੇ, ਘਰਾਂ, ਪਲਾਟਾਂ ਤੇ ਨਿਕੀਆਂ ਨਿਕੀਆਂ ਜਾਇਦਾਦਾਂ ਤੇ ਕਬਜ਼ੇਕਰਨ ਪਿਛੇ ਆਪਣੇ ਸਕੇ ਸੋਦਰਿਆਂ ਜਿਵੇਂ ਪਿਓ ਪੁੱਤ, ਭਰਾ ਭਰਾ, ਭੈਣ ਭਣਵਈਏ, ਪਤੀ ਪਤਨੀ, ਮਾਂ ਪੁੱਤ, ਜੀਜੇ ਸਾਲਿਆਂ ਦੇ ਕਤਲ ਹੋ ਰਹੇ ਹਨ। ਰੋਜ਼ਾਨਾ ਅਖਬਾਰਾਂ ਇਸ ਤਰ੍ਹਾਂ ਦੇ ਕਤਲਾਂ ਦੀਆਂ ਵਾਰਦਾਤਾਂ ਨਾਲ ਭਰੀਆਂ ਪਈਆਂ ਹਨ। ਮਰੇ ਬੱਚੇ ਦੇ ਪਿੰਜਰ ਨੂੰ ਬਾਂਦਰੀ ਵੱਲੋਂ ਆਪਣੇ ਲੱਕ ਦਵਾਲੇ ਬੰਨ੍ਹੀ ਰਖਣ ਤੋਂ ਮੈਨੂੰ ਮੇਰੇ ਆਪਣੇ ਸੁਭਾਅ ਦਾ ਇਕ ਹਿੱਸਾ ਕਈ ਵਾਰ ਵੰਗਾਰਦਾ ਹੈ ਕਿ ਮੈਂ ਵੀ ਤਾਂ ਆਪਣੇ ਅਤੀਤ ਦੇ ਪਿੰਜਰ ਨੂੰ ਆਪਣੇ ਲੱਕ ਦਵਾਲੇ ਬੰਨ੍ਹ ਕੇ ਤੁਰਿਆ ਫਿਰਦਾ ਹਾਂ। ਇਹ ਸਵੈ ਜੀਵਨੀ ਵੀ ਤਾਂ ਉਸਦਾ ਇਕ ਹਿੱਸਾ ਹੀ ਹੈ। ਦੇਵੀ ਲਾਲ ਜੋ ਵਧੇਰੇ ਤੌਰ ਤੇ ਖਾਮੋਸ਼ ਰਹਿਣਾ ਪਸੰਦ ਕਰਦਾ ਸੀ ਤੇ ਆਪਣਾ ਵਧੇਰੇ ਸਮਾਂ ਪੜ੍ਹਨ ਵਿਚ ਲਾ ਕੇ ਰਖਦਾ ਸੀ, ਕਦੀ ਕਦੀ ਮੈਨੂੰ ਸਰਤ ਚੰਦਰ ਦੇ ਨਾਵਲ ਦੇ ਹੀਰੋ ਦੇਵਦਾਸ ਵਰਗਾ ਜਾਪਦਾ। ਮੈਨੂੰ ਮਾਊ ਦੇ ਬੋਲ ਕਈ ਵਾਰ ਯਾਦ ਔਂਦੇ ਜਦੋਂ ਉਹ ਕਹਿੰਦੀ ਕਿ ਮੇਰਾ ਪੁਤ ਪੜ੍ਹ ਲਿਖ ਕੇ ਗਵਾਰ ਲੋਕਾਂ ਵਿਚੋਂ ਨਿਕਲ ਜਾਵੇ। ਇਥੇ ਹੀ ਮੈਨੂੰ ਪਤਾ ਲਗਾ ਕਿ ਅਬਹੋਰ ਅਤੇ ਗੰਗਾਨਗਰ ਵੱਲ ਦੇ ਅਮੀਰ ਲੈਂਡਲਾਰਡ ਲੋਕਾਂ ਦੇ ਕਈ ਮੁੰਡੇ ਇਥੇ ਸ਼ਿਮਲੇ ਪੜ੍ਹਦੇ ਸਨ ਅਤੇ ਸ਼ਿਮਲੇ ਪੜ੍ਹਨ ਨਾਲ ਇਲਾਕੇ ਵਿਚ ਉਹਨਾਂ ਦੇ ਨਾਵਾਂ ਦੀ ਬੜੀ ਚਰਚਾ ਹੁੰਦੀ ਸੀ ਕਿ ਫਲਾਣੇ ਦਾ ਮੁੰਡਾ ਸ਼ਿਮਲੇ ਜਾਂ ਡੇਰਾਦੂਨ ਪੜ੍ਹਦਾ ਹੈ। ਇਹ ਮੁੰਡੇ ਘਰੋਂ ਸੌਖੇ ਹੋਣ ਤੇ ਬੜਾ ਖੁਲ੍ਹਾ ਖਰਚ ਕਰਦੇ ਸਨ। ਜਦ ਇਹਨਾਂ ਅਮੀਰ ਚੌਧਰੀਆਂ ਦੇ ਮੁੰਡਿਆਂ ਦੇ ਮੰਗਣੇ ਇਲਾਕੇ ਦੇ ਵਡੇ ਵਡੇ ਚੌਧਰੀਆਂ ਦੇ ਘਰਾਂ ਵਿਚ ਹੁੰਦੇ ਸਨ ਤਾਂ ਅਕਸਰ ਕੁੜੀ ਦੇ ਮਾਪੇ ਮੁੰਡੇ ਦੀ ਪੜ੍ਹਾਈ ਦਾ ਹੋਇਆ ਸਾਰਾ ਖਰਚਾ ਵੀ ਓਟ ਲੈਂਦੇ ਸਨ। ਪਿਛੋਂ ਪਤਾ ਲੱਗਾ ਕਿ ਚੌਧਰੀ ਸਾਹਬ ਰਾਮ ਜੋ ਚੌਧਰੀ ਦੇਵੀ ਲਾਲ ਦੀ ਭੈਣ ਨਾਲ ਮੰਗਿਆ ਹੋਇਆ ਸੀ ਅਤੇ ਅਬਹੋਰ ਲਾਗੇ ਪੈਂਦੇ ਇਕ ਪਿੰਡ ਦੇ ਬਹੁਤ ਵਡੇ ਤੇ ਅਮੀਰ ਚੌਧਰੀ ਦਾ ਲੜਕਾ ਸੀ, ਵੀ ਸ਼ਿਮਲੇ ਓਸੇ ਕਾਲਜ ਵਿਚ ਪੜ੍ਹਦਾ ਸੀ ਅਤੇ ਓਸੇ ਹੋਸਟਲ ਵਿਚ ਹੀ ਰਹਿੰਦਾ ਸੀ। ਸ਼ਿਮਲੇ ਰਹਿੰਦਿਆਂ ਦੇਵੀ ਲਾਲ ਤੋਂ ਮੈਨੂੰ ਦੋ ਗੱਲਾਂ ਦਾ ਹੋਰ ਪਤਾ ਲੱਗਾ ਕਿ ਕਿ ਇਕ ਤਾਂ ਉਹ ਵਿਆਹ ਨਹੀਂ ਕਰਵਾਣਾ ਚਹੁੰਦਾ ਸੀ। ਦੂਜਾ ਆਪਣਾ ਵਧੇਰੇ ਸਮਾਂ ਅੰਗਰੇਜ਼ੀ ਨਾਵਲ ਪੜ੍ਹਨ, ਪਿਕਚਰਾਂ ਵੇਖਣ ਅਤੇ ਕਿਸੇ ਪਹਾੜੀ ਦੀ ਨੁਕਰ ਲਾਗੇ ਖਲੋ ਕੇ ਬੰਸਰੀ ਵਜਾਉਣਾ ਚਹੁੰਦਾ ਸੀ। ਬਾਕੀ ਜਦ ਦੇਵੀ ਲਾਲ ਨੇ ਮੇਰੀਆਂ ਲਿਖੀਆਂ ਸਾਰੀਆਂ ਕਹਾਣੀਆਂ ਸੁਣੀਆਂ ਤਾਂ ਉਹਨਾਂ ਨੂੰ ਕਿਤਾਬੀ ਰੂਪ ਵਿਚ ਛਪਾਉਣ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਬੀ. ਏ. ਕਰਨ ਪਿਛੋਂ ਜਦ ਉਹ ਐਮ. ਏ. ਪੋਲੀਟੀਕਲ

ਸਾਇੰਸ ਕਰਨ ਲਈ ਜਲੰਧਰ ਆ ਗਿਆ ਤਾਂ ਉਸ ਨੇ ਹਿੰਦ ਪਬਲਿਸ਼ਰਜ਼ ਦੇ ਮਾਲਕ ਪ੍ਰੋ: ਮੋਹਨ ਸਿੰਘ ਨੂੰ ਕਾਗਜ਼ ਦੇ ਸਵਾ ਦੋ ਸੌ ਰੁਪੈ ਦੇ ਕੇ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ ਛਪਵਾ ਦਿਤੀ ਤੇ ਪੰਜਾਬੀ ਸਾਹਿਤ ਦੇ ਕਹਾਣੀਕਾਰਾਂ ਵਿਚ ਮੇਰੇ ਨਾਂ ਦਾ ਮੁਢ ਬੰਨ੍ਹ ਦਿਤਾ। ਸਵਾ ਦੋ ਸੌ ਰੁਪੈ ਉਹਨਾਂ ਦਿਨਾਂ ਵਿਚ ਬੜੀ ਵਡੀ ਰਕਮ ਹੁੰਦੀ ਸੀ ਅਤੇ ਨਵੇਂ ਲੇਖਕਾਂ ਦੀ ਪਹਿਲੀ ਪੁਸਤਕ ਉਹਨਾਂ ਦਿਨਾਂ ਵਿਚ ਕੋਈ ਵੀ ਪਬਲਿਸ਼ਰ ਅਧੇ ਪੈਸੇ ਪੇਸ਼ਗੀ ਲਏ ਬਿਨਾਂ ਨਹੀਂ ਛਾਪਦਾ ਸੀ। ਹੁਣ ਤਾਂ ਕੋਈ ਵੀ ਪਬਲਿਸ਼ਰ ਨਵੇਂ ਜਾਂ ਪੁਰਾਣੇ ਲੇਖਕ ਦੀ ਕਿਤਾਬ ਬਗੈਰ ਪੈਸੇ ਲਿਆਂ ਨਹੀਂ ਛਾਪਦਾ ਕਿਉਂਕਿ ਰੀਡਰਸ਼ਿਪ ਦਿਨ ਬਦਿਨ ਘਟਦੀ ਜਾ ਰਹੀ ਹੈ ਅਤੇ ਕੰਪਿਊਟਰ ਨੇ ਕਿਤਾਬੀ ਲਿਟਰੇਚਰ ਦਾ ਗਲਾ ਘੁੱਟ ਦਿਤਾ ਹੈ। 1966 ਵਿਚ ਜਦ ਸ਼ਿਵ ਕੁਮਾਰ ਬਟਾਲਵੀ ਨੇ ਮੇਰੀ 18 ਕਹਾਣੀਆਂ ਦੀ ਦੂਜੀ ਕਿਤਾਬ "ਜੇ ਮੈਂ ਮਰ ਜਾਵਾਂ" ਸੰਪਾਦ ਕਰ ਕੇ ਛਾਪੀ ਤਾਂ ਉਸ ਕਿਤਾਬ ਦੀ ਪਹਿਲੀ ਕਹਾਣੀ "ਪ੍ਰੀਤਾਂ ਪੁੰਗਰਦੀਆਂ" ਮੈਂ ਦੇਵੀ ਲਾਲ ਨੂੰ ਅਰਪਨ ਕੀਤੀ। 1963 ਵਿਚ ਦੇਵੀ ਲਾਲ ਦਾ ਵਿਆਹ ਪਿੰਡ ਚੁਟਾਲਾ ਵਿਖੇ ਚੌਦਰੀ ਓਮ ਪਰਕਾਸ਼ ਚੁਟਾਲਾ ਦੀ ਨੇੜੇ ਦੀ ਭੈਣ ਸੁਮਿਤਰਾ ਨਾਲ ਹੋ ਗਿਆ ਜੋ ਸੈਂਕੜੇ ਏਕੜਾਂ ਦੀ ਮਾਲਕ ਮਾਪਿਆਂ ਦੀ ਇਕੋ ਇਕ ਧੀ ਸੀ। ਮੈਂ ਇਸ ਵਿਆਹ ਵਿਚ ਸ਼ਾਮਲ ਹੋਣ ਲਈ ਫਿਰੋਜ਼ਪੁਰ ਤੋਂ ਉਚੇਚਾ ਭਾਗੂ ਅਤੇ ਚੁਟਾਲੇ ਗਿਆ ਸਾਂ। ਦੇਵੀ ਲਾਲ ਵੱਲੋਂ ਵਿਆਹ ਨਾ ਕਰਵਾਉਣ ਦੇ ਫੈਸਲੇ ਨੂੰ ਬਦਲਣ ਵਿਚ ਮੈਂ ਲੋੜੀਂਦੀ ਅਗਵਾਈ ਕੀਤੀ ਸੀ। ਅਜ ਕਲ ਦੇਵੀ ਲਾਲ ਆਪਣੀ ਰਾਜਸਥਾਨਵਿਚ ਹਰੀਪੁਰੇ ਵਾਲੀ ਜ਼ਮੀਨ ਤੇ ਰਹਿੰਦਾ ਹੈ। ਉਸਦਾ ਲੜਕਾ ਪਾਇਲਟ ਹੈ ਅਤੇ ਉਸਦਾ ਐਮ. ਡੀ. ਜਵਾਈ ਡਾ: ਨੈਣ ਚੰਡੀਗੜ੍ਹ ਡਾਕਟਰ ਹੈ।

ਦੇਵੀ ਲਾਲ ਨੂੰ ਮੈਂ ਕਿਹਾ ਕਿ ਪੰਜਾਬ ਦੇ ਸਿਖਿਆ ਵਿਭਾਗ ਦਾ ਇਕ ਦਫਤਰ ਏਥੇ ਸ਼ਿਮਲੇ ਵਿਚ ਹੈ ਜਿਥੇ ਮੈਂ ਆਪਣੇ ਦੋ ਸਾਲ ਤੋਂ ਵਧ ਪੜ੍ਹਾਉਣ ਦੇ ਤਜਰਬੇ ਦੇ ਆਧਾਰ ਤੇ ਓ. ਟੀ. ਦੇ ਵਿਭਾਗੀ ਸਰਟੀਫਿਕੇਟ ਲਈ ਅਪਲਾਈ ਕੀਤਾ ਹੋਇਆ ਹੈ। ਆਪਾਂ ਓਥੇ ਪਤਾ ਕਰ ਕੇ ਆਈਏ। ਦੇਵੀ ਲਾਲ ਨੂੰ ਓਸ ਦਫਤਰ ਦਾ ਪਤਾ ਸੀ। ਬਲਕਿ ਉਸਦਾ ਕੋਈ ਵਾਕਿਫ ਓਸ ਦਫਤਰ ਵਿਚ ਕੰਮ ਕਰਦਾ ਸੀ ਜਿਸ ਨੇ ਸਾਨੂੰ ਸਬੰਧਤ ਕਰਲਕ ਤਕ ਪੁਚਾ ਦਿਤਾ ਜੋ ਇਕ ਬਣਦਾ ਫਬਦਾ ਸਰਦਾਰ ਸੀ। ਉਹ ਬੜੇ ਤਪਾਕ ਨਾਲ ਮਿਲਿਆ। ਚਾਹ ਮੰਗਵਾਈ ਤੇ ਫਾਈਲ ਕਢ ਕੇ ਕਹਿਣ ਲੱਗਾ ਕਿ ਤੁਹਾਡਾ ਸਰਟੀਫਿਕੇਟ ਤਿਆਰ ਹੈ ਅਤੇ ਸਹਾਇਕ ਡਾਇਰੈਕਟਰ ਦੇ ਦਸਤਖਤਾਂ ਲਈ ਪਿਆ ਹੈ। ਅਫਸਰ ਛੁਟੀ ਤੇ ਹੈ ਨਹੀਂ ਤਾ ਮੈਂ ਤੁਹਾਨੂੰ ਦਸਤਖਤ ਕਰਵਾ ਕੇ ਹਥੀਂ ਦੇ ਦੇਣਾ ਸੀ। ਜੇ ਤੁਸੀਂ ਕੁਝ ਦਿਨ ਸ਼ਿਮਲੇ ਰੁਕਣਾ ਹੈ ਤਾਂ ਆ ਕੇ ਪਤਾ ਕਰ ਲਿਓ ਨਹੀਂ ਤਾਂ ਮੈਂ ਦਸਤਖਤ ਹੁੰਦਿਆਂ ਹੀ ਤੁਹਾਨੂੰ ਡਾਕ ਰਾਹੀਂ ਭੇਜ ਦਿਆਂਗਾ। ਮੈਂ ਤਾਂ ਅਗਲੇ ਦਿਨ ਵਾਪਸ ਭਾਗੂ ਆ ਗਿਆ ਪਰ ਹਫਤੇ ਬਾਅਦ ਸਰਟੀਫਿਕੇਟ ਭਾਗੂ ਦੇ ਪਤੇ ਤੇ ਸਕੂਲ ਆ ਗਿਆ। ਸਰਕਾਰੀ ਸਕੂਲਾਂ ਵਿਚ ਭਾਸ਼ਾਵਾਂ ਪੜ੍ਹਾਨ ਦੀ ਸਿਖਲਾਈ ਦਾ ਸਰਕਾਰੀ ਸਰਟੀਫਿਕੇਟ ਮੇਰੇ ਹਥ ਵਿਚ। ਮੈਂ ਹੁਣ ਪੱਕਾ ਅਧਿਆਪਕ ਸਾਂ ਅਤੇ ਹੈਡਮਾਸਟਰ ਤੋਂ ਦੂਜੇ ਦਰਜੇ ਤੇ ਸਾਂ। ਇਸ ਤੋਂ ਥਲੇ ਦਾ ਸਾਰਾ ਕੱਚਾ ਪੱਕਾ ਸਟਾਫ ਮੇਰੇ ਥਲੇ ਸੀ। ਮੇਥੋਂ ਛੁਟੀ ਲਏ ਬਿਨਾਂ ਕੋਈ ਕਿਤੇ ਜਾ ਆ ਨਹੀਂ ਸਕਦਾ ਸੀ। ਇਕ ਜੇ. ਬੀ. ਟੀ. ਤੇ ਬੀ. ਏ. ਪਾਸ ਮੋਗੇ ਵੱਲ ਦਾ ਕਾਮਰੇਡ ਅਧਿਆਪਕ ਜੋ ਪਕੇ ਹੋਣ ਕਰ ਕੇ ਮੇਰੇ ਤੇ ਬੜਾ ਰੁਅਬ ਰਖਦਾ ਹੁੰਦਾ ਸੀ, ਹੁਣ ਸਟੇਸ਼ਨ ਲੀਵ ਲੈਣ ਲਈ ਅਕਸਰ ਮੇਰੇ ਤਰਲੇ ਕਰਦਾ ਸੀ। ਬਧਨੀ ਵਾਲਾ ਲਾਲ ਸਿੰਘ ਵੀ ਮੇਰੇ **ਨਾਲ ਏਥੇ ਟੀਚਰ ਹੁੰਦਾ ਸੀ।ਅਗਲੀ ਵਾਰ ਪੜ੍ਹੋ:- ਗੁਦੜਢੰਡੀ ਦੀ ਜ਼ਮੀਨ ਕੈਂਸਲ ਕਰਵਾਉਣੀ**

**ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ**
**ਗੁਦੜਢੰਡੀ ਦੀ ਜ਼ਮੀਨ ਕੈਂਸਲ ਕਰਵਾਉਣੀ-ਕਿਸ਼ਤ:** 38

ਕਿਹੋ ਜਿਹਾ ਸੀ ਜੀਵਨ? ਲੇਖਣੀ ਦੀ ਲੋਕ ਪ੍ਰਿਅਤਾ ਅਤੇ ਪੇਸ਼ਕਾਰੀ ਦੀ ਕਦਰ ਕਰਦਿਆਂ ਤਾਂਗੜੀ ਇਨਸ਼ੋਰੰਸ ਐਂਡ ਫਿਨਾਂਸ਼ਲ ਗਰੁੱਪ ਇਨਕ ਦੇ ਪ੍ਰਸਿਧ ਬਿਜ਼ਨਸਮੈਨ ਅਸ਼ਵਨੀ ਤਾਂਗੜੀ ਜੀ ਇਹ ਪੰਨਾ ਸਪਾਂਸਰ ਕਰ ਰਹੇ ਹਨ। ਇਨਸ਼ੋਰੰਸ ਦੀਆਂ ਤਸੱਲੀਬਖਸ਼ ਸੇਵਾਵਾਂ ਲਈ ਆਪ ਬਹੁਤ ਮਸ਼ਹੂਰ ਹਨ ਅਤੇ ਲੰਮੇ ਸਮੇਂ ਤੋਂ ਮਨੁਲਾਈਫ ਕੰਪਨੀ ਨਾਲ ਜੁੜੇ ਹੋਏ ਹਨ। ਆਪ ਪਹਿਲੇ ਪੰਜਬੀ ਕੈਨੇਡੀਅਨ ਹਨ ਜਿਨ੍ਹਾਂ ਨੂੰ ਕੰਪਨੀ ਵੱਲੋਂ ਅਮਰੀਕਾ ਦੇ ਸ਼ਹਿਰ ਪੋਟਰੀਲੋ ਵਿਖੇ ਵਧੀਆ ਸੇਵਾਵਾਂ ਵਾਸਤੇ ਸਨਮਾਨਤ ਕੀਤਾ ਗਿਆ ਹੈ।

ਤਾਂਗੜੀ ਪਰਵਾਰ ਸਪੋਰਟਸ ਦੀ ਪਰੋਮੋਸ਼ਨ ਤੋਂ ਇਲਾਵਾ ਪੰਜਾਬ ਵਿਚ ਗਰੀਬ ਬੱਚਿਆਂ ਦੀ ਮਦਦ ਕਰਦਾ ਹੈ ਅਤੇ ਆਪਣੀ ਪੁਜਨੀਕ ਮਾਤਾ ਸ਼ੀਲਾ ਤਾਂਗੜੀ ਦੇ ਨਾਂ ਤੇ ਆਪਣੇ ਪਿੰਡ ਬਿਲਗਾ ਵਿਖੇ ਇਕ ਡੀ ਏ ਵੀ ਸਕੂਲ ਚਲਾ ਰਿਹਾ ਹੈ। ਮਿਸਜ਼ ਨੀਨਾ ਤਾਂਗੜੀ ਇਨਸ਼ੋਰੰਸ ਬਿਜ਼ਨਸ ਦੇ ਨਾਲ ਨਾਲ ਲੰਮੇ ਸਮੇਂ ਤੋਂ ਕੈਨੇਡਾ ਦੀ ਰਾਜਨੀਤੀ ਵਿਚ ਸਰਗਰਮ ਹਨ ਅਤੇ ਕੈਨੇਡਾ ਵਿਚ ਰਾਜ ਕਰ ਰਹੀ ਕੰਸਰਵੇਟਿਵ ਪਾਰਟੀ ਨਾਲ ਸਬੰਧਤ ਹਨ। ਇਨਸ਼ਰੰਸ ਦੀਆਂ ਕਿਸੇ ਵੀ ਕਿਸਮ ਦੀਆਂ ਸੇਵਾਵਾਂ ਲਈ ਇਨ੍ਹਾਂ ਨਾਲ 905-405-1200 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹੜਾਂ ਤੋਂ ਬਾਅਦ ਸੇਮ ਨਾਲ ਬੇਟ ਦੇ ਸਾਰੇ ਇਲਾਕੇ ਦੀ ਤਬਾਹੀ ਹੋ ਗਈ ਸੀ। ਲੋਕਾਂ ਵਿਚ ਹਾਹਾਕਾਰ ਮਚ ਗਈ ਸੀ। ਖੂਹਾਂ ਦੇ ਪਾਣੀ ਖੂਹਾਂ ਵਿਚੋਂ ਬਾਹਰ ਨੂੰ ਵਗਣੇ ਸ਼ੁਰੂ ਹੋ ਗਏ ਸਨ। ਸੇਮ ਹੋਣ ਕਾਰਨ ਫਸਲ ਕੋਈ ਹੁੰਦੀ ਨਹੀਂ ਸੀ। ਪਸ਼ੂਆਂ ਨੂੰ ਪੌਣ ਲਈ ਪਠੇ ਵੀ ਨਹੀਂ ਸਨ। ਪਾਕਿਸਤਾਨ ਵਿਚੋਂ ਉਜੜ ਕੇ ਆਉਣ ਪਿਛੋਂ ਜੋ ਲੋਕ ਕੁਝ ਸੁਖ ਦੀ ਰੋਟੀ ਖਾਣ ਲੱਗੇ ਸਨ, ਹੁਣ ਉਜਾੜੇ ਦੇ ਦਿਨਾਂ ਨਾਲੋਂ ਵੀ ਜ਼ਿਆਦਾ ਔਖੇ ਸਨ। ਅਕਸਰ ਸੜਕ ਤੋਂ ਖੂਹ ਤਕ ਜਾਣ ਲਈ ਫੁੱਟ ਫੁੱਟ ਖੜ੍ਹੇ ਪਾਣੀ ਵਿਚੋਂ ਲੰਘ ਕੇ ਜਾਣਾ ਪੈਂਦਾ ਸੀ। ਜੇ ਬੂਟ ਲਾਹ ਕੇ ਹਥ ਵਿਚ ਫੜੀ ਦੇ ਸਨ ਤਾਂ ਥਲੇ ਪੈਰਾਂ ਵਿਚ ਦੱਭ ਦੀਆਂ ਸੂਲਾਂ ਦੇ ਕੰਡੇ ਖੁਭ ਜਾਂਦੇ ਸਨ। ਕਈ ਵਾਰ ਮੈਂ ਹਾਮਦ ਤੋਂ ਬੱਸ ਫੜਨ ਲਈ ਬੇਰੀਆਂ ਵਾਲੇ ਖੂਹ ਤੋਂ ਇਕ ਇਕ ਦੋ ਦੋ ਫੁਟ ਖੜ੍ਹੇ ਪਾਣੀ ਵਿਚ ਤੁਰ ਕੇ ਅਤੇ ਬਰਸਾਤੀ ਨਾਲਾ ਪਾਰ ਕਰ ਕੇ ਹਾਮਦ ਪਹੁੰਚਦਾ। ਖੜ੍ਹਾ ਪਾਣੀ ਏਨਾ ਸਾਫ ਹੁੰਦਾ ਕਿ ਥਲੇ ਧਰਤੀ ਪੂਰੀ ਤਰ੍ਹਾਂ ਸਾਫ ਦਿਸਦੀ। ਇਸ ਖਲੋਤੇ ਪਾਣੀ ਨੇ ਹੌਲੀ ਹੌਲੀ ਦਰਖਤ ਅਤੇ ਕਾਨਿਆਂ ਦੇ ਬੂਝੇ ਸੁਕਾ ਦਿਤੇ। ਰਾਤੀਂ ਸੌਣ ਵੇਲੇ ਮੰਜਿਆਂ ਦੇ ਪਾਵੇ ਧਰਤੀ ਵਿਚ ਖੁਭ ਜਾਂਦੇ ਸਨ। ਬੇਰੀਆਂ ਦੇ ਦਰਖਤ ਵੀ ਸੁਕ ਗਏ ਸਨ। ਇਹਨਾਂ ਮਾੜੇ ਹਾਲਾਤਾਂ ਵਿਚ ਜਲੰਧਰ ਦੀ ਸੈਕਟਰੀਏਟ ਵਿਚ ਜਿਥੋਂ ਪਹਿਲਾਂ ਜ਼ਮੀਨਾਂ ਅਲਾਟ ਕਰਾਉਣ ਦੇ ਹੁਕਮ ਮਿਲਦੇ ਸਨ, ਹੁਣ ਹੜਾਂ ਤੇ ਸੇਮ ਦੇ ਮਾਰੇ ਲੋਕ ਕੱਚੀਆਂ ਅਲਾਟਮੈਂਟਾਂ ਤੁੜਵਾ ਕੇ ਦੂਰ ਹਿਸਾਰ, ਫਤਹਿਆਬਾਦ, ਟੋਹਾਣਾ, ਸਿਰਸਾ,ਪਟਿਆਲਾ, ਕਰਨਾਲ, ਪੇਹਵਾ, ਅੰਬਾਲਾ, ਇਸਮਾਈਲਾਬਾਦ, ਬਠਿੰਡਾ, ਮਾਨਸਾ, ਬੁਢਲਾਡਾ, ਕਾਲੀਆ, ਬੋਹਾ ਬਰੇਟਾ, ਵੱਲ ਦੇ ਇਲਾਕੇ ਵਿਚ ਮੁਸਲਮਾਨਾਂ ਦੀ ਬਚੀਆਂ ਖੁਚੀਆਂ ਤੇ ਰਹਿੰਦ ਖੂੰਹਦ ਜ਼ਮੀਨਾਂ ਅਲਾਟ ਕਰਵਾਉਣ ਲਈ ਹਾੜੇ ਕਢਣ ਲਗੇ। ਕਿਹੜੇ ਜ਼ਿਲੇ ਦੀ ਕਿਹੜੀ ਤਹਿਸੀਲ ਅਤੇ ਪਿੰਡ ਵਿਚ ਅਜੇ ਮੁਸਲਮਾਨਾਂ ਦੀਆਂ ਛਡੀਆਂ ਜ਼ਮੀਨਾਂ ਅਲਾਟ ਹੋਣ ਵਾਲੀਆਂ ਖਾਲੀ ਪਈਆਂ ਸਨ,ਇਹ ਪਤਾ ਕਰਨਾ ਬੜਾ ਔਖਾ ਕੰਮ ਸੀ। ਇਕ ਦੂਜੇ ਦੀ ਜ਼ਬਾਨੀ ਕਈ ਵਾਰ ਪਤਾ ਲਗ ਜਾਂਦਾ ਸੀ ਕਿ ਫਲਾਣੇ ਪਿੰਡ ਵਿਚ ਹਾਲੇ ਅਲਾਟ ਹੋਣ ਵਾਲੀ ਜ਼ਮੀਨ ਪਈ ਸੀ। ਇਸ ਦੀ ਪਟਵਾਰੀ ਕੋਲੋਂ ਨਕਲ ਲੈ ਕੇ, ਓਸ ਉਤੇ ਕਾਨੂੰਗੋ ਦੀ ਸਹੀ ਪਵਾ ਕੇ, ਫਿਰ ਉਹਦੇ ਉਤੇ ਤਹਿਸੀਲਦਾਰ ਦੀ ਮੁਹਰ ਤੇ ਦਸਤਖਤ ਕਰਵਾ ਕੇ ਜਲੰਧਰ ਸੈਕਟਰੀਏਟ ਦੇ ਅਫਸਰਾਂ ਤਕ ਪੁਚਾ ਕੇ ਨਵੇਂ ਅਲਾਟਮੈਂਟ ਆਰਡਰ ਲੈਣੇ ਕੋਈ ਸੁਖਾਲਾ ਕੰਮ ਨਹੀਂ ਸੀ। ਜਲੰਧਰ ਦੀ ਸੈਕਟਰੀਏਟ ਜ਼ਿਲੇ ਦੇ ਤਹਿਸੀਲਦਾਰ ਨੂੰ ਕਿਸੇ ਪਿੰਡ ਵਿਚ ਮੁਸਲਮਾਨਾਂ ਦੀ ਖਾਲੀ ਪਈ ਜ਼ਮੀਨ ਦੇ ਨੰਬਰ ਦੇਣ ਲਈ ਲਿਖਤੀ ਹੁਕਮ ਦਿੰਦੀ ਸੀ। ਓਸ ਤੇ ਸਬੰਧਤ ਤਹਿਸੀਲਦਾਰ ਕਾਨੂੰਗੋ ਅਤੇ ਪਟਵਾਰੀ ਨੂੰ ਨੰਬਰ ਦੇਣ ਦੇ ਹੁਕਮ ਦਿੰਦਾ ਸੀ। ਉਹ ਨੰਬਰ ਲੈ ਕੇ ਫਿਰ ਤਹਿਸੀਲਦਾਰ ਦੀ ਸਹੀ ਪਵਾ ਕੇ ਜਲੰਧਰ ਸੈਕਟਰੀਏਟ ਪੁਚਾਣੇ ਪੈਂਦੇ ਸਨ। ਹਰ ਥਾਂ ਪੈਸੇ ਲਗਦੇ ਸਨ ਅਤੇ ਜਿਨ੍ਹਾਂ ਦੀਆਂ ਫਸਲਾਂ ਮਾਰੀਆਂ ਗਈਆਂ ਸਨ, ਉਹਨਾਂ ਕੋਲ ਤਾਂ ਰੋਟੀ ਖਾਣ ਲਈ ਆਟਾ ਦਾਣਾ ਵੀ ਨਹੀਂ ਸੀ। ਥਾਂ ਥਾਂ ਧਕੇ ਖਾਣ ਲਈ ਕਿਰਾਏ ਵਾਸਤੇ ਪੈਸੇ ਚਾਹੀਦੇ ਸਨ।

ਕੁਲਵੰਤ ਸਿੰਘ ਵਿਰਕ ਪੰਜਾਬ ਲੋਕ ਸੰਪਰਕ ਵਿਭਾਗ ਦੀ ਜਾਗ੍ਰਤੀ ਅਖਬਾਰ ਦੀ ਐਡੀਟਰੀ ਛਡ ਕੇ ਤੋਂ ਅੰਬਾਲੇ ਤੋਂ ਜਲੰਧਰ ਕੇਂਦਰੀ ਸਰਕਾਰ ਦੇ ਇਨਫਰਮੇਸ਼ਨ ਅਤੇ ਬਰਾਡਕਾਸਟਿੰਗ ਵਿਭਾਗ ਦੇ ਪ੍ਰੈੱਸ ਇਨਫਰਮੇਸ਼ਨ ਬਿਊਰੋ ਵਿਚ ਅਸਿਸਟੰਟ ਇਨਫਰਮੇਸ਼ਨ ਅਫਸਰ ਆ ਲੱਗਾ ਸੀ। ਉਸ ਦਾ ਉਤਲਾ ਅਫਸਰ ਕੁਲਦੀਪ ਨਈਅਰ ਸੀ ਜੋ ਪੰਜਾਬ ਦੇ ਮੁਖ ਮੰਤਰੀ ਰਹਿ ਚੁਕੇ ਭੀਮ ਸੈਨ ਸੱਚਰ ਦਾ ਜਵਾਈ ਸੀ। ਸਿੱਖਾਂ ਦੇ ਦਿਮਾਗ ਗਿਆਨੀ ਕਰਤਾਰ ਸਿੰਘ ਦੇ ਨੇੜੇ ਹੋਣ ਕਰ ਕੇ ਅਤੇ ਇਕ ਵਧੀਆ ਸਥਾਪਤ ਕਹਾਣੀਕਾਰ ਹੋਣ ਕਰ ਕੇ ਕੁਲਵੰਤ ਸਿੰਘ ਵਿਰਕ ਦੀ ਚਲਦੀ ਸੀ। ਵਿਰਕ ਸਾਹਿਬ ਦੀ ਸਿਫਾਰਸ਼ ਨਾਲ ਅਸੀਂ ਗੁਦੜਢੰਡੀ ਵਾਲੀ ਸੇਮ-ਜ਼ਦਾ ਜ਼ਮੀਨ 1957-58 ਵਿਚ ਕੈਂਸਲ ਤਾਂ ਕਰਵਾ ਦਿਤੀ ਸੀ ਪਰ ਅਗੇ ਕਿਤੇ ਜ਼ਮੀਨ ਝੱਲਦੀ ਨਹੀਂ ਸੀ। ਇਕ ਇਹ ਵੀ ਸਿਆਪਾ ਸੀ ਕਿ ਬਾਰ ਬਾਰ ਨਵੀਂ ਅਲਾਟਮੈਂਟ ਨਾਲ ਜ਼ਮੀਨ ਨੂੰ ਕੱਟ ਲਗਦੀ ਸੀ ਅਤੇ ਜ਼ਮੀਨ ਹੋਰ ਘਟ ਜਾਂਦੀ ਸੀ। ਗੁਦੜਢੰਡੀ ਵਾਲੀ ਜ਼ਮੀਨ ਕੈਂਸਲ ਹੋਣ ਨਾਲ ਜ਼ਮੀਨ ਦੀ ਮਾਲਕੀ ਟੁੱਟ ਚੁਕੀ ਸੀ। ਅਗੇ ਕਿਤੇ ਜ਼ਮੀਨ ਪਈ ਨਹੀਂ ਸੀ। ਜਿੰਨਾ ਚਿਰ ਅਗੇ ਕੋਈ ਟਿਕਾਣਾ ਨਾ ਬਣੇ, ਬੇਰੀਆਂ ਵਾਲੇ ਖੂਹ ਤੋਂ ਉਠਣਾ ਬੜਾ ਮੁਸ਼ਕਲ ਸੀ। ਕੈਂਸਲ ਹੋਈ ਜ਼ਮੀਨ ਨੂੰ ਹੀ ਮੁੜ ਆਰਜ਼ੀ ਤੌਰ ਤੇ ਵਹੁਣ ਲਈ ਫਿਰੋਜ਼ਪੁਰ ਤਹਿਸੀਲ ਤੋਂ ਹੁਕਮ ਲੈਣੇ ਪੈਂਦੇ ਸਨ ਅਤੇ 1960 ਤਕ ਪਟਵਾਰੀ ਨੂੰ ਪੈਸੇ ਦੇ ਦੇ ਕੇ ਇਸ ਨੂੰ ਆਰਜ਼ੀ ਤੌਰ ਤੇ ਬਹਾਲ ਕਰਾਉਂਦੇ ਰਹੇ। ਦੂਜੇ ਪਾਸੇ ਮੈਂ ਤੇ ਭਾਊ ਤਾਰਾ ਸਿੰਘ ਜਿਥੇ ਕਿਤੇ ਖਾਲੀ ਪਈ ਜ਼ਮੀਨ ਦੀ ਦੱਸ ਪੈਂਦੀ, ਓਥੇ ਭੱਜ ਨਿਕਲਦੇ। ਕਿਉਂਕਿ ਸਾਡੀ ਪਾਕਿਸਤਾਨ ਤੋਂ ਹੀ ਜ਼ਮੀਨ ਇਕਠੀ ਭਾਵ ਇਕੋ ਢੇਰੀ ਸੀ, ਇਸ ਲਈ ਅਲਾਟ ਵੀ ਇਕੋ ਥਾਂ ਹੋਣੀ ਸੀ। ਮੈਨੂੰ ਪਤਾ ਹੈ ਕਿ ਕਈ ਵਾਰ ਜਨਾਨੀਆਂ ਜ਼ਮੀਨ ਦੀ ਬਾਹਮੀ ਵੰਡ ਤੇ ਚੰਗੇ ਮਾੜੇ ਕਿੱਲੇ ਪਿਛੇ ਝਗੜ ਪੈਂਦੀਆਂ ਸਨ ਪਰ ਪੁਰਾਣੀਆਂ ਸਮਾਜਕ ਕਦਰਾਂ ਕੀਮਤਾਂ ਨਾਲ ਬਝੇ ਮੇਰੇ ਬਾਪੂ ਜਥੇਦਾਰ ਭਗਤ ਸਿੰਘ ਤੇ ਤਾਏ ਸੰਤਾ ਸਿੰਘ ਤੇ ਬੁੜ੍ਹੀਆਂ ਦੀ ਕਚ ਕਚ ਦਾ ਕੋਈ ਅਸਰ ਨਾ ਹੁੰਦਾ। ਪਤਾ ਨਹੀਂ ਹੁਣ ਭਰਾਵਾਂ ਵਾਲੇ ਪਿਆਰ ਦੀਆਂ ਉਹ ਕਦਰਾਂ ਕੀਮਤਾਂ ਕਿਉਂ ਗਵਾਚ ਗਈਆਂ ਹਨ ਜਾਂ ਦਿਨੋ ਦਿਨ ਗਵਾਚਦੀਆਂ ਜਾ ਰਹੀਆਂ ਹਨ। ਮੇਰੇ ਤੇ ਭਾਊ ਤਾਰਾ ਸਿੰਘ ਦਰਮਿਆਨ ਬਾਪੂ ਤੇ ਤਾਏ ਵਾਲੀ ਸਾਂਝ ਤਾਂ ਨਹੀਂ ਸੀ ਪਰ ਫਿਰ ਵੀ ਅਸੀਂ ਦੋਵੇਂ ਨਵੀਂ ਅਲਾਟ ਕਰਾਉਣ ਵਾਲੀ ਜ਼ਮੀਨ ਲਭਣ ਲਈ ਬਹੁਤ ਬੁਰੀ ਤਰ੍ਹਾਂ ਭਟਕ ਰਹੇ ਸਾਂ। ਅਬਹੋਰ ਸ਼ਹਿਰ ਦੇ ਨਾਲ ਲਗਦੇ ਪੁਰਾਣੇ ਅਬਹੋਰ ਪਿੰਡ ਵਿਚ ਮੁਸਲਮਾਨਾਂ ਦੀ ਬਚੀ ਕੁਝ ਜ਼ਮੀਨ ਨਿਕਲਦੀ ਸੀ ਜਿਸ ਨੇ ਹੌਲੀ ਹੌਲੀ ਸ਼ਹਿਰ ਦੀ ਆਬਾਦੀ ਵਿਚ ਆ ਜਾਣਾ ਸੀ। ਇਸ ਦੀ ਦੱਸ ਅਬਹੋਰ ਦੇ ਇਕ ਪਟਵਾਰੀ ਨੇ ਪਾਈ ਸੀ ਜੋ ਜ਼ਿਲਾ ਮਿੰਟਗੁਮਰੀ ਵਿਚੋਂ ਆਇਆ ਚੌਧਰੀ ਕੰਬੋ ਸੀ ਤੇ ਉਸਦਾ ਗੋਤ ਵੀ ਮੋਮੀ ਸੀ। ਮੈਨੂੰ ਉਹ ਕੰਬੋ ਅਤੇ ਗੋਤੀ ਹੋਣ ਕਾਰਨ ਬਹੁਤ ਪਿਆਰ ਕਰਦਾ ਸੀ। ਭਾਊ ਤਾਰਾ ਸਿੰਘ ਦੇ ਉਹ ਜ਼ਮੀਨ ਪਸੰਦ ਨਾ ਆਈ। ਇਸਦਾ ਇਕ ਕਾਰਨ ਇਹ ਵੀ ਸੀ ਕਿ ਮੁਰਾਦਵਾਲਾ ਦਲ ਸਿੰਘ ਅਤੇ ਭਾਗੂ ਟੀਚਰ ਰਹੇ

ਹੋਣ ਕਾਰਨ ਮੇਰੀ ਇਸ ਇਲਾਕੇ ਵਿਚ ਬਹੁਤ ਵਾਕਫੀਅਤ ਹੋ ਗਈ ਸੀ। ਇਸ ਤੋਂ ਇਲਾਵਾ ਮੇਰੇ ਸਹੁਰਾ ਸਾਹਿਬ ਅਬਹੋਰ ਥਾਣੇਦਾਰ ਰਹਿ ਚੁਕੇ ਸਨ ਅਤੇ ਓਸ ਤੋਂ ਬਾਅਦ ਪੁਲਸ ਵਾਲਿਆਂ ਨਾਲ ਜਾਣ ਪਛਾਣ ਬਣੀ ਰਹਿੰਦੀ ਸੀ। ਭਾਊ ਦਾ ਖਿਆਲ ਸੀ ਕਿ ਮੈਂ ਉਸ ਨੂੰ ਤੰਗ ਕਰਾਂਗਾ।

ਅਖੀਰ ਦੱਸ ਪਈ ਜ਼ਿਲਾ ਹਿਸਾਰ ਦੇ ਪਿੰਡ ਸਾਧਨਵਾਸ ਜੋ ਰੇਲਵੇ ਸਟੇਸ਼ਨ ਜਾਖਲ ਤੋਂ ਛੇ ਸੱਤ ਮੀਲ ਪੈਦਲ ਦਾ ਰਸਤਾ ਸੀ, ਵਿਚ ਰਹਿੰਦ ਖੂੰਹਦ ਜ਼ਮੀਨ ਅਲਾਟ ਹੋਣ ਵਾਲੀ ਪਈ ਸੀ। ਇਸ ਪਿੰਡ ਨੂੰ ਥਾਣਾ ਤੇ ਤਹਿਸੀਲ ਟੋਹਾਣਾ ਲਗਦੇ ਸਨ। ਮੈਂ ਤੇ ਭਾਊ ਤਾਰਾ ਸਿੰਘ ਜਾਖਲ ਤੋਂ ਕਈ ਖਾਲ ਤੇ ਡੰਡੀਆਂ ਲੰਘ ਕੇ ਸਾਧਨਵਾਸ ਪਹੁੰਚ ਗਏ। ਓਸ ਵੇਲੇ ਇਹ ਪਿੰਡ ਉਜਾੜ ਹੀ ਸੀ। ਜੇ ਇਸ ਪਿੰਡ ਨੂੰ ਰਾਹੋ ਰਾਹ ਆਉਣਾ ਹੋਵੇ ਤਾਂ ਜਾਖਲ ਤੋਂ ਤਲਵਾੜਾ ਤੇ ਫਿਰ ਤਲਵਾੜੀ ਥਾਣੀਂ ਜਾਣਾ ਪੈਂਦਾ ਸੀ। ਸੜਕ ਕੱਚੀ ਤੇ ਟੋਏ ਟਿੱਬਿਆਂ ਵਾਲੀ ਸੀ। ਇਹ ਰਸਤਾ ਲੰਮਾ ਪੈਂਦਾ ਸੀ। ਇਸ ਲਈ ਲੋਕ ਸਿਧੇ ਪੈਦਲ ਬਣੇ ਰਸਤੇ ਰਾਹੀਂ ਸਾਧਨਵਾਸ ਆਉਂਦੇ ਜਾਂਦੇ ਸਨ। ਜਾਖਲ ਰੇਲਵੇ ਦਾ ਬੜਾ ਮਸ਼ਹੂਰ ਜੰਕਸ਼ਨ ਸੀ ਜਿਥੋਂ ਲੁਧਿਆਣਾ, ਹਿਸਾਰ, ਦਿੱਲੀ ਅਤੇ ਬਠਿੰਡੇ ਨੂੰ ਗਡੀਆਂ ਜਾਂਦੀਆਂ ਸਨ। ਸਾਧਨਵਾਸ ਵਿਚ ਜ਼ਿਆਦਾ ਮੋਟੇ ਅਲਾਟੀ ਮੁਲਤਾਨ ਦੇ ਅਰੋੜੇ ਤੇ ਖੱਤਰੀ ਸਨ ਜਿਨ੍ਹਾਂ ਨੂੰ ਜ਼ਮੀਨ ਦੀ ਕਿਸਮ ਮਾੜੀ ਹੋਣ ਕਰ ਕੇ ਚੋਖੀਆਂ ਜ਼ਮੀਨਾਂ ਅਲਾਟ ਹੋਈਆਂ ਸਨ। ਇਸ ਪਿੰਡ ਦੀ ਜ਼ਮੀਨ ਦੀਆਂ ਕਈ ਕਿਸਮਾਂ ਸਨ ਜਿਵੇਂ ਨਹਿਰੀ, ਘਗਰ ਦੀ ਮਾਰ ਹੇਠ ਆਉਣ ਵਾਲੀ ਦਾਭਣ, ਟਿੱਬਾ ਅਤੇ ਭਾਖੜਾ ਨਹਿਰ ਤੋਂ ਲਗਦੇ ਪਾਣੀ ਵਾਲੀ। ਮੁਲਤਾਨ ਦੇ ਖੁਲ੍ਹੀਆਂ ਜ਼ਮੀਨਾਂ ਦੇ ਮਾਲਕ ਖੱਤਰੀ ਵਧੇਰੇ ਤੌਰ ਤੇ ਟੋਹਾਣੇ ਰਹਿੰਦੇ ਤੇ ਦੁਕਾਨਾਂ ਕਰਦੇ ਸਨ। ਕਈ ਦਿੱਲੀ ਰਹਿੰਦੇ ਸਨ। ਕੁਝ ਕੁ ਘਰ ਹੀ ਪਿੰਡ ਵਿਚ ਰਹਿੰਦੇ ਸਨ। ਉਹ ਹੌਲੀ ਹੌਲੀ ਆਪਣੀਆਂ ਜ਼ਮੀਨਾਂ ਵੇਚ ਰਹੇ ਸਨ। ਜ਼ਮੀਨ ਸਸਤੀ ਹੋਣ ਕਰ ਕੇ ਜਲੰਧਰ, ਹੋਸ਼ਿਆਰਪੁਰ ਦੇ ਸੈਣੀਆਂ, ਜੱਟਾਂ ਅਤੇ ਅਮ੍ਰਿਤਸਰ ਦੇ ਕੰਬੋਆਂ ਨੇ ਇਥੇ ਸਸਤੇ ਭਾਅ ਜ਼ਮੀਨਾਂ ਖਰੀਦ ਲਈਆਂ ਸਨ ਅਤੇ ਆਪਣੇ ਪੈਰ ਲਾਉਣ ਦੇ ਯਤਨ ਕਰ ਰਹੇ ਸਨ। ਅਮ੍ਰਿਤਸਰ ਦੇ ਜਿਨ੍ਹਾਂ ਕੰਬ ਭਰਾਵਾਂ ਨੇ ਇਥੇ ਜ਼ਮੀਨਾਂ ਖਰੀਦੀਆਂ ਸਨ, ਉਹ ਸਾਡੇ ਵਾਕਫ ਤੇ ਦੂਰੋਂ ਨੇੜਿਉਂ ਰਿਸ਼ਤੇਦਾਰ ਹੀ ਨਿਕਲ ਆਏ। ਉਹਨਾਂ ਨੇ ਸਾਨੂੰ ਫਟਿਆਂ ਨਾਲ ਕੱਢੀਆਂ ਕੰਧਾਂ ਦੇ ਆਪਣੇ ਕੱਚੇ ਘਰਾਂ ਵਿਚ ਰਖਿਆ, ਰੋਟੀ ਪਾਣੀ ਦੀ ਬੜੀ ਸੇਵਾ ਕੀਤੀ ਅਤੇ ਪਿੰਡ ਦੇ ਨੰਬਰਦਾਰ ਸਦਾ ਨੰਦ ਨਾਲ ਮਿਲ ਕੇ ਖਾਲੀ ਪਏ ਰਕਬੇ ਦਾ ਗੇੜਾ ਕਢਵਾ ਦਿਤਾ। ਇਸ ਰਕਬੇ ਵਿਚ ਇਕ ਦਸ ਏਕੜ ਨਹਿਰੀ ਜ਼ਮੀਨ ਦਾ ਟੋਟਾ ਸੀ ਜੋ ਪਿੰਡ ਦੇ ਚੜ੍ਹਦੇ ਵਾਲੇ ਪਾਸੇ ਜਾਖਲ ਮੰਡੀ ਦੇ ਰਾਹ ਤੋਂ ਕੁਝ ਹਟਵਾਂ ਖਬੇ ਹਥ ਪੈਂਦਾ ਸੀ। ਦੂਜਾ ਟੋਟਾ ਛੇ ਏਕੜ ਦਾ ਸੀ ਜੋ ਘਗਰ ਦਰਿਆ ਦੀ ਵਖੀ ਵਿਚ ਪੈਂਦਾ ਸੀ ਜਿਸ ਨੂੰ ਦਾਭਨ ਕਹਿੰਦੇ ਸਨ। ਇਸ ਨੂੰ ਪਾਣੀ ਨਹੀਂ ਲਗਦਾ ਸੀ। ਘਗਰ ਵਿਚ ਹੜ ਆਉਣ ਨਾਲ ਕਈ ਵਾਰ ਪਾਣੀ ਏਥੋਂ ਤਕ ਪਹੁੰਚ ਜਾਂਦਾ ਅਤੇ ਫਿਰ ਏਥੇ ਕਣਕ, ਛੋਲੇ ਤੇ ਸਰ੍ਹੋਂ ਬਹੁਤ ਹੁੰਦੀ ਸੀ। ਤੀਜਾ ਟੋਟਾ 12 ਏਕੜ ਦਾ ਵਿਰਾਨ ਟਿੱਬਾ ਸੀ  ਜੋ ਪਿੰਡ ਸਧਾਣੀ ਦੇ ਰਾਹ ਤੇ ਸੀ ਅਤੇ ਓਥੇ ਪਹੁੰਚਣ ਲਈ ਰੱਦੀ ਨਹਿਰ ਲੰਘ ਕੇ ਜਾਣਾ ਪੈਂਦਾ ਸੀ ਜੋ ਹਰ ਵੇਲੇ ਥੋੜ੍ਹੀ ਥੋੜ੍ਹੀ ਵਗਦੀ ਰਹਿੰਦੀ ਸੀ ਅਤੇ ਗਰਮੀਆਂ ਦੇ ਦਿਨਾਂ ਵਿਚ ਕਈ ਵਾਰ ਇਸ ਵਿਚ ਹੜ ਵੀ ਆ ਜਾਂਦਾ ਸੀ। ਓਦੋਂ ਇਹਦੇ ਉਤੇ ਪੁਲ ਨਹੀਂ ਸੀ ਬਣਿਆ। ਟਿੱਬੇ ਵਾਲੀ ਬਰਾਨੀ ਜ਼ਮੀਨ ਵਿਚ ਥੋੜ੍ਹੇ ਬਹੁਤੇ ਛੋਲੇ, ਬਾਜਰਾ, ਗਵਾਰਾ, ਸਰ੍ਹੋਂ, ਕਣਕ ਜਾਂ ਜੌਂ ਦੀ ਫਸਲ ਹੋ ਜਾਂਦੀ ਸੀ। ਇਸਦਾ ਪਾਣੀ ਘਗਰ ਵਿਚ ਆ ਡਿਗਦਾ ਸੀ।  ਟਿੱਬੇ ਵਾਲੀ ਜ਼ਮੀਨ ਜੋ ਬਹਤੁ ਡੂੰਘੀ ਰੱਦੀ ਨਹਿਰ ਦੇ ਕੰਢੇ ਲਾਗੇ ਸੀ, ਦਾ ਪਾਣੀ ਘਗਰ ਵਿਚ ਆ ਕੇ ਡਿਗਦਾ ਸੀ। ਸਾਰਾ ਇਲਾਕਾ ਉਜਾੜ ਬੀਆਬਾਨ ਤੇ ਜੰਗਲ ਵਾਂਗ ਸੀ। ਇਸ ਟਿੱਬੇ ਵਾਲੀ ਜ਼ਮੀਨ ਲਾਗੇ ਏਸੇ ਰਦੀ ਨਹਿਰ ਦੇ ਕੰਢੇ ਮਹਾਰਾਜਾ ਪਟਿਆਲਾ ਦੀ ਬਹੁਤ ਵਡੀ ਨਿਕੀਆਂ ਇੱਟਾਂ ਵਾਲੀ ਵਿਸ਼ਾਲ ਤੇ ਵੀਰਾਨ ਕੋਠੀ ਸੀ। ਹੁਣ ਇਹ ਬਿਲਕੁਲ ਖਾਲੀ ਸੀ ਤੇ ਓਥੇ ਕਬੂਤਰ ਹੀ ਬੋਲਦੇ ਸਨ। ਅੰਦਰ ਆਵਾਜ਼ ਗੁੰਬਦ ਦੀ ਆਵਾਜ਼ ਵਾਂਗ ਗੂੰਜਦੀ ਸੀ। ਪਰ ਦਸਦੇ ਕਿ ਕੋਈ ਸਮਾਂ ਹੁੰਦਾ ਸੀ ਜਦੋਂ ਮਹਾਰਾਜਾ ਸਾਹਿਬ ਆਪਣੇ ਅਹਿਲਕਾਰਾਂ ਨਾਲ ਏਥੇ ਸ਼ਿਕਾਰ ਖੇਡਣ ਆਇਆ ਕਰਦੇ ਸਨ। ਕਈ ਕਈ ਦਿਨ ਏਥੇ ਰਹਿੰਦੇ ਸਨ ਅਤੇ ਜੰਗਲ ਵਿਚ ਮੰਗਲ ਲਗ ਜਾਂਦਾ ਸੀ। ਉਹ ਹਿਰਨ, ਖਰਗੋਸ਼, ਤਿੱਤਰਾਂ, ਭਟਿੱਟਰਾਂ, ਨੜੀਆਂ, ਲਮਢੀਂਗਾਂ ਤੇ ਮੁਰਗਾਬੀਆਂ ਦਾ ਸ਼ਿਕਾਰ ਖੇਡਦੇ ਸਨ। ਕਿਧਰੇ ਕਿਧਰ ਮੋਰਾਂ ਦੇ ਬੋਲਣ ਦੀਆਂ ਆਵਾਜ਼ਾਂ ਵੀ ਔਂਦੀਆਂ ਸਨ। ਅਜੇ ਵੀ ਇਸ ਇਲਾਕੇ ਵਿਚ ਹਿਰਨ ਤੁਰੇ ਫਿਰਦੇ ਦਿਸ ਜਾਂਦੇ ਸਨ। ਤਿੱਤਰਾਂ ਦੀਆਂ ਆਵਾਜ਼ਾਂ ਤਾਂ ਦਿਨ ਰਾਤ ਸੁਣਾਈ ਦਿੰਦੀਆਂ ਸਨ। ਸੇੜ੍ਹੀਆਂ, ਘੁਗੀਆਂ, ਗਟਾਰਾਂ, ਕਾਂ ਅਤੇ ਚਿੜੀਆਂ ਵੀ ਇਸ ਇਲਾਕੇ ਵਿਚ ਬਹੁਤ ਸਨ। ਜ਼ਮੀਨ ਦਾ 14 ਏਕੜ ਦਾ ਚੌਥਾ ਟੋਟਾ ਰਕਬੇ ਵਜੋਂ ਤਾਂ ਇਸ ਪਿੰਡ ਵਿਚ ਪੈਂਦਾ ਸੀ ਪਰ ਮਿਓਂਦ ਪਿੰਡ ਦੀਆਂ ਹੱਦਾਂ ਲਾਗੇ ਹੋਣ ਕਰ ਕੇ ਬਹੁਤ ਜ਼ਿਆਦਾ ਦੂਰ ਪੈਂਦਾ ਸੀ। ਇਸ ਜ਼ਮੀਨ ਨੂੰ ਭਾਖੜੇ ਦਾ ਪਾਣੀ ਲਗਦਾ ਸੀ,ਜਿਸ ਕਰ ਕੇ ਇਸ ਜ਼ਮੀਨ ਦਾ ਮਾਮਲਾ ਸੱਤ ਗੁਣਾ ਜ਼ਿਆਦਾ ਸੀ। ਜ਼ਮੀਨ ਉਪਜਾਊ ਸੀ ਪਰ ਬਾਜੀਗਰਾਂ ਦੇ ਕਬਜ਼ੇ ਹੇਠ ਸੀ। ਮਾਰਖੋਰੇ ਜੱਗੇ ਬਾਜ਼ੀਗਰ ਦਾ ਕਬਜ਼ਾ ਸੀ। ਇਸ ਜ਼ਮੀਨ ਤੇ ਪੁਜਣ ਲਈ ਪਿੰਡ ਸਾਧਨਵਾਸ ਤੋਂ ਲਹਿੰਦੇ ਵੱਲ ਵਗਦੀ ਪਹਿਲਾਂ ਘਗਰ ਨਦੀ ਨੂੰ ਪਾਰ ਕਰਨਾ ਪੈਂਦਾ ਸੀ। ਫਿਰ ਕਈ ਮੀਲ ਤੁਰ ਕੇ ਅਤੇ ਭਾਖੜਾ ਨਹਿਰ ਦਾ ਪੁਲ ਪਾਰ ਕਰ ਕੇ ਇਸ ਜ਼ਮੀਨ ਤਕ ਪੁਜ ਸਕੀਦਾ ਸੀ।

ਬਰਾਦਰੀ ਦੇ ਕਈ ਘਰ ਜਿਨ੍ਹਾਂ ਏਥੇ ਬੜੀ ਸਸਤੀ ਪੈਲੀ ਮੁੱਲ ਲਈ ਸੀ। ਸ਼ਾਇਦ ਉਸ ਵੇਲੇ ਇਸ ਪਿੰਡ ਵਿਚ ਪੈਲੀ ਦਾ ਮੁੱਲ ਦੋ ਸੌ ਰੁਪੈ ਤੋਂ ਲੈ ਕੇ ਪੰਜ ਸੌ ਰੁਪੈ ਏਕੜ ਤਕ ਸੀ, ਦੀ ਸਲਾਹ ਲੈ ਕੇ ਅਸੀਂ ਇਸ ਪਿੰਡ ਵਿਚ ਇਹ ਜ਼ਮੀਨ ਅਲਾਟ ਕਰਵਾਣ ਦਾ ਫੈਸਲਾ ਕਰ ਲਿਆ। ਹੋਰ ਕਿਤੇ ਜ਼ਮੀਨ ਲਭ ਵੀ ਨਹੀਂ ਰਹੀ ਸੀ। ਭਾਵੇਂ ਜ਼ਮੀਨ ਚਾਰ ਅਲੱਗ ਅਲੱਗ ਥਾਵਾਂ ਤੇ

ਪੈਂਦੀ ਸੀ ਪਰ ਹੋਰ ਕੋਈ ਚਾਰਾ ਵੀ ਨਹੀਂ ਸੀ। 1959 ਵਿਚ ਅਸੀਂ ਇਹ ਜ਼ਮੀਨ ਅਲਾਟ ਕਰਵਾ ਲਈ ਤੇ ਮੌਕੇ ਤੇ ਜਾ ਕੇ ਕਬਜ਼ਾ ਲੈ ਲਿਆ। ਗੁਦੜਢੰਡੀ ਵਿਚ ਤਾਂ ਸਾਨੂੰ ਕਨਾਲ ਕਨਾਲ ਦੇ ਪਲਾਟ ਵਿਚ ਝੁਗੀਆਂ ਵਾਲੇ ਘਰ ਅਲਾਟ ਹੋਏ ਸਨ ਪਰ ਪਟਵਾਰੀ ਕਹਿਣ ਲੱਗਾ ਕਿ ਇਸ ਪਿੰਡ ਵਿਚ ਮੁਸਲਮਾਨਾਂ ਦੇ ਅਲਾਟ ਹੋਣ ਵਾਲੇ ਮਕਾਨ ਬਾਕੀ ਨਹੀਂ ਹਨ। ਕਈਆਂ ਉਤੇ ਜ਼ਮੀਨ ਮੁਲ ਲੈਣ ਵਾਲਿਆਂ ਨੇ ਕਬਜ਼ਾ ਕਰ ਲਿਆ ਹੈ। ਤੁਸੀਂ ਇਹਨਾਂ ਕੋਲੋਂ ਥਾਂ ਮੁਲ ਲੈ ਲਵੋ ਤੇ ਫਟਿਆਂ ਵਾਲੀਆਂ ਕੰਧਾਂ ਕਢਵਾ ਕੇ ਉਪਰ ਛੱਤ ਪਾ ਲਵੋ। ਇਸ ਜ਼ਮੀਨ ਦਾ ਪਰਬੰਧ ਅਸੀਂ ਜਾਣੂ ਕੰਬੋਆਂ ਨੂੰ ਹੀ ਦੇ ਦਿਤਾ ਤੇ ਉਹਨਾਂ ਨੇ ਬਣਦਾ ਫਬਦਾ ਹਿੱਸਾ ਜਾਂ ਠੇਕਾ ਦੇਣਾ ਪਰਵਾਨ ਕਰ ਲਿਆ। ਹੁਣ ਮੁਸ਼ਕਲ ਇਹ ਸੀ ਕਿ ਬੇਰੀਆਂ ਵਾਲਾ ਖੂਹ ਛਡ ਕੇ ਸਾਧਨਵਾਸ ਕਿਸ ਤਰ੍ਹਾਂ ਪਹੁੰਚਿਆ ਜਾਵੇ। ਇਹ ਸਫਰ ਦੋ ਸੌ ਮੀਲ ਤੋਂ ਵੀ ਜ਼ਿਆਦਾ ਸੀ। 1947 ਵਿਚ ਪਾਕਿਸਤਾਨ ਵਾਲੇ ਪਿੰਡ ਤੋਂ ਉਜੜ ਕੇ ਮਹਿਤੇ ਆਏ ਸਾਂ। ਫਿਰ 1951 ਵਿਚ ਮਹਿਤਾ ਛਡ ਕੇ ਗੁਦੜਢੰਡੀ ਡੇਰਾ ਲਾਇਆ ਸੀ। ਹੜਾਂ ਤੇ ਸੇਮ ਦੀ ਤਬਾਹੀ ਨੇ ਇਹ ਪਿੰਡ ਵੀ ਛਡਣ ਲਈ ਮਜਬੂਰ ਕਰ ਦਿਤਾ ਸੀ। ਘਰ ਤੇ ਪਿੰਡ ਛਡਣੇ ਕੋਈ ਸੁਖਾਲੀ ਗੱਲ ਨਹੀਂ ਸੀ। ਪੰਛੀ ਆਪਣਾ ਆਲ੍ਹਣਾ ਨਹੀਂ ਛਡਦਾ ਤੇ ਬੰਦੇ ਨੂੰ ਉਹ ਥਾਂ ਛਡਣਾ ਕਿੰਨਾ ਔਖਾ ਹੁੰਦਾ ਹੈ ਜਿਥੋਂ ਦੀ ਰਹਿਤਲ ਉਸਦੇ ਜੀਵਨ ਦਾ ਇਕ ਅੰਗ ਬਣ ਚੁਕੀ ਹੁੰਦੀ ਹੈ। 1961 ਤਕ ਅਸੀਂ ਇਹ ਪਿੰਡ ਛਡ ਨਾ ਸਕੇ। ਇਸਦਾ ਇਕ ਵਡਾ ਕਾਰਨ ਇਹ ਵੀ ਸੀ ਕਿ 1959 ਵਿਚ ਭਾਗੂ ਤੋਂ ਮੇਰੀ ਬਦਲੀ ਪਿੰਡ ਲਖੋ ਕੇ ਬਹਿਰਾਮ ਦੇ ਗੌਰਮਿੰਟ ਮਿਡਲ ਸਕੂਲ ਵਿਚ ਹੋ ਗਈ। ਮੈਂ ਗਰਮੀਆਂ ਦੀਆਂ ਛੁਟੀਆਂ ਤੋਂ ਬਾਅਦ ਇਹ ਸਕੂਲ ਜਾਇਨ ਕਰ ਲਿਆ ਜੋ ਗੁਦੜਢੰਡੀ ਤੋਂ ਚਾਰ ਮੀਲ ਦੂਰ ਸੀ। ਗੁਦੜਢੰਡੀ ਪਿੰਡ ਵਿਚ ਕੁਝ ਮਹੀਨੇ ਰਹਾਇਸ਼ ਰਖ ਲਈ ਜੋ ਬਾਅਦ ਵਿਚ ਫਿਰੋਜ਼ਪੁਰ ਸ਼ਹਿਰ ਵਿਚ ਬਦਲ ਲਈ। ਘਰ ਵਾਲੇ 1960 ਤਕ ਬੇਰੀਆਂ ਵਾਲੇ ਖੂਹ ਤੇ ਹੀ ਰਹੇ ਅਤੇ ਇਕ ਸਾਲ ਪਿੰਡ ਹਾਮਦ ਵਿਚ ਰਹੇ ਜਿਥੇ ਮੇਰੇ ਇਕ ਵਿਦਿਆਰਥੀ ਦੇ ਪਿਓ ਕੋਲੋਂ 12 ਏਕੜ ਜ਼ਮੀਨ ਹਿੱਸੇ ਤੇ ਲੈ ਕੇ ਵਾਹੀ ਕਰ ਲਈ। ਹਾਮਦ ਤੋਂ ਲਖੋ ਕੇ ਬਹਿਰਾਮ ਸਿਰਫ 3 ਮੀਲ ਦੂਰ ਪੈਂਦਾ ਸੀ। ਮੈਂ ਕਦੀ ਸਾਈਕਲ ਤੇ ਹਾਮਦ ਆ ਜਾਂਦਾ। ਕਦੀ ਫਿਰੋਜ਼ਪੁਰ ਚਲਾ ਜਾਂਦਾ ਜਿਥੇ ਮੇਰੀ ਪਤਨੀ ਆਪਣੇ ਪੇਕਿਆਂ ਦੇ ਬਹੁਤ ਵਡੇ ਘਰ ਵਿਚ ਰਹਿੰਦੀ ਸੀ। ਕਦੀ ਲਖੋ ਕੇ ਬਹਿਰਾਮ ਸਕੂਲ ਵਿਚ ਹੀ ਸੌਂ ਰਹਿੰਦਾ ਜਿਥੇ ਕਈ ਹੋਰ ਮਾਸਟਰ ਜਿਵੇਂ ਲਾਲਾ ਸੋਹਨ ਲਾਲ, ਬੋਹੇ ਵਾਲਾ ਮਾਸਟਰ ਪੀਤਮ ਸਿੰਘ,ਹੈਡਮਾਸਟਰ ਰਿਹਾਨ ਤੇ ਲਾਗਲੇ ਪ੍ਰਾਇਮਰੀ ਸਕੂਲਾਂ ਦੇ ਹੋਰ ਟੀਚਰ ਵੀ ਆ ਕੇ ਰਹਿੰਦੇ ਸਨ। ਸਕੂਲ ਦਾ ਚਪੜਾਸੀ ਇੰਦਰ ਸਿੰਘ ਜਿਸ ਦੀ ਨਾਲ ਦੇ ਪਿੰਡ ਕਰੀਆਂ ਵਿਚ ਰਹਾਇਸ਼ ਸੀ,ਬੜਾ ਆਗਿਆਕਾਰ ਤੇ ਸੇਵਾਦਾਰ ਸੀ। ਉਸ ਵਰਗੀ ਦਾਲ ਸਬਜ਼ੀ, ਮੀਟ, ਮੁਰਗਾ ਤੇ ਅੰਡੇ ਕੋਈ ਨਹੀਂ ਬਣਾ ਸਕਦਾ ਸੀ। ਸ਼ਾਮਾਂ ਨੂੰ ਉਹ ਸਕੂਲ ਦੇ ਵਿਹੜੇ ਵਿਚ ਪਾਣੀ ਛਿੜਕਦਾ, ਫਿਰ ਸਾਡੇ ਮੰਜੇ ਡਹੁੰਦਾ, ਬਿਸਤਰੇ ਵਿਛਾਉਂਦਾ, ਲਾਗੇ ਮੇਜ਼ ਤੇ ਕੁਰਸੀਆਂ ਰਖ ਦੇਂਦਾ। ਫਿਰ ਘਰ ਦੀ ਕਢੀ ਸ਼ਰਾਬ ਦਾ ਇਕ ਇਕ ਪੈਗ ਸਾਰੇ ਟੀਚਰਾਂ ਨੂੰ ਪਾ ਕੇ ਤੇ ਵਿਚ ਗੋਲੀ ਵਾਲਾ ਬੱਤਾ ਖੋਲ੍ਹ ਕੇ ਪਾ ਕੇ ਪਿਆਉਂਦਾ। ਫਿਰ ਸਾਰੇ ਮਾਸਟਰਾਂ ਦੀਆਂ ਦੇਸੀ ਘਿਓ ਦੀਆਂ ਪੀਪੀਆਂ ਵਿਚੋਂ ਕੜਛੀ ਕੜਛੀ ਕਢੇ ਦੇਸੀ ਘਿਓ ਵਿਚ ਬਣ ਰਹੇ ਮੁਰਗੇ ਜਾਂ ਮੀਟ ਦੀ ਤਰੀ ਜਾਂ ਪੀਸ ਲਿਆ ਕੇ ਸਾਰਿਆਂ ਅਗੇ ਪਰੋਸਦਾ। ਫਿਰ ਤਵੇ ਤੋਂ ਗਰਮ ਗਰਮ ਫੁਲਕੇ ਲਿਆ ਕੇ ਪਰੋਸਦਾ। ਰਾਤ ਨੂੰ ਸਭ ਦੇ ਸਰ੍ਹਾਣੇ ਉਬਾਲ ਕੇ ਠੰਢੇ ਹੋਏ ਦੁਧ ਦੇ ਭਰੇ ਕੜੇ ਵਾਲੇ ਗਲਾਸ ਰਖਦਾ ਤੇ ਕਹਿੰਦਾ ਕਿ ਰਾਤ ਨੂੰ ਜਦੋਂ ਪਿਆਸ ਲੱਗੇ ਤੇ ਜਾਗ ਆਵੇ ਤਾਂ ਇਹ ਦੁਧ ਪੀ ਲਿਓ। ਸਾਰਿਆਂ ਨੂੰ ਰੋਟੀ ਖਵਾ ਕੇ ਸਕੂਲ ਦੇ ਕਾਨਿਆਂ ਨਾਲ ਵਲੇ ਚੌਗਿਰਦੇ ਦਾ ਦਰ ਭੇੜ ਕੇ ਆਪਣੇ ਘਰ ਜਾਂਦਾ ਤੇ ਸਵੇਰੇ 6 ਵਜੇ ਫਿਰ ਚਾਹ ਪਾਣੀ ਪਿਆਉਣ ਲਈ ਹਾਜ਼ਰ ਹੋ ਜਾਂਦਾ। ਇਸ ਤਰ੍ਹਾਂ ਦੀ ਸੇਵਾ ਜ਼ਿੰਦਗੀ ਵਿਚ ਬਹੁਤ ਘੱਟ ਹੋਈ ਹੈ। ਫਿਰੋਜ਼ਪੁਰ ਸ਼ਹਿਰ ਵਿਚ ਹੀ 1960 ਵਿਚ ਮੇਰੀ ਤੀਸਰੀ ਲੜਕੀ ਦਾ ਜਨਮ ਹੋਇਆ ਜਿਸ ਨੇ ਬਹੁਤ ਪਿਛੋਂ ਗਵਰਮੈਂਟ ਕਾਲਜ ਆਫ ਆਰਟ ਚੰਡੀਗੜ੍ਹ ਵਿਚੋਂ ਕਲਾ ਦੇ ਖੇਤਰ ਵਿਚ ਉਚ ਵਿਦਿਆ ਪ੍ਰਾਪਤ ਕੀਤੀ। ਅਜ ਕੱਲ ਉਹ ਅਮਰੀਕਾ ਵਿਚ ਹੈ ਅਤੇ ਬੜੇ ਉਚ ਪਾਏ ਦੀਆਂ ਪੇਂਟਿੰਗ ਕਰਦੀ ਹੈ। ਉਸ ਨੇ ਆਪਣੀ ਵੈੱਬ ਸਾਈਟ ਵੀ ਬਣਾਈ ਹੋਈ ਹੈ।

ਆਖਰ ਅਸੀਂ ਇਸ ਇਲਾਕੇ ਵਿਚ 1951 ਤੋਂ 1961 ਤਕ ਦਾ ਜੀਵਨ ਗੁਜ਼ਾਰ ਕੇ ਇਸ ਪਾਸੇ ਨੂੰ ਸਦਾ ਲਈ ਛਡ ਦਿਤਾ ਅਤੇ ਜੂਨ 1961 ਵਿਚ ਹਾਮਦ ਤੋਂ ਮਝਾਂ ਗਾਵਾਂ ਤੇ ਘਰ ਦਾ ਸਾਰਾ ਸਾਮਾਨ ਟਰੱਕ ਵਿਚ ਲੱਦ ਕੇ ਸਾਧਨਵਾਸ ਲੈ ਆਂਦਾ। ਸਾਧਨਵਾਸ ਆਉਣ ਤੋਂ ਪਹਿਲਾਂ ਦੋ ਢਾਈ ਸੌ ਰੁਪੈ ਵਿਚ ਗਵਾਂਢੀ ਤੋਂ ਇਕ ਕਨਾਲ ਥਾਂ ਲੈ ਕੇ ਜਿਸ ਵਿਚ ਪਹਿਲਾਂ ਇਕ ਨਿੰਮ ਦਾ ਰੁੱਖ ਅਤੇ ਕੱਚਾ ਕੋਠਾ ਸੀ, ਫਟਿਆਂ ਦੀਆਂ ਕੰਧਾਂ ਨਾਲ ਚੁਫੇਰਾ ਵਲ ਲਿਆ ਸੀ। ਸਮਾਂ ਪਾ ਕੇ ਘਰ ਨੂੰ ਲਗਦੀਆਂ ਦੋਹਾਂ ਗਲੀਆਂ ਦੀ ਨੁਕਰ ਤੇ ਫਟਿਆਂ ਦੀਆਂ ਕੰਧਾਂ ਨਾਲ ਦੋ ਕੱਚੇ ਕੋਠੇ ਪਾ ਲਏ ਤੇ ਪਹਿਲਾ ਕੱਚਾ ਕੋਠਾ ਪਸੂਆਂ ਲਈ ਰਖ ਲਿਆ। ਦੋਹਾਂ ਕੱਚੇ ਕੋਠਿਆਂ ਦੀ ਸੱਜੀ ਨੁੱਕਰ ਤੇ ਇਕ ਕੱਚੀ ਰਸੋਈ ਵੀ ਪਾ ਲਈ। ਬਾਪੂ ਨੇ ਚਹੁੰ ਟੋਟਿਆਂ ਵਿਚ ਅਲਾਟ ਹੋਈ ਜ਼ਮੀਨ ਤਾਏ ਨਾਲ ਹਰ ਟੋਟੇ ਵਿਚ ਅਧੀ ਅਧੀ ਵੰਡ ਲਈ। ਏਥੇ ਵੀ ਹਰ ਸਾਲ ਘਗਰ ਨਦੀ ਵਿਚ ਹੜ ਆ ਜਾਂਦਾ। ਪਿੰਡ ਨੂੰ ਬੰਨ੍ਹ ਮਾਰ ਕੇ ਹੜ ਦੇ ਪਾਣੀ ਤੋਂ ਬਚਾਇਆ ਜਾਂਦਾ। ਲੋਕ ਕੜਾਹਿਆਂ ਵਿਚ ਬੈਠ ਕੇ ਮੰਡੀ ਨੂੰ ਜਾਂਦੇ ਪਰ ਪਾਣੀ ਲਹਿਣ ਤੇ ਫਸਲ ਚੰਗੀ ਹੋ ਜਾਂਦੀ। ਭਾਣਾ ਰੱਬ ਦਾ ਹੌਲੀ ਹੌਲੀ ਇਸ ਇਲਾਕੇ ਵਿਚ ਮੀਂਹ ਪੈਣੇ ਘਟ ਗਏ। ਘਗਰ ਦਾ ਪਾਣੀ ਮਾਰ ਕਰਨੋ ਹਟ ਗਿਆ। ਗੁਦੜਢੰਡੀ ਜੋ ਹੜਾਂ ਤੇ ਸੇਮ ਦੇ ਪਾਣੀ ਨਾਲ ਭੰਨੀ ਪਈ ਸੀ। ਬਹੁਤ ਉਪਜਾਊ ਹੋ ਗਈ। ਅਸੀਂ ਅਤੇ ਹੋਰ ਬਹੁਤ ਲੋਕ ਤਾਂ ਹੜਾਂ ਅਤੇ ਸੇਮ ਦੇ ਡਰ ਦੇ ਮਾਰੇ ਓਥੋਂ ਭਜ ਆਏ ਸਾਂ ਪਰ ਜੋ ਓਥੇ ਟਿਕੇ ਰਹੇ, ਰਾਜੇ ਬਣ ਗਏ।

ਤਲੁਜ ਦੀ ਬੇਟ ਵਿਚ ਜੋ ਜ਼ਮੀਨਾਂ ਅਸੀਂ ਛਡ ਆਏ ਸਾਂ, ਉਹ ਸਰਕਾਰ ਨੇ 500 ਰੁਪੈ ਕਿੱਲੇ ਦੇ ਹਿਸਾਬ ਨਾਲ ਗਵਾਂਢੀਆਂ ਨੂੰ ਕਿਸ਼ਤਾਂ ਤੇ ਵੇਚ ਦਿਤੀਆਂ ਸਨ।

ਅਗਲੀ ਵਾਰ ਪੜ੍ਹੋ:- ਅਧੀ ਰਾਤ ਪਾਕਿਸਤਾਨ ਵਾਲੇ ਪਿੰਡ ਚਲੇ ਜਾਣਾ

**ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ**

ਅਧੀ ਰਾਤ ਪਾਕਿਸਤਾਨ ਵਾਲੇ ਪਿੰਡ ਚਲੇ ਜਾਣਾ-**ਕਿਸ਼ਤ**: 39

ਗੌਰਮਿੰਟ ਮਿਡਲ ਸਕੂਲ ਲਖੋ ਕੇ ਬਹਿਰਾਮ ਮੈਂ ਸਤੰਬਰ 1959 ਤੋਂ ਲੈ ਕੇ ਮਈ 1963 ਤਕ ਰਿਹਾ। ਕਈ ਵਾਰ ਮੈਂ ਇਸ ਸੇਮ ਨਾਲ ਤਬਾਹ ਹੋਏ ਇਲਾਕੇ ਦਾ ਮੁਕਾਬਲਾ ਅਬੋਹਰ ਦੇ ਇਲਾਕੇ ਅਤੇ ਜਾਖਲ ਦੇ ਇਲਾਕੇ ਨਾਲ ਕਰਦਾ। ਪਾਕਿਸਤਾਨ ਵਿਚੋਂ ਆਏ ਅਲਾਟੀਆਂ ਬੇਟ ਦੇ ਇਸ ਇਲਾਕੇ ਵਿਚ ਅਜੇ ਮਸਾਂ ਸੱਤ ਅਠ ਸਾਲ ਹੀ ਕੱਟੇ ਸਨ ਤੇ ਕਾਨੇ ਅਤੇ ਸਰਕੜਾ ਪੁਟ ਪੁਟ ਕੇ ਜ਼ਮੀਨਾਂ ਸਾਫ ਹੀ ਕਰ ਰਹੇ ਸਨ ਕਿ ਹੜਾਂ ਅਤੇ ਸੇਮ ਨੇ ਉਹਨਾਂ ਨੂੰ ਫਿਰ ਤਬਾਹ ਕਰ ਦਿਤਾ ਤੇ ਉਹਨਾਂ ਨੂੰ ਇਹ ਇਲਾਕਾ ਛਡਣ ਲਈ ਮਜਬੂਰ ਹੋਣਾ ਪਿਆ। 1954 ਤੋਂ 1959 ਤਕ ਅਬੋਹਰ ਵਾਲੇ ਇਲਾਕੇ ਦਾ ਜੋ 5 ਸਾਲ ਦਾ ਜੀਵਨ ਬੀਤਿਆ ਸੀ, ਉਸ ਦਾ ਆਪਣਾ ਹੀ ਇਕ ਅਨੋਖਾ ਸਵਾਦ ਸੀ। ਅਮੀਰੀ ਹੋਵੇ ਜਾਂ ਗਰੀਬੀ, ਜੀਵਨ ਤਾਂ ਚਲਦਾ ਹੀ ਰਹਿੰਦਾ ਹੈ। ਸੋ ਜੀਵਨ ਸੇਮ ਮਾਰੇ ਇਸ ਇਲਾਕੇ ਵਿਚ ਵੀ ਚੱਲ ਰਿਹਾ ਸੀ। 1959 ਵਿਚ ਛਪੀ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਦਾ ਕਾਫੀ ਚਰਚਾ ਹੋ ਚੁਕਾ ਸੀ। ਕੁਝ ਕਹਾਣੀਆਂ ਹਿੰਦੀ ਅਤੇ ਉਦੂ ਵਿਚ ਵੀ ਅਨੁਵਾਦ ਹੋ ਕੇ ਛਪ ਚੁਕੀਆਂ ਸਨ। ਦਿੱਲੀ ਰਹਿੰਦੀ ਸਰੋਜ ਪੁਰੀ ਨਾਂ ਦੀ ਇਕ ਬਹੁਤ ਪੜ੍ਹੀ ਲਿਖੀ ਲੜਕੀ ਨੇ ਪੰਜਾਬੀ ਵਿਚੋਂ ਹਿੰਦੀ ਵਿਚ ਅਨੁਵਾਦ ਕੀਤੀਆਂ ਸਨ। ਉਸ ਦਾ ਕਹਿਣਾ ਸੀ ਕਿ ਮੇਰੀਆਂ ਕਹਾਣੀਆਂ ਸਨ ਆਂਚਲਕ ਅਤੇ ਮੈਂ ਅਤਿਵਾਦੀ ਯਤਾਰਥਵਾਦੀ ਸਾਂ। ਨਤਾਸ਼ਾ ਟਾਲਟਾਏ ਨੂੰ ਰੂਸੀ ਵਿਚ ਕਹਾਣੀਆਂ ਅਨੁਵਾਦ ਕਰਨ ਲਈ ਮੈਂ ਕਿਤਾਬ ਉਹਦੇ ਮਾਸਕੋ ਦੇ ਪਤੇ ਤੇ ਭੇਜ ਦਿਤੀ ਸੀ। 1960-61 ਵਿਚ ਮੇਰੇ ਦੋ ਨਾਟਕ ਨੌਕਰੀਆਂ ਹੀ ਨੌਕਰੀਆਂ ਅਤੇ ਲੌਢਾ ਵੇਲਾ ਵੀ ਛਪ ਗਏ ਸਨ। ਰਸਾਲਿਆਂ ਵਿਚ ਲਗਾਤਾਰ ਕਹਾਣੀਆਂ, ਇਕਾਂਗੀ ਨਾਟਕ ਤੇ ਹੋਰ ਆਰਟੀਕਲਜ ਵੀ਼ ਛਪ ਰਹੇ ਸਨ ਜਿਸ ਨਾਲ ਸਾਹਿਤਕ ਜਗਤ ਵਿਚ ਜਾਣ ਪਛਾਣ ਤੋਂ ਇਲਾਵਾ ਆਮ ਲੋਕਾਂ ਵਿਚ ਵੀ ਮੇਰਾ ਨਾਂ ਬਣਦਾ ਜਾ ਰਿਹਾ ਸੀ। ਕਿਸੇ ਕਿਸੇ ਵੇਲੇ ਮਾਂ ਬਾਪ ਤੇ ਛੋਟੇ ਭੈਣ ਭਰਾ ਬਹੁਤ ਯਾਦ ਆਉਂਦੇ ਜਿਨ੍ਹਾਂ ਪਿਛੇ ਮੈਂ ਅਬੋਹਰ ਦਾ ਇਲਾਕਾ ਛਡ ਕੇ ਏਧਰ ਬਦਲੀ ਕਰਵਾਈ ਸੀ ਪਰ ਉਹਨਾਂ ਨੂੰ ਇਹ ਥਾਂ ਛਡ ਕੇ ਮੇਥੋਂ ਬਹੁਤ ਦੂਰ ਜਾਣਾ ਪੈ ਗਿਆ ਸੀ। ਬਾਪੂ ਅਤੇ ਤਾਏ ਸੰਤਾ ਸਿਹੁੰ ਨੂੰ ਗੁਦੜਢੰਡੀ ਰਹਿੰਦਿਆਂ ਜਿਹੜੀ ਪੰਜਾਬ ਸਰਕਾਰ ਨੇ ਪਹਿਲਾਂ 15 ਰੁਪੈ ਮਹੀਨਾ, ਫਿਰ 25 ਰੁਪੈ ਤੇ ਫਿਰ 30 ਰੁਪੈ ਮਹੀਨਾ ਫਰੀਡਮ ਫਾਈਟਰ ਦੀ ਪੈਨਸ਼ਨ ਲਾਈ ਸੀ,ਸਾਧਨਵਾਸ ਪਿੰਡ ਵਿਚ ਜ਼ਮੀਨ ਅਲਾਟ ਹੋਣ ਕਰ ਕੇ ਜ਼ਿਲਾ ਬਦਲਣ ਨਾਲ ਉਹ ਬੰਦ ਹੋ ਗਈ ਸੀ। ਮੈਂ ਕਾਫੀ ਕੋਸ਼ਿਸ ਕੀਤੀ ਪਰ ਹਿਸਾਰ ਦੇ ਇਕ ਹਿੰਦੂ ਮੈਜਿਸਟਰੇਟ ਨੇ ਇਹ ਦਲੀਲ ਦੇ ਕੇ ਪੈਨਸ਼ਨ ਦਾ ਕੇਸ ਰੱਦ ਕਰ ਦਿਤਾ ਕਿ ਜਦ ਤੁਹਾਨੂੰ ਰੋਟੀ ਖਾਣ ਲਈ ਜ਼ਮੀਨ ਅਲਾਟ ਹੋ ਗਈ ਹੈ ਤਾਂ ਫਿਰ ਤੁਹਾਨੂੰ ਦੇਸ਼ ਦੀ ਆਜ਼ਾਦੀ ਪਿਛੇ ਕੀਤੀਆਂ ਕੁਰਬਾਨੀਆਂ ਲਈ 30 ਰੁਪੈ ਮਹੀਨਾ ਪੈਨਸ਼ਨ ਕਿਉਂ ਦਿਤੀ ਜਾਵੇ।

ਇਸ ਸਕੂਲ ਅਤੇ ਇਲਾਕੇ ਵਿਚ ਮੇਰੀ ਪਹਿਲਾਂ ਵੀ ਕਾਫੀ ਵਾਕਫੀ ਸੀ ਪਰ ਹੁਣ ਇਸ ਵਿਚ ਹੋਰ ਵੀ ਬੜਾ ਵਾਧਾ ਹੋ ਗਿਆ ਸੀ। ਜਿਵੇਂ ਜ਼ਿਲੇ ਦਾ ਏ. ਡੀ. ਐਮ. (ਛੋਟਾ ਡੀ. ਸੀ.) ਸ. ਗੁਰਦੇਵ ਸਿੰਘ ਗਿੱਲ ਮੇਰੀ ਕਹਾਣੀਆਂ ਦੀ ਕਿਤਾਬ ਪੜ੍ਹ ਕੇ ਮੇਰਾ ਦੋਸਤ ਬਣ ਗਿਆ। ਇਸੇ ਤਰ੍ਹਾਂ ਮਹਿੰਦਰ ਸਿੰਘ ਜੋਸ਼ੀ ਜੋ ਫਿਰੋਜ਼ਪੁਰ ਦਾ ਅਡੀਸ਼ਨਲ ਡਿਸਟ੍ਰਿਕਟ ਐਂਡ ਸੈਸ਼ਨ ਜੱਜ ਸੀ, ਖੁਦ ਲੇਖਕ ਹੋਣ ਕਰ ਕੇ ਮੇਰਾ ਦੋਸਤ ਬਣ ਗਿਆ। ਜ਼ਿਲੇ ਦੇ ਹੋਰਨਾਂ ਅਫਸਰਾਂ ਅਤੇ ਮਹਤਵ ਪੂਰਨ ਲੋਕਾਂ ਨਾਲ ਮੇਲ ਜੋਲ ਵਧ ਗਿਆ। ਜਸਬੀਰ ਸਿੰਘ ਆਹਲੂਵਾਲੀਆਂ ਵੀ ਫਿਰੋਜ਼ਪੁਰ ਛਾਉਣੀ ਵਿਚ ਐਗਜ਼ੈਕਟਿਵ ਅਫਸਰ ਲਗਾ ਹੋਇਆ ਸੀ ਅਤੇ ਜ਼ਿਲਾ ਖੇਤੀ ਬਾੜੀ ਅਫਸਰ ਗੁਰਬਚਨ ਸਿੰਘ ਦੀਪਕ ਵੀ ਜਿਸਦੀ ਇਕ ਕਵਿਤਾਵਾਂ ਦੀ ਕਿਤਾਬ ਛਪੀ ਹੋਈ ਸੀ, ਸਭਾ ਵਿਚ ਦਾਖਲ ਹੋ ਗਏ। ਜ਼ਿਲਾ ਲੋਕ ਸੰਪਰਕ ਅਫਸਰ ਸੋਹਨ ਸਿੰਘ ਸਹੋਤਾ ਵੀ ਮੀਟਿੰਗਜ਼ ਵਿਚ ਆਉਂਦਾ। ਫਿਰੋਜ਼ਪੁਰ ਪੰਜਾਬੀ ਸਾਹਿਤ ਸਭਾ ਕਾਮਯਾਬੀ ਨਾਲ ਚੱਲਣ ਲੱਗੀ। ਕਦੇ ਮੋਗੇ ਜਸਵੰਤ ਸਿੰਘ ਕੰਵਲ, ਤਖਤ ਸਿੰਘ, ਕੇ. ਐਲ. ਕਪੂਰ, ਗੁਰਨਾਮ ਸਿੰਘ ਤੀਰ, ਅਜੀਤ ਪੱਤੋ,ਗੁਰਬਖਸ਼ ਬਹਾਲਵੀ ਵੀ ਮਿਲ ਪੈਂਦੇ। ਸ਼ਹਿਰ ਅਤੇ ਛਾਉਣੀ ਦੇ ਲੇਖਕਾਂ ਲਈ ਇਕ ਪਲੇਟਫਾਰਮ ਬਣ ਗਿਆ। ਭਾਵੇਂ ਇਸ ਫਿਟੋਜ਼ਪੁਰ ਪੰਜਾਬੀ ਸਾਹਿਤ ਸਭਾ ਦੇ ਕਈ ਮੈਂਬਰਜ਼ ਜ਼ਿਲੇ ਦੇ ਉਚ ਅਫਸਰ ਸਨ ਪਰ ਬਹੁਤ ਸਾਰੇ ਨਵੇਂ ਪੁਰਾਣੇ ਸਾਧਾਰਨ ਲੇਖਕ ਵੀ ਇਸ ਵਿਚ ਆਉਣਾ ਇਕ ਬਹੁਤ ਵਡਾ ਮਾਣ ਸਮਝਦੇ ਸਨ। ਬਸਤੀ ਕੰਬੋਆਂ ਦਾ ਸ਼ਿਵ ਕੁਮਾਰ ਸ਼ਰਮਾ ਇਸ ਪੰਜਾਬੀ ਸਾਹਿਤ ਸਭਾ ਦੀ ਦੇਣ ਹੀ ਸੀ। ਜ਼ਿਲੇ ਦਾ ਡਿਸਟ੍ਰਿਕਟ ਐਂਡ ਸੈਸ਼ਨ ਜੱਜ ਮਿਸਟਰ ਲੂੰਬਾ ਵੀ ਕਦੀ ਕਦੀ ਇਸ ਸਭਾ ਵਿਚ ਆ ਜਾਂਦਾ। ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰਭਾਵ ਹੇਠਾਂ ਉਹਨੇ ਪ੍ਰੀਤ ਨਗਰ ਪਿੰਡ ਵਿਚ ਪਲਾਟ ਵੀ ਖਰੀਦਿਆ ਹੋਇਆ ਸੀ।

1961 ਦੀਆਂ ਗਰਮੀਆਂ ਵਿਚ ਸੈਂਟਰਲ ਜੇਲ੍ਹ ਫਿਰੋਜ਼ਪੁਰ ਵਿਚ ਮੇਰਾ ਲਿਖਿਆ ਨਾਟਕ "ਨੌਕਰੀਆਂ ਹੀ ਨੌਕਰੀਆਂ" ਅਸਿਸਟੰਟ ਜੇਲ੍ਹ ਸੁਪਰਡੰਟ ਅਮਿਰਤ ਸੈਨੀ ਦਵਾਰਾ ਖੇਡਿਆ ਗਿਆ। ਇਹ ਜੇਲ੍ਹ ਦਾ ਅਫਸਰ ਮੁੰਡਾ ਬੰਬਈ ਦੀ ਫਿਲਮੀ ਲਾਈਨ ਵਿਚ ਅਸਫਲ ਹੋਣ ਪਿਛੋਂ ਜੇਲ੍ਹਾਂ ਦਾ ਅਫਸਰ ਬਣ ਗਿਆ ਸੀ ਪਰ ਜੇਲ੍ਹ ਦੀ ਅਫਸਰੀ ਦੇ ਨਾਲ ਨਾਲ ਉਹਨੂੰ ਇਸ ਗੱਲ ਦਾ ਬੜਾ ਸ਼ੌਕ ਸੀ ਕਿ ਕੈਦੀਆਂ ਦੀ ਭਲਾਈ ਲਈ ਕੁਝ ਕੀਤਾ ਜਾਵੇ। ਉਹ ਅਜੇ ਵੀ ਆਪਣੇ ਆਪ ਨੂੰ ਐਕਟਰ ਹੀ ਸਮਝਦਾ ਸੀ। ਮੈਂ ਤੇ ਉਸ ਨੇ ਬੜੀ ਮਿਹਨਤ ਨਾਲ ਮੇਰਾ ਲਿਖਿਆ ਨਾਟਕ ਡਾਇਰੈਕਟ ਕੀਤਾ। ਇਸ ਡਰਾਮੇ ਵਿਚ ਕੰਮ ਕਰਨ ਵਾਲੇ ਬਹੁਤੇ ਕਿਰਦਾਰ ਉਮਰ ਕੈਦੀ ਕੈਦੀ ਸਨ ਜਿਨ੍ਹਾਂ ਵਿਚ ਨੌਜਵਾਨ ਮਦਨ ਪਾਵਾ ਵੀ ਸੀ ਜੋ ਮਹਾਤਮਾ ਗਾਂਧੀ ਕਤਲ ਕੇਸ ਵਿਚ ਉਮਰ ਕੈਦ ਕੱਟ ਰਿਹਾ ਸੀ। ਉਸ ਦੀ ਕੈਦ ਖਤਮ ਹੋ ਚੁਕੀ ਸੀ ਪਰ ਸਰਕਾਰ ਉਹਨੂੰ ਛਡ ਨਹੀਂ ਰਹੀ ਸੀ। ਇਸ ਡਰਾਮੇ ਨੂੰ ਵੇਖਣ ਲਈ ਚੰਡੀਗੜ੍ਹ ਤੋਂ ਜੇਲ੍ਹਾਂ ਦਾ ਇਨਸਪੈਕਟਰ ਜਨਰਲ ਆਇਆ ਸੀ ਤੇ ਡਰਾਮਾ ਵੇਖ ਕੇ ਬਹੁਤ ਖੁਸ਼ ਹੋਇਆ ਤੇ ਡਰਾਮੇ ਵਿਚ ਕੰਮ ਕਰਨ ਵਾਲੇ ਕੈਦੀਆਂ ਦੀ ਦੋ ਦੋ ਮਹੀਨੇ ਕੈਦ ਮੁਆਫ ਕਰ ਗਿਆ ਸੀ। ਇਸ ਤੋਂ ਇਲਾਵਾ ਉਹਨਾਂ ਨੂੰ ਨਿੰਬੂ ਪਾਣੀ ਦੀ ਸਹੂਲਤ ਵੀ ਦੇ ਗਿਆ ਸੀ। ਡਰਾਮੇ ਦੀ ਰੀਹਰਸਲ ਵੇਲੇ ਮੈਂ ਕਈ ਵਾਰ ਕੈਦੀਆਂ ਦੀ ਬੈਰਕਾਂ ਵਿਚ ਚਲਾ ਜਾਂਦਾ ਅਤੇ ਇਹਨਾਂ ਕੈਦੀਆਂ ਦਾ ਬੜਾ ਜਗਾੜ ਸੀ। ਕਦੀ ਕਦੀ ਇਹ ਅੰਦਰ ਏਨਾ ਵਧੀਆ ਮੀਟ ਭੁੰਨਦੇ ਕਿ ਮੂੰਹੋਂ ਨਹੀਂ ਲਥਦਾ ਸੀ। ਏਥੇ ਹੀ ਮੈਂ ਉਹ ਫੱਟੇ ਤੇ ਰੱਸੇ ਵੀ ਵੇਖੇ ਜਿਥੇ ਫਾਂਸੀ ਦਿਤੀ ਜਾਂਦੀ ਸੀ। ਮੈਂ ਮੁਕਤਸਰ ਵੱਲ ਦੇ ਆਦਮੀਆਂ ਨੂੰ ਵੀ ਵੇਖਿਆ ਜਿਨ੍ਹਾਂ ਨੂੰ ਸਵੇਰੇ ਫਾਂਸੀ ਹੋ ਜਾਣੀ ਸੀ। ਇਹਨਾਂ ਦੀਆਂ ਉਮਰਾਂ ਚਾਲੀਆਂ ਦੇ ਲਾਗੇ ਸਨ ਅਤੇ ਉਹਨਾਂ ਦੇ ਰਿਸ਼ਤੇਦਾਰ ਉਹਨਾਂ ਨੂੰ ਮਿਲਣ ਲਈ ਆਏ ਹੋਏ ਸਨ। ਜਦੋਂ ਇਕ ਮੁਲਜ਼ਮ ਜੋ ਕੁਝ ਜ਼ਿਆਦਾ ਤਕੜਾ ਤੇ ਜਵਾਨ ਸੀ, ਦੀ ਦਾਦੀ ਸੀਖਾਂ ਥਾਣੀਂ ਉਸ ਦਾ ਸਿਰ ਪਲੋਸਣ ਲੱਗੀ ਤਾਂ ਉਹ ਭੁਬਾਂ ਮਾਰ ਕੇ ਰੋ ਪਿਆ ਤੇ ਕਹਿਣ ਲੱਗਾ, "ਮਾਂ ਕੋਈ ਗੱਲ ਨਹੀਂ ਕਤਲ ਕੀਤਾ ਸੀ, ਬਦਲਾ ਲਿਆ ਸੀ। ਨਿਹੱਕੇ ਨੂੰ ਫਾਂਸੀ ਨਹੀਂ ਦਿਤੀ ਜਾ ਰਹੀ"। ਜੇਲ੍ਹ ਵਿਚ ਮੈਨੂੰ ਇਕ ਵੀ ਅਜਿਹਾ ਕੈਦੀ ਨਹੀਂ ਸੀ ਮਿਲਿਆ ਜੋ ਨਿਰਦੋਸ਼ ਹੋਵੇ ਅਤੇ ਬਗੈਰ ਕਿਸੇ ਜੁਰਮ ਦੇ ਉਹਨੂੰ ਕੈਦ ਹੋ ਗਈ ਹੋਵੇ।

ਫਿਰੋਜ਼ਪੁਰੋਂ ਲਖੋ ਕੇ ਬਹਿਰਾਮ ਸਕੂਲ ਪੜ੍ਹਾਣ ਜਾਣ ਲਈ ਬੱਸ ਤੇ ਆਉਣ ਜਾਣ ਦਾ ਡੇਢ ਦੋ ਰੁਪੈ ਕਿਰਾਇਆ ਬਚਾਉਣ ਲਈ ਅਕਸਰ ਮੈਂ ਫਿਰੋਜ਼ਪੁਰੋਂ ਸਾਈਕਲ ਚਲਾ ਕੇ ਲਖੋ ਕੇ ਬਹਿਰਾਮ ਜਾਂਦਾ। ਆਉਣ ਜਾਣ ਦਾ 30 ਮੀਲ ਸਾਈਕਲ ਚਲਾਉਂਦਾ। ਫਿਰ ਛਾਉਣੀ ਦਾ ਗੇੜਾ ਲਗ ਜਾਂਦਾ ਤਾਂ ਦਸ ਪੰਦਰਾਂ ਮੀਲ ਹੋਰ ਹੋ ਜਾਂਦੇ। ਇੰਜ ਕਈ ਵਾਰ ਮੈਂ ਇਕ ਦਿਨ ਵਿਚ 50 ਮੀਲ ਦੇ ਕਰੀਬ ਸਾਈਕਲ ਚਲਾਉਂਦਾ। ਇਸ ਦੇ ਬਾਵਜੂਦ ਕੋਈ ਥਕਾਵਟ ਨਾ ਹੁੰਦੀ। ਇਕ ਦਿਨ ਭੁਪਿੰਦਰ ਦੀ ਕੋਠੀ ਉਹਦਾ ਚਾਚਾ ਮਿਲ ਗਿਆ ਜੋ ਪਾਕਿਸਤਾਨ ਆਪਣੇ ਪਿੰਡ ਜਾ ਕੇ ਆਇਆ ਸੀ ਅਤੇ ਲਾਹੌਰ ਤੇ ਕੁਝ ਹੋਰ ਸ਼ਹਿਰਾਂ ਦੀ ਸੈਰ ਵੀ ਕੀਤੀ ਸੀ। ਉਹ ਪਾਕਿਸਤਾਨ ਦੀਆਂ ਗੱਲਾਂ ਸੁਣਾ ਰਿਹਾ ਸੀ ਤੇ ਦੱਸ ਰਿਹਾ ਸੀ ਕਿ ਓਥੇ ਸਿੱਖਾਂ ਨੂੰ ਬੜੇ ਇੱਜ਼ਤ ਮਾਣ ਨਾਲ ਜੀ ਆਇਆਂ ਆਖਿਆ ਜਾਂਦਾ ਹੈ। ਮੈਂ ਉਹਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਪਾਸਪੋਰਟ ਕਿਵੇਂ ਬਣਦਾ ਹੈ, ਵੀਜ਼ਾ ਕਿਵੇਂ ਮਿਲਦਾ ਹੈ, ਸਾਰੀ ਜਾਣਕਾਰੀ ਹਾਸਲ ਕਰ ਲਈ। ਮੈਂ ਮਨ ਵਿਚ ਧਾਰ ਲਈ ਕਿ ਪਾਕਿਸਤਾਨ ਵਿਚ ਆਪਣਾ ਪਿੰਡ ਵੇਖ ਕੇ ਆਵਾਂ ਅਤੇ ਲਾਹੌਰ, ਸ਼ੇਖੂਪੁਰਾ, ਸਾਂਗਲਾ ਹਿੱਲ, ਲਾਇਲਪੁਰ ਵੀ ਜਾਵਾਂ ਜਿਥੇ ਮੈਂ ਬਚਪਨ ਵਿਚ ਜਾਇਆ ਕਰਦਾ ਸਾਂ ਤੇ ਇਸ ਤਜਰਬੇ ਵਿਚੋਂ ਵੰਡ ਦੇ ਦੁਖਾਂਤ ਤੇ ਇਕ ਨਾਵਲ ਲਿਖਾਂ। ਮੈਂ ਕਚਹਿਰੀਆਂ ਵਿਚੋਂ ਪਾਸਪੋਰਟ ਫਾਰਮ ਲੈ ਕੇ ਭਰਿਆ ਅਤੇ ਫੋਟੋ ਖਿਚਵਾ ਕੇ ਨਾਲ ਲਾਈਆਂ ਤੇ ਤਸਦੀਕ ਆਦਿ ਕਰਵਾ ਕੇ ਚੰਡੀਗੜ੍ਹ ਅਪਲਾਈ ਕਰ ਦਿਤਾ। ਓਸ ਸਮੇਂ ਇੰਟਰਨੈਸ਼ਨਲ ਪਾਸਪੋਰਟ ਵਿਚ ਪਾਕਿਸਤਾਨ ਦੀ ਐਂਟਰੀ ਨਹੀਂ ਹੁੰਦੀ ਸੀ। ਪਾਕਿਸਤਾਨ ਦਾ ਲਾਲ ਰੰਗ ਦਾ ਪਾਸਪੋਰਟ ਵਖਰਾ ਬਣਦਾ ਸੀ ਤੇ ਇਸਦੀ ਮਿਆਦ ਇਕ ਸਾਲ ਦੀ ਹੁੰਦੀ ਸੀ। ਦੋਬਾਰਾ ਇਸ ਨੂੰ ਰੀਨਿਊ ਕਰਵਾਣਾ ਪੈਂਦਾ ਸੀ। ਪੋਲੀਸ ਵੱਲੋਂ ਵੇਰੀਫਿਕੇਸ਼ਨ ਵੀ ਹੁੰਦੀ ਸੀ। ਖੈਰ ਮੈਂ ਪਾਸਪੋਰਟ ਬਨਵਾਉਣ ਵਿਚ ਸਫਲ ਹੋ ਗਿਆ ਤੇ ਦਿੱਲੀ ਪਾਕਿਸਤਾਨ ਦੀ ਐਮਬੈਸੀ ਜਾ ਕੇ ਵੀਜ਼ਾ ਅਪਲਾਈ ਕਰ ਦਿਤਾ। ਵੀਜ਼ਾ ਅਪਲਾਈ ਕਰਨ ਵੇਲੇ ਜਿਥੇ ਜਿਥੇ ਜਾਣਾ ਹੋਵੇ, ਓਥੋਂ ਦੇ ਵਾਕਫਕਾਰਾਂ ਦੇ ਨਾਂ ਪਤੇ ਚਾਹੀਦੇ ਹੁੰਦੇ ਹਨ। ਉਰਦੂ ਦੇ ਮਸ਼ਹੂਰ ਰਸਾਲੇ ਬੀਸਵੀਂ ਸਦੀ ਵਿਚ ਕਈ ਪਾਕਿਸਤਾਨੀ ਲਿਖਾਰੀਆਂ ਦੇ ਅਫਸਾਨੇ ਛਪਿਆ ਕਰਦੇ ਸਨ ਜਿਨ੍ਹਾਂ ਦੇ ਪਤੇ ਵੀ ਰਸਾਲੇ ਵਿਚ ਛਪੇ ਹੁੰਦੇ ਸਨ। ਵੈਸੇ ਤਾਂ ਪਾਕਿਸਤਾਨ ਵਿਚ ਮੇਰਾ ਕੋਈ ਵਾਕਫ ਨਹੀਂ ਸੀ ਤੇ ਮੈਂ ਪਾਕਿਸਤਾਨ ਵਿਚ ਸਿਰਫ ਤਿੰਨ ਥਾਵਾਂ ਤੇ ਜਾ ਸਕਦਾ ਸਾਂ। ਆਪਣੇ ਪਿੰਡ ਦੇ ਈਸਾਈ ਪਰਵਾਰ ਜੋ ਪਾਕਿਸਤਾਨ ਬਨਣ ਵੇਲੇ ਓਧਰ ਰਹਿ ਗਏ ਸਨ, ਉਹਨਾਂ ਦਾ ਨਾਂ ਪਤਾ ਅਤੇ ਲਾਹੌਰ ਮਸ਼ਹੂਰ ਲਿਖਾਰੀ ਅਕਰਾਮ ਲੁਧਿਆਣਵੀ ਜਿਸ ਨਾਲ ਉਹਦੇ ਛਪੇ ਅਫਸਾਨਿਆਂ ਬਾਰੇ ਮੇਰੀ ਖਤੋ ਕਿਤਾਬਤ ਹੁੰਦੀ ਰਹਿੰਦੀ ਸੀ, ਦਾ ਪਤਾ ਅਤੇ ਲਾਇਲਪੁਰ ਦੀ ਇਕ ਮੁਸਲਮਾਨ ਲੇਖਕ ਕੁੜੀ ਮਿਸ ਇਜਾਜ਼ ਨਸਰੀਨ ਦਾ ਪਤਾ ਲਿਖ ਦਿਤਾ। ਫਾਰਮ, ਫੀਸ ਤੇ ਫੋਟੋਜ਼ ਜਮ੍ਹਾਂ ਕਰਵਾਈਆਂ ਤੇ ਮੈਨੂੰ ਓਸੇ ਸ਼ਾਮ ਪਾਕਿਸਤਾਨ ਜਾਣ ਦਾ ਤਿੰਨ ਮਹੀਨਿਆਂ ਦਾ ਵੀਜ਼ਾ ਮਿਲ ਗਿਆ।

ਨਵੰਬਰ 1961 ਦਾ ਅਧ ਸੀ ਜਦੋਂ ਮੈਂ ਸਤਲੁਜ ਦਰਿਆ ਲੰਘ ਕੇ ਹੁਸੈਨੀ ਵਾਲਾ ਬਾਰਡਰ ਪਾਰ ਕੀਤਾ। ਮੇਰੇ ਕਈ ਦੋਸਤ ਜਿਨ੍ਹਾਂ ਵਿਚ ਟਾਂਗਾ ਰਿਕਸ਼ਾ ਯੂਨੀਅਨ ਦਾ ਪਰਧਾਨ ਡੇਵਡ ਗਾਜ਼ੀ ਵੀ ਸੀ। ਡੇਵਡ ਗਾਜ਼ੀ ਦਾ ਅਧਾ ਪਰਵਾਰ ਲਾਹੌਰ ਵਿਚ ਸੀ ਅਤੇ ਅਧਾ ਫਿਰੋਜ਼ਪੁਰ ਵਿਚ। ਡੇਵਡ ਗਾਜ਼ੀ ਜੋ ਪੰਜਾਬੀ ਦਾ ਸ਼ਾਇਰ ਵੀ ਸੀ, ਦੀ ਮਾਂ ਮਿਸਜ਼ ਗਾਜ਼ੀ, ਇਕ ਮਾਸੀ ਮਿਸ ਸ਼ਾਂਤੀ ਸਿੰਘ ਅਤੇ ਇਕ ਹੋਰ ਫੌਤ ਹੋ ਚੁਕੀ ਮਾਸੀ ਦੇ ਬੱਚੇ ਲਾਹੌਰ ਮੁਹੰਮਦ ਨਗਰ ਇਲਾਕੇ ਵਿਚ ਰਹਿੰਦੇ ਸਨ ਜੋ ਲਾਹੌਰ ਸਟੇਸ਼ਨ ਤੋਂ ਬਾਹਰ ਨਿਕਲ ਕੇ ਕੁਝ ਮੀਲਾਂ ਦੀ ਵਿਥ ਤੇ ਖਬੇ ਪਾਸੇ ਪੈਂਦਾ ਸੀ। ਡੇਵਡ ਗਾਜ਼ੀ ਦੀ ਇਕ ਮਾਸੀ ਫਿਰੋਜ਼ਪੁਰ

ਕਨਟੋਮੈਂਟ ਦੇ ਇਕ ਪ੍ਰਾਇਮਰੀ ਸਕੂਲ ਵਿਚ ਟੀਚਰ ਸੀ ਤੇ ਡੇਵਡ ਦੀ ਨਾਨੀ ਅਤੇ ਛੋਟਾ ਭਰਾ ਵਿਲਸਨ ਫਿਰੋਜ਼ਪੁਰ ਰਹਿੰਦੇ ਸਨ। ਮੁਲਕ ਦੀ ਵੰਡ ਵੇਲੇ ਉਹਨਾਂ ਨੂੰ ਪਤਾ ਨਹੀਂ ਸੀ ਕਿ ਇਹ ਪਰਵਾਰ ਦਾ ਪਾੜਾ ਇਕ ਦਿਨ ਬਹੁਤ ਵਡਾ ਨਾਸੂਰ ਬਣ ਜਾਵੇਗਾ। ਉਸਦੇ ਬਾਪ ਦੀ ਲਾਹੌਰ ਵਿਚ ਕਾਫੀ ਪਹਿਲਾਂ ਮੌਤ ਹੋ ਚੁਕੀ ਸੀ। ਸ਼ੁਰੂ ਵਿਚ ਤਾਂ ਇਸ ਪਰਵਾਰ ਨੂੰ ਏਧਰ ਓਦਰ ਜਾਣ ਲਈ ਵੀਜ਼ਾ ਮਿਲ ਜਾਂਦਾ ਸੀ ਪਰ ਪਿਛੋਂ ਸਰਕਾਰ ਇਹਨਾਂ ਤੇ ਸ਼ਕ ਕਰਨ ਲੱਗ ਪਈ ਤੇ ਇਹਨਾਂ ਨੂੰ ਵੀਜ਼ਾ ਲੈਣ ਵਿਚ ਬਹੁਤ ਦੁਸ਼ਵਾਰੀ ਆਉਣ ਲਗੀ। ਮਿਸ ਸ਼ਾਂਤੀ ਸਿੰਘ ਵੰਡ ਤੋਂ ਬਾਅਦ ਫਿਰੋਜ਼ਪੁਰ ਆ ਕੇ ਕਈ ਸਾਲ ਰਹੀ ਤੇ ਨਰਸ ਦਾ ਕੰਮ ਕਰਨ ਲਗ ਪਈ ਪਰ ਇਕ ਦਿਨ ਕਿਸੇ ਮੁਖਬਰ ਦੇ ਕਹਿਣ ਤੇ ਉਹਨੂੰ ਚੁਕ ਕੇ ਪਾਕਿਸਤਾਨ ਭੇਜ ਦਿਤਾ ਗਿਆ। ਡੇਵਡ ਨੇ ਆਪਣੀ ਮਾਂ, ਮਾਸੀ ਤੇ ਬਾਕੀ ਪਰਵਾਰ ਲਈ ਚਾਹ ਦੀ ਪੱਤੀ, ਖੰਡ, ਪਾਨ ਦੇ ਪੱਤੇ ਤੇ ਕੁਝ ਹੋਰ ਗਿਫਟ ਮੈਨੂੰ ਪਕੜਾ ਦਿਤੇ ਅਤੇ ਆਪਣੀ ਮਾਂ ਦਾ ਪਤਾ ਲਿਖ ਕੇ ਇਹ ਵੀ ਕਹਿ ਦਿਤਾ ਕਿ ਲਾਹੌਰ ਵਿਚ ਤੁਸੀਂ ਸਾਡੇ ਘਰ ਠਹਿਰਣਾ ਤੇ ਤੁਹਾਨੂੰ ਹੋਰ ਕਿਤੇ ਜਾਣ ਦੀ ਲੋੜ ਨਹੀਂ ਹੈ। ਮੈਂ ਉਸ ਵੇਲੇ ਨੌਜਵਾਨ ਸਾਂ। ਵਧੀਆ ਨਵਾਂ ਸੂਟ ਬੂਟ ਪਾ ਕੇ ਜਦੋਂ ਨੋ ਮੈਨ ਲੈਂਡ ਤੋਂ ਪਾਕਿਸਤਾਨ ਦੀ ਹਦ ਅੰਦਰ ਦਾਖਲ ਹੋਇਆ ਤਾਂ ਮੇਰੇ ਕਦਮਾਂ ਵਿਚੋਂ ਵੀ ਖੁਸ਼ੀ ਝਲਕ ਰਹੀ ਸੀ ਕਿ 14 ਸਾਲਾਂ ਬਾਅਦ ਮੈਂ ਫਿਰ ਓਸ ਮੁਲਕ ਦੀ ਧਰਤੀ ਤੇ ਪੈਰ ਰਖ ਰਿਹਾ ਸਾਂ ਜੋ ਕਦੇ ਹਿੰਦੋਸਤਾਨ ਦਾ ਹਿੱਸਾ ਸੀ। ਪਾਕਿਸਤਾਨ ਇਮੀਗਰੇਸ਼ਨ ਦੇ ਇਕ ਪੋਲੀਸ ਸਬ ਇਨਸਪੈਕਟਰ ਨੇ ਬੜੇ ਤਪਾਕ ਨਾਲ ਮੇਰੇ ਨਾਲ ਹਥ ਮਿਲਾਇਆ,ਕੁਰਸੀ ਤੇ ਬਿਠਾਇਆ, ਚਾਹ ਮੰਗਵਾਈ ਅਤੇ ਪਾਸਪੋਰਟ ਤੇ ਵੀਜ਼ੇ ਦੀ ਐਂਟਰੀ ਆਪਣੇ ਰਜਿਸਟਰ ਵਿਚ ਦਰਜ ਕੀਤੀ ਤੇ ਪਾਸਪੋਰਟ ਤੇ ਮੋਹਰ ਲਾ ਕੇ ਦਸਤਖਤ ਕਰ ਦਿਤੇ ਅਤੇ ਹਦਾਇਤ ਕੀਤੀ ਕਿ ਮੈਂ 24 ਘੰਟੇ ਦੇ ਅੰਦਰ ਅੰਦਰ ਲਾਹੌਰ ਸਿਨੀਅਰ ਸੁਪਰਡੰਟ ਪੋਲੀਸ ਦੇ ਦਫਤਰ ਵਿਚ ਜਾ ਕੇ ਆਪਣੀ ਰਵਾਨਗੀ ਦਰਜ ਕਰਾਵਾਂ ਅਤੇ ਫਿਰ ਜਿਸ ਇਲਾਕੇ ਵਿਚ ਰਹਿਣਾ ਹੈ, ਓਸ ਇਲਾਕੇ ਦੇ ਥਾਣੇ ਵਿਚ ਵੀ ਆਪਣੀ ਰਿਪੋਰਟ ਲਿਖਾਵਾਂ। ਜਦੋਂ ਮੈਂ ਇਮੀਗਰੇਸ਼ਨ ਵਿਚੋਂ ਬਾਹਰ ਆਇਆ ਤਾਂ ਸਬ ਇਨਸਪੈਕਟਰ ਜੋ ਬੜੀ ਠੇਠ ਪੰਜਾਬੀ ਬੋਲਦਾ ਸੀ,ਮੈਨੂੰ ਬਾਹਰ ਤਕ ਛਡਣ ਆਇਆ ਤੇ ਜਦ ਮੈਂ ਕਸਟਮ ਕਲੀਅਰ ਕੀਤਾ ਤਾਂ ਓਥੇ ਕਈ ਨੌਜਵਾਨ ਖੂਬਸੂਰਤ ਮੁਸਲਮਾਨ ਮੁੰਡੇ ਖੜ੍ਹੇ ਸਨ ਜਿਨ੍ਹਾਂ ਨੇ ਕਪੜੇ ਵੀ ਕਾਫੀ ਅਛੇ ਪਾਏ ਹੋਏ ਸਨ। ਉਹ ਮੇਰੇ ਵੱਲ ਲੋੜੋਂ ਜ਼ਿਆਦਾ ਗਹੁ ਨਾਲ ਵੇਖ ਰਹੇ ਸਨ ਅਤੇ ਆਖਰ ਉਹਨਾਂ ਸਬ ਇਨਸਪੈਕਟਰ ਨੂੰ ਕਹਿ ਹੀ ਦਿਤਾ ਕਿ ਅਸੀਂ ਜ਼ਿੰਦਗੀ ਵਿਚ ਐਨਾ ਨੇੜੇ ਤੋਂ ਕਦੀ ਕੋਈ ਸਰਦਾਰ ਨਹੀਂ ਵੇਖਿਆ। ਅਸੀਂ ਇਹਦੇ ਨਾਲ ਹਥ ਮਿਲਾਉਣਾ ਚਹੁੰਦੇ ਹਾਂ ਅਤੇ ਫੋਟੋ ਖਿਚਵਾਣਾ ਚਹੁੰਦੇ ਹਾਂ। ਸਬ ਇਨਸਪੈਕਟਰ ਨੇ ਸਭ ਨਾਲ ਮੇਰੇ ਹਥ ਮਿਲਵਾਏ, ਫੋਟੋ ਖਿਚਵਾਈਆਂ ਤੇ ਉਹਨਾਂ ਮੁੰਡਿਆਂ ਨੇ ਦਸਿਆ ਕਿ ਉਹ ਗਵਰਮੈਂਟ ਕਾਲਜ ਲਾਹੌਰ ਅਤੇ ਹੈਲੇ ਕਾਲਜ ਆਫ ਕਮਰਸ ਲਾਹੌਰ ਦੇ ਤਾਲਬਇਲਮ ਸਨ ਅਤੇ ਬਾਰਡਰ ਵੇਖਣ ਆਏ ਸਨ। ਉਹਨਾਂ ਵਿਚ ਇਕ ਮੁੰਡੇ ਮੁਹਮੰਦ ਨਿਵਾਜ਼ ਦਾ ਦੋ ਕੁ ਮੀਲ ਦੀ ਵਿਥ ਤੇ ਪਿੰਡ ਬੁਰਜ ਕਲਾਂ ਸੀ। ਨਿਵਾਜ਼ ਨੇ ਸਬ ਇਨਸਪੈਕਟਰ ਨੂੰ ਤੇ ਮੈਨੂੰ ਸਾਂਝਾ ਕਿਹਾ ਕਿ ਅਸੀਂ ਇਸ ਸਰਦਾਰ ਸਾਹਿਬ ਨੂੰ ਆਪਣੇ ਪਿੰਡ ਲਿਜਾਣਾ ਚਹੁੰਦੇ ਹਾਂ। ਮੈਂ ਕਿਹਾ ਕਿ ਵੀਜ਼ੇ ਅਨੁਸਾਰ ਮੈਂ ਸਿਰਫ ਲਾਹੌਰ ਜਾ ਸਕਦਾ ਹਾਂ। ਸਬ ਇਨਸਪੈਕਟਰ ਕਹਿਣ ਲੱਗਾ ਕਿ ਕਾਨੂੰਨ ਅਨੁਸਾਰ ਤੁਸੀਂ ਚੌਵੀ ਘੰਟੇ ਦੇ ਅੰਦਰ ਅੰਦਰ ਲਾਹੌਰ ਐਸ. ਐਸ. ਪੀ. ਦਫਤਰ ਵਿਚ ਰੀਪੋਰਟ ਦੇਣੀ ਹੈ। ਉਸ ਨੇ ਨਵਾਜ਼ ਕੋਲੋਂ ਉਹਦੇ ਬਾਪ ਦਾ ਨਾਂ ਪੁਛਿਆ ਤਾਂ ਸੁਣ ਕੇ ਬਹੁਤ ਖੁਸ਼ ਹੋਇਆ ਕਿ ਉਹ ਪਿੰਡ ਦੇ ਸਭ ਤੋਂ ਅਮੀਰ ਚੌਧਰੀ ਦਾ ਮੁੰਡਾ ਸੀ ਜਿਨ੍ਹਾਂ ਦੀ ਚੋਖੀ ਜ਼ਮੀਨ ਜਾਇਦਾਦ ਸੀ। ਫਿਰ ਵੀ ਸਬ ਇਨਸਪੈਕਟਰ ਨੇ ਇਹਤਿਆਤਨ ਕਿਹਾ ਕਿ ਕੱਲ ਦੋਪਹਿਰ ਤਕ ਇਹਨਾਂ ਨੂੰ ਐਸ. ਐਸ. ਪੀ. ਲਾਹੌਰ ਦੇ ਦਫਤਰ ਜ਼ਰੂਰ ਪੁਚਾ ਦੇਣਾ ਜੋ ਮੁੰਡਿਆਂ ਨੇ ਖਿੜੇ ਮਥੇ ਕਬੂਲ ਕਰ ਲਿਆ। ਨਵਾਜ਼ ਆਪਣੇ ਲਾਹੌਰ ਵਾਲੇ ਦੋਸਤਾਂ ਨੂੰ ਪਿੰਡੋਂ ਟਰੈਕਟਰ ਤੇ ਲੈ ਕੇ ਆਇਆ ਸੀ। ਮੈਂ ਵੀ ਟਰੈਕਟਰ ਤੇ ਉਹਨਾਂ ਨਾਲ ਬੈਠ ਗਿਆ ਤੇ ਕਸੂਰ ਰੋਡ ਤੇ ਥੋੜ੍ਹਾ ਅਗੇ ਜਾ ਕੇ ਜਦੋਂ ਟਰੈਕਟਰ ਪਿੰਡ ਦੇ ਰਾਹ ਪੈਣ ਲੱਗਾ ਤਾਂ ਮੈਂ ਵੇਖਿਆ ਕਿ ਸੱਜੇ ਹਥ ਥਾਣਾ ਗੰਡਾ ਸਿੰਘ ਵਾਲਾ ਲਿਖਿਆ ਹੋਇਆ ਸੀ। ਮੈਂ ਨਵਾਜ਼ ਨੂੰ ਕਿਹਾ ਕਿ ਆਪਾਂ ਥਾਣੇ ਵੀ ਇਤਲਾਹ ਦੇ ਚਲੀਏ ਤਾਂ ਨਵਾਜ਼ ਨੇ ਟਰੈਕਟਰ ਥਾਣੇ ਵਲ ਮੋੜ ਲਿਆ। ਮੁਨਸ਼ੀ ਨਵਾਜ਼ ਦੇ ਘਰ ਦਿਆਂ ਦਾ ਵਾਕਫ ਸੀ। ਉਹ ਵੀ ਬੜੇ ਤਪਾਕ ਨਾਲ ਮਿਲਿਆ ਤੇ ਨਵਾਜ਼ ਨੇ ਸਬ ਇਨਸਪੈਕਟਰ ਇਮੀਗਰੇਸ਼ਨ ਨਾਲ ਹੋਈ ਸਾਰੀ ਗੱਲ ਮੁਨਸ਼ੀ ਨੂੰ ਦੱਸ ਦਿਤੀ ਤਾਂ ਮੁਨਸ਼ੀ ਹੱਸ ਕੇ ਹਥ ਮਿਲਾਉਂਦਾ ਕਹਿਣ ਲਗਾ, "ਸਰਦਾਰ ਸਾਹਿਬ ਤੁਸੀਂ ਸਾਡੇ ਮੁਲਕ ਦੇ ਮਹਿਮਾਨ ਹੋ, ਜਿਥੇ ਮਰਜ਼ੀ ਜਾਓ, ਰਹੋ, ਘੁੰਮੋ ਤੇ ਐਸ਼ ਕਰੋ" ਤੇ ਅਸੀਂ ਸਾਰੇ ਨਵਾਜ਼ ਦੇ ਪਿੰਡ ਬੁਰਜ ਕਲਾਂ ਆ ਗਏ। ਸਾਰੇ ਪਿੰਡ ਵਿਚ ਜਿਸ ਤਰ੍ਹਾਂ ਕੋਈ ਹਾਥੀ ਆ ਗਿਆ ਹੋਵੇ। ਸਾਰਾ ਪਿੰਡ ਚੌਧਰੀ ਦੇ ਵਿਹੜੇ ਵਿਚ ਇਕਠਾ ਹੋ ਗਿਆ। ਸਭ ਜਫੀਆਂ ਪਾ ਪਾ ਮਿਲਣ ਤੇ ਕਈ ਤਾਂ ਰੋਣ ਲਗ ਪਏ ਕਿ ਤੁਸੀਂ ਸਾਨੂੰ ਛਡ ਕੇ ਕਿਥੇ ਚਲੇ ਗਏ ਸੋ। ਨਵਾਜ਼ ਦੀ ਦਾਦੀ ਜੋ ਜ਼ੀਰੇ ਦੇ ਕਿਸੇ ਸਿੱਖ ਪਰਵਾਰ ਵਿਚੋਂ ਸੀ,ਨੇ ਮੇਰਾ ਸਿਰ ਪਲੋਸਿਆ, ਮਥਾ ਚੁੰਮਿਆ, ਗਲਵਕੜੀ ਵਿਚ ਲਿਆ ਤੇ ਕਹਿਣ ਲੱਗੀ, "ਮੇਰੇ ਭਰਾ ਦਾ ਮੁੰਡਾ ਆਪਣੀ ਭੂਆ ਨੂੰ ਮਿਲਣ ਆਇਆ ਹੈ"। ਵਡੇ ਚੌਧਰੀ ਨੇ ਨੌਕਰਾਂ ਨੂੰ ਦੇਗਾਂ ਚਾੜ੍ਹਨ, ਹਲਵਾ ਬਨਾਉਣ ਤੇ ਪੂਰਾ ਬਕਰਾ ਤੇ ਮੁਰਗੇ ਬਨਾਉਣ ਦਾ ਹੁਕਮ ਦੇ ਦਿਤਾ ਕਿ ਅਜ ਇਕ ਸਰਦਾਰ ਦੇ ਸਾਡੇ ਘਰ ਆਉਣ ਤੇ ਸਾਡੇ ਵੱਲੋਂ ਸਾਰੇ ਪਿੰਡ ਨੂੰ ਰੋਟੀ ਦੀ ਦਾਅਵਤ ਹੈ। ਵਡੇ ਚੌਧਰੀ ਨੇ ਪਿੰਡ ਦੇ ਮੋਚੀ ਨੂੰ ਬੁਲਾਇਆ ਅਤੇ ਮੇਰੇ ਤੇ ਮੇਰੀ ਘਰਵਾਲੀ ਲਈ ਸੁੱਚੇ ਤਿੱਲੇ ਦੀਆਂ ਜੁਤੀਆਂ ਤਿਆਰ ਕਰਨ ਦਾ ਹੁਕਮ ਦੇ ਦਿਤਾ। ਦਰਜ਼ੀ ਨੂੰ ਬੁਲਾ ਕੇ ਵਧੀਆ ਕਪੜੇ ਦਾ ਕੁੜਤਾ ਸਲਵਾਰ ਬਨਾਉਣ ਹੁਕਮ ਦੇ ਦਿਤਾ। ਫਿਰ ਢੋਲ ਵਾਲੇ ਨੂੰ ਬੁਲਾ ਕੇ ਢੋਲ ਵਜਾਉਣ ਲਈ ਕਿਹਾ ਤੇ ਪਿੰਡ ਦੇ ਕਈ ਮੁਸਲਮਾਨ ਗਭਰੂ ਢੋਲ ਦੀ ਤਾਨ ਤੇ ਨੱਚਣ ਲਗੇ। ਇਕ ਗਭਰੂ ਨੇ ਮੈਨੂੰ ਪਾਸੇ ਕਰ ਕੇ ਪੁਛਿਆ ਕਿ ਘਰ ਦੀ ਕਢੀ ਦਾਰੂ ਪੀਣੀ ਹੈ ਤਾਂ ਲਿਆਵਾਂ ਪਰ ਮੈਂ ਨਾਂਹ ਕਰ ਦਿਤੀ। ਵੰਡ ਤੋਂ ਪਹਿਲਾਂ ਇਸ ਪਿੰਡ ਦੇ ਲੋਕ

ਆਪਣੀਆਂ ਫਸਲਾਂ ਫਿਰੋਜ਼ਪੁਰ ਸ਼ਹਿਰ ਦੀ ਮੰਡੀ ਵਿਚ ਵੇਚਣ ਲਈ ਲਿਜਾਇਆ ਕਰਦੇ ਸਨ। ਹੁਣ ਕਸੂਰ ਲਿਜਾਂਦੇ ਸਨ। ਫਿਰੋਜ਼ਪੁਰ ਇਹਨਾਂ ਨੂੰ ਨੇੜੇ ਪੈਂਦਾ ਸੀ। ਫਿਰੋਜ਼ਪੁਰ ਸਬਜ਼ੀ ਮੰਡੀ ਦੇ ਆੜ੍ਹਤੀਆਂ ਦੇ ਨਾਂ ਇਹਨਾਂ ਨੂੰ 14 ਸਾਲਾਂ ਬਾਅਦ ਵੀ ਕੱਲ ਵਾਂਗ ਯਾਦ ਸਨ। ਕਈਆਂ ਦੇ ਵੰਡ ਤੋਂ ਪਹਿਲਾਂ ਵੇਚੀਆਂ ਫਸਲਾਂ ਤੇ ਸਬਜ਼ੀਆਂ ਦੇ ਬਕਾਏ ਫਿਰੋਜ਼ਪੁਰ ਦੇ ਆੜ੍ਹਤੀਆਂ ਕੋਲ ਪਏ ਸਨ। ਮੁਲਕ ਵੰਡਿਆ ਗਿਆ ਤੇ ਇਸ ਪਾਸੇ ਦੇ ਲੋਕ ਮੁੜਕੇ ਆਪਣੇ ਬਕਾਏ ਲੈਣ ਲਈ ਬਾਰਡਰ ਪਾਰ ਕਰ ਕੇ ਜਾ ਹੀ ਨਾ ਸਕੇ। ਹਿੰਦ ਪਾਕ ਦੀ ਹੱਦ ਤੇ ਪਾਕਿਸਤਾਨ ਦੇ ਜ਼ਿਲਾ ਲਾਹੌਰ (ਹੁਣ ਜ਼ਿਲਾ ਕਸੂਰ) ਵਿਚ ਪੈਂਦੇ ਇਸ ਬੁਰਜ ਕਲਾਂ ਪਿੰਡ ਦੀ ਇਹ ਰਾਤ ਜ਼ਿੰਦਗੀ ਵਿਚ ਕਦੇ ਨਾ ਭੁਲਣ ਵਾਲੀ ਰਾਤ ਸੀ।

**ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ**

ਨਹੀਂ ਰੀਸਾਂ ਸ਼ਹਿਰ ਲਾਹੌਰ ਦੀਆਂ --ਕਿਸ਼ਤ:- 40

ਅਗਲੇ ਦਿਨ ਵਡੇ ਚੌਧਰੀ ਨੇ ਤੁਰਨ ਵੇਲੇ ਮੈਨੂੰ ਘੁੱਟ ਕੇ ਜਫੀ ਪਾਈ ਅਤੇ ਪਾਕਿਸਤਾਨੀ ਸੌ ਰੁਪੈ ਨਕਦ ਦਿਤੇ ਜੋ 1961 ਵਿਚ ਵਡੀ ਰਕਮ ਸਮਝੀ ਜਾਂਦੀ ਸੀ। ਭਾਰਤ ਵਿਚੋਂ ਪਾਕਿਸਤਾਨ ਜਾਣ ਵੇਲੇ ਸੌ ਰੁਪੈ ਤੋਂ ਵਧ ਰਕਮ ਨਾਲ ਲਿਜਾਣ ਦੇ ਹੁਕਮ ਨਹੀਂ ਸਨ ਅਤੇ ਹੁਣ ਮੇਰੀ ਜੇਬ ਵਿਚ ਦੋ ਸੌ ਪਾਕਿਸਤਾਨੀ ਰੁਪੈ ਸਨ ਜਿਨ੍ਹਾਂ ਨਾਲ ਮੈਂ ਆਸਾਨੀ ਨਾਲ ਪਾਕਿਸਤਾਨ ਵਿਚ ਖਰਚ ਅਤੇ ਸ਼ਾਪਿੰਗ ਕਰ ਸਕਦਾ ਸਾਂ। ਮੈਨੂੰ ਯਾਦ ਸੀ ਕਿ ਮੇਰੇ ਘਰ ਵਾਲਿਆਂ ਨੇ ਬਾਦਾਮ ਰੋਗਨ, ਸੈਵਨ ਸੀਜ਼ ਮਛੀ ਦੇ ਤੇਲ ਦੇ ਕੈਪਸੂਲ, ਥਰਮਾਮੀਟਰ, ਨਿਓਜ਼ੇ, ਸ਼ਰਧਾ ਖਰਬੂਜ਼ੇ, ਢਾਕੇ ਦੀ ਮਲਮਲ,ਕਿਨੂੰ, ਬਦੇਸ਼ੀ ਕਪੜੇ ਤੇ ਹੋਰ ਕਈ ਕੁਝ ਲਿਆਣ ਦੀ ਤਾਕੀਦ ਕੀਤੀ ਸੀ। ਮੈਂ ਉਹਨਾਂ ਮੁਸਲਮਾਨ ਮੁੰਡਿਆਂ ਨਾਲ ਬੱਸ ਤੇ ਚੜ੍ਹ ਕੇ ਕਸੂਰ ਵਿਚੋਂ ਲੰਘ ਲਾਹੌਰ ਆ ਗਿਆ। ਲਾਹੌਰ ਦਾਖਲ ਹੋਣ ਵੇਲੇ ਮੈਂ ਬੜਾ ਜਜ਼ਬਾਤੀ ਹੁੰਦਾ ਜਾ ਰਿਹਾ ਸਾਂ। ਸਤੰਬਰ 1947 ਤੋਂ ਬਾਅਦ ਮੈਂ ਲਾਹੌਰ ਪਹਿਲੀ ਵਾਰ 14 ਸਾਲਾਂ ਬਾਅਦ ਆਇਆ ਸਾਂ। ਇਸ ਸ਼ਹਿਰ ਨਾਲ ਮੇਰੀਆਂ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਸਨ। ਸਤੰਬਰ 1947 ਦੇ ਅੰਤ ਵਿਚ ਲਾਹੌਰ ਵਿਚੋਂ ਬਤੌਰ ਰੀਫਿਊਜੀ ਗੱਡੀ ਵਿਚ ਬੰਦ ਹੋ ਕੇ ਕੈਦੀਆਂ ਵਾਂਗ ਲੰਘੇ ਸਾਂ ਅਤੇ ਜਿੰਨਾ ਚਿਰ ਗੱਡੀ ਨੇ ਗੰਡਾਸਿੰਘ ਵਾਲਾ ਟੱਪ ਕੇ ਸਤਲੁਜ ਦਰਿਆ ਪਾਰ ਨਹੀਂ ਸੀ ਕੀਤਾ, ਮੌਤ ਹਰ ਪਲ ਸਿਰ ਤੇ ਲਟਕਦੀ ਰਹੀ ਸੀ। ਖੈਰ! ਮੈਂ ਆਪਣੇ ਆਪ ਨੂੰ ਕਾਬੂ ਕੀਤਾ ਅਤੇ ਅਸੀਂ ਮੁੰਡਿਆਂ ਦੇ ਹੋਸਟਲ ਦੇ ਕਮਰੇ ਵਿਚ ਸਾਮਾਨ ਰਖਿਆ ਤੇ ਸਿੱਧੇ ਐਸ. ਐਸ. ਪੀ. ਦਫਤਰ ਜਾ ਕੇ ਆਪਣੀ ਰਵਾਨਗੀ ਪਾਈ। ਰਜਿਸਟਰੇਸ਼ਨ ਹੌਲਦਾਰ ਕਹਿਣ ਲੱਗਾ, ਸਰਦਾਰ ਜੀ ਭਾਰਤ ਵਿਚੋਂ ਮੇਰੇ ਲਈ ਬਹੁਤੀ ਸਿਆਹੀ ਭਰਨ ਵਾਲਾ ਵਡਾ ਪੈੱਨ ਲਿਆਏ ਹੋ। ਮੈਂ ਜੇਬ ਚੋਂ ਪੈੱਨ ਕਢ ਕੇ ਉਹਨੂੰ ਫੜਾ ਦਿਤਾ। ਓਥੇ ਹੋਰ ਵੀ ਭਾਰਤ ਵਿਚੋਂ ਗਏ ਹਿੰਦੋਸਤਾਨੀ ਵਿਜ਼ਟਰਜ਼ ਜਿਨ੍ਹਾਂ ਵਿਚ ਜ਼ਿਆਦਾ ਮੁਸਲਮਾਨ ਔਰਤਾਂ,ਮਰਦ ਤੇ ਬੱਚੇ ਸਨ, ਪਾਕਿਸਤਾਨ ਵਿਚ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਆਏ ਹੋਣ ਕਾਰਨ ਆਪਣੀ ਰਵਾਨਗੀ ਪਵਾ ਰਹੇ ਸਨ। ਹੌਲਦਾਰ ਨੇ ਇਕ ਪਰਚਾ ਕੱਟ ਕੇ ਮੇਰੇ ਹਥ ਫੜਾਉਂਦਿਆਂ ਕਿਹਾ ਕਿ ਜਿਸ ਹੋਸਟਲ ਵਿਚ ਤੁਸੀਂ ਠਹਿਰੇ ਓ, ਉਹਨੂੰ ਅਨਾਰਕਲੀ ਜਾਂ ਮੁਜ਼ੰਗ ਦਾ ਥਾਣਾ ਲਗਦਾ ਹੈ। ਓਸ ਥਾਣੇ ਜਾ ਕੇ ਰਪਟ ਲਿਖਾ ਦਿਓ ਤੇ ਜਦ ਵਾਪਸ ਜਾਣਾ ਹੋਇਆ ਤਾਂ ਫਿਰ ਥਾਣੇ ਵਾਪਸੀ ਪਵਾ ਕੇ ਇਸ ਦਫਤਰ ਵਿਚੋਂ ਵੀ ਵਾਪਸੀ ਦੀ ਚਿੱਠੀ ਲੈਣੀ ਪਵੇਗੀ। ਪੁਲਸ ਦਫਤਰ ਵਿਚੋਂ ਜਦੋਂ ਮੈਂ ਉਹਨਾਂ ਕਾਲਜ ਪੜ੍ਹਦੇ ਮੁੰਡਿਆਂ ਨਾਲ ਬਾਹਰ ਸੜਕ ਤੇ ਆਇਆ ਤਾਂ ਮੁਹੰਮਦ ਨਵਾਜ਼ ਸੜਕ ਦੇ ਵਿਚੁਕਾਰ ਖਲੋ ਕੇ ਦੱਸਣ ਲੱਗਾ ਕਿ ਇਸ ਥਾਂ ਤੇ ਭਗਤ ਸਿੰਘ ਨੇ ਸਾਂਡਰਸ ਨੂੰ ਗੋਲੀ ਮਾਰੀ ਸੀ ਅਤੇ ਅਹੁ ਸਾਹਮਣੇ ਕਾਲਜ ਵੱਲ ਨੱਸ ਕੇ ਫਿਰ ਕਿਤੇ ਲੁਕ ਗਿਆ ਸੀ। ਮੈਂ ਹਿੰਦੋਸਤਾਨ ਦੀ ਆਜ਼ਾਦੀ ਨਾਲ ਜੁੜੀ ਕਿਡੀ ਵਡੀ ਇਤਿਹਾਸਕ ਥਾਂ ਤੇ ਖੜ੍ਹਾ ਸਾਂ। ਨਿਓਂ ਕੇ ਧਰਤੀ ਨੂੰ ਹਥ ਲਾਇਆ ਤੇ ਭਗਤ ਸਿੰਘ ਨੂੰ ਸਲਾਮ ਕੀਤੀ।

ਹੋਸਟਲ ਵਿਚ ਇਸ ਗੱਲ ਤੇ ਤਤਕਾਰ ਹੋ ਗਿਆ ਕਿ ਬਹੁਤੇ ਮੁੰਡੇ ਮੈਨੂੰ ਇਕ ਇਕ ਰਾਤ ਲਈ ਆਪਣੇ ਕਮਰੇ ਵਿਚ ਸਵਾਉਣਾ ਚਹੁੰਦਾ ਸਨ ਤੇ ਇਕ ਭਾਰਤੀ ਸਰਦਾਰ ਦੇ ਵਤੀਰੇ ਨੂੰ ਨੇੜਿਓਂ ਤਕਣਾ ਚਹੁੰਦੇ ਸਨ। ਉਹਨਾਂ ਨੂੰ ਮੇਰਾ ਚਿਹਰਾ ਮੁਹਰਾ ਤੇ ਬੋਲ ਚਾਲ ਬੜੀ ਅਜੀਬ ਲਗਦੀ ਸੀ। ਇਹਨਾਂ ਵਿਚ ਸੂਬਾ ਸਰਹੱਦ ਦੇ ਦੋ ਪਸ਼ਤੋ ਬੋਲਣ ਵਾਲੇ ਉਚੇ ਲੰਮੇ ਪਠਾਨ ਮੁੰਡੇ ਜ਼ਿਦ ਕਰਨ ਲਗੇ ਕਿ ਉਹ ਮੈਨੂੰ ਸੂਬਾ ਸਰਹੱਦ ਦੇ ਇਲਾਕੇ ਵਿਚ ਪੈਂਦੇ ਆਪਣੇ ਪਿੰਡ ਲੈ ਕੇ ਜਾਣਾ ਚਹੁੰਦੇ ਸਨ। ਮੈਂ ਕਿਹਾ ਕਿ ਮੇਰੇ ਕੋਲ ਓਥੋਂ ਦਾ ਵੀਜ਼ਾ ਨਹੀਂ ਹੈ। ਉਹ ਕਹਿਣ ਲਗੇ ਸਾਡੀ ਸਾਰੇ ਪਾਕਿਸਤਾਨ ਵਿਚ ਚਲਦੀ ਹੈ। ਸਾਡੇ ਹੁੰਦਿਆਂ ਸਾਰੇ ਪਾਕਿਸਤਾਨ ਵਿਚ ਕੋਈ ਤੁਹਾਡੀ ਵਾਅ ਵੱਲ ਨਹੀਂ ਵੇਖ ਸਕਦਾ। ਅਸੀਂ ਵੀ ਆਪਣੇ ਇਲਾਕੇ ਦੇ ਸਰਦਾਰ ਹਾਂ। ਮੈਨੂੰ ਨਿਵਾਜ਼ ਪਾਸੇ ਕਰ ਕੇ ਸਮਝਾਉਣ ਲੱਗਾ ਕਿ ਬਿਲਕੁਲ ਨਾ ਜਾਇਓ, ਇਹ ਪਠਾਨ ਬੜੇ ਸਿਰਲਥ ਹੁੰਦੇ ਹਨ ਅਤੇ ਇਸ ਗੱਲ ਤੇ ਝਗੜਾ ਕਰ ਲੈਂਦੇ ਹਨ ਕਿ ਕਿ ਇਹ ਮੇਰਾ ਮਹਿਮਾਨ ਹੈ ਅਤੇ ਦੂਜਾ ਕਹੇਗਾ ਨਹੀਂ ਇਹ ਮੇਰਾ ਮਹਿਮਾਨ ਹੈ। ਬਾਅਦ ਵਿਚ ਇਸ ਗੱਲ ਤੇ ਮਹਿਮਾਨ ਨੂੰ ਮਾਰ ਸਕਦੇ ਹਨ ਕਿ ਝਗੜਾ ਤਾਂ ਵਿਚੋਂ "ਮਹਿਮਾਨ" ਕਰ ਕੇ ਹੀ ਹੈ। ਇਕ ਰਾਤ ਮੈਂ ਹੈਲੇ ਕਾਲਜ ਆਫ ਕਮਰਸ ਦੇ ਸਈਦ ਅਹਿਮਦ ਢਿਲੋਂ ਨਾਲ ਕੱਟੀ ਜੋ ਬੀ ਕਾਮ ਕਰ ਰਿਹਾ ਸੀ ਤੇ ਲਾਇਲਪੁਰ ਦੇ ਧੋਬੀ ਘਾਟ ਮੁਹੱਲੇ ਦਾ ਰਹਿਣ ਵਾਲਾ ਸੀ। ਉਹਦੀ ਜ਼ਿਦ ਸੀ ਕਿ ਉਹ ਮੈਨੂੰ ਲਾਲਿਪੁਰ ਲੈ ਕੇ ਜਾਵੇਗਾ ਜਿਥੇ ਸ਼ਹਿਰ ਵਿਚ ਉਹਦੇ ਬਾਪ ਦੀ ਕਪੜੇ ਦੀ ਦੁਕਾਨ ਸੀ ਅਤੇ ਲਾਗੇ ਪਿੰਡ ਵਿਚ ਉਹਨਾਂ ਦੀ ਕਾਫੀ ਜ਼ਮੀਨ ਸੀ। ਹੋਸਟਲ ਵਿਚ ਸਭ ਤੋਂ ਵਡੀ ਔਕੜ ਇਹ ਸੀ ਕਿ ਜਿਥੇ ਵਡੀਆਂ ਵਡੀਆਂ ਰੋਟੀਆਂ ਖਾਣ ਨੂੰ ਮਿਲਦੀਆਂ ਸਨ, ਓਥੇ ਹਰ ਸਬਜ਼ੀ ਜਾਂ ਦਾਲ ਵਿਚ ਗੋਸ਼ਤ ਦੀਆਂ ਵਡੀਆਂ

ਵਡੀਆਂ ਬੋਟੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਖਾਣਾ ਤਾਂ ਕੀ, ਵੇਖਣ ਨੂੰ ਵੀ ਦਿਲ ਨਹੀਂ ਕਰਦਾ ਸੀ। ਇਸ ਲਈ ਮੇਰੇ ਲਈ ਆਂਡਿਆਂ ਦੀ ਭੁਰਜੀ ਬਣਵਾਈ ਜਾਂਦੀ। ਸਵੇਰੇ ਮੁੰਡੇ ਅਠਿਆਨੀ ਦਾ ਕਿਨੂੰ ਦੇ ਜੂਸ ਦਾ ਇਕ ਵਡਾ ਗਲਾਸ ਮੇਰੇ ਲਈ ਲੈ ਆਉਂਦੇ ਜਿਸ ਵਿਚ ਅਨਾਰ ਵੀ ਪਾਇਆ ਹੁੰਦਾ। ਅਨਾਰ ਤੇ ਕਿਨੂੰ ਅਜੇ ਏਧਰਲੇ ਪੰਜਾਬ ਵਿਚ ਆਮ ਨਹੀਂ ਸਨ ਹੋਏ। ਇਕੱਲੇ ਅਨਾਰ ਦਾ ਗਲਾਸ ਵੀ ਅਠਿਆਨੀ ਵਿਚ ਮਿਲ ਜਾਂਦਾ ਸੀ। ਹੋਸਟਲ ਵਿਚ ਇਕ ਗੱਲ ਮੈਂ ਆਪਣੇ ਪੰਜਾਬ ਵਾਲੀ ਵੀ ਵੇਖੀ ਕਿ ਮੁਸਲਮਾਨ ਜੱਟ ਮੁੰਡੇ ਦੂਜੇ ਨਾਨ ਜੱਟ ਮੁੰਡਿਆਂ ਨੂੰ ਹੀਣੇ ਸਮਝਦੇ ਸਨ। ਕਈਆਂ ਨੇ ਆਪਣੇ ਕਮਰਿਆਂ ਅਗੇ ਜੱਟ ਲਿਖਿਆ ਹੋਇਆ ਸੀ। ਹੋਸਟਲ ਦੇ ਮੁੰਡਿਆਂ ਨੇ ਸਭ ਤੋਂ ਪਹਿਲਾਂ ਨੂਰ ਜਹਾਂ ਅਤੇ ਜਹਾਂਗੀਰ ਦੇ ਮਕਬਰੇ ਵੇਖਣ ਦਾ ਪਰੋਗਰਾਮ ਬਣਾਇਆ ਜੋ ਰਾਵੀ ਦਰਿਆ ਦੇ ਪਾਰ ਉੱਤਰ ਵੱਲ ਪੈਂਦੇ ਸਨ। ਅਸੀਂ ਸਾਲਮ ਤਾਂਗਾ ਕਰ ਕੇ ਸਾਰੇ ਜਣੇ ਓਸ ਵਿਚ ਚੜ੍ਹ ਗਏ। ਜਦ ਤਾਂਗਾ ਰਾਵੀ ਦੇ ਦਰਿਆ ਦੇ ਅਧ ਵਿਚ ਪਹੁੰਚਿਆ ਤਾਂ ਮੈਂ ਤਾਂਗੇ ਵਾਲੇ ਨੂੰ ਤਾਂਗਾ ਰੋਕਣ ਲਈ ਆਖਿਆ। ਮੈਂ ਕਾਫੀ ਦੇਰ ਪੁਲ ਤੇ ਖਲੋ ਕੇ ਵਗਦੀ ਸੀ ਰਾਵੀ ਦੇ ਪਾਣੀ ਵੱਲ ਬੜੀ ਨੀਝ ਨਾਲ ਵੇਖਦਾ ਰਿਹਾ। ਨਾਲ ਦੇ ਮੁੰਡੇ ਵੀ ਮੇਰੇ ਵਾਂਗ ਹੀ ਕਰਨ ਲਗੇ। ਮੁਲਕ ਦੀ ਵੰਡ ਤੋਂ ਪਹਿਲਾਂ ਮੈਂ ਇਸ ਦਰਿਆ ਉੱਤੋਂ ਗਡੀ ਜਾਂ ਲਾਰੀ ਵਿਚ ਸੈਂਕੜੇ ਵਾਰ ਲੰਘਿਆ ਸਾਂ। ਪਾਣੀ ਦੇ ਵਿਚੁਕਾਰ ਕੋਈ ਉਚਾ ਜਿਹਾ ਥਾਂ ਦਿਸਦਾ ਸੀ ਜਿਸ ਨਾਲ ਖਹਿ ਕੇ ਪਾਣੀ ਲੰਘਦਾ ਸੀ। ਨਵਾਜ਼ ਮੈਨੂੰ ਪੁਛਣ ਲੱਗਾ ਇਸ ਬਾਰੇ ਕੁਝ ਪਤਾ ਹੈ ਪਰ ਮੈਂ ਕਿਹਾ ਮੈਨੂੰ ਪਤਾ ਨਹੀਂ ਪਰ ਆਪਣੇ ਬਾਪੂ ਨਾਲ ਮੈਂ ਰਾਵੀ ਦੇ ਕੰਢੇ 1945 ਵਿਚ ਛਤੀਰੀਆਂ ਖਰੀਦਣ ਆਇਆ ਸਾਂ ਜਦ ਅਸੀਂ ਦੂਜੇ ਪਿੰਡ ਧੁਪਸੜੀ ਵਿਚ ਮਕਾਨ ਬਣਵਾ ਰਹੇ ਸਾਂ। ਇਕ ਮੁਗਲ ਬਾਦਸ਼ਾਹ ਸ਼ਾਇਦ ਬਾਬਰ ਰਾਵੀ ਵਿਚ ਕਿੱਡਾ ਵੀ ਵਡਾ ਹੜ ਕਿਉਂ ਨਾ ਆਇਆ ਹੋਵੇ,ਦਰਿਆ ਨੂੰ ਤਰ ਕੇ ਲੰਘ ਜਾਂਦਾ ਸੀ। ਫਿਰ ਅਸੀਂ ਰਾਵੀ ਪਾਰ ਕਰ ਕੇ ਰੇਲਵੇ ਲਾਈਨ ਦੇ ਥਲੇ ਹਿੰਦੋਸਤਾਨ ਦੀ ਮਲਕਾ ਨੂਰ ਜਹਾਂ ਦਾ ਮਕਬਰਾ ਵੇਖਿਆ ਜੋ ਕਿਸੇ ਹਦ ਤਕ ਵੀਰਾਨ ਸੀ। ਜਹਾਂਗੀਰ ਦਾ ਮਕਬਰਾ ਰੇਲਵੇ ਲਾਈਨ ਦੇ ਦੂਜੇ ਪਾਸੇ ਹਟਵਾਂ ਸੀ। ਬਾਦਸ਼ਾਹ ਜਹਾਂਗੀਰ ਨੇ ਆਪਣੇ ਆਪ ਨੂੰ ਸ਼ਰਾਬ ਅਤੇ ਅਫੀਮ ਵਿਚ ਗਲਤਾਨ ਕਰ ਲਿਆ ਸੀ ਅਤੇ ਹਿੰਦੋਸਤਾਨ ਦੀ ਹਕੂਮਤ ਦਾ ਸਾਰਾ ਕੰਮ ਮਲਕਾ ਨੂਰ ਜਹਾਂ ਵੇਖਦੀ ਸੀ। ਵਡੇ ਤੋਂ ਵਡੇ ਫੈਸਲੇ ਕਰਦੀ ਸੀ। "ਗੁਸਲਖਾਨਾ ਕੈਬਨਿਟ" ਦਾ ਨਾਂ ਓਦੋਂ ਹੀ ਮਸ਼ਹੂਰ ਹੋਇਆ ਸੀ ਕਿਉਂਕਿ ਹਕੂਮਤ ਦੇ ਵਜ਼ੀਰ ਵੀ ਸਲਾਹ ਮਸ਼ਵਰਾ ਕਰਨ ਲਈ ਮਲਕਾ ਨੂਰ ਜਹਾਂ ਕੋਲ ਆਉਂਦੇ ਸਨ। ਇਹ ਨੂਰ ਜਹਾਂ ਹੀ ਸੀ ਜਿਸ ਨੇ ਗਵਾਲੀਅਰ ਦੇ ਕਿਲੇ ਵਿਚੋਂ ਬੰਦੀ ਛੋੜ ਛੇਵੇਂ ਗੁਰੂ ਹਰਗੋਬਿੰਦ ਜੀ ਨੂੰ ਆਜ਼ਾਦ ਕਰਵਾਇਆ ਸੀ। ਜਹਾਂਗੀਰ ਦੀ ਮੌਤ ਤੋਂ ਬਾਅਦ ਉਹ ਮੁਸੀਬਤਾਂ ਵਿਚ ਘਿਰ ਗਈ ਸੀ। ਆਪਣੇ ਮਕਬਰੇ ਦੀ ਜਗ੍ਹਾ ਮਰਨ ਤੋਂ ਪਹਿਲਾਂ ਨੂਰ ਜਹਾਂ ਨੇ ਖੁਦ ਚੁਣੀ ਸੀ ਅਤੇ ਫਾਰਸੀ ਦੀ ਸ਼ਾਇਰਾ ਹੋਣ ਕਰ ਕੇ ਓਥੇ ਇਹ ਸ਼ਿਅਰ ਖੁਦਵਾਣ ਲਈ ਕਿਹਾ ਸੀ,"ਬਾ ਮਜ਼ਾਰੇ ਮਾ ਗਰੀਬਾਂ ਨੇ ਚਰਾਗੇ ਨੇ ਗੁਲੇ – ਨੇ ਪਰੇ ਪਰਵਾਨਾ ਸੋਜ਼ਦ ਨੇ ਸਦਾਏ ਬੁਲਬੁਲੇ" ਜਿਸ ਦਾ ਮਤਲਬ ਸੀ ਕਿ ਗਰੀਬਾਂ ਦੀ ਕਬਰ ਤੇ ਕੋਈ ਦੀਵਾ ਨਹੀਂ ਜਗਾਉਂਦਾ ਅਤੇ ਨਾ ਹੀ ਕੋਈ ਬੁਲਬਲ ਆ ਕੇ ਬੋਲਦੀ ਹੈ। ਹੁਣ ਇਹ ਸ਼ਿਅਰ ਨੂਰ ਜਹਾਂ ਦੀ ਕਬਰ ਤੋਂ ਮਿਟਾ ਦਿਤਾ ਗਿਆ ਸੀ ਅਤੇ ਓਥੇ ਇਕ ਮਜੌਰ ਕਬਰ ਦੀ ਟਹਿਲ ਸੇਵਾ ਵੀ ਕਰਨ ਲਗ ਪਿਆ ਸੀ। ਜਦੋਂ ਮੈਂ ਇਤਿਹਾਸ ਦਾ ਵਿਦਿਆਰਥੀ ਸਾਂ ਤੇ ਹਿੰਦੋਸਤਾਨ ਦੇ ਮੁਗਲ ਪੀਰੀਅਡ ਵਿਚ ਬਹੁਤ ਦਿਲਚਸਪੀ ਲੈਂਦਾ ਸਾਂ।

ਮੈਂ ਪੜ੍ਹਿਆ ਸੀ ਕਿ ਨੂਰ ਜਹਾਂ ਦਾ ਬਾਪ ਮਿਰਜ਼ਾ ਗਿਆਸ ਬੈਗ ਜਦੋਂ ਤਹਿਰਾਨ ਚੋਂ ਪਰਵਾਰ ਸਮੇਤ ਹਿੰਦੋਸਤਾਨ ਵਿਚ ਕਿਸਮਤ ਅਜ਼ਮਾਣ ਲਈ ਆ ਰਿਹਾ ਸੀ ਤਾਂ ਨੂਰ ਜਹਾਂ ਜੋ ਪਰਵਾਰ ਵਿਚ ਚੌਥਾ ਬੱਚਾ ਸੀ,ਦਾ ਜਨਮ ਆਪਣੀ ਮਾਂ ਅਸਮਤ ਬੇਗਮ ਦੀ ਕੁਖੋਂ ਕੰਧਾਰ ਵਿਚ ਹੋਇਆ ਸੀ ਤੇ ਇਸਦਾ ਬਚਪਨ ਦਾ ਨਾਂ ਮਿਹਰ-ਉਲਨਿਸਾ ਸੀ। ਇਹ ਵੀ ਸੁਣਨ ਵਿਚ ਆਉਂਦਾ ਰਿਹਾ ਕਿ ਪੰਜਾਬ ਵਿਚੋਂ ਲੰਘਦਿਆਂ ਇਸ ਬੱਚੀ ਨੂੰ ਬੋਝ ਸਮਝ ਮਾਪੇ ਇਹਨੂੰ ਰਸਤੇ ਵਿਚ ਛਡ ਆਏ ਸਨ ਪਰ ਪਿਛੋਂ ਆਉਂਦੇ ਇਕ ਹੋਰ ਕਾਫਲੇ ਨੇ ਇਸ ਬੱਚੀ ਨੂੰ ਚੁੱਕ ਮੁੜ ਇਹਦੇ ਮਾਪਿਆਂ ਦੇ ਹਵਾਲੇ ਕਰ ਦਿਤਾ ਸੀ। ਫਿਰ ਇਸਦਾ ਪਾਲਣ ਪੋਸਣ ਸ਼ਾਹੀ ਮਹਿਲਾਂ ਵਿਚ ਹੋਇਆ ਜਿਥੇ ਅਕਬਰ ਦੇ ਦਰਬਾਰ ਵਿਚ ਇਸਦੇ ਬਾਪ ਮਿਰਜ਼ ਗਿਆਸ ਬੈਗ ਨੂੰ ਵਡਾ ਰੁਤਬਾ ਮਿਲ ਗਿਆ ਸੀ। ਇਹ ਵੀ ਦਸਿਆ ਜਾਂਦਾ ਹੈ ਕਿ ਜਦ ਇਹ ਜਵਾਨ ਹੋਈ ਤਾਂ ਜਹਾਂਗੀਰ ਨੂੰ ਇਸ ਨਾਲ ਪਿਆਰ ਹੋ ਗਿਆ ਪਰ ਬਾਦਸ਼ਾਹ ਅਕਬਰ ਇਸ ਵਿਆਹ ਦੇ ਹਕ ਵਿਚ ਨਹੀਂ ਸੀ ਅਤੇ ਇਸਦਾ ਵਿਆਹ ਬੰਗਾਲ ਦੇ ਇਕ ਫੌਜੀ ਅਫਸਰ ਸ਼ੇਰ ਅਫਗਨ ਨਾਲ ਕਰ ਦਿਤਾ ਗਿਆ ਜਿਸ ਦੀ ਮੌਤ ਤੋਂ ਬਾਅਦ ਨੂਰ ਜਹਾਂ ਜਹਾਂਗੀਰ ਦੇ ਹਰਮ ਵਿਚ ਆ ਗਈ ਸੀ। ਜਦ ਉਸਦਾ ਬਾਦਸ਼ਾਹ ਜਹਾਂਗੀਰ ਨਾਲ ਵਿਆਹ ਹੋਇਆ ਤਾਂ ਉਹ ਜਹਾਂਗੀਰ ਦੇ ਹਰਮ ਦੀ 20ਵੀਂ ਬੇਗਮ ਸੀ। ਅਜ ਮੈਂ ਉਸ ਓਸ ਵੇਲੇ ਦੀ ਹਿੰਦੋਸਤਾਨ ਦੀ ਬਹੁਪਖੀ ਪ੍ਰਤਿਭਾ ਦੀ ਮਲਕਾ ਨੂਰ ਜਹਾਂ ਦੇ ਮਜ਼ਾਰ ਅਗੇ ਖੜ੍ਹਾ ਅਕੀਦਤ ਦੇ ਫੁੱਲ ਭੇਟ ਕਰ ਰਿਹਾ ਸਾਂ।

ਮੁਸਲਮਾਨ ਨੌਜਵਾਨਾਂ ਨੇ ਦਸਿਆ ਕਿ ਇਸੇ ਥਾਂ ਹੀ ਭਾਰਤੀ ਆਸ਼ਕ ਬੂਟਾ ਸਿੰਘ ਉਰਫ ਜਮੀਲ ਅਹਿਮਦ ਨੇ 1955 ਵਿਚ ਉਪਰੋਂ ਲੰਘਦੀ ਰੇਲ ਗਡੀ ਹੇਠਾਂ ਆ ਕੇ ਖੁਦਕਸ਼ੀ ਕਰਨ ਤੋਂ ਪਹਿਲਾਂ ਨੂਰ ਜਹਾਂ ਦੇ ਇਸ ਮਕਬਰੇ ਵਾਲੀ ਥਾਂ ਤੇ ਰਾਤ ਕੱਟੀ ਸੀ ਕਿਉਂਕਿ ਉਸ ਦੀ ਪਤਨੀ ਜ਼ੈਨਬ ਉਰਫ ਰਣਬੀਰ ਕੌਰ ਨੇ ਉਹਨੂੰ ਕੋਰਟ ਵਿਚ ਪਛਾਣਨ ਤੋਂ ਇਨਕਾਰ ਕਰ ਦਿਤਾ ਸੀ। 1947 ਦੇ ਰੌਲਿਆਂ ਗੌਲਿਆਂ ਵਿਚ ਆਪਣੇ ਪਰਵਾਰ ਨਾਲੋਂ ਵਿਛੜੀ ਜ਼ੈਨਬ ਨਾਲ ਪਿਛੋਂ ਬੂਟਾ ਸਿੰਘ ਦਾ ਵਿਆਹ ਹੋ ਗਿਆ ਸੀ ਤੇ ਉਹਦੇ ਦੋ ਕੁੜੀਆਂ ਹੋਈਆਂ ਸਨ। ਕੁਝ ਸਾਲਾਂ ਬਾਅਦ ਪਾਕਿਸਤਾਨ ਦੀ ਪੋਲੀਸ ਸਰਕਾਰਾਂ ਦੇ ਸਮਝੌਤੇ ਅਨੁਸਾਰ ਜ਼ੈਨਬ ਤੇ ਇਕ ਕੁਛੜਲੀ ਕੁੜੀ ਨੂੰ ਜਬਰੀ ਪਾਕਿਸਤਾਨ ਲੈ ਗਈ ਸੀ ਜਿਥੋਂ ਉਹ ਬੂਟਾ ਸਿੰਘ ਨੂੰ ਕੁਝ ਚਿਰ ਇੰਡੀਆ ਮੁੜ ਆਉਣ ਦੀਆਂ ਚਿਠੀਆਂ ਲਿਖਦੀ ਰਹੀ। ਜਦ ਉਸਦੀਆਂ ਚਿਠੀਆਂ ਆਉਣੀਆਂ ਬੰਦ ਹੋ ਗਈਆਂ ਤਾਂ ਬੂਟਾ ਸਿੰਘ ਆਪਣੀ

ਜ਼ਮੀਨ ਜਾਇਦਾਦ ਵੇਚ, ਮੁਸਲਮਾਨ ਬਣ, ਪਾਸਪੋਰਟ ਅਤੇ ਵੀਜ਼ਾ ਲੈ, ਸਮੇਤ ਇਕ ਬੱਚੀ ਦੇ ਪਾਕਿਸਤਾਨ ਆ ਗਿਆ ਸੀ। ਜਦ ਜ਼ੈਨਬ ਨੂੰ ਉਹ ਦੋਬਾਰਾ ਹਾਸਲ ਨਾ ਕਰ ਸਕਿਆ ਤੇ ਬੁਰਕੇ ਵਿਚ ਅਦਾਲਤ ਵਿਚ ਪੇਸ਼ੀ ਭੁਗਤਨ ਆਈ ਜ਼ੈਨਬ ਨੇ ਆਪਣੇ ਪਤੀ ਬੂਟਾ ਸਿੰਘ ਉਰਫ ਜਮੀਲ ਅਹਿਮਦ ਅਤੇ ਆਪਣੀ ਬੱਚੀ ਨੂੰ ਪਛਾਨਣ ਤੋਂ ਨਾਂਹ ਕਰ ਦਿਤੀ ਤਾਂ ਉਸ ਨੇ ਬੱਚੀ ਸਮੇਤ ਸਵੇਰ ਵੇਲੇ ਲੰਘਦੀ ਗਡੀ ਹੇਠਾਂ ਸਿਰ ਦੇ ਕੇ ਖੁਦਕਸ਼ੀ ਕਰ ਲਈ ਸੀ ਜਿਸ ਵਿਚ ਬੱਚੀ ਬਚ ਗਈ ਸੀ।
ਇਸ ਤੋਂ ਬਾਅਦ ਰੇਲਵੇ ਸਟੇਸ਼ਨ ਸ਼ਾਹਦਰਾ ਦੇ ਪਰਲੇ ਪਾਸੇ ਅਸੀਂ ਜਹਾਂਗੀਰ ਦਾ ਬਹੁਤ ਵਡਾ ਅਤੇ ਸੰਗਮਰਮਰ ਦਾ ਬਣਿਆ ਬਹੁਤ ਖੂਬਸੂਰਤ ਮਕਬਰਾ ਵੇਖਿਆ ਜਿਸ ਨੂੰ ਉਸਦੀ ਮੌਤ ਤੋਂ 10 ਸਾਲ ਬਾਅਦ ਉਹਦੇ ਪੁਤਰ ਬਾਦਸ਼ਾਹ ਸ਼ਾਹ ਜਹਾਨ ਨੇ ਬਣਵਾਇਆ ਸੀ। ਇਥੇ ਮਕਬਰਾ ਵੇਖਣ ਜਾਂ ਘੁੰਮਣ ਫਿਰਨ ਆਏ ਲੋਕਾਂ ਦੀ ਬਹੁਤ ਭੀੜ ਸੀ ਜਿਨ੍ਹਾਂ ਵਿਚ ਬੁਰਕਿਆਂ ਵਾਲੀਆਂ ਔਰਤਾ ਬੁਰਕੇ ਚੁਕ ਚੁਕ ਕੇ ਇਕ ਸਰਦਾਰ ਨੂੰ ਆਪ ਵੀ ਵੇਖਦੀਆਂ ਅਤੇ ਆਪਣੇ ਬੱਚਿਆਂ ਨੂੰ ਵੀ ਵਿਖਾਉਂਦੀਆਂ ਸਨ। ਸੰਗਮਰਮਰ ਦੀ ਕਬਰ ਉਤੇ ਅਰਬੀ ਅਖਰਾਂ ਵਿਚ ਨੂਰਉਲਦੀਨ ਮੁਹੰਮਦ ਜਹਾਂਗੀਰ ਬਾਦਸ਼ਾਹ 1037 ਲਿਖਿਆ ਹੋਇਆ ਸੀ ਅਤੇ ਆਸ ਪਾਸ ਅਰਬੀ ਵਿਚ ਕੁਰਾਨ ਸ਼ਰੀਫ ਦੀਆਂ ਆਇਤਾਂ ਉਕਰੀਆਂ ਹੋਈਆਂ ਸਨ। ਜਹਾਂਗੀਰ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਬੜਾ ਇਨਸਾਫ ਪਸੰਦ ਸੀ ਪਰ ਮੈਨੂੰ ਇਸ ਕਰ ਕੇ ਕਦੇ ਵੀ ਚੰਗਾ ਨਾ ਲੱਗਾ ਜਿਸ ਦੇ ਹੁਕਮ ਤੇ ਸਿੱਖਾਂ ਦੇ ਮਹਾਨ ਪੰਜਵੇਂ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ, ਨੂੰ ਬਹੁਤ ਤਸੀਹੇ ਦੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿਤਾ ਗਿਆ ਸੀ। ਵਾਪਸ ਲਾਹੌਰ ਮੁੜ ਕੇ ਅਸੀਂ ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਕਿਲਾ, ਨਾਲ ਲਗਦੀ ਬਹੁਤ ਵਡੀ ਸ਼ਾਹੀ ਮਸਜਿਦ, ਗੁਰਦਵਾਰਾ ਡੇਰਾ ਸਾਹਿਬ ਜਿਥੇ ਗੁਰੂ ਅਰਜਨ ਦੇਵ ਜੀ ਜੀ ਸ਼ਹੀਦ ਹੋਏ ਸਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵੀ ਵੇਖੀ। ਸਮਾਧ ਦੀਆਂ ਪੌੜੀਆਂ ਵਿਚ ਪੁਲਸ ਦਾ ਹੌਲਦਾਰ ਅਤੇ ਸਿਪਾਹੀ ਸਿਗਰਟਾਂ ਪੀ ਰਹੇ ਸਨ, ਉਹਨਾਂ ਮੈਨੂੰ ਵੇਖ ਕੇ ਸਿਗਰਟਾਂ ਬੁਝਾ ਦਿਤੀਆਂ। ਇਸ ਥਾਂ ਤੇ ਮੁਲਕ ਦੀ ਵੰਡ ਤੋਂ ਪਹਿਲਾਂ ਮੈਂ ਬਹੁਤ ਵਾਰ ਆਇਆ ਸਾਂ। ਕਈ ਵਾਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਲਾਗੇ ਸੌਂ ਕੇ ਰਾਤਾਂ ਵੀ ਕੱਟੀਆਂ ਸਨ। ਹੁਣ ਇਹ ਥਾਂ ਬੇਰੌਣਕ ਤੇ ਵੀਰਾਨ ਸੀ। ਅਮ੍ਰਿਤਸਰ ਦੇ ਕੁਝ ਸਿੱਖ ਪਰਵਾਰ ਗੁਰਦਵਾਰੇ ਦੀ ਯਾਤਰਾ ਕਰਨ ਆਏ ਬਾਦਾਮ ਭੰਨ ਭੰਨ ਕੇ ਗਿਰੀਆਂ ਕਢ ਰਹੇ ਸਨ। ਪਾਕਿਸਤਾਨ ਵਿਚ ਬਾਦਾਮ ਸਸਤੇ ਸਨ ਅਤੇ ਹਿੰਦੋਸਤਾਨ ਵਿਚ ਮਹਿੰਗੇ। ਮੈਂ 14 ਸਾਲਾਂ ਬਾਅਦ ਦੋਵਾਂ ਥਾਵਾਂ ਤੇ ਨਮਸਤਕ ਹੋਇਆ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।

ਅਗਲੇ ਦਿਨ ਮੁੰਡੇ ਮੈਨੂੰ ਅਨਾਰਕਲੀ ਬਾਜ਼ਾਰ ਲੈ ਗਏ। ਅਨਾਰਕਲੀ ਬਾਜ਼ਾਰ ਦੀ ਇਕ ਨੁਕਰ ਤੇ ਪੈਂਦੇ ਇਕ ਹੋਟਲ ਨਿਅਮਤੇ-ਕਦਾ ਵਿਚ ਅਸਾਂ ਸਾਰਿਆਂ ਨੇ ਦੋਪਹਿਰ ਦਾ ਖਾਣਾ ਮੁਰਗਿਆਂ ਨਾਲ ਖਾਧਾ ਜੋ ਏਨਾ ਜ਼ਿਆਦਾ ਸਵਾਦ ਲਗਿਆ ਕਿ ਜਿੰਨਾ ਚਿਰ ਮੈਂ ਪਾਕਿਸਤਾਨ ਰਿਹਾ ਅਤੇ ਓਸ ਤੋਂ ਬਾਅਦ ਜਦੋਂ ਵੀ ਪਾਕਿਸਤਾਨ ਦਾ ਚੱਕਰ ਲੱਗਾ, ਇਸ ਹੋਟਲ ਦੇ ਸਵਾਦੀ ਮੁਰਗੇ ਖਾਣ ਦਾ ਮੌਕਾ ਘੱਟ ਹੀ ਖੁੰਝਣ ਦਿੱਤਾ। ਏਥੇ ਲੋੜ ਨਾਲੋਂ ਜ਼ਿਆਦਾ ਭੀੜ ਹੁੰਦੀ ਅਤੇ ਬੜੀਆਂ ਵਡੀਆਂ ਪਗਾਂ ਤੇ ਕੁੜਤਿਆਂ ਵਾਲੇ ਉਚੇ ਲੰਮੇ ਮੁਸਲਮਾਨ ਚੌਧਰੀ ਜਿਨ੍ਹਾਂ ਨੇ ਗਲਾਂ ਵਿਚ ਪਸਤੌਲ ਪਾਏ ਹੁੰਦੇ ਅਤੇ ਨਾਲ ਦੋਨਾਲੀਆਂ ਬੰਦੂਕਾਂ ਵਾਲੇ ਬੰਦੇ ਵੀ ਹੁੰਦੇ,ਮੁਰਗ ਮੁਸਲੱਮ ਖਾਂਦੇ ਵੇਖੇ। ਉਹ ਬੜੇ ਤਪਾਕ ਨਾਲ ਮਿਲਦੇ ਅਤੇ ਆਪਣੇ ਪਿੰਡ ਲਿਜਾਣ ਦੀ ਜ਼ਿਦ ਕਰਦੇ। ਲ਼ਗਦਾ ਸੀ ਕਿ ਉਹ ਪਿੰਡਾਂ ਦੇ ਜ਼ਿਮੀਂਦਾਰ ਸਨ ਅਤੇ ਕੰਮਕਾਰ ਲਈ ਲਾਹੌਰ ਆਏ ਇਸ ਹੋਟਲ ਦਾ ਲਜ਼ੀਜ਼ ਖਾਣਾ ਖਾਣਾ ਬਹੁਤ ਪਸੰਦ ਕਰਦੇ ਸਨ।
ਮੈਂ ਉਹਨਾਂ ਨੂੰ ਅਨਾਰਕਲੀ ਦਾ ਮਕਬਰਾ ਵੇਖਣ ਬਾਰੇ ਵੀ ਪੁਛਿਆ ਜਿਸਦਾ ਮੁਗਲ ਇਤਿਹਾਸ ਵਿਚ ਬੜਾ ਨਾਂ ਸੀ ਪਰ ਅਨਾਰਕਲੀ ਦੇ ਮਕਬਰੇ ਬਾਰੇ ਉਹ ਕੁਝ ਤਸੱਲੀ ਬਖਸ਼ ਜਵਾਬ ਨਾ ਦੇ ਸਕੇ। ਮੈਂ ਮੁੰਡਿਆਂ ਨੂੰ ਕਿਹਾ ਕਿ ਮੈਨੂੰ ਇਕੱਲਾ ਛਡ ਦਿਓ ਤੇ ਖੁਦ ਤੁਰ ਫਿਰ ਕੇ ਲਾਹੌਰ ਵੇਖਣ ਦਿਓ। ਸ਼ਾਮ ਨੂੰ ਮੈਂ ਟੈਕਸੀ ਲੈ ਕੇ ਆਪੇ ਈ ਹੋਸਟਲ ਵਿਚ ਆ ਜਾਵਾਂਗਾ।
ਏਥੇ ਹੀ ਮੈਂ 13 ਅਨਾਰਕਲੀ ਤੇ ਉਰਦੂ ਦੇ ਮਸ਼ਹੂਰ ਅਫਸਾਨਾ ਨਵੀਸ ਜਨਾਬ ਅਕਰਾਮ ਲੁਧਿਆਣਵੀ ਨੂੰ ਮਿਲਣ ਚਲਾ ਗਿਆ ਜਿਸ ਦੇ ਅਫਸਾਨੇ ਮੈਂ ਬੀਸਵੀਂ ਸਦੀ ਵਿਚ ਪੜ੍ਹੇ ਸਨ। ਥਲੇ ਪਨਸਾਰੀਆਂ ਦੀ ਦੁਕਾਨ ਸੀ ਅਤੇ ਟੁੱਟੀਆਂ ਫੁੱਟੀਆਂ ਪੌੜੀਆਂ ਚੜ੍ਹ ਕੇ ਦੂਜੀ ਜਾਂ ਤੀਜੀ ਮੰਜ਼ਲ ਤੇ ਅਨਾਰਕਲੀ ਬਾਜ਼ਾਰ ਵੱਲ ਖੁਲ੍ਹਦੇ ਇਕ ਵਡੇ ਕਮਰੇ ਵਿਚ ਪਾਕਿਸਤਾਨ ਦਾ ਮਸ਼ਹੂਰ ਲੇਖਕ ਅਕਰਾਮ ਲੁਧਿਆਣਵੀ ਫਰਸ਼ ਤੇ ਭੁੰਜੇ ਤਲਾਈ ਵਿਛਾ ਤੇ ਮੂੰਹ ਤੇ ਰਜਾਈ ਲਈਂ ਲੰਮਾ ਪਿਆ ਹੋਇਆ ਸੀ। ਨਾ ਲਾਗੇ ਕੋਈ ਕੁਰਸੀ ਸੀ। ਪੀਣ ਲਈ ਪਾਣੀ ਦਾ ਘੜਾ ਤੇ ਗਲਾਸ ਪਿਆ ਸੀ। ਪਾਕਿਸਤਾਨ ਤੋਂ ਇਲਾਵਾ ਬਦੇਸ਼ਾਂ ਦੀ ਧਰਤੀ ਤੇ ਸਭਿਅਤਾ ਨੂੰ ਬੜੀ ਹੁਨਰਮੰਦੀ ਨਾਲ ਆਪਣੀਆਂ ਲਿਖਤਾਂ ਵਿਚ ਬਿਆਨ ਕਰਨ ਵਾਲੇ ਲਿਖਾਰੀ ਦੀ ਇਹ ਖਸਤਾ ਹਾਲਤ ਵੇਖ ਕੇ ਮੇਰੇ ਕਲੇਜੇ ਵਿਚ ਰੁੱਗ ਭਰਿਆ ਗਿਆ। ਇਸ ਤਰ੍ਹਾਂ ਦਾ ਰੁੱਗ ਦਿੱਲੀ ਪੰਜਾਬੀ ਦੇ ਸ਼ਾਇਰ ਬਾਵਾ ਬਲਵੰਤ ਅਤੇ ਬਿਸ਼ਨ ਸਿੰਘ ਉਪਾਸ਼ਕ ਦੀਆਂ ਕੋਠੜੀਆਂ ਨੂੰ ਵੇਖ ਕੇ ਵੀ ਭਰਿਆ ਗਿਆ ਸੀ। ਕਹਿਣ ਲੱਗਾ ਪਾਕਿਸਤਾਨ ਦੀ ਮਸ਼ਹੂਰ ਲੇਖਿਕਾ ਮੈਡਮ ਕੁਰਤਲ ਐਨ ਹੈਦਰ ਜਿਸ ਨੇ ਦੁਨੀਆ ਦਾ ਮਸ਼ਹੂਰ ਨਾਵਲ "ਆਗ ਕਾ ਦਰਿਆ" ਲਿਖਿਆ ਹੈ, ਮੈਨੂੰ ਏਥੇ, ਮੇਰੀ ਏਸੇ ਹਾਲਤ ਵਿਚ ਮਿਲਣ ਆਉਂਦੀ ਹੁੰਦੀ ਸੀ ਅਤੇ ਅਸੀਂ ਬਾਹਰ ਬਾਜ਼ਾਰ ਵਿਚ ਨਿਕਲ ਕੇ ਕਾਫੀ ਹਾਊਸ ਵਿਚ ਜਾ ਕੇ ਕਾਫੀ ਪੀਂਦੇ ਜਾਂ ਸਾਹਮਣੇ ਨੁਕਰ ਵਾਲੇ ਮੈਜਿਸਟਿਕ ਹੋਟਲ ਜਾਂ ਨਿਅਮਤੇ ਕਦਾ ਵਿਚ ਕਦੀ ਕਦੀ ਖਾਣਾ ਖਾਣ ਜਾਇਆ ਕਰਦੇ ਸਾਂ। ਉਹ ਉਠਿਆ,ਘੜੇ ਵਿਚੋਂ ਪਾਣੀ ਦਾ ਗਲਾਸ ਭਰ ਕੇ ਕਰੂਲੀ ਕੀਤੀ, ਮੂੰਹ ਧੋਤਾ, ਵਧੀਆ ਸੂਟ ਪਾਇਆ, ਟਾਈ ਲਗਾਈ ਤੇ ਅਸੀਂ ਬਾਹਰ ਅਨਾਰਕਲੀ ਬਾਜ਼ਾਰ ਵਿਚ ਆ ਗਏ। ਲਾਗੇ ਹੀ ਪੈਂਦੀ ਆਪਣੇ ਪਬਲਿਸ਼ਰ ਦੀ ਦੁਕਾਨ ਤੋਂ ਉਹਨੇ

ਆਪਣੀਆਂ ਉਰਦੂ ਵਿਚ ਛਪੀਆਂ ਦੋ ਕਿਤਾਬਾਂ ਨਾਵਲ "ਗੁਲ ਹੀ ਨਾ ਜਾਣੇ" ਅਤੇ ਤਨਜ਼ੀਆ ਲੇਖਾਂ ਦੀ ਕਿਤਾਬ "ਦੇਖ ਕਬੀਰਾ ਰੋਇਆ" ਭੇਟ ਕੀਤੀਆਂ। ਕਾਫੀ ਹਾਊਸ ਵਿਚ ਬੈਠ ਕੇ ਅਸੀਂ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਅਦੀਬਾਂ ਤੇ ਲਿਟਰੇਚਰ ਬਾਰੇ ਢੇਰ ਸਾਰੀਆਂ ਗੱਲਾਂ ਕੀਤੀਆਂ। ਮੈਂ ਉਸ ਨੂੰ ਆਪਣੀ ਕਹਾਣੀਆਂ ਦੀ ਕਿਤਾਬ "ਮਸਾਲੇ ਵਾਲਾ ਘੋੜਾ" ਪੇਸ਼ ਕੀਤੀ ਪਰ ਉਸ ਨੂੰ ਪੰਜਾਬੀ ਪੜ੍ਹਨੀ ਨਹੀਂ ਆਉਂਦੀ ਸੀ। ਇਸ ਭਰਪੂਰ ਅਦਬੀ ਸੰਗਤ ਦਾ ਲੁਤਫ ਲੈ ਕੇ ਅਤੇ ਇਕ ਵਾਰ ਫਿਰ ਮਿਲਣ ਦਾ ਵਾਅਦਾ ਕਰ ਕੇ ਉਹ ਮੈਨੂੰ ਟੈਕਸੀ ਸਟੈਂਡ ਤੇ ਛਡ ਗਿਆ ਜਿਥੇ ਟੈਕਸੀਆਂ ਵਾਲਿਆਂ ਦੀ ਲਾਈਨ ਲੱਗੀ ਹੋਈ ਸੀ। ਜਿਸ ਟੈਕਸੀ ਵਿਚ ਬੈਠਣ ਦੀ ਮੇਰੀ ਵਾਰੀ ਆਈ, ਉਹਦਾ ਮਾਲਕ ਬਹੁਤ ਉਚਾ ਲੰਮਾ ਵਡੀਆਂ ਵਡੀਆਂ ਮੁਛਾਂ ਵਾਲਾ ਪਠਾਨ ਸੀ ਜਿਸ ਨੇ ਥੋੜ੍ਹੀ ਥੋੜ੍ਹੀ ਦਾੜ੍ਹੀ ਰਖੀ ਹੋਈ ਸੀ। ਉਸ ਨੂੰ ਵੇਖ ਕੇ ਮੈਂ ਡਰ ਗਿਆ। ਉਸ ਕਿਥੇ ਜਾਣਾ ਹੈ, ਪੁਛਿਆ ਤਾਂ ਮੈਂ ਕਿਹਾ ਹੈਲੇ ਕਾਲਜ ਆਫ ਕਮਰਸ। ਦਿਨ ਡੁਬ ਚੁਕਾ ਸੀ। ਨਵੰਬਰ ਦੇ ਦਿਨ ਹੋਣ ਕਰ ਕੇ ਠੰਢ ਅਤੇ ਧੁੰਦ ਸੀ। ਮੈਂ ਟੈਕਸੀ ਵਿਚ ਬੈਠਾ ਡਰ ਰਿਹਾ ਸਾਂ ਕਿਤੇ ਇਹ ਮੈਨੂੰ ਰਾਵੀ ਦਰਿਆ ਦੇ ਕੰਢੇ ਲਿਜਾ ਕੇ ਚਾਕੂ ਮਾਰ ਕੇ ਦਰਿਆ ਵਿਚ ਈ ਨਾ ਸੁਟ ਦੇਵੇ। ਕੀ ਪਤਾ ਉਹਦਾ ਕੋਈ ਰਿਸ਼ਤੇਦਾਰ ਰੌਲਿਆਂ ਗੌਲਿਆਂ ਵਿਚ ਕਿਸੇ ਸਰਦਾਰ ਹਥੋਂ ਮਾਰਿਆ ਗਿਆ ਹੋਵੇ। ਉਹਦੀ ਸ਼ਕਲ ਵੀ ਬੜੀ ਹੈਬਤਨਾਕ ਸੀ। ਮੈਨੂੰ ਤਾਂ ਇਹ ਵੀ ਪਤਾ ਨਹੀਂ ਸੀ ਕਿ ਕਿਹੜੇ ਰਾਹ ਥਾਣੀ ਹੈਲੇ ਕਾਲਜ ਆਫ ਕਮਰਸ ਨੂੰ ਜਾਣਾ ਹੈ। ਅਜੇ ਮੈਂ ਦੋਚਿੱਤੀ ਵਿਚ ਹੀ ਸਾਂ ਕਿ ਉਸ ਨੇ ਟੈਕਸੀ ਕਾਲਜ ਅਗੇ ਲਿਆ ਕੇ ਖੜ੍ਹੀ ਕਰ ਦਿਤੀ ਤੇ ਬੜੇ ਅਦਬ ਨਾਲ ਟੈਕਸੀ ਦਾ ਬੂਹਾ ਖੋਲ੍ਹਿਆ। ਟੈਕਸੀ ਦੇ ਮੀਟਰ ਤੇ ਬਾਰਾ ਤੇਰਾਂ ਰੁਪੈ ਦਾ ਬਿੱਲ ਦਿਸ ਰਿਹਾ ਸੀ। ਮੈਂ ਪੈਂਟ ਦੀ ਪਿਛਲੀ ਜੇਬ ਵਿਚੋਂ ਬਟੂਆ ਕਢਿਆ ਤੇ ਪੈਸੇ ਦੇਣ ਲਗਾ ਤਾਂ ਅਗੋਂ ਉਸ ਕਿਹਾ, ਸਰਦਾਰ ਸਾਹਿਬ ਤੁਸਾਂ ਪੈਰਾਂ ਵਿਚ ਕੀ ਪਾਇਆ ਹੋਇਆ ਹੈ?"

ਮੈਂ ਕਿਹਾ ਬੂਟ ਤਾਂ ਕਹਿਣ ਲਗਾ ਕਿ ਲਾਹ ਕੇ ਮੇਰੇ ਸਿਰ ਵਿਚ ਮਾਰੋ। ਤੁਸੀਂ ਸਾਡੇ ਮਹਿਮਾਨ ਹੋ। ਤੁਹਾਡੇ ਕੋਲੋਂ ਪੈਸੇ ਕਾਹਦ। ਟੈਕਸੀ ਤੁਹਾਡੀ,ਮੈਂ ਤੁਹਾਡਾ, ਸਾਰੀ ਰਾਤ ਜਿਥੇ ਮਰਜ਼ੀ ਫਿਰੀ ਚਲੋ। ਮੈਂ ਉਸ ਉਚੇ ਲੰਮੇ ਖਾਨ ਬਾਰੇ ਮਨ ਵਿਚ ਕੀ ਸੋਚਦਾ ਰਿਹਾ ਸਾਂ। ਅਸਾਂ ਘੁੱਟ ਕੇ ਹਥ ਮਿਲਾਏ ਤੇ ਬਗਲਗੀਰ ਹੋ ਕੇ ਵਿਛੜੇ।

ਕਿਹੋ ਜਿਹਾ ਸੀ ਜੀਵਨ?
ਚਿੜੀਆ ਘਰ ਦੀ ਸੈਰ: ਕਿਸ਼ਤ: 41

ਅਗਲੇ ਦਿਨ ਕਾਲਜ ਦੇ ਕੁਝ ਮੁੰਡਿਆਂ ਨਾਲ ਜੋ ਬਦਲ ਬਦਲ ਕੇ ਮੇਰੇ ਨਾਲ ਜਾਂਦੇ ਸਨ, ਟਾਂਗੇ ਵਿਚ ਬੈਠ ਕੇ ਧਿਆਨ ਸਿੰਘ ਡੋਗਰਾ ਦੀ ਹਵੇਲੀ ਅਤੇ ਹੀਰਾ ਮੰਡੀ ਕੋਲੋਂ ਲੰਘ ਰਹੇ ਸਾਂ ਤਾਂ ਨੌਜਵਾਨ ਮੁਸਲਮਾਨ ਮੁੰਡੇ ਦਬੀ ਦਬੀ ਹਾਸੀ ਹਸ ਰਹੇ ਸਨ ਤੇ ਕੁਝ ਕਹਿ ਰਹੇ ਸਨ ਕਿ ਇਹ ਤਾਂ ਇਹਨਾਂ ਦੇ ਦਫਤਰ ਹਨ ਪਰ ਇਹਨਾਂ ਦੀਆਂ ਕੋਠੀਆਂ ਗੁਲਬਰਗ ਆਬਾਦੀ ਵਿਚ ਹਨ। ਜਦ ਅਸੀਂ ਲਾਹੌਰ ਦਾ ਚਿੜੀਆ ਘਰ ਵੇਖ ਰਿਹਾ ਸਾਂ ਤੇ ਚਿੜੀਆ ਘਰ ਵੇਖਣ ਆਏ ਲੋਕ ਮੈਨੂੰ ਵੇਖ ਰਹੇ ਸਨ। ਬੁਰਕਿਆਂ ਵਾਲੀਆਂ ਔਰਤਾਂ ਬੁਰਕੇ ਚੁਕ ਚੁਕ ਜਿਥੇ ਮੈਨੂੰ ਵੇਖਦੀਆਂ, ਓਥੇ ਆਪਣੇ ਬੱਚਿਆਂ ਨੂੰ ਕਹਿ ਰਹੀਆਂ ਸਨ, ਅਹੁ ਵੇਖੋ ਸਰਦਾਰ। ਇਕ ਔਰਤ ਉਚੀ ਸਾਰੀ ਆਖਣ ਲਗੀ, "ਦੇਖੋ ਚਿੜੀਆਂ ਘਰ ਮੇਂ ਔਰ ਭੀ ਇਜ਼ਾਫਾ ਹੋ ਗਿਆ" ਭਾਵ ਏਕ ਔਰ ਜਾਨਵਰ ਆ ਗਿਆ। ਉਸ ਲਈ ਸਰਦਾਰ ਇਕ ਜਾਨਵਰ ਸੀ। ਮੈਂ ਉਹਦਾ ਸ਼ੁਕਰੀਆ ਅਦਾ ਕੀਤਾ ਤੇ ਉਹ ਹੱਸ ਪਈ। ਮੈਂ ਉਹ ਜਾਨਵਰ ਜ਼ਰੂਰ ਵੇਖਣਾ ਚਹੁੰਦਾ ਸਾਂ ਜੋ ਪਾਣੀ ਦੇ ਚੁਬੱਚੇ ਵਿਚ ਪੈਸਾ ਸੁੱਟ ਦਈਏ ਤਾਂ ਚੁਭੀ ਮਾਰ ਕੇ ਲਭ ਲਿਆਉਂਦਾ ਸੀ। ਇਹ ਜਾਨਵਰ ਪਾਕਿਸਤਾਨ ਬਨਣ ਤੋਂ ਪਹਿਲਾਂ ਮੈਂ ਆਪਣੇ ਬਾਪੂ ਨਾਲ ਜਦੋਂ ਲਾਹੌਰ ਚਿੜੀਆ ਘਰ ਵੇਖਣ ਆਇਆ ਸਾਂ ਬੜੀ ਨੀਝ ਨਾਲ ਵੇਖਿਆ ਸੀ। ਹੁਣ ਚੌਦਾਂ ਸਾਲਾਂ ਬਾਅਦ ਫਿਰ ਅਸੀਂ ਓਸ ਜਾਨਵਰ ਦੀ ਪਕੜ ਵੇਖਣ ਲਈ ਪਾਣੀ ਦੇ ਚੁਬਚੇ ਵਿਚ ਪੈਸਾ ਸੁਟਿਆ ਤਾਂ ਉਹ ਫੱਟ ਚੁਭੀ ਮਾਰ ਕੇ ਪੈਸਾ ਕਢ ਲਿਆਇਆ। ਪਤਾ ਨਹੀਂ ਇਹ ਚੌਦਾਂ ਸਾਲ ਪਹਿਲਾਂ ਵਾਲਾ ਹੀ ਜਾਨਵਰ ਸੀ ਜਾਂ ਨਵਾਂ ਹੋਰ। ਚਿੜੀਆ ਘਰ ਦੀ ਸੰਖੇਪ ਫੇਰੀ ਲਾ ਕੇ ਅਸੀਂ ਇਕ ਬੈਂਚ ਤੇ ਬੈਠੇ ਹੀ ਸਾਂ ਕਿ ਡੇਵਡ ਗਾਜ਼ੀ ਦੀ ਮਾਂ, ਮਾਸੀ ਤੇ ਮਾਸੀ ਦੀ ਜਵਾਨ ਧੀ ਬੇਬੀ ਮੈਨੂੰ ਲਭਦੀਆਂ ਲਭਦੀਆਂ ਪਹੁੰਚ ਗਈਆਂ। ਇਕ ਦਿਨ ਪਹਿਲਾਂ ਸ਼ਾਮ ਨੂੰ ਮੈਂ ਇਕ ਮੁੰਡੇ ਥਰੀਵੀਲਰ ਲੈ ਕੇ ਡੇਵਡ ਗਾਜ਼ੀ ਵੱਲੋਂ ਆਪਣੀ ਮਾਂ ਨੂੰ ਭੇਜੇ ਤੁਅਫੇ ਚਾਹ, ਪੱਤੀ, ਖੰਡ, ਪਾਨ ਵਗੈਰਾ ਮੁਹਮੰਦ ਨਗਰ ਉਹਨਾਂ ਦੇ ਘਰ ਦੇ ਆਏ ਸਾਂ ਪਰ ਉਹ ਉਸ ਵੇਲੇ ਘਰ ਨਹੀਂ ਮਿਲੀਆਂ ਸਨ। ਮੈਂ ਹੈਲੇ ਕਾਲਜ ਆਫ ਕਮਰਸ ਦਾ ਆਪਣੀ ਠਹਿਰ ਦਾ ਪਤਾ ਲਿਖ ਕੇ ਛਡ ਆਇਆ ਸਾਂ। ਉਹਨਾਂ ਨੂੰ ਹੈਲੇ ਕਾਲਜ ਆਫ ਕਮਰਸ ਤੋਂ ਪਤਾ ਲੱਗਾ ਕਿ ਅਸੀਂ ਅਜਾਇਬ ਘਰ ਅਤੇ ਚਿੜੀਆ ਘਰ ਵੇਖਣ ਗਏ ਹੋਏ ਹਾਂ ਤੇ ਮੈਨੂੰ ਲਭਦੀਆਂ ਲਭਦੀਆਂ ਓਥੇ ਪਹੁੰਚ ਗਈਆਂ।

ਪਕੇ ਰੰਗ ਤੇ ਠੁਲ੍ਹੇ ਨਕਸ਼ਾਂ ਵਾਲੀ ਮਿਸ ਸ਼ਾਂਤੀ ਸਿੰਘ ਨੂੰ ਮੈਂ ਪਹਿਚਾਣ ਲਿਆ ਕਿਉਂਕਿ ਉਹ ਬਹੁਤ ਸਾਲ ਫਿਰੋਜ਼ਪੁਰ ਨਰਸ ਰਹੀ ਸੀ। ਮੈਂ ਉਹਨੂੰ ਕਈ ਵਾਰ ਰਿਕਸ਼ੇ ਵਿਚ ਕੰਮ ਤੇ ਔਂਦਿਆਂ ਜਾਂਦਿਆਂ ਵੇਖਿਆ ਸੀ ਜਿਥੇ ਉਹ ਨਰਸ ਦਾ ਕੰਮ ਕਰਦੀ ਸੀ। ਉਹ ਬਹੁਤ ਪਿਆਰ ਅਤੇ ਨਿਘ ਨਾਲ ਮਿਲੀਆਂ ਤੇ ਹੋਸਟਲ ਛਡ ਕੇ ਆਪਣੇ ਘਰ ਲਿਜਾਣ ਦੀ ਜ਼ਿਦ ਕਰਨ ਲੱਗੀਆਂ। ਬਾਰ ਬਾਰ ਦੋਵੇਂ ਪੁਤਰਾਂ ਡੇਵਡ ਤੇ ਵਿਲਸਨ ਤੋਂ ਇਲਾਵਾ ਆਪਣੀ ਫਿਰੋਜ਼ਪੁਰ ਰਹਿੰਦੀ ਟੀਚਰ ਭੈਣ ਅਤੇ ਬੁਢੀ ਮਾਂ ਦੀ ਸੁਖ ਸਾਂਦ ਪੁਛ ਰਹੀਆਂ ਸਨ। ਉਹਨਾਂ ਦਾ ਕਹਿਣਾ ਸੀ ਕਿ ਮੈਂ ਜਿੰਨਾ ਚਿਰ ਵੀ ਪਾਕਿਸਤਾਨ ਰਹਿਣਾ ਹੈ, ਉਹਨਾਂ ਦੇ ਘਰ ਹੀ ਰਹਿਣਾ ਹੈ। ਮੈਂ ਕਿਹਾ ਕਿ ਮੈਂ ਜ਼ਰੂਰ ਉਹਨਾਂ ਪਾਸ ਰਹਾਂਗਾ ਪਰ ਲਾਹੌਰ ਦੀ ਸੈਰ ਕਰਨ ਤੋਂ ਬਾਅਦ ਪਹਿਲਾਂ ਆਪਣੇ ਪਿੰਡ ਹੋ ਆਵਾਂ। ਪਿੰਡੋਂ ਵਾਪਸੀ ਤੇ ਸਿੱਧਾ ਉਹਨਾਂ ਦੇ ਘਰ ਆ ਜਾਵਾਂਗਾ। ਬੇਬੀ ਜੋ ਉਰਦੂ ਬੋਲਦੀ ਸੀ, ਕਹਿਣ ਲਗੀ, "ਜਨਾਬ ਲਾਹੌਰ ਆਪ ਕੋ ਹਮ ਦਿਖਾਏਂਗੇ ਔਰ ਜਨਾਬ ਲਾਹੌਰ ਜਬ ਆਪ ਹਮਾਰੇ ਸਾਥ ਦੇਖੇਂਗੇ ਤੋ ਮਜ਼ਾ ਹੀ ਔਰ ਹੋਗਾ।" ਡੇਵਡ ਦੀ ਮਾਂ ਘਰੋਂ ਚੋਂਦੇ ਚੋਂਦੇ ਪਰੌਂਠੇ ਅਤੇ ਸੁਕੇ ਭੁੰਨੇ ਬਕਰੇ ਦੀ ਕਲੇਜੀ ਤੇ ਗੁਰਦੇ ਲੈ ਕੇ ਆਈ ਸੀ। ਅਸਾਂ ਸਾਰਿਆਂ ਨੇ ਚਿੜੀਆ ਘਰ ਦੇ ਬੈਂਚਾਂ ਤੇ ਬੈਠ ਬੜੇ ਸਵਾਦ ਨਾਲ ਲੰਚ ਕੀਤਾ। ਇਕ ਬੁਢਾ ਮੁਸਲਮਾਨ ਸਾਡੇ ਕੋਲ ਬੈਂਚ ਤੇ ਆ ਕੇ ਬੈਠ ਗਿਆ। ਮੈਨੂੰ ਪੁਛਣ ਲੱਗਾ ਕਿ ਮੈਂ ਇੰਡੀਆ ਤੋਂ ਕਿਹੜੀ ਥਾਂ ਤੋਂ ਆਇਆ ਸਾਂ ਤੇ ਪਾਕਿਸਤਾਨ ਵਿਚ ਕਿਹੜੀ ਥਾਂ ਦਾ ਸਾਂ। ਫਿਰ ਉਸ ਪੁਛਿਆ ਕਿ ਮੈਂ ਪਾਕਿਸਤਾਨ ਕਿਉਂ ਆਇਆ ਸਾਂ? ਮੈਂ ਜਵਾਬ ਦਿਤਾ ਕਿ ਮੈਂ ਵੀਜ਼ਾ ਲੈ ਕੇ ਪਾਕਿਸਤਾਨ ਦੀ ਸੈਰ ਕਰਨ, ਆਪਣਾ ਪਿੰਡ ਤੇ ਘਰ ਵੇਖਣ ਅਤੇ ਆਪਣੇ ਬਚਪਨ ਵਿਚ ਦੇਖੀਆਂ ਥਾਵਾਂ ਨੂੰ ਵੇਖਣ ਲਈ ਆਇਆ ਹਾਂ। ਉਸ ਬੜੇ ਸਵਾਲ ਕਰਨੇ ਸ਼ੁਰੂ ਕਰ ਦਿਤੇ। ਕੀ ਮੈਂ ਸਾਰਾ ਹਿੰਦੋਸਤਾਨ ਵੇਖਿਆ ਸੀ, ਆਗਰਾ ਵੇਖਿਆ ਸੀ, ਹੈਦਰਾਬਾਦ ਵੇਖਿਆ ਸੀ, ਬੰਬਈ ਵੇਖੀ ਸੀ। ਅਜੰਤਾ ਅਲੋਰਾ ਦੀਆਂ ਗਾਰਾਂ ਵੇਖੀਆਂ ਸਨ। ਜੈ ਪੁਰ ਤੇ ਜੋਧਪੁਰ ਵੇਖਿਆ ਸੀ। ਸ੍ਰੀਨਗਰ ਕਸ਼ਮੀਰ ਵੇਖਿਆ ਸੀ। ਮੈਂ ਸਿਰ ਫੇਰ ਕੇ ਕਿਹਾ ਕਿ ਮੈਂ ਕੁਝ ਨਹੀਂ ਵੇਖਿਆ ਤਾਂ ਕਹਿਣ ਲੱਗਾ ਕਿ ਪਾਕਿਸਤਾਨ ਵੇਖਣ ਤੋਂ ਪਹਿਲਾਂ ਆਪਣਾ ਮੁਲਕ ਤਾਂ ਚੰਗੀ ਤਰ੍ਹਾਂ ਵੇਖ ਲੈਣਾ ਸੀ। ਮੈਂ ਓਸ ਨੂੰ ਬੜੀ ਹਲੀਮੀ ਨਾਲ ਕਿਹਾ ਕਿ ਮੇਰਾ ਜਨਮ ਜ਼ਿਲਾ ਸ਼ੇਖੂਪੁਰਾ ਦੇ ਇਕ ਪਿੰਡ ਦਾ ਹੈ ਜੋ ਓਸ ਵੇਲੇ ਹਿੰਦੋਸਤਾਨ ਵਿਚ ਸੀ ਅਤੇ ਪਾਕਿਸਤਾਨ ਆਉਣ ਅਤੇ ਇਹਨੂੰ ਵੇਖਣ ਦਾ ਮੇਰਾ ਜਮਾਂਦਰੂ ਹਕ ਹੈ। ਇਸ ਤੋਂ ਪਹਿਲਾਂ ਕਿ ਗੱਲਬਾਤ ਤਲਖ ਕਲਾਮੀ ਵਿਚ ਬਦਲ ਜਾਂਦੀ, ਡੇਵਡ ਦੀ ਮਾਂ ਸਾਨੂੰ ਓਥੋਂ ਉਠਾ ਕੇ ਤਾਂਗੇ ਵਿਚ ਬਿਠਾ ਕੇ ਆਪਣੇ ਘਰ ਲੈ ਗਈ। ਓਥੇ ਜਾ ਕੇ ਲਾਹੌਰ ਦੇ ਸਿਨਮੇ ਵਿਚ ਲਗੀ ਇਕ ਪੰਜਾਬੀ ਪਿਕਚਰ ਵੇਖਣ ਦਾ ਪਰੋਗਰਾਮ ਬਣ ਗਿਆ। ਮੈਂ

ਨਵਾਜ਼ ਤੇ ਬੇਬੀ ਪਿਕਚਰ ਵੇਖਣ ਚਲੇ ਗਏ। ਬਾਕਸ ਦੀਆਂ ਟਿਕਟਾਂ ਨਵਾਜ਼ ਨੇ ਲਈਆਂ ਅਤੇ ਫਿਲਮ ਦੁੱਲਾ ਭੱਟੀ ਦਾ ਖੂਬ ਅਨੰਦ ਮਾਣਿਆ। ਬੇਬੀ ਨੂੰ ਘਰ ਛਡਣ ਗਏ ਤਾਂ ਡੇਵਡ ਦੀ ਮਾਂ ਨੇ ਰਾਤ ਦੀ ਰੋਟੀ ਦਾ ਇੰਤਜ਼ਾਮ ਕੀਤਾ ਹੋਇਆ ਸੀ। ਬੜੀ ਕਮਾਲ ਦੀ ਬਰਿਆਨੀ ਬਣਾਈ ਸੀ ਤੇ ਸੇਵੀਆਂ ਵੀ। ਖਾ ਕੇ ਜਦ ਵਾਪਸ ਹੋਸਟਲ ਆਣ ਲੱਗੇ ਤਾਂ ਕਹਿਣ ਲੱਗੀ ਕਿ ਜਿਹੜਾ ਬੰਦਾ ਚਿੜੀਆ ਘਰ ਵਿਚ ਊਟ ਪਟਾਂਗ ਸਵਾਲ ਕਰ ਰਿਹਾ ਸੀ, ਉਹ ਪਾਕਿਸਤਾਨ ਦੀ ਸੀ ਆਈ ਡੀ ਦਾ ਬੰਦਾ ਲਗਦਾ ਸੀ। ਮੈਂ ਕਿਹਾ ਅਮੀਂ ਜੀ ਲੱਗੇ ਪਿਆ। ਮੈਂ ਵੀਜ਼ਾ ਲੈ ਕੇ ਆਇਆ ਹਾਂ,ਰਾਤ ਨੂੰ ਬਾਰਡਰ ਟੱਪ ਕੇ ਨਹੀਂ ਆਇਆ। ਜ਼ਿਲੇ ਦੇ ਪੋਲੀਸ ਹੈਡ ਕਵਾਰਟਰ ਅਤੇ ਥਾਣੇ ਵਿਚ ਮੇਰੀ ਰਵਾਨਗੀ ਦੀ ਰਜਿਸਟਰੇਸ਼ਨ ਦਰਜ ਹੈ। ਲਾਹੌਰ ਵਿਚ ਘੁੰਮਣਾ ਫਿਰਨਾ ਮੇਰਾ ਹੱਕ ਹੈ। ਮਿਸ ਸ਼ਾਂਤੀ ਸਿੰਘ ਜਿਸ ਨੂੰ ਫਿਰੋਜ਼ਪੁਰ ਵਿਚੋਂ ਡੀਪੋਰਟ ਕਰ ਦਿਤਾ ਗਿਆ ਸੀ,ਆਪਣੀ ਮਾਂ ਨੂੰ ਬਹੁਤ ਮਿਸ ਕਰਦੀ ਸੀ ਅਤੇ ਬਾਰਡਰ ਟਪ ਕੇ ਵੀ ਫਿਰੋਜ਼ਪੁਰ ਆਪਣੀ ਮਾਂ ਕੋਲ ਪਹੁੰਚ ਜਾਣਾ ਚਹੁੰਦੀ ਸੀ। ਗਾਜ਼ੀ ਪਰਵਾਰ ਨੂੰ ਦੋਬਾਰਾ ਮਿਲਣ ਦਾ ਵਾਅਦਾ ਕਰ ਕੇ ਅਸੀਂ ਹੋਸਟਲ ਆ ਗਏ।

ਅਗਲੇ ਦਿਨ ਅਸੀਂ ਲਾਹੌਰ ਦੇ ਮੇਨ ਰੇਲਵੇ ਸਟੇਸ਼ਨ ਤੋਂ ਨੌ ਲਖਾ ਬਾਜ਼ਾਰ ਵਿਚ ਦਾਖਲ ਹੋਏ। ਬਾਜ਼ਾਰ ਦੀ ਨੁਕਰ ਤੇ ਬਚਪਨ ਵਿਚ ਮੈਂ ਬਹੁਤ ਵਡੀ ਫਲਾਂ ਦੀ ਦੁਕਾਨ ਵੇਖਿਆ ਕਰਦਾ ਸਾਂ ਜੋ ਹੁਣ ਵੀ ਓਸੇ ਤਰ੍ਹਾਂ ਕਾਇਮ ਸੀ। ਆਸ ਪਾਸ ਤੇ ਲੰਡਾ ਬਾਜ਼ਾਰ ਵਿਚ ਦੁਕਾਨਾਂ ਵੀ ਪਹਿਲਾਂ ਵਾਂਗ ਸਜੀਆਂ ਹੋਈਆਂ ਸਨ ਜਿਨ੍ਹਾਂ ਨਾਲ ਮੇਰਾ ਬਚਪਨ ਬੱਝਾ ਹੋਇਆ ਸੀ। ਵੰਡ ਤੋਂ ਪਹਿਲਾਂ ਮੈਂ ਏਥੇ ਆਪਣੇ ਬਾਪੂ ਨਾਲ ਬਹੁਤ ਵਾਰ ਆਇਆ ਸਾਂ। ਲਾਹੌਰ ਮੇਨ ਰੇਲਵੇ ਸਟੇਸ਼ਨ ਤੋਂ ਉਤਰ ਕੇ ਅਕਸਰ ਰਾਤ ਗੁਰਦਵਾਰਾ ਸ਼ਹੀਦ ਗੰਜ ਕੱਟੀ ਦੀ ਸੀ ਅਤੇ ਇਸ ਗੁਰਦਵਾਰੇ ਦਾ ਲੰਗਰ ਵੀ ਬੜਾ ਮਸ਼ਹੂਰ ਸੀ। ਇਥੇ ਹੀ ਅਗੇ ਲੰਡਾ ਬਾਜ਼ਾਰ ਤੇ ਗੁਰਦਵਾਰਾ ਭਾਈ ਤਾਰੂ ਸਿੰਘ (ਸ਼ਹੀਦ ਗੰਜ) ਸੀ ਜਿਥੇ ਸਿੱਖਾਂ ਦੀਆਂ ਲਾਸ਼ਾਂ ਵਾਲਾ ਪੁਰਾਣਾ ਖੂਹ ਹੁੰਦਾ ਸੀ। ਕਹਿੰਦੇ ਇਸ ਖੂਹ ਵਿਚ ਇਕ ਮਗਰਮਛ ਵੀ ਸੀ ਜੋ ਸਿੱਖਾਂ ਦੀਆਂ ਲਾਸ਼ਾਂ ਖਾ ਜਾਂਦਾ ਸੀ। ਲਾਗੇ ਹੀ ਸਵਾ ਸਵਾ ਮਨ ਦੇ ਗੋਲੇ ਪਏ ਹੁੰਦੇ ਸਨ ਜੋ ਸਿੰਘਣੀਆਂ ਦੇ ਪੇਟਾਂ ਉਤੇ ਤਸੀਹੇ ਦੇਣ ਲਈ ਫੇਰੇ ਜਾਂਦੇ ਸਨ ਤੇ ਸਿੰਘਾਂ ਸਿੰਘਨੀਆਂ ਤੇ ਬਚਿਆਂ ਦੀਆਂ ਸ਼ਹੀਦੀਆਂ ਨਾਲ ਸਬੰਧਤ ਹੋਰ ਵੀ ਬਹੁਤ ਕੁਝ ਰਖਿਆ ਹੋਇਆ ਸੀ ਪਰ ਜਦ ਨੌ ਲਖਾ ਬਾਜ਼ਾਰ ਲੰਘ ਕੇ ਭੀੜੀ ਗਲੀ ਥਾਣੀਂ ਗੁਰਦਵਾਰੇ ਅੰਦਰ ਦਾਖਲ ਹੋਏ ਤਾਂ ਓਥੇ ਸਿਵਾਏ ਇਕ ਹੌਲਦਾਰ ਅਤੇ ਕੁਝ ਸਿਪਾਹੀਆਂ ਦੇ ਕੁਝ ਵੀ ਨਹੀਂ ਸੀ। ਭੀੜੇ ਨੌਲਖਾ ਬਾਜ਼ਾਰ ਦੀ ਰੌਣਕ ਤਾਂ ਪਹਿਲਾਂ ਵਾਂਗ ਸੀ ਪਰ ਹੁਣ ਓਥੇ ਕਿਸੇ ਹਿੰਦੂ ਸਿੱਖ ਦੀ ਦੁਕਾਨ ਨਹੀਂ ਸੀ ਜਿਵੇਂ ਅਮ੍ਰਿਤਸਰ ਹਾਲ ਗੇਟ ਦੇ ਅੰਦਰ ਵੰਡ ਤੋਂ ਬਾਅਦ ਕਿਸੇ ਮੁਸਲਮਾਨ ਦੀ ਦੁਕਾਨ ਨਹੀਂ ਹੈ। ਮਨ ਵਿਚ ਪਹਿਲਾ ਵਾਲਾ ਨਕਸ਼ਾ ਹੀ ਉਕਰਿਆ ਹੋਇਆ ਸੀ ਤੇ ਤਬਦੀਲੀ ਨੂੰ ਮਨ ਸਵੀਕਾਰ ਨਾ ਕਰਦਾ ਹੋਇਆ ਉਦਾਸ ਹੋ ਰਿਹਾ ਸੀ। ਮੈਂ ਹੌਲਦਾਰ ਨੂੰ ਖੂਹ ਅਤੇ ਤਸੀਹੇ ਦੇਣ ਵਾਲੇ ਸਾਮਾਨ ਬਾਰੇ ਪੁਛਿਆ ਤਾਂ ਉਸ ਨੇ ਕਿਹਾ ਕਿ ਸਾਨੂੰ ਇਸ ਬਾਰੇ ਕੋਈ ਪਤਾ ਨਹੀਂ ਹੈ। ਅਸੀਂ ਤਾਂ ਇਸ ਥਾਂ ਨੂੰ ਏਸੇ ਤਰ੍ਹਾਂ ਖਾਲੀ ਹੀ ਵੇਖਿਆ ਹੈ। ਮੈਨੂੰ ਯਾਦ ਆਇਆ ਕਿ ਇਸ ਖਾਲੀ ਥਾਂ ਤੇ ਲਗੀਆਂ ਚਾਨਣੀਆਂ ਵਿਚ ਦਿਨੇ ਅਤੇ ਰਾਤ ਨੂੰ ਦੀਵਾਨ ਲਗਿਆ ਕਰਦੇ ਸਨ। ਕਈ ਵਾਰ ਰਾਤ ਦਾ ਦੀਵਾਨ ਸੁਣ ਕੇ ਏਥੇ ਵਿਛੀਆਂ ਦਰੀਆਂ ਤੇ ਭੁੰਜੇ ਹੀ ਸੌਂ ਰਹੀਦਾ ਸੀ। ਗੁਰਦਵਾਰੇ ਦੀ ਇਸ ਥਾਂ ਨੂੰ ਲੈ ਕੇ ਮੁਸਲਮਾਨਾਂ ਨਾਲ ਕਈ ਵਾਰ ਝਗੜੇ ਹੋਏ ਸਨ ਅਤੇ ਅਦਾਲਤੀ ਕੇਸ ਵੀ ਚਲੇ ਸਨ। ਲੰਗਰ ਵਾਲੀ ਸਾਰੀ ਥਾਂ ਵੀ ਖਾਲੀ ਪਈ ਸੀ। ਮਜ਼੍ਹਬ ਇਤਿਹਾਸ ਨੂੰ ਵੰਡ ਕੇ ਸਭਿਅਤਾ ਅਤੇ ਸਭਿਆਚਾਰ ਨੂੰ ਕਿਵੇਂ ਖੇਰੂੰ ਖੇਰੂੰ ਕਰ ਦਿੰਦੇ ਹਨ, ਇਸ ਦਾ ਅਹਿਸਾਸ ਸ਼ਹੀਦਗੰਜ ਗੁਰਦਵਾਰੇ ਦੇ ਖਾਲੀ ਪਏ ਮੈਦਾਨ ਨੂੰ ਵੇਖ ਵੇਖ ਕੇ ਮੇਰੇ ਉਤੇ ਭਾਰੂ ਹੋ ਰਿਹਾ ਸੀ। ਪਾਕਿਸਤਾਨ ਬਨਣ ਵੇਲੇ ਲਾਹੌਰ ਵਿਚ ਮੁਸਲਮਾਨਾਂ ਦੀ ਆਬਾਦੀ 64% ਸੀ।

ਇਸ ਤੋਂ ਬਾਅਦ ਅਸੀਂ ਸ਼ਾਲੀਮਾਰ ਗਾਰਡਨ ਵੇਖਣ ਚਲੇ ਗਏ ਜਿਥੇ ਮੁਗਲ ਆਰਕੀਟੈਕਟ ਦੀ ਸੁੰਦਰ ਤਸਵੀਰ ਵੇਖ ਕੇ ਮਨ ਖੁਸ਼ ਹੋਇਆ ਅਤੇ ਇਹ ਮੈਨੂੰ ਕਾਲਕਾ ਤੋਂ ਉਰ੍ਹਾਂ ਪੈਂਦੇ ਪਿੰਜੌਰ ਗਾਰਡਨ ਨਾਲ ਮਿਲਦਾ ਜੁਲਦਾ ਹੀ ਲੱਗਾ। ਇਥੇ ਸਾਨੂੰ ਇਕ ਅੰਗਰੇਜ਼ ਜੋੜਾ ਮਿਲ ਗਿਆ ਜਿਸ ਨੂੰ ਪਾਕਿਸਤਾਨ ਵਿਚ ਇਕ ਸਿੱਖ ਵੇਖ ਕੇ ਬਹੁਤ ਅਜੀਬ ਵੀ ਲੱਗਾ ਅਤੇ ਖੁਸ਼ੀ ਵੀ ਹੋਈ। ਅਸੀਂ ਰਲ ਕੇ ਸ਼ਾਲੀਮਾਰ ਗਾਰਡਨ ਦੀ ਸੈਰ ਕੀਤੀ। ਇਥੇ ਵੀ ਬੁਰਕਿਆਂ ਵਾਲੀਆਂ ਮੁਸਲਿਮ ਔਰਤਾਂ ਬੁਰਕੇ ਚੁਕ ਚੁਕ ਇਕ ਸਿੱਖ ਨੂੰ ਅੰਗਰੇਜ਼ ਗੋਰੇ ਗੋਰੀ ਨਾਲ ਵੇਖ ਕੇ ਹੈਰਾਨ ਅਤੇ ਖੁਸ਼ ਹੋ ਰਹੀਆਂ ਸਨ। ਕਈਆਂ ਨੇ ਸਾਡੀਆਂ ਪਿਕਚਰਾਂ ਵੀ ਖਿਚੀਆਂ। ਗੋਰਾ ਗੋਰੀ ਸਾਨੂੰ ਕਾਫੀ ਪਿਲਾਣ ਲਈ ਆਪਣੀ ਟੈਕਸੀ ਵਿਚ ਬਿਠਾ ਕੇ ਫਲੈਟੀਜ਼ ਹੋਟਲ ਲੈ ਆਏ ਜਿਥੇ ਉਹ ਠਹਿਰੇ ਹੋਏ ਸਨ। ਉਸ ਭਾਰਤੀ ਪੰਜਾਬ ਅਤੇ ਵੰਡ ਤੋਂ ਪਹਿਲਾਂ ਦੇ ਹਿੰਦੋਸਤਾਨ ਅਤੇ ਪੰਜਾਬ ਬਾਰੇ ਮੈਨੂੰ ਕਈ ਸਵਾਲ ਕੀਤੇ ਅਤੇ ਮੈਂ ਵੇਖ ਰਿਹਾ ਸਾਂ ਕਿ ਉਹਦੀ ਸਾਥਣ ਗੋਰੀ ਇਕ ਪਾਸੇ ਗਰਮ ਗਰਮ ਕਾਫੀ ਦੇ ਘੁਟ ਭਰ ਰਹੀ ਸੀ ਅਤੇ ਦੂਜੇ ਪਾਸੇ ਬਹੁਤ ਠੰਡੀ ਆਈਸ ਕਰੀਮ ਖਾ ਰਹੀ ਸੀ। ਮੈਂ ਉਸ ਨੂੰ ਪੁਛਿਆ ਕਿ ਤੈਨੂੰ ਗਲਾ ਖਰਾਬ ਹੋਣ ਦਾ ਡਰ ਨਹੀਂ ਹੈ ਤਾਂ ਕਹਿਣ ਲੱਗੀ ਮੈਨੂੰ ਕੋਈ ਫਰਕ ਨਹੀਂ ਪੈਂਦਾ। ਜਦ ਉਹਨਾਂ ਪੰਜਾਬੀ ਬੋਲੀ ਅਤੇ ਸਭਿਆਚਾਰ ਬਾਰੇ ਗੱਲਾਂ ਸ਼ੁਰੂ ਕੀਤੀਆਂ ਤਾਂ ਨਵਾਜ਼ ਨੇ ਸੁਝਾ ਦਿਤਾ ਕਿ ਇਹਨਾਂ ਨੂੰ ਪਾਕਿਸਤਾਨ ਦੀ ਪੰਜਾਬੀ ਪਿਕਚਰ ਵਿਖਾਈ ਜਾਵੇ ਜੋ ਉਹਨਾਂ ਨੇ ਮੰਨ ਲਈ। ਨੌਲਖਾ ਬਾਜ਼ਾਰ ਦੇ ਸੱਜੇ ਪਾਸੇ ਪੈਂਦੇ ਇਕ ਸਿਨਮੇ ਵਿਚ ਅਸੀਂ ਸਾਰੇ ਪੰਜਾਬੀ ਪਿਕਚਰ ਵੇਖਣ ਚਲੇ ਗਏ। ਪਿਕਚਰ ਦੇ ਹਾਫ ਟਾਈਮ ਤੀਕ ਤਾਂ ਗੋਰਾ ਗੋਰੀ ਪੰਜਾਬੀ ਪਿਕਚਰ ਵਿੰਹਦੇ ਰਹੇ ਪਰ ਸਮਝ ਨਾ ਆਉਣ ਕਰ ਕੇ ਉਠ ਕੇ ਚਲੇ ਗਏ।

ਪਿਕਚਰ ਖਤਮ ਹੋਈ ਤਾਂ ਅਸੀਂ 4 ਟੈਂਪਲ ਰੋਡ ਤੇ ਪੰਜ ਦਰਿਆ ਦੇ ਦਫਤਰ ਜਾਣ ਦਾ ਪਰੋਗਰਾਮ ਬਣਾ ਲਿਆ। ਇਥੇ ਸਾਡੀ ਮੁਲਾਕਾਤ ਪੰਜ ਦਰਿਆ ਦੇ ਐਡੀਟਰ ਚੌਧਰੀ ਮੁਹੰਮਦ ਅਫਜ਼ਲ ਖਾਂ ਨਾਲ ਹੋਈ ਜੋ ਪੰਜਾਬੀ ਦੇ ਪ੍ਰਸਿਧ ਲਿਖਾਰੀ ਮੌਲਾ ਬਖਸ਼ ਕੁਸ਼ਤਾ ਦਾ ਲੜਕਾ ਸੀ। ਇਹ ਲੋਕ ਪਾਕਿਸਤਾਨ ਬਨਣ ਤੋਂ ਪਹਿਲਾਂ ਅਮ੍ਰਿਤਸਰ ਰਿਹਾ ਕਰਦੇ ਸਨ ਅਤੇ ਚੌਧਰੀ ਮੌਲਾ ਬਖਸ਼ ਕੁਸ਼ਤਾ ਜੀ ਤਾਂ ਇਸ ਫਾਨੀ ਦੁਨੀਆ ਵਿਚੋਂ ਕੂਚ ਕਰ ਚੁਕੇ ਸਨ ਪਰ ਉਹਨਾਂ ਦਾ ਅਧਖੜ ਉਮਰ ਦਾ ਲੰਮਾ ਉਚਾ ਲੜਕਾ ਚੌਧਰੀ ਮੁਹੰਮਦ ਅਫਜ਼ਲ ਖਾਂ ਜਿਥੇ ਫਾਰਸੀ ਅਖਰਾਂ ਵਿਚ ਪੰਜਾਬੀ ਦਾ ਪਰਚਾ ਪੰਜ ਦਰਿਆ ਕਢਦਾ ਸੀ, ਓਥੇ ਗਿਆਨੀ ਦੀਆਂ ਕਲਾਸਾਂ ਵੀ ਲਾਉਂਦਾ ਸੀ। ਉਹ ਪਾਕਿਸਤਾਨ ਵਿਚ ਪੰਜਾਬੀ ਜ਼ਬਾਨ ਦਾ ਮੁਦਈ ਸੀ। ਨੌਜਵਾਨ ਕੁੜੀਆਂ ਮੁੰਡੇ ਉਰਦੂ ਅਖਰਾਂ ਵਿਚ ਗਿਆਨੀ (ਅਦੀਬ ਫਾਜ਼ਲ) ਪਾਸ ਕਰ ਕੇ ਫਿਰ ਐਫ. ਏ. ਤੇ ਬੀ. ਏ. ਦੀ ਇੱਕਲੀ ਇੰਗਲਿਸ਼ ਤੇ ਇਕ ਹੋਰ ਮਜ਼ਮੂਨ ਪਾਸ ਕਰ ਬੀ. ਏ. ਕਰ ਲੈਂਦੇ ਸਨ। ਇਹ ਸਿਸਟਮ ਪੂਰਬੀ ਪੰਜਾਬ ਵਿਚ ਵੀ ਆਮ ਸੀ। ਇਸ ਨੂੰ ਵਾਇਆਬਠਿੰਡਾ ਕਹਿੰਦੇ ਸਨ। ਪੰਜ ਦਰਿਆ ਵਿਚ ਮੇਰੀਆਂ ਉਰਦੂ ਅਖਰਾਂ ਵਿਚ ਕਈ ਕਹਾਣੀਆਂ ਛਪ ਚੁਕੀਆਂ ਸਨ ਅਤੇ ਮੇਰਾ ਨਾਂ ਉਹਨਾਂ ਲਈ ਨਵਾਂ ਨਹੀਂ ਸੀ। ਮੈਂ ਆਪਣੀ ਕਹਾਣੀਆਂ ਦੀ ਕਿਤਾਬ "ਮਸਾਲੇ ਵਾਲਾ ਘੋੜਾ" ਅਤੇ ਕੁਝ ਹਥ ਨਾਲ ਪੰਜਾਬੀ ਬੋਲੀ ਦੀਆਂ ਉਰਦੂ ਅਖਰਾਂ ਵਿਚ ਲਿਖੀਆਂ ਕਹਾਣੀਆਂ ਅਤੇ ਕੁਝ ਸੁਮਨ ਮਛਾਨਵੀ ਦੀਆਂ ਪੰਜਾਬੀ ਦੀਆਂ ਉਰਦੂ ਅਖਰਾਂ ਵਿਚ ਲਿਖੀਆਂ ਕਹਾਣੀਆਂ ਚੌਧਰੀ ਸਾਹਿਬ ਨੂੰ ਛਪਣ ਲਈ ਦੇ ਦਿਤੀਆਂ ਜੋ ਉਹਨਾਂ ਖਿੜੇ ਮਥੇ ਪਰਵਾਨ ਕਰ ਲਈਆਂ। ਸੁਮਨ ਮਛਾਨਵੀ ਦੀਆਂ ਕਈ ਪੰਜਾਬੀ ਕਹਾਣੀਆਂ ਉਰਦੂ ਅਖਰਾਂ ਵਿਚ ਪੰਜ ਦਰਿਆ ਵਿਚ ਛਪ ਚੁਕੀਆਂ ਸਨ। ਉਚੇ ਲੰਮੇ ਕੱਦ ਦੇ ਖੂਬਸੂਰਤ ਨੌਜਵਾਨ ਸੁਮਨ ਮਛਾਣਵੀ ਦਾ ਪੂਰਾ ਨਾਂ ਜੈ ਦੇਵ ਸੁਮਨ ਸੀ। ਉਹ ਪਿਛੋਂ ਜ਼ਿਲਾ ਸਿਆਲਕੋਟ ਦਾ ਸੀ। ਫਿਰੋਜ਼ਪੁਰ ਪੁਲਸ ਵਿਚ ਭਰਤੀ ਹੋ ਕੇ ਬਤੌਰ ਸਿਪਾਹੀ ਹੁੰਦਿਆਂ ਉਹਨੇ ਐਮ. ਏ. ਇੰਗਲਿਸ਼ ਕਰ ਲਈ ਸੀ। ਵਡੇ ਅਫਸਰਾਂ ਵਿਚ ਉਹਦੀ ਬੜੀ ਕਦਰ ਸੀ। ਆਈ ਜੀ ਅਸ਼ਵਨੀ ਕੁਮਾਰ ਉਹਨੂੰ ਬਹੁਤ ਵਧੀਆ ਅਫਸਰ ਸਮਝਦਾ ਸੀ ਅਤੇ ਬਹੁਤ ਈਮਾਨਦਾਰ ਤੇ ਕਾਬਲ ਹੋਣ ਕਰ ਕੇ ਉਹ ਬਹੁਤ ਜਲਦੀ ਤਰੱਕੀ ਕਰ ਕੇ ਵਡਾ ਥਾਣੇਦਾਰ ਬਣ ਗਿਆ ਸੀ। ਉਹਦਾ ਨਾਂ ਪੰਜਾਬ ਦੇ ਮੰਨੇ ਪਰਮੰਨੇ ਥਾਣੇਦਾਰਾਂ ਜਾਂ ਐਸ. ਐਚ. ਓਜ. ਵਿਚ ਆਉਂਦਾ ਸੀ। ਉਸ ਨੂੰ ਗੱਲਾਂ ਸੁਨਾਉਣ ਅਤੇ ਕਹਾਣੀਆਂ ਤੇ ਨਾਵਲ ਲਿਖਣ ਦਾ ਸ਼ੁਦਾ ਦੀ ਹੱਦ ਤੀਕ ਸ਼ੌਕ ਸੀ। ਕਿਉਂਕਿ ਉਹਨੂੰ ਗੁਰਮਖੀ ਲਿਖਣੀ ਨਹੀਂ ਆਉਂਦੀ ਸੀ, ਇਸ ਲਈ ਉਹ ਉਰਦੂ ਅਖਰਾਂ ਵਿਚ ਪੰਜਾਬੀ ਲਿਖਦਾ ਸੀ। ਆਪਣੇ ਪੁਲਸ ਮਹਿਕਮੇ ਦੀਆਂ ਪਾਬੰਦੀਆਂ ਕਾਰਨ ਉਹ ਕਿਸੇ ਪਾਕਿਸਤਾਨ ਜਾਂਦੇ ਬੰਦੇ ਹਥ ਆਪਣੀਆਂ ਕਹਾਣੀਆਂ ਪਾਕਿਸਤਾਨ ਵਿਚ ਜਾ ਕੇ ਪੋਸਟ ਕਰਨ ਲਈ ਦੇ ਦਿੰਦਾ ਸੀ। ਉਸ ਨੂੰ ਖਿਆਲ ਸੀ ਕਿ ਪੰਜ ਦਰਿਆ ਦਾ ਐਡੀਟਰ ਚੌਧਰੀ ਮੁਹੰਮਦ ਅਫਜ਼ਲ ਖਾਂ ਨੂੰ ਉਸ ਦੇ ਪੁਲਸ ਅਫਸਰ ਹੋਣ ਦਾ ਪਤਾ ਨਹੀਂ ਸੀ ਪਰ ਮੈਨੂੰ ਚੌਧਰੀ ਸਾਹਿਬ ਨੇ ਦਸਿਆ ਕਿ ਸਾਨੂੰ ਸੁਮਨ ਬਾਰੇ ਸਭ ਪਤਾ ਹੈ ਕਿ ਉਹ ਇਕ ਵਧੀਆ ਪੁਲਸ ਅਫਸਰ ਹੈ। ਸੁਮਨ ਦੀਆਂ ਕਹਾਣੀਆਂ ਅਤੇ ਨਾਵਲਾਂ ਦੀਆਂ ਕਈ ਕਿਤਾਬਾਂ ਮੈਂ 1975 ਵਿਚ ਛਪਵਾਈਆਂ ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਲੈਕਚਰਰ ਸਾਂ। ਸੁਮਨ ਮਛਾਣਵੀ ਡੀ ਐਸ ਪੀ ਰੀਟਾਇਰ ਹੋਇਆ ਤੇ ਹੁਣ ਇਸ ਜਹਾਨ ਵਿਚ ਨਹੀਂ ਹੈ।

ਚੌਧਰੀ ਸਾਹਿਬ ਨੇ ਆਪਣੀ ਵਿਦਿਆਰਥੀਆਂ ਨਾਲ ਮੇਰੀ ਜਾਣ ਪਛਾਣ ਕਰਵਾਈ ਅਤੇ ਪੰਜਾਬੀ ਲੋਕ ਗੀਤਾਂ ਬਾਰੇ ਬੋਲਣ ਲਈ ਕਿਹਾ। ਮੁਸਲਿਮ ਕੁੜੀਆਂ ਪਰਦੇ ਦੇ ਇਕ ਪਾਸੇ ਬੈਠੀਆਂ ਸਨ ਜਦ ਕਿ ਮੁਸਲਿਮ ਮੁੰਡੇ ਦੂਜੇ ਪਾਸੇ ਬੈਠੇ ਸਨ ਪਰ ਓਸ ਦਿਨ ਪਰਦਾ ਪਰ੍ਹਾਂ ਕਰ ਦਿਤਾ ਗਿਆ। ਮੁਸਲਿਮ ਕੁੜੀਆਂ ਮੁੰਡੇ ਮੈਨੂੰ ਵੇਖ ਕੇ ਬਹੁਤ ਖੁਸ਼ ਹੋਏ ਅਤੇ ਉਹਨਾਂ ਨੇ ਦਿਲ ਖੋਲ੍ਹ ਕੇ ਮੈਨੂੰ ਪੰਜਾਬੀ ਅਦਬ ਅਤੇ ਲਿਖਾਰੀਆਂ ਬਾਰੇ ਸਵਾਲ ਕੀਤੇ। ਅਮ੍ਰਿਤਾ ਪ੍ਰੀਤਮ ਬਾਰੇ ਉਹਨਾਂ ਬੜਾ ਕੁਝ ਪੁਛਿਆ। ਕਈਆਂ ਕੁੜੀਆਂ ਮੁੰਡਿਆਂ ਨੇ ਮੇਰੇ ਆਟੋਗਰਾਫ ਲਏ। ਪਾਕਿਸਤਾਨ ਵਿਚ ਉਹਨਾਂ ਦੀ ਕਲਾਸ ਨੂੰ ਮੁਖਾਤਬ ਕਰਨ ਵਾਲਾ ਸ਼ਾਇਦ ਮੈਂ ਪਹਿਲਾ ਸਿੱਖ ਸਾਂ।

ਚੌਧਰੀ ਸਾਹਿਬ ਨੇ ਲਾਹੌਰ ਦੇ ਪੰਜਾਬੀ ਲੇਖਕਾਂ ਨਾਲ ਮੈਨੂੰ ਮਿਲਾਣ, ਵਿਚਾਰਾਂ ਦਾ ਆਦਨ ਪਰਦਾਨ ਕਰਨ ਤੇ ਖਾਣੇ ਦੀ ਦਾਅਵਤ ਲਈ ਲਾਹੌਰ ਦੇ ਇਕ ਵਡੇ ਹੋਟਲ ਵਿਚ ਦਿਨ ਅਤੇ ਸਮਾਂ ਨਿਸਚਿਤ ਕਰ ਦਿਤਾ।

ਕਿਹੋ ਜਿਹਾ ਸੀ ਜੀਵਨ?
ਕਿਸ਼ਤ :42

ਪਾਕਿਸਤਾਨ ਵਿਚ ਪੰਜਾਬੀ ਬੋਲੀ ਲਈ ਜੱਦੋ ਜੋਹਿਦ

ਭਾਵੇਂ ਪਾਕਿਸਤਾਨ ਦੀ ਸਰਕਾਰੀ ਬੋਲੀ ਉਰਦੂ ਸੀ ਪਰ ਪੰਜਾਬ ਦੇ ਬਹੁਤੇ ਲੋਕ ਗੱਲ ਬਾਤ ਪੰਜਾਬੀ ਵਿਚ ਹੀ ਕਰਦੇ ਸਨ। ਭਾਵ ਆਮ ਲੋਕਾਂ ਦੀ ਬੋਲੀ ਪੰਜਾਬੀ ਸੀ। ਪਿੰਡਾਂ ਵਿਚ ਤਾਂ ਬੜੀ ਠੇਠ ਪੰਜਾਬੀ ਬੋਲੀ ਜਾਂਦੀ ਸੀ ਅਤੇ ਸ਼ਹਿਰਾਂ ਵਿਚ ਕਾਫੀ ਲੋਕ ਪੰਜਾਬੀ ਬੋਲਦੇ ਸਨ। ਪੰਜਾਬੀ ਦੀਆਂ ਪਿਕਚਰਾਂ ਆਮ ਬਣ ਰਹੀਆਂ ਸਨ। ਸ਼ੁਰੂ ਵਿਚ ਪਾਕਿਸਤਾਨ ਦੀਆਂ ਬਣੀਆਂ ਪੰਜਾਬੀ ਫਿਲਮਾਂ ਏਧਰਲੇ ਪੰਜਾਬ ਭਾਵ ਭਾਰਤ ਵਿਚ ਵੀ ਵੇਖਣ ਲਈ ਆ ਜਾਂਦੀਆਂ ਸਨ ਜਿਵੇਂ ਮੈਂ ਦੋ ਪਾਕਿਸਤਾਨੀ ਫਿਲਮਾਂ “ਫੇਰੇ” ਤੇ “ਲਾਰੇ” 1951 ਵਿਚ ਦਸਵੀਂ ਵਿਚ ਪੜ੍ਹਦਿਆਂ ਕਈ ਵਾਰ ਜਗਜੀਤ ਥੇਟਰ ਬਠਿੰਡੇ ਵਿਚ ਵੇਖੀਆਂ ਸਨ ਪਰ ਪਿਛੋਂ ਇਕ ਦੂਜੇ ਮੁਲਕ ਵਿਚ ਇਹਨਾਂ ਫਿਲਮਾਂ ਦਾ ਆਦਾਨ ਪਰਦਾਨ ਸਰਕਾਰੀ ਤੌਰ ਤੇ ਬੰਦ ਹੋ ਗਿਆ ਸੀ। ਪਾਕਿਸਤਾਨ ਦੀ ਫਿਲਮ ਇੰਡਸਟਰੀ ਭਾਰਤ ਦੀ ਫਿਲਮ ਇੰਡਸਟਰੀ ਨਾਲੋਂ ਬੜੀ ਪਿਛੇ ਸੀ ਅਤੇ ਜੇਕਰ ਭਾਰਤੀ ਫਿਲਮਾਂ ਪਾਕਿਸਤਾਨ ਵਿਚ ਚਲਦੀਆਂ ਸਨ ਤਾਂ ਪਾਕਿਸਤਾਨੀ ਫਿਲਮਾਂ ਦੀ ਮਾਰਕੀਟਿੰਗ ਨਹੀਂ ਹੁੰਦੀ ਸੀ। ਇਸ ਲਈ ਮਨਾਹੀ ਦੇ ਹੁਕਮ ਬੜੀ ਸਖਤੀ ਨਾਲ ਲਾਗੂ ਕੀਤੇ ਗਏ ਸਨ। ਓਸ ਵੇਲੇ ਟੀ ਵੀ ਵਗੈਰਾ ਵੀ ਨਹੀਂ ਆਏ ਸਨ ਅਤੇ ਵੀਡੀਓ ਆਦਿ ਤਾਂ ਬਹੁਤ ਪਿਛੋਂ ਦੀਆਂ ਗੱਲਾਂ ਹਨ। ਅਕਸਰ ਹੋਸਟਲ ਦੇ ਮੁੰਡੇ ਮੇਰੇ ਕੋਲੋਂ ਮੁਗਲੇ ਆਜ਼ਮ ਫਿਲਮ ਦੇ ਡਾਇਲਾਗ ਸੁਣਦੇ ਜੋ ਫਿਲਮ ਵਿਚ ਦਲੀਪ ਕੁਮਾਰ (ਜਹਾਂਗੀਰ) ਤੇ ਪਿਰਥਵੀ ਰਾਜ ਕਪੂਰ(ਅਕਬਰ) ਦੇ ਦਰਮਿਆਨ ਬੜੇ ਪਾਪੂਲਰ ਹੋਏ ਸਨ ਅਤੇ ਅਜ ਤਕ ਵੀ ਪਾਪੂਲਰ ਹਨ। ਜਦ ਅਕਬਰ ਅਨਾਰਕਲੀ ਦਾ ਗਾਣਾ ਜਬ ਪਿਆਰ ਕੀਆ ਤੋ ਡਰਨਾ ਕਿਆ ਸੁਣ ਕੇ ਅਨਾਰਕਲੀ ਨੂੰ ਮੁਖਾਤਬ ਹੋ ਕੇ ਕਹਿੰਦਾ ਹੈ,
“ਯਿਹ ਤੇਰੀ ਬੇਖੌਫ ਮੁਹਬੱਤ, ਯਿਹ ਰਕਸ, ਯਿਹ ਦਿਚਸਪ ਅੰਦਾਜ਼ੇ ਬਿਆਂ, ਯਕੀਨਨ ਹਮਾਰੇ ਇਨਾਮ ਕੇ ਮੁਸਤਹਕ ਹੈਂ। ਦਾਰੋਗਾ ਏ ਜ਼ਿੰਦਗਾਨ-ਇਸ ਬੇਬਾਕ ਲੌਂਡੀ ਕੋ ਲੇ ਜਾਓ ਔਰ ਕੈਦਖਾਨੇ ਕੇ ਅੰਧੇਰੋਂ ਮੇਂ ਗਰਕ ਕਰ ਦੋ”। ਕਈ ਵਾਰ ਤਾਂ ਮੁਸਲਮਾਨ ਮੁੰਡਿਆਂ ਨੂੰ ਮੈਨੂੰ ਇਹ ਡਾਇਲਾਗ ਦਿਨ ਵਿਚ ਕਈ ਵਾਰ ਸੁਣਾਉਣੇ ਪੈਂਦੇ।
“ ਅਨਾਰਕਲੀ ਦਾ ਰੋਲ ਉਸ ਵੇਲੇ ਦੀ ਬਹੁਤ ਮਸ਼ਹੂਰ ਅਤੇ ਖੁਬਸੂਰਤ ਐਕਟਰੈੱਸ ਮਧੂਬਾਲਾ ਨੇ ਕੀਤਾ ਸੀ। ਉਸ ਦੇ ਗਾਣੇ ਜਬ ਪਿਆਰ ਕੀਤਾ ਤੋ ਡਰਨਾ ਕਿਆ ਬਹੁਤ ਮਕਬੂਲ ਹੋਇਆ ਸੀ ਜੋ ਭਾਰਤੀ ਰੇਡੀਓ ਤੋਂ ਪਾਕਿਸਤਾਨ ਦੇ ਲੋਕ ਸੁਣ ਲੈਂਦੇ ਸਨ ਜਾਂ ਇਹਨਾਂ ਦੇ ਰੀਕਾਰਡ ਪਾਕਿਸਤਾਨ ਪਹੁੰਚ ਜਾਂਦੇ ਸਨ। ਮੁਗਲੇ ਆਜ਼ਮ ਵਿਚ ਮਧੂਬਾਲਾ ਤੇ ਨਿਗਾਰ ਦੇ ਮੁਕਾਬਲੇ ਦੀ ਕਵਾਲੀ ਦੀ ਵੀ ਬੜੀ ਚਰਚਾ ਸੀ:

“ਤੇਰੀ ਮਹਿਫਲ ਮੇਂ ਕਿਸਮਤ ਅਜ਼ਮਾ ਕਰ ਹਮ ਭੀ ਦੇਖੇਂਗੇ

ਤੇਰੇ ਕਦਮੋਂ ਪੇ ਸਿਰ ਆਪਣਾ ਝੁਕਾ ਕਰ ਹਮ ਭੀ ਦੇਖੇਂਗੇ"
ਅਤੇ
"ਬਹਾਰੇਂ ਆਜ ਪੈਗਾਮੇ ਮੁਹਬਤ ਲੇ ਕੇ ਆਈ ਹੈਂ
ਬੜੀ ਮੁਦੱਤ ਮੇਂ ਉਮੀਦੋਂ ਕੀ ਕਲੀਆਂ ਮੁਸਕਰਾਈਂ ਹੈ"
ਲੋਕਾਂ ਦੀ ਜ਼ਬਾਨ ਉਤੇ ਸਨ।

ਪਾਕਿਸਤਾਨੀ ਮੁੰਡੇ ਮੈਨੂੰ ਮਾਲ ਰੋਡ ਦੇ ਓਸ ਹੋਟਲ ਅਗੇ ਛਡ ਗਏ ਜਿਥੇ ਪੰਜ ਦਰਿਆ ਦੇ ਐਡੀਟਰ ਚੌਧਰੀ ਮੁਹਮੰਦ ਅਫਜ਼ਲ ਖਾਨ ਹੁਰਾਂ ਪਾਕਿਸਤਾਨੀ ਪੰਜਾਬੀ ਲਿਖਾਰੀਆਂ ਤੇ ਕੁਝ ਪੱਤਰਕਾਰਾਂ ਨੂੰ ਬੁਲਾਇਆ ਹੋਇਆ ਸੀ। ਪੰਜਾਬੀ ਦੇ ਕੁਝ ਹੋਰ ਪਰਚੇ ਜਿਵੇਂ ਮਹੀਨਾਵਾਰ ਪੰਜਾਬੀ ਇੰਟਰਨੈਸ਼ਨਲ, ਆਦਿ ਵੀ ਲਾਹੌਰ ਵਿਚ ਛਪਦੇ ਸਨ। ਸ਼ਾਇਦ ਇਕ ਦਾ ਨਾਂ ਲਹਿਰਾਂ ਵੀ ਸੀ। ਰਾਈਟਰਜ਼ ਗਿਲਡ, ਸਿਬਤਲ ਹਸਨ ਜ਼ੈਗਮ, ਮੁਲਤਾਨ ਤੋਂ ਵਾਰਸ ਸ਼ਾਹ, ਰੋਜ਼ਾਨਾ ਇਮਰੋਜ਼ ਵਿਚ ਇਕ ਸਫਾ ਪੰਜਾਬੀ, ਪੰਜਾਬੀ ਅਦਬ, ਮਾਂ ਬੋਲੀ ਆਦਿ ਪਰਚਿਆਂ ਦਾ ਚਰਚਾ ਸੀ। ਇਸ ਮਹਿਫਲ ਵਿਚ ਅਬਦੁਲ ਗਫੂਰ ਕੁਰੈਸ਼ੀ ਜਿਨ੍ਹਾਂ ਨੇ ਪਾਕਿਸਤਾਨੀ ਅਦਬ ਦੀ ਤਵਾਰੀਖ ਲਿਖੀ ਸੀ, ਆਏ ਹੋਏ ਸਨ। ਉਨ੍ਹਾਂ ਤੋਂ ਇਲਾਵਾ ਅਹਿਮਦ ਰਾਹੀ, ਉਸਤਾਦ ਦਾਮਨ, ਰਾਈਟਰਜ਼ ਗਿਲਡ ਦੇ ਕੁਝ ਨੁਮਾਇੰਦੇ ਵੀ ਮੌਜੂਦ ਸਨ। ਬਾਕੀਆਂ ਦੇ ਨਾਂ ਹੁਣ ਯਾਦ ਨਹੀਂ। ਚੌਧਰੀ ਮੁਹਮੰਦ ਅਫਜ਼ਲ ਖਾਨ ਹੁਰਾਂ ਸਾਰੇ ਹਾਜ਼ਰ ਪਾਕਿਸਤਾਨੀ ਪੰਜਾਬੀ ਲਿਖਾਰੀਆਂ ਨਾਲ ਮੇਰਾ ਤੁਆਰਫ ਕਰਾਇਆ ਅਤੇ ਮੇਰੇ ਬਾਰੇ ਵੀ ਸਭ ਨੂੰ ਦਸਿਆ। ਮੈਂ ਆਪਣੀ ਕਿਤਾਬ ਵਿਚੋਂ ਇਕ ਕਹਾਣੀ ਪੜ੍ਹ ਕੇ ਸੁਣਾਈ ਅਤੇ ਹਾਜ਼ਰ ਸ਼ਾਇਰਾਂ ਨੇ ਆਪਣਾ ਕਲਾਮ ਸੁਣਾਇਆ। ਪਾਕਿਸਤਾਨ ਵਿਚ ਮਾਂ ਬੋਲੀ ਪੰਜਾਬੀ ਲਈ ਹੋ ਰਹੇ ਯਤਨਾਂ ਤੇ ਚਾਨਣਾ ਪਾਇਆ ਗਿਆ ਅਤੇ ਪੰਜਾਬੀ ਨੂੰ ਸਕੂਲਾਂ ਵਿਚ ਅਖਤਿਆਰੀ ਮਜ਼ਮੂਨ ਬਨਾਉਣ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕੀਤਾ। ਇਹ ਵੀ ਦਸਿਆ ਗਿਆ ਕਿ ਹਕੂਮਤ ਪੰਜਾਬੀ ਦੀ ਬਿਹਤਰੀ ਲਈ ਕੋਈ ਤੁਆਵਣ ਨਹੀਂ ਕਰ ਰਹੀ ਸੀ ਪਰ ਪੰਜਾਬੀ ਵਿਚ ਲਿਖਣ ਵਾਲਿਆਂ ਦੀ ਗਿਣਤੀ ਹੌਲੀ ਹੌਲੀ ਵਧਦੀ ਜਾ ਰਹੀ ਸੀ। ਮੈਂ ਗਿਲਾ ਕੀਤਾ ਕਿ ਕੁਰੈਸ਼ੀ ਸਾਹਿਬ ਨੇ ਪਾਕਿਸਤਾਨੀ ਪੰਜਾਬੀ ਅਦਬ ਦੀ ਤਵਾਰੀਖ ਵਿਚ ਕਿਸੇ ਵੀ ਭਾਰਤੀ ਪੰਜਾਬੀ ਲੇਖਕ ਦਾ ਜ਼ਿਕਰ ਨਹੀਂ ਕੀਤਾ। ਪੰਜਾਬੀ ਵਿਚ ਜਿਥੇ ਵੀ ਕੋਈ ਲਿਖਦਾ ਹੈ, ਚਾਹੇ ਉਹ ਪਾਕਿਸਤਾਨ ਹੈ, ਹਿੰਦੋਸਤਾਨ, ਅਮਰੀਕਾ, ਕੈਨੇਡਾ ਜਾਂ ਇੰਗਲੈਂਡ, ਉਸ ਦਾ ਪੰਜਾਬੀ ਅਦਬ ਦੀ ਤਾਰੀਖ ਵਿਚ ਜ਼ਿਕਰ ਹੋਣਾ ਚਾਹੀਦਾ ਹੈ। ਭਾਰਤੀ ਪੰਜਾਬ ਵਿਚ ਸ਼ੇਖ ਫਰੀਦ, ਸ਼ਾਹ ਹੁਸੈਨ, ਵਾਰਸ ਸ਼ਾਹ, ਬੁਲ੍ਹੇ ਸ਼ਾਹ, ਮੁਹਮੰਦ ਬਖਸ਼, ਹਾਸ਼ਮ, ਪੀਲੂ, ਸ਼ਾਹ ਮੁਹਮੰਦ ਅਤੇ ਅਨੇਕਾਂ ਹੋਰ ਮੁਸਲਮਾਨ ਲਿਖਾਰੀ ਕੋਰਸਾਂ ਦੀਆਂ ਕਿਤਾਬਾਂ ਵਿਚ ਪੜ੍ਹਾਏ ਜਾ ਰਹੇ ਸਨ। ਮੇਰੀ ਗੱਲ ਨੂੰ ਦਬੀ ਜ਼ਬਾਨ ਵਿਚ ਪਾਕਿਸਤਾਨੀ ਪੰਜਾਬੀ ਲਿਖਾਰੀ ਸੁਣ ਰਹੇ ਸਨ ਅਤੇ ਇਸ ਦਾ ਕੋਈ ਤਸੱਲੀ ਬਖਸ਼ ਉਤਰ ਨਹੀਂ ਦੇ ਰਹੇ ਸਨ। ਇੰਜ ਲਗਦਾ ਸੀ ਜਿਵੇਂ ਉਹਨਾਂ ਕੋਲ ਇਸ ਦਾ ਵਡਾ ਜਵਾਬ ਇਹੋ ਸੀ ਕਿ ਮੌਲਵੀ ਲੋਕਾਂ ਨੂੰ ਇਹ ਪਸੰਦ ਨਹੀਂ ਸੀ। ਕਈਆਂ ਨੂੰ ਇਹ ਵੀ ਇਤਰਾਜ਼ ਸੀ ਕਿ ਪੰਜਾਬੀ ਜੋ ਗੁਰਮਖੀ ਅਖਰਾਂ ਵਿਚ ਲਿਖੀ ਜਾਂਦੀ ਸੀ, ਇਹ ਸਿੱਖਾਂ ਦੀ ਬੋਲੀ ਸੀ। ਮੁਸਲਮਾਨ ਲਿਖਾਰੀ ਮੁਖ ਤੌਰ ਤੇ ਆਪਣੀਆਂ ਰਚਨਾਵਾਂ ਫਾਰਸੀ ਅਖਰਾਂ ਵਿਚ ਲਿਖਦੇ ਸਨ। ਫਿਰ ਉਹਨਾਂ ਦਾ ਇਹ ਇਤਰਾਜ਼ ਸੀ ਕਿ ਭਾਰਤੀ ਪੰਜਾਬੀ ਵਿਚ ਬੇਲੋੜੇ ਹਿੰਦੀ ਅਤੇ ਸੰਸਕ੍ਰਿਤ ਦੇ ਸ਼ਬਦ ਘਸੋੜੇ ਜਾ ਰਹੇ ਸਨ ਜੋ ਉਹਨਾਂ ਦੀ ਸਮਝ ਵਿਚ ਨਹੀਂ ਆਉਂਦੇ ਸਨ।

ਮੈਂ ਜਵਾਬ ਦਿਤਾ ਕਿ ਪਾਕਿਸਤਾਨੀ ਪੰਜਾਬੀ ਵਿਚ ਵੀ ਉਰਦੂ ਅਤੇ ਫਾਰਸੀ ਦੇ ਬਹੁਤ ਸਾਰੇ ਔਖੇ ਲਫਜ਼ ਘਸੋੜੇ ਜਾ ਰਹੇ ਹਨ ਜੋ ਸਾਡੀ ਨਵੀਂ ਪੀੜ੍ਹੀ ਨੂੰ ਸਮਝ ਨਹੀਂ ਆਉਂਦੇ। ਜਿਵੇਂ ਵੀ ਸੀ, ਇਹ ਮਿਲਣੀ ਬੜੇ ਤਪਾਕ ਨਾਲ ਭਰੀ ਹੋਈ ਸੀ ਅਤੇ ਖਾਣਾ ਵੀ ਬੜਾ ਲਜ਼ੀਜ਼ ਸੀ। ਕਈਆਂ ਨੇ ਇੰਡੀਆ ਵਿਚਲੇ ਕਈ ਸ਼ਹਿਰਾਂ ਦੀਆਂ ਯਾਦਾਂ ਮੇਰੇ ਨਾਲ ਸਾਂਝੀਆਂ ਕੀਤੀਆਂ। ਮੁਹਮੰਦ ਅਫਜ਼ਲ ਖਾਨ ਹੁਰਾਂ ਨੂੰ ਬੜਾ ਮਾਣ ਸੀ ਕਿ ਉਹਨਾਂ ਦੇ ਪਿਤਾ ਜੀ ਜਨਾਬ ਮੌਲਾ ਬਖਸ਼ ਕੁਸ਼ਤਾ ਨੇ ਪੰਜਾਬੀ ਵਿਚ ਬੜਾ ਕੰਮ ਕੀਤਾ ਸੀ। ਖੈਰ ਇਹ ਮੀਟਿੰਗ ਇਸ ਸਿੱਟੇ ਨਾਲ ਖਤਮ ਹੋਈ ਕਿ ਪਾਕਿਸਤਾਨੀ ਪੰਜਾਬੀ ਲੇਖਕ ਪਾਕਿਸਤਾਨ ਵਿਚ ਮਾਂ ਬੋਲੀ ਪੰਜਾਬੀ ਨੂੰ ਉਹਦਾ ਬਣਦਾ ਹੱਕ ਦਿਵਾਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰਖਣਗੇ। ਨੋਟ ਕਰਨ ਵਾਲੀ ਇਕ ਗੱਲ ਇਹ ਵੀ ਸੀ ਕਿ ਇਸ ਮੀਟਿੰਗ ਵਿਚ ਪਾਕਿਸਤਾਨ ਦੀ ਕੋਈ ਪੰਜਾਬੀ ਔਰਤ ਲੇਖਿਕਾ ਸ਼ਾਮਲ ਨਹੀਂ ਸੀ ਹੋਈ ਜਦ ਕਿ ਪ੍ਰਸਿਧ ਪੰਜਾਬੀ ਲੇਖਕ ਐਸ ਐਸ ਚਰਨ ਸਿੰਘ ਸ਼ਹੀਦ ਦੀ ਲੜਕੀ ਮਿਸਜ਼ ਸਤਨਾਮ ਮਹਿਮੂਦ ਲਾਹੌਰ ਵਿਚ ਰਹਿੰਦੀ ਸੀ ਅਤੇ ਪੰਜਾਬੀ ਵਿਚ ਲਿਖਦੀ ਸੀ। ਅਸੀਂ ਕਦੀ ਫਿਰ ਮਿਲਣ ਦਾ ਇਕਰਾਰ ਲੈ ਕੇ ਇਕ ਦੂਜੇ ਨਾਲੋਂ ਰੁਖਸਤ ਹੋਏ ਅਤੇ ਮੈਨੂੰ ਇਕ ਲੇਖਕ ਅਨਾਰ ਕਲੀ ਬਾਜ਼ਾਰ ਵਿਚ ਛਡ ਗਿਆ ਜਿਥੇ ਮੈਂ ਕੁਝ ਸ਼ਾਪਿੰਗ ਕਰਨੀ ਚਹੁੰਦਾ ਸਾਂ। ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਮੈਂ ਕੀ ਖਰੀਦਾਂ ਅਤੇ ਖਰੀਦੋ ਫਰੋਖਤ ਲਈ ਕਿਸੇ ਸਾਥ ਦੀ ਲੋੜ ਮਹਿਸੂਸ ਹੋ ਰਹੀ ਸੀ। ਮੈਂ ਇਕੱਲਾ ਸਰਦਾਰ ਅਨਾਰ ਕਲੀ ਬਾਜ਼ਾਰ ਵਿਚ ਤੁਰਿਆ ਜਾ ਰਿਹਾ ਸਾਂ ਜਿਥੇ ਉਹਨਾਂ ਸਮਿਆਂ ਵਿਚ ਵੀ ਅੰਤਾਂ ਦੀ ਭੀੜ ਸੀ। ਸਭ ਤੋਂ ਪਹਿਲਾਂ ਮੈਂ ਇਕ ਵਧੀਆ ਨੀਮ ਹਰੇ ਰੰਗ ਦਾ ਜ਼ਿਪ ਵਾਲਾ ਬੈਗ ਖਰੀਦਿਆ ਜਿਸ ਉਪਰ ਵਧਰ ਲੱਗੀ ਹੋਈ ਸੀ ਅਤੇ ਇਸ ਨੂੰ ਮੋਢੇ ਨਾਲ ਲਮਕਾਇਆ ਜਾ ਸਕਦਾ ਸੀ। ਮੁਸਲਮਾਨ ਦੁਕਾਨਦਾਰ ਨੇ ਬੈਗ ਦੀ ਕੀਮਤ ਲੈਣੋਂ ਨਾਂਹ ਕਰ ਦਿਤੀ ਪਰ ਮੈਂ ਇਸਰਾਰ ਕੀਤਾ ਕਿ ਲਾਗਤ ਤਾਂ ਲੈ ਲਵੋ ਤੇ ਓਸ ਮੁਨਾਸਬ ਕੀਮਤ ਵਿਚ ਬੈਗ ਮੈਨੂੰ ਦੇ ਦਿਤਾ। ਫਿਰ ਮੈਂ ਓਸੇ ਨੂੰ ਪੁਛਿਆ

ਕਿ ਮੈਂ ਅਸਲੀ ਬਾਦਾਮ ਰੋਗਣ ਦੀ ਸ਼ੀਸ਼ੀ ਖਰੀਦਣਾ ਚਹੁੰਦਾ ਹਾਂ। ਓਸ ਸਲਾਹ ਦਿਤੀ ਕਿ ਮੈਂ ਅਨਾਰਕਲੀ ਬਾਜ਼ਾਰ ਵਿਚ ਤੁਰਿਆ ਜਾਵਾਂ ਤਾਂ ਅਗੋਂ ਜਾ ਕੇ ਇਕ ਗਲੀ ਵਰਗਾ ਬਾਜ਼ਾਰ ਨਿਕਲੇਗਾ ਜਿਥੇ ਤੇਲੀਆਂ ਦੇ ਕੋਹਲੂ ਲੱਗੇ ਹੋਏ ਹਨ ਅਤੇ ਉਹ ਤੁਹਾਡੇ ਸਾਹਮਣੇ ਬਾਦਾਮ ਕੋਹਲੂ ਵਿਚ ਪਾ ਕੇ ਬਾਦਾਮ ਰੋਗਣ ਕਢ ਕੇ ਦੇ ਦਿੰਦੇ ਹਨ। ਪੁਛਦਾ ਪਛਾਂਦਾ ਮੈਂ ਓਸ ਥਾਂ ਤੇ ਪਹੁੰਚ ਹੀ ਗਿਆ ਪਰ ਓਥੇ ਇਕ ਨਹੀਂ, ਬਾਦਾਮ ਰੋਗਣ ਕਢ ਕੇ ਦੇਣ ਦੇ ਕਈ ਕੋਹਲੂ ਲੱਗੇ ਹੋਏ ਸਨ। ਮੇਰੇ ਲਈ ਇਹ ਸਭ ਕੁਝ ਨਵਾਂ ਤੇ ਅਨੋਖਾ ਸੀ। ਤੇਲੀ ਨੇ ਬੜੇ ਪਿਆਰ ਨਾਲ ਕਿਹਾ ਸਰਦਾਰ ਜੀ ਜਿਹੜੇ ਵੀ ਸਰਦਾਰ ਲੋਕ ਇੰਡੀਆ ਵਿਚੋਂ ਲਾਹੌਰ ਆਉਂਦੇ ਹਨ, ਅਸਲੀ ਬਾਦਾਮ ਰੋਗਣ ਲੈਣ ਲਈ ਏਥੇ ਹੀ ਆਉਂਦੇ ਹਨ। ਔਹ ਵੇਖੋ ਕਿੰਨੀਆਂ ਵਡੀਆਂ ਛੋਟੀਆਂ ਬਾਦਾਮ ਰੋਗਣ ਦੀਆਂ ਸ਼ੀਸ਼ੀਆਂ ਭਰੀਆਂ ਪਈਆਂ ਹਨ। ਜਿਹੜੀ ਤੁਹਾਨੂੰ ਚਾਹੀਦੀ ਹੈ, ਲੈ ਲਵੋ। ਇਹਨਾਂ ਵਿਚ ਜੇ ਤੁਹਾਨੂੰ ਕੋਈ ਰਲਾ ਨਜ਼ਰ ਆਉਂਦਾ ਹੈ ਤਾਂ ਮੈਂ ਤੁਹਾਡੇ ਸਾਹਮਣੇ ਕੋਹਲੂ ਵਿਚ ਬਾਦਾਮ ਪਾ ਕੇ ਹੋਰ ਕਢ ਦਿੰਦਾ ਹਾਂ। ਉਹ ਐਨੀ ਹਲੀਮੀ ਨਾਲ ਬੋਲ ਰਿਹਾ ਸੀ ਕਿ ਮੈਂ ਓਸ ਨੂੰ ਕਿਹਾ ਜਿਵੇਂ ਤੈਨੂੰ ਚੰਗਾ ਲਗਦਾ ਹੈ, ਕਰ ਦੇ। ਓਸ ਕਹੋਲੂ ਵਿਚ ਬਾਦਮ ਪਾਏ ਤੇ ਕਹਲੂ ਚਲਾ ਕੇ ਕੁਝ ਮਿੰਟਾਂ ਵਿਚ ਬਾਦਾਮ ਰੋਗਣ ਦੀ ਇਕ ਸ਼ੀਸ਼ੀ ਭਰ ਕੇ ਦੇ ਦਿਤੀ। ਜਦ ਮੈਂ ਉਂਗਲ ਲਾ ਕੇ ਵੇਖੀ ਤਾਂ ਮੈਂ ਮਹਿਸੂਸ ਕੀਤਾ ਕਿ ਮੈਂ ਪਹਿਲਾਂ ਕਦੀ ਐਨਾ ਗਾੜ੍ਹਾ ਤੇ ਥਿੰਦਾ ਬਾਦਾਮ ਰੋਗਣ ਨਹੀਂ ਵੇਖਿਆ ਸੀ। ਓਸ ਨੇ ਵੀ ਪੈਸੇ ਲੈਣੋਂ ਨਾਂਹ ਕਰ ਦਿਤੀ ਪਰ ਮੈਂ ਬਧੋ ਬਧੀ ਕੁਝ ਪੈਸੇ ਉਹਦੇ ਅਗੇ ਕਰ ਦਿਤੇ ਜਿਨ੍ਹਾਂ ਵਿਚੋਂ ਉਸਨੇ ਨਾਂ ਮਾਤਰ ਪੈਸੇ ਲੈ ਕੇ ਜ਼ੋਰ ਨਾਲ ਸ਼ੀਸੀ ਦੇ ਮੂੰਹ ਅਗੇ ਡਟ ਲਾ ਦਿਤਾ ਤੇ ਕਾਗਜ਼ ਦੇ ਡਬਲ ਲਿਫਾਫੇ ਵਿਚ ਪਾ ਦਿਤਾ ਕਿ ਬਾਦਾਮ ਰੋਗਣ ਰਿਸ ਰਿਸ ਕੇ ਕਿਤੇ ਮੇਰੇ ਕਪੜੇ ਖਰਾਬ ਨਾ ਕਰ ਦੇਵੇ।

ਮੈਂ ਬਾਦਾਮ ਰੋਗਣ ਦੀ ਸ਼ੀਸੀ ਮੋਢੇ ਤੇ ਲਮਕਦੇ ਬੈਗ ਵਿਚ ਪਾਈ ਤੇ ਅਨਾਰਕਲੀ ਬਾਜ਼ਾਰ ਵਿਚ ਆ ਗਿਆ ਜਿਥੇ ਇਕ ਕੈਮਿਸਟ ਦੀ ਦੁਕਾਨ ਦਿਸ ਪਈ ਜਿਥੋਂ ਮੈਂ ਬਾਹਰ ਦਾ ਬਣਿਆ ਹੋਇਆ ਥਰਮਾਮੀਟਰ ਤੇ ਮਛੀ ਦੇ ਤੇਲ ਦੀ ਬੋਤਲ ਵੀ ਖਰੀਦ ਲਈ। ਪਾਕਿਸਤਾਨ ਵਿਚ ਇਮਪੋਰਟਡ ਚੀਜ਼ਾਂ ਦੀ ਕੋਈ ਕਮੀ ਨਹੀਂ ਸੀ ਜੋ ਹਿੰਦੋਸਤਾਨ ਵਿਚ ਬਹੁਤ ਘੱਟ ਮਿਲਦੀਆਂ ਸਨ। ਇਕ ਜਗ੍ਹਾ ਤੇ ਬੂਟਾਂ ਦੀ ਦੁਕਾਨ ਸੀ ਤੇ ਇਕ ਬਹੁਤ ਖੂਬਸੂਰਤ ਅਧਖੜ੍ਹ ਮੁਸਲਮਾਨ ਜਿਸ ਦਾ ਰੰਗ ਗੋਰਾ ਤੇ ਅਖਾਂ ਨੀਲੀਆਂ ਸਨ, ਮੈਨੂੰ ਵੇਖ ਕੇ ਕਹਿਣ ਲਗਾ,"ਸਰਦਾਰ ਸਾਹਿਬ ਅੰਦਰ ਤਸ਼ਰੀਫ ਲੈ ਆਓ ਤੇ ਆਪਣੀ ਮਰਜ਼ੀ ਦਾ ਸਭ ਤੋਂ ਵਧੀਆ ਬੂਟ ਤੁਅਫੇ ਵਜੋਂ ਮੇਰੇ ਵੱਲੋਂ ਕਬੂਲ ਕਰੋ। ਮੈਂ ਕਿਹਾ ਮੈਂ ਹਿੰਦੋਸਤਾਨ ਵਿਚੋਂ ਤੁਰਨ ਲਗਿਆਂ ਨਵੇਂ ਬੂਟ ਲੈ ਕੇ ਆਇਆ ਹਾਂ ਤੇ ਮੈਨੂੰ ਹੋਰ ਬੂਟ ਦੀ ਲੋੜ ਨਹੀਂ ਹੈ, ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਫਿਰ ਉਹ ਮੈਨੂੰ ਪੁਛਣ ਲੱਗਾ ਕਿ ਮੈਂ ਉਸ ਨੂੰ ਕਿਸ ਤਰ੍ਹਾਂ ਦਾ ਲਗਦਾ ਸਾਂ। ਮੈਂ ਕਿਹਾ ਤੁਸੀਂ ਬਹੁਤ ਖੂਬਸੂਰਤ ਹੋ ਅਤੇ ਬਿਲਕੁਲ ਅੰਗਰੇਜ਼ ਲਗਦੇ ਹੋ। ਤੁਹਾਡਾ ਰੰਗ ਵੀ ਬਹੁਤ ਗੋਰਾ ਹੈ ਅਤੇ ਅਖਾਂ ਵੀ ਨੀਲੀਆਂ ਹਨ। ਉਹ ਕਹਿਣ ਲਗਾ ਤੁਸੀਂ ਬਿਲਕੁਲ ਦਰੁਸਤ ਫੁਰਮਾਇਆ ਹੈ। ਮੈਂ ਆਮ ਮੁਸਲਮਾਨਾਂ ਵਰਗਾ ਮੁਸਲਮਾਨ ਨਹੀਂ ਹਾਂ ਕਿਉਂਕਿ ਮੈਂ ਮੁਗਲ ਖਾਂਨਦਾਨ ਵਿਚੋਂ ਹਾਂ। ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੁਗਲ ਰੰਗ ਦੇ ਗੋਰੇ ਅਤੇ ਨੀਲੀਆਂ ਅਖਾਂ ਵਾਲੇ ਸਨ। ਮੈਂ ਮੁਗਲ ਖਾਨਦਾਨ ਵਿਚੋਂ ਹਾਂ ਅਤੇ ਮੇਰੀਆਂ ਰਗਾਂ ਵਿਚ ਸ਼ਾਹੀ ਖ਼ੂੰਨ ਦੌੜਦਾ ਹੈ। ਮੈਂ ਏਨਾ ਕਹਿ ਕੇ ਬਾਹਰ ਆ ਗਿਆ ਤੁਸੀਂ ਦਰੁਸਤ ਹੋ ਸਕਦੇ ਹੋ ਮੁਗਲ ਸਾਹਬ ਪਰ ਇਹ ਦੁਕਾਨ ਕਾਹਦੀ ਖੋਲ੍ਹੀ ਹੋਈ ਜੇ। ਉਹ ਮੇਰੀ ਗੱਲ ਸਮਝ ਗਿਆ ਤੇ ਬਗੈਰ ਝਿਜਕ ਦੇ ਕਹਿਣ ਲੱਗਾ ਕਿ ਹੁਣ ਉਹ ਹਕੂਮਤ ਦਾ ਜ਼ਮਾਨਾ ਬੀਤ ਗਿਆ ਹੈ। ਆਖਰ ਰੋਟੀ ਵੀ ਤਾਂ ਖਾਣੀ ਹੈ ਅਤੇ ਬਾਲ ਬੱਚੇ ਦਾ ਪੇਟ ਵੀ ਪਾਲਣਾ ਹੈ। ਹੁਣ ਮੈਂ ਫਿਰ ਬਾਜ਼ਾਰ ਵਿਚ ਇਕ ਪਾਸੇ ਪੈਦਲ ਤੁਰਦਾ ਜਾ ਰਿਹਾ ਸਾਂ ਕਿ ਇਕ ਵਡੀ ਅਮਪਾਲਾ ਕਾਰ ਮੇਰੇ ਲਾਗੇ ਆ ਕੇ ਰੁਕ ਗਈ। ਕਾਰ ਵਿਚੋਂ ਉਚੇ ਸ਼ਮਲੇ ਵਾਲਾ ਇਕ ਚੰਗਾ ਬਣਦਾ ਫਬਦਾ ਮੁਸਲਮਾਨ ਬਾਹਰ ਆਇਆ ਤੇ ਮੈਨੂੰ ਕਾਰ ਵਿਚ ਬੈਠਣ ਲਈ ਕਿਹਾ। ਓਸ ਪਿਛਲੀ ਸੀਟ ਦਾ ਡੋਰ ਖੋਲ੍ਹਿਆ ਤੇ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ। ਮਹਿੰਗੀ ਕਾਰ ਦੀ ਪਿਛਲੀ ਸੀਟ ਤੇ ਵੀ ਉਚੇ ਸ਼ਮਲੇ ਵਾਲੀ ਪੱਗ, ਰੇਸ਼ਮੀ ਐਚਕਨ, ਵਧੀਆ ਸਲਵਾਰ, ਗਲ ਵਿਚ ਕੀਮਤੀ ਮੋਤੀਆਂ ਦੀ ਮਾਲਾ ਵਾਲੇ ਇਕ ਖਾਨ ਸਾਹਬ ਬੈਠੇ ਸਨ। ਓਸ ਬੜੇ ਪਿਆਰ ਨਾਲ ਮੇਰੇ ਨਾਲ ਹਥ ਮਿਲਾਇਆ। ਉਸ ਕੀਮਤੀ ਅੰਗੂਠੀਆਂ ਉਂਗਲਾਂ ਵਿਚ ਪਾਈਆਂ ਹੋਈਆਂ ਸਨ ਤੇ ਡਰਾਈਵਰ ਨੂੰ ਇਕ ਵਧੀਆ ਹੋਟਲ ਵਿਚ ਜਾਣ ਦਾ ਹੁਕਮ ਦਿਤਾ। ਓਥੇ ਪਹੁੰਚ ਕੇ ਮੈਂ ਜਦ ਹੋਰ ਵੀ ਗਹੁ ਨਾਲ ਖਾਨ ਸਾਹਿਬ ਦੀ ਡੀਲ ਡੌਲ ਵੇਖੀ। ਐਚਕਨ ਦੀ ਉਪਰਲੀ ਜੇਬ ਵਿਚ ਕੀਮਤੀ ਘੜੀ ਪਾਈ ਹੋਈ ਸੀ ਤੇ ਉਹਦੀ ਸੋਨੇ ਦੀ ਚੇਨ ਬਟਨ ਨਾਲ ਲੱਗੀ ਹੋਈ ਸੀ। ਮੈਨੂੰ ਕਹਿਣ ਲਗੇ ਕੀ ਖਾਓਗੇ। ਮੈਂ ਕਿਹਾ ਮੈਂ ਕੁਝ ਘੰਟੇ ਪਹਿਲਾਂ ਅਦੀਬਾਂ ਦੀ ਇਕ ਮਹਿਫਲ ਵਿਚ ਖਾਣਾ ਖਾ ਕੇ ਆਇਆ ਹਾਂ। ਚਾਹ ਜਾਂ ਕਾਫੀ ਠੀਕ ਰਹੇਗੀ। ਉਹਨਾਂ ਨੇ ਕਾਫੀ ਵਗੈਰਾ ਦਾ ਵੇਟਰ ਨੂੰ ਆਰਡਰ ਕਰ ਦਿਤਾ ਤੇ ਮੈਨੂੰ ਕਹਿਣ ਲਗੇ, ਸਰਦਾਰ ਸਾਹਿਬ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਇਕ ਖੂਬਸੂਰਤ ਸਰਦਾਰ ਨੂੰ ਐਨੇ ਨਜ਼ਦੀਕ ਤੋਂ ਵੇਖਿਆ ਹੈ। ਮੈਂ ਤੁਹਾਨੂੰ ਬਹਾਵਲਪੁਰ ਲੈ ਕੇ ਜਾਣਾ ਚਹੁੰਦਾ ਹਾਂ। ਮੈਨੂੰ ਉਮੀਦ ਹੈ ਕਿ ਤੁਸੀਂ ਮੇਰਾ ਆਖਾ ਨਹੀਂ ਮੋੜੋਗੇ। ਮੈਂ ਬੜੇ ਪਿਆਰ ਨਾਲ ਕਿਹਾ ਕਿ ਮੇਰੇ ਕੋਲ ਬਹਾਵਲਪੁਰ ਜਾਣ ਦਾ ਵੀਜ਼ਾ ਨਹੀਂ ਹੈ। ਮੈਂ ਤੁਹਾਡੇ ਨਾਲ ਓਥੇ ਨਹੀਂ ਜਾ ਸਕਦਾ।

ਉਹ ਫਿਰ ਕਹਿਣ ਲਗੇ ਮੈਂ ਬਹਾਵਲਪੁਰ ਵਿਚ ਕਦੇ ਕੋਈ ਸਰਦਾਰ ਨਹੀਂ ਵੇਖਿਆ, ਜਦੋਂ ਤੁਸੀਂ ਮੇਰੇ ਨਾਲ ਜਾਵੋਗੇ ਤਾਂ ਬਹਾਵਲਪੁਰ ਵਿਚ ਮੇਰੀ ਬੜੀ ਸ਼ਾਨ ਵਧੇਗੀ। ਮੈਂ ਫਿਰ ਕਿਹਾ ਕਿ ਮੇਰੇ ਕੋਲ ਓਥੇ ਜਾਣ ਦਾ ਵੀਜ਼ਾ ਨਹੀਂ ਹੈ। ਇਸ ਤੋਂ

ਪਹਿਲਾਂ ਕਿ ਖਾਨ ਸਾਹਬ ਕੋਈ ਜਵਾਬ ਦਿੰਦੇ, ਉਹਨਾਂ ਦਾ ਡਰਾਈਵਰ ਜੋ ਕੋਲ ਹੀ ਖੜ੍ਹਾ ਸੀ, ਕਹਿਣ ਲੱਗਾ, ਸਰਦਾਰ ਸਾਹਿਬ ਤੁਹਾਨੂੰ ਪਤਾ ਇਹ ਕੌਣ ਹਨ। ਇਹ ਬਹਾਵਲਪੁਰ ਰਿਆਸਤ ਦੇ ਨਵਾਬ ਹਨ। ਇਹਨਾਂ ਦੇ ਹੁੰਦਿਆਂ ਤੁਹਾਨੂੰ ਪਾਕਿਸਤਾਨ ਵਿਚ ਵੀਜ਼ੇ ਬਾਰੇ ਕੌਣ ਪੁਛ ਸਕਦਾ ਹੈ। ਮੈਂ ਨਵਾਬ ਸਾਹਿਬ ਦੇ ਜਤਲਾਏ ਪਿਆਰ ਅਤੇ ਇਸਤਕਬਾਲ ਅਗੇ ਸਿਰ ਝੁਕਾਇਆ ਤੇ ਉਹਨਾਂ ਦਾ ਬੜਾ ਸ਼ੁਕਰੀਆਂ ਅਦਾ ਕੀਤਾ ਤੇ ਇਕਰਾਰ ਕੀਤਾ ਕਿ ਅਗਲੀ ਵਾਰ ਜਦ ਮੈਂ ਪਾਕਿਸਤਾਨ ਆਵਾਂਗਾ ਤਾਂ ਬਹਾਵਲਪੁਰ ਦਾ ਵੀਜ਼ਾ ਲੈ ਕੇ ਆਵਾਂਗਾ ਅਤੇ ਜ਼ਰੂਰ ਤੁਹਾਡੇ ਪਾਸ ਆ ਕੇ ਰਹਾਂਗਾ। ਉਹਨਾਂ ਵੀ ਜ਼ਿਆਦਾ ਇਸਰਾਰ ਨਾ ਕੀਤਾ ਬਧੋ ਬਧੀ ਸੌ ਸੌ ਰੁਪੇ ਦੇ ਦੋ ਨੋਟ ਮੇਰੀ ਜੇਬ ਵਿਚ ਪਾ ਦਿਤੇ ਅਤੇ ਆਪਣਾ ਪਤਾ ਵੀ ਲਿਖ ਕੇ ਦੇ ਦਿਤਾ। ਨਵਾਬ ਸਾਹਿਬ ਦਾ ਡਰਾਈਵਰ ਮੈਨੂੰ ਮੁੰਡਿਆਂ ਦੇ ਹੋਸਟਲ ਅਗੇ ਛਡ ਗਿਆ। ਨਵਾਜ਼ ਮੇਰੀ ਸਾਰੇ ਦਿਨ ਦੀ ਕਾਰਗੁਜ਼ਾਰੀ ਸੁਣ ਕੇ ਬਹੁਤ ਖੁਸ਼ ਹੋਇਆ ਤੇ ਉਹਦੇ ਕਮਰੇ ਵਿਚ ਹੋਰ ਵੀ ਮੁੰਡੇ ਆ ਗਏ। ਉਹ ਕਹਿਣ ਲਗੇ ਸਰਦਾਰ ਸਾਹਿਬ ਅਸਾਂ ਸੁਣਿਆ ਹੈ ਕਿ ਸਰਦਾਰ ਸ਼ਰਾਬ ਬਹੁਤ ਪੀਂਦੇ ਹਨ ਅਤੇ ਪੀ ਕੇ ਬੜੀ ਮਸਤੀ ਮਾਰਦੇ ਹਨ। ਤੁਸੀਂ ਪੀ ਲੈਂਦੇ ਹੋ? ਮੈਂ ਕਿਹਾ ਹਰ ਥਾਂ, ਹਰ ਮੁਲਕ ਵਿਚ ਹੀ ਕਿਸਮ ਕਿਸਮ ਦੇ ਲੋਕ ਹੁੰਦੇ ਹਨ। ਮੈਂ ਪੀ ਲੈਂਦਾ ਹਾਂ ਪਰ ਮੈਨੂੰ ਪਤਾ ਨਹੀਂ ਮਸਤੀ ਤੋਂ ਤੁਹਾਡਾ ਕੀ ਮਤਲਬ ਹੈ। ਇਕ ਕਹਿਣ ਲੱਗਾ ਕਿ ਸਰਦਾਰ ਪੀ ਕੁ ਬਹੁਤ ਉਲ ਜਲੂਲ ਗੱਲਾਂ ਕਰਦੇ ਹਨ। ਉਹਨਾਂ ਦੇ ਬਾਰਾਂ ਵਜ ਜਾਂਦੇ ਹਨ। ਮੈਂ ਉਸ ਨੂੰ ਪੁਛਿਆ ਕਿ ਤੁਸੀਂ ਕਦੇ ਪੀਤੀ ਹੈ ਜਾਂ ਕਿਸੇ ਪੀਤੇ ਹੋਏ ਨੂੰ ਵੇਖਿਆ ਹੈ। ਉਹ ਕਹਿਣ ਲੱਗੇ ਕਿ ਅਸੀਂ ਤਾਂ ਅਜ ਤਕ ਬੋਤਲ ਦੀ ਸ਼ਕਲ ਵੀ ਨਹੀਂ ਵੇਖੀ, ਪੀਣੀ ਤਾਂ ਦੂਰ ਦੀ ਗੱਲ ਹੈ। ਹਾਂ ਫਿਲਮਾਂ ਵਿਚ ਲੋਕਾਂ ਨੂੰ ਪੀਂਦਿਆਂ ਵੇਖਿਆ ਹੈ। ਨਵਾਜ਼ ਹੱਸ ਕੇ ਕਹਿਣ ਲੱਗਾ ਕਿ ਟੈਂਪਲ ਰੋਡ ਤੇ ਅੰਗਰੇਜ਼ੀ ਸ਼ਰਾਬ ਦਾ ਠੇਕਾ ਹੈ। ਸਰਦਾਰ ਹੁਰਾਂ ਨੂੰ ਓਤੋਂ ਬੋਤਲ ਲਿਆ ਪਿਆ ਕੇ ਨਜ਼ਾਰਾ ਵੇਖ ਲੈਂਦੇ ਹਾਂ। ਚਾਅ ਚਾਅ ਜਹੇ ਵਿਚ ਹੀ ਅਸੀਂ ਟੈਂਪਲ ਰੋਡ ਦੇ ਅੰਗਰੇਜ਼ੀ ਠੇਕੇ ਤੇ ਚਲੇ ਗਏ। ਮੈਂ ਆਪਣਾ ਪਾਸਪੋਰਟ ਵਖਾਇਆ ਤੇ ਬਰਾਂਡੀ ਦੀ ਬੋਤਲ ਖਰੀਦ ਲਈ ਜਿਸ ਦੇ ਪੈਸੇ ਨਵਾਜ਼ ਨੇ ਦਿਤੇ। ਹੋਸਟਲ ਵਿਚ ਆ ਕੇ ਅਸਾਂ ਦਰਵਾਜ਼ਾ ਬੰਦ ਕਰ ਲਿਆ ਤੇ ਮੈਂ ਉਹਨਾਂ ਨੂੰ ਕਿਹਾ ਕਿ ਹੋਸਟਲ ਦਾ ਮਾਮਲਾ ਹੈ। ਗੱਲ ਅੰਦਰ ਹੀ ਰਹਿਣੀ ਚਾਹੀਦੀ ਹੈ। ਮੁੰਡੇ ਗਲਾਸ ਤੇ ਪਾਣੀ ਲੈ ਆਏ। ਮੈਂ ਬਰਾਂਡੀ ਦੀ ਬੋਤਲ ਦਾ ਢੱਕਣ ਤੋੜ ਕੇ ਇਕ ਤਕੜਾ ਪੈਗ ਪਾਇਆ, ਪਾਣੀ ਮਿਲਾਇਆ ਤੇ ਹੌਲੀ ਹੌਲੀ ਗਲਾਸ ਖਾਲੀ ਕਰ ਦਿਤਾ। ਉਹ ਹੈਰਾਨ ਸਨ ਕਿ ਮੈਨੂੰ ਤਾਂ ਕੁਝ ਵੀ ਨਹੀਂ ਸੀ ਹੋਇਆ। ਮੈਂ ਇਕ ਹੋਰ ਤਕੜਾ ਸ਼ਾਟ ਪਾਇਆ ਤੇ ਫਿਰ ਓਸ ਤੋਂ ਬਾਅਦ ਇਕ ਹੋਰ ਤਕੜਾ ਪਰ ਸਾਧਾਰਨ ਗੱਲਾਂ ਹੁੰਦੀਆਂ ਰਹੀਆਂ। ਮੁੰਡੇ ਹੈਰਾਨ ਸਨ ਕਿ ਮੈਂ ਚੰਗਾ ਭਲਾ ਸਾਂ। ਮੁੰਡੇ ਜੋ ਬੜੇ ਗਲਤ ਅੰਦਾਜ਼ੇ ਲਾਈ ਬੈਠੈ ਸਨ, ਮੈਨੂੰ ਵੇਖ ਕੇ ਹੈਰਾਨ ਸਨ ਕਿ ਕੁਝ ਵੀ ਨਿਆਰਾ ਨਹੀਂ ਸੀ। ਮੈਂ ਉਹਨਾਂ ਨੂੰ ਕਮਰੇ ਵਿਚ ਹੀ ਰੋਟੀ ਲਿਆਣ ਲਈ ਕਹਿ ਦਿਤਾ। ਆਮ ਰਾਤਾਂ ਵਰਗੀ ਰਾਤ ਸੀ ਤੇ ਦਿਨ ਵੀ ਆਮ ਦਿਨਾਂ ਵਾਂਗ ਹੀ ਚੜ੍ਹਿਆ ਸੀ। ਸਵੇਰੇ ਅਨਾਰਾਂ ਦੇ ਜੂਸ ਦਾ ਗਲਾਸ ਲੈ ਕੇ ਨਵਾਜ਼ ਮੇਰੇ ਸਰ੍ਹਾਣੇ ਖੜ੍ਹਾ ਸੀ।

ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ
ਕਿਸ਼ਤ 43.
ਅਧੀ ਰਾਤ ਆਪਣੇ ਪਿੰਡ ਆਪਣੇ ਘਰ ਜਾਣਾ-

ਸ਼ੁਕਰਵਾਰ ਦਾ ਦਿਨ ਸੀ। ਮੈਂ ਮੁਹੰਮਦ ਨਵਾਜ਼ ਨੂੰ ਦੱਸ ਦਿਤਾ ਕਿ ਮੈਂ ਆਪਣਾ ਪਿੰਡ ਵੇਖਣ ਜਾ ਰਿਹਾ ਹਾਂ ਅਤੇ ਵਾਪਸ ਆ ਕੇ ਮੈਂ ਕੁਝ ਦਿਨ ਡੇਵਡ ਗਾਜ਼ੀ ਦੀ ਮਾਂ ਦੇ ਘਰ ਠਹਿਰਾਂਗਾ ਤੇ ਫਿਰ ਵਾਪਸ ਇੰਡੀਆ ਨੂੰ ਪਰਤ ਜਾਵਾਂਗਾ। ਹੋਸਟਲ ਦੇ ਦੋ ਮੁੰਡਿਆਂ ਨੇ ਮੇਰੇ ਨਾਲ ਮੇਰੇ ਪਿੰਡ ਜਾਣ ਦਾ ਫੈਸਲਾ ਕਰ ਲਿਆ ਜਿਨ੍ਹਾਂ ਵਿਚ ਇਕ ਲਾਇਲਪੁਰ ਦਾ ਸਈਅਦ ਅਹਿਮਦ ਢਿਲੋਂ ਸੀ। ਅਸੀਂ ਥਾਣੇ ਜਾ ਕੇ ਹੋਸਟਲ ਛਡਣ ਦੀ ਇਤਲਾਹ ਲਿਖਵਾ ਦਿਤੀ ਤੇ ਮੁਨਸ਼ੀ ਕੋਲੋਂ ਕਾਗਜ਼ਾਤ ਲੈ ਕੇ ਸਿੱਧੇ ਲਾਹੌਰ ਦੇ ਐਸ. ਐਸ. ਪੀ. ਦਫਤਰ ਚਲੇ ਗਏ ਤੇ ਦਸਿਆ ਕਿ ਮੈਂ ਜ਼ਿਲਾ ਸ਼ੇਖੂਪੁਰਾ ਵਿਚ ਆਪਣੇ ਪਿੰਡ ਜਾ ਰਿਹਾ ਹਾਂ। ਰਜਿਸਟਰੇਸ਼ਨ ਹੌਲਦਾਰ ਨੇ ਨਵਾਂ ਪਰਚਾ ਦੇ ਕੇ ਕਿਹਾ ਕਿ ਪਹਿਲਾਂ ਸ਼ੇਖੂਪੁਰੇ ਦੇ ਐਸ. ਪੀ. ਦਫਤਰ ਵਿਚ ਜਾ ਕੇ ਰੀਪੋਰਟ ਕਰੋ ਤੇ ਓਥੋਂ ਪਰਚਾ ਬਣਵਾ ਕੇ ਆਪਣੇ ਪਿੰਡ ਨਾਲ ਸਬੰਧਤ ਥਾਣਾ ਸਾਂਗਲਾ ਹਿੱਲ ਜਾ ਕੇ ਰੀਪੋਰਟ ਲਿਖਵਾ ਕੇ ਫਿਰ ਪਿੰਡ

ਜਾਇਓ। ਪਿੰਡੋਂ ਵਾਪਸੀ ਤੇ ਫਿਰ ਇਹੀ ਕਾਰਵਾਈ ਮਤਲਬ ਥਾਣੇ ਜਾ ਕੇ ਅਤੇ ਸ਼ੇਖੂਪੁਰੇ ਜਾ ਕੇ ਫਿਰ ਏਥੇ ਆਉਣਾ ਹੈ। ਅਸੀਂ ਦਫਤਰ ਵਿਚੋਂ ਵਾਪਸੀ ਦੇ ਕਾਗਜ਼ ਬਣਵਾ ਕੇ ਸ਼ੇਖੂਪੁਰੇ ਨੂੰ ਜਾਣ ਵਾਲੀਆਂ ਬੱਸਾਂ ਦੇ ਅਡੇ ਤੇ ਆ ਗਏ। ਏਥੇ ਬੜੀ ਮੁਸ਼ਕਲ ਪੇਸ਼ ਆਈ ਕਿ ਪਾਕਿਸਤਾਨ ਦੇ ਹੁਕਮਰਾਨ ਜਨਰਲ ਅਯੂਬ ਖਾਂ ਦੀਆਂ ਬੱਸਾਂ ਲਾਹੌਰ ਤੋਂ ਸਿੱਧੀਆਂ ਲਾਇਲਪੁਰ ਨੂੰ ਜਾਂਦੀਆਂ ਸਨ ਤੇ ਉਹ ਰਸਤੇ ਵਿਚ ਸ਼ੇਖੂਪੁਰੇ ਨਹੀਂ ਰੁਕਦੀਆਂ ਸਨ। ਮੈਂ ਡਰਾਈਵਰ ਅਤੇ ਕੰਡਕਟਰ ਨੂੰ ਬਹੁਤ ਕਿਹਾ ਕਿ ਅਸੀਂ ਟਿਕਟਾਂ ਲਾਇਲਪੁਰ ਦੀਆਂ ਲੈ ਲੈਂਦੇ ਹਾਂ ਤੇ ਤੁਸੀਂ ਸਾਨੂੰ ਸ਼ੇਖੂਪੁਰੇ ਉਤਾਰ ਦੇਣਾ ਪਰ ਉਹ ਨਾ ਮੰਨੇ। ਕਹਿੰਦੇ ਸਾਡੀ ਨੌਕਰੀ ਨੂੰ ਖਤਰਾ ਹੋ ਸਕਦਾ ਹੈ। ਲਾਹੌਰ ਦੇ ਬੱਸ ਅਡੇ ਤੇ ਕਾਫੀ ਭੀੜ ਸੀ ਅਤੇ ਸਫਾਈ ਵੀ ਜ਼ਿਆਦਾ ਠੀਕ ਨਹੀਂ ਸੀ। ਪਾਕਿਸਤਾਨ ਬਨਣ ਤੋਂ ਬਾਅਦ ਇਹ ਬੱਸਾਂ ਦਾ ਅੱਡਾ ਮੈਂ ਪਹਿਲੀ ਵਾਰ ਵੇਖਿਆ ਸੀ। ਏਨੇ ਨੂੰ ਇਕ ਅਧਖੜ ਉਮਰ ਦੀ ਮੁਸਲਮਾਨ ਔਰਤ ਮੇਰੇ ਗਲ ਪੈ ਗਈ ਤੇ ਮੈਨੂੰ ਗਾਲਾਂ ਕਢਣ ਲਗ ਪਈ ਕਿ ਤੁਸੀਂ ਸਿੱਖਾਂ ਨੇ ਸਾਡੇ ਬੰਦੇ ਮਾਰੇ ਤੇ ਸਾਡੀਆਂ ਕੁੜੀਆਂ ਉਧਾਲੀਆਂ ਸਨ। ਰੌਲਾ ਪੈਂਦਾ ਵੇਖ ਕੇ ਲੋਕ ਇਕਠੇ ਹੋ ਗਏ ਤੇ ਓਥੇ ਤੁਰਿਆ ਫਿਰਦਾ ਇਕ ਸਿਪਾਹੀ ਵੀ ਆ ਗਿਆ। ਹੋਸਟਲ ਦੇ ਮੁੰਡੇ ਵੀ ਮੇਰੀ ਸੁਰਖਿਆ ਲਈ ਮੇਰੇ ਲਾਗੇ ਖਲੋ ਗਏ। ਏਨੇ ਵਿਚ ਸਿਪਾਹੀ ਤੇ ਹੋਰ ਲੋਕ ਓਸ ਔਰਤ ਨੂੰ ਘੂਰਦੇ ਪਰ੍ਹਾਂ ਲੈ ਗਏ ਕਿ ਇਸ ਵਿਚ ਇਸ ਸਰਦਾਰ ਦਾ ਕੀ ਕਸੂਰ ਸੀ। ਇਹ ਤਾਂ ਓਦੋਂ ਬੱਚਾ ਸੀ ਤੇ ਅਜ ਸਾਡਾ ਮਹਿਮਾਨ ਹੈ। ਜਦੋਂ ਮੁਲਕ ਦੀ ਵੰਡ ਦੇ ਫਸਾਦ ਹੋਏ ਸਨ ਤੇ ਵਢ ਟੁੱਕ ਦੇ ਜਨੂੰਨ ਦੀ ਹਨੇਰੀ ਚੱਲੀ ਸੀ ਤਾਂ ਕੀ ਸਿੱਖਾਂ ਤੇ ਕੀ ਮੁਸਲਮਾਨਾਂ, ਸਭਨਾਂ ਨੇ ਗੁੱਸੇ ਵਿਚ ਆ ਕੇ ਇਕ ਦੂਜੇ ਦਾ ਜਾਨੀ ਤੇ ਮਾਲੀ ਨੁਕਸਾਨ ਕੀਤਾ ਸੀ। ਹੁਣ ਉਹ ਜ਼ਮਾਨਾ ਬੀਤ ਗਿਆ ਹੈ। ਲੋਕਾਂ ਦੀਆਂ ਗੱਲਾਂ ਸੁਣ ਕੇ ਉਹ ਔਰਤ ਠੰਢੀ ਹੋ ਗਈ ਤੇ ਸ਼ੇਖੂਪੁਰੇ ਖਲੋਣ ਵਾਲੀ ਬੱਸ ਨਾ ਮਿਲਣ ਦੀ ਮਾਯੂਸੀ ਵਿਚ ਅਸੀਂ ਲਾਹੌਰ ਦੇ ਵਡੇ ਸਟੇਸ਼ਨ ਤੇ ਆ ਕੇ ਗਡੀ ਫੜ ਕੇ ਜਦੋਂ ਸ਼ੇਖੂਪੁਰੇ ਉਤਰੇ ਤਾਂ ਦੋ ਵੱਜ ਚੁਕੇ ਸਨ। ਤਾਂਗਾ ਲੈ ਕੇ ਅਸੀਂ ਜਲਦੀ ਤੋਂ ਜਲਦੀ ਐਸ. ਪੀ. ਦਫਤਰ ਪੁਜੇ ਤਾਂ ਪਹਿਰੇ ਤੇ ਖੜ੍ਹੇ ਸੰਤਰੀ ਨੇ ਦਸਿਆ ਕਿ ਜੁੰਮੇ ਦੀ ਨਮਾਜ਼ ਹੋਣ ਕਰ ਕੇ ਐਸ. ਪੀ. ਦਫਤਰ ਵਿਚ ਅਧੇ ਦਿਨ ਪਿਛੋਂ ਛੁਟੀ ਹੋ ਚੁਕੀ ਸੀ।

ਮੈਂ ਸੰਤਰੀ ਨੂੰ ਆਪਣੀ ਮਜਬੂਰੀ ਦੱਸੀ ਕਿ ਮੈਂ ਹਿੰਦੋਸਤਾਨ ਵਿਚੋਂ ਆਇਆ ਹਾਂ। ਅਗੇ ਸਨਿਚਰ ਐਤ ਦੀ ਛੁਟੀ ਹੈ ਅਤੇ ਕਾਨੂੰਨ ਅਨੁਸਾਰ ਮੈਂ ਤੁਹਾਡੇ ਦਫਤਰ ਰਵਾਨਗੀ ਪਾ ਕੇ ਅਗੇ ਥਾਣੇ ਸਾਂਗਲੇ ਹਿੱਲ ਰਵਾਨਗੀ ਦਰਜ ਕਰਾ ਕੇ ਆਪਣੇ ਪਿੰਡ ਜਾਣਾ ਹੈ ਜੋ ਬਹੁਤ ਜ਼ਰੂਰੀ ਹੈ, ਤੁਸੀਂ ਮੇਰੀ ਮਦਦ ਕਰੋ। ਮੇਰੀ ਗੱਲ ਤੇ ਮਜਬੂਰੀ ਓਸ ਬੜੇ ਗੌਰ ਨਾਲ ਸੁਣੀ ਤੇ ਕਹਿਣ ਲੱਗਾ ਕਿ ਅਹਿ ਨਾਲ ਈ ਪੋਲੀਸ ਲਾਈਨਜ਼ ਹੈ ਅਤੇ ਲਾਈਨਜ਼ ਇਨਸਪੈਕਟਰ ਬੜਾ ਨੇਕ ਬੰਦਾ ਹੈ। ਤੁਸੀਂ ਓਸ ਨੂੰ ਜਾ ਕੇ ਸਾਰੀ ਗੱਲ ਦਸੋ। ਅਸੀਂ ਲਾਈਨਜ਼ ਅਫਸਰ ਦੀ ਸਰਕਾਰੀ ਰਿਹਾਇਸ਼ ਦੀ ਬੈੱਲ ਜਾ ਵਜਾਈ ਤਾਂ ਇਕ ਉਚਾ ਲੰਮਾ ਅਧਖੜ੍ਹ ਦਾ ਮੁਸਲਮਾਨ ਅਫਸਰ ਬਾਹਰ ਨਿਕਲਿਆ ਤੇ ਇਕ ਸਿੱਖ ਨੂੰ ਆਪਣੇ ਘਰ ਅਗੇ ਖਲੋਤਾ ਵੇਖ ਕੇ ਹੈਰਾਨ ਹੋ ਗਿਆ। ਮੈਂ ਬੂਹੇ ਵਿਚ ਖਲੋਤੇ ਖਲੋਤੇ ਹੀ ਓਸ ਨੂੰ ਪੰਜਾਬੀ ਵਿਚ ਸਾਰੀ ਗੱਲ ਦੱਸੀ ਕਿ ਮੈਂ ਆਪਣੇ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਦੋ ਤਿੰਨ ਦਿਨਾਂ ਵਾਸਤੇ ਆਪਣੇ ਪਿੰਡ ਜਾਣਾ ਚਹੁੰਦਾ ਹਾਂ ਅਤੇ ਹੋਸਟਲ ਦੇ ਮੁੰਡਿਆਂ ਬਾਰੇ ਵੀ ਜਾਣ ਪਛਾਣ ਕਰਵਾਈ। ਪੁਛਣ ਲੱਗਾ ਕਿ ਇੰਡੀਆ ਵਿਚ ਕੀ ਕਿਥੋਂ ਹੋ ਅਤੇ ਕੀ ਕੰਮ ਕਰਦੇ ਹੋ। ਮੈਂ ਕਿਹਾ ਕਿ ਤੁਹਾਡੇ ਜ਼ਿਲੇ ਦੇ ਨਵਾਂ ਪਿੰਡ ਚੱਕ ਨੰਬਰ 78 ਤੋਂ 1947 ਵਿਚ ਉਜੜ ਕੇ ਓਧਰਲੇ ਪੰਜਾਬ ਵਿਚ ਕਈ ਥਾਈਂ ਧਕੇ ਖਾਂਦੇ ਖਾਂਦੇ ਹੁਣ ਜ਼ਮੀਨ ਤਾਂ ਜ਼ਿਲਾ ਹਿਦਾਰ ਵਿਚ ਪਈ ਹੈ ਅਤੇ ਮੈਂ ਫਿਰੋਜ਼ਪੁਰ ਵਿਚ ਪੜ੍ਹਾਂਦਾ ਹਾਂ ਅਤੇ ਕਹਾਣੀਆਂ ਲਿਖਦਾ ਹਾਂ। ਅਹਿ ਇਕ ਕਹਾਣੀਆਂ ਦੀ ਕਿਤਾਬ ਪੰਜਾਬੀ ਵਿਚ ਛਪੀ ਹੈ। ਉਹ ਕਿਤਾਬ ਵੇਖ ਕੇ ਬਹੁਤ ਖੁਸ਼ ਹੋਇਆ ਤੇ ਓਸ ਨੂੰ ਗੁਰਮਖੀ ਪੜ੍ਹਨੀ ਆਉਂਦੀ ਸੀ। ਓਸ ਕਿਹਾ ਕਿ ਕੀ ਮੈਂ ਕਿਤਾਬ ਰੱਖ ਸਕਦਾ ਹਾਂ। ਮੈਂ ਬੜੀ ਖੁਸ਼ੀ ਨਾਲ ਕਿਹਾ ਜ਼ਰੂਰ ਅਤੇ ਪੰਜਾਬੀ ਦੇ ਕੁਝ ਰਸਾਲੇ ਜਿਨ੍ਹਾਂ ਵਿਚ ਪ੍ਰੋ: ਮੋਹਨ ਸਿੰਘ ਦਾ ਪੰਜ ਦਰਿਆ ਵੀ ਸ਼ਾਮਲ ਸੀ, ਓਸ ਨੂੰ ਦੇ ਦਿਤੇ। ਓਸ ਬੜੇ ਤਪਾਕ ਨਾਲ ਸਾਨੂੰ ਅੰਦਰ ਆਉਣ ਲਈ ਕਿਹਾ ਅਤੇ ਆਪਣੀ ਬੇਗਮ ਨਾਲ ਤੁਆਰਫ ਕਰਵਾਇਆ ਤੇ ਜਲਦੀ ਚਾਹ ਬਨਾਉਣ ਤੇ ਨਾਲ ਕੁਝ ਖਾਣ ਲਈ ਵੀ ਲਿਆਉਣ ਲਈ ਵੀ ਕਿਹਾ। ਫਿਰ ਓਸ ਆਪਣੇ ਅਰਦਲੀ ਨੂੰ ਕਿਹਾ ਕਿ ਸਬੰਧਤ ਹੌਲਦਾਰ ਨੂੰ ਘਰ ਬੁਲਾ ਲਿਆ। ਜਦ ਉਹ ਆ ਗਿਆ ਤਾਂ ਕਹਿਣ ਲੱਗਾ ਕਿ ਇਹ ਸਰਦਾਰ ਸਾਹਿਬ ਦੋ ਤਿੰਨ ਦਿਨਾਂ ਲਈ ਆਪਣਾ ਪੁਰਾਣਾ ਪਿੰਡ ਤੇ ਘਰ ਵੇਖਣ ਜਾਣਾ ਚਹੁੰਦੇ ਹਨ। ਇਹਨਾਂ ਦੇ ਐਸੇ ਤਰੀਕੇ ਨਾਲ ਕਾਗਜ਼ ਤਿਆਰ ਕਰ ਕੇ ਲਿਆਓ ਕਿ ਨਾ ਤਾਂ ਇਹਨਾਂ ਨੂੰ ਥਾਣਾ ਸਾਂਗਲਾ ਹਿੱਲ ਰਵਾਨਗੀ ਤੇ ਵਾਪਸੀ ਲਈ ਜਾਣਾ ਪਵੇ ਅਤੇ ਨਾ ਏਥੇ ਸਾਡੇ ਦਫਤਰ ਸ਼ੇਖੂਪੁਰੇ ਹੀ ਦੋਬਾਰਾ ਆਉਣਾ ਪਵੇ। ਸਾਡੇ ਚਾਹ ਪੀਂਦਿਆਂ ਤਕ ਜਿਥੇ ਚਾਹ ਨਾਲ ਮਠਿਆਈ ਤੇ ਕਾਫੀ ਡਰਾਈ ਫਰੂਟ ਵੀ ਰਖਿਆ ਸੀ, ਹੌਲਦਾਰ ਦਫਤਰ ਵਿਚੋਂ ਮੁਹਰ ਲਾ ਕੇ ਕਾਗਜ਼ ਤਿਆਰ ਕਰ ਲਿਆਇਆ ਜਿਸ ਵਿਚ ਸਬੰਧਤ ਥਾਣੇ ਵਿਚ ਬਗੈਰ ਹਾਜ਼ਰ ਹੋਇਆਂ ਮੇਰੀ ਰਵਾਨਗੀ ਤੇ ਵਾਪਸੀ ਐਸ. ਪੀ. ਦਫਤਰ ਸ਼ੇਖੂਪੁਰੇ ਵਿਚੋਂ ਹੀ ਪਾ ਦਿਤੀ ਗਈ ਸੀ।

ਇਨਸਪੈਕਟਰ ਸਾਹਿਬ ਨੇ ਰਜਿਸਟਰੇਸ਼ਨ ਕਾਗਜ਼ਾਂ ਤੇ ਦਸਤਖਤ ਕਰ ਕੇ ਇਕ ਕਾਪੀ ਮੇਰੇ ਹਵਾਲੇ ਕੀਤੀ ਤੇ ਹੌਲਦਾਰ ਨੂੰ ਕਿਹਾ ਕਿ ਇਹਨਾਂ ਨੂੰ ਪੋਲੀਸ ਲਾਈਨ ਤੇ ਬਾਹਰ ਸੜਕ ਤੇ ਲਿਜਾ ਕੇ ਸਟੇਸ਼ਨ ਵੱਲ ਜਾਂਦੀ ਕਿਸੇ ਤਾਂਗੇ ਜਾਂ ਗਡੀ ਦਾ ਇੰਤਜ਼ਾਮ ਕਰ ਦੇਵੋ। ਅਸੀਂ ਏਨੇ ਚੰਗੇ ਲਾਈਨਜ਼ ਅਫਸਰ ਦਾ ਬਹੁਤ ਸ਼ੁਕਰੀਆ ਅਦਾ ਕੀਤਾ ਅਤੇ ਬਗਲਗੀਰ ਹੋ ਕੇ ਵਿਛੜੇ। ਹੌਲਦਾਰ ਨੇ ਕਾਫੀ ਕੋਸ਼ਿਸ਼ ਕੀਤੀ ਪਰ ਸ਼ੇਖੂਪੁਰੇ ਦੇ ਰੇਲਵੇ ਸਟੇਸ਼ਨ ਵੱਲ ਜਾਣ ਲਈ ਕਾਫੀ ਦੇਰ ਤਕ ਕੋਈ ਤਾਂਗਾ

ਜਾਂ ਹੋਰ ਸਵਾਰੀ ਨਾ ਮਿਲੀ। ਅਸੀਂ ਲੇਟ ਹੋ ਰਹੇ ਸਾਂ ਅਤੇ ਪੰਜ ਵਾਲੀ ਗਡੀ ਦਾ ਟਾਈਮ ਹੋ ਚੁਕਾ ਸੀ। ਆਖਰ ਓਸ ਨੇ ਇਕ ਟਰੱਕ ਰੋਕ ਕੇ ਸਾਨੂੰ ਓਸ ਤੇ ਚੜ੍ਹਾ ਦਿਤਾ ਤੇ ਜਦ ਅਸੀਂ ਸਟੇਸ਼ਨ ਤੇ ਪਹੁੰਚੇ ਤਾਂ ਵਾਕਿਆ ਈ ਸਾਡੇ ਪਿੰਡ ਦੇ ਰੇਲਵੇ ਸਟੇਸ਼ਨ ਮੰਡੀ ਢਾਬਾਂ ਸਿੰਘ ਨੂੰ ਜਾਣ ਵਾਲੀ ਗਡੀ ਲੰਘ ਚੁਕੀ ਸੀ। ਅਗਲੀ ਗਡੀ ਰਾਤੀਂ ਸਾਢੇ ਦਸ ਵਜੇ ਆਉਣੀ ਸੀ ਤੇ ਉਸਨੇ ਰਾਤ ਦੇ ਸਾਢੇ ਗਿਆਰਾਂ ਵਜੇ ਦੇ ਕਰੀਬ ਮੰਡੀ ਢਾਬਾਂ ਸਿੰਘ ਦੇ ਰੇਲਵੇ ਸਟੇਸ਼ਨ ਤੇ ਪਹੁੰਚਣਾ ਸੀ। ਸਾਡੇ ਕੋਲ ਸਿਵਾਏ ਰੇਲਵੇ ਸਟੇਸ਼ਨ ਦੇ ਬਾਹਰ ਇਕ ਢਾਬੇ ਤੇ ਬੈਠ ਕੇ ਰਾਤ ਵਾਲੀ ਗਡੀ ਦਾ ਇੰਤਜ਼ਾਰ ਕਰਨ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ। ਮੁਸੀਬਤ ਇਹ ਵੀ ਸੀ ਕਿ ਜੇ ਰਾਤੀਂ ਬਾਰਾਂ ਵਜੇ ਢਾਬਾਂ ਸਿੰਘ ਰੇਲਵੇ ਸਟੇਸ਼ਨ ਤੇ ਪਹੁੰਚਦੇ ਹਾਂ ਤਾਂ ਰਾਤ ਨੂੰ ਪਿੰਡ ਕਿਵੇਂ ਜਾਵਾਂਗੇ ਅਤੇ ਜੇ ਸਟੇਸ਼ਨ ਤੇ ਉਤਰਦੇ ਹਾਂ ਤਾਂ ਮੰਡੀ ਰਾਤ ਕਿਸ ਕੋਲ ਠਹਿਰਾਂਗੇ? ਮੁੰਡੇ ਕਹਿਣ ਲੱਗੇ ਕਿ ਆਪਾਂ ਰਾਤ ਸ਼ੇਖੂਪੁਰੇ ਹੀ ਰਹਿ ਪਈਏ ਤੇ ਸਵੇਰ ਵਾਲੀ ਗਡੀ ਤੇ ਪਿੰਡ ਚਲਾਂਗੇ ਪਰ ਸ਼ੇਖੂਪੁਰੇ ਵੀ ਰਾਤ ਕਿਥੇ ਰਹਾਂਗੇ। ਮੈਂ ਕਿਹਾ ਕਿ ਕਿਸੇ ਰੈਸਟ ਹਾਊਸ ਵਿਚ ਕਮਰਾ ਲੈ ਲੈਂਦੇ ਹਾਂ। ਅਜੇ ਇਹ ਸਲਾਹਾਂ ਹੋ ਹੀ ਰਹੀਆਂ ਸਨ ਕਿ ਕਿ ਇਕ ਸਰਦਾਰ ਨੂੰ ਸ਼ੇਖੂਪੁਰ ਦੇ ਰੇਲਵੇ ਸਟੇਸ਼ਨ ਤੇ ਵੇਖ ਕੇ ਲੋਕਾਂ ਦੀ ਭੀੜ ਇਕਠੀ ਹੋਣੀ ਸ਼ੁਰੂ ਹੋ ਗਈ ਜੋ ਕੁਝ ਮਿੰਟਾਂ ਵਿਚ ਹੀ ਵਡੀ ਗਿਣਤੀ ਵਿਚ ਬਦਲ ਗਈ। ਲੋਕ ਮੈਨੂੰ ਪੁਛਣ ਲਗੇ ਕਿ ਮੈਂ ਏਥੋਂ ਕਿਥੋਂ ਗਿਆ ਸਾਂ ਤੇ ਤੇ ਹਿੰਦੋਸਤਾਨ ਵਿਚ ਕਿਥੇ ਜਾ ਕੇ ਵਸਿਆ ਹਾਂ। ਮੈਂ ਦਸਿਆ ਕਿ ਏਥੋਂ ਨਵਾਂ ਪਿੰਡ ਚੱਕ ਨੰਬਰ 78 ਤੇ ਓਧਰ ਜ਼ਿਲਾ ਫਿਰੋਜ਼ਪੁਰ ਵਿਚ। ਇਕ ਪਤਲੇ ਤੇ ਲੰਮੇ ਪੰਜਾਹ ਕੁ ਸਾਲ ਦੀ ਉਮਰ ਦੇ ਮੁਸਲਮਾਨ ਨੇ ਕਿਹਾ ਮੈਂ ਨਵੇਂ ਪਿੰਡ ਦਾ ਹਾਂ। ਤੁਹਾਡਾ ਘਰ ਕਿਹੜਾ ਸੀ? ਮੈਂ ਦਸਿਆ ਕਿ ਐਨ ਸਾਰੇ ਪਿੰਡ ਦੇ ਵਿਚੁਕਾਰ ਖੂਹ ਦੇ ਲਾਗੇ ਪਿਪਲ ਦੇ ਸਾਹਮਣੇ ਵਾਲਾ ਸੀ ਸਾਡਾ ਘਰ। ਉਹ ਫੌਰਨ ਕਹਿਣ ਲੱਗਾ ਤੁਹਾਡੇ ਘਰ ਵਿਚ ਗੁਰਦਾਸਪੁਰ ਤੋਂ ਉਜੜ ਕੇ ਆਇਆ ਚੌਧਰੀ ਨਜ਼ੀਰ ਅਹਿਮਦ ਤੁਹਾਡੇ ਵਾਲੇ ਘਰ ਵਿਚ ਰਹਿੰਦਾ ਹੈ। ਬੜਾ ਹੀ ਨੇਕ ਬੰਦਾ ਹੈ। ਅਜ ਰਾਤ ਨੂੰ ਤੁਹਾਨੂੰ ਉਹਦੇ ਕੋਲ ਤੁਹਾਡੇ ਘਰ ਹੀ ਸਵਾਵਾਂਗੇ। ਮੈਂ ਕਿਹਾ ਰਾਤ ਨੂੰ ਜਾਵਾਂਗੇ ਕਿਵੇਂ? ਤਾਂ ਕਹਿਣ ਲੱਗਾ ਕਿ ਰਾਤ ਵਾਲੀ ਗਡੀ ਤੇ ਚੜ੍ਹ ਕੇ ਚਲਾਂਗੇ। ਅਗੇ ਮੇਰਾ ਤਾਂਗਾ ਆਇਆ ਹੋਵੇਗਾ ਤੇ ਆਪਾਂ ਓਸ ਤੇ ਚੜ੍ਹ ਕੇ ਚਲਾਂਗੇ। ਓਸ ਘੁਟ ਕੇ ਮੈਨੂੰ ਜਫੀ ਪਾ ਲਈ ਤੇ ਕਹਿਣ ਲੱਗਾ ਤੁਸੀਂ ਸਿੱਖ ਕੰਬੋ ਹੋ ਤੇ ਮੈਂ ਵੀ ਕੰਬੋ ਆਂ, ਮੁਸਲਮਾਨ ਕੰਬੋ। ਇਸ ਪਿੰਡ ਵਿਚ ਬਹੁਤੇ ਕੰਬੋ ਈ ਆਣ ਕੇ ਵਸੇ ਹਨ। ਤੁਹਾਡੇ ਵਾਲੇ ਘਰ ਚੌਧਰੀ ਨਜ਼ੀਰ ਅਹਿਮਦ ਮੁਸਲਮਾਨ ਜੱਟ ਹੈ ਪਰ ਹੈ ਕੰਬੋਆਂ ਤੋਂ ਵੀ ਜ਼ਿਆਦਾ ਸਾਊ। ਰਾਤ ਪੈ ਰਹੀ ਹੈ ਆਓ ਢਾਬੇ ਤੇ ਰੋਟੀ ਖਾ ਲਈਏ। ਮੈਂ ਕਿਹਾ ਕਿ ਅਜੇ ਤਾਂ ਭੁਖ ਨਹੀਂ ਹੈ। ਗਡੀ ਆਉਣ ਵਿਚ ਚਾਰ ਪੰਜ ਘੰਟੇ ਪਏ ਹਨ। ਅਸੀਂ ਏਨੇ ਵਿਚ ਸ਼ਹਿਰ ਵਿਚ ਗੇੜਾ ਮਾਰ ਔਂਦੇ ਹਾਂ। ਆ ਕੇ ਰੋਟੀ ਖਾ ਲਵਾਂਗੇ ਉਹ ਕਹਿਣ ਲਗਾ ਮੈਂ ਤੁਹਾਨੂੰ ਏਥੇ ਹੀ ਮਿਲਾਂਗਾ ਤੇ ਤੁਹਾਡੀਆਂ ਟਿਕਟਾਂ ਵੀ ਲੈ ਰਖਾਂਗਾ। ਤੁਸੀਂ ਤੁਰ ਫਿਰ ਕੇ ਜਲਦੀ ਆ ਜਾਇਓ।

ਅਸੀਂ ਸ਼ੇਖੂਪੁਰੇ ਦੇ ਬਾਜ਼ਾਰਾਂ ਵਿਚ ਘੁੰਮ ਰਹੇ ਸਾਂ। ਜਿਥੇ ਵੀ ਰੁਕਦੇ, ਲੋਕਾਂ ਦਾ ਹਜੂਮ ਇਕੱਠਾ ਹੋ ਜਾਂਦਾ। ਬਹੁਤੇ ਇਹੋ ਈ ਪੁਛਦੇ ਕਿ ਏਥੋਂ ਕਿਥੋਂ ਗਏ ਸੋ ਅਤੇ ਓਧਰ ਕਿਥੇ ਜਾ ਕੇ ਆਬਾਦ ਹੋਏ ਹੋ। ਕਿਧਰੇ ਕਿਧਰੇ ਬੁਰਕੇ ਪਾਈਂ ਮੰਗਣ ਵਾਲੀਆਂ ਔਰਤਾਂ ਪੈਸੇ ਮੰਗਣ ਲਈ ਹਥ ਅਗੇ ਕਰ ਦੇਂਦੀਆਂ। ਇਕ ਭੀੜ ਵਿਚ ਇਕ ਮੁਸਲਮਾਨ ਬਰਤਨ ਫਰੋਸ਼ ਆਪਣੀ ਦੁਕਾਨ ਵਿਚੋਂ ਬਹਾਰ ਆਇਆ। ਬੜੇ ਅਦਬ ਨਾਲ ਓਸ ਮੈਨੂੰ ਸਲਾਮ ਆਖੀ ਤੇ ਫਿਰ ਸੁਖਮਨੀ ਸਾਹਿਬ ਦਾ ਇਕ ਅਧ ਸੜਿਆ ਗੁਟਕਾ ਜੋ ਬੜੇ ਅਦਬ ਨਾਲ ਰੁਮਾਲ ਵਿਚ ਵਲੇਟਿਆ ਹੋਇਆ ਸੀ, ਮੈਨੂੰ ਪੇਸ਼ ਕਰ ਕੇ ਕਹਿਣ ਲੱਗਾ ਕਿ ਜਦੋਂ ਅਸੀਂ ਇਸ ਦੁਕਾਨ ਵਿਚ ਆਏ ਤਾਂ ਸਾਨ ਅੰਦਰੋਂ ਮਿਲਿਆ ਸੀ। ਅਸੀਂ ਓਦੋਂ ਦਾ ਹੀ ਬੜਾ ਸੰਭਾਲ ਕੇ ਰਖਿਆ ਹੋਇਆ ਸੀ। ਉਸਦੀ ਸ਼ਰਧਾ ਅਗੇ ਮੇਰਾ ਸਿਰ ਨੀਵਾਂ ਹੋ ਗਿਆ ਤੇ ਮੈਂ ਗੁਟਕਾ ਆਪਣੀ ਛਾਤੀ ਤੇ ਅੱਖਾਂ ਨਾਲ ਲਾ ਕੇ ਆਪਣੇ ਬੈਗ ਵਿਚ ਪਾ ਲਿਆ।

ਇਹ ਉਹੋ ਸ਼ਹਿਰ ਸੀ ਜਿਥੇ ਮੈਂ ਬਚਪਨ ਵਿਚ ਜਦੋਂ ਛੇਵੀਂ ਸੱਤਵੀਂ ਜਮਾਤ ਵਿਚ ਪੜ੍ਹਦਾ ਹੁੰਦਾ ਸਾਂ ਤਾਂ ਆਪਣੇ ਜਮਾਤੀਆਂ ਨਾਲ ਤਹਿਸੀਲਦਾਰ ਅਗੇ ਉਰਦੂ ਵਿਚ ਅਰਜ਼ੀ ਪੇਸ਼ ਕਰ ਕੇ ਮਿੱਟੀ ਦੇ ਤੇਲ ਦੀ ਇਕ ਬੋਤਲ ਮਨਜ਼ੂਰ ਕਰਾਇਆ ਕਰਦਾ ਸਾਂ। ਫਿਰ ਆਪਣੇ ਜਮਾਤੀਆਂ ਨਾਲ ਤੇਲ ਦੇ ਡੀਪੋ ਤੋਂ ਬੋਤਲ ਭਰਵਾ ਕੇ ਪੰਜ ਵਾਲੀ ਗਡੀ ਫੜ ਮੰਡੀ ਢਾਬਾਂ ਸਿੰਘ ਦੇ ਰੇਲਵੇ ਸਟੇਸ਼ਨ ਤੋਂ ਉੱਤਰ ਸ਼ੂਟ ਵੱਟ ਕੇ ਪਿੰਡ ਪਹੁੰਚ ਜਾਂਦਾ ਸਾਂ। ਕਈ ਵਾਰ ਮਿੱਟੀ ਦੇ ਤੇਲ ਦੀ ਭਰੀ ਬੋਤਲ ਵਿਚੋਂ ਢਕਣ ਵਜੋਂ ਦਿਤਾ ਮੱਕੀ ਦਾ ਗੁੱਲ ਢਿੱਲਾ ਹੋਣ ਕਰ ਕੇ ਅਧਾ ਤੇਲ ਰਾਹ ਵਿਚ ਹੀ ਡੁਲ੍ਹ ਜਾਂਦਾ ਸੀ। ਹੀਰ ਦਾ ਕਿੱਸਾ ਲਿਖਣ ਵਾਲੇ ਪੰਜਾਬੀ ਦੇ ਮਹਾਨ ਸ਼ਾਇਰ ਸਈਦ ਵਾਰਸ ਸ਼ਾਹ ਦਾ ਮਕਬਰਾ ਵੀ ਸ਼ੇਖੂਪੁਰੇ ਤੋਂ 8 ਮੀਲ ਦੂਰ ਲਹਿੰਦੇ ਵੱਲ ਪੈਂਦੇ ਪਿੰਡ ਜੰਡਿਆਲਾ ਸ਼ੇਰ ਖਾਂ ਵਿਚ ਸੀ ਜਿਥੇ ਮੈਂ ਉਸ ਦੀ ਕਬਰ ਤੇ ਸਿਰ ਝੁਕਾਣਾ ਚਹੁੰਦਾ ਸਾਂ ਪਰ ਮੇਰੇ ਕੋਲ ਪਿੰਡ ਜੰਡਿਆਲਾ ਸ਼ੇਰ ਖਾਂ ਜਾਣ ਦਾ ਵੀਜ਼ਾ ਨਹੀਂ ਸੀ। ਵਾਰਸ ਦਾ ਜਨਮ ਮੇਰੇ ਜਨਮ ਤੋਂ 200 ਸਾਲ ਪਹਿਲਾਂ 1735 ਈ. ਵਿਚ ਇਕ ਸਈਅਦ ਘਰਾਣੇ ਦੇ ਕੁਤਬ ਸ਼ਾਹ ਦੇ ਘਰ ਜੰਡਿਆਲਾ ਸ਼ੇਰ ਖਾਂ ਵਿਚ ਹੋਇਆ ਸੀ। ਵਾਰਸ ਸ਼ਾਹ ਨੂੰ ਵੀ ਆਪਣੇ ਪਿੰਡ ਨਾਲ ਬਹੁਤ ਪਿਆਰ ਸੀ ਜਿਵੇਂ ਮੈਨੂੰ ਆਪਣੀ ਜਨਮ ਭੋਂ ਵਾਲੇ ਪਿੰਡ ਦਾ ਬਹੁਤ ਮੋਹ ਸੀ। ਅਸੀਂ ਰਾਤ ਡੂੰਘੀ ਹੁੰਦੀ ਵੇਖ ਸਟੇਸ਼ਨ ਤੇ ਆ ਗਏ। ਨਵੇਂ ਪਿੰਡ ਵਾਲੇ ਮੁਸਲਮਾਨ ਟੀਚਰ ਨੇ ਸਾਡੀਆਂ ਟਿਕਟਾਂ ਲੈ ਰਖੀਆਂ ਸਨ ਤੇ ਗਡੀ ਆਈ ਤੇ ਵਿਚ ਚੜ੍ਹ ਗਏ। ਰਾਤ ਦੇ ਹਨੇਰੇ ਵਿਚ ਰਾਹ ਦੇ ਸਟੇਸ਼ਨਾਂ ਦੇ ਨਕਸ਼ ਸਾਫ ਨਹੀਂ ਦਿਸ ਰਹੇ ਸਨ ਪਰ ਮਨ ਵਿਚ ਉਹ ਵਕਤ ਤਾਰੀਆਂ ਲਾਉਣ ਲਗ ਪੈਂਦਾ ਸੀ

ਜਦੋਂ ਕਈ ਵਾਰ ਮੈਂ ਬਾਪੂ ਨਾਲ ਏਸੇ ਗਡੀ ਤੇ ਲਾਹੌਰੋਂ ਆਇਆ ਕਰਦਾ ਸਾਂ। ਕਈ ਵਾਰ ਅਸੀਂ ਰਾਤ ਮੰਡੀ ਢਾਬਾਂ ਸਿੰਘ ਦੇ ਗੁਰਦਵਾਰੇ ਕਟ ਲੈਂਦੇ ਅਤੇ ਜੇ ਰਾਤਾਂ ਚਾਨਣੀਆਂ ਹੁੰਦੀਆਂ ਤਾਂ ਤੁਰ ਕੇ ਪਿੰਡ ਚਲੇ ਜਾਂਦੇ। ਜਦੋਂ ਛੋਟਾ ਸਾਂ ਤਾਂ ਬਾਪੂ ਮੈਨੂੰ ਮੋਢਿਆਂ ਤੇ ਚੁਕ ਲੈਂਦਾ ਸੀ। ਰਾਤ ਦੇ ਗਿਆਰਾਂ ਬਾਰਾਂ ਵਜੇ ਦੇ ਦਰਮਿਆਨ ਜਦ ਅਸੀਂ ਮੰਡੀ ਢਾਬਾਂ ਸਿੰਘ ਦੇ ਰੇਲਵੇ ਸਟੇਸ਼ਨ ਤੇ ਉਤਰੇ ਤਾਂ 14 ਸਾਲ ਬੀਤਣ ਬਾਅਦ ਵੀ ਸਟੇਸ਼ਨ ਤੇ ਪਲੇਟਫਾਮ ਨਹੀਂ ਬਣਿਆ ਸੀ। ਸਭ ਕੁਝ ਪਹਿਲਾਂ ਵਰਗਾ ਹੀ ਸੀ। ਬਾਹਰ ਆਏ ਤਾਂ ਮਾਸਟਰ ਜੀ ਦਾ ਤਾਂਗਾ ਉਡੀਕ ਕਰ ਰਿਹਾ ਸੀ। ਮੰਡੀ ਵਿਚੋਂ ਲੰਘੇ ਤਾਂ ਬਾਜ਼ਾਰ ਬੰਦ ਸਨ। ਮੰਡੀ ਵਿਚ ਹਾਲੇ ਬਿਜਲੀ ਨਹੀਂ ਆਈ ਸੀ। ਹਨੇਰੇ ਵਿਚ ਵੀ ਮੇਰੀਆਂ ਅਖਾਂ ਪਛਾਣ ਰਹੀਆਂ ਸਨ ਕਿ ਸੱਜੇ ਹਥ ਸਾਡੀ ਆੜ੍ਹਤ ਦੀ ਦੁਕਾਨ ਪੈਂਦੀ ਸੀ ਅਤੇ ਖਬੇ ਹਥ ਖੁਲ੍ਹੇ ਥਾਂ ਤੇ ਰਾਮ ਲੀਲਾ ਲਗਦੀ ਹੁੰਦੀ ਸੀ ਜਿਸ ਨੂੰ ਅਸੀਂ ਪਿੰਡੋਂ ਵੇਖਣ ਆਇਆ ਕਰਦੇ ਸਾਂ। ਮੰਡੀ ਲੰਘ ਕੇ ਜਦ ਤਾਂਗਾ ਨਵੇਂ ਪਿੰਡ ਦੇ ਕੱਚੇ ਰਾਹ ਤੇ ਪੈਣ ਲੱਗਾ ਤਾਂ ਮੈਂ ਕਿਹਾ ਕਿ ਸਾਡੇ ਵੇਲੇ ਏਸ ਪੁਲੀ ਤੇ ਲੁਟਾਂ ਖੋਹਾਂ ਹੋਇਆ ਕਰਦੀਆਂ ਸਨ। ਮਾਸਟਰ ਜੀ ਕਹਿਣ ਲਗੇ ਕਿ ਹੁਣ ਵੀ ਹੁੰਦੀਆਂ ਹਨ। ਜਦ ਵਡੀ ਨਹਿਰ ਦਾ ਪੁਲ ਟੱਪਣ ਲਗੇ ਤਾਂ ਫਿਰ ਮਾਸਟਰ ਜੀ ਨੇ ਪੁਛਿਆ ਏਥੋਂ ਅਗੋਂ ਰਾਹ ਦਾ ਪਤਾ ਹੈ। ਮੈਂ ਕਿਹਾ ਮੈਨੂੰ ਪਤਾ ਹੈ। ਇਕ ਰਾਹ ਪੁਲ ਟਪਦਿਆਂ ਹੀ ਨਹਿਰ ਤੇ ਖਬੇ ਹੋ ਕੇ ਫਿਰ ਨਿੱਕੀ ਨਹਿਰ ਦੇ ਸਜੇ ਮੁੜ ਕੇ ਅਗਲੇ ਪੁਲ ਤੋਂ ਪਿੰਡ ਨੂੰ ਜਾਂਦਾ ਹੈ। ਦੂਜਾ ਰਾਹ ਸਿੱਧਾ ਜਾਂਦਾ ਹੈ ਜਿਸ ਵਿਚ ਘੱਟਾ ਮਿੱਟੀ ਤੇ ਚਲ੍ਹੇ ਬਹੁਤ ਹਨ। ਤਾਂਗਾ ਖਬੇ ਮੋੜ ਕੇ ਨਿੱਕੀ ਨਹਿਰ ਵੱਲ ਦੀ ਚਲੋ। ਜਦੋਂ ਤਾਂਗਾ ਨਿੱਕੀ ਨਹਿਰ ਤੋਂ ਮੁੜਨ ਲੱਗਾ ਤਾਂ ਮੈਂ ਕਿਹਾ ਮਾਸਟਰ ਜੀ ਨਿੱਕੀ ਨਹਿਰ ਤੋਂ ਨਿਕਲਦੇ ਇਸ ਪਹਿਲੇ ਮੋਘੇ ਦਾ ਪਾਣੀ ਅਹਿ ਸਾਡੇ ਮੁਰਬਿਆਂ ਨੂੰ ਲਗਦਾ ਸੀ। ਐਸ ਵਡੀ ਟਾਹਲੀ ਹੇਠਾਂ ਦੋਪਹਿਰੇ ਅਸੀਂ ਆਪਣੇ ਡੰਗਰਾਂ ਨੂੰ ਛਾਵੇਂ ਬਠਾਇਆ ਕਰਦੇ ਸਾਂ। ਏਸੇ ਵਡੀ ਤੇ ਛੋਟੀ ਨਹਿਰ ਵਿਚ ਮੈਂ ਤਰਨਾ ਸਿਖਿਆ ਸੀ। ਏਸੇ ਮੋਘੇ ਦਾ ਪਾਣੀ ਸਾਡੇ ਮੁਰਬਿਆਂ ਤੇ ਅੰਬਾਂ ਦੇ ਬਾਗਾਂ ਨੂੰ ਲਗਦਾ ਸੀ। ਨਿੱਕੀ ਨਹਿਰ ਨਾਲ ਲਗਦੀ ਅਹਿ ਸਾਰੀ ਜ਼ਮੀਨ ਵਿਚ ਮੇਰਾ ਤਾਏ ਦੇ ਵੀਜੇ ਹਦਵਾਣੇ ਤੇ ਖਰਬੂਜ਼ੇ ਬਹੁਤ ਹੁੰਦੇ ਸਨ। ਤੁਹਾਨੂੰ ਹਨੇਰੇ ਵਿਚ ਇਸ ਧਰਤੀ ਤੇ ਮੇਰੇ ਬਚਪਨ ਦੇ ਪੈਰਾਂ ਦੇ ਨਿਸ਼ਾਨ ਨਹੀਂ ਦਿਸ ਰਹੇ। ਮੈਨੂੰ ਦਿਸ ਰਹੇ ਹਨ ਤੇ ਇਹ ਕਹਿੰਦਿਆਂ ਮੇਰੀਆਂ ਭੁਬਾਂ ਨਿਕਲ ਗਈਆਂ। ਮੈਂ ਉਚੀ ਉਚੀ ਵੀ ਰੋ ਰਿਹਾ ਸਾਂ ਤੇ ਹੁਬਕੀਂ ਵੀ। ਮੁੰਡਿਆਂ ਨੇ ਮੈਨੂੰ ਕਾਬੂ ਕੀਤਾ ਹੋਇਆ ਸੀ ਪਰ ਮੇਰਾ ਜੀਅ ਕਰਦਾ ਸੀ ਕਿ ਨਹਿਰ ਟੱਪ ਕੇ ਦੂਜੇ ਪਾਸੇ ਜਾ ਵਡੀ ਟਾਹਲੀ ਨਾਲ ਜਫੀ ਪਾ ਲਵਾਂ। ਮੈਂ ਫਿਰ ਚੀਕ ਕੇ ਕਿਹਾ ਵੇਖੋ 14 ਸਾਲ ਪਹਿਲਾਂ ਦੇ ਮੇਰੇ ਲਏ ਸਾਹ ਅਜ ਵੀ ਏਥੇ ਹਵਾ ਵਿਚ ਉਡਦੇ ਦਿਸ ਰਹੇ ਹਨ। ਤੁਹਾਨੂੰ ਸੁਣਦੇ ਕਿਉਂ ਨਹੀਂ, ਤੁਹਾਨੂੰ ਮਹਿਸੂਸ ਕਿਉਂ ਨਹੀਂ ਹੁੰਦੇ। ਮਾਸਟਰ ਜੀ ਕਹਿਣ ਲਗੇ ਤੁਸੀਂ ਕੋਈ ਅਦੀਬ ਲਗਦੇ ਹੋ। ਮੈਂ ਕਿਹਾ ਮੈਂ ਲੇਖਕ ਹਾਂ ਤੇ ਮੇਰਾ ਬਚਪਨ ਇਸ ਥਾਂ ਦੀਆਂ ਅਭੁੱਲ ਯਾਦਾਂ ਨਾਲ ਘਿਰਿਆ ਪਿਆ ਹੈ। ਹੁਣ ਮੈਨੂੰ ਏਥੋਂ ਜੁਦਾ ਨਾ ਕਰਇਓ। ਵਡਾ ਛਪੜ ਲੰਘ ਕੇ ਮੈਂ ਤਾਂਗੇ ਵਾਲੇ ਨੂੰ ਤਾਂਗਾ ਆਪਣੇ ਘਰ ਵੱਲ ਨੂੰ ਮੋੜਨ ਲਈ ਕਿਹਾ ਤੇ ਕੁਝ ਮਿੰਟਾਂ ਬਾਅਦ ਤਾਂਗਾ ਸਾਡੇ ਘਰ ਦੇ ਬਾਹਰ ਖੜ੍ਹਾ ਸੀ। ਬੈਠਕ ਦੇ ਬਾਹਰਲਾ ਥੜ੍ਹਾ ਪਹਿਲਾਂ ਵਾਂਗ ਕਾਇਮ ਸੀ। ਸਾਹਮਣੇ ਪਿਪਲ ਤੇ ਬੋਹੜ ਦੇ ਰੁੱਖ ਵੀ ਮੌਜੂਦ ਸਨ ਪਰ ਥਲੇ ਤਖਤਪੋਸ਼ ਗਾਇਬ ਸਨ। ਖੂਹ ਵੀ ਸੀ ਪਰ ਡੋਲ,ਲੱਜ ਤੇ ਭੌਣੀਆਂ ਨਹੀਂ ਸਨ।

ਮਾਸਟਰ ਨੇ ਬੈਠਕ ਦਾ ਬੂਹਾ ਖੜਕਾਇਆ ਤੇ ਕਿਹਾ ਉਠ ਚੌਧਰੀ ਨਜ਼ੀਰ ਅਹਿਮਦ ਤੇਰੇ ਪ੍ਰਾਹੁਣੇ ਆਏ ਹਨ। ਓਸ ਅਖਾਂ ਮਲਦਿਆਂ ਬੈਠਕ ਦਾ ਬੂਹਾ ਖੋਲ੍ਹਿਆ ਤੇ ਮੈਨੂੰ ਘੁਟ ਕੇ ਜਫੀ ਪਾ ਕੇ ਅੰਦਰ ਆਉਣ ਲਈ ਕਿਹਾ। ਲਾਲਟੈਣ ਦੀ ਬੱਤੀ ਉਚੀ ਕੀਤੀ ਤੇ ਮਾਂ ਨੂੰ ਆਵਾਜ਼ ਦੇ ਕਹਿਣ ਲੱਗਾ, "ਉਠ ਮਾਂ ਪ੍ਰਾਹੁਣੇ ਆਏ ਹਨ, ਰੋਟੀ ਬਣਾ"। ਮਾਂ ਨੇ ਆ ਕੇ ਮੇਰਾ ਸਿਰ ਪਲੋਸਿਆ ਤੇ ਕਹਿਣ ਲੱਗੀ ਮੇਰਾ ਦੂਜਾ ਪੁਤ ਆਇਆ ਏ। ਮੈਂ ਕਿਹਾ ਅਸੀਂ ਸ਼ੇਖੂਪਰੇ ਤੋਂ ਰੋਟੀ ਖਾ ਕੇ ਆਏ ਹਾਂ। ਬੈਠਕ ਮੱਕੀ ਦੀਆਂ ਛਲੀਆਂ ਨਾਲ ਭਰੀ ਪਈ ਸੀ। ਚੌਦਾਂ ਸਾਲ ਪਹਿਲਾਂ ਵੀ ਕੱਤੇ ਦੇ ਮਹੀਨੇ ਇਹਨੀਂ ਦਿਨੀਂ ਸਾਡੀ ਇਹ ਬੈਠਕ ਏਸੇ ਤਰ੍ਹਾਂ ਮਕੀ ਦੀਆਂ ਛੱਲੀਆਂ ਨਾਲ ਭਰੀ ਹੁੰਦੀ ਸੀ। ਏਨੇ ਨੂੰ ਪਿੰਡ ਦਾ ਚੌਕੀਦਾਰ ਪਹਿਰਾ ਦਿੰਦਾ ਆ ਗਿਆ ਤੇ ਬੈਠਕ ਦਾ ਬੂਹਾ ਖੁਲ੍ਹਾ ਤੇ ਲਾਲਟੈਨ ਜਗਦੀ ਵੇਖ ਅੰਦਰ ਆ ਗਿਆ। ਜਦ ਓਸ ਨੂੰ ਪਤਾ ਲੱਗਾ ਕਿ ਜਥੇਦਾਰ ਭਗਤ ਸਿੰਘ ਦਾ ਮੁੰਡਾ 14 ਸਾਲਾਂ ਬਾਅਦ ਆਪਣਾ ਘਰ ਵੇਖਣ ਆਇਆ ਹੈ ਤਾਂ ਮੇਰੇ ਗਲ ਲਗ ਕੇ ਰੋਣ ਲਗ ਪਿਆ। ਸਵੇਰੇ ਸਾਰੇ ਪਿੰਡ ਨੂੰ ਖਬਰ ਹੋ ਗਈ। ਜੀਵਾਂ ਤੇਲਣ ਜੋ ਮੇਰੀ ਦਾਈ ਸੀ, ਉਹ ਤੇ ਉਹਦੇ ਮੁੰਡੇ ਵੀ ਆ ਗਏ। ਸਭ ਗਲ ਲਗ ਲਗ ਰੋ ਰਹੇ ਸਨ। ਸਾਡਾ ਗੋਹਾ ਕੂੜਾ ਕਰਨ ਵਾਲੀ ਗਰੇਸ ਤੇ ਉਹਦਾ ਘਰ ਵਾਲਾ ਜੋ ਸਾਡਾ ਹਾਲੀ ਸੀ, ਮੇਰੇ ਗਲ ਲਗ ਕੇ ਰੋਣ ਲਗ ਪਏ। ਰਮਜ਼ਾਨ ਡਾਕੀਆ ਵੀ ਆ ਗਿਆ ਤੇ ਬਾਪੂ ਤੇ ਮਾਂ ਦੀ ਸੁਖ ਸਾਂਦ ਤੇ ਉਜੜ ਕੇ ਜਾਣ ਬਾਅਦ ਦਾ ਹਾਲ ਚਾਲ ਪੁਛਿਆ। ਗਰੇਸ ਨੇ ਧਾਅ ਮਾਰ ਕੇ ਮੇਰਾ ਨਾਂ ਲੈਂਦਿਆਂ ਆਖਿਆ,"ਬਲਬੀਰ ਸਿੰਹਾਂ ਜਿਹੜੀ ਮੱਝ ਦਾ ਰੱਸਾ, ਰਜਾਈਆਂ ਤਲਾਈਆਂ, ਖੇਸ ਤੇ ਹੋਰ ਸਾਮਾਨ ਤੇਰੀ ਮਾਂ ਸਰਦਾਰਨੀ ਸ਼ਾਮ ਕੌਰ ਮੈਨੂੰ ਆਪਣੇ ਹਥੀਂ ਫੜਾ ਗਈ ਸੀ, ਨਵੇਂ ਆਏ ਮੁਸਲਮਾਨਾਂ ਨੇ ਸਾਡੇ ਕੋਲੋਂ ਸਭ ਖੋਹ ਲਿਆ ਸੀ ਤੇ ਪੁਲਸ ਨੇ ਸਾਨੂੰ ਕੁੱਟਿਆ ਵੀ ਬਹੁਤ ਕਿ ਤੁਹਾਡੇ ਜਾਣ ਪਿਛੋਂ ਅਸੀਂ ਤੁਹਾਡੇ ਘਰਾਂ ਨੂੰ ਲੁਟਿਆ ਸੀ,ਸਗੋਂ ਸਾਡਾ ਆਪਣਾ ਸਾਮਾਨ ਵੀ ਖੋਹ ਕੇ ਲੈ ਗਏ"।

ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ
ਕਿਸ਼ਤ: 44
ਜਿਵੇਂ ਪਿੰਡ ਵਿਚ ਦੈਂਤ ਫਿਰ ਗਿਆ ਸੀ--

ਸਵੇਰੇ ਉਠ ਕੇ ਵੇਖਿਆ ਕਿ 3 ਸਪਤੰਬਰ, 1947 ਨੂੰ ਜਿਹੋ ਜਿਹਾ ਘਰ ਛਡ ਕੇ ਗਏ ਸਾਂ, ਓਸ ਵਿਚ ਕੋਈ ਵਾਧਾ ਨਹੀਂ ਸੀ ਹੋਇਆ ਸਗੋਂ ਪਹਿਲਾਂ ਨਾਲੋਂ ਘਰ ਦੀ ਹਾਲਤ ਮਾੜੀ ਸੀ। ਮੇਰੇ ਬਾਪੂ ਦੇ ਹਥਾਂ ਦਾ ਲਾਇਆ ਨਲਕਾ ਕਾਇਮ ਸੀ। ਚੌਧਰੀ ਨਜ਼ੀਰ ਅਹਿਮਦ ਕਹਿਣ ਲੱਗਾ ਕਿ ਜਦੋਂ ਅਸੀਂ ਇਸ ਘਰ ਵਿਚ ਆਏ ਸਾਂ ਤਾਂ ਇਸ ਨਲਕੇ ਦੀ ਹਥੀ ਕੋਈ ਲਾਹ ਕੇ ਲੈ ਗਿਆ ਸੀ, ਅਸੀਂ ਨਵੀਂ ਮੁੱਲ ਲਿਆ ਕੇ ਪਾਈ ਸੀ। ਅੰਦਰ ਦੋਵਾਂ ਕੋਠਿਆਂ ਵਿਚ ਮਾਂ ਦੇ ਸੰਦੂਕਾਂ ਤੇ ਪੇਟੀਆਂ ਵਿਚੋਂ ਇਕ ਵੀ ਨਹੀਂ ਸੀ। ਪੁਛਣ ਤੇ ਚੌਧਰੀ ਹੁਰਾਂ ਦਸਿਆ ਕਿ ਸਾਡੇ ਆਉਣ ਤੋਂ ਪਹਿਲਾਂ ਪੂਰਬੀ ਪੰਜਾਬ ਵਿਚ ਕਈ ਲੋਕ ਏਥੇ ਆ ਕੇ ਰਹਿੰਦੇ ਰਹੇ ਤੇ ਫਿਰ ਅਗੇ ਤੁਰਦੇ ਗਏ। ਕੋਈ ਪਤਾ ਨਹੀਂ ਕੌਣ ਕੌਣ ਕੀ ਕੀ ਚੁਕ ਕੇ ਲੈ ਗਿਆ। ਦਲੀਪ ਸਿੰਘ ਢਾਡੀ ਦੇ ਘਰ ਵਾਲੇ ਪਾਸੇ ਪੈਂਦੇ ਰਾਹ ਵੱਲ ਨਲਕੇ ਤੋਂ ਲੈ ਕੇ ਵਿਹੜੇ ਤਕ ਇਕ ਛੱਪਰ ਪਾਇਆ ਹੋਇਆ ਸੀ ਜਿਸ ਉਤੇ ਧਾਈਆਂ ਦੀ ਪਰਾਲੀ ਵਾਧੂ ਪਈ ਰਹਿੰਦੀ ਸੀ। ਏਸ ਪਰਾਲੀ ਵਿਚ ਕਈ ਵਾਰ ਕੁਕੜੀਆਂ ਆਂਡੇ ਦੇ ਕੇ ਚੂਚੇ ਵੀ ਕਢ ਲੈਂਦੀਆਂ ਤੇ ਸਾਨੂੰ ਪਤਾ ਈ ਨਾ ਹੁੰਦਾ। ਉਹ ਛੱਪਰ ਵੀ ਗਾਇਬ ਸੀ। ਬੱਸ ਪਿਛੇ ਵਾਲੇ ਦੋਵੇਂ ਕੋਠੇ ਜਿਨ੍ਹਾਂ ਵਿਚੋਂ ਇਕ ਪਕੀ ਇੱਟ ਵਾਲੇ ਬੈਠਕ ਦਾ ਦਰਵਾਜ਼ਾ ਦਲੀਪ ਸਿੰਘ ਢਾਡੀ ਦੇ ਘਰ ਵਾਲੇ ਪੈਂਦੇ ਰਸਤੇ ਵਿਚ ਖੁਲ੍ਹਦਾ ਸੀ ਅਤੇ ਦੂਜਾ ਕੋਠਾ ਕਾਇਮ ਸਨ। ਮੀਂਹ ਕਣੀ ਅਤੇ ਸਿਆਲਾਂ ਵਿਚ ਰੋਟੀ ਪਾਣੀ ਕਰਨ ਵਾਲੀ ਸਬਾਤ ਕਾਇਮ ਸੀ। ਬਾਹਰਲੀ ਬੈਠਕ ਦੇ ਨਾਲ ਲਗਦਾ ਪਸ਼ੂ ਬੰਨ੍ਹਣ ਵਾਲਾ ਕੋਠਾ ਅਤੇ ਬਾਹਰ ਵਿਹੜੇ ਵਾਲੀਆਂ ਖੁਰਲੀਆਂ ਵੀ ਕਾਇਮ ਸਨ। ਆਪਣੇ ਪਿਓ ਦੇ ਲਾਏ ਨਲਕੇ ਚੋਂ ਪਾਣੀ ਗੇੜ ਕੇ ਮੈਂ ਮੂੰਹ ਹਥ ਧੋਤਾ ਤੇ ਰੱਜ ਕੇ ਪੀਤਾ ਵੀ। ਬਾਹਰ ਪਿੰਡ ਵਿਚ ਗੇੜਾ ਮਾਰ ਕੇ ਵੇਖਿਆ ਤਾਂ ਪਿੰਡ ਦੀ ਫਿਰਨੀ ਤੇ ਗੋਂਦਰਾਂ ਵਾਲੇ ਅਤੇ ਮਜੌਰਾਂ ਵਾਲੇ ਪਿੰਡਾਂ ਵਾਲੇ ਪਾਸੇ ਪੈਂਦੇ ਰਾਹਾਂ ਤੇ ਵਡਾ ਤੇ ਛੋਟਾ ਬਾਗ ਬਿਲਕੁਲ ਗਾਇਬ ਸਨ। ਇਹਨਾਂ ਬਾਗਾਂ ਵਿਚੋਂ ਬਚਪਨ ਵਿਚ ਪਤਾ ਨਹੀਂ ਕਿੰਨੀ ਵਾਰ ਅਮਰੂਦ, ਨਾਖਾਂ, ਜਾਮਨੂੰ ਅਤੇ ਅੰਬ ਤੋੜ ਕੇ ਖਾਧੇ ਸਨ। ਗੁਰਦਵਾਰਾ, ਨਿੱਕਾ ਸਕੂਲ ਜਿਥੋਂ ਮੈਂ ਚੌਥੀ ਪਾਸ ਕਰ ਕੇ ਵਡੇ ਸਕੂਲ ਵਿਚ ਦਾਖਲ ਹੋਇਆ ਸਾਂ, ਦਾ ਨਾਂ ਨਿਸ਼ਾਨ ਵੀ ਬਾਕੀ ਨਹੀਂ ਸੀ। ਨਾਲ ਲਗਦੇ ਛੋਟੇ ਪਿੰਡ ਚੋਰ ਕੋਟ ਦੇ ਰਾਹ ਤੇ ਦੋ ਏਕੜ ਥਾਂ ਵਿਚ ਪਿੰਡ ਦੀਆਂ ਮੜ੍ਹੀਆਂ ਸਨ ਜਿਥੇ ਮੇਰੇ ਦੋ ਛੋਟੇ ਭਰਾਵਾਂ ਦਾ ਸਸਕਾਰ ਹੋਇਆ ਸੀ। ਇਥੇ ਗੂੜ੍ਹੀ ਛਾਂ ਵਾਲੇ ਅਨੇਕਾਂ ਦਰਖਤ ਸਨ। ਦਿਨੇ ਵੀ ਹਨੇਰਾ ਰਹਿੰਦਾ ਸੀ। ਓਥੇ ਇਕ ਵੀ ਦਰਖਤ ਨਹੀਂ ਸੀ। ਵਡਾ ਸਕੂਲ ਜਿਸ ਦਾ ਨਾਂ ਖਾਲਸਾ ਹਾਈ ਸਕੂਲ ਸੀ, ਦਾ ਨਾਂ ਬਦਲ ਕੇ ਉਸਮਾਨੀਆਂ ਇਸਲਾਮੀਆ ਹਾਈ ਸਕੂਲ ਰਖ ਦਿਤਾ ਗਿਆ ਸੀ। ਸਾਰਾ ਸਕੂਲ ਦੋਬਾਰਾ ਬਣਾਇਆ ਗਿਆ ਸੀ ਅਤੇ ਪਹਿਲਾ ਸਕੂਲ 47 ਵਿਚ ਪਏ ਮੀਂਹਾਂ ਤੇ ਉਜਾੜੇ ਵਿਚ ਢਹਿ ਢੇਰੀ ਹੋ ਗਿਆ ਸੀ ਅਤੇ ਬਾਕੀ ਲੁਟ ਮਾਰ ਦਾ ਸ਼ਿਕਾਰ ਹੋ ਗਿਆ ਸੀ। ਇਹ ਸਭ ਕੁਝ ਉਜੜਿਆ ਪੁਜੜਿਆ ਵੇਖ ਕੇ ਮੇਰਾ ਮਨ ਬਹੁਤ ਉਦਾਸ ਹੋ ਗਿਆ। ਮੈਂ ਜੋ ਨਕਸ਼ਾ 1947 ਵਿਚ ਛਡ ਕੇ ਗਿਆ ਸਾਂ, ਉਸ ਜਿਹਾ ਹੁਣ ਓਥੇ ਕੁਝ ਵੀ ਨਹੀਂ ਸੀ। ਪਕੇ ਡਲੇ ਦਾ ਜੰਗਲ ਵੀ ਕਾਫੀ ਛਾਂਗਿਆ ਹੋਇਆ ਸੀ। ਏਥੇ ਬਚਪਨ ਵਿਚ ਬਹੁਤ ਪੀਲਾਂ ਤੇ ਪੇਂਝੂਆਂ ਤੋਂ ਇਲਾਵਾ ਗਰਮੀਆਂ ਦੇ ਮੇਲੇ ਵਿਚ ਹਦਵਾਣੇ, ਖਰਬੂਜ਼ੇ ਅਤੇ ਮਠਿਆਈਆਂ ਖਾਧੀਆਂ ਸਨ। ਨਿੱਕੀ ਨਹਿਰ ਦੇ ਪੁਲ ਦੇ ਪਾਰ ਥੇਹ ਪਹਿਲਾਂ ਵਾਂਗ ਹੀ ਕਾਇਮ ਸੀ ਪਰ ਚੋਰ ਕੋਟ ਦੇ ਰਾਹ ਤੇ ਪੈਂਦਾ ਪੀਰਾਂ ਦਾ ਡੇਰਾ ਵੀ ਉਜੜਿਆ ਉਜੜਿਆ ਲਗਦਾ ਸੀ। ਕੁਝ ਪੀਰ ਹਰੇ ਚੋਗੇ ਪਾਈਂ ਤੇ ਗਲਾਂ ਵਿਚ ਮੋਟਿਆਂ ਮੋਟਿਆਂ ਮਣਕਿਆਂ ਦੀਆਂ ਮਾਲਾਂ ਪਾਈਂ ਹੁਕੇ ਪੀ ਰਹੇ ਸਨ। ਸਾਲਾਨਾ ਮੇਲੇ ਤੇ ਏਥੇ ਕਵਾਲੀਆਂ ਦੇ ਮੁਕਾਬਲੇ ਹੋਇਆ ਕਰਦੇ ਸਨ ਤੇ ਚਿਲਮਾਂ ਨੂੰ ਸੂਟੇ ਲਗਦੇ ਹੁੰਦੇ ਸਨ। ਮੈਂ ਉਹਨਾਂ ਨੂੰ ਦੁਆ ਸਲਾਮ ਆਖੀ ਤੇ ਉਹਨਾਂ ਵੀ ਮੇਰਾ ਹਾਲ ਚਾਲ ਪੁਛਿਆ। ਇਸ ਪੁਲ ਤੋਂ ਚੜ੍ਹਦੇ ਵੱਲ ਜਾਈਏ ਤਾਂ ਲੋਹੇ ਦਾ ਨਿੱਕਾ ਜਿਹਾ ਪੁਲ ਸੀ ਜੋ ਸਿਰਫ ਪੈਦਲ ਜਾਣ ਵਾਸਤੇ ਸੀ। ਇਹ ਪੁਲ ਵੀ ਕਾਇਮ ਸੀ। ਇਸ ਪੁਲ ਲਾਗੇ ਨਹਿਰ ਦੇ ਕੰਢੇ ਤੀਆਂ ਲਗਦੀਆਂ, ਗਭਰੂ ਕੌਡੀ ਖੇਡਦੇ, ਬੀਣੀਆਂ ਫੜਦੇ ਅਤੇ ਘੋਲ ਵੀ ਹੋਇਆ ਕਰਦੇ ਸਨ। ਹੁਣ ਪਤਾ ਲੱਗਾ ਕਿ ਇਹੋ ਜਿਹਾ ਕੁਝ ਨਹੀਂ ਹੁੰਦਾ ਸੀ।

ਮੇਰਾ ਮਨ ਕਹਿ ਰਿਹਾ ਸੀ ਕਿ ਜੇ ਆਪਣਾ ਪਿੰਡ ਵੇਖਣ ਨਾ ਆਉਂਦਾ ਤਾਂ ਚੰਗੀ ਗੱਲ ਸੀ, ਘਟੋ ਘੱਟ 1947 ਦੀ ਉਜੜਨ ਵੇਲੇ ਦੀ ਜੋ ਤਸਵੀਰ ਮਨ ਵਿਚ ਬਣੀ ਹੋਈ ਸੀ, ਉਹੀ ਤਾਂ ਬਣੀ ਰਹਿਣੀ ਸੀ। ਉਹ ਤਸਵੀਰ ਹੁਣ ਹੁਣ ਢਹਿ ਢੇਰੀ ਹੋ ਗਈ ਸੀ। ਸਕੂਲ ਦੇ ਹੈਡਮਾਸਟਰ ਨੇ ਮੈਨੂੰ ਸਕੂਲ ਦੇ ਸਾਰੇ ਤਾਲਬਇਲਮ ਇਕਠੇ ਕਰ ਕੇ ਲੈਕਚਰ ਕਰਨ ਅਤੇ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਨ ਲਈ ਆਖਿਆ। ਬੱਚਿਆਂ ਨੇ ਮੇਰੇ ਵਿਦਿਆਰਥੀ ਹੋਣ ਦੇ ਵੇਲੇ ਦੇ ਕਈ ਸਵਾਲ ਪੁਛੇ ਜਿਨ੍ਹਾਂ ਦਾ ਮੈਂ ਬੜੇ ਪਿਆਰ ਨਾਲ ਜਵਾਬ ਦਿਤਾ। ਹੈਡਮਾਸਟਰ ਸਾਹਿਬ ਨੂੰ ਮੈਂ ਆਪਣਾ ਸਕੂਲ ਛਡਣ ਦਾ ਸਰਟੀਫਿਕੇਟ ਦੇਣ ਲਈ ਆਖਿਆ ਕਿਉਂਕਿ ਹੋ ਸਕਦਾ ਸੀ ਕਿ ਉਸ ਵਿਚ ਮੇਰੇ ਜਨਮ ਦੀ ਸਹੀ ਤਾਰੀਖ ਮਿਲ ਜਾਵੇ ਪਰ ਹੈਡਮਾਸਟਰ ਸਾਹਿਬ ਨੇ ਦਸਿਆ ਕਿ ਮੀਂਹਾਂ ਤੇ ਹੜਾਂ ਵਿਚ ਸਕੂਲ ਦਾ ਸਾਰਾ ਪੁਰਾਣਾ ਰੀਕਾਰਡ ਰੁੜ ਪੁੜ੍ਹ ਗਿਆ ਸੀ ਅਤੇ ਹੁਣ ਜੋ ਕੁਝ ਹੈ, ਉਹ

ਨਵਾਂ ਹੈ। ਪੁਰਾਣਾ ਮਲਬਾ ਸਾਫ ਕਰ ਕੇ ਸਕੂਲ ਵੀ ਹੋਰ ਢੰਗ ਨਾਲ ਬਣਾਇਆ ਗਿਆ ਹੈ। ਪਿਛਲੇ ਰੀਕਾਰਡ ਦਾ ਸਾਡੇ ਕੋਲ ਕੁਝ ਵੀ ਨਹੀਂ ਹੈ। ਦਿਨ ਵੇਲੇ ਮੈਂ ਜੀਵਾਂ ਤੇਲਣ ਅਤੇ ਗਰੇਸ ਦੇ ਘਰ ਵੀ ਹੋ ਆਇਆ ਸਾਂ। ਗਰੇਸ ਦਾ ਘਰ ਵਾਲਾ ਕਹਿਣ ਲੱਗਾ ਕਿ ਅਸੀਂ ਗਰੀਬ ਹਾਂ ਪਰ ਸਾਰੇ ਈਸਾਈ ਅਠ ਆਨੇ ਫੀ ਘਰ ਇਕਠੇ ਕਰ ਕੇ ਤੁਹਾਡੀ ਦਾਅਵਤ ਕਰਨਾ ਚਹੁੰਦੇ ਹਾਂ ਪਰ ਚੌਦਰੀ ਨਜ਼ੀਰ ਅਹਿਮਦ ਕਹਿਣ ਲੱਗਾ ਕਿ ਸਰਦਾਰ ਮੇਰਾ ਛੋਟਾ ਭਰਾ ਹੈ। ਇਹ ਭਾਵੇਂ ਹਫਤਾ ਰਹੇ, ਮਹੀਨਾ ਰਹੇ ਜਾਂ ਸਾਰੀ ਉਮਰ ਪਰ ਮੈਂ ਇਹਨੂੰ ਰੋਟੀ ਬਾਹਰ ਨਹੀਂ ਖਾਣ ਦਿਆਂਗਾ। ਮੈਂ ਗਰੇਸ ਤੇ ਉਹਦੇ ਘਰ ਵਾਲੇ ਦਾ ਸ਼ੁਕਰੀਆ ਅਦਾ ਕੀਤਾ ਤੇ ਉਹਨਾਂ ਨੂੰ ਪੰਜ ਪੰਜ ਰੁਪੇ ਪਿਆਰ ਵਜੋਂ ਦਿਤੇ। ਚੌਧਰੀ ਨਜ਼ੀਰ ਅਹਿਮਦ ਨੇ ਸ਼ਾਮ ਨੂੰ ਵਧੀਆ ਜ਼ਿਆਫਤ ਦਾ ਇੰਤਜ਼ਾਮ ਕੀਤਾ ਅਤੇ ਮਸਾਲੇਦਾਰ ਮੁਰਗੇ ਬਣਾਏ। ਮੈਂ ਵੇਖਿਆ ਕਿ ਮੁਸਲਮਾਨਾਂ ਦੀਆਂ ਹਾਂਡੀਆਂ ਸਾਡੇ ਨਾਲੋਂ ਜ਼ਿਆਦਾ ਸਵਾਦੀ ਸਨ ਅਤੇ ਉਹਨਾਂ ਦਾ ਆਪਣੇ ਮਸਾਲੇ ਅਤੇ ਆਪਣਾ ਹੀ ਜ਼ਾਇਕਾ ਸੀ। ਰਾਤ ਨੂੰ ਪਿੰਡ ਦੇ ਕਈ ਲੋਕ ਆ ਕੇ ਮੈਨੂੰ ਪੁਛਣ ਲਗੇ ਕਿ ਉਹਨਾਂ ਵਾਲੇ ਘਰਾਂ ਵਿਚ ਪਿੰਡ ਛਡਣ ਤੋਂ ਪਹਿਲਾਂ ਕੌਣ ਕੌਣ ਰਹਿੰਦੇ ਸਨ। ਜਿੰਨਾ ਕੁ ਮੈਨੂੰ ਪਤਾ ਸੀ, ਮੈਂ ਦਸਦਾ ਰਿਹਾ। ਸਾਰੇ ਪਿੰਡ ਵਿਚ ਮੇਰੇ ਆਉਣ ਨਾਲ ਚਾਅ ਜਹੇ ਦਾ ਮਾਹੌਲ ਬਣਿਆ ਹੋਇਆ ਸੀ ਅਤੇ ਬਹੁਤ ਲੋਕ ਆਪਣੇ ਘਰਾਂ ਵਿਚ ਰੋਟੀ ਤੇ ਬੁਲਾਣਾ ਚਹੁੰਦੇ ਸਨ ਪਰ ਚੌਧਰੀ ਨਜ਼ੀਰ ਅਹਿਮਦ ਨੂੰ ਇਹ ਮਨਮਜੂਰ ਨਹੀਂ ਸੀ। ਖੈਰ ਮੈਂ ਇਹ ਸਮਝ ਗਿਆ ਸਾਂ ਕਿ ਇਹ ਲੋਕ ਸਾਡੇ ਆਉਣ ਤੋਂ ਤੁਰਤ ਬਾਅਦ ਇਸ ਪਿੰਡ ਵਿਚ ਆ ਕੇ ਆਬਾਦ ਨਹੀਂ ਹੋਏ ਸਨ ਸਗੋਂ ਇਰਹ ਵੀ ਸਾਡੇ ਵਾਂਗ ਕਈ ਕਈ ਥਾਵਾਂ ਤੇ ਧਕੇ ਖਾਣ ਤੋਂ ਬਾਅਦ ਏਥੇ ਆਏ ਸਨ ਅਤੇ ਇਹਨਾਂ ਦੇ ਆਉਣ ਤੋਂ ਪਹਿਲਾਂ ਪਿੰਡ ਲੁਟੇਰਿਆਂ ਦੀ ਲੁਟ ਦਾ ਸ਼ਿਕਾਰ ਹੋ ਚੁਕੇ ਸਨ। ਇਸ ਪਿੰਡ ਵਿਚ ਆਬਾਦ ਹੋਣ ਵਾਲੇ ਵਧੇਰੇ ਜ਼ਿਲਾ ਗੁਰਦਾਸਪੁਰ ਵਿਚੋਂ ਉਜੜ ਕੇ ਆਏ ਤੇ ਇਸ ਪਿੰਡ ਵਿਚ ਆਬਾਦ ਹੋਏ ਸਨ।

ਅਗਲੇ ਦਿਨ ਮੈਂ ਆਪਣਾ ਦੂਜਾ ਘਰ ਜੋ ਪਿੰਡ ਧੁਪਸੜੀ ਵਿਚ ਸੀ, ਵੇਖਣ ਚਲਾ ਗਿਆ। ਇਹ ਨਵਾਂ ਪਿੰਡ ਵਿਚੋਂ ਨਿਕਲ ਕੇ ਬਣਿਆ ਸੀ। ਨਵਾਂ ਪਿੰਡ ਬਹੁਤ ਵਡਾ ਪਿੰਡ ਹੋਣ ਕਾਰਨ ਅਤੇ ਜ਼ਮੀਨਾਂ ਦੂਰ ਹੋਣ ਕਾਰਨ ਨਵੇਂ ਪਿੰਡ ਵਿਚੋਂ ਦੋ ਪਿੰਡ ਹੋਰ "ਚੋਰ ਕੋਟ" ਅਤੇ "ਧੁਪਸੜੀ" ਪਾਕਿਸਤਾਨ ਬਨਣ ਤੋਂ ਪਹਿਲਾਂ ਹੀ ਬਣ ਗਏ ਸਨ। ਸਾਡਾ ਮੁਰੱਬਾ ਧੁਪ ਸੜੀ ਤੋਂ ਨੇੜੇ ਪੈਂਦਾ ਸੀ। ਸਾਡੇ ਸਾਰੇ ਸ਼ਰੀਕੇ ਨੇ ਓਥੇ ਘਰ ਬਣਾ ਲਏ ਸਨ ਅਤੇ ਨਵਾਂ ਪਿੰਦ ਛਡ ਕੇ ਓਥੇ ਰਹਿਣ ਲੱਗ ਪਏ ਸਨ। ਮਕਾਨ ਤਾਂ ਅਸੀਂ ਵੀ ਧੁਪਸੜੀ ਪਾ ਲਏ ਸਨ ਪਰ ਓਥੇ ਰਿਹਾਇਸ਼ ਨਹੀਂ ਖੜੀ ਸੀ ਕਿਉਂਕਿ ਮੇਰੀ ਪੜ੍ਹਾਈ ਚੱਲ ਰਹੀ ਸੀ। ਬਾਪੂ ਕਹਿੰਦਾ ਜਦੋਂ ਮੈਂ ਦਸਵੀਂ ਕਰ ਕੇ ਕਾਲਜ ਦਾਖਲ ਹੋਣ ਲਈ ਲਾਇਲਪੁਰ ਜਾਂ ਲਾਹੌਰ ਦਾਖਲ ਹੋ ਜਾਵਾਂਗਾ ਤਾਂ ਉਹ ਧੁਪਸੜੀ ਵਾਲੇ ਘਰ ਵਿਚ ਚਲੇ ਜਾਣਗੇ। ਵੰਡ ਤੋਂ ਪਹਿਲਾਂ ਅਸੀਂ ਉਹਨਾਂ ਮਕਾਨਾਂ ਤੇ ਛੱਤਾਂ ਪਾ ਲਈਆਂ ਸਨ ਅਤੇ ਹੁਣ ਜਾ ਕੇ ਮੈਂ ਵੇਖਿਆ ਕਿ ਓਸ ਵਿਚ ਰਹਿੰਦੇ ਮੁਸਲਮਾਨ ਖੁਸ਼ ਸਨ। ਉਹਨਾਂ ਨੇ ਚਾਹ ਪਾਣੀ ਲਈ ਬੜਾ ਜ਼ੋਰ ਲਾਇਆ ਪਰ ਮੈਂ ਆਪਣੇ ਤਾਏ ਦੇ ਘਰ ਆ ਗਿਆ ਜਿਸ ਦੇ ਨਲਕੇ ਦਾ ਪਾਣੀ ਚੁਬਚੇ ਵਿਚੋਂ ਹੋ ਕੇ ਤਾਏ ਦੇ ਲਾਏ ਕੇਲਿਆਂ ਦੇ ਛੋਟੇ ਜਿਹੇ ਬਾਗ ਵਿਚ ਪੈਂਦਾ ਸੀ ਅਤੇ ਕੇਲਿਆਂ ਦੇ ਕਈ ਲੰਮੇ ਲੰਮੇ ਬੂਟੇ ਸਨ। ਤਾਏ ਨੇ ਤੁਰਨ ਲਗਿਆਂ ਮੈਨੂੰ ਕਿਹਾ ਸੀ ਕਿ ਉਜੜਨ ਤੋਂ ਕੁਝ ਮਹੀਨੇ ਪਹਿਲਾਂ ਉਹਨੇ ਭਠੀ ਲਾ ਕੇ ਪੰਜ ਛੇ ਸ਼ਰਾਬ ਦੀਆਂ ਪਹਿਲੇ ਤੋੜ ਦੀਆਂ ਬੋਤਲਾਂ ਕੇਲਿਆਂ ਦੀਆਂ ਜੜ੍ਹਾਂ ਵਿਚ ਡੂੰਘੀਆਂ ਨੱਪੀਆਂ ਹੋਈਆਂ ਸਨ ਕਿ ਵਾਪਸ ਆ ਕੇ ਪੀਆਂਗੇ ਪਰ ਦੋਬਾਰਾ ਓਥੇ ਆਉਣ ਹੀ ਨਾ ਹੋਇਆ। ਤਾਏ ਦੇ ਘਰ ਵਿਚ ਰਹਿੰਦੇ ਲੋਕਾਂ ਨੇ ਸਾਡੀ ਬੜੀ ਸੇਵਾ ਕੀਤੀ ਅਤੇ ਜਦ ਮੈਂ ਕੇਲਿਆਂ ਦੇ ਬੂਟਿਆਂ ਦੀਆਂ ਜੜ੍ਹਾਂ ਵੱਲ ਦੋ ਤਿੰਨ ਵਾਰ ਗੌਰ ਨਾਲ ਵੇਖਿਆ ਤਾਂ ਘਰ ਦਾ ਮਾਲਕ ਚੌਧਰੀ ਹਸ ਕੇ ਕਹਿਣ ਲੱਗਾ ਸਰਦਾਰ ਜੀ ਉਹ ਅਸਾਂ ਚਿਰੋਕਣੀਆਂ ਕਢ ਕੇ ਪੀ ਲਈਆਂ ਸਨ।

ਆਪਣੇ ਘਰ ਆਪਣੀ ਬੈਠਕ ਵਿਚ ਆ ਕੇ ਮੈਂ ਆਪਣੇ ਬਾਪ ਨੂੰ ਚਿਠੀ ਲਿਖੀ ਅਤੇ ਲਿਖਿਆ ਕਿ ਇਹ ਚਿਠੀ ਮੈਂ ਓਸ ਘਰ ਦੀ ਓਸ ਬੈਠਕ ਵਿਚ ਬੈਠ ਕੇ ਲਿਖ ਰਿਹਾ ਹਾਂ ਜੋ ਤੂੰ ਆਪਣੇ ਹਥਾਂ ਨਾਲ ਬਣਾਈ ਸੀ। ਇਹ ਚਿਠੀ ਮੈਂ ਡਾਕੀਏ ਰਮਜ਼ਾਨ ਨੂੰ ਦੇ ਦਿਤੀ ਜੋ ਮੇਰੇ ਭਾਰਤ ਮੁੜਨ ਤੋਂ ਪਹਿਲਾਂ ਪਿੰਡ ਪਹੁੰਚ ਚੁਕੀ ਸੀ ਅਤੇ ਓਸ ਉਤੇ ਨਵੇਂ ਪਿੰਡ ਦੇ ਡਾਕਖਾਨੇ ਦੀ ਮੁਹਰ ਲਗੀ ਹੋਈ ਸੀ। ਜਿਸ ਦਿਨ ਮੈਂ ਪਿੰਡੋਂ ਵਾਪਸ ਲਾਹੌਰ ਨੂੰ ਮੁੜਨਾ ਸੀ ਤਾਂ ਪਿੰਡ ਦੇ ਬਹੁਤ ਸਾਰੇ ਲੋਕ ਜਿਨ੍ਹਾਂ ਵਿਚ ਕੁੜੀਆਂ, ਮੁੰਡੇ ਔਰਤਾਂ ਅਤੇ ਮਰਦ ਸ਼ਾਮਲ ਸਨ, ਮੈਨੂੰ ਅਲਵਿਦਾ ਕਹਿਣ ਲਈ ਆ ਗਏ। ਪਿੰਡ ਵਿਚ ਮੈਂ ਬਹੁਤ ਘਟ ਬੁਰਕੇ ਵਾਲੀਆਂ ਔਰਤਾਂ ਵੇਖੀਆਂ ਸਨ। ਕਿਸੇ ਨੇ ਮਕੀ ਦਾ ਆਟਾ, ਕਿਸੇ ਨੇ ਛੱਲੀਆਂ, ਕਿਸੇ ਨੇ ਚੌਲ, ਕਿਸੇ ਨੇ ਗੁੜ, ਕਿਸੇ ਨੇ ਸ਼ਕਰ, ਕਿਸੇ ਨੇ ਸ਼ਕਰਕੰਡੀ ਅਤੇ ਕਿਸੇ ਨੇ ਦੇਸੀ ਘਿਓ ਦਾ ਕੁਜਾ ਮੈਨੂੰ ਤੁਅਫੇ ਵਜੋਂ ਦੇਣ ਲਈ ਲਿਆਂਦਾ ਹੋਇਆ ਸੀ। ਚੌਧਰੀ ਨਜ਼ੀਰ ਅਹਿਮਦ ਤੇ ਉਸ ਦੀ ਮਾਂ ਨੇ ਵੀ ਮੇਰੇ ਲਈ ਕਈ ਤੁਅਫੇ ਇਕਠੇ ਕੀਤੇ ਸਨ ਪਰ ਮੈਂ ਸਭ ਦਾ ਸ਼ੁਕਰੀਆ ਅਦਾ ਕਰਦਿਆਂ ਮਜਬੂਰੀ ਜ਼ਾਹਿਰ ਕੀਤੀ ਕਿ ਮੈਂ ਇਹ ਸਭ ਚੀਜ਼ਾਂ ਇੰਡੀਆਂ ਲੈ ਕੇ ਨਹੀਂ ਜਾਂ ਸਕਦਾ ਕਿਉਂਕਿ ਕਸਟਮ ਵਾਲੇ ਇਹਨਾਂ ਚੀਜ਼ਾਂ ਨੂੰ ਲੰਘਣ ਨਹੀਂ ਦੇਣਗੇ। ਚੌਧਰੀ ਨਜ਼ੀਰ ਅਹਿਮਦ ਤੇ ਉਸ ਦੀ ਮਾਂ ਨੇ ਮੇਰੀ ਬੀਵੀ ਬਚਿਆਂ ਲਈ ਪਿਆਰ ਦਾ ਸਲਾਮ ਆਖਿਆ ਅਤੇ ਅਗਲੀ ਵਾਰ ਸਾਰਿਆਂ ਨੂੰ ਨਾਲ ਲੈ ਕੇ ਆਉਣ ਦੀ ਤਾਕੀਦ ਕੀਤੀ। ਮਾਂ ਤਾਂ ਬਾਰ ਬਾਰ ਕਹਿ ਰਹੀ ਸੀ ਤੂੰ ਨਾ ਜਾ, ਇਹ ਘਰ ਤੇਰਾ ਹੀ ਹੈ। ਕਈ ਲੋਕ ਸਟੇਸ਼ਨ ਤਕ ਪੈਦਲ ਛਡਣ ਆਏ ਅਤੇ ਤੁਰਨ ਲਗਿਆਂ ਮੈਂ ਸਭ ਨੂੰ ਕਿਹਾ ਕਿ ਮੈਂ ਸ਼ਾਇਦ ਦੋਬਾਰਾ ਤਾਂ ਏਥੇ ਨਾ ਆ ਸਕਾਂ ਪਰ ਇਸ ਪਿੰਡ ਦੀਆਂ ਪਹਿਲੀਆਂ ਤੇ ਹੁਣ ਵਾਲੀਆਂ ਯਾਦਾਂ ਨੂੰ ਕਦੀ ਭੁਲ ਨਹੀਂ ਸਕਾਂਗਾ ਅਤੇ ਵਕਤ ਆਉਣ ਤੇ ਇਕ ਨਾਵਲ ਲਿਖਾਂਗਾ ਜੋ ਮੁਲਕਾਂ ਦੀ ਵੰਡ, ਉਸ ਵਿਚੋਂ ਉਪਜੀਆਂ

ਪੀੜਾਂ ਤੇ ਚੀਸਾਂ ਅਤੇ ਓਸ ਸਭਿਆਚਾਰ ਨੂੰ ਬਿਆਨ ਕਰੇਗਾ ਜੋ ਸੂਹੇ ਗੁਲਾਬ ਤੋਂ ਪੀਲਾ ਗੁਲਾਬ ਹੋ ਗਿਆ ਸੀ। ਨਾਵਲ "ਪੀਲਾ ਗੁਲਾਬ" ਮੈਂ 1975 ਵਿਚ ਲਿਖਿਆ ਅਤੇ ਆਪਣੀਆਂ ਅਗਲੀਆਂ ਪਾਕਿਸਤਾਨ ਫੇਰੀਆਂ ਵਿਚ ਆਪਣਾ ਨਾਵਲ ਓਥੋਂ ਦੇ ਪੰਜਾਬੀ ਲਿਖਾਰੀਆਂ ਨੂੰ ਭੇਟਾ ਕੀਤਾ।

ਰੇਲਵੇ ਸਟੇਸ਼ਨ ਮੰਡੀ ਢਾਬਾਂ ਸਿੰਘ ਨੂੰ ਜਾਂਦਿਆਂ ਅਸੀਂ ਨਿੱਕੀ ਨਹਿਰ ਟੱਪ ਕੇ ਪਕੇ ਡਲੇ ਡਾਕ ਬੰਗਲੇ ਵਿਚੋਂ ਲੰਘੇ ਜਿਥੇ ਬਚਪਨ ਵਿਚ ਮੈਂ ਕਈ ਵਾਰ ਇਸ ਬਹੁਤ ਵਡੇ ਬੰਗਲੇ ਦੇ ਬਾਗਾਂ ਵਿਚੋਂ ਚੋਰੀ ਫੁੱਲ ਤੋੜੇ ਸਨ, ਬੰਗਲੇ ਦੀ ਡਿਸਪੈਂਸਰੀ ਵਿਚੋਂ ਕਈ ਵਾਰ ਬੀਮਾਰ ਹੋਣ ਤੇ ਦਵਾਈ ਲਈ ਸੀ। ਮੇਰੀ ਨਾਨੀ ਨੂੰ ਇਸ ਡਿਸਪੈਂਸਰੀ ਦੀ ਲਾਲ ਰੰਗ ਦੀ ਦਵਗਾਈ ਬੜੀ ਪਸੰਦ ਸੀ ਜਿਸ ਨੂੰ ਪੀ ਕੇ ਉਹਨੂੰ ਰੋਟੀ ਹਜ਼ਮ ਹੋ ਜਾਂਦੀ ਸੀ ਤੇ ਡਕਾਰ ਆ ਜਾਂਦਾ ਸੀ। ਮੰਡੀ ਅਤੇ ਪਿੰਡ ਦੇ ਵਿਚ੍ਹਕਾਰ ਕਚੇ ਰਾਹਾਂ ਦੀ ਧੂੜ ਕਿੰਨੀ ਪਿਆਰੀ ਲਗ ਰਹੀ ਸੀ ਜਿਥੇ ਕਈ ਵਾਰ ਖੌਪੀਆ ਹੋਣ ਤੇ ਪਤਲੇ ਪਤਲੇ ਹਨੇਰੇ ਵਿਚ ਨੈਂ ਮੁਰੱਬੇ ਤੋਂ ਪਸ਼ੂ ਲੈ ਕੇ ਆਇਆ ਕਰਦਾ ਸਾਂ। ਪਸ਼ੂਆਂ ਦੇ ਪੈਰਾਂ ਨਾਲ ਜੋ ਘੱਟਾ ਉਡ ਕੇ ਬੈਠ ਜਾਂਦਾ ਸੀ, ਉਸਦੀ ਆਪਣੀ ਖੁਸ਼ਬੋ ਸੀ ਅਤੇ ਪਾਸਿਆਂ ਤੋਂ ਔਂਦੀਆਂ ਬਿੰਡਿਆਂ ਦੀਆਂ ਆਵਾਜ਼ਾਂ ਨੂੰ ਕੰਨ ਅਜੇ ਵੀ ਸੁਨਣ ਦੀ ਉਡੀਕ ਵਿਚ ਸਨ। ਇਹਨਾਂ ਮਾਂਗਵੀਆਂ ਰਾਹਾਂ ਤੇ ਇਹ ਮੇਰਾ ਆਖਰੀ ਸਫਰ ਸੀ। ਬਹਾਲੀਕੇ ਸਟੇਸ਼ਨ ਟਪਦਿਆਂ ਮੈਂ ਕੁਲਵੰਤ ਸਿੰਘ ਵਿਰਕ ਨੂੰ ਬਹੁਤ ਯਾਦ ਕੀਤਾ ਜਿਸ ਦਾ ਪਿੰਡ ਫੁਲਰਵਨ ਬਹਾਲੀਕੇ ਦੇ ਲਾਗੇ ਸੀ ਅਤੇ ਸੱਚਾ ਸੌਦਾ ਗੁਰਦਵਾਰਾ ਜਿਥੇ 1947 ਵਿਚ ਕੈਂਪ ਵਿਚ ਕਈ ਹਫਤੇ ਰਹੇ ਸਾਂ। ਗੁਰਦਵਾਰਾ ਗਡੀ ਵਿਚੋਂ ਦਿਸ ਰਿਹਾ ਸੀ। ਮੈਂ ਗਡੀ ਵਿਚੋਂ ਹੀ ਗੁਰਦਵਾਰਾ ਸੱਚਾ ਸੌਦਾ ਨੂੰ ਮਥਾ ਟੇਕਿਆ ਅਤੇ ਫਿਰ ਗੱਡੀ ਚੂਹੜਕਾਣਾ ਮੰਡੀ ਦਾ ਸਟੇਸ਼ਨ ਵੀ ਲੰਘ ਗਈ ਜਿਥੋਂ ਬਾਬੇ ਨਾਨਕ ਨੇ ਭੁਖੇ ਸਾਧੂਆਂ ਨੂੰ ਭੋਜਨ ਛਕਾਉਣ ਲਈ ਪਿਓ ਵੱਲੋਂ ਦਿਤੇ ਸਾਰੇ ਦੇ ਸਾਰੇ 20 ਰੁਪੈ ਖਰਚ ਕੇ ਸੱਚਾ ਸੌਦਾ ਕੀਤਾ ਸੀ। ਵੰਡ ਵੇਲੇ ਬਲੋਚ ਮਿਲਟਰੀ ਨੇ ਚਲਦੀ ਗਡੀ ਵਿਚੋਂ ਸੱਚਾ ਸੌਦਾ ਕੈਂਪ ਤੇ ਰੇਲਵੇ ਲਾਈਨ ਦੇ ਆਸ ਪਾਸ ਹਿੰਦੋਸਤਾਨ ਜਾਣ ਲਈ ਬੈਠੇ ਨਿਹਥੇ ਰੀਫਿਊਜੀ ਹਿੰਦੂ ਸਿੱਖਾਂ ਤੇ ਅੰਨ੍ਹੇ ਵਾਹ ਗੋਲੀ ਚਲਾ ਕੇ ਹਜ਼ਾਰਾਂ ਬੇਗਨਾਹ ਲੋਕਾਂ ਨੂੰ ਮਾਰ ਦਿਤਾ ਸੀ। ਉਹਨਾਂ ਦਾ ਕਸੂਰ ਇਹ ਸੀ ਕਿ ਉਹ ਮੁਸਲਮਾਨ ਨਹੀਂ ਸਨ। ਦੂਜਾ ਕਸੂਰ ਇਹ ਸੀ ਕਿ ਉਹਨਾਂ ਦੇ ਭਰਾ ਹਿੰਦੋਸਤਾਨ ਵਿਚ ਮੁਸਲਮਾਨਾਂ ਨੂੰ ਮਾਰ ਰਹੇ ਸਨ। ਕੁਦਰਤ ਅਤੇ ਵਕਤ ਦੇ ਹਾਕਮਾਂ ਦਾ ਕੈਸਾ ਫੇਸਲਾ ਸੀ ਕਿ ਇਸ ਧਰਤੀ ਤੇ ਜਿਥੇ ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਰਹਿੰਦੇ ਸਨ। ਓਸ ਧਰਤੀ ਤੇ ਜਿਥੇ ਸਭ ਦੇ ਪੈਰ ਇਕੋ ਧਰਤੀ ਤੇ ਪੈਂਦੇ ਸਨ, ਹਿੰਦੂਆਂ ਅਤੇ ਸਿੱਖਾਂ ਦੇ ਪੈਰਾਂ ਨੂੰ ਓਸ ਧਰਤੀ ਤੇ ਵਿਵਰਜਿਤ ਕਰ ਦਿਤਾ ਗਿਆ ਸੀ।

ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ

ਕਿਸ਼ਤ-45

ਲਾਹੌਰ ਵਿਚ ਕੁਝ ਹੋਰ ਦਿਨ

ਹਿੰਦੋਸਤਾਨ ਦੀ ਵੰਡ ਤੋਂ ਬਾਅਦ ਜ਼ਿਲਾ ਸ਼ੇਖੂਪੁਰਾ ਦੇ ਆਪਣੇ ਪਿੰਡ ਜਿਥੇ ਮੇਰਾ ਅਮੀਰ ਬਚਪਨ ਬੀਤਿਆ ਸੀ, ਜਵਾਨੀ ਹਾਲੇ ਚੜ੍ਹੀ ਨਹੀਂ ਸੀ ਅਤੇ ਜਿਸ ਦੀ ਯਾਦ ਬਹੁਤ ਸਤਾਉਂਦੀ ਰਹਿੰਦੀ ਸੀ। ਰੋਜ਼ ਰਾਤ ਨੂੰ ਸੁਪਣੇ ਵੀ ਇਸ ਪਿੰਡ ਦੇ ਆਉਂਦੇ ਸਨ, ਨੂੰ 14 ਸਾਲਾਂ ਬਾਅਦ ਵੇਖਣ ਤੇ ਕੁਝ ਰਾਤਾਂ ਓਥੇ ਕੱਟਣ ਤੋਂ ਬਾਅਦ ਲਾਹੌਰ ਦੇ ਵਡੇ ਸਟੇਸ਼ਨ ਤੋਂ ਉਤਰ ਕੇ ਕਾਲਜ ਦੇ ਹੋਸਟਲ ਦੇ ਮੁੰਡੇ ਮੈਨੂੰ ਫਿਰੋਜ਼ਪੁਰ ਵਾਲੇ ਦੋਸਤ ਡੇਵਡ ਗਾਜ਼ੀ ਦੀ ਮਾਂ ਦੇ ਘਰ ਮੁਹੱਲਾ ਮੁਹਮੰਦ ਨਗਰ ਛਡ, ਆਪਣੇ ਹੋਸਟਲ ਨੂੰ ਚਲੇ ਗਏ। ਜਾਣ ਲਗੇ ਕਹਿ ਗਏ ਕਿ ਉਹ ਸਵੇਰੇ ਆ ਕੇ ਮੈਨੂੰ ਲਾਹੌਰ ਦੇ ਐਸ. ਐਸ. ਪੀ. ਦੇ ਦਫਤਰ ਵਿਚ ਰਜਿਸਟਰੇਸ਼ਨ ਅਤੇ ਇਸ ਇਲਾਕੇ ਨਾਲ ਸਬੰਧਤ ਥਾਣੇ ਵਿਚ ਰਵਾਨਗੀ ਪਵਾਉਣ ਦਾ ਕੰਮ ਕਰਵਾਉਣ ਲਈ ਆ ਜਾਣਗੇ। ਡੇਵਡ ਗਾਜ਼ੀ ਫਿਰੋਜ਼ਪੁਰ ਰਿਕਸ਼ਾ ਤਾਂਗਾ ਯੂਨੀਅਨ ਦਾ ਪਰਧਾਨ, ਪੰਜਾਬੀ ਦਾ ਸ਼ਾਇਰ, ਸ਼ਾਮਾਂ ਨੂੰ ਦੋ ਘੁਟ ਲਾਉਣ ਵਾਲਾ ਬੇਧੜਕ ਲੀਡਰ ਸੀ। ਸਰਕਾਰ ਜਾਂ ਕਿਸੇ ਅਦਾਰੇ ਦੀ ਵਧੀਕੀ ਦੇ ਖਿਲਾਫ ਸ਼ਹਿਰ ਵਿਚ ਹੜਤਾਲ ਕਰਵਾ ਦੇਣੀ, ਜਲਸੇ ਜਲੂਸ ਕਢਣੇ ਉਹਦੇ ਖਬੇ ਹਥ ਦਾ ਕੰਮ ਸੀ। ਉਹਦੀ ਮਾਸੀ ਮਿਸ ਸ਼ਾਂਤੀ ਸਿੰਘ ਜਿਸ ਨੂੰ ਫਿਰੋਜ਼ਪੁਰ ਤੋਂ ਲਾਹੌਰ ਡੀਪੋਰਟ ਕਰ ਦਿਤਾ ਗਿਆ ਸੀ, ਭਾਵੇਂ ਆਪਣੀ ਵਡੀ ਭੈਣ ਮਿਸਜ਼ ਗਾਜ਼ੀ ਕੋਲ ਲਾਹੌਰ ਰਹਿ ਰਹੀ ਸੀ ਪਰ ਫਿਰੋਜ਼ਪੁਰ ਰਹਿੰਦੀ ਆਪਣੀ ਬੁਢੀ ਮਾਂ ਬਿਨਾਂ ਬੜੀ ਉਦਾਸ ਸੀ। ਉਹ ਉਡ ਕੇ ਫਿਰੋਜ਼ਪੁਰ ਆਪਣੀ ਮਾਂ ਕੋਲ ਪਹੁੰਚ ਜਾਣਾ ਚਹੁੰਦੀ ਸੀ ਜੋ ਐਚ ਐਮ ਸਕੂਲ ਰੋਡ ਤੇ ਇਕ ਪੁਰਾਣੇ ਖਸਤਾ ਹਾਲਤ ਘਰ ਵਿਚ ਆਪਣੀ ਟੀਚਰ ਧੀ ਅਤੇ ਦੋਹਤਿਆਂ ਨਾਲ ਰਹਿੰਦੀ ਸੀ। ਮੈਂ ਉਹਨਾਂ ਨੂੰ ਕਈ ਵਾਰ ਪੁਰਾਣੀ ਕਿਸਮ ਦੇ ਬਰਤਨਾਂ ਵਿਚ ਰੋਟੀ ਖਾਂਦਿਆਂ ਅਤੇ ਮਿੱਟੀ ਦੀਆਂ ਬਣੀਆਂ ਕਨਾਲੀਆਂ (ਪਰਾਤਾਂ) ਵਿਚ ਆਟਾ ਗੁੰਨ੍ਹਦਿਆਂ ਵੇਖਿਆ ਸੀ। ਸ਼ਾਂਤੀ ਸਿੰਘ ਆਪਣੀ ਮਾਂ ਦੀ ਬੁਢੀ ਉਮਰੇ ਸੇਵਾ ਕਰਨੀ ਚਹੁੰਦੀ ਸੀ। ਵੰਡ ਤੋਂ ਬਾਅਦ ਕਈ ਸਾਲ ਫਿਰੋਜ਼ਪੁਰ ਆਪਣੀ ਮਾਂ, ਟੀਚਰ ਭੈਣ ਅਤੇ ਭਣੇਵਿਆਂ ਡੇਵਡ ਗਾਜ਼ੀ ਅਤੇ ਵਿਲਸਨ ਕੋਲ ਰਹਿਣ ਕਾਰਨ ਉਹ ਲਾਹੌਰ ਵਿਚ ਬਿਲਕੁਲ ਖੁਸ਼ ਨਹੀਂ ਸੀ। ਭਾਵੇਂ ਉਹਨੂੰ ਲਾਹੌਰ ਵਿਚ ਆਪਣੀ ਵਡੀ ਭੈਣ ਮਿਸਜ਼ ਗਾਜ਼ੀ ਦੇ ਰਸੂਖ ਕਾਰਨ ਨਰਸਿੰਗ ਦੀ ਜੌਬ ਮਿਲੀ ਹੋਈ ਸੀ ਅਤੇ ਦੋਵੇਂ ਭੈਣਾਂ ਕੁਝ ਪੈਸੇ ਵੀ ਬਣਾਉਂਦੀਆਂ ਸਨ ਪਰ ਦੋਵੇਂ ਆਪਣੀ ਮਾਂ ਨੂੰ ਬਹੁਤ ਯਾਦ ਕਰਦੀਆਂ ਸਨ। ਮਿਸਜ਼ ਗਾਜੀ ਜਿਸ ਦੇ ਦੋਵੇਂ ਪੁੱਤਰ ਡੇਵਡ ਅਤੇ ਵਿਲਸਨ ਜੋ ਆਪਣੀ ਨਾਨੀ ਅਤੇ ਮਾਸੀ ਕੋਲ ਰਹਿੰਦੇ ਸਨ, ਮਾਂ ਦੀਆਂ ਆਂਦਰਾਂ ਹੋਣ ਕਾਰਨ ਉਹਦਾ ਦਿਲ ਹੀ ਜਾਣਦਾ ਸੀ ਕਿ ਪੁੱਤਾਂ ਦਾ ਮੋਹ ਤੇ ਵਿਛੋੜਾ ਕੀ ਹੁੰਦਾ ਹੈ।

ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਦੇ ਚੱਕਰ ਵਿਚ ਮਾਂ ਨੂੰ ਇੰਡੀਆ ਦਾ ਵੀਜ਼ਾ ਮਿਲਣਾ ਬੰਦ ਹੋ ਗਿਆ ਸੀ ਅਤੇ ਦੋਵਾਂ ਪੁਤਾਂ ਡੇਵਡ ਅਤੇ ਵਿਲਸਨ ਨੂੰ ਵੀ ਨੂੰ ਪਾਕਿਸਤਾਨ ਦਾ ਵੀਜ਼ਾ ਨਹੀਂ ਮਿਲਦਾ ਸੀ। ਇਹਨਾਂ ਗੱਲਾਂ ਦਾ ਪਤਾ ਮੈਨੂੰ ਕੁਝ ਦਿਨ ਲਾਹੌਰ ਵਿਚ ਉਹਨਾਂ ਦੇ ਘਰ ਰਹਿਣ ਤੋਂ ਬਾਅਦ ਹੀ ਲੱਗ ਸਕਿਆ। ਵਿਚੋਂ ਗੱਲ ਇਹ ਸੀ ਕਿ ਦਰਅਸਲ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦੇ ਖੁਫੀਆ ਵਿਭਾਗ ਇਹਨਾਂ ਪਰਵਾਰਾਂ ਤੇ ਨਜ਼ਰ ਰਖਦੇ ਸਨ ਅਤੇ ਤੰਗ ਕਰਦੇ ਸਨ। ਇਸ ਦਾ ਹੋਰ ਜ਼ਿਆਦਾ ਪਤਾ ਮੈਨੂੰ ਓਸ ਵੇਲੇ ਲੱਗਾ ਜਦੋਂ ਲਾਹੌਰੋਂ ਵਾਪਸ ਫਿਰੋਜ਼ਪੁਰ ਮੁੜਨ ਤੇ ਭਾਰਤ ਦੀ ਆਈ ਬੀ ਅਤੇ ਪੰਜਾਬ ਦੀ ਸੀ ਆਈ ਡੀ ਮੇਰੇ ਮਗਰ ਲਗ ਗਈ।

ਮੁਹਮੰਦ ਨਗਰ ਵਿਚ ਈਸਾਈਆਂ ਦੇ ਕਾਫੀ ਘਰ ਸਨ। ਇਹਨਾਂ ਵਿਚ ਮਰਨ ਕਿਨਾਰੇ ਪੁਜੇ ਕੁਝ ਬੁਢੇ ਅੰਗਰੇਜ਼ ਵੀ ਸਨ ਜਿਨ੍ਹਾਂ ਨੇ ਵੰਡ ਤੋਂ ਪਹਿਲਾਂ ਹਿੰਦੋਸਤਾਨੀ ਈਸਾਈ ਔਰਤਾਂ ਨਾਲ ਵਿਆਹ ਕਰ ਕੇ ਦੋਗਲੇ ਬੱਚੇ ਪੈਦਾ ਕੀਤੇ ਸਨ ਤੇ ਵੰਡ ਉਪਰੰਤ ਉਹ ਇਥੇ ਹੀ ਟਿਕ ਗਏ ਸਨ। ਕੋਈ ਵੇਲਾ ਸੀ ਜਦ ਹਿੰਦੋਸਤਾਨ ਦੀ ਹੁਕਮਰਾਨ ਜਮਾਤ ਦੇ ਕਾਰਿੰਦੇ ਹੋਣ ਕਾਰਨ ਇਹਨਾਂ ਦੀ ਪ੍ਰਭੁਸਤਾ ਸੀ ਪਰ ਇਸ ਵੇਲੇ ਤਾਂ ਇਹ ਹੀਣੇ ਤੇ ਹਾਰੇ ਹੁਟੇ ਹੀ ਦਿਸ ਰਹੇ ਸਨ ਜੋ ਛੋਟੇ ਛੋਟੇ ਮਕਾਨਾਂ ਵਿਚ ਰਹਿ ਰਹੇ ਸਨ। ਮੈਨੂੰ ਵੇਖ ਕੇ ਉਹ ਬੜੇ ਹੈਰਾਨ ਹੁੰਦੇ ਕਿ ਈਸਾਈਆਂ ਦੇ ਇਸ ਸਾਰੇ ਮੁਹੱਲੇ ਵਿਚ ਮੈਂ ਇਕੋ ਇਕ ਪਗੜੀਧਾਰੀ ਭਾਰਤੀ ਨੌਜਵਾਨ ਸਿੱਖ ਕਿਵੇਂ ਹੀਰੋ ਬਣਿਆ ਫਿਰਦਾ ਸਾਂ। ਨੌਜਵਾਨ ਈਸਾਈ ਕੁੜੀਆਂ ਮੇਰੇ ਨਾਲ ਬੜੀਆਂ ਖੁਲ੍ਹੀਆਂ ਗੱਲਾਂ ਬਾਤਾਂ ਤੇ ਮਜ਼ਾਕ ਕਰਦੀਆਂ। ਮੇਰੇ ਨਾਲ ਲਾਹੌਰ ਦੇ ਸਿਨਮਿਆਂ ਵਿਚ ਪਿਕਚਰਾਂ ਵੇਖਣ ਜਾਂਦੀਆਂ ਤੇ ਜਦ ਅਸੀਂ ਤਾਂਗਿਆਂ ਵਿਚ ਸਵਾਰ ਹੋ ਕੇ ਗਲੀ ਬਾਜ਼ਾਰਾਂ ਵਿਚੋਂ ਲੰਘਦੇ ਤਾਂ ਸਾਈਕਲਾਂ ਤੇ ਪਿੱਛਾ ਕਰਦੇ, ਆਵਾਜ਼ਾਂ ਕਸਦੇ ਤੇ ਭੱਦੇ ਮਖੌਲ ਕਰਦੇ ਮੁਸਲਿਮ ਨੌਜਵਾਨ ਮੁੰਡਿਆਂ ਨੂੰ ਉਹ ਅੰਗੂਠੇ ਵਖਾਉਂਦੀਆਂ। ਕਈ ਵਾਰ ਤਾਂ ਕੁਝ ਨੌਜਵਾਨ ਮੁਸਲਿਮ ਮੁੰਡੇ ਇਹਨਾਂ ਅਕਲੀਅਤਾਂ ਨੂੰ ਮੇਰੇ ਨਾਲ ਬੈਠੀਆਂ ਵੇਖ ਕੇ ਐਨੇ ਮਾੜੇ ਫਿਕਰੇ ਕਸਦੇ ਜੋ ਸ਼ਰਮ ਅਤੇ ਤਹਿਜ਼ੀਬ ਤੋਂ ਕਿਤੇ ਜ਼ਿਆਦਾ ਡਿਗੇ ਹੁੰਦੇ। ਮੈਂ ਕਈ ਵਾਰ ਉਹਨਾਂ ਨੂੰ ਮੁਲਕ ਦੇ ਮਹਿਮਾਨ ਵਜੋਂ ਝਿੜਕਦਾ ਅਤੇ ਸ਼ਰਮਸਾਰ ਵੀ ਕਰਦਾ ਪਰ ਉਹ ਬਹੁਤ ਢੀਠ ਅਤੇ ਬੇਸ਼ਰਮੀ ਦਾ ਸਬੂਤ ਦਿੰਦੇ। ਜੇ ਕਿਤੇ ਮਿਸਜ਼ ਗਾਜ਼ੀ ਨਾਲ ਹੁੰਦੀ ਤਾਂ ਉਹ ਇਹਨਾਂ ਦੇ ਅਗਲੇ ਪਿਛਲਿਆਂ ਨੂੰ ਪੁਣ ਛਡਦੀ। ਉਹ ਕਿਸੇ ਤੋਂ ਡਰਦੀ ਨਹੀਂ ਸੀ ਅਤੇ ਐਲਾਨੀਆਂ ਕਹਿੰਦੀ ਕਿ ਮੈਂ ਤੁਹਾਡੀ ਜਨਰਲ ਅਯੂਬ ਖਾਂ ਨੂੰ ਸ਼ਕਾਇਤ ਕਰਾਂਗੀ। ਮੈਂ ਇਹ ਨਤੀਜਾ ਕਢਿਆ ਕਿ ਈਸਾਈ ਧਰਮ ਦੇ ਲੋਕ ਤੇ ਉਹਨਾਂ ਦੀ ਬਹੂ ਬੇਟੀਆਂ ਪਾਕਿਸਤਾਨ ਵਿਚ ਸੁਰਖਿਅਤ ਨਹੀਂ ਸਨ ਤੇ ਨਿਵ ਕੇ ਰਹਿ ਰਹੇ ਸਨ। ਫਿਰ ਮੈਂ ਸੋਚਿਆ ਕਿ ਨੌਜਵਾਨ ਕੁੜੀਆਂ ਮੁੰਡੇ ਦੇ ਇਹੋ ਜਹੇ ਪੇਚੇ ਹਿੰਦੋਸਤਾਨ ਵਿਚ ਤਾਂ ਕਈ ਵਾਰ ਪੈ ਜਾਂਦੇ ਹਨ ਅਤੇ ਜਵਾਨੀ ਦੀ ਉਮਰ ਵੀ ਕੁਝ ਇਸ ਤਰ੍ਹਾਂ ਦੀ ਬੇਪਰਵਾਹੀ ਵਾਲੀ ਹੁੰਦੀ ਹੈ ਜੋ ਇਹੋ ਜਿਹੀਆਂ ਗੱਲਾਂ ਦੀ ਪਰਵਾਹ ਨਹੀਂ ਕਰਦੀ। ਫਿਰ ਜਨਾਬ ਮੁਹਮੰਦ ਅਲੀ ਜਿਨਾਹ, ਲਿਆਕਤ ਅਲੀ ਖਾਂ, ਸਰ ਮੁਹਮੰਦ ਇਕਬਾਲ ਦੇ ਸੁਪਨਿਆਂ ਦੀ ਦੁਨੀਆਂ ਦੇ ਪਾਕਿਸਤਾਨ ਵਿਚ ਜਿਥੇ ਜੋਸ਼ ਮਲੀਹਾਬਾਦੀ ਅਤੇ ਸੁਆਦਤ ਹਸਨ ਮੰਟੋ ਵਰਗੇ ਮਹਾਨ ਅਦੀਬਾਂ ਨੇ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਕੱਟੇ ਸਨ, ਅਕਲੀਅਤਾਂ ਨਾਲ ਇਸ ਤਰ੍ਹਾਂ ਦਾ ਵਿਹਾਰ ਵੇਖ ਕੇ ਮਨ ਖੁਸ਼ ਨਾ ਹੁੰਦਾ। ਕਦੀ ਕਦੀ ਨਵਾਜ਼ ਜਾਂ ਸਈਦ ਅਹਿਮਦ ਢਿਲੋਂ ਮੈਨੂੰ ਏਥੇ ਮਿਲਣ ਆ ਜਾਂਦੇ ਤਾਂ ਅਮੀਰ ਘਰਾਂ ਦੇ ਮੁੰਡਿਆਂ ਦਾ ਮੈਨੂੰ ਮਿਲਣ ਆਣਾ ਈਸਾਈ ਪਰਵਾਰਾਂ ਨੂੰ ਬਹੁਤ ਚੰਗਾ ਲਗਦਾ। ਪਰ ਡੇਵਡ ਦੀ ਮਾਂ ਦਸਦੀ ਕਿ ਚੰਗੇ ਘਰਾਂ ਦੇ ਮੁਸਲਮਾਨ ਮੁੰਡੇ ਈਸਾਈ ਕੁੜੀਆਂ ਨਾਲ ਦੋਸਤੀ ਤਾਂ ਚਹੁੰਦੇ ਹਨ ਵਿਆਹ ਆਪਣੇ ਮਜ਼੍ਹਬ ਵਿਚ ਹੀ ਕਰਦੇ ਹਨ। ਮੈਂ ਇਸ ਗੱਲ ਨੂੰ ਬਹੁਤ ਚੰਗੀ ਤਰ੍ਹਾਂ ਸਮਝਦਾ ਸਾਂ ਕਿ ਪਾਕਿਸਤਾਨ ਹੋਵੇ ਜਾਂ ਹਿੰਦੋਸਤਾਨ, ਵਡੇ ਧਰਮਾਂ ਵਾਲੇ ਲੋਕਾਂ ਦੇ ਮੁੰਡੇ ਇਸ ਤਰ੍ਹਾਂ ਹੀ ਸੋਚਦੇ ਹਨ। ਡੇਵਡ ਦੀ ਮਾਂ ਮੇਰੀ ਅਤੇ ਮੈਨੂੰ ਗੌਰਮਿੰਟ ਕਾਲਜ ਲਾਹੌਰ ਤੋਂ ਮਿਲਣ ਆਏ ਮੁੰਡਿਆਂ ਦੀ ਬਹੁਤ ਸੇਵਾ ਕਰਦੀ। ਕੁਝ ਦਿਨਾਂ ਬਾਅਦ ਮੈਂ ਇਹ ਵੀ ਸਮਝ ਗਿਆ ਕਿ ਇਹ ਲੋਕ ਗਰੀਬ ਹਨ ਅਤੇ ਆਪਣੀ ਹੈਸੀਅਤ ਤੋਂ ਵਧ ਕੇ ਮੇਰੀ ਸੇਵਾ ਕਰ ਰਹੇ ਹਨ ਅਤੇ ਜਿਸ ਤਰ੍ਹਾਂ ਦੇ ਖਾਣੇ ਇਹ ਮੇਰੇ ਅਗੇ ਪਰੋਸਦੇ ਹਨ, ਇਸ ਤਰ੍ਹਾਂ ਦੇ ਖਾਣੇ ਇਹ ਆਪ ਰੋਜ਼ ਨਹੀਂ ਖਾਂਦੇ ਸਨ। ਇਹ ਤਾਂ ਮੇਰੀ ਮਹਿਮਾਨ ਨਿਵਾਜ਼ੀ ਹੈ। ਪਰ ਜੋ ਗੱਲ ਮੇਰੇ ਕਲੇਜੇ ਵਿਚ ਨਸ਼ਤਰ ਬਣ ਕੇ ਚੁਭ ਰਹੀ ਸੀ, ਉਹ ਸੀ ਇਹਨਾਂ ਲੋਕਾਂ ਦਾ ਪਰਵਾਰਾਂ ਦਾ ਵੰਡੇ ਜਾਣਾ। ਕੁਝ ਭਾਰਤ ਵਿਚ ਅਤੇ ਕੁਝ ਪਾਕਿਸਤਾਨ ਵਿਚ। ਇਹਨਾਂ ਨੂੰ ਕੋਈ ਪਤਾ ਨਹੀਂ ਸੀ ਕਿ 1947 ਵਿਚ ਵੰਡ ਦੀ ਜੋ ਦੀਵਾਰ ਇਕ ਵਾਰ ਖਿਚੀ ਗਈ ਹੈ, ਇਹ ਦੀਵਾਰ ਇਕ ਦਿਨ ਟੁੱਟਣ ਦੀ ਬਜਾਏ ਪਥਰਾਂ ਦੀ ਦੀਵਾਰ ਤੋਂ ਵੀ ਜ਼ਿਆਦਾ ਸਖਤ ਹੋ ਜਾਵੇਗੀ ਅਤੇ ਸਦੀਆਂ ਤੋਂ ਇਕਠੇ ਰਹਿਣ ਵਾਲੇ ਲੋਕ ਆਪਣੇ ਖੂੰਨ ਦੇ ਰਿਸ਼ਤਦਾਰਾਂ ਨੂੰ ਮਿਲ ਵੀ ਨਹੀਂ ਸਕਣਗੇ। ਇਹ ਦੁਖ ਅਤੇ ਸੰਤਾਪ ਕੇਵਲ ਈਸਾਈ ਲੋਕਾਂ ਦਾ ਹੀ ਨਹੀਂ ਸੀ, ਸਗੋਂ ਉਹਨਾਂ ਲਖਾਂ ਮੁਸਲਮਾਨਾਂ ਦਾ ਵੀ ਸੀ ਜਿਨ੍ਹਾਂ ਦੇ ਰਿਸ਼ਤੇਦਾਰ ਦੋਹਾਂ ਮੁਲਕਾਂ ਵਿਚ ਵੰਡੇ ਗਏ ਸਨ।

ਮਨੁਖੀ ਪਿਆਰ ਅਤੇ ਵਿਛੋੜੇ ਦੀ ਸ਼ਾਖਸ਼ਾਤ ਮਿਸਾਲ ਓਸ ਵੇਲੇ ਸਾਹਮਣੇ ਆਈ ਜਦ ਇਕ ਰਾਤ ਸਤਲੁਜ ਰੇਂਜਰ ਦੇ ਦੋ ਨੌਜਵਾਨ ਮੁਸਲਮਾਨ ਸਿਪਾਹੀ ਜੋ ਵਰਦੀਆਂ ਵਿਚ ਨਹੀਂ ਸਨ, ਡੇਵਡ ਗਾਜ਼ੀ ਦੀ ਮਾਂ ਦੇ ਘਰ ਆਏ। ਡੇਵਡ ਗਾਜ਼ੀ ਦੀ ਮਾਂ, ਉਹਦੀ ਭੈਣ ਮਿਸ ਸ਼ਾਂਤੀ ਸਿੰਘ ਅਤੇ ਮੈਂ ਇਕ ਅਲਹਿਦਾ ਕਮਰੇ ਵਿਚ ਚਲੇ ਗਏ ਅਤੇ ਓਥੇ ਕੁਝ ਸਲਾਹਾਂ ਹੋਣ ਲਗੀਆਂ ਜਿਨ੍ਹਾਂ ਦਾ ਅੰਤਮ ਫੈਸਲਾ ਮੈਂ ਕਰਨਾ ਸੀ। ਮਸਲਾ ਇਹ ਸੀ ਕਿ ਮਿਸ ਸ਼ਾਂਤੀ ਸਿੰਘ ਹਰ ਹਾਲਤ ਵਿਚ ਆਪਣੀ ਮਾਂ ਕੋਲ ਫਿਰੋਜ਼ਪੁਰ ਪਹੁੰਚਣਾ ਚਹੁੰਦੀ ਸੀ। ਇਸ ਕਾਰਜ ਵਾਸਤੇ ਉਹ ਆਪਣੀ ਇੱਜ਼ਤ ਆਬਰੂ ਅਤੇ ਪੈਸਾ ਵਾਰਨ ਲਈ ਤਿਆਰ

ਖੜ੍ਹੀ ਸੀ। ਸਤਲੁਜ ਰੇਂਜਰ ਦੇ ਉਹ ਸਿਪਾਹੀ ਕਹਿ ਰਹੇ ਸਨ ਕਿ ਰਾਤ ਦੇ ਹਨੇਰੇ ਵਿਚ ਉਹ ਸ਼ਾਂਤੀ ਸਿੰਘ ਨੂੰ ਪਾਕਿਸਤਾਨ ਦਾ ਬਾਰਡਰ ਟਪਾ ਕੇ ਹਿੰਦੋਸਤਾਨ ਦੀ ਹੱਦ ਅੰਦਰ ਧੱਕ ਦੇਣਗੇ ਜਿਥੋਂ ਉਹ ਅਗੇ ਆਪਣੀ ਮਾਂ ਕੋਲ ਫਿਰੋਜ਼ਪੁਰ ਪਹੁੰਚ ਜਾਵੇਗੀ। ਉਹ ਸਿਗਰਟਾਂ ਪੀ ਰਹੇ ਸਨ ਅਤੇ ਉਹਨਾਂ ਦੀਆਂ ਲੁਚੀਆਂ ਅਖਾਂ ਅਤੇ ਕਤਰੀਆਂ ਮੁਛਾਂ ਖਚਰੀ ਹਾਸੀ ਹਸ ਰਹੀਆਂ ਸਨ। ਉਹ ਇਹ ਵੀ ਕਹਿ ਰਹੇ ਸਨ ਕਿ ਸ਼ਾਂਤੀ ਸਿੰਘ ਨੂੰ ਬਾਰਡਰ ਟਪਾਣ ਤੋਂ ਪਹਿਲਾਂ ਹੋ ਸਕਦਾ ਹੈ ਕਿ ਉਹਨੂੰ ਕਈ ਰਾਤਾਂ ਬਾਰਡਰ ਤੇ ਕਿਤੇ ਲੁਕਾ ਛਿਪਾ ਕੇ ਰਖਣਗੇ ਕਿਉਂਕਿ ਮੁਲਕਾਂ ਦੀ ਹੱਦ ਦੇ ਦੋਵਾਂ ਪਾਸਿਆਂ ਦੇ ਹਾਲਾਤ ਵੇਖ ਕੇ ਹੀ ਰਾਤ ਦੇ ਹਨੇਰੇ ਵਿਚ ਉਸ ਨੂੰ ਪਾਕਿਸਤਾਨ ਵਾਲੇ ਪਾਸੇ ਤੋਂ ਹਿੰਦੋਸਤਾਨ ਵਾਲੇ ਪਾਸੇ ਧਕਿਆ ਜਾ ਸਕਦਾ ਸੀ। ਮੈਂ ਮਿਸ ਸ਼ਾਂਤੀ ਸਿੰਘ ਨੂੰ ਜੋ ਮੇਥੋਂ ਉਮਰ ਵਿਚ ਘਟੋ ਘੱਟ ਦਸ ਪੰਦਰਾਂ ਸਾਲ ਵਡੀ ਸੀ, ਭਾਵ ਪੈਂਤੀ ਚਾਲੀ ਸਾਲ ਦੇ ਦੌਰਾਨ ਸੀ, ਨੂੰ ਵਖ ਕਰ ਕੇ ਕਿਹਾ ਕਿ ਇਹ ਬਹੁਤ ਖਤਰਨਾਕ ਖੇਡ ਹੈ। ਇਹ ਲੋਕ ਤੇਰੀ ਇਜ਼ੱਤ ਨਾਲ ਖੇਡ ਕੇ ਤੈਨੂੰ ਮਾਰ ਕੇ ਦਰਿਆ ਵਿਚ ਵੀ ਸੁਟ ਸਕਦੇ ਹਨ। ਜੇ ਤੂੰ ਜ਼ਿੰਦਾ ਜੀਂਦੀ ਜਾਗਦੀ ਬਾਰਡਰ ਟਪ ਵੀ ਜਾਂਦੀ ਹੈਂ ਤਾਂ ਦੂਜੇ ਪਾਸੇ ਪੋਲੀਸ ਵਾਲੇ ਤੇਰੀਆਂ ਖਾਖਾਂ ਪਾੜ ਦੇਣਗੇ ਅਤੇ ਗ੍ਰਿਫਤਾਰ ਕਰ ਕੇ ਜੇਲ੍ਹ ਵਿਚ ਸੁਟ ਦੇਣਗੇ ਜਿਥੇ ਤੂੰ ਆਪਣੀ ਮਾਂ ਕੋਲ ਨਹੀਂ, ਜੇਲ੍ਹ ਵਿਚ ਸੜ ਮਰ ਜਾਵੇਂਗੀ। ਤੂੰ ਆਪਣੀ ਵਿਛੜੀ ਮਾਂ ਕੋਲ ਕਦੇ ਵੀ ਪੁਜ ਨਹੀਂ ਸਕੇਂਗੀ। ਜੇ ਤੂੰ ਮਾਂ ਕੋਲ ਆਉਣਾ ਹੈ ਤਾਂ ਪਾਸਪੋਰਟ ਬਣਵਾ ਕੇ ਅਤੇ ਵੀਜ਼ਾ ਲੈ ਕੇ ਹਿੰਦੋਸਤਾਨ ਆਵੀਂ। ਇਹੀ ਗੱਲ ਮੈਂ ਬਹੁਤ ਠੋਕ ਵਜਾ ਕੇ ਅਤੇ ਬਹੁਤ ਜ਼ੋਰ ਨਾਲ ਉਹਨਾਂ ਸਤਲੁਜ ਰੇਂਜਰਜ਼ ਦੇ ਸਿਪਾਹੀਆਂ ਨੂੰ ਵੀ ਕਹਿ ਦਿਤੀ ਕਿ ਤੁਸੀਂ ਜੋ ਕੁਝ ਸੋਚ ਰਹੇ ਹੋ ਅਤੇ ਕਰਨਾ ਚਹੁੰਦੇ ਹੋ, ਬਿਲਕੁਲ ਗਲਤ ਅਤੇ ਕਾਨੂੰਨ ਦੇ ਉਲਟ ਹੈ। ਮੈਂ ਕਦੀ ਵੀ ਇਸ ਨੂੰ ਠੀਕ ਨਹੀਂ ਕਹਾਂਗਾ। ਸ਼ਾਂਤੀ ਸਿੰਘ ਆਪਣਾ ਪਾਸਪੋਰਟ ਬਣਵਾ ਕੇ ਅਤੇ ਭਾਰਤ ਦਾ ਵੀਜ਼ਾ ਲੈ ਕੇ ਆਵੇ, ਬਾਕੀ ਸਭ ਕੁਝ ਹਰ ਤਰ੍ਹਾਂ ਗਲਤ ਹੈ। ਸਿਗਰਟਾਂ ਦੇ ਲੰਮੇ ਸੂਟੇ ਲਾਉਂਦੇ ਅਤੇ ਮੈਨੂੰ ਘੂਰਦੇ ਉਹ ਰਾਤ ਦੇ ਹਨੇਰੇ ਵਿਚ ਚਲੇ ਗਏ। ਉਹਨਾਂ ਨੇ ਓਸ ਮਾਂ ਦੇ ਮੋਹ ਦੀ ਮਾਰੀ ਔਰਤ ਕੋਲੋਂ ਪੈਸੇ ਵੀ ਰੱਜ ਕੇ ਬਟੋਰਨੇ ਸਨ ਅਤੇ ਉਹਦੀ ਇਜ਼ੱਤ ਆਬਰੂ ਵੀ ਖੇਹ ਖਰਾਬ ਕਰ ਕੇ ਉਹਨੂੰ ਨਾਂ ਜੀਂਦਿਆਂ ਵਿਚ ਰਹਿਣ ਦੇਣਾ ਸੀ ਅਤੇ ਨਾ ਮਰ ਗਿਆਂ ਵਿਚ। ਔਰਤ ਨੂੰ ਮਿੱਟੀ ਸਮਝਣ ਵਾਲੇ ਲੋਕਾਂ ਦੀ ਸੱਚਾਈ ਜਦ ਉਹਨਾਂ ਔਰਤਾਂ ਦੀ ਸਮਝ ਵਿਚ ਆਈ ਤੇ ਉਹਨਾਂ ਦੇ ਨੇ ਕੰਨਾਂ ਨੇ ਕਬੂਲੀ ਤਾਂ ਜਾ ਕੇ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਜੋ ਕੁਝ ਕਿਹਾ ਸੀ, ਉਹ ਬਿਲਕੁਲ ਠੀਕ ਸੀ। ਦੋਹਾਂ ਦੇਸ਼ਾਂ ਦੇ ਜੋ ਲੋਕ ਇਹਨਾਂ ਮੁਸੀਬਤਾਂ ਦਾ ਸ਼ਿਕਾਰ ਸਨ, ਉਹ ਮੁਲਕਾਂ ਦੀ ਓਸ ਵੰਡ ਦਾ ਨਤੀਜਾ ਸੀ ਜੋ ਲੋਕਾਂ ਦੇ ਮਨਾਂ ਨੇ ਨਹੀਂ, ਹਕੂਮਤ, ਤਾਕਤ ਅਤੇ ਮਜ਼੍ਹਬ ਦੇ ਮਤਲਬਪ੍ਰਸਤ ਲੋਕਾਂ ਨੇ ਕੀਤੀ ਸੀ। ਪਰ ਇਹ ਇਤਹਾਸ ਤਾਂ ਬਣ ਚੁਕਾ ਸੀ ਅਤੇ ਇਹਦੇ ਸਦਾ ਲਈ ਬਣੇ ਰਹਿਣ ਤੇ ਹੋਰ ਜ਼ਿਆਦਾ ਮਜ਼ਬੂਤ ਹੋਣ ਦੀਆਂ ਜੜ੍ਹਾਂ ਦਿਨ ਬਦਿਨ ਹੋਰ ਜ਼ੋਰ ਫੜਦੀਆਂ ਜਾ ਰਹੀਆਂ ਸਨ।
ਪਾਕਿਸਤਾਨ ਵਿਚ ਜਿਥੇ ਮੈਂ ਕੇਵਲ ਇਕ ਸੈਲਾਨੀ ਸਾਂ ਅਤੇ ਤਿੰਨ ਮਹੀਨੇ ਦੇ ਵੀਜ਼ੇ ਤੇ ਸੈਰ ਕਰ ਰਿਹਾ ਸਾਂ ਅਤੇ ਬੀਤੇ ਦੀਆਂ ਘੜੀਆਂ ਨੂੰ ਮੁੜ ਜੀਂਦਿਆਂ ਕਰ ਕੇ ਵੇਖ ਰਿਹਾ ਸਾਂ, ਸੈਲਾਨੀ ਹੁੰਦਾ ਹੋਇਆ ਵੀ ਇਸ ਤਰ੍ਹਾਂ ਮਹਿਸੂਸ ਕਰ ਰਿਹਾਂ ਸਾਂ ਜਿਵੇਂ ਇਹ ਮੇਰੀ ਧਰਤੀ ਤੇ ਮੇਰਾ ਦੇਸ਼ ਸੀ ਜਿਸ ਨੂੰ ਤਵਾਰੀਖ ਨੇ ਮਜ਼੍ਹਬਾਂ ਦੀ ਇਕ ਰੇਖਾ ਖਿਚ ਕੇ ਅਡੋ ਅਡ ਕਰ ਦਿਤਾ ਸੀ। ਸ਼ਾਂਤੀ ਸਿੰਘ ਜੋ ਆਮ ਤੌਰ ਤੇ ਚੁੱਪ ਅਤੇ ਗੁਮ ਸੁਮ ਹੀ ਰਹਿੰਦੀ ਸੀ ਅਤੇ ਜਾਂ ਸਿਗਰਟਾਂ ਤੇ ਹੁੱਕਾ ਪੀਂਦੀ ਰਹਿੰਦੀ ਸੀ, ਪਤਾ ਨਹੀਂ ਆਪਣੇ ਅੰਦਰ ਕੀ ਸਮੋਈ ਬੈਠੀ ਸੀ। ਉਸ ਨੇ ਪੈਂਤੀ ਸਾਲ ਦੀ ਉਮਰ ਤਕ ਵੀ ਵਿਆਹ ਨਹੀਂ ਕਰਵਾਇਆ ਸੀ ਅਤੇ ਅਗੇ ਟੱਪ ਕੇ ਤਾਂ ਵਿਆਹ ਵਾਲੀ ਕੋਈ ਗੱਲ ਬਾਤ ਨਜ਼ਰ ਵੀ ਨਹੀਂ ਆਉਂਦੀ ਸੀ। ਉਹਦੇ ਕੋਲ ਨਰਸਿੰਗ ਦਾ ਕੋਰਸ ਪਾਸ ਕਰਨ ਦਾ ਸਰਕਾਰੀ ਸਰਟੀਫਿਕੇਟ ਅਤੇ ਡਿਪਲੋਮਾ ਸੀ। ਦਬੀ ਜ਼ਬਾਨ ਵਿਚ ਏਨਾ ਕੁ ਪਤਾ ਲੱਗਾ ਸੀ ਕਿ ਇਹ ਭਰੂਣ ਹੱਤਿਆ ਕਰਨ ਦੀਆਂ ਬੜੀਆਂ ਮਾਹਰ ਨਰਸਾਂ ਸਨ। ਇਸ ਤਰ੍ਹਾਂ ਦੇ ਕੇਸ ਉਹ ਫਿਰੋਜ਼ਪੁਰ ਵਿਚ ਵੀ ਕਰਦੀ ਰਹੀ ਸੀ ਅਤੇ ਲਾਹੌਰ ਵਿਚ ਵੀ ਕਰਦੀ ਸੀ। ਜਿਥੇ ਉਹ ਰੰਗ ਰੂਪ ਦੀ ਕਾਲੀ ਅਤੇ ਮੋਟੇ ਠੁਲ੍ਹੇ ਨਕਸ਼ਾਂ ਵਾਲੀ ਸੀ, ਓਥੇ ਸੁਭਾਅ ਅਤੇ ਬੋਲ ਚਾਲ ਦੀ ਵੀ ਬੜੀ ਕੁਰਖਤ ਸੀ। ਕਈ ਵਾਰ ਮੈਨੂੰ ਇੰਜ ਲਗਦਾ ਕਿ ਉਹ ਬੈਠੀ ਕਿਤੇ ਹੋਰ ਅਤੇ ਪਹੁੰਚੀ ਕਿਤੇ ਹੋਰ ਹੁੰਦੀ ਸੀ ਅਤੇ ਗੱਲ ਪੁਛਣ ਤੇ ਇੰਜ ਲਗਦਾ ਸੀ ਜਿਵੇਂ ਕਿਸੇ ਸੁੱਤੇ ਨੂੰ ਜਗਾ ਦਿਤਾ ਹੋਵੇ।

ਖੈਰ ਲਾਹੌਰ ਦੇ ਇਸ ਈਸਾਈਆਂ ਦੇ ਮੁਹੱਲੇ ਵਿਚ ਕਈ ਈਸਾਈ ਪਰਵਾਰਾਂ ਨੇ ਮੈਨੂੰ ਆਪਣੇ ਘਰਾਂ ਵਿਚ ਖਾਣੇ ਦੀਆਂ ਦਾਅਵਤਾਂ ਦਿਤੀਆਂ। ਵੰਡ ਤੋਂ ਪਹਿਲਾਂ ਦੇ ਸਰਦਾਰ ਪਰਵਾਰਾਂ ਨਾਲ ਆਪਣੀ ਸਾਂਝ ਦੀਆਂ ਗੱਲਾਂ ਕੀਤੀਆਂ। ਜੇਕਰ ਮੈਂ ਲਾਹੌਰ ਦੀ ਕਿਸੇ ਗਲੀ ਬਾਜ਼ਾਰ ਵਿਚ ਇਕੱਲਾ ਘੁੰਮ ਰਿਹਾ ਹੁੰਦਾ ਤਾਂ ਘਰਾਂ ਅਗੇ ਖੜ੍ਹੀਆਂ ਕਈ ਮੁਸਲਿਮ ਔਰਤਾਂ ਜਾਂ ਮਰਦ ਮੈਨੂੰ ਆਪਣੇ ਘਰ ਅੰਦਰ ਬੁਲਾ ਕੇ ਚਾਹ ਪਾਣੀ ਪੀਣ ਜਾਂ ਖਾਣਾ ਖਾਣ ਦੀ ਪੇਸ਼ਕਸ਼ ਕਰਦੇ। ਹਿੰਦੋਸਤਾਨ ਦੀਆਂ ਗੱਲਾਂ ਸੁਨਣ ਨੂੰ ਉਹਨਾਂ ਦਾ ਬੜਾ ਦਿਲ ਕਰਦਾ। ਹਿੰਦੋਸਤਾਨ ਦੀਆਂ ਫਿਲਮਾਂ ਬਾਰੇ ਜਾਣ ਕੇ ਬਹੁਤ ਖੁਸ਼ ਹੁੰਦੇ। ਕਈ ਤਾਂ ਇਹ ਵੀ ਕਹਿ ਦਿੰਦੇ ਕਿ ਤੁਸੀਂ ਪਾਕਿਸਤਾਨ ਛਡ ਕੇ ਕਿਉਂ ਚਲੇ ਗਏ, ਏਧਰ ਕਿਉਂ ਨਾ ਰਹੇ। ਬੱਚੇ ਮੈਨੂੰ ਵੇਖ ਕੇ ਵਧੇਰੇ ਖੁਸ਼ ਹੁੰਦੇ। ਲੋਕ ਤੁਅਫੇ ਦੇਣ ਦੀ ਪੇਸ਼ਕਸ਼ ਕਰਦੇ ਅਤੇ ਉਹਨਾਂ ਦੇ ਘਰਾਂ ਵਿਚ ਠਹਿਰਣ ਦੀ ਵੀ। ਜਦੋਂ ਮੈਂ ਭਾਰਤ ਵਿਚੋਂ ਪਾਕਿਸਤਾਨ ਵਿਚ ਦਾਖਲ ਹੋਣਾ ਸੀ ਤਾਂ ਮੇਰੇ ਦਿਲ ਵਿਚ ਸਭ ਤੋਂ ਵਡਾ ਧੁੜਕੂ ਇਹੋ ਸੀ ਕਿ ਮੈਂ ਠਹਿਰਾਂਗਾ ਕਿਥੇ ਅਤੇ ਹੁਣ ਇਹ ਹਾਲ ਸੀ ਕਿ ਜਿਸ ਘਰ ਜਾਂ ਮੁਹੱਲੇ ਵਿਚ ਵੀ ਠਹਿਰਣਾ ਚਾਹਾਂ, ਹਰ ਘਰ ਮੈਨੂੰ ਜੀ ਆਇਆਂ ਕਹਿਣ ਅਤੇ ਠਹਿਰਾਉਣ ਲਈ ਤਿਆਰ ਸੀ। ਭਾਵੇਂ ਲਾਹੌਰ ਵੰਡ ਤੋਂ ਪਹਿਲਾਂ ਵਾਲਾ ਲਾਹੌਰ ਨਹੀਂ ਰਿਹਾ ਸੀ ਪਰ ਫਿਰ ਵੀ ਲਾਹੌਰ ਲਾਹੌਰ ਹੀ ਸੀ ਜਿਸ ਬਾਰੇ ਕਿਹਾ ਜਾਂਦਾ

ਸੀ ਕਿ ਜਿਸ ਨੇ ਲਾਹੌਰ ਨਹੀਂ ਵੇਖਿਆ, ਉਸ ਨੇ ਕੁਝ ਵੀ ਨਹੀਂ ਵੇਖਿਆ। ਮੈਂ ਤਾਂ ਵੰਡ ਤੋਂ ਪਹਿਲਾਂ ਵੀ ਲਾਹੌਰ ਕਈ ਵਾਰ ਵੇਖਿਆ ਸੀ ਤੇ ਚੌਦਾਂ ਸਾਲਾਂ ਬਾਅਦ ਫਿਰ ਲਾਹੌਰ ਵੇਖ ਰਿਹਾ ਸਾਂ।

ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ
ਕਿਸ਼ਤ-46
ਅਲਵਿਦਾ ਪਾਕਿਸਤਾਨ

ਭਾਵੇਂ ਪਾਕਿਸਤਾਨ ਵਿਚ ਰਹਿਣ ਦਾ ਮੇਰਾ ਵੀਜ਼ਾ ਤਿੰਨ ਮਹੀਨੇ ਦਾ ਸੀ ਅਤੇ ਲਾਹੌਰ ਵਿਚ ਦਿਲ ਵੀ ਲੱਗਾ ਹੋਇਆ ਸੀ। ਆਪਣਾ ਬਚਪਨ ਦਾ ਪਿੰਡ, ਆਪਣਾ ਘਰ, ਆਪਣਾ ਮੁਢਲਾ ਸਕੂਲ, ਮੁਰੱਬੇ, ਨਹਿਰਾਂ, ਪੱਕਾ ਡੱਲਾ ਡਾਕ ਬੰਗਲਾ, ਮੰਡੀ,

ਢਾਬਾਂ ਸਿੰਘ ਰੇਲਵੇ ਸਟੇਸ਼ਨ, ਸ਼ੇਖੂਪੁਰਾ ਅਤੇ ਲਾਹੌਰ ਦੀਆਂ ਗਲੀਆਂ ਤੇ ਬਾਜ਼ਾਰ ਜਿਨ੍ਹਾਂ ਦੀਆਂ ਯਾਦਾਂ ਰੋਜ਼ ਰਾਤ ਨੂੰ ਸੁਪਣਿਆਂ ਵਿਚ ਆ ਆ ਕੇ ਸਤਾਇਆ ਕਰਦੀਆਂ ਸਨ, ਮੁੜ ਅਖੀਂ ਵੇਖ ਲਈਆਂ ਸਨ। ਜਿਥੇ ਇਹ ਯਾਦਾਂ ਮੁੜ ਤਾਜ਼ਾ ਹੋ ਗਈਆਂ ਸਨ, ਓਥੇ ਇਹਨਾਂ ਵਿਚ ਹੁਣ ਹੋਰ ਵਾਧਾ ਵੀ ਹੋ ਗਿਆ ਸੀ। ਅਗਲੀਆਂ ਪਿਛਲੀਆਂ ਸਾਰੀਆਂ ਯਾਦਾਂ ਨੂੰ ਇਕਠੀਆਂ ਕਰ ਕੇ ਹੁਣ ਮੈਂ ਆਪਣੇ ਵਤਨ ਭਾਰਤ ਨੂੰ ਵਾਪਸ ਮੁੜਨਾ ਚਹੁੰਦਾ ਸਾਂ। ਇਸ ਫੇਰੀ ਵਿਚ ਜਿਨ੍ਹਾਂ ਜਿਨ੍ਹਾਂ ਨਾਲ ਵੀ ਵਾਹ ਪਿਆ ਸੀ, ਸਭ ਨੇ ਬੜਾ ਮੋਹ ਜ਼ਾਹਰ ਕੀਤਾ ਸੀ। ਕਈਆਂ ਨੇ ਤਾਂ ਕਈ ਵਾਰ ਕਿਹਾ ਸੀ ਕਿ ਏਥੇ ਹੀ ਰਹਿ ਪਵੋ ਅਤੇ ਵਾਪਸ ਨਾ ਜਾਓ, ਪਰ ਇਹ ਤਾਂ ਸਭ ਜਜ਼ਬਾਤੀ ਗੱਲਾਂ ਸਨ। ਬਹੁਤੇ ਜਜ਼ਬਾਤ ਤਾਂ ਅਕਸਰ ਰਾਤਾਂ ਨੂੰ ਨੀਂਦ ਵਿਚ ਆਏ ਸੁਪਨੇ ਹੁੰਦੇ ਹਨ ਜੋ ਅੱਖ ਖੁਲ੍ਹਦਿਆਂ ਟੁੱਟ ਜਾਂਦੇ ਹਨ। ਇਹਨਾਂ ਦਾ ਕੀ ਇਤਬਾਰ। ਅਜੇ ਹੁਣੇ ਈ ਤਾਂ ਬਸਤੀਆਂ ਬਸਾਈਆਂ ਜਾ ਰਹੀਆਂ ਸਨ ਜੋ ਪਲ ਭਰ ਵਿਚ ਵੀਰਾਨੇ ਬਣ ਜਾਂਦੀਆਂ ਹਨ। ਬਹੁਤ ਜਜ਼ਬਾਤੀ ਹੋਣ ਕਰ ਕੇ ਮੈਂ ਹੁਣ ਯਾਦਾਂ ਦੇ ਜੰਗਲ ਵਿਚੋਂ ਲੰਘ ਕੇ ਬਾਹਰ ਆ ਗਿਆ ਸਾਂ। ਮਾਂ ਬਾਪ, ਭੈਣ ਭਰਾ, ਪਤਨੀ ਬੱਚੇ, ਯਾਰ ਦੋਸਤ, ਘਰ ਬਾਰ, ਨੌਕਰੀ,ਜ਼ਮੀਨ ਜਾਇਦਾਦ ਜੋ ਸਭ ਕੁਝ ਭਾਰਤ ਵਿਚ ਸੀ, ਦੀ ਯਾਦ ਸਤਾਉਣ ਲਗ ਪਈ ਸੀ। ਸੰਨ 1947 ਵਾਲੀ ਜੋ ਕਹਿਰ ਦੀ ਹਨੇਰੀ ਚੱਲੀ ਸੀ ਅਤੇ ਜਿਸ ਨੇ ਦੋਹੀਂ ਪਾਸੀਂ ਕਰੋੜਾਂ ਲੋਕਾਂ ਨੂੰ ਆਪਣੀਆਂ ਜੜ੍ਹਾਂ ਤੋਂ ਪੁਟ ਕੇ ਵਗਾਹ ਮਾਰਿਆ ਸੀ, ਭਾਵੇਂ ਹੁਣ ਮਠੀ ਪੈ ਚੁਕੀ ਸੀ ਪਰ ਅਜੇ ਵੀ ਦੋਹਾਂ ਮੁਲਕਾਂ ਦੀਆਂ ਹਕੂਮਤਾਂ ਦੇ ਸਬੰਧ ਐਨੇ ਸੁਖਾਵੇਂ ਨਹੀਂ ਸਨ ਜਿਸ ਨਾਲ ਇਕ ਦੂਜੇ ਮੁਲਕ ਵਿਚ ਆਣ ਜਾਣ ਲਈ ਵੀਜ਼ੇ ਦੀ ਸ਼ਰਤ ਨੂੰ ਖਤਮ ਜਾਂ ਨਰਮ ਕਰ ਸਕਣ। ਮੈਂ ਵਾਪਸ ਜਾਣ ਦੀ ਤਿਆਰੀ ਸ਼ੁਰੂ ਕਰ ਦਿਤੀ ਅਤੇ ਸਾਰੀ ਸ਼ਾਪਿੰਗ ਤੇ ਗਿਫਟ ਆਦਿ ਬੇਬੀ ਨੇ ਪੈਕ ਕਰ ਦਿਤੇ। ਉਹਦਾ ਮੇਰੇ ਨਾਲ ਹੀ ਹਿੰਦੋਸਤਾਨ ਜਾਣ ਨੂੰ ਦਿਲ ਕਰਦਾ ਸੀ ਜਿਥੇ ਉਹ ਆਪਣੀ ਨਾਨੀ, ਮਾਸੀ ਅਤੇ ਮਸੇਰੇ ਭਰਾਵਾਂ ਨੂੰ ਮਿਲਣਾ ਚਹੁੰਦੀ ਸੀ। ਪਰ ਉਹਦੇ ਕੋਲ ਨਾ ਪਾਕਿਸਤਾਨ ਦਾ ਪਾਸਪੋਰਟ ਸੀ ਅਤੇ ਨਾ ਭਾਰਤ ਆਉਣ ਦਾ ਵੀਜ਼ਾ। ਉਹ ਕਹਿ ਰਹੀ ਸੀ ਕਿ ਅਗਲੇ ਸਾਲ ਦੀਆਂ ਗਰਮੀਆਂ ਤਕ ਉਹ ਸਾਰੇ ਕਾਗਜ਼ਾਤ ਮੁਕਮਲ ਕਰ ਕੇ ਹਿੰਦੋਸਤਾਨ ਜ਼ਰੂਰ ਆਵੇਗੀ। ਖੂਬਸੂਰਤ ਨੌਜਵਾਨ ਨਵਾਜ਼ ਨੂੰ ਵੇਖ ਕੇ ਉਹ ਥੋੜ੍ਹੀ ਜਜ਼ਬਾਤੀ ਹੋ ਜਾਂਦੀ ਸੀ ਜੋ ਹਰ ਮੁਲਕ ਜਾਂ ਹਰ ਕੌਮ ਦੇ ਨੌਜਵਾਨਾਂ ਦੀ ਉਮਰ ਦਾ ਤਕਾਜ਼ਾ ਹੁੰਦਾ ਹੈ। ਮੁਸਲਮਾਨ ਮੁੰਡੇ ਜੋ ਦੋਸਤ ਬਣੇ ਸਨ, ਖਤੋ ਕਿਤਾਬਤ ਕਰਨ ਲਈ ਉਹਨਾਂ ਦੇ ਨਾਂ ਪਤੇ ਲਿਖ ਲਏ ਤੇ ਮੁੜ ਮਿਲਣ ਦੇ ਵਾਅਦੇ ਕੀਤੇ। ਸਾਰੇ ਬਾਰ ਬਾਰ ਕਹਿ ਰਹੇ ਸਨ ਕਿ ਮੈਂ ਅਗਲੇ ਸਾਲ ਪਾਕਿਸਤਾਨ ਫਿਰ ਜ਼ਰੂਰ ਆਵਾਂ। ਮੈਂ ਕਿਹਾ ਕਿ ਤੁਸਾਂ ਜਿੰਨਾ ਪਿਆਰ ਮੁਹਬਤ ਦਾ ਇਜ਼ਹਾਰ ਕੀਤਾ ਹੈ,ਇਜ਼ੱਤ ਮਾਣ ਬਖਸ਼ਿਆ ਹੈ, ਇਨਸ਼ਾ ਅੱਲਾ ਜੇ ਪਾਸਪੋਰਟ ਰੀਨਿਊ ਹੋ ਗਿਆ ਅਤੇ ਪਾਕਿਸਤਾਨ ਦਾ ਵੀਜ਼ਾ ਮਿਲ ਗਿਆ ਤਾਂ ਜ਼ਰੂਰ ਆਵਾਂਗਾ। ਉਹਨਾਂ ਸਮਿਆਂ ਵਿਚ ਸਿਰਫ ਪਾਕਿਸਤਾਨ ਦਾ ਲਾਲ ਰੰਗ ਦਾ ਪਾਸਪੋਰਟ ਸਿਰਫ ਇਕ ਸਾਲ ਲਈ ਪੰਜਾਬ ਸਰਕਾਰ ਵੱਲੋਂ ਸੀ ਆਈ ਡੀ ਦੀ ਇਨਕੁਆਇਰੀ ਤੋਂ ਬਾਅਦ ਚੰਡੀਗੜ੍ਹ ਤੋਂ ਬਣਦਾ ਹੁੰਦਾ ਸੀ। ਇੰਡੀਅਨ ਇੰਟਰਨੈਸ਼ਨਲ ਪਾਸਪੋਰਟ ਦਿੱਲੀ ਤੋਂ ਬਣਦਾ ਸੀ ਪਰ ਉਸ ਵਿਚ ਪਾਕਿਸਤਾਨ ਦੀ ਐਂਟਰੀ ਨਹੀਂ ਹੁੰਦੀ ਸੀ। ਕੋਈ ਬੰਦਾ ਕਾਨੂੰਨੀ ਤੌਰ ਉਤੇ ਦੋਵੇਂ ਪਾਸਪੋਰਟ ਭਾਵ ਇੰਡੀਅਨ ਇੰਟਰਨੈਸ਼ਨਲ ਪਾਸਪੋਰਟ ਅਤੇ ਪਾਕਿਸਤਾਨ ਦਾ ਪਾਸਪੋਰਟ ਨਹੀਂ ਰਖ ਸਕਦਾ ਸੀ। ਬਣਦਾ ਤਾਂ ਪਾਕਿਸਤਾਨ ਦਾ ਪਾਸਪੋਰਟ ਵੀ ਬੜਾ ਔਖਾ ਸੀ ਪਰ ਇੰਟਰਨੈਸ਼ਨਲ ਪਾਸਪੋਰਟ ਬਨਵਾਉਣਾ ਤਾਂ ਬਹੁਤ ਜ਼ਿਆਦਾ ਔਖਾ ਸੀ। ਆਮ ਬੰਦਾ ਉਸ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਅਸਮਰਥ ਹੁੰਦਾ ਸੀ। ਨਵਾਜ਼ ਕਹਿ ਰਿਹਾ ਸੀ ਕਿ ਪਾਕਿਸਤਾਨ ਵਿਚ ਉਸ ਲਈ ਪਾਕਿਸਤਾਨ ਦਾ ਇੰਟਰਨੈਸ਼ਨਲ ਪਾਸਪੋਰਟ ਬਨਵਾਣਾ ਕੋਈ ਮੁਸ਼ਕਲ ਨਹੀਂ ਸੀ ਕਿਉਂਕਿ ਉਹ ਕਾਫੀ ਜ਼ਮੀਨ ਜਾਇਦਾਦ ਦਾ ਮਾਲਕ ਸੀ। ਉਸਦੀ ਗੱਲ ਠੀਕ ਵੀ ਨਿਕਲੀ ਜਦ ਉਹ ਕੁਝ ਮਹੀਨਿਆਂ ਬਾਅਦ ਪਾਕਿਸਤਾਨ ਦਾ ਇੰਟਰਨੈਸ਼ਨਲ ਪਾਸਪੋਰਟ ਬਣਵਾ ਕੇ ਅਤੇ ਹਿੰਦੋਸਤਾਨ ਦਾ ਵੀਜ਼ਾ ਲੈ ਕੇ ਮੈਨੂੰ ਮਿਲਣ ਲਈ ਇਕ ਵਾਰ ਫਿਰੋਜ਼ਪੁਰ ਤੇ ਦੂਜੀ ਵਾਰ ਅਮ੍ਰਿਤਸਰ ਆ ਗਿਆ ਸੀ। ਅਮ੍ਰਿਤਸਰ ਉਹ ਮੇਰੇ ਦੋਸਤ ਸਵਰਗੀ ਕਹਾਣੀਕਾਰ ਜਗਜੀਤ ਸਿੰਘ ਆਹੂਜਾ ਦਾ ਮਹਿਮਾਨ ਬਣ ਕੇ ਆਇਆ ਸੀ।

ਡੇਵਡ ਦੀ ਮਾਂ ਨੇ ਆਪਣੇ ਪੁਤਰਾਂ ਡੇਵਡ ਗਾਜ਼ੀ ਅਤੇ ਵਿਲਸਨ ਲਈ ਕੁਝ ਕਪੜੇ, ਖਾਣ ਪੀਣ ਦਾ ਸਾਮਾਨ ਤੇ ਕੁਝ ਹੋਰ ਨਿਕ ਸੁਕ ਬੰਨ੍ਹ ਦਿਤਾ। ਪਰੋਗਰਾਮ ਇਹ ਬਣਿਆ ਕਿ ਕਸੂਰ ਬੁਲ੍ਹੇ ਸ਼ਾਹ ਦੇ ਮਜ਼ਾਰ ਤੇ ਹਾਜ਼ਰੀ ਲਵਾਈ ਜਾਵੇ, ਅਕੀਦਤ ਦੇ ਫੁੱਲ ਭੇਟਾ ਕਰ, ਮਥਾ ਟੇਕ ਕੇ ਰਾਤ ਨਵਾਜ਼ ਦੇ ਪਿੰਡ ਬੁਰਜ ਕਲਾਂ ਰਹਿ ਕੇ ਅਗਲੇ ਦਿਨ ਗੰਡਾ ਸਿੰਘ ਵਾਲਾ ਬਾਡਰ ਪਾਰ ਕਰ ਕੇ ਮੈਂ ਫਿਰੋਜ਼ਪੁਰ ਆਪਣੇ ਘਰ ਪਹੁੰਚ ਜਾਵਾਂ। ਮੈਂ ਆਪਣੇ ਆਉਣ ਦੀ ਇਤਲਾਹ ਆਪਣੇ ਘਰ ਵਾਲਿਆਂ ਨੂੰ ਚਿਠੀ ਲਿਖ ਕੇ ਭੇਜ ਦਿਤੀ ਸੀ। ਮੇਰੀ ਪਤਨੀ,ਮੇਰੀਆਂ ਛੋਟੀਆਂ ਬੱਚੀਆਂ ਅਤੇ ਮੇਰੇ ਸਾਲੇ ਹਰਚਰਨ ਸਿੰਘ ਨੇ ਮੈਨੂੰ ਹੁਸੈਨੀ ਵਾਲਾ ਬਾਰਡਰ ਤੇ ਲੈਣ ਆਉਣਾ ਸੀ। ਹੁਣ ਦਿਲ ਆਪਣੀਆਂ ਬੱਚੀਆਂ ਨੂੰ ਵੇਖਣ ਲਈ ਕਾਹਲਾ ਪੈ ਰਿਹਾ ਸੀ। ਲਾਹੌਰ ਦੇ ਸਬੰਧਤ ਥਾਣੇ ਵਿਚ ਜਾ ਕੇ ਮੈਂ ਆਪਣੇ ਮੁੜਨ ਦੀ ਇਤਲਾਹ ਮੁਨਸ਼ੀ ਨੂੰ ਲਿਖਵਾਈ ਅਤੇ ਫਿਰ ਐਸ. ਐਸ. ਪੀ. ਦਫਤਰ ਲਾਹੌਰ ਤੋਂ ਵਾਪਣ ਭਾਰਤ ਮੁੜਨ ਦੇ ਕਾਗਜ਼ਾਤ ਲੈ ਕੇ ਬੱਸ ਪਕੜ ਮੈਂ ਤੇ ਨਵਾਜ਼ ਕਸੂਰ ਆ ਗਏ। ਮਹਾਨ ਸੂਫੀ ਸ਼ਾਇਰ ਬੁਲ੍ਹੇ ਸ਼ਾਹ ਦੇ ਮਜ਼ਾਰ ਤੇ ਜਾ ਕੇ ਦੋ ਰੁਪੈ ਮਥਾ ਟੇਕਿਆ। ਬੁਲ੍ਹੇ ਸ਼ਾਹ ਦੇ ਕਪੜੇ, ਸੇਲ੍ਹੀ ਟੋਪੀ, ਐਚਕਨ ਅਤੇ ਜੋੜਿਆਂ ਦੇ ਦਰਸ਼ਨ ਕੀਤੇ। ਕਵਾਲ ਬੜੇ ਵਜਦ ਵਿਚ ਆ ਕੇ ਸਈਦ ਹਜ਼ਰਤ ਬਾਬਾ ਬੁਲ੍ਹੇ ਸ਼ਾਹ ਦੀਆਂ ਕਾਫੀਆਂ ਗਾ ਰਹੇ ਸਨ। ਅਸਾਂ ਕੁਝ ਚਿਰ ਬੈਠ ਅਤੇ ਮੰਤਰ ਮੁਗਧ ਹੋ ਕੇ ਬੁਲ੍ਹੇ ਸ਼ਾਹ ਦੀਆਂ ਕੁਝ ਕਾਫੀਆਂ ਸੁਣੀਆਂ ਜਿਵੇਂ:-

ਹਾਜੀ ਲੋਕ ਮਕੇ ਨੂੰ ਜਾਂਦੇ ਤੇ ਅਸਾਂ ਜਾਣਾ ਤਖਤ ਹਜ਼ਾਰੇ
ਜਿਤ ਵੱਲ ਯਾਰ ਉਸੇ ਵੱਲ ਕਾਅਬਾ ਭਾਵੇਂ ਵੇਖ ਕਿਤਾਬਾਂ ਚਾਰੇ

ਅਤੇ ਬੁਲ੍ਹਿਆ ਮੈਂ ਜਾਣਾ ਮੈਂ ਕੌਣ ਤੋ ਇਲਾਵਾ

ਜਿਹੜਾ ਸਾਨੂੰ ਸਈਦ ਆਖੇ ਦੋਜ਼ਖ ਮਿਲਣ ਸਜ਼ਾਈਆਂ
ਜੋ ਕੋਈ ਸਾਨੂੰ ਰਾਈਂ ਆਖੇ ਬਹਿਸ਼ਤੀਂ ਪੀਂਘਾਂ ਪਾਈਆਂ
ਰਾਈਂ ਰਾਈਂ ਸਭਨੀਂ ਥਾਈਂ ਰੱਬ ਦੀਆਂ ਬੇ ਪਰਵਾਹੀਆਂ
ਸੋਹਣਿਆਂ ਪਰ੍ਹੇ ਹਟਾਇਆ ਤੇ ਕੋਝਿਆਂ ਲੈ ਗਲ ਲਾਈਆਂ

ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ
ਤੇਰੇ ਇਸ਼ਕ ਨੇ ਡੇਰਾ ਮੇਰੇ ਅੰਦਰ ਕੀਤਾ
ਭਰ ਕੇ ਜ਼ਹਿਰ ਪਿਆਲਾ ਮੈਂ ਤਾਂ ਆਪੇ ਪੀਤਾ
ਝੱਬ ਦੇ ਬਹੁੜੇਂ ਵੇ ਤਬੀਬਾ ਨਹੀਂ ਤਾਂ ਮੈਂ ਮਰ ਗਈਆਂ
ਤੇਰੇ ਇਸ਼ਕ ਨਚਾਇਆ ਕਰ ਥਈਆਂ ਥਈਆਂ

ਬੁਲ੍ਹੇ ਸ਼ਾਹ ਨਾਲ ਮੈਨੂੰ ਬੜੀ ਅਕੀਦਤ ਸੀ। ਉਸ ਨੇ ਆਪਣੀ ਵਧੇਰੇ ਕਵਿਤਾ ਬੜੇ ਸਾਦਾ, ਸਪਸ਼ਟ ਅਤੇ ਧੜੱਲੇਦਾਰ ਸ਼ਬਦਾਂ ਵਿਚ ਲਿਖੀ ਸੀ। ਭਾਵੇਂ ਮੈਨੂੰ ਸੁਲਤਾਨ ਬਾਹੂ, ਸ਼ਾਹ ਹੁਸੈਨ, ਅਤੇ ਸ਼ੇਖ ਫਰੀਦ ਵੀ ਬਹੁਤ ਪਸੰਦ ਸਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਸ਼ੇਖ ਫਰੀਦ ਸੂਫੀ ਕਵਿਤਾ ਦੀ ਸਵੇਰ, ਸ਼ਾਹ ਹੁਸੈਨ ਦੋਪਹਿਰ ਅਤੇ ਬੁਲ੍ਹੇ ਸ਼ਾਹ ਉਸਦੀ ਸ਼ਾਮ ਸੀ ਪਰ ਬੁਲ੍ਹੇ ਸ਼ਾਹ ਇਸਲਾਮਿਕ ਮਜ਼ਬੀ ਕੱਟੜਤਾ ਦੇ ਬਹੁਤ ਖਿਲਾਫ ਸੀ। ਉਸ ਦੇ ਵਿਚਾਰਾਂ ਦੇ ਹਾਮੀਆਂ ਦੀ ਕੋਈ ਕਮੀ ਨਹੀਂ ਸੀ। ਬੁਲ੍ਹੇ ਸ਼ਾਹ ਅਤੇ ਵਾਰਸ ਸ਼ਾਹ ਦੋਵੇਂ ਕਸੂਰ ਵਿਚ ਇਕਠੇ ਪੜ੍ਹੇ ਸਨ ਅਤੇ ਇਹਨਾਂ ਦਾ ਉਸਤਾਦ ਸ਼ਾਹ ਇਨਾਇਤ ਕਾਦਰੀ ਸੀ ਜੋ ਜ਼ਾਤ ਦਾ ਅਰਾਈਂ ਤੇ ਮਾਲੀ ਦਾ ਕੰਮ ਕਰਦਾ ਸੀ। ਬੁਲ੍ਹੇ ਸ਼ਾਹ ਉੱਚੀ ਜਾਤ ਦਾ ਮੁਸਲਮਾਨ ਸਈਦ ਸੀ ਪਰ ਉਹ ਉਚ ਨੀਚ ਨੂੰ ਨਹੀਂ ਮੰਨਦਾ ਸੀ। ਇਸੇ ਲਈ ਉਸ ਨੇ ਲਿਖਿਆ ਸੀ ਕਿ ਜਿਹੜਾ ਸਾਨੂੰ ਸਈਦ ਆਖੇ ਦੋਜ਼ਖ ਮਿਲਣ ਸਜ਼ਾਵਾਂ। 1680 ਵਿਚ ਜਨਮੇ ਬੁਲ੍ਹੇ ਦਾ ਜਨਮ ਤਾਂ ਪਿੰਡ ਉਚ ਬਹਾਵਲਪੁਰ ਦੇ ਇਲਾਕੇ ਦਾ ਸੀ ਪਰ ਇਲਮ ਦੀ ਖੋਜ ਵਿਚ ਉਹ ਲਾਹੌਰ ਹੁੰਦਾ ਹੋਇਆ ਕਸੂਰ ਆ ਗਿਆ ਤੇ ਅੰਤ ਤਕ ਏਥੇ ਹੀ ਰਿਹਾ। ਮਸ਼ਹੂਰ ਸਿੰਧੀ ਕਵੀ ਸ਼ਾਹ ਅਬਦੁਲ ਭਟਾਈ ਇਹਦਾ ਸਮਕਾਲੀ ਸੀ।






ਕਸੂਰ ਵਿਚ ਸੂਫੀ ਸ਼ਾਇਰ ਬਾਬਾ ਬੁਲ੍ਹੇ ਸ਼ਾਹ ਦਾ ਮਜ਼ਾਰ

ਜੀਅ ਕਰਦਾ ਸੀ ਕਿ ਸਾਰੀ ਰਾਤ ਬੁਲ੍ਹੇ ਸ਼ਾਹ ਦੇ ਮਜ਼ਾਰ ਤੇ ਗੁਜ਼ਾਰੀ ਜਾਵੇ ਪਰ ਸ਼ਾਮ ਤਕ ਨਵਾਜ਼ ਦੇ ਪਿੰਡ ਵੀ ਪਹੁੰਚਣਾ ਸੀ ਜਿਥੇ ਨਵਾਜ਼ ਦੇ ਘਰ ਵਾਲੇ ਉਡੀਕ ਰਹੇ ਸਨ। ਕਸੂਰ ਸ਼ਹਿਰ ਮੈਨੂੰ ਬਹੁਤ ਪਸੰਦ ਸੀ। ਇਸ ਦੇ ਕਈ ਕਾਰਨ ਸਨ ਜਿਵੇਂ ਇਕ ਤਾਂ ਜਦੋਂ ਵੀ ਬਚਪਨ ਵਿਚ ਇਥੋਂ ਗੱਡੀ ਵਿਚ ਲੰਘੀਦਾ ਸੀ ਤਾਂ ਮੇਥੀ ਵੇਣ ਵਾਲਿਆਂ ਦੀਆਂ ਆਵਾਜ਼ਾਂ ਤੇ ਮੇਥੀ ਦੀ ਖੁਸ਼ਬੋ ਮੈਨੂੰ ਬੜੀ ਚੰਗੀ ਲਗਦੀ ਸੀ। ਦੂਜਾ ਇਥੋਂ ਦੀਆਂ ਜੁਤੀਆਂ ਬਹੁਤ ਮਸ਼ਹੂਰ ਸਨ ਜਿਨ੍ਹਾਂ ਤੇ ਸੁਰਿੰਦਰ ਕੌਰ ਨੇ ਆਪਣਾ ਬੜਾ ਮਸ਼ਹੂਰ ਗੀਤ ਗਾਇਆ ਸੀ, "ਜੁੱਤੀ ਕਸੂਰੀ, ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ—ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ ਉਹਨੀਂ ਰਾਹੀਂ ਵੇ ਮੈਨੂੰ ਮੁੜਨਾ ਪਿਆ—"।
ਕੈਨੇਡਾ ਦਾ ਨਾਮਵਰ ਸ਼ੋਅ ਪਰੋਮੋਟਰ ਅਤੇ ਕਾਮਯਾਬ ਟੀ ਵੀ ਹੋਸਟ ਇਕਬਾਲ ਮਾਹਲ ਅਕਸਰ ਇਹ ਗੱਲ ਕਹਿੰਦਾ ਹੈ ਕਿ 90% ਲੋਕਾਂ ਨੂੰ ਇਸ ਗੀਤ ਦੇ ਸਹੀ ਅਰਥਾਂ ਦਾ ਪਤਾ ਨਹੀਂ ਹੈ। ਤੀਜਾ ਦਸਿਆ ਜਾਂਦਾ ਸੀ ਕਿ ਕਸੂਰ ਦੇ ਖੋਜੇ ਮੁਸਲਮਾਨਾਂ ਦੀਆਂ ਔਰਤਾਂ ਦੀ ਖੂਬਸੂਰਤੀ ਦੂਰ ਦੂਰ ਤਕ ਮਸ਼ਹੂਰ ਸੀ।

ਚੌਥੇ ਜਦੋਂ ਸਤੰਬਰ 1947 ਦੇ ਅੰਤ ਵਿਚ ਸੱਚਾ ਸੌਦਾ ਕੈਂਪ ਵਿਚੋਂ ਵਾਇਆ ਲਾਹੌਰ ਹਿੰਦੋਸਤਾਨ ਨੂੰ ਚੱਲੀ ਗੱਡੀ ਰੁਕ ਰੁਕ ਕੇ ਜਦ ਕਈ ਘੰਟਿਆਂ ਬਾਅਦ ਹਿੰਦੋਸਤਾਨ ਵਿਚੋਂ ਰੀਫ੍ਯੂਜੀਆਂ ਨੂੰ ਲੈਣ ਆਉਣ ਵਾਲੀ ਗਡੀ ਦੀ ਉਡੀਕ ਵਿਚ ਜਦ ਕਸੂਰ ਆ ਕੇ ਲੰਮਾ ਸਮਾਂ ਰੁਕੀ ਸੀ ਤਾਂ ਭੁਖ ਅਤੇ ਪਿਆਸ ਨਾਲ ਜਾਨ ਨਿਕਲ ਰਹੀ ਸੀ। ਰਾਹ ਵਿਚ ਕਿਤੇ ਪਾਣੀ ਜਾਂ ਖਾਣ ਪੀਣ ਦਾ ਕੋਈ ਇੰਤਜ਼ਾਮ ਨਹੀਂ ਸੀ। ਏਥੇ ਕਸੂਰ ਆ ਕੇ ਜਦੋਂ ਗਡੀ ਕਈ ਘੰਟੇ ਖੜ੍ਹੀ ਰਹੀ ਤਾਂ ਗਡੀ ਦੀ ਰਾਖੀ ਕਰ ਰਹੇ ਗੋਰਖਾ ਜਵਾਨਾਂ ਦੀ ਨਿਗਰਾਨੀ ਹੇਠ ਸਾਨੂੰ ਗਡੀ ਦੇ ਡਬਿਆਂ ਵਿਚੋਂ ਕੈਦੀਆਂ ਵਾਂਗ ਉਤਾਰ ਕੇ ਕਸੂਰ ਸਟੇਸ਼ਨ ਦੇ ਪਲੇਟਫਾਰਮ ਤੇ ਵਗਦੇ ਨਲਕੇ ਦੀ ਟੂਟੀ ਹੇਠਾਂ ਮੂੰਹ ਕਰ ਕੇ ਘੁਟ ਘੁਟ ਪਾਣੀ ਪੀਣ ਦੀ ਇਜਾਜ਼ਤ ਮਿਲੀ ਸੀ। ਪਿਆਸ ਨਾਲ ਨਿਕਲ ਰਹੀ

ਜਾਨ ਬਚਾਉਣ ਲਈ ਪੀਤਾ ਉਹ ਚੂਲੀ ਭਰ ਪਾਣੀ ਜ਼ਿੰਦਗੀ ਵਿਚ ਕਦੇ ਵੀ ਨਾ ਭੁੱਲ ਸਕਿਆ। ਸੰਨ 1947 ਵਿਚ ਇਕ ਵਾਰ ਜਾਨਾਂ ਬਚਾਉਣ ਲਈ ਓਸ ਵੇਲੇ ਕਸੂਰ ਵਿਚੋਂ ਹਿੰਦੋਸਤਾਨ ਨੂੰ ਲੰਘਦਿਆਂ ਪਾਕਿਸਤਾਨ ਨੂੰ ਅਲਵਿਦਾ ਕਹੀ ਸੀ ਅਤੇ 14 ਸਾਲਾਂ ਬਾਅਦ 1961 ਵਿਚ ਫਿਰ ਅੱਖਾਂ ਫਿਰ ਪਾਕਿਸਤਾਨ ਦੀ ਧਰਤੀ ਨੂੰ ਅਲਵਿਦਾ ਆਖ ਰਹੀਆਂ ਸਨ। ਸ਼ਾਮ ਤਕ ਅਸੀਂ ਨਵਾਜ਼ ਦੇ ਪਿੰਡ ਬੁਰਜ ਕਲਾਂ ਪਹੁੰਚ ਗਏ ਜਿਥੇ ਸਾਡੀ ਤੀਬਰਤਾ ਨਾਲ ਉਡੀਕ ਹੋ ਰਹੀ ਸੀ। ਅਜ ਵੀ ਓਸੇ ਤਰ੍ਹਾਂ ਹਾਂਡੀਆਂ ਚੜ੍ਹੀਆਂ ਹੋਈਆਂ ਸਨ, ਮੁਰਗਿਆਂ ਦੇ ਰਿਝਦੇ ਮਾਸ ਮਸਾਲੇ ਦੀਆਂ ਖੁਸ਼ਬੂਆਂ ਨੱਕ ਨੂੰ ਚੜ੍ਹ ਰਹੀਆਂ ਸਨ। ਜਿਸ ਤਰ੍ਹਾਂ ਪਾਕਿਸਤਾਨ ਵਿਚ ਆਮਦ ਵੇਲੇ ਆਓ ਭਗਤ ਹੋਈ ਸੀ,ਓਸੇ ਤਰ੍ਹਾਂ ਜਾਣ ਵੇਲੇ ਵੀ ਖਿਦਮਤ ਹੋ ਰਹੀ ਸੀ। ਪਿੰਡ ਦੇ ਮੋਚੀ ਨੇ ਮੇਰੇ ਤੇ ਮੇਰੀ ਬੇਗਮ ਲਈ ਸੁਨਹਿਰੀ ਤਿੱਲੇ ਵਾਲਾ ਖੂਬਸੂਰਤ ਖੁੱਸਾ ਤਿਆਰ ਕਰ ਕੇ ਲੈ ਆਂਦਾ ਸੀ। ਖੁਸੇ ਨੂੰ ਪਾ ਕੇ ਮੈਂ ਆਪਣੇ ਆਪ ਨੂੰ ਸਰਦਾਰ ਸਮਝ ਰਿਹਾ ਸਾਂ।

ਅਗਲੇ ਦਿਨ ਨਵਾਜ਼ ਦਾ ਪਰਵਾਰ ਮੈਨੂੰ ਟਰੈਕਟਰ ਤੇ ਗੰਡਾ ਸਿੰਘ ਵਾਲਾ ਬਾਰਡਰ ਤਕ ਛਡਣ ਆਇਆ ਜੋ ਉਹਨਾਂ ਦੇ ਪਿੰਡੋਂ ਬਹੁਤ ਨੇੜੇ ਸੀ। ਦੋਹਾਂ ਦੇਸ਼ਾਂ ਨੂੰ ਵੰਡਦੀ ਨੋਮੈਨ ਲੈਂਡ ਦੀ ਲਕੀਰ ਪਾਰ ਕਰ ਕੇ ਮੈਂ ਆਪਣੇ ਭਾਰਤ ਦੇ ਹੁਸੈਨੀਵਾਲਾ ਬਾਰਡਰ ਤੇ ਆ ਗਿਆ ਜਿਥੇ ਮੇਰਾ ਪਰਵਾਰ ਮੈਨੂੰ ਉਡੀਕ ਰਿਹਾ ਸੀ। ਨਵਾਜ਼ ਤੇ ਉਹਦੇ ਪਰਵਾਰ ਨੇ ਸਰਹੱਦ ਦੇ ਦੂਜੇ ਪਾਸਿਓਂ ਮੇਰੇ ਪਰਵਾਰ ਨੂੰ ਸਲਾਮ ਦੁਆ ਆਖੀ ਤੇ ਅਸੀਂ ਤਾਂਗੇ ਤੇ ਬੈਠ ਕੇ ਫਿਰੋਜ਼ਪੁਰ ਸ਼ਹਿਰ ਲਈ ਚੱਲ ਪਏ। ਖਬੇ ਹਥ ਸ਼ਹੀਦ ਭਗਤ ਸਿੰਘ ਦੀ ਸਮਾਧ ਨੂੰ ਮੈਂ ਦੂਰੋਂ ਸੜਕ ਤੋਂ ਹੀ ਸਿਰ ਨਿਵਾ ਦਿਤਾ।

ਕਿਹੋ ਜਿਹਾ ਸੀ ਜੀਵਨ?/ਬਲਬੀਰ ਮੋਮੀ
ਕਿਸ਼ਤ-47
ਪਾਕਿਸਤਾਨ ਦਾ ਸਫਰ ਲਿਖਣ ਤੇ ਸੀ. ਆਈ. ਡੀ. ਵੱਲੋਂ ਪਰੇਸ਼ਾਨੀ

ਫਿਰੋਜ਼ਪੁਰ ਦੇ ਦੋਸਤਾਂ, ਅਦਬੀ ਹਲਕਿਆਂ ਲਾਗੇ ਦੇ ਪਿੰਡਾਂ ਅਤੇ ਸਕੂਲ ਦੇ ਸਟਾਫ ਮੈਂਬਰਜ਼ ਵਿਚ ਮੇਰੀ ਪਾਕਿਸਤਾਨ ਦੀ ਯਾਤਰਾ ਅਤੇ ਕਿਸ ਤਰ੍ਹਾਂ ਲੱਗਾ ਪਾਕਿਸਤਾਨ ਬਾਰੇ ਗੱਲਾਂ ਪੁਛਣ, ਸੁਣਨ ਅਤੇ ਮੁਕਣ ਵਿਚ ਨਾ ਆਉਂਦੀਆਂ। ਫਿਰੋਜ਼ਪੁਰ ਅਤੇ ਬੇਟ ਦੇ ਇਲਾਕੇ ਦੇ ਬਹੁਤੇ ਲੋਕ ਵੰਡ ਪਿਛੋਂ ਪਾਕਿਸਤਾਨ ਵਾਲੇ ਆਪਣੇ ਪਿੰਡ ਛਡ ਕੇ ਏਧਰ ਆਣ ਵਸੇ ਸਨ। ਉਹਨਾਂ ਨੂੰ ਆਪਣੇ ਛਡੇ ਇਲਾਕੇ ਅਤੇ ਪਿੰਡਾਂ ਬਾਰੇ ਗੱਲਾਂ ਸੁਣ ਕੇ ਬੜੀ ਤਸਕੀਨ ਹਾਸਲ ਹੁੰਦੀ ਸੀ। ਹੁਣ ਉਹ ਇਲਾਕਾ ਕਿਸ ਤਰ੍ਹਾਂ ਦਾ ਸੀ, ਬਹੁਤ ਲੋਕ ਇਹ ਸਵਾਲ ਜ਼ਰੂਰ ਪੁਛਦੇ। ਇਕ ਦਿਨ ਫਿਰੋਜ਼ਪੁਰ ਛਾਉਣੀ ਤੋਂ ਉਰਦੂ ਦੇ ਹਫਤਾਵਾਰੀ ਅਖਬਾਰ "ਚਟਾਨ" ਦਾ ਐਡੀਟਰ ਐਚ. ਆਰ. ਧਮਿਾਨ ਕਹਿਣ ਲੱਗਾ ਕਿ ਤੁਸੀਂ ਪਾਕਿਸਤਾਨ ਦੀ ਯਾਤਰਾ ਬਾਰੇ ਪੰਜਾਬੀ ਵਿਚ ਲਿਖਣਾ ਸ਼ੁਰੂ ਕਰੋ, ਮੈਂ ਉਸ ਨੂੰ ਉਰਦੂ ਵਿਚ ਤਰਜਮਾ ਕਰ ਕੇ ਆਪਣੇ ਅਖਬਾਰ ਵਿਚ ਵਿਚ ਕਿਸ਼ਤਵਾਰ ਛਾਪਣਾ ਸ਼ੁਰੂ ਕਰ ਦਿਆਂਗਾ। ਮੈਂ ਲਿਖਣਾ ਸ਼ੁਰੂ ਕੀਤਾ ਤਾਂ ਚਟਾਨ ਅਖਬਾਰ ਵਿਚ ਪਾਠਕ ਮੇਰੀ ਯਾਤਰਾ ਬੜੇ ਉਤਸ਼ਾਹ ਨਾਲ ਪੜ੍ਹਨ ਲਗੇ। ਅਜੇ ਚਾਰ ਕਿਸ਼ਤਾਂ ਹੀ ਛਪੀਆਂ ਸਨ ਕਿ ਸੀ. ਆਈ. ਡੀ. ਵਾਲੇ ਮੇਰੇ ਪਿਛੇ ਪੈ ਗਏ ਜਿਸ ਦਾ ਮੈਨੂੰ ਖਵਾਬੋ ਖਿਆਲ ਹੀ ਨਹੀਂ ਸੀ। ਇਕ ਦਿਨ ਸੀ. ਆਈ. ਡੀ. ਦੇ ਦੋ ਅਫਸਰ ਕੁਝ ਚਿਠੀਆਂ ਜੋ ਮੈਨੂੰ ਪਾਕਿਸਤਾਨ ਵਿਚੋਂ ਆਈਆਂ ਸਨ, ਜਾਂ ਮੈਂ

ਪਾਕਿਸਤਾਨ ਦੇ ਆਪਣੇ ਦੋਸਤਾਂ ਨੂੰ ਲਿਖੀਆਂ ਸਨ ਲੈ ਕੇ ਸਵੇਰੇ ਸਵੇਰੇ ਮੇਰੇ ਘਰ ਆ ਗਏ। ਉਹ ਚਿਠੀਆਂ ਬਾਰੇ ਕਾਫੀ ਦੇਰ ਮੇਥੋਂ ਪੁਛ ਗਿਛ ਕਰਦੇ ਰਹੇ। ਸੁਮਨ ਮਛਾਨਵੀ ਜਿਸ ਨੇ ਦਸਤੀ ਲਾਹੌਰ ਤੋਂ ਨਿਕਲਦੇ ਪੰਜ ਦਰਿਆ ਵਿਚ ਛਪਣ ਲਈ ਕਹਾਣੀਆਂ ਘੱਲੀਆਂ ਸਨ, ਉਹਦੇ ਬਾਰੇ ਪੁਛਣ ਲੱਗੇ ਕਿ ਇਹ ਸੁਮਨ ਮਛਾਨਵੀ ਕੌਣ ਹੈ। ਮੈਂ ਦਸਿਆ ਕਿ ਉਹਦਾ ਪੂਰਾ ਨਾਂ ਜੈ ਦੇਵ ਸੁਮਨ ਹੈ ਅਤੇ ਪੰਜਾਬ ਪੁਲਸ ਦਾ ਮੰਨਿਆ ਹੋਇਆ ਈਮਾਨਦਾਰ ਸਬ ਇਨਸਪੈਕਟਰ ਹੈ ਅਤੇ ਐਸ. ਐਸ. ਪੀ. ਫਿਰੋਜ਼ਪੁਰ ਦਾ ਰੀਡਰ ਹੈ। ਸੁਮਨ ਮਛਾਨਵੀ ਨਾਂ ਹੇਠਾਂ ਕਹਾਣੀਆਂ ਲਿਖਦਾ ਹੈ। ਮੈਨੂੰ ਏਨੀ ਵਾਰਨਿੰਗ ਦੇ ਕੇ ਕਿ ਮੈਂ ਇਹ ਚਠੀਆਂ ਲਿਖਣ ਦਾ ਸਿਲਸਿਲਾ ਬੰਦ ਕਰਾਂ ਅਤੇ ਸੁਮਨ ਮਛਾਨਵੀ ਨੂੰ ਵੀ ਵੇਖ ਲਵਾਂਗੇ, ਕਹਿ ਕੇ ਚਲੇ ਗਏ।

ਇਸ ਪਿਛੋਂ ਮੇਰੇ ਵਖ ਵਖ ਦੋਸਤਾਂ ਨੇ ਦੱਸਣਾ ਸ਼ੁਰੂ ਕਰ ਦਿਤਾ ਕਿ ਖੁਫੀਆ ਪੁਲਸ ਵਾਲੇ ਤੁਹਾਡੇ ਬਾਰੇ ਸਾਥੋਂ ਪੁਛ ਗਿਛ ਕਰ ਰਹੇ ਸਨ ਅਤੇ ਸਾਦਾ ਕਪੜਿਆਂ ਵਿਚ ਮੇਰਾ ਪਿਛਾ ਕਰਦੇ ਸਨ। ਕੀ ਮੈਂ ਕੁਝ ਗਲਤ ਕਰ ਰਿਹਾ ਸਾਂ, ਇਹ ਸੋਚ ਕੇ ਮੈਨੂੰ ਡਰ ਜਿਹਾ ਲੱਗਣ ਲੱਗਾ ਕਿ ਇਕ ਦਿਨ ਫਿਰੋਜ਼ਪੁਰ ਦੇ ਸਿਟੀ ਇਨਸਪੈਟਰ ਸਾਹਿਬ ਨੇ ਮੈਨੂੰ ਆਪਣੇ ਘਰ ਬੁਲਾਇਆ ਤੇ ਬੜੇ ਪਿਆਰ ਨਾਲ ਆਖਿਆ ਕਿ ਤੁਸੀਂ ਇਕ ਪੁਲਸ ਅਫਸਰ ਦੇ ਦਾਮਾਦ ਹੋ ਜੋ ਮੇਰਾ ਦੋਸਤ ਹੈ। ਤੁਹਾਡੇ ਮਗਰ ਆਈ ਬੀ ਵਾਲੇ ਲਗੇ ਹੋਏ ਹਨ ਅਤੇ ਸਾਡੇ ਕੋਲ ਤੁਹਾਡੇ ਬਾਰੇ ਪੁਛ ਗਿਛ ਕਰਨ ਆਏ ਸਨ। ਆਈ ਬੀ ਦੇ ਜਿਸ ਪੁਲਸ ਇਨਸਪੈਕਟਰ ਸਵਰਨ ਸਿੰਘ ਦੀ ਤਫਤੀਸ਼ ਹੇਠਾਂ ਇਸ ਵੇਲੇ ਤੁਸੀਂ ਹੋ, ਉਹ ਤਾਂ ਤੁਹਾਨੂੰ ਗ੍ਰਿਫਤਾਰ ਕਰਨ ਨੂੰ ਫਿਰਦਾ ਸੀ ਪਰ ਜਦ ਅਸੀਂ ਦਸਿਆ ਕਿ ਇਹ ਤਾਂ ਸਾਡਾ ਆਪਣਾ ਮੁੰਡਾ ਹੈ ਤਾਂ ਹੁਣ ਓਸ ਨੇ ਤੁਹਾਨੂੰ ਨੈਸ਼ਨਲ ਹੋਟਲ ਫਿਰੋਜ਼ਪੁਰ ਛਾਉਣੀ ਵਿਚ ਵਿਚ ਮਿਲਣ ਲਈ ਬੁਲਾਇਆ ਹੈ। ਮੇਰੇ ਹਵਾਲੇ ਨਾਲ ਉਸ ਨੂੰ ਜਾ ਕੇ ਜਲਦੀ ਮਿਲ ਲਵੋ। ਜਦੋਂ ਮੈਂ ਗਿਆ ਤਾ ਮੈਂ ਵੇਖਿਆ ਕਿ ਅਧਖੜ੍ਹ ਉਮਰ ਦਾ ਮਸ਼ਾਲ ਵਰਗੀਆਂ ਅਖਾਂ ਪਤਲਾ ਲੰਮਾ ਬਗੈਰ ਵਰਦੀ ਵਾਲਾ ਅਫਸਰ ਮੇਰੇ ਨਾਲ ਬੜੇ ਰੁਅਬ ਵਿਚ ਗੱਲ ਕਰ ਰਿਹਾ ਸੀ। ਓਸ ਨੇ ਮੇਰੇ ਤੇ ਬੜੇ ਤਾਬੜ ਤੋੜ ਸਵਾਲ ਕੀਤੇ ਕਿ ਮੈਂ ਪਾਕਿਸਤਾਨ ਕਿਉਂ ਗਿਆ। ਮੈਂ ਜੋ ਆਰਟੀਕਲਜ਼ ਚਟਾਨ ਵਿਚ ਲਿਖੇ ਹਨ,ਉਹ ਕਿਉਂ ਲਿਖੇ ਹਨ? ਉਹਨਾਂ ਵਿਚ ਪਾਕਿਸਤਾਨ ਦੀ ਤਾਰੀਫ ਕਿਉਂ ਕੀਤੀ ਹੈ। ਪਾਕਿਸਤਾਨ ਸਾਡਾ ਮਿਤਰ ਦੇਸ਼ ਨਹੀਂ ਹੈ। ਮੈਂ ਅਗਲਾ ਆਰਟੀਕਲ ਪਾਕਿਸਤਾਨ ਦੇ ਉਲਟ ਲਿਖ ਕੇ ਅਗਲੀਆਂ ਕਿਸ਼ਤਾਂ ਲਿਖਣੀਆਂ ਤੁਰਤ ਬੰਦ ਕਰ ਦੇਵਾਂ ਨਹੀਂ ਤਾਂ ਉਹ ਮੈਨੂੰ ਸਣੇ ਚਟਾਨ ਦੇ ਐਡੀਟਰ ਐਚ ਆਰ ਧੀਮਾਨ ਨੂੰ ਗ੍ਰਿਫਤਾਰ ਕਰ ਲੈਣਗੇ।

ਮੈਂ ਇਨਸਪੈਕਟਰ ਸਾਹਬ ਨੂੰ ਜਵਾਬ ਦਿਤਾ ਕਿ ਮੈਂ ਜੋ ਪਾਕਿਸਤਾਨ ਵਿਚ ਵੇਖਿਆ, ਉਹ ਸੱਚੋ ਸੱਚ ਲਿਖਿਆ ਹੈ। ਕੀ ਇਕ ਲੇਖਕ ਸੱਚ ਨਹੀਂ ਲਿਖ ਸਕਦਾ। ਉਸ ਨੇ ਬੜੇ ਰੁਅਬ ਨਾਲ ਕਿਹਾ ਕਿ ਨਹੀਂ, ਪਾਕਿਸਤਾਨ ਨਾਲ ਸਾਡੇ ਸਬੰਧ ਠੀਕ ਨਹੀਂ ਹਨ। ਤੁਸੀਂ ਬਾਰਡਰ ਦੇ ਸ਼ਹਿਰ ਤੇ ਰਹਿੰਦੇ ਹੋ। ਸਰਕਾਰੇ ਦਰਬਾਰੇ ਤੁਹਾਡਾ ਰਸੂਖ ਹੈ। ਜੇ ਕੋਈ ਪਾਕਿਸਤਾਨ ਦੇ ਹੱਕ ਵਿਚ ਲਿਖਦਾ ਹੈ,ਉਹ ਸਾਡੇ ਲਈ ਇਤਰਾਜ਼ ਦੇ ਕਾਬਲ ਹੈ। ਅਸੀਂ ਉਸ ਦੀ ਹਰ ਹਰਕਤ ਤੇ ਨਿਗ੍ਹਾ ਰਖਾਂਗੇ। ਅਗਲੀ ਕਿਸ਼ਤ ਪਾਕਿਸਤਾਨ ਦੇ ਉਲਟ ਲਿਖ ਕੇ ਲਿਖਣਾ ਬੰਦ ਕਰ ਦਿਓ ਨਹੀਂ ਤਾਂ ਅਸੀਂ ਤੁਹਾਨੂੰ ਅਤੇ ਐਡੀਟਰ ਨੂੰ ਗ੍ਰਿਫਤਾਰ ਕਰ ਲਵਾਂਗੇ। ਏਨੇ ਨੂੰ ਸਜਿਓਂ ਖਬਿਓਂ ਦੋ ਹੋਰ ਬਗੈਰ ਵਰਦੀ ਵਾਲੇ ਮੁਲਾਜ਼ਮ ਆ ਕੇ ਖੜ੍ਹੇ ਹੋ ਗਏ। ਇਨਸਪੈਕਟਰ ਨੇ ਫਿਰ ਬੜੇ ਰੁਅਬ ਨਾਲ ਕਿਹਾ ਕਿ ਇਹਨਾਂ ਦੋ ਅਫਸਰਾਂ ਵਿਚੋਂ ਇਕ ਤੁਹਾਨੂੰ ਮਿਲਦਾ ਰਹੇਗਾ। ਹੁਣ ਤੁਸੀਂ ਜਾ ਸਕਦੇ ਹੋ ਅਤੇ ਅਗਲੀ ਗੱਲ ਇਹ ਕਰਨਗੇ। ਕੁਝ ਦਿਨਾਂ ਬਾਅਦ ਮੈਂ ਸਾਰੀ ਗੱਲ ਜਸਵੰਤ ਸਿੰਘ ਕੰਵਲ ਨੂੰ ਦੱਸੀ। ਉਹਨੇ ਬੜਾ ਹੌਸਲਾ ਦਿਤਾ ਕਿ ਪੁਲਸੀਆਂ ਤੋਂ ਡਰਨ ਦੀ ਕੋਈ ਗੱਲ ਨਹੀਂ ਹੈ। ਇਹਨਾਂ ਨੂੰ ਕਹੋ ਕਿ ਮੈਨੂੰ ਫੜ ਕੇ ਵਿਖਾਓ, ਅਸੀਂ ਰੌਲਾ ਪਾਵਾਂਗੇ। ਭਾਵੇਂ ਕੰਵਲ ਦੀ ਗੱਲ ਹੌਸਲਾ ਦੇਣ ਵਾਲੀ ਸੀ ਪਰ ਮੈਂ ਤਾਂ ਇਕ ਸਰਕਾਰੀ ਨੌਕਰੀ ਵਿਚ ਸਾਂ। ਨੌਕਰੀ ਤੋਂ ਕਢਿਆ ਜਾ ਸਕਦਾ ਸਾਂ ਤੇ ਬਾਲ ਬੱਚਾ ਕਿਵੇਂ ਪਾਲੂੰਗਾ। ਅਜੇ ਤਾਂ ਪਾਕਿਸਤਾਨ ਬਨਣ ਦੇ 14 ਸਾਲ ਬੀਤ ਜਾਣ ਪਿਛੋਂ ਵੀ ਹਿੰਦੋਸਤਾਨ ਵਿਚ ਕਿਸੇ ਥਾਂ ਪੈਰ ਨਹੀਂ ਸੀ ਲਗੇ। ਉਜੜਨ ਪਿਛੋਂ ਦਰ ਬਦਰ ਭਟਕਦੇ ਹੋਇਆਂ ਜ਼ਮੀਨ ਅਲਾਟਮੈਂਟ ਹੋਣ ਦੇ ਸਿਲਸਿਲੇ ਵਿਚ ਜ਼ਿਲਾ ਹਿਸਾਰ ਵਿਚ ਜਿਥੇ ਤੀਜੀ ਥਾਂ ਜਾ ਕੇ ਬੈਠੇ ਸਾਂ, ਓਥੇ ਵੀ ਘੱਗਰ ਵਿਚ ਪਾਣੀ ਆ ਜਾਣ ਕਰ ਕੇ ਅਤੇ ਮਾੜੀ ਜ਼ਮੀਨ ਪੈਣ ਕਰ ਕੇ ਰੋਟੀ ਤੋਂ ਆਤਰ ਸਾਂ। ਦਰਅਸਲ ਮੈਂ ਵਿਚੋਂ ਡਰ ਗਿਆ ਸਾਂ। ਲਿਖਣਾ ਜਿਸ ਵਿਚੋਂ ਇਕ ਨਿੱਕਾ ਪੈਸਾ ਵੀ ਆਮਦਨ ਨਹੀਂ ਸੀ, ਜ਼ਰੂਰੀ ਸੀ। ਨੌਕਰੀ ਜਿਸ ਵਿਚ ਭਾਵੇਂ ਤਨਖਾਹ ਘੱਟ ਸੀ ਪਰ ਗੁਜ਼ਾਰਾ ਹੋਈ ਜਾਂਦਾ ਸੀ, ਕਿਤੇ ਜ਼ਿਆਦਾ ਜ਼ਰੂਰੀ ਸੀ। ਤਨਖਾਹਾਂ ਤਾਂ ਉਹਨਾਂ ਸਮਿਆਂ ਵਿਚ ਸਭ ਦੀਆਂ ਹੀ ਥੋੜ੍ਹੀਆਂ ਥੋੜ੍ਹੀਆਂ ਹੁੰਦੀਆਂ ਸਨ ਅਤੇ ਰਿਸ਼ਵਤ ਖੋਰੀ ਵੀ ਬਹੁਤ ਘੱਟ ਸੀ। ਮੈਂ ਇਸ ਸਥਿਤੀ ਬਾਰੇ ਕੁਲਵੰਤ ਸਿੰਘ ਵਿਰਕ ਨਾਲ ਜਲੰਧਰ ਜਾ ਕੇ ਗੱਲ ਕੀਤੀ। ਉਹ ਕਹਿਣ ਲੱਗਾ ਕਿ ਇਹਨਾਂ ਆਈ ਬੀ ਵਾਲਿਆਂ ਤੋਂ ਡਰਨਾ ਵੀ ਚਾਹੀਦਾ ਹੈ ਅਤੇ ਪਰਵਾਹ ਵੀ ਨਹੀਂ ਕਰਨੀ ਚਾਹੀਦੀ। ਮੈਂ ਭਾਰਤ ਸਰਕਾਰ ਦਾ ਇਕ ਅਫਸਰ ਹਾਂ ਪਰ ਮੇਰੀ ਇਕ ਛਪੀ ਕਹਾਣੀ ਨੂੰ ਲੈ ਕੇ ਪਤਾ ਨਹੀਂ ਕਿਉਂ ਖੁਫੀਆ ਪੁਲਸ ਦੇ ਬੰਦੇ ਸਾਦਾ ਕਪੜਿਆਂ ਵਿਚ ਮੇਰਾ ਪਿਛਾ ਕਰਦੇ ਹਨ। ਮੇਰੀ ਕੋਠੀ ਦੇ ਆਲੇ ਦਵਾਲੇ ਘੁੰਮਦੇ ਰਹਿੰਦੇ ਹਨ। ਮੈਂ ਆਪਣੀ ਬੀਵੀ ਨਾਲ ਸੈਰ ਕਰਨ ਵੀ ਨਹੀਂ ਜਾ ਸਕਦਾ। ਚੰਗੀ ਗੱਲ ਆ ਤੂੰ ਹਾਲ ਦੀ ਘੜੀ ਪਾਕਿਸਤਾਨ ਬਾਰੇ ਕੁਝ ਲਿਖਣਾ ਬੰਦ ਕਰ ਦੇ। ਤੂੰ ਪਾਕਿਸਤਾਨ ਬਾਰੇ ਲਿਖ ਕੇ ਕੀ ਲੈਣਾ। ਕਰਤਾਰ ਸਿੰਘ ਦੁੱਗਲ ਦਿਲੀ ਰੇਡੀਓ ਸਟੇਸ਼ਨ ਵਿਚ ਹਿੰਦੋਸਤਾਨ ਦਾ ਐਡਾ ਵਡਾ ਅਫਸਰ ਆ,ਸੀ. ਆਈ. ਡੀ. ਵਾਲੇ ਉਹਨੂੰ ਵੀ ਬੜਾ ਪਰੇਸ਼ਾਨ ਕਰਦੇ ਹਨ ਕਿਉਂਕਿ ਉਹਦੀ ਘਰਵਾਲੀ ਇਕ ਪੜ੍ਹੀ ਲਿਖੀ ਮੁਸਲਿਮ ਔਰਤ ਹੈ ਜਿਸ ਦੇ ਰਿਸ਼ਤੇਦਾਰ ਪਾਕਿਸਤਾਨ ਵਿਚ ਰਹਿੰਦੇ ਹਨ।

ਚਟਾਨ ਦਾ ਐਡੀਟਰ ਧੀਮਾਨ ਵੀ ਕਹਿਣ ਲੱਗਾ ਕਿ ਮੇਰੇ ਕੋਲ ਵੀ ਸੀ. ਆਈ. ਡੀ. ਵਾਲੇ ਆਏ ਸਨ ਅਤੇ ਧਮਕੀਆਂ ਦੇ ਗਏ ਹਨ ਅਤੇ ਕੋਲੋਂ ਕੁਝ ਛਪਣ ਲਈ ਲਿਖ ਕੇ ਦੇ ਗਏ ਹਨ। ਚਟਾਨ ਦੇ ਅਗਲੇ ਅੰਕ ਵਿਚ ਜੋ ਆਖਰੀ ਕਿਸ਼ਤ ਛਪੀ ਹੋਈ ਸੀ, ਉਸ ਵਿਚੋਂ ਪਾਕਿਸਤਾਨ ਦੀ ਤਾਅਰੀਫ ਵਾਲੀ ਭਾਵਨਾ ਗਾਇਬ ਸੀ। ਇਹ ਠੀਕ ਸੀ ਕਿ ਪਾਕਿਸਤਾਨ ਨਾਲ ਭਾਰਤ ਦੇ ਸਬੰਧ ਦੋਸਤਾਨਾ ਨਹੀਂ ਸਨ ਕਿਉਂਕਿ ਹਿੰਦੋਸਤਾਨ ਦੇ ਟੁਕੜੇ ਕਰ ਕੇ ਪਾਕਿਸਤਾਨ ਬਣਿਆ ਸੀ ਅਤੇ ਕਰੋੜਾਂ ਲੋਕਾਂ ਦਾ ਉਜਾੜਾ ਹੋਇਆ ਸੀ, ਲਖਾਂ ਮਾਰੇ ਗਏ ਸਨ ਪਰ ਜੋ ਹੋਣਾ ਸੀ, ਉਹ ਤਾਂ ਹੋ ਗਿਆ ਸੀ। ਹੁਣ ਤਾਂ ਦੋਹਾਂ ਮੁਲਕਾਂ ਨੂੰ ਇਕ ਦੂਜੇ ਦੀ ਅਸਲੀਅਤ ਅਤੇ ਹੋਂਦ ਨੂੰ ਸਵੀਕਾਰਦਿਆਂ ਸਬੰਧ ਸੁਧਾਰਨ ਵਿਚ ਹੀ ਲਾਭ ਸੀ। ਓਦੋਂ ਤਕ ਤਾਂ ਚੀਨ ਨਾਲ ਵੀ ਲੜਾਈ ਨਹੀਂ ਸੀ ਲੱਗੀ 1965 ਅਤੇ 1971 ਦੀਆਂ ਲੜਾਈਆਂ ਹੋਰ ਪਿਛੋਂ ਦੀਆਂ ਗੱਲਾਂ ਸਨ। ਮੈਂ ਕਾਫੀ ਦੇਰ ਡਰਦਾ ਰਿਹਾ ਅਤੇ ਬੜਾ ਫੂਕ ਫੂਕ ਕੇ ਕਦਮ ਰਖਦਾ ਰਿਹਾ ਕਿ ਕਿਸੇ ਚੱਕਰ ਵਿਚ ਨਾ ਫਸ ਜਾਵਾਂ। ਪਾਕਿਸਤਾਨ ਨਾਲ ਖਤੋ ਕਿਤਾਬਤ ਵੀ ਘਟਾ ਦਿਤੀ। ਛਾਉਣੀ ਵਡੇ ਅਫਸਰ ਦਾ ਜੂਨੀਅਰ ਅਫਸਰ ਇਕ ਦਿਨ ਮਿਲਣ ਆ ਗਿਆ ਤੇ ਅਸੀਂ ਸ਼ੰਕਰ ਦਾਸ ਦੇ ਹੋਟਲ ਵਿਚ ਚਾਹ ਪੀਣ ਚਲੇ ਗਏ। ਉਹਦਾ ਨਾਂ ਹੁਕਮ ਸਿੰਘ ਸੀ ਉਹ ਬਸਤੀ ਕੰਬੋਆਂ ਵਾਲੀ ਰਹਿੰਦਾ ਸੀ। ਪੰਜਾਬ ਪੁਲਸ ਵਿਚ ਥਾਣੇਦਾਰ ਸੀ ਅਤੇ ਡੈਪੂਟੇਸ਼ਨ ਤੇ ਆਈ ਬੀ ਵਿਚ ਗਿਆ ਹੋਇਆ ਸੀ। ਉਸ ਨਾਲ ਕਈ ਵਾਕਫੀਅਤਾਂ ਨਿਕਲ ਆਈਆਂ। ਉਹ ਮੇਰੇ ਦੋਸਤ ਪ੍ਰੀਤਮ ਸਿੰਘ ਐਨ. ਡੀ. ਐਸ. ਜੋ ਬਸਤੀ ਕੰਬੋਆਂ ਵਾਲੀ ਰਹਿੰਦਾ ਸੀ, ਦਾ ਗਵਾਂਢੀ ਸੀ। ਉਸ ਦਸਿਆ ਕਿ ਹੁਣ ਡਰਨ ਵਾਲੀ ਕੋਈ ਲੋੜ ਨਹੀਂ ਸੀ। ਅਸੀਂ ਬੰਦੇ ਦਾ ਪਿਛਾ ਤਾਂ ਕਰਦੇ ਹਾਂ ਕਿ ਕਿਤੇ ਇਹ ਗਵਾਂਢੀ ਮੁਲਕ ਲਈ ਕੋਈ ਕੰਮ ਤਾਂ ਨਹੀਂ ਕਰਦਾ ਕਿਉਂਕਿ ਇਹ ਸਾਡੀ ਡਿਊਟੀ ਹੈ। ਹਿੰਦੋਸਤਾਨ ਵਿਚ ਰਹਿ ਕੇ ਬੇਸ਼ਕ ਮੁਲਕ ਦੇ ਪਰਧਾਨ ਮੰਤਰੀ ਦੇ ਖਿਲਾਫ ਲਿਖੀ ਜਾਓ ਪਰ ਦੁਸ਼ਮਨ ਦੇਸ਼ ਦੇ ਹਕ ਵਿਚ ਨਾ ਲਿਖੋ। ਉਹਨਾਂ ਦੇ ਹਕ ਵਿਚ ਲਿਖੇ ਆਰਟੀਕਲ ਜਦ ਓਧਰ ਪੜ੍ਹੇ ਜਾਂਦੇ ਹਨ ਤਾਂ ਉਹ ਵੀ ਆਪਣੇ ਬੰਦੇ ਮਗਰ ਲਾ ਦੇਂਦੇ ਹਨ ਕਿ ਇਹ ਬੰਦਾ ਸਾਡੇ ਹੱਕ ਦਾ ਹੈ। ਉਸ ਦੀਆਂ ਗੱਲਾਂ ਸੁਣ ਕੇ ਮੈਂ ਸਾਰੀ ਗੱਲ ਨੂੰ ਸਮਝ ਗਿਆ। ਉਸ ਕਿਹਾ ਕਿ ਬੇਸ਼ਕ ਪਾਕਿਸਤਾਨ ਵਿਚ ਆਪਣੇ ਦੋਸਤਾਂ ਨੂੰ ਚਿਠੀਆਂ ਪੱਤਰ ਲਿਖੋ ਪਰ ਚਿਠੀਆਂ ਸਾਧਾਰਨ ਹੋਣੀਆਂ ਚਾਹੀਦੀਆਂ ਹਨ। ਬੇਸ਼ਕ ਪਾਕਿਸਤਾਨ ਰੱਜ ਰੱਜ ਜਾਓ ਵੀ ਪਰ ਕਿਸੇ ਵਿਵਾਦ ਵਾਲੀ ਗੱਲ ਦੇ ਹਿਸੇਦਾਰ ਨਾ ਬਣੋ। ਹੁਕਮ ਸਿੰਘ ਦੀਆਂ ਗੱਲਾਂ ਠੀਕ ਸਨ ਅਤੇ ਦਿਲ ਨੂੰ ਲੱਗੀਆਂ ਸਨ। ਭਾਵੇਂ ਉਹ ਪੁਲਸ ਅਫਸਰ ਸੀ ਪਰ ਉਸ ਵਿਚ ਪੁਲਸੀਆਂ ਵਾਲੀ ਬਿਲਕੁਲ ਈ ਕੋਈ ਗੱਲ ਨਹੀਂ ਸੀ। ਉਸ ਨੂੰ ਸਮਾਜਿਕ ਕੰਮਾਂ ਵਿਚ ਬੜੀ ਦਿਲਚਸਪੀ ਸੀ। ਅਸੀਂ ਬਸਤੀ ਕੰਬੋਆਂ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਸ਼ਹੀਦੀ ਦਿਵਸ ਤੇ ਇਕ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਅਤੇ ਬਲਰਾਜ ਸਾਹਨੀ ਨੂੰ ਵੀ ਸੱਦਿਆ ਪਰ ਉਹ ਤਾ ਸਕਿਆ ਪਰ ਉਸ ਨੇ ਸਮਾਰੋਹ ਬਾਰੇ ਗੁਰਮਖੀ ਅਖਰਾਂ ਵਿਚ ਲਿਖ ਕੇ ਬਹੁਤ ਅਰਥ ਭਰਪੂਰ ਪੱਤਰ ਭੇਜਿਆ ਜੋ ਅਸਾਂ ਇਜਲਾਸ ਵਿਚ ਲੋਕਾਂ ਨੂੰ ਪੜ੍ਹ ਕੇ ਸੁਣਾਇਆ। ਕੁਝ ਚਿਰ ਬਾਅਦ ਹਕੁਮ ਸਿੰਘ ਦੀ ਸੀ ਆਈ ਡੀ ਵਿਚੋਂ ਡੈਪੂਟੇਸ਼ਨ ਖਤਮ ਹੋਣ ਤੇ ਪੰਜਾਬ ਪੁਲਸ ਵਿਚ ਵਾਪਸੀ ਹੋ ਗਈ ਤੇ ਉਹ ਫਿਰੋਜ਼ਪੁਰ ਤੋਂ ਬਦਲ ਕੇ ਕਿਸੇ ਹੋਰ ਜ਼ਿਲੇ ਵਿਚ ਚਲਾ ਗਿਆ।

ਨਵਾਜ਼ ਦੇ ਬਾਰ ਬਾਰ ਲਿਖਣ ਤੇ 1962 ਦੀਆਂ ਗਰਮੀਆਂ ਵਿਚ ਅਗਸਤ ਦੇ ਮਹੀਨੇ ਮੈਂ ਫਿਰ ਪਾਕਿਸਤਾਨ ਦਾ ਇਕ ਚੱਕਰ ਫਿਰ ਲਾਇਆ। ਇਸ ਵਾਰ ਆਪਣੀ ਪਤਨੀ ਦਾ ਪਾਸਪੋਰਟ ਬਣਵਾ ਅਤੇ ਤਿੰਨ ਬੱਚੀਆਂ ਦੇ ਨਾਂ ਮਾਂ ਦੇ ਪਾਸਪੋਰਟ ਵਿਚ ਲਿਖਵਾ ਉਸਦਾ ਵੀ ਦਿੱਲੀ ਜਾ ਕੇ ਪਾਕਿਸਤਾਨ ਦੀ ਐਮਬੈਸੀ ਵਿਚੋਂ ਤਿੰਨ ਮਹੀਨਿਆਂ ਦਾ ਵੀਜ਼ਾ ਲਵਾਇਆ। ਉਸ ਨੂੰ ਲਾਹੌਰ ਵਿਚ ਆਪਣਾ ਘਰ ਵੇਖਣ ਦਾ ਬੜਾ ਚਾਅ ਸੀ ਜਿਥੇ ਉਹਦਾ ਜਨਮ ਹੋਇਆ ਸੀ ਪਰ ਐਨ ਲਾਗੇ ਜਾ ਕੇ ਉਸਦਾ ਜਾਣ ਦਾ ਪਰੋਗਰਾਮ ਨਾ ਬਣ ਸਕਿਆ। ਕਸੂਰ ਦੇ ਇਕ ਵਕੀਲ ਦੀ ਲੜਕੀ ਜਿਸਦਾ ਭਰਾ ਕਸੂਰ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਸੀ, ਫਿਰੋਜ਼ਪੁਰ ਲਾਗੇ ਆਪਣੇ ਇਕ ਪਿੰਡ ਵਿਚ ਆਪਣੇ ਵਡੇਰਿਆਂ ਦੀਆਂ ਕਬਰਾਂ ਵੇਖਣ ਤੇ ਉਹਨਾਂ ਦੀ ਮੁਰਮਤ ਕਰਵਾਉਣ ਆਈ ਸੀ। ਉਹ ਰਾਜਾ ਜੰਗ ਤੋਂ ਉਜੜ ਕੇ ਆਏ ਮੇਰੇ ਕਲਾਸ ਫੈਲੋ ਮਹਿਲ ਸਿੰਘ ਦੇ ਘਰ ਠਹਿਰੀ ਸੀ। ਮੈਂ ਤੇ ਮਹਿਲ ਸਿੰਘ ਨੇ ਉਹਦੇ ਨਾਲ ਜਾ ਕੇ ਉਹਦੇ ਵਡੇਰਿਆਂ ਦੀਆਂ ਕਬਰਾਂ ਦੀ ਮੁਰਮਤ ਕਰਵਾਉਣ ਵਿਚ ਕਾਫੀ ਮਦਦ ਕੀਤੀ। ਉਹ ਕਹਿਣ ਲੱਗੀ ਕਿ ਇਸ ਵਾਰ ਤੁਸੀਂ ਪਾਕਿਸਤਾਨ ਆਏ ਤਾਂ ਆਂਦੇ ਜਾਂਦੇ ਕਸੂਰ ਸਾਡੇ ਘਰ ਠਹਿਰਣਾ। ਬੁਲ੍ਹੇ ਸ਼ਾਹ ਦੇ ਮਜ਼ਾਰ ਦੇ ਬਿਲਕੁਲ ਸਾਹਮਣੇ ਸਾਡਾ ਘਰ ਹੈ। ਮੈਨੂੰ ਬੁਲ੍ਹੇ ਸ਼ਾਹ ਨਾਲ ਬੜੀ ਅਕੀਦਤ ਸੀ। ਇਸ ਲਈ ਮੈਂ ਪਾਕਿਸਤਾਨ ਦੀ ਇਸ ਫੇਰੀ ਤੇ ਆਂਦੇ ਜਾਂਦੇ ਉਹਨਾਂ ਦੇ ਘਰ ਠਹਿਰਿਆ ਪਰ ਰਾਤਾਂ ਬੁਲ੍ਹੇ ਸ਼ਾਹ ਦੇ ਮਜ਼ਾਰ ਤੇ ਗੁਜ਼ਾਰੀਆਂ ਅਤੇ ਦਿਲ ਭਰ ਕੇ ਬੁਲ੍ਹੇ ਸ਼ਾਹ ਦੀਆਂ ਕਵਾਲੀਆਂ ਸੁਣੀਆਂ। ਮੈਂ ਇਸ ਵਾਰ ਲਾਇਲਪੁਰ ਚੌਧਰੀ ਸਈਦ ਅਹਿਮਦ ਢਿਲੋਂ ਦੇ ਘਰ ਵੀ ਜਾ ਆਇਆ ਪਰ ਉਹ ਲਾਇਲਪੁਰ ਨਾ ਮਿਲਿਆ। ਬੀ. ਕਾਮ. ਵਿਚ ਕਮਪਾਰਟਮੈਂਟ ਆਉਣ ਕਾਰਨ ਉਹ ਲਾਇਲਪੁਰ ਆਪਣੇ ਘਰ ਹੋਣ ਦੀ ਬਜਾਏ ਹੈਲੇ ਕਾਲਜ ਆਫ ਕਮਰਸ ਲਾਹੌਰ ਦੇ ਹੋਸਟਲ ਵਿਚ ਕਮਪਾਟਮੈਂਟ ਦੀ ਤਿਆਰੀ ਕਰ ਰਿਹਾ ਸੀ। ਧੋਬੀ ਗੇਟ ਲਾਇਲਪੁਰ ਵਿਚ ਚੌਧਰੀ ਸਈਦ ਅਹਿਮਦ ਢਿਲੋਂ ਦੇ ਘਰ ਦੇ ਸਾਹਮਣੇ ਉਰਦੂ ਦੀ ਮਸ਼ਹੂਰ ਅਫਸਾਨਾ ਨਵੀਸ ਮਿਸ ਇਜਾਜ਼ ਨਸਰੀਨ ਰਹਿੰਦੀ ਸੀ ਜਿਸ ਦੇ ਅਨੇਕਾਂ ਅਫਸਾਨੇ ਮੈਂ ਬੀਸਵੀਂ ਸਦੀ ਵਿਚ ਪੜ੍ਹੇ ਸਨ। ਜਦ ਮੈਂ ਉਸ ਦੇ ਘਰ ਬਤੌਰ ਇਕ ਪੰਜਾਬੀ ਅਫਸਾਨਾ ਲੇਖਕ ਮਿਲਣ ਲਈ ਪੈਗਾਮ ਭੇਜਿਆ ਤਾਂ ਉਸ ਬੜੀ ਖੁਸ਼ੀ ਨਾਲ ਕਬੂਲ ਕੀਤਾ ਅਤੇ ਦੋਪਹਿਰ ਦੇ ਖਾਣੇ ਦੀ ਦਾਅਵਤ ਦਿਤੀ। ਇਸ ਖਾਣੇ ਵਿਚ ਲੋੜੋਂ ਵਧ ਉਚੇਚ ਕੀਤੀ ਹੋਈ ਸੀ ਅਤੇ ਉਸਦੇ ਪਿਤਾ

ਜੀ ਜੋ ਲਾਇਲਪੁਰ ਤੋਂ ਉਰਦੂ ਦਾ ਅਖਬਾਰ ਕਢਦੇ ਸਨ ਪਰ ਦੂਜੀ ਬੇਗਮ ਨਾਲ ਅਲੱਗ ਰਹਿੰਦੇ ਸਨ, ਵੀ ਤਸ਼ਰੀਫ ਲਿਆਏ। ਪਾਕਿਸਤਾਨੀ ਅਤੇ ਹਿੰਦੋਸਤਾਨੀ ਅਫਸਾਨਾ ਨਵੀਸਾਂ ਬਾਰੇ ਅਸਾਂ ਬਹੁਤ ਖੁਲ੍ਹ ਕੇ ਗੱਲਾਂ ਕੀਤੀਆਂ। ਹਿੰਦੋਸਤਾਨ ਦੇ ਉਰਦੂ ਦੇ ਇਕ ਨਾਮਵਰ ਸ਼ਾਇਰ (ਸ਼ਾਇਦ ਜਗਨ ਨਾਥ ਆਜ਼ਾਦ) ਜੋ ਅਕਸਰ ਮੁਸ਼ਾਇਰੇ ਪੜ੍ਹਨ ਲਈ ਪਾਕਿਸਤਾਨ ਔਂਦੇ ਰਹਿੰਦੇ ਸਨ, ਇਜਾਜ਼ ਨਸਰੀਨ ਨੂੰ ਜ਼ਰੂਰ ਮਿਲਦੇ ਸਨ। ਇਜਾਜ਼ ਨਸਰੀਨ ਦੇ ਇਕ ਉਰਦੂ ਅਫਸਾਨੇ "ਸ਼ਾਮ ਕਾ ਸੂਰਜ" ਜੋ ਹਿੰਦੋਸਤਾਨ ਦੇ ਮਸ਼ਹੂਰ ਪਰਚੇ ਬੀਸਵੀਂ ਸਦੀ ਵਿਚ ਛਪਿਆ ਸੀ, ਦਾ ਬੜਾ ਚਰਚਾ ਰਿਹਾ ਸੀ। ਸਈਦ ਅਹਿਮਦ ਢਿਲੋਂ ਦੇ ਬਾਪ ਨੇ ਜਿਸ ਦੀ ਲਾਇਪੁਰ ਵਿਚ ਕਪੜੇ ਦੀ ਦੁਕਾਨ ਸੀ,ਮੇਰੀ ਸੇਵਾ ਪਾਣੀ ਲਈ ਆਪਣੇ ਪਿੰਡੋਂ ਇਕ ਨੌਜਵਾਨ ਮੌਲਵੀ ਨੂੰ ਬੁਲਾਇਆ ਹੋਇਆ ਸੀ। ਇਹ ਨੌਜਵਾਨ ਮੌਲਵੀ ਮੁੰਡਾ ਜੋ ਮਸਾਂ ਮੇਰੀ ਉਮਰ ਦਾ ਈ ਸੀ, ਮੈਨੂੰ ਲਾਇਲਪੁਰ ਦੇ ਪਬਲਕ ਵਾਸ਼ਰੂਮਜ਼ ਵਿਚ ਨਹਾਉਣ ਆਦਿ ਲਈ ਲੈ ਜਾਂਦਾ ਕਿਉਂਕਿ ਮੁਸਲਿਮ ਘਰਾਂ ਵਿਚ ਪਰਦਾ ਹੋਣ ਕਰ ਕੇ ਮਹਿਮਾਨ ਬਾਹਰ ਦੀ ਬੈਠਕ ਤਕ ਹੀ ਮਹਿਦੂਦ ਹੁੰਦੇ ਸਨ। ਇਹ ਨੌਜਵਾਨ ਮੌਲਵੀ ਪਿੰਡੋਂ ਮੇਰੇ ਲਈ ਘਰ ਦੀ ਕਢੀ ਸ਼ਰਾਬ ਦੀ ਬੋਤਲ ਲੈ ਕੇ ਆਇਆ ਸੀ ਅਤੇ ਬਾਰ ਬਾਰ ਪਬਲਕ ਵਾਸ਼ਰੂਮਜ਼ ਲਾਗੇ ਇਸਰਾਰ ਕਰਦਾ ਰਿਹਾ ਕਿ ਮੈਂ ਵੀ ਪੀਆਂਗਾ ਤੇ ਤੁਸੀਂ ਵੀ ਪੀਓ। ਪਰ ਮੈਂ ਕਿਹਾ ਕਿ ਜਿਥੇ ਠਹਿਰੇ ਹਾਂ, ਮਾਹੌਲ ਪੀਣ ਦੇ ਕਾਬਲ ਨਹੀਂ ਹੈ। ਪਾਕਿਸਤਾਨ ਦੀ ਇਸ ਫੇਰੀ ਵਿਚ ਮੈਂ ਸਾਂਗਲਾ ਹਿੱਲ ਦੀਆਂ ਪਹਾੜੀਆਂ, ਲਾਗੇ ਪੈਂਦਾ ਆਪਣੀ ਭੂਆ ਦਾ ਪਿੰਡ ਮਲਕਪੁਰ, ਸ਼ਾਹਕੋਟ, ਮਾਨਾਂਵਾਲਾ (ਸਿਮਰਜੀਤ ਸਿੰਘ ਮਾਨ ਦਾ ਪਿੰਡ) ਨਨਕਾਣਾ ਸਾਹਿਬ ਆਦਿ ਵੀ ਵੇਖ ਲਏ ਜਿਨ੍ਹਾਂ ਨੂੰ ਵੇਖਣ ਦੀ ਭਟਕਣਾ ਅਕਸਰ ਮਨ ਨੂੰ ਬੇਚੈਨ ਕਰਦੀ ਰਹਿੰਦੀ ਸੀ। ਇਸ ਵਾਰ ਮੈਂ ਆਪਣੇ ਪਿੰਡ, ਆਪਣੇ ਘਰ ਨਾ ਜਾ ਸਕਿਆ।

ਨਵਾਜ਼ ਗੌਰਮਿੰਟ ਕਾਲਜ ਲਾਹੌਰ ਵਿਚ ਐਮ. ਏ. ਇੰਗਲਿਸ਼ ਵਿਚ ਦਾਖਲ ਹੋ ਗਿਆ ਸੀ। ਇਸ ਵਾਰ ਪਾਕਿਸਤਾਨ ਵਿਚ ਦਾਖਲ ਹੋਣ ਵੇਲੇ ਮੈਂ ਇਕ ਰਾਤ ਉਹਨਾਂ ਦੇ ਪਿੰਡ ਰਿਹਾ ਸਾਂ ਪਰ ਵਾਪਸੀ ਤੇ ਪਾਕਿਸਤਾਨ ਵਿਚ ਜ਼ਬਰਦਸਤ ਬਾਰਸ਼ਾਂ ਅਤੇ ਹੜ ਆਉਣ ਕਾਰਨ ਆਪਣਾ ਦੌਰਾ ਕੁਝ ਸੰਖੇਪ ਕਰ ਕੇ ਨਵਾਜ਼ ਦੇ ਪਿੰਡ ਨਹੀਂ ਜਾ ਸਕਿਆ ਸਾਂ ਤੇ ਜਲਦੀ ਵਾਪਸ ਆ ਗਿਆ ਸਾਂ। ਇਸੇ ਸਾਲ ਹੀ ਪਾਕਿਸਤਾਨ ਦੀਆਂ ਅਖਬਾਰਾਂ ਵਿਚ ਚੀਨ ਨਾਲ ਲਗਦੀਆਂ ਹੱਦਾਂ ਬਾਰੇ ਖਬਰਾਂ ਆਉਣ ਲਗ ਪਈਆਂ ਸਨ ਤੇ ਪਿਛੋਂ ਭਾਰਤ ਤੇ ਚੀਨ ਦੀ ਲੜਾਈ ਲਗ ਗਈ ਜਿਸ ਨੇ ਇਹ ਸਾਬਤ ਕਰ ਦਿਤਾ ਕਿ ਪਾਕਿਸਤਾਨ ਅਤੇ ਚੀਨ ਦੀ ਅੰਦਰੋ ਅੰਦਰੀ ਸੁਰ ਮਿਲੀ ਹੋਈ ਸੀ।

ਕਿਸ਼ਤ-48
ਖ਼ੂਨ ਦਾਨ ਕਰਨ ਵਾਲੀ ਘਟਨਾ

1962 ਵਿਚ ਹਿੰਦ ਚੀਨ ਜੰਗ ਲੱਗੀ ਤਾਂ ਵੀਹਵੀਂ ਸਦੀ ਵਿਚ ਭਾਰਤ ਦੇ ਲੋਕਾਂ ਦੀ ਜ਼ਿੰਦਗੀ ਵਿਚ ਜੰਗੀ ਆਸਾਰ ਵੇਖਣ ਦਾ ਪਹਿਲਾ ਮੌਕਾ ਸੀ। ਭਾਵੇਂ ਲੋਕਾਂ ਨੇ ਇਸ ਤੋਂ ਪਹਿਲਾਂ 1947 ਵਿਚ ਵੰਡ ਦਾ ਦਰਦ ਹੰਢਾਇਆ ਸੀ ਪਰ ਉਸ ਨੂੰ ਜੰਗ ਨਹੀਂ ਕਿਹਾ ਜਾ ਸਕਦਾ ਸੀ। ਇਸ ਤੋਂ ਪਹਿਲਾਂ ਏਸੇ ਸਦੀ ਵਿਚ ਦੋ ਸੰਸਾਰ ਯੁਧ ਹੋ ਚੁਕੇ ਸਨ ਪਰ ਉਹ ਹਿੰਦੋਸਤਾਨ ਦੀ ਧਰਤੀ ਤੇ ਨਹੀਂ ਹੋਏ ਸਨ। ਉਹਨਾਂ ਵਿਚ ਸਿਰਫ ਹਿੰਦੋਸਤਾਨ ਦੇ ਨੌਜਵਾਨ ਹੀ ਲੜੇ, ਮਰੇ, ਜ਼ਖਮੀ ਹੋਏ ਜਾਂ ਬਚੇ ਸਨ। ਇਹ ਜਵਾਨ ਅੰਗਰੇਜ਼ਾਂ ਦੀ ਫੌਜ ਵਿਚ ਭਰਤੀ ਹੋ ਕੇ ਮੁਲਕ ਵਿਚੋਂ ਬਾਹਰ ਹੋਈਆਂ ਜੰਗਾਂ ਵਿਚ ਲੜਨ ਲਈ ਗਏ ਸਨ। ਹਾਂ ਪੰਜਾਬ ਵਿਚ ਜਦ ਅੰਗਰੇਜ਼ਾਂ ਨੇ 1849 ਵਿਚ ਪੰਜਾਬ ਤੇ ਕਬਜ਼ਾ ਕੀਤਾ ਸੀ ਤਾਂ ਮੁਦਕੀ, ਫਿਰੋਜ਼ਸ਼ਾਹ, ਚੇਲਿਆਂ ਵਾਲਾ, ਸਭਰਾਵਾਂ ਆਦਿ ਦੇ ਮੈਦਾਨਾਂ ਵਿਚ ਸਿੱਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਹੋਈਆਂ ਸਨ। ਇਨ੍ਹਾਂ ਜੰਗਾਂ ਵਿਚ ਸਿੱਖ ਸ਼ਬਦ ਵਰਤਣਾ ਵੀ ਵਧੇਰੇ ਠੀਕ ਨਹੀਂ ਲਗਦਾ ਕਿਉਂਕਿ ਸਿੱਖ ਫੌਜ ਵਿਚ ਮੁਸਲਮਾਨ ਅਤੇ ਹਿੰਦੂ ਵੀ ਸ਼ਾਮਲ ਸਨ। ਸ਼ਾਹ ਮੁਹੰਮਦ ਨੇ ਇਸੇ ਲਈ ਆਪਣੇ ਕਿਸੇ ਜੰਗਨਾਮਾ ਸਿੰਘਾਂ ਤੇ ਫਰੰਗੀਆਂ ਵਿਚ ਲਿਖਿਆ ਹੈ ਕਿ "ਜੰਗ ਹਿੰਦ ਪੰਜਾਬ ਦਾ ਹੋਣ ਲੱਗਾ ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ" ਸਭ ਜਾਣਦੇ ਹਨ ਕਿ ਜੰਗ ਹਮੇਸ਼ਾ ਹੀ ਖਤਰਨਾਕ ਹੁੰਦੀ ਹੈ ਜਿਸ ਵਿਚ ਇਨਸਾਨ ਇਨਸਾਨ ਨੂੰ ਮਾਰਦਾ ਹੈ।

ਚੀਨ ਦੀ ਜੰਗ ਭਾਵੇਂ ਪਹਾੜੀ ਇਲਾਕੇ ਵਿਚ ਪੈਂਦੇ ਬਾਰਡਰ ਤੇ ਲੜੀ ਜਾ ਰਹੀ ਸੀ ਪਰ ਉਸਦਾ ਅਸਰ ਮੈਦਾਨੀ ਇਲਾਕੇ ਵਿਚ ਕੁਝ ਇਸ ਤਰ੍ਹਾਂ ਪਿਆ ਕਿ ਸਾਨੂੰ ਸਕੂਲਾਂ ਵਿਚ ਡਿਸਟ੍ਰਿਕਟ ਇਨਸਪੈਕਟਰ ਆਫ ਸਕੂਲਜ਼ ਫਿਰੋਜ਼ਪੁਰ ਵੱਲੋਂ ਸਰਕੂਲਰ ਆ ਗਏ ਕਿ ਤੁਰਤ ਖ਼ੂੰਨ ਦਾਨ ਲਈ ਆਪਣੇ ਸਕੂਲ ਵਿਚ ਪੜ੍ਹਾਂਦੇ ਸਟਾਫ ਅਤੇ ਉਹਨਾਂ ਵਿਦਿਆਰਥੀਆਂ ਦੇ ਨਾਂ ਭੇਜੋ ਜੋ ਰਕਤ ਦਾਨ ਕਰਨਾ ਚਹੁੰਦੇ ਹਨ। ਸਕੂਲ ਦੇ ਸਾਰੇ ਸਟਾਫ ਨੇ ਆਪਣੇ ਨਾਂ ਲਿਖਵਾ ਦਿਤੇ ਜਿਨ੍ਹਾਂ ਵਿਚ ਇਕ ਪਤਲੀ, ਗੋਰੀ, ਮਧਰੀ ਤੇ ਛੀਟਕੀ ਜਹੀ ਹਿੰਦੀ ਟੀਚਰ ਵੀ ਸੀ ਜੋ ਦਿਨ ਵਿਚ ਸਿਰਫ ਇਕ ਰੋਟੀ ਖਾਂਦੀ ਸੀ ਅਤੇ ਹੋ ਸਕਦਾ ਸੀ ਕਿ

ਉਹਦੀਆਂ ਨਾੜਾਂ ਵਿਚੋਂ ਖ਼ੂਨ ਹੀ ਨਾ ਨਿਕਲੇ। ਜਦ ਮੈਂ ਬਤੌਰ ਹੈਡਮਾਸਟਰ ਸਾਰੇ ਸਕੂਲ ਦੇ ਵਿਦਿਆਰਥੀਆਂ ਨੂੰ ਇਕਠੇ ਕਰ ਕੇ ਦੇਸ਼ ਪਿਆਰ ਦਾ ਬੜਾ ਪ੍ਰਭਾਵਸ਼ਾਲੀ ਲੈਕਚਰ ਦਿਤਾ ਕਿ ਚੀਨ ਤੇ ਹਿੰਦ ਦੀ ਲੜਾਈ ਲੱਗ ਗਈ ਹੈ। ਮੁਲਕ ਦੇ ਜ਼ਖਮੀ ਫੌਜੀਆਂ ਨੂੰ ਲੋੜ ਪੈਣ ਤੇ ਖ਼ੂਨ ਦੀ ਲੋੜ ਪੈ ਸਕਦੀ ਹੈ ਤਾਂ ਅਨੇਕਾਂ ਵਿਦਿਆਰਥੀਆਂ ਜਿਵੇਂ ਰੇਸ਼ਮ, ਬਗੀਚਾ, ਭਲਵਾਨ ਦੇ ਮੁੰਡੇ ਦੇਬੋ ਅਤੇ ਦਰਜਨਾਂ ਹੋਰ ਮੁੰਡਿਆਂ ਨੇ ਆਪਣੇ ਨਾਂ ਲਿਖਵਾ ਦਿਤੇ। ਪਿੰਡਾਂ ਦੇ ਇਹ ਮੁੰਡੇ ਗਭਰੂ ਸਨ ਅਤੇ ਚੰਗੀ ਜਾਨ ਵਾਲੇ ਸਨ। ਪਿੰਡ ਲਖੋ ਕੇ ਬਹਿਰਾਮ ਦੇ ਨਾਲ ਵਗਦੀ ਨਹਿਰ ਦੇ ਪੁਲ ਤੋਂ ਜੋ ਰਾਹ ਝੋਕ ਟਹਿਲ ਸਿੰਘ ਨੂੰ ਜਾਂਦਾ ਸੀ, ਉਸ ਤੇ ਮੀਲ ਕੁ ਦੀ ਵਿਥ ਤੇ ਪੈਂਦੇ ਇਕ ਇਕ ਪਿੰਡ ਜਿਸ ਦਾ ਨਾਂ ਹੁਣ ਮੈਨੂੰ ਭੁਲ ਗਿਆ ਹੈ, ਵਿਚੋਂ ਕੁਝ ਮੁੰਡੇ ਪੜ੍ਹਨ ਆਉਂਦੇ ਸਨ। ਇਨ੍ਹਾਂ ਵਿਚ ਇਕ ਖਾਂਦੇ ਪੀਂਦੇ ਤੇ ਸਭ ਤੋਂ ਵਡੇ ਅਲਾਟੀਆਂ ਦਾ ਇਕੋ ਇਕ ਮੁੰਡਾ ਵੀ ਪੜ੍ਹਨ ਆਉਂਦਾ ਸੀ ਜੋ ਕੁਝ ਸਿੱਧ ਪਧਰਾ ਸੀ। ਉਹ ਤੁਰਦਾ ਵੀ ਲੱਤ ਮਾਰ ਕੇ ਸੀ। ਉਸਦਾ ਪਿਓ ਪਿੰਡ ਦਾ ਸਰਪੰਚ ਸੀ। ਉਸ ਮੁੰਡੇ ਨੇ ਵੀ ਖ਼ੂਨ ਦਾਨ ਕਰਨ ਲਈ ਆਪਣਾ ਨਾਂ ਲਿਖਵਾ ਦਿਤਾ। ਅਗਲੇ ਦਿਨ ਜਦ ਉਸਦੇ ਮਾਪਿਆਂ ਨੂੰ ਪਤਾ ਲੱਗਾ ਤਾਂ ਉਹ ਪਿੰਡ ਦੇ ਬੰਦੇ ਇਕਠੇ ਕਰ ਕੇ ਸਕੂਲ ਆ ਗਏ ਅਤੇ ਕਹਿਣ ਲਗੇ ਕਿ ਸਾਡੇ ਮੁੰਡੇ ਦਾ ਨਾਂ ਲਿਸਟ ਵਿਚੋਂ ਕਢੋ। ਇਹਦੇ ਵਿਚ ਤਾਂ ਪਹਿਲਾਂ ਹੀ ਖ਼ੂਨ ਨਹੀਂ ਹੈ। ਬੜੀਆਂ ਸੁੱਖਾਂ ਸੁੱਖ ਕੇ ਅਸਾਂ ਇਹ ਮੁੰਡਾ ਲਿਆ ਹੈ। ਜੇ ਇਹਦੇ ਵਿਚੋਂ ਖ਼ੂਨ ਕਢ ਲਿਆ ਤਾਂ ਇਹ ਮਰ ਜਾਵੇਗਾ। ਅਸੀਂ ਕਿਧਰ ਜਾਵਾਂਗੇ। ਸਾਡੇ ਸਾਰੇ ਘਰਾਂ ਵਿਚ ਬੱਸ ਇਕੋ ਇਕ ਔਲਾਦ ਇਹ ਸਾਡਾ ਮੁੰਡਾ ਹੀ ਹੈ। ਤੁਸੀਂ ਸਾਡੇ ਕੋਲੋਂ ਜਿੰਨੇ ਮਰਜ਼ੀ ਪੈਸੇ ਲੈ ਲਵੋ ਪਰ ਇਹਦਾ ਖ਼ੂਨ ਨਾ ਲਵੋ। ਬੇਸ਼ਕ ਤੁਸੀਂ ਸਾਡੇ ਕੋਲੋਂ ਸਾਡੀ ਜ਼ਮੀਨ ਲਿਖਵਾ ਲਵੋ ਪਰ ਰੱਬ ਦੇ ਵਾਸਤੇ ਇਹਦਾ ਨਾਂ ਖ਼ੂਨ ਦਾਨ ਕਰਨ ਵਾਲਿਆਂ ਦੀ ਲਿਸਟ ਵਿਚੋਂ ਕੱਟ ਦਿਓ। ਮੈਂ ਅਤੇ ਸਕੂਲ ਦੇ ਸਟਾਫ ਨੇ ਉਹਨਾਂ ਨੂੰ ਬੜਾ ਸਮਝਾਇਆ ਕਿ ਇਹ ਤਾਂ ਐਵੇਂ ਕਾਗਜ਼ੀ ਕਾਰਵਾਈ ਹੈ ਅਤੇ ਖ਼ੂਨ ਲੈਣ ਵਾਲੀ ਇਹਦੇ ਵਿਚ ਬਹੁਤੀ ਸੱਚਾਈ ਨਹੀਂ ਹੈ। ਅਸੀਂ ਵੀ ਆਪਣੇ ਨਾਂ ਲਿਖਵਾਏ ਹੋਏ ਹਨ ਪਰ ਉਹ ਨਾ ਮੰਨੇ। ਅਗਲੇ ਦਿਨ ਉਹ ਪੰਜਾਂ ਪਿੰਡਾਂ ਦੀ ਪੰਚਾਇਤ ਲੈ ਕੇ ਆ ਗਏ ਕਿ ਸਾਡੇ ਮੁੰਡੇ ਦਾ ਨਾਂ ਲਿਸਟ ਵਿਚੋਂ ਕਢੋ। ਦਰਅਸਲ ਲਿਸਟ ਅਸਾਂ ਫਾਈਨਲ ਕਰ ਕੇ ਅਜੇ ਭੇਜੀ ਹੀ ਨਹੀਂ ਸੀ। ਉਸਦਾ ਨਾਂ ਵੀ ਕਢ ਦਿਤਾ ਸੀ ਪਰ ਉਹ ਬਹੁਤ ਡਰੇ ਤੇ ਘਬਰਾਏ ਹੋਏ ਸਨ। ਉਹਨਾਂ ਦਾ ਵਹਿਮ ਸੀ ਕਿ ਲਿਸਟ ਫਿਰੋਜ਼ਪੁਰ ਦਫਤਰ ਵਿਚ ਚਲੀ ਗਈ ਹੈ ਅਤੇ ਸਰਕਾਰ ਕਿਸੇ ਵੇਲੇ ਵੀ ਲੋੜ ਪੈਣ ਤੇ ਮੁੰਡੇ ਨੂੰ ਖ਼ੂਨ ਦੇਣ ਲਈ ਲਿਜਾ ਸਕਦੀ ਹੈ। ਉਹ ਕਹਿਣ ਕਿ ਫਿਰੋਜ਼ਪੁਰ ਦਫਤਰ ਵਿਚ ਜਾ ਕੇ ਮੁੰਡੇ ਦਾ ਨਾਂ ਕਢਵਾ ਕੇ ਆਓ ਕਿਉਂਕਿ ਇਹ ਤਾਂ ਪਹਿਲਾਂ ਹੀ ਬੀਮਾਰ ਰਹਿੰਦਾ ਹੈ। ਉਹਨਾਂ ਨੇ ਇਹ ਮਸਲਾ ਬਹੁਤ ਪੇਚੀਦਾ ਬਣਾ ਦਿਤਾ। ਮੈਂ ਬਹੁਤ ਸਮਝਾਇਆ ਕਿ ਅਸਾਂ ਇਸ ਮੁੰਡੇ ਦਾ ਨਾਂ ਕੱਟ ਦਿਤਾ ਹੈ ਪਰ ਉਹਨਾਂ ਦੀ ਤਸੱਲੀ ਨਹੀਂ ਹੋ ਰਹੀ ਸੀ। ਇਕ ਦਿਨ ਉਹਨਾਂ ਨੇ ਸਾਰੇ ਸਕੂਲ ਦੇ ਸਟਾਫ ਨ ਆਪਣੇੇ ਪਿੰਡ ਬੁਲਾ ਕੇ ਬਹੁਤ ਤਕੜੀ ਰੋਟੀ ਵੀ ਕੀਤੀ ਜਿਸ ਵਿਚ ਬਕਰਾ ਵੀ ਵਢਿਆ ਗਿਆ ਪਰ ਅੰਦਰੋਂ ਉਹ ਡਰੇ ਹੋਏ ਸਨ ਕਿ ਜੇ ਸਾਡੇ ਮੁੰਡੇ ਦਾ ਖ਼ੂਨ ਲੈ ਲਿਆ ਤਾਂ ਇਹ ਬਚੇਗਾ ਨਹੀਂ। ਰਾਤ ਜਦ ਅਸੀਂ ਉਹਨਾਂ ਦੀ ਹਵੇਲੀ ਵਿਚ ਖਾ ਪੀ ਰਹੇ ਸਾਂ ਓਸ ਮੁੰਡੇ ਦੀ ਬੁਢੀ ਦਾਦੀ ਸੋਟੀ ਦੇ ਸਹਾਰੇ ਹੌਲੀ ਹੌਲੀ ਤੁਰ ਕੇ ਆਈ ਤੇ ਓਸ ਆਪਣੇ ਸਿਰ ਦੀ ਚਿੱਟੀ ਚੁੰਨੀ ਸਾਡੇ ਪੈਰਾਂ ਤੇ ਰਖ ਕੇ ਹਾੜਾ ਕਢਿਆ ਕਿ ਮੇਰੇ ਪੋਤੇ ਦਾ ਖ਼ੂਨ ਨਾ ਕਢਿਓ। ਇਹ ਮੇਰਾ ਇਕੋ ਇਕ ਪੋਤਾ ਹੈ। ਇਹਦੇ ਬਿਨਾਂ ਸਾਡਾ ਜਹਾਨ ਸੁੰਨਾ ਹੋ ਜਾਵੇਗਾ।

ਅਜੇ ਸਾਡੀਆਂ ਬਣਾਈਆਂ ਲਿਸਟਾਂ ਸਕੂਲ ਵਿਚ ਹੀ ਪਈਆਂ ਸਨ ਕਿ ਕੁਝ ਦਿਨਾਂ ਬਾਅਦ ਚੀਨ ਦੀ ਜੰਗ ਬੰਦ ਹੋ ਗਈ ਪਰ ਇਸ ਘਟਨਾ ਨੇ ਮੇਰੇ ਮਨ ਤੇ ਬਹੁਤ ਅਸਰ ਕੀਤਾ। ਬੱਚੇ ਆਪਣੇ ਮਾਪਿਆਂ ਨੂੰ ਕਿੰਨੇ ਪਿਆਰੇ ਹੁੰਦੇ ਹਨ, ਇਸ ਦੀਆਂ ਅਨੇਕਾਂ ਮਿਸਾਲਾਂ ਜੱਗ ਵਿਚ ਮਸ਼ਹੂਰ ਹਨ ਪਰ ਇਹ ਮਿਸਾਲ ਦਾ ਦਰਦ ਕੁਝ ਜ਼ਿਆਦਾ ਹੀ ਵਖਰਾ ਸੀ। ਇਸ ਵਿਚ ਖ਼ੂਨ ਦਾਨ ਕਰਨ ਨਾਲੋਂ ਵਡੀ ਗੱਲ ਉਹਨਾਂ ਲੋਕਾਂ ਦੀ ਅਗਿਆਣਤਾ ਸੀ ਜਿਹੜੇ ਸਮਝੀ ਬੈਠੇ ਸਨ ਕਿ ਸੱਚ ਮੁਚ ਹੀ ਖ਼ੂਨ ਲਿਆ ਜਾਵੇਗਾ। ਜਦ ਕਿ ਜੋ ਅੰਦਰੁਸਤ ਨਾ ਹੋਵੇ, ਉਸਦਾ ਖ਼ੂਨ ਨਹੀਂ ਲਿਆ ਜਾਂਦਾ। ਦੂਜੇ ਖ਼ੂਨ ਦੇਣ ਨਾਲ ਕੋਈ ਫਰਕ ਨਹੀਂ ਪੈਂਦਾ, ਕਈ ਲੋਕ ਅਕਸਰ ਖ਼ੂਨ ਦਾਨ ਕਰਦੇ ਰਹਿੰਦੇ ਹਨ। ਜਦ ਕਦੀ ਵੀ ਓਸ ਮੁੰਡੇ ਦੇ ਪਾਪਿਆਂ ਨਾਲ ਮੇਲ ਹੁੰਦਾ ਤਾਂ ਉਹ ਬੜੇ ਆਦਰ ਮਾਣ ਨਾਲ ਧੰਨਵਾਦ ਕਰਦੇ ਕਿ ਉਹਨਾਂ ਦੇ ਮੁੰਡੇ ਦਾ ਨਾਂ ਖ਼ੂਨ ਦਾਨ ਕਰਨ ਵਾਲਿਆਂ ਦੀ ਲਿਸਟ ਵਿਚੋਂ ਕਢ ਦਿਤਾ ਗਿਆ ਸੀ।

ਇਸ ਤਰ੍ਹਾਂ ਦੀ ਹੀ ਦੂਜੀ ਮਿਸਾਲ ਇਸ ਸਕੂਲ ਵਿਚ ਪੜ੍ਹਾਂਦਿਆਂ ਹੋਰ ਵਾਪਰੀ। ਸਾਰੇ ਭਾਰਤ ਦੀ ਮਰਦਮ ਸ਼ੁਮਾਰੀ ਹੋ ਰਹੀ ਸੀ। ਇਸ ਵਿਚ ਬਹੁਤ ਸਾਰੇ ਸਰਕਾਰੀ ਮੁਲਾਜ਼ਮਾਂ ਦੀਆਂ ਡਿਊਟੀਆਂ ਲਗ ਗਈਆਂ ਸਨ ਜਿਨ੍ਹਾਂ ਨੇ ਘਰੋ ਘਰੀਂ ਜਾ ਕੇ ਲੋਕਾਂ ਦੇ ਨਾਂ ਅਤੇ ਵੇਰਵੇ ਲਿਖਣੇ ਸਨ। ਵੇਰਵੇ ਲਿਖਣ ਵਾਲੇ ਬਹੁਤੇ ਸਕੂਲ ਟੀਚਰ ਅਤੇ ਪਟਵਾਰੀ ਸਨ। ਸਭ ਨੂੰ ਪਿੰਡ ਵੰਡ ਦਿਤੇ ਗਏ ਅਤੇ ਮੇਰੀ ਡਿਊਟੀ ਇਸ ਵਿਚ ਬਤੌਰ ਸੁਪਰਵਾਈਜ਼ਰ ਲਗ ਗਈ। ਮਰਦਮ ਸ਼ੁਮਾਰੀ ਕਰਨ ਵਾਲਿਆਂ ਦੇ ਇਕਠੇ ਕੀਤੇ ਅੰਕੜੇ ਸਬੰਧਤ ਫਾਰਮਾਂ ਵਿਚ ਭਰ ਕੇ ਅਤੇ ਆਪਣੇ ਦਸਤਖਤ ਕਰ ਕੇ ਮੈਂ ਨਾਲ ਨਾਲ ਫਿਰੋਜ਼ਪੁਰ ਤਹਿਸੀਲ ਵਿਚ ਪੁਚਾਣੇ ਸਨ ਜਿਥੇ ਤਹਿਸੀਲ ਵਿਚ ਪੈਂਦੇ ਸਾਰੇ ਪਿੰਡਾਂ ਦੀ ਮਰਦਮ ਸ਼ੁਮਾਰੀ ਦੇ ਅੰਕੜੇ ਇਕਠੇ ਕੀਤੇ ਜਾ ਰਹੇ ਸਨ। ਸਰਕਾਰ ਦਾ ਬੜਾ ਸਖਤ ਹੁਕਮ ਸੀ ਕਿ ਕਿਸੇ ਵੀ ਘਰ ਦੇ ਕਿਸੇ ਵੀ ਜੀਅ ਦਾ ਨਾਂ ਲਿਖਣੋ ਰਹਿ ਗਿਆ ਤਾਂ ਓਸ ਸਰਕਾਰੀ ਮੁਲਾਜ਼ਮ ਦੀ ਖੈਰ ਨਹੀਂ। ਨੌਕਰੀ ਤਾਂ ਗਈ ਹੀ ਗਈ, ਕੈਦ ਵਖਰੀ ਸੀ। ਸਰਕਾਰ ਦੇ ਸਖਤ ਕਾਨੂੰਨ ਅਨੁਸਾਰ ਚੋਣਾਂ ਅਤੇ ਮਰਦਮ

ਸੁਮਾਰੀ ਦੀ ਡਿਊਟੀ ਤੋਂ ਕੋਈ ਵੀ ਸਰਕਾਰੀ ਮੁਲਾਜ਼ਮ ਨਾਂਹ ਨਹੀਂ ਕਰ ਸਕਦਾ ਸੀ। ਜੋ ਪਿੰਡ ਮੇਰੇ ਅਤੇ ਮੈਨੂੰ ਮਿਲੇ ਸਟਾਫ ਦੇ ਹਿੱਸੇ ਆਏ ਸਨ, ਉਹ ਬਹੁਤੇ ਬੇਟ ਦੇ ਪਿੰਡ ਸਨ ਬਾਰਡਰ ਦੇ ਨਾਲ ਲਗਦੇ ਸਨ। ਕਈ ਤਾਂ ਸਤਲੁਜ ਦਰਿਆ ਦੇ ਬਹੁਤ ਲਾਗੇ ਪੈਂਦੇ ਜਿਥੇ ਪਰਲੇ ਪਾਸੇ ਪਾਕਿਸਤਾਨ ਲਗਦਾ ਸੀ। ਕਈ ਪਿੰਡ ਐਸੇ ਸਨ ਜੋ ਦਰਿਆ ਦੀ ਫਾਂਟ ਅਤੇ ਦਰਿਆ ਦੇ ਵਿਚੁਕਾਰ ਪੈਂਦੇ ਸਨ। ਦਰਿਆ ਦੀਆਂ ਫਾਂਟਾਂ ਵਿਚ ਕਈ ਥਾਈਂ ਪਾਣੀ ਲੱਕ ਲੱਕ ਤੋਂ ਉਚਾ ਸੀ। ਮਰਦਮ ਸ਼ੁਮਾਰੀ ਦੀ ਆਖਰੀ ਰਾਤ ਨੂੰ ਬਾਰਾਂ ਵਜੇ ਤੋਂ ਪਹਿਲਾਂ ਇਹ ਕੰਮ ਪੂਰਾ ਹੋਣਾ ਲੋਹੇ ਤੇ ਲਕੀਰ ਸੀ। ਆਖਰੀ ਰਾਤ ਦੀ ਸ਼ਾਮ ਨੂੰ ਇਤਲਾਹ ਮਿਲੀ ਕਿ ਦਰਿਆ ਦੀ ਫਾਂਟ ਤੋਂ ਪਾਰ ਰਾਅ ਸਿੱਖਾਂ ਦੀ ਛੋਟੀ ਜਹੀ ਆਬਾਦੀ ਵਾਲਾ ਇਕ ਪਿੰਡ ਮਰਦਮ ਸ਼ਮਾਰੀ ਵਿਚ ਰਹਿ ਗਿਆ ਸੀ। ਓਸ ਪਿੰਡ ਦੀ ਮਰਦਮ ਸ਼ਮਾਰੀ ਲਈ ਜਿਸ ਪਟਵਾਰੀ ਦੀ ਡਿਊਟੀ ਲੱਗੀ ਸੀ, ਉਹ ਸ਼ਰਾਬੀ ਹੋ ਕਿਤੇ ਪਿਆ ਰਿਹਾ ਅਤੇ ਓਸ ਪਿੰਡ ਦੇ ਲੋਕਾਂ ਦੇ ਨਾਂਵਾਂ ਦੀ ਮਰਦਮ ਸੁਮਾਰੀ ਕਰਨ ਲਈ ਗਿਆ ਹੀ ਨਾ। ਇਤਲਾਹ ਦੇਣ ਵਾਲੇ ਨੇ ਦਸਿਆ ਕਿ ਓਸ ਪਿੰਡ ਦੇ ਲੋਕ ਸਵੇਰੇ ਜ਼ਿਲੇ ਦੇ ਡੀ. ਸੀ. ਨੂੰ ਮਿਲ ਕੇ ਸ਼ਕਾਇਤ ਕਰਨ ਜਾ ਰਹੇ ਹਨ ਕਿ ਉਹਨਾਂ ਦੇ ਪਿੰਡ ਨੂੰ ਪਾਕਿਸਤਾਨ ਦਾ ਪਿੰਡ ਸਮਝ ਕੇ ਓਸ ਪਿੰਡ ਦੀ ਮਰਦਮ ਸੁਮਾਰੀ ਨਹੀਂ ਕੀਤੀ ਗਈ ਅਤੇ ਬਗੈਰ ਮਰਦਮ ਸੁਮਾਰੀ ਦੇ ਉਹ ਪਤਾ ਨਹੀਂ ਹਿੰਦੋਸਤਾਨ ਦੀ ਆਬਾਦੀ ਵਿਚ ਗਿਣੇ ਵੀ ਜਾਣਗੇ ਕਿ ਨਹੀਂ। ਜਿਨ੍ਹਾਂ ਫਾਰਮਾਂ ਤੇ ਨਾਂ ਭਰਨੇ ਸਨ, ਉਹ ਲਿਸਟਾਂ ਤਾਂ ਪਟਵਾਰੀ ਕੋਲ ਸਨ ਤੇ ਪਟਵਾਰੀ ਗਾਇਬ ਸੀ। ਮੈਂ ਕੁਝ ਟੀਚਰਾਂ ਨੂੰ ਕਿਹਾ ਕਿ ਪਟਵਾਰੀ ਤਾਂ ਸਵੇਰੇ ਸਸਪੈਂਡ ਹੋ ਹੀ ਜਾਵੇਗਾ ਪਰ ਆਪਣੇ ਤੇ ਵੀ ਐਕਸ਼ਨ ਆਵੇਗਾ। ਅਸਾਂ ਤੁਰਤ ਸਾਈਕਲ ਚੁਕੇ ਤੇ ਓਸ ਪਿੰਡ ਨੂੰ ਚਲ ਪਏ। ਰਾਹ ਵਿਚ ਹੀ ਹਨੇਰਾ ਹੋ ਗਿਆ ਅਤੇ ਪਿੰਡ ਦਾ ਕੋਈ ਪਤਾ ਨਾ ਲਗੇ ਅਤੇ ਕਿਧਰੇ ਕੋਈ ਬੰਦਾ ਪਰਿੰਦਾ ਜਾਂ ਚਾਨਣ ਵੀ ਨਾ ਦਿਸੇ ਜਿਸ ਤੋਂ ਆਬਾਦੀ ਦਾ ਪਤਾ ਲਗੇ। ਚੰਗੀਂ ਕਰਮੀਂ ਓਸ ਪਿੰਡ ਦਾ ਇਕ ਬੰਦਾ ਲਾਲਟੈਨ ਲੈ ਕੇ ਸਾਡੇ ਵੱਲ ਨੂੰ ਆਉਂਦਾ ਮਿਲ ਗਿਆ। ਜਦ ਅਸੀਂ ਪੁਛਿਆ ਕਿ ਤੂੰ ਕੌਣ ਹੈਂ ਤਾਂ ਕਹਿਣ ਲੱਗਾ ਕਿ ਫਲਾਣੀ ਬਸਤੀ ਦਾ ਹਾਂ ਅਤੇ ਪਿੰਡ ਗੁਦੜਢੰਡੀ ਨੂੰ ਜਾ ਰਿਹਾ ਹਾਂ ਜਿਥੋਂ ਸਵੇਰੇ ਮੈਂ ਤੇ ਹੋਰ ਲੋਕ ਡੀ. ਸੀ. ਨੂੰ ਮਿਲ ਕੇ ਸ਼ਕਾਇਤ ਕਰਾਂਗੇ ਕਿ ਸਾਡੇ ਪਿੰਡ ਦੀ ਮਰਦਮ ਸੁਮਾਰੀ ਕਿਉਂ ਨਹੀਂ ਹੋਈ। ਅਸੀਂ ਭਾਰਤ ਦੇ ਵਾਸੀ ਹਾਂ। ਮੈਂ ਸਮਝ ਲਿਆ ਕਿ ਇਹ ਬੰਦਾ ਸਾਡੀ ਗ੍ਰਿਫਤਾਰੀ ਦੇ ਵਰੰਟ ਲਈ ਫਿਰਦਾ ਹੈ। ਅਸਾਂ ਕਿਹਾ ਅਸੀਂ ਸਰਕਾਰ ਵੱਲੋਂ ਆਏ ਹਾਂ ਅਤੇ ਤੁਹਾਡੇ ਪਿੰਡ ਦਾ ਨਾਂ ਭਾਰਤ ਸਰਕਾਰ ਦੀ ਲਿਸਟ ਵਿਚ ਨਹੀਂ ਹੈ। ਤੁਹਾਡੇ ਤੇ ਐਕਸ਼ਨ ਲੈਣ ਆਏ ਹਾਂ ਕਿ ਤੁਸੀਂ ਆਪਣਾ ਪਿੰਡ ਹਿੰਦੋਸਤਾਨ ਦੇ ਰੀਕਾਰਡ ਵਿਚ ਦਰਜ ਕਿਉਂ ਨਹੀਂ ਕਰਵਾਇਆ। ਦੱਸੋ ਭਾਰਤ ਵਿਚ ਰਹਿਣਾ ਹੈ ਕਿ ਪਾਕਿਸਤਾਨ ਵਿਚ। ਸਾਡੀ ਗੱਲ ਸੁਣ ਕੇ ਉਹ ਡਰ ਗਿਆ। ਅਸੀਂ ਸਾਰੇ ਉਹਦੇ ਨਾਲ ਦਰਿਆ ਦੀ ਫਾਂਟ ਟੱਪ ਕੇ ਉਹਨਾਂ ਦੀਆਂ ਝੁਗੀਆਂ ਵਿਚ ਜਾ ਵੜੇ ਅਤੇ ਲਾਲਟੈਨਾਂ ਤੇ ਕੌੜੇ ਤੇਲ ਦੇ ਦੀਵਿਆਂ ਦੇ ਚਾਨਣ ਵਿਚ ਬਾਕੀ ਸਟਾਫ ਕੋਲ ਬਚੇ ਫਾਰਮਾਂ ਵਿਚ ਉਹਨਾਂ ਦੇ ਨਾਵਾਂ ਦੇ ਇੰਦਰਾਜ ਕਰ ਕੇ ਗੂਠੇ ਲਵਾ ਲਏ। ਅਸਾਂ ਉਹਨਾਂ ਨੂੰ ਐਨਾ ਜ਼ਿਆਦਾ ਡਰਾਇਆ ਕਿ ਕਿਤੇ ਉਹ ਸਵੇਰੇ ਮਰਦਮ ਸੁਮਾਰੀ ਸਟਾਫ ਦੀ ਸ਼ਕਾਇਤ ਨਾ ਕਰ ਦੇਣ। ਖੈਰ ਸਾਡਾ ਕੰਮ ਰਾਤੀਂ ਬਾਰਾਂ ਵਜੇ ਤਕ ਪੂਰਾ ਹੋ ਗਿਆ। ਉਹਨਾਂ ਦੇਸੀ ਸ਼ਰਾਬ ਤੇ ਮੁਰਗਿਆਂ ਨਾਲ ਰਾਤ ਨੂੰ ਸਭ ਦੀ ਸੇਵਾ ਕੀਤੀ। ਸਵੇਰੇ ਚਾਰ ਵਜਦੇ ਨੂੰ ਅਸੀਂ ਮੁੜਦੇ ਪੈਰੀਂ ਓਥੋਂ ਨਿਕਲ ਅਗਲੇ ਦਿਨ ਤਹਿਸੀਲਦਾਰ ਫਿਰੋਜ਼ਪੁਰ ਨੂੰ ਜਾ ਲਿਸਟਾਂ ਭੇਟ ਕਰ ਦਿਤੀਆਂ ਜਦ ਕਿ ਤਹਿਸੀਲਦਾਰ ਨੂੰ ਸਾਰੀ ਗੱਲ ਦਾ ਪਹਿਲਾਂ ਹੀ ਪਤਾ ਲਗ ਚੁਕਾ ਸੀ। ਸਾਡੀ ਗੱਲ ਸੁਣ ਕੇ ਉਹਦਾ ਗੁੱਸਾ ਠੰਢਾ ਹੋ ਗਿਆ। ਫਾਰਮ ਦਾਖਲ ਹੋ ਗਏ ਅਤੇ ਸਬੰਧਤ ਪਟਵਾਰੀ ਦੀ ਥਾਂ ਸਾਨੂੰ ਕਈ ਥਾਈਂ ਦਸਤਖਤ ਕਰਨੇ ਪਏ। ਏਨੇ ਨੂੰ ਪਟਵਾਰੀ ਵੀ ਓਥੇ ਪਹੁੰਚ ਗਿਆ ਤੇ ਤਹਿਸੀਲਦਾਰ ਦੇ ਪੈਰੀਂ ਪੈ ਗਿਆ। ਤਹਿਸੀਲਦਾਰ ਨੇ ਹੁਕਮ ਅਦੂਲੀ ਵਿਚ ਉਹਦੀ ਰੱਜ ਕੇ ਬੇਇਜ਼ਤੀ ਕੀਤੀ। ਸਸਪੈਂਡ ਕਰਨ ਦੇ ਹੁਕਮ ਸੁਣਾ ਕੇ ਤਹਿਸੀਲ ਦੇ ਨਾਲ ਲਗਦੇ ਸਦਰ ਥਾਣੇ ਦੀ ਪੁਲਸ ਦੇ ਹਵਾਲੇ ਕਰ ਦਿਤਾ।

ਮੈਂ ਮਨ ਵਿਚ ਫੈਸਲਾ ਕੀਤਾ ਕਿ ਅਗੋਂ ਤੋਂ ਇਸ ਤਰ੍ਹਾਂ ਦੀ ਔਖੀ ਅਤੇ ਬਹੁਤ ਜ਼ਿਆਦਾ ਜ਼ਿੰਮੇਵਾਰੀ ਵਾਲੀ ਡਿਊਟੀ ਤੋਂ ਕੰਨੀ ਕਤਰਾਉਣੀ ਚਾਹੀਦੀ ਹੈ ਪਰ ਇਹ ਆਪਣੇ ਵੱਸ ਦੀ ਗੱਲ ਨਹੀਂ ਹੁੰਦੀ। ਇਸ ਤੋਂ ਪਿਛੋਂ ਜਦੋਂ ਪੰਚਾਇਤ ਦੀਆਂ ਚੋਣਾਂ ਹੋਈਆਂ ਤਾਂ ਮੈਨੂੰ ਫਿਰ ਬਤੌਰ ਪਰੀਜ਼ਾਈਡਿੰਗ ਆਫੀਸਰ ਕਈ ਪਿੰਡਾਂ ਵਿਚ ਪੰਚਾਇਤ ਚੋਣਾਂ ਕਰਵਾਉਣ ਲਈ ਜਾਣਾ ਪਿਆ। ਪਰ ਇਹਨਾਂ ਚੋਣਾਂ ਵਿਚ ਪੁਲਸ ਦਾ ਇਕ ਥਾਣੇਦਾਰ, ਇਕ ਹੌਲਦਾਰ ਅਤੇ ਦੋ ਸਿਪਾਹੀ ਨਾਲ ਹੁੰਦੇ ਸਨ ਜਿਨ੍ਹਾਂ ਦੀ ਡਿਊਟੀ ਹੁੰਦੀ ਸੀ ਕਿ ਜੇ ਕੋਈ ਗੜਬੜ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਤੁਰਤ ਗ੍ਰਿਫਤਾਰ ਕਰ ਲਵੋ। ਪੁਲਸ ਦਾ ਡਰ ਤਾਂ ਅਜੇ ਵੀ ਕਾਫੀ ਹੈ ਪਰ ਉਹਨਾਂ ਸਮਿਆਂ ਵਿਚ ਤਾਂ ਪੁਲਸ ਦਾ ਹਰ ਜਗ੍ਹਾ ਬਹੁਤ ਰੁਅਬ ਹੁੰਦਾ ਸੀ। ਪੁਲਸ ਦੇ ਨਾਂ ਤੋਂ ਹੀ ਲੋਕ ਡਰ ਜਾਂਦੇ ਸਨ। ਪੰਜਾਬ ਦੇ ਪਿੰਡਾਂ ਵਿਚ ਲੋਕਲ ਪੰਚਾਇਤ ਦੀਆਂ ਚੋਣਾਂ ਦੀ ਮਹਤਤਾ ਅਸੈਂਬਲੀ ਅਤੇ ਲੋਕ ਸਭਾ ਦੀਆਂ ਚੋਣਾਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ ਅਤੇ ਚੋਣਾਂ ਕਰਾਉਣ ਗਏ ਸਟਾਫ ਦੀ ਸੇਵਾ ਪਿੰਡ ਵਾਲਿਆਂ ਵੱਲੋਂ ਜਵਾਈਆਂ ਨਾਲੋਂ ਵੀ ਕਿਤੇ ਵਧ ਹੁੰਦੀ ਹੈ। ਹਾਲਾਂ ਕਿ ਜਿੱਤ ਹਾਰ ਦਾ ਸਬੰਧ ਤਾਂ ਵੋਟਾਂ ਦੀ ਗਿਣਤੀ ਤੇ ਹੁੰਦਾ ਹੈ ਪਰ ਫਿਰ ਵੀ ਪਿੰਡਾਂ ਵਿਚ ਪੰਚ ਸਰਪੰਚ ਦੀਆਂ ਚੋਣਾਂ ਦੇ ਸਿੱਧੇ ਮੁਕਾਬਲੇ ਬੜੇ ਦਿਲਚਸਪ ਹੁੰਦੇ ਹਨ। ਪੁਲਸ ਭਾਵੇਂ ਨਾਲ ਹੁੰਦੀ ਹੈ ਪਰ ਫਿਰ ਵੀ ਝਗੜੇ ਤਾਂ ਕੀ ਕਈ ਵਾਰ ਇਹਨਾਂ ਚੋਣਾਂ ਵਿਚ ਕਤਲ ਵੀ ਹੋ ਜਾਂਦੇ ਹਨ।

ਕਿਸ਼ਤ-49

ਸ਼ਿਵ ਕੁਮਾਰ ਬਟਾਲਵੀ ਨਾਲ ਮੁਲਾਕਾਤਾਂ

ਸ਼ਿਵ ਕੁਮਾਰ ਬਟਾਲਵੀ ਦੀਆਂ ਹੇਠ ਲਿਖੀਆਂ ਕਵਿਤਾਵਾਂ ਮੈਂ ਪਹਿਲੀ ਵਾਰ 1961-62 ਵਿਚ ਆਰਸੀ, ਪੰਜ ਦਰਿਆ ਆਦਿ ਪਰਚਿਆਂ ਵਿਚ ਪੜ੍ਹੀਆਂ ਸਨ। ਇਹਨਾਂ ਕਵਿਤਾਵਾਂ ਨੇ ਮੇਰੇ ਦਿਲ ਅੰਦਰ ਭਾਂਬੜ ਬਾਲ ਦਿਤੇ ਸਨ। ਬ੍ਰਿਹਾ ਅਤੇ ਵਿਛੋੜੇ ਦੇ ਦਰਦ ਨੂੰ ਆਪਣੇ ਗੀਤਾਂ ਵਿਚ ਪੇਸ਼ ਕਰਨ ਵਿਚ ਉਹ ਪਹਿਲਾਂ ਹੋਏ ਸਾਰੇ ਕਵੀਆਂ ਦੇ ਬਿਆਨਾਂ ਤੋਂ ਅਗੇ ਲੰਘ ਪਿਛਲੇ ਸਾਰੇ ਹੱਦ ਬੰਨੇ ਟੱਪ ਗਿਆ ਸੀ। ਮੈਨੂੰ ਹੀ ਨਹੀਂ, ਹਰ ਇਕ ਨੂੰ ਲੱਗਣ ਲੱਗ ਪਿਆ ਸੀ ਕਿ ਆਪਣੇ ਗੀਤਾਂ ਵਿਚ ਜਿਵੇਂ ਉਹ ਉਹਨਾਂ ਦੇ ਅੰਦਰਲੇ ਦਰਦਾਂ ਦੀ ਗੱਲ ਕਹਿ ਰਿਹਾ ਸੀ। ਹਾਲੇ ਤਕ ਕਿਸੇ ਰਸਾਲੇ ਵਿਚ ਛਪੀ ਉਹਦੀ ਕਵਿਤਾ ਨਾਲ ਉਹਦੀ ਤਸਵੀਰ ਨਹੀਂ ਛਪੀ ਸੀ ਜਿਸ ਤੋਂ ਉਸਦੀ ਸ਼ਕਲ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੋਵੇ। ਉਸ ਦੇ ਗੀਤਾਂ ਅਤੇ ਕਵਿਤਾਵਾਂ ਨੇ ਲੋਕਾਂ ਨੂੰ ਦੀਵਾਨੇ ਕਰ ਦਿਤਾ ਸੀ। ਮੈਨੂੰ ਉਹਦੀਆਂ ਕਵਿਤਾਵਾਂ ਪੜ੍ਹ ਕੇ ਇੰਜ ਲਗਦਾ ਜਿਵੇਂ ਉਹ ਮੇਰੇ ਧੁਰ ਅੰਦਰਲੇ ਦਰਦ ਦੀ ਗੱਲ ਕਰ ਰਿਹਾ ਸੀ ਜਿਸ ਵਿਚ ਵੰਡ ਦੇ ਉਜਾੜੇ ਤੇ ਮੁਭ ਵਸੇਬੇ ਦਾ ਡੂੰਘਾ ਦਰਦ ਵੀ ਸ਼ਾਮਲ ਸੀ। ਮੈਨੂੰ ਉਹਦੀਆਂ ਥਲੇ ਲਿਖੀਆਂ ਕਵਿਤਾਵਾਂ ਤੋਂ ਇਲਾਵਾ ਉਹਦੀਆਂ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਜ਼ਬਾਨੀ ਯਾਦ ਹੋ ਗਈਆਂ ਜਿਵੇਂ:-

ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ
ਅਧੀ ਅਧੀ ਰਾਤ ਉਠ ਰੋਣ ਮੋਏ ਮਿਤਰਾਂ ਨੂੰ ਮਾਏ ਸਾਨੂੰ ਨੀਂਦ ਨਾ ਪਵੇ
ਆਖ ਸੂ ਨੀ ਖਾ ਲੈ ਟੁੱਕ ਹਿਜਰਾਂ ਦਾ ਪਕਿਆ ਲੇਖਾਂ ਦੇ ਨੀ ਪੁਠੜੇ ਤਵੇ

ਤੈਨੂੰ ਦਿਆਂ ਹੰਝੂਆਂ ਦਾ ਭਾੜਾ
ਨੀ ਪੀੜਾਂ ਦਾ ਪਰਾਗਾ ਭੁੰਨ ਦੇ
ਭੱਠੀ ਵਾਲੀਏ
ਭੱਠੀ ਵਾਲੀਏ ਨੀ ਚੰਬੇ ਦੀਏ ਡਾਲੀਏ
ਨੀ ਦੁਖਾਂ ਦਾ ਪਰਾਗਾ ਭੁੰਨ ਦੇ

ਇਹ ਕਿਸ ਦੀ ਅਜ ਯਾਦ ਹੈ ਆਈ
ਚੰਨ ਦਾ ਲੌਂਗ ਬੁਰਜੀਆਂ ਵਾਲਾ
ਪਾ ਕੇ ਨੱਕ ਵਿਚ ਰਾਤ ਹੈ ਆਈ
ਪੁਤਰ ਪਲੇਠੀ ਦਾ ਮੇਰਾ ਬਿਰਹਾ
ਫਿਰੇ ਚਵਨਣੀ ਕੁਛੜ ਚਾਈ
ਇਹ ਕਿਸ ਦੀ ਅਜ ਯਾਦ ਹੈ ਆਈ

ਮੈਂ ਕੰਡਿਆਲੀ ਥੋਰ ਵੇ ਸੱਜਣਾ, ਉੱਗੀ ਵਿਚ ਉਜਾੜਾਂ
ਜਾਂ ਉਡਦੀ ਬਦਲੋਟੀ ਕੋਈ, ਵਰ੍ਹ ਗਈ ਵਿਚ ਪਹਾੜਾਂ
ਜਾਂ ਉਹ ਦੀਵਾ ਜਿਹੜਾ ਬਲਦਾ, ਪੀਰਾਂ ਦੀ ਦੇਹਰੀ ਤੇ
ਜਾਂ ਕੋਈ ਕੋਇਲ ਕੰਠ ਜਿਦ੍ਹੇ ਦੀਆਂ, ਸੂਤੀਆਂ ਜਾਵਣ ਨਾੜਾਂ
ਜਾਂ ਚੰਬੇ ਦੀ ਡਾਲੀ ਕੋਈ, ਜੋ ਬਾਲਣ ਬਣ ਜਾਏ
ਜਾਂ ਮਰੂਏ ਦਾ ਫੁੱਲ ਬਸੰਤੀ, ਜੋ ਠੂੰਗ ਜਾਣ ਗਟਾਰਾਂ
ਜਾਂ ਕੋਈ ਬੋਟ ਕਿ ਜਿਸ ਦੇ ਹਾਲੇ, ਨੈਣ ਨਹੀਂ ਸਨ ਖੁਲ੍ਹੇ
ਮਾਰਿਆ ਮਾਲੀ ਕੱਸ ਗੁਲੇਲਾ, ਲੈ ਦਾਖਾਂ ਦੀਆਂ ਆੜਾਂ

ਇਹ 1962 ਦੀ ਗੱਲ ਹੈ ਕਿ ਸ਼ਿਵ ਮੈਨੂੰ ਜਗਤਾਰ ਪਪੀਹੇ ਨਾਲ ਜਲੰਧਰ ਮਿਲ ਗਿਆ। ਜਗਤਾਰ ਨੂੰ ਮੈਂ 1955 ਤੋਂ ਜਾਣਦਾ ਸਾਂ ਅਤੇ ਦੂਰੋਂ ਨੇੜਿਉਂ ਮੇਰਾ ਰਿਸ਼ਤੇਦਾਰ ਵੀ ਸੀ। ਅਬੋਹਰ ਲਾਗਲੇ ਪਿੰਡਾਂ ਵਿਚ ਜਿਥੇ ਮੈਂ ਟੀਚਰ ਰਿਹਾ ਸਾਂ ਉਹ ਓਸੇ

ਇਲਾਕੇ ਦੇ ਇਕ ਪਿੰਡ ਭੁਰੜ ਦੇ ਮਿਡਲ ਸਕੂਲ ਵਿਚ ਲੰਮਾ ਸਮਾਂ ਪੰਜਾਬੀ ਟੀਚਰ ਰਿਹਾ ਸੀ। ਇਹ ਪਿੰਡ ਮੁਕਤਸਰ ਅਤੇ ਮਲੋਟ ਦੇ ਵਿਚ੍ਹਕਾਰ ਪੈਂਦਾ ਸੀ।

**ਜਗਤਾਰ ਨੇ ਮੁਲਾਕਾਤ ਕਰਾਈ ਕਿ ਇਹ ਸ਼ਿਵ ਹੈ ਤੇ ਇਹ ਮੋਮੀ ਹੈ। ਉਹ ਕਿਸੇ ਵੀ ਐਕਟਰ ਨਾਲੋਂ ਜ਼ਿਆਦਾ ਖੁਬਸੂਰਤ ਸੀ। ਕਿਤਾਬੀ ਚਿਹਰਾ ਜਾਜ਼ਬੀਅਤ ਨਾਲ ਭਰਿਆ ਹੋਇਆ ਸੀ। ਅਖਾਂ ਵੀ ਬਹੁਤ ਖੁਬਸੂਰਤ ਸਨ ਅਤੇ ਅਖਾਂ ਪਿਛੇ ਕੁਝ ਚੁਪਿਆ ਹੋਇਆ ਹੋਰ ਵੀ ਰਹਸਮਈ ਸੀ। ਸਿਰ ਦੇ ਵਾਲ ਵੀ ਬਹੁਤ ਖੁਬਸੂਰਤ ਸਨ। ਦੁਧ ਚਿੱਟੇ ਕੁੜਤੇ ਪਜਾਮੇ ਵਿਚ ਉਹ ਦੇਵਦਾਸ ਫਿਲਮ ਦੇ ਹੀਰੋ ਦਲੀਪ ਕੁਮਾਰ ਨਾਲੋਂ ਵੀ ਜ਼ਿਆਦਾ ਆਕਰਸ਼ਕ ਲੱਗ ਰਿਹਾ ਸੀ। ਸ਼ਿਵ ਨੇ ਮੈਨੂੰ ਘੁਟ ਕੇ ਜਫੀ ਪਾਈ ਤੇ ਕਹਿਣ ਲੱਗਾ ਮੋਮੀ ਮੈਨੂੰ ਕਹਾਣੀ ਲਿਖਣੀ ਸਿਖਾ ਦੇ। ਮੈਂ ਤੇਰੀਆਂ ਕਹਾਣੀਆਂ ਦਾ ਸ਼ੁਦਾਈ ਹਾਂ। ਮੈਂ ਕਿਹਾ ਸ਼ਿਵ ਤੂੰ ਮੈਨੂੰ ਕਵਿਤਾ ਲਿਖਣੀਆਂ ਸਿਖਾ ਦੇ, ਮੈਂ ਤੇਰੇ ਗੀਤਾਂ ਤੇ ਕਵਿਤਾਵਾਂ ਦਾ ਆਸ਼ਕ ਹਾਂ। ਇਹ ਮੁਲਾਕਾਤ ਦੋਸਤੀ ਵਿਚ ਬਦਲ ਗਈ। ਇਸ ਤੋਂ ਬਾਅਦ ਸਾਡੀਆਂ ਸੈਂਕੜੇ ਮੁਲਾਕਾਤਾਂ ਇਤਿਹਾਸ ਬਣ ਨਿਬੜੀਆਂ। ਜਦ ਮੇਰੀ ਬਦਲੀ 1971 ਵਿਚ ਚੰਡੀਗੜ੍ਹ ਹੋਈ ਤਾਂ ਉਸ ਵੇਲੇ ਉਹ ਵੀ ਬਟਾਲੇ ਤੋਂ ਬਦਲ ਕੇ ਚੰਡੀਗੜ੍ਹ ਆ ਚੁਕਾ ਸੀ ਅਤੇ ਉਸਦੀ ਮੌਤ ਤੋਂ ਇਕ ਮਹੀਨਾ ਪਹਿਲਾਂ ਤਕ ਅਸੀਂ ਨਿਰੰਤਰ ਇਕ ਦੂਜੇ ਨੂੰ ਮਿਲਦੇ ਰਹੇ। ਉਹਦੇ ਨਾਲ ਸਾਰੀਆਂ ਮੁਲਾਕਾਤਾਂ ਦਾ ਹਾਲ ਲਿਖਣ ਲਈ ਤੈ ਸੈਂਕੜੇ ਸਫੇ ਚਾਹੀਦੇ ਹਨ ਪਰ ਮੈਂ ਉਸ ਨਾਲ ਆਪਣੀਆਂ ਕੁਝ ਯਾਦਾਂ ਨੂੰ ਇਕਠੀਆਂ ਕਰ ਕੇ ਮਈ 2009 ਦੇ ਖਬਰਨਾਮਾ ਅਖਬਾਰ ਵਿਚ ਉਸਦੀ 36ਵੀਂ ਬਰਸੀ ਤੇ ਜੋ ਹੇਠ ਲਿਖਿਆ ਵੇਰਵਾ ਲਿਖਿਆ, ਉਸ ਨਾਲ ਉਸ ਨੂੰ ਚਹੁਣ ਵਾਲਿਆਂ ਦੀ ਜਾਣਕਾਰੀ ਵਿਚ ਹੋਰ ਵੀ ਢੇਰ ਸਾਰਾ ਵਾਧਾ ਹੋਇਆ।**

ਜਨਮ: 23 ਜੁਲਾਈ, 1936, ਨੂੰ ਪਿਤਾ ਪੰਡਤ ਕਿਸ਼ਨ ਗੋਪਾਲ ਦੇ ਘਰ ਬੜਾ ਪਿੰਡ ਲੋਹਟੀਆਂ, ਤਹਿਸੀਲ ਸ਼ਕਰਗੜ੍ਹ, ਜ਼ਿਲਾ ਸਿਆਲਕੋਟ (ਪਾਕਿਸਤਾਨ)।
ਵਿਆਹ: ਅਰੁਣਾ ਨਾਲ 5 ਫਰਵਰੀ, 1967 ਨੂੰ ਪਠਾਨਕੋਟ ਦੇ ਗੁਲਮੋਹਰ ਹੋਟਲ ਵਿਚ।
ਦੋ ਬੱਚੇ, ਲੜਕਾ ਮਿਹਰਬਾਨ ਤੇ ਬੇਟੀ ਪੂਜਾ
ਮੌਤ: 6 ਮਈ, 1973, ਸਹੁਰੇ ਪਿੰਡ ਕਿਰ ਮੰਗਿਆਲ, ਤਹਿਸੀਲ ਪਠਾਨਕੋਟ, ਜ਼ਿਲਾ ਗੁਰਦਾਸਪੁਰ

**ਸ਼ਿਵ ਦੀ ਲੋਕ ਪ੍ਰਿਅਤਾ ਵਾਰਸ ਸ਼ਾਹ ਤੋਂ ਬਾਅਦ ਦੂਜੇ ਨੰਬਰ ਤੇ ਗਿਣੀ ਜਾਂਦੀ ਹੈ।**

ਉਹ 11 ਸਾਲ ਦਾ ਸੀ ਜਦ 1947 ਵਿਚ ਪਾਕਿਸਤਾਨ ਬਣਿਆ ਤੇ ਉਹ ਆਪਣੇ ਮਾਪਿਆਂ ਨਾਲ ਆਪਣਾ ਜੱਦੀ ਪਿੰਡ ਲੋਹਟੀਆਂ, ਜ਼ਿਲਾ ਸਿਆਲਕੋਟ ਛਡ ਕੇ ਬਟਾਲੇ ਆ ਗਿਆ। ਸੰਨ 1953 ਵਿਚ ਮੈਟਰਿਕ ਪਾਸ ਕਰਨ ਉਪਰੰਤ ਸ਼ਿਵ ਕੁਝ ਚਿਰ ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਤੇ ਫਿਰ ਐਸ. ਐਨ. ਕਾਲਜ ਕਾਦੀਆਂ ਅਗਲੇਰੀ ਪੜ੍ਹਾਈ ਲਈ ਦਾਖਲ ਹੋਇਆ ਪਰ ਪੜ੍ਹਾਈ ਪੂਰੀ ਨਾ ਕੀਤੀ। ਕਿਓਂਕਿ ਉਹਦਾ ਪਿਤਾ ਜੋ ਮਾਲ ਮਹਿਕਮੇ ਵਿਚ ਨਾਇਬ ਤਹਿਸੀਲਦਾਰ ਸੀ, ਉਸ ਨੇ ਸ਼ਿਵ ਨੂੰ ਪਟਵਾਰੀ ਦੀ ਨੌਕਰੀ ਤੇ ਲਗਵਾ ਦਿਤਾ। ਉਹਨੂੰ ਜ਼ਮੀਨਾਂ ਦੀਆਂ ਗਰਦੌਰੀਆਂ ਤੇ ਇੰਤਕਾਲ ਕਰਨ, ਸ਼ਜਰੇ ਬਨਾਉਣ, ਖਸਰੇ ਨੰਬਰ ਦੇਣ, ਸੋਕੇ ਤੇ ਹੜ ਮਾਰੇ ਇਲਾਕਿਆਂ ਦਾ ਹਿਸਾਬ ਰੱਖਣ, ਜ਼ਮੀਨ ਮਾਲਕਾਂ ਤੇ ਹਲ ਵਾਹਕ ਮੁਜ਼ਾਰਿਆਂ ਦੇ ਝਗੜੇ ਨਿਪਟਾਉਣ, ਜ਼ਮੀਨ ਮਾਲਕੀ ਦੀਆਂ ਨਕਲਾਂ ਦੇਣ ਤੇ ਜ਼ਰਬਾਂ ਤਕਸੀਮਾਂ ਕਰਨ ਦਾ ਕੰਮ ਰਾਸ ਨਾ ਆਇਆ। ਉਹਦੇ ਧੁਰ ਅੰਦਰ ਰਚੇ ਸ਼ਾਇਰ ਮਨ ਨੇ ਇਹ ਨੌਕਰੀ ਛਡਵਾ ਦਿਤੀ ਪਰ ਪੇਂਡੂ ਜੀਵਨ, ਪੰਜਾਬ ਦੇ ਸਭਿਆਚਾਰ ਅਤੇ ਨਜ਼ਾਰਿਆਂ ਦੇ ਸੈਂਕੜੇ ਸ਼ਬਦ ਪਟਵਾਰੀ ਦੀ ਨੌਕਰੀ ਕਰਦਿਆਂ ਤਜਰਬੇ ਵਜੋਂ ਉਹਦੇ ਜ਼ਿਹਨ ਦੇ ਆਰ ਪਾਰ ਖੁਭ ਗਏ। ਇਸ ਅਮੀਰ ਸ਼ਬਦਾਵਲੀ ਨੂੰ ਉਸ ਅਜਿਹੇ ਕਲਾਤਮਕ ਢੰਗ ਨਾਲ ਆਪਣੇ ਬ੍ਰਿਹੋਂ ਭਰਪੂਰ ਗੀਤਾਂ ਵਿਚ ਪਰੋਇਆ ਕਿ ਇਹਨਾਂ ਗੀਤਾਂ ਦੇ ਅਰਥਾਂ ਵਿਚੋਂ ਲੋਕ ਆਪਣੀਆਂ ਪੀੜਾਂ ਹਰਨ ਲਗੇ ਜਿਵੇਂ:-

"ਯਾਦਾਂ ਦਾ ਕਰ ਲੋਗੜ ਕੋਸਾ ਦਿਲ ਨੂੰ ਕਰਾਂ ਟਕੋਰਾਂ ਮੈਂ
ਪਈ ਬ੍ਰਿਹੋਂ ਦੀ ਸੋਜ ਕਲੇਜੇ ਮੋਇਆਂ ਬਾਝ ਨਾ ਜਾਣੀ ਨੀ

ਰਾਤਾਂ ਨੂੰ ਸੁਪਨੇ ਵਿਚ ਆਉਣ ਵਾਲੀ ਮੀਨਾ ਸ਼ਿਵ ਦੀ ਜ਼ਿੰਦਗੀ ਦੀ ਪਹਿਲੀ ਕੁੜੀ ਸੀ ਜੋ ਉਸ ਨੂੰ ਬੈਜਨਾਥ ਦੇ ਮੇਲੇ ਤੇ ਮਿਲੀ ਸੀ। ਮੀਨਾ ਕੱਚੀ ਨਹੀਂ ਸੀ ਪਰ ਜ਼ਿੰਦਗੀ ਕੱਚੀ ਨਿਕਲੀ ਤੇ ਉਹ ਮਿਆਦੀ ਬੁਖਾਰ ਨਾਲ ਮਰ ਗਈ। ਅਲਬੇਲੇ ਤੇ ਆਸ਼ਕ

ਸੁਭਾਅ ਦੇ ਮਾਲਕ, ਸ਼ਿਵ ਨੂੰ ਚੜ੍ਹਦੀ ਜਵਾਨੀ ਵਿਚ ਪਿਆਰ ਚੋਂ ਮਿਲੀ ਨਿਰਾਸਤਾ ਤੇ ਦੁਖ ਨਾਲ ਉਹਦੇ ਅੰਦਰੋਂ ਬਿਰਹਾ ਦੇ ਗੀਤ ਲਾਵੇ ਵਾਂਗ ਫੁਟ ਉਠੇ ਜਿਵੇਂ:-

ਤੇਰੀ ਯਾਦ ਅਸਾਨੂੰ ਮਣਸ ਕੇ ਕੁਝ ਸੂਲਾਂ ਕਰ ਗਈ ਦਾਨ ਵੇ
ਅਜ ਫੁੱਲਾਂ ਦੇ ਘਰ ਮਹਿਕ ਦੀ ਆਈ ਦੂਰੋਂ ਚੱਲ ਮਕਾਣ ਵੇ
ਸਾਡੇ ਵਿਹੜੇ ਪੱਤਰ ਅੰਬ ਦੇ ਗਏ ਟੰਗ ਮਰਾਸੀ ਆਣ ਵੇ
ਕਾਗਜ਼ ਦੇ ਤੋਤੇ ਲਾ ਗਏ ਮੇਰੀ ਅਰਥੀ ਨੂੰ ਤਰਖਾਣ ਵੇ
ਤੇਰੇ ਮੋਹ ਦੇ ਲਾਲ ਗੁਲਾਬ ਦੀ ਆਏ ਮੰਜਰੀ ਡੋਰ ਚੁਰਾਣ ਵੇ
ਸਾਡੇ ਸੁੱਤੇ ਮਾਲੀ ਆਸ ਦੇ ਅਜ ਕੋਰੀ ਚਾਦਰ ਤਾਣ ਵੇ
ਮੇਰੇ ਦਿਲ ਦੇ ਮਾਨਸਰੋਵਰਾਂ ਵਿਚ ਬੈਠੇ ਹੰਸ ਪਰਾਣ ਵੇ
ਤੇਰਾ ਬਿਰਹਾ ਲਾ ਲਾ ਤੌੜੀਆਂ ਆਏ ਮੁੜ ਮੁੜ ਆਣ ਉਡਾਣ ਵੇ

ਨੀ ਮੇਰੇ ਪਿੰਡ ਦੀਓ ਕੁੜੀਓ ਚਿੜੀਓ ਆਓ ਮੈਨੂੰ ਦਿਓ ਦਿਲਾਸਾ ਨੀ
ਪੀ ਚਲਿਆ ਨੀ ਮੈਨੂੰ ਘੁਟ ਘੁਟ ਕਰ ਕੇ ਗ਼ਮ ਦਾ ਮਿਰਗ ਪਿਆਸਾ ਨੀ
ਡੋਲ੍ਹ ਇਤਰ ਮੇਰੀਂ ਜ਼ੁਲਫੀਂ ਮੈਨੂੰ ਲੈ ਚਲੋ ਕਬਰਾਂ ਵੱਲੇ ਨੀ
ਖਵਰੇ ਭੂਤ ਭੁਤਾਣੇ ਹੀ ਬਣ ਚੰਬੜ ਜਾਵਣ ਹਾਣੀ ਨੀਂ

ਮੀਨਾ ਦੇ ਸੋਗ ਵਿਚ ਸ਼ਿਵ ਵੂਹੜੀ ਪਾ ਕੇ ਬੈਠਾ ਰਹਿੰਦਾ ਤੇ ਮੀਨਾ ਦੀਆਂ ਯਾਦਾਂ ਮੁਕਾਣੇ ਔਂਦੀਆਂ ਜਾਂਦੀਆਂ ਰਹਿੰਦੀਆਂ। ਉਸ ਨੇ ਲਿਖਿਆ:

ਜਿੰਦੂ ਦੇ ਬਾਗੀਂ ਦਰਦਾਂ ਦਾ ਬੂਟੜਾ ਗੀਤਾਂ ਦਾ ਮਿਰਗ ਚਰੇ
ਹਿਜਰਾਂ ਦੀ ਵਾਉ ਵਗੇ ਅਧਰੈਣੀ ਕੋਈ ਕੋਈ ਪੱਤ ਕਿਰੇ

ਸ਼ਿਵ ਛੇਤੀ ਹੀ ਪੰਜਾਬ ਦਾ ਹਰਮਨ ਪਿਆਰਾ ਸ਼ਾਇਰ ਬਣ ਗਿਆ। ਕੁੜੀਆਂ ਓਸ ਦੇ ਗੀਤ ਆਪਣੀਆਂ ਕਾਪੀਆਂ ਵਿਚ ਉਤਾਰ ਲੈਂਦੀਆਂ ਤੇ ਕਈ ਸੂਈਆਂ ਮਾਰ ਪੋਟੇ ਚੋਂ ਖ਼ੂੰਨ ਕਢ ਆਪਣਾ ਨਾਂ ਕਾਗਜ਼ ਤੇ ਲਿਖ ਕੇ ਉਹਨੂੰ ਦੇ ਦੇਂਦੀਆਂ। ਇਹ ਉਹ ਸਮਾਂ ਸੀ ਜਦ ਓਸਦੀ ਦੂਜੀ ਮਹਿਬੂਬਾ ਗੁਰਬਖਸ਼ ਸਿੰਘ ਦੀ ਕੁੜੀ ਵੀ ਉਹਨੂੰ ਛਡ ਕੇ ਬਦੇਸ਼ ਚਲੀ ਗਈ ਤੇ ਉਸ ਦੀ ਜੁਦਾਈ ਦੀ ਤੜਪ ਵਿਚ ਸ਼ਿਵ ਨੇ ਮਸ਼ਹੂਰ ਗੀਤ 'ਸ਼ਿਕਰਾ' ਲਿਖਿਆ:-

ਮਾਏ ਨੀ ਮਾਏ ਮੈਂ ਇਕ ਸ਼ਿਕਰਾ ਯਾਰ ਬਣਾਇਆ
ਇਕ ਉਹਦੇ ਰੂਪ ਦੀ ਧੁਪ ਤਿਖੇਰੀ ਦੂਜਾ ਮਹਿਕਾਂ ਦਾ ਤਿਰਹਾਇਆ
ਤੀਜਾ ਉਹਦਾ ਰੰਗ ਗੁਲਾਬੀ ਕਿਸੇ ਗੋਰੀ ਮਾਂ ਦਾ ਜਾਇਆ
ਇਕ ਉਡਾਰੀ ਓਸ ਐਸੀ ਮਾਰੀ ਉਹ ਮੁੜ ਵਤਨੀ ਨਾ ਆਇਆ
ਇਸ਼ਕੇ ਦਾ ਇਕ ਪਲੰਘ ਨਵਾਰੀ ਅਸਾਂ ਚਾਨਣੀਆਂ ਵਿਚ ਡਾਹਿਆ
ਤਨ ਦੀ ਚਾਦਰ ਹੋ ਗਈ ਮੈਲੀ ਉਸ ਪੈਰ ਜਾਂ ਪਲੰਘੇ ਪਾਇਆ
ਚੂਰੀ ਕੁੱਟਾਂ ਤੇ ਉਹ ਖਾਂਦਾ ਨਾਹੀਂ ਉਹਨੂੰ ਦਿਲ ਦਾ ਮਾਸ ਖਵਾਇਆ
ਮਾਏ ਨੀ ਮਾਏ ਮੈਂ ਇਕ ਸ਼ਿਕਰਾ ਯਾਰ ਬਣਾਇਆ
ਨੀ ਮੈਂ ਵਾਰੀ ਜਾਂ------

ਅਤੇ ਇਸ ਤਰ੍ਹਾਂ ਦੇ ਹੋਰ ਗੀਤ:

ਇਹ ਕਿਸ ਦੀ ਅਜ ਯਾਦ ਹੈ ਆਈ
ਚੰਨ ਦਾ ਲੌਂਗ ਬੁਰਜੀਆਂ ਵਾਲਾ, ਪਾ ਕੇ ਨੱਕ ਵਿਚ ਰਾਤ ਹੈ ਆਈ
ਪੁਤਰ ਪਲੇਠੀ ਦਾ ਮੇਰਾ ਬਿਰਹਾ, ਫਿਰੇ ਚਾਨਣੀ ਕੁੱਛੜ ਚਾਈ

ਸੱਜਣ ਜੀ, ਅਸਾਂ ਕਿਸ ਖਾਤਰ ਹੁਣ ਜੀਣਾ

ਸਾਡੇ ਮੁਖ ਦਾ ਮੈਲਾ ਚਾਨਣ, ਕਿਸ ਚੁੰਮਣਾ ਕਿਸ ਪੀਣਾ
ਸੱਜਣ ਜੀ, ਅਸਾਂ ਕਿਸ ਖਾਤਰ ਹੁਣ ਜੀਣਾ

ਜੇ ਕਿਸਮਤ ਮਿਰਚਾਂ ਦੇ ਪੱਤਰ ਪੀਠ ਤਲੀ ਤੇ ਲਾਏ ਵੇ
ਕਰਮਾਂ ਦੀ ਮਹਿੰਦੀ ਦਾ ਸਜਨਾ ਰੰਗ ਕਿਵੇਂ ਦੱਸ ਚੜ੍ਹਦਾ ਵੇ

ਲੋਕਣ ਪੂਜਣ ਰੱਬ ਮੈਂ ਪੂਜਾਂ ਤੇਰਾ ਬਿਰਹੜਾ
ਸਾਨੂੰ ਸੌ ਮਕਿਆਂ ਦਾ ਹੱਜ ਵੇ ਤੇਰਾ ਬਿਰਹੜਾ

1965 ਵਿਚ ਉਸ ਨੇ ਲੂਣਾ ਲਿਖੀ ਜਿਸ ਵਿਚ ਉਸ ਨੇ ਇਸ ਸੰਕਲਪ ਨੂੰ ਅਸਵੀਕਾਰ ਕੀਤਾ ਕਿ ਲੂਣਾ ਗਲਤ ਸੀ।

ਲੂਣਾ ਹੋਵੇ ਤਾਂ ਅਪਰਾਧਨ
ਜੇਕਰ ਅੰਦਰੋਂ ਹੋਏ ਸੁਹਾਗਣ
ਪਿਤਾ ਜੇ ਧੀ ਦਾ ਰੂਪ ਹੰਢਾਵੇ
ਲੋਕਾ ਵੇ ਤੈਨੂੰ ਸ਼ਰਮ ਨਾ ਆਵੇ
ਮੈਂ ਪੂਰਨ ਦੀ ਮਾਂ
ਪੂਰਨ ਦੇ ਹਾਣ ਦੀ

1967 ਵਿਚ ਸ਼ਿਵ ਨੂੰ ਲੂਣਾ ਲਿਖਣ ਤੇ ਭਾਰਤ ਸਾਹਿਤ ਅਕਾਡਮੀ ਦਾ ਪੰਜ ਹਜ਼ਾਰ ਦਾ ਇਨਾਮ ਮਿਲਿਆ। ਇਹ ਪ੍ਰਤਿਸ਼ਠਾਵਾਨ ਇਨਾਮ ਹਾਸਲ ਕਰਨ ਵਾਲਾ ਸ਼ਿਵ ਸਭ ਤੋਂ ਛੋਟੀ ਉਮਰ ਦਾ ਸੀ। ਆਪਣੇ ਟਿੱਚਰੀ ਸੁਭਾਅ ਕਾਰਨ ਟਿਪਣੀ ਕਰਦਿਆਂ ਉਸ ਇਕ ਮਹਿਫਲ ਵਿਚ ਕਹਿ ਦਿਤਾ ਕਿ ਪੰਜ ਹਜ਼ਾਰ ਦਾ ਇਨਾਮ ਲੈਣ ਲਈ ਸੱਤ ਹਜ਼ਾਰ ਉਤੇ ਲਗ ਗਏ ਹਨ। ਸ਼ਿਵ ਦੀ ਮੌਤ ਤੋਂ ਬਾਅਦ ਬੱਚੇ ਤੇ ਉਹਦੀ ਪਤਨੀ ਅਰੁਨਾ ਪੰਜਾਬੀ ਯੂਨੀਵਰਸਿਟੀ ਪਟਿਆਲੇ ਰਹੇ ਤੇ ਪੜ੍ਹੇ। ਅਰੁਨਾ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਨੌਕਰੀ ਕਰਦੀ ਸੀ ਜਿਥੋਂ ਹੁਣ ਸੇਵਾ ਮੁਕਤ ਹੋ ਚੁਕੀ ਹੈ। ਪੂਜਾ ਅਮਰੀਕਾ ਵਿਚ ਹੈ। ਮਿਹਰਬਾਨ ਲੈਕਚਰਰ ਲੱਗਾ ਹੋਇਆ ਹੈ। ਅਕਸਰ ਕਈ ਲੋਕ ਮੈਨੂੰ ਪੁਛਦੇ ਹਨ ਕਿ ਕੀ ਸ਼ਿਵ ਵਿਆਹਿਆ ਹੋਇਆ ਸੀ? ਮੈਨੂੰ ਉਹਨਾਂ ਦੀ ਅਗਿਆਣਤਾ ਤੇ ਹਾਸਾ ਆਉਂਦਾ ਹੈ। ਸ਼ਿਵ ਦੇ ਦੋਹਾਂ ਬੱਚਿਆਂ ਚੋਂ ਕੋਈ ਵੀ ਲੇਖਕ ਤਾਂ ਨਹੀਂ ਬਣਿਆ ਜੋ ਜ਼ਰੂਰੀ ਵੀ ਨਹੀਂ ਪਰ ਅਰੁਨਾ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਉਸ ਨੂੰ ਪੰਜਾਬੀ ਦੇ ਮਹਾਨ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਪਤਨੀ ਹੋਣ ਦਾ ਮਾਣ ਹਾਸਲ ਹੋਇਆ। ਇਕ ਸ਼ਾਇਰ ਨਾਲ ਉਸ ਨੇ ਆਪਣੀ ਜਵਾਨੀ ਦੇ ਦਿਨ ਕਿਸ ਤਰ੍ਹਾਂ ਬਿਤਾਏ ਤੇ ਉਸਦੀ ਮੌਤ ਤੋਂ ਬਾਅਦ ਜੀਵਨ ਕਿਵੇਂ ਬੀਤਿਆ? ਇਸ ਵਿਸ਼ੇ ਤੇ ਬਹੁਤ ਵਡੀ ਖੋਜ ਹੋ ਸਕਦੀ ਹੈ ਅਤੇ ਇਕ ਨਹੀਂ, ਕਈ ਫਿਲਮਾਂ ਬਣ ਸਕਦੀਆਂ ਹਨ। ਪਤਾ ਨਹੀਂ ਕਿਸੇ ਨੇ ਹੌਸਲਾ ਕਿਉਂ ਨਹੀਂ ਕੀਤਾ। "ਖੇਡਣ ਦੇ ਦਿਨ ਚਾਰ" ਫਿਲਮ ਦਾ ਹੀਰੋ ਮਨੋਹਰ ਦੀਪਕ ਕਦੇ ਕਦੇ ਸ਼ਿਵ ਦੇ ਜੀਵਨ ਬਾਰੇ ਫਿਲਮ ਬਨਾਉਣ ਦੀ ਗੱਲ ਕਰਿਆ ਕਰਦਾ ਸੀ ਜੋ ਪੂਰੀ ਨਾ ਹੋਈ।

ਕਾਲਜੇ ਨੂੰ ਧੂ ਪਾਉਣ ਵਾਲੇ ਬਿਰਹਾ ਦੇ ਗੀਤ ਲਿਖਣ ਕੇ ਸੁਰੀਲੀ ਤੇ ਸੋਗਮਈ ਆਵਾਜ਼ ਵਿਚ ਕੰਨ ਤੇ ਹਥ ਰਖ ਕੇ ਗਾਉਣ ਵਾਲਾ ਸ਼ਿਵ ਕੁਮਾਰ 5 ਮਈ, 1973 ਨੂੰ ਆਪਣੇ ਸਹੁਰੇ ਪਿੰਡ ਕਿਰ ਮੰਗਿਆਲ, ਤਹਿਸੀਲ ਪਠਾਨਕੋਟ ਵਿਖੇ ਸਾਥੋਂ ਸਦਾ ਲਈ ਵਿਛੜ ਗਿਆ ਸੀ। ਜ਼ਿਆਦਾ ਸ਼ਰਾਬ ਪੀਣ ਕਰ ਕੇ ਉਹ ਲਿਵਰ ਆਦਿ ਕਈ ਬੀਮਾਰੀਆਂ ਤੋਂ ਪੀੜਤ ਸੀ ਅਤੇ ਯਾਦਦਾਸ਼ਤ ਵੀ ਕਾਫੀ ਕਮਜ਼ੋਰ ਹੋ ਗਈ ਸੀ। ਅੰਤਲੇ ਦਿਨਾਂ ਵਿਚ ਲਿਖੀਆਂ ਕਵਿਤਾਵਾਂ ਵੀ ਮਨ ਦੀ ਵਧ ਰਹੀ ਉਪਰਾਮਤਾ ਵਾਲੀਆਂ ਸਨ। ਉਸ ਦੇ ਗੀਤ ਕਈ ਸਿੰਗਰਜ਼ ਜਿਵੇਂ ਜਗਜੀਤ ਸਿੰਘ ਚਿਤਰਾ ਸਿੰਘ, ਦੀਦਾਰ ਸਿੰਘ ਪਰਦੇਸੀ, ਸੁਰਿੰਦਰ ਕੌਰ, ਜਗਜੀਤ ਜ਼ੀਰਵੀ, ਮਹਿੰਦਰ ਕਪੂਰ, ਹੰਸ ਰਾਜ ਹੰਸ ਤੇ ਹੋਰ ਕਈਆਂ ਨੇ ਗਾਏ ਹਨ। ਪੰਜਾਬ ਯੂਨੀਵਰਸਿਟੀ ਦਾ ਅੰਗਰੇਜ਼ੀ ਦਾ ਪ੍ਰੋਫੈਸਰ ਓ. ਪੀ. ਸ਼ਰਮਾ ਉਸਨੂੰ ਪੰਜਾਬੀ ਦਾ ਕੀਟਸ ਅਤੇ ਸ਼ੈਲੇ ਕਿਹਾ ਕਰਦਾ ਸੀ।

36 ਸਾਲਾਂ ਦੇ ਏਨੇ ਲੰਮੇ ਸਮੇਂ ਬਾਅਦ ਵੀ ਬਿਰਹਾ ਦੇ ਕਵੀ ਸ਼ਿਵ ਕੁਮਾਰ ਨੂੰ ਲੋਕਾਂ ਨੇ ਨਹੀਂ ਭੁਲਾਇਆ। ਪੰਜਾਬ ਤੇ ਪੰਜਾਬੋਂ ਬਾਹਰ ਦੁਨੀਆ ਵਿਚ ਜਿੱਥੇ ਜਿੱਥੇ ਪੰਜਾਬੀ ਜਾ ਵੱਸੇ ਹਨ, ਉਹਨਾਂ ਨੇ ਸ਼ਿਵ ਕੁਮਾਰ ਦੇ ਗੀਤਾਂ ਨੂੰ ਸੁਣਿਆ, ਮਾਣਿਆ, ਮਹਿਸੂਸਿਆ ਅਤੇ ਆਪਣੀਆਂ ਪੀੜਾਂ ਦਾ ਕਥਾਰਸਜ਼ ਕੀਤਾ ਹੈ। ਸ਼ਿਵ ਬਿਰਹਾ ਦੀ ਕਾਵਿ-ਪੀੜਾ ਦੇ ਸੰਕਲਪ ਵਿਚ ਸੁਲਤਾਨਾਂ ਦਾ ਸੁਲਤਾਨ ਸੀ। ਉਸ ਜਿਹਾ ਦਰਦ ਉਸ ਤੋਂ ਪਹਿਲਾਂ ਤੇ ਪਿੱਛੋਂ ਕੋਈ ਸ਼ਾਇਰ ਵੀ ਆਪਣੀਆਂ ਰਚਨਾਵਾਂ ਵਿਚ ਪੇਸ਼ ਨਹੀਂ ਕਰ ਸਕਿਆ ਅਤੇ ਸ਼ਾਇਦ ਕਦੀ ਕੋਈ ਹੋਰ ਕਰ ਵੀ ਨਾ ਸਕੇ। ਉਸ ਨੇ ਆਪਣੀਆਂ ਕਵਿਤਾਵਾਂ ਤੇ ਗੀਤਾਂ ਵਿਚ ਜਿੱਥੇ ਮਨ ਦੀ ਵੇਦਨਾ, ਪੀੜਾਂ ਤੇ ਹੂਕਾਂ ਨੂੰ ਸਾਰੇ ਹੱਦਾਂ ਬੰਨੇ ਤੋੜ ਕੇ ਸਿਖਰ ਤੋਂ ਸਿਖਰ ਤੀਕ ਪੁਚਾਇਆ, ਉਸ ਦੇ ਨਾਲ ਨਾਲ ਉਸ

ਆਪਣੇ ਜੀਵਨ ਵਿਚ ਵੀ ਪੀੜਾਂ ਹੰਢਾਈਆਂ। ਉਸ ਆਪਣੀਆਂ ਰਚਨਾਵਾਂ ਵਿਚ ਅਕਸਰ ਮੌਤ, ਕਫ਼ਨ, ਗ਼ਮ, ਕਬਰਾਂ, ਯਾਦਾਂ, ਪੀੜਾਂ, ਫਰਿਆਦਾਂ, ਕਲੇਜਾ, ਹਿਜਰ, ਹੰਝੂ, ਮੋਏ ਮਿੱਤਰ, ਅਰਥੀ, ਤਤੀਰੀ, ਰੜਕ, ਭੂਤ ਆਦਿ ਸ਼ਬਦਾਂ ਦਾ ਖੁਲ੍ਹ ਕੇ ਵਰਨਣ ਕੀਤਾ। ਇਹ ਸ਼ਬਦ ਉਸ ਦੀ ਡੂੰਘੀ ਮਾਨਸਿਕ ਅਸੰਤੁਸ਼ਟਤਾ, ਬੇਆਰਾਮੀ, ਬੇਚੈਨੀ ਤੇ ਮੌਤ ਨਾਲ ਸਾਂਝ ਦਾ ਰਿਸ਼ਤਾ ਦਰਸਾਉਂਦੇ ਹਨ ਜਿਵੇਂ:

ਡੋਲ੍ਹ ਇਤਰ ਮੇਰੀ ਜ਼ੁਲਫੀਂ ਮੈਨੂੰ ਲੈ ਚੱਲੋ ਕਬਰਾਂ ਵੱਲੇ ਨੀ
ਖਵਰੇ ਭੂਤ ਭੁਤਾਣੇ ਹੀ ਬਣ ਚੰਬੜ ਜਾਣ ਸਾਡੇ ਹਾਣੀ ਨੀ

ਕਈ ਵਾਰ ਅਤਿ ਗ਼ਮਗੀਨ ਅਵਸਥਾ ਵਿਚ ਉਹ ਖ਼ੁਦ ਵੀ ਪੀੜ ਦਾ ਮੁਜੱਸਮਾ ਲਗਦਾ ਸੀ ਤੇ ਉਸ ਕੋਲ ਆਪਣੇ ਖ਼ੂਬਸੂਰਤ ਚਿਹਰੇ ਨੂੰ ਗ਼ਮਗੀਨ ਬਣਾਉਣ ਦੀ ਕਲਾ ਵੀ ਸੀ। ਉਹਦਾ ਇਹ ਵੀ ਕਹਿਣਾ ਸੀ ਕਿ ਇਕ ਨਿਰੰਤਰ ਪੀੜ ਮੇਰੇ ਧੁਰ ਅੰਦਰ ਵੱਸੀ ਹੋਈ ਹੈ। ਜਿਸ ਦਾ ਕੋਈ ਇਲਾਜ ਨਹੀਂ ਹੈ ਤੇ ਨਾ ਹੀ ਉਸ ਪੀੜ ਨੂੰ ਫੜ੍ਹਿਆ ਜਾ ਸਕਦਾ ਹੈ। ਵਕਤੀ ਤੌਰ ’ਤੇ ਉਸ ਪੀੜ ਤੋਂ ਛੁਟਕਾਰਾ ਪਾਉਣ ਲਈ ਮੈਂ ਸ਼ਰਾਬ ਪੀਂਦਾ ਹਾਂ ਤੇ ਸ਼ਰਾਬ ਦੇ ਨਸ਼ੇ ਵਿਚ ਉਸ ਨੂੰ ਅਣਡਿੱਠ ਕਰਨਾ ਚਾਹੁੰਦਾ ਹਾਂ ਪਰ ਕਾਮਯਾਬੀ ਨਹੀਂ ਹੁੰਦੀ। ਸ਼ਰਾਬ ਨੇ ਮੇਰੇ ਸਾਰੇ ਜਿਸਮਾਨੀ ਤੇ ਦਿਮਾਗ਼ੀ ਢਾਂਚੇ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਮੌਤ ਸਭ ਪਾਸਿਆਂ ਤੋਂ ਮੇਰੇ ਕਰੀਬ ਖੜ੍ਹੀ ਹੈ, ਪੀਣ ਨਾਲ ਵੀ, ਨਾ ਪੀਣ ਨਾਲ ਵੀ।

ਮੈਨੂੰ 1962 ਤੋਂ 1973 ਤੀਕ ਸ਼ਿਵ ਨਾਲ ਨਾਲ ਟੁਰਨ ਤੇ ਵਿਚਰਣ ਦਾ ਮੌਕਾ ਮਿਲਿਆ। ਸੰਨ 1970 ਤੀਕ ਦਾ ਸਮਾਂ ਤਾਂ ਅਜਿਹਾ ਸੀ ਕਿ ਉਹ ਕਾਮਯਾਬੀ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਤੇ ਜੇ ਮਿੱਟੀ ਨੂੰ ਵੀ ਹੱਥ ਲਾਉਂਦਾ ਸੀ ਤਾਂ ਉਹ ਸੋਨਾ ਬਣ ਜਾਂਦੀ ਸੀ। ਸਾਡੀਆਂ ਮੁਲਾਕਾਤਾਂ ਵਧੇਰੇ ਕਰ ਕੇ ਅੰਮ੍ਰਿਤਸਰ ਸੁਰਗਵਾਸੀ ਕਹਾਣੀਕਾਰ ਜਗਜੀਤ ਸਿੰਘ ਆਹੂਜਾ ਦੇ ਘਰ, ਜੋ ਉਸਦੀਆਂ ਕਵਿਤਾਵਾਂ ਦਾ ਬਹੁਤ ਵੱਡਾ ਉਪਾਸ਼ਕ ਸੀ, ਹੋਇਆ ਕਰਦੀਆਂ ਸਨ। ਆਪਣੀ ਸਟੇਟ ਬੈਂਕ ਆਫ ਪਟਿਆਲਾ ਦੀ ਨੌਕਰੀ ਦੇ ਸਬੰਧ ਵਿਚ ਚੰਡੀਗੜ੍ਹ ਆਉਣ ਤੋਂ ਪਹਿਲਾਂ ਅੰਮ੍ਰਿਤਸਰ ਉਹਦੀਆਂ ਹਰ ਪ੍ਰਕਾਰ ਦੀਆਂ ਗਤੀਵਿਧੀਆਂ ਦਾ ਘਰ ਸੀ ਜਿਵੇਂ ਸਾਹਿਤਕ, ਰੋਮਾਂਟਿਕ ਤੇ ਸ਼ਰਾਬ ਨੋਸ਼ੀ ਆਦਿ। ਗਰੈਂਡ ਹੋਟਲ, ਲਾਰੰਸ ਰੋਡ ਤੇ ਮਾਲ ਰੋਡ ਤੇ ਰਿਟਜ਼ ਹੋਟਲ ਉਹਦੇ ਸ਼ਰਾਬ ਪੀਣ ਵਾਲੇ ਕੁਝ ਅੱਡਿਆਂ ਵਿਚੋਂ ਇਕ ਸਨ। ਇਥੋਂ ਕਈ ਵਾਰ ਉਹ ਗਈ ਰਾਤ ਨੂੰ ਸ਼ਰਾਬੀ ਹਾਲਤ ਵਿਚ ਬੱਸ ਫੜ੍ਹ ਕੇ ਬਟਾਲੇ ਚਲਾ ਜਾਂਦਾ ਸੀ। ਅਮੀਰਾਂ ਦੇ ਇਸ ਇਲਾਕੇ ਵਿਚ ਉਸ ਨੂੰ ਸ਼ਰਾਬ ਪੀਣ ਪਿਲਾਣ ਵਾਲਿਆਂ ਦੀ ਕੋਈ ਕਮੀ ਨਹੀਂ ਸੀ। ਇਥੇ ਹੀ ਕੁਝ ਸਾਲ ਪਹਿਲਾਂ ਬਲਰਾਜ ਸਾਹਨੀ ਤੇ ਫ਼ਿਲਮੀ ਟੋਲਿਆਂ ਦੇ ਕਈ ਕਲਾਕਾਰ ਉਹਦੀ ਸੁਹਬਤ ਤੇ ਸ਼ਰਾਬਨੋਸ਼ੀ ਦਾ ਆਨੰਦ ਮਾਣਦੇ ਤੇ ਸਾਹਿਤਕ ਮਹਿਫਲਾਂ ਜੁੜਦੀਆਂ ਅਤੇ ਗੁਰਸ਼ਰਨ ਸਿੰਘ ਦੇ ਅਗਾਂਹ ਵਧੂ ਡਰਾਮਿਆਂ ਵਿਚ ਕੰਮ ਕਰਨ ਵਾਲੀ ਅਦਾਕਾਰਾ ਦਲਜੀਤ ਉਹਨੂੰ ਆਪਣੀਆਂ ਅੱਖਾਂ ਵਿਚ ਬਿਠਾ ਕੇ ਝਿੰਮਣਾਂ ਦੀ ਝੱਲ ਮਾਰਦੀ।

1962 ਤੋਂ 1973 ਦੀ ਗਿਆਰਾਂ ਸਾਲਾਂ ਦੀ ਦੋਸਤੀ ਦੇ ਦੌਰਾਨ ਮੈਂ ਸ਼ਿਵ ਕੁਮਾਰ ਨੂੰ ਜ਼ਾਤੀ ਤੌਰ ਤੇ ਬਹੁਤ ਘੱਟ ਕਵਿਤਾ ਲਿਖਦਿਆਂ ਤੇ ਗਾਉਂਦਿਆਂ ਵੇਖਿਆ ਸੀ। ਮੈਂ ਉਹਦੀਆਂ ਕਵਿਤਾਵਾਂ ਰਸਾਲਿਆਂ ਵਿਚ ਪੜ੍ਹੀਆਂ ਸਨ ਜਾਂ ਕਿਤਾਬਾਂ ਵਿਚ। ਜਿੰਨੀਆਂ ਵੀ ਮਹਿਫਲਾਂ ਇਨ੍ਹਾਂ ਸਾਲਾਂ ਵਿਚ ਉਸ ਨਾਲ ਜੁੜੀਆਂ, ਉਨ੍ਹਾਂ ਵਿਚ ਲੇਖਕਾਂ ਦੀ ਨਿੰਦਿਆ ਚੁਗਲੀ, ਕੁੜੀਆਂ ਦੀ ਪਿਆਰ ਤੜਫ, ਰੜ੍ਹੇ ਹੋਏ ਗੋਟ ਮੀਟ, ਚਾਂਪਾਂ, ਤਲੀ ਹੋਈ ਮੱਛੀ, ਪੋਰਕ ਦੇ ਲੋਹ ਤੇ ਤਲੇ ਹੋਏ ਟਿੱਕੇ, ਮੁਰਗੇ, ਤਿੱਤਰ, ਬਟੇਰੇ, ਮਾਂਹ ਦੀ ਤੜਕੀ ਹੋਈ ਦਾਲ, ਹਰੀ ਮਿਰਚ, ਹਰਾ ਪਿਆਜ਼, ਤਾਜ਼ਾ ਅਧਰਕ ਦੀਆਂ ਫਾਂਕਾਂ, ਸ਼ਰਾਬ ਦੇ ਪੈੱਗਜ਼ ਤੇ ਪੈਸੇ ਬਣਾਉਣ ਦੇ ਢੰਗਾਂ ਬਾਰੇ ਗੱਲਾਂ ਚਲਦੀਆਂ ਰਹਿੰਦੀਆਂ। ਪੈਸੇ ਬਣਾਉਣ ਦੇ ਢੰਗਾਂ ਦਾ ਉਹ ਗੁਰੂ ਸੀ। ਉਹਨੂੰ ਪੈਸਾ ਬਣਾਉਣਾ ਵੀ ਆਉਂਦਾ ਸੀ ਤੇ ਉਜਾੜਨਾ ਵੀ। ਨਾ ਹੋਣ ’ਤੇ ਉਹ ਜਿਸ ਅੱਗੇ ਵੀ ਸਵਾਲ ਪਾਂਦਾ ਸੀ, ਉਹਨੂੰ ਕੋਈ ਨਾਂਹ ਨਹੀਂ ਸੀ ਕਰਦਾ। ਜਿਨ੍ਹਾਂ ਕਦੇ ਆਪਣੇ ਸਿਰ ਵਿਚੋਂ ਜੂੰ ਵੀ ਨਾ ਕੱਢ ਕੇ ਦਿੱਤੀ ਹੋਵੇ, ਉਹ ਇਹੋ ਜਿਹੇ ਕੰਜੂਸ ਲੇਖਕਾਂ ਦੀਆਂ ਪਤਨੀਆਂ ਤੋਂ ਵੀ ਮਰਨ ਵਾਲਾ ਮੂੰਹ ਬਣਾ ਕੇ ਪੈਸੇ ਕਢਵਾ ਲੈਂਦਾ ਸੀ। ਉਹ ਸਿੱਧਾ ਵਾਰ ਹੀ ਕਰਦਾ ਸੀ। “ਭਰਜਾਈ, ਦਈਂ ਅਹਿ ਵੀਹ ਕੁ ਰੁਪਏ, ਮੈਂ ਬੋਤਲ ਲੈਣੀ ਆ।”
“ਵੇ ਬਹੁਤੀ ਨਾ ਪੀਆ ਕਰ ਰੁੜ੍ਹ ਜਾਣਿਆ, ਮਰ ਜੇਂਗਾ ਪੀ ਪੀ ਕੇ। ਅਹਿ ਲੈ ਦਸ ਤੇ ਅਧੀਆ ਲੈ ਕੇ ਪੀ ਲਵੀਂ।” ਉਹਨੂੰ ਪਤਾ ਹੁੰਦਾ ਸੀ ਕਿ ਇਥੋਂ ਦਸ ਤੋਂ ਵੱਧ ਮਿਲਣੇ ਹੀ ਨਹੀਂ ਤੇ ਇਸੇ ਲਈ ਉਥੋਂ ਉਹ ਮੰਗਦਾ ਈ ਵੀਹ ਹੁੰਦਾ ਸੀ।

ਸ਼ਿਵ ਕੁਮਾਰ ਦੀ ਦੋਸਤੀ ਦਾ ਘੇਰਾ ਬਹੁਤ ਵੱਡਾ ਸੀ। ਵਜ਼ੀਰਾਂ, ਅਮੀਰਾਂ, ਆਈ. ਏ. ਐੱਸ., ਆਈ. ਪੀ. ਐਸ. ਅਫਸਰਾਂ ਤੋਂ ਲੈ ਕੇ ਦਫਤਰਾਂ ਦੇ ਚਪੜਾਸੀ ਤੇ ਰਿਕਸ਼ਿਆਂ ਟਾਂਗਿਆਂ ਵਾਲੇ ਉਹਦੇ ਯਾਰ ਸਨ। ਜਦੋਂ ਉਹਦੀ ਜੇਬ ਵਿਚ ਪੈਸੇ ਹੁੰਦੇ ਸਨ ਤਾਂ ਉਹ ਨਹੁੰ ਲੁਹਾਈ ਜਾਂ ਚੱਪਲ ਪਾਲਸ਼ ਕਰਾਈ ਦੇ ਉਨ੍ਹਾਂ ਸਮਿਆਂ ਵਿਚ ਦਸ ਰੁਪਏ ਦਿੰਦਾ ਸੀ। ਧੋਬੀਆਂ, ਮੋਚੀਆਂ, ਜੁਲਾਹਿਆਂ, ਲਲਾਰੀਆਂ, ਹਲਵਾਈਆਂ, ਨਾਈਆਂ, ਚੂੜੀਗਰਾਂ, ਮਾਲਸ਼ੀਆਂ, ਸੁਨਿਆਰਿਆਂ, ਲੁਹਾਰਾਂ, ਤਰਖਾਣਾਂ, ਬਾਜ਼ੀਗਰਾਂ, ਜੋਗੀਆਂ, ਪੇਂਜਿਆਂ, ਮਾਂਦਰੀਆਂ, ਵੈਦਾਂ, ਹਕੀਮਾਂ, ਟਿੰਡਾਂ ਵਾਲੇ ਖੂਹ, ਢੋਲ ਝਵੱਕਲੀ, ਕੁੱਤਾ ਤੇ ਗਾਧੀਆਂ ਆਦਿ ਨੂੰ ਉਹ

ਪੰਜਾਬ ਦੇ ਵਿਰਸੇ ਅਤੇ ਸਭਿਆਚਾਰ ਦਾ ਇਕ ਵੱਡਾ ਹਿੱਸਾ ਸਮਝਦਾ। ਜਦੋਂ ਉਹ ਮਰਨ ਦੀਆਂ ਗੱਲਾਂ ਆਮ ਕਰਦਾ ਤਾਂ ਅਸੀਂ ਉਹਦੇ ਦੋਸਤ ਉਹਨੂੰ ਮਖ਼ੌਲ ਕਰਦੇ ਕਿ ਸ਼ਿਵ ਤੂੰ ਮਰਨਾ ਮੁਰਨਾ ਕੋਈ ਨਹੀਂ, ਸਿਰਫ ਪੀੜਾਂ ਤੇ ਮੌਤ ਦੇ ਡਰਾਮੇ ਨੂੰ ਕੈਸ਼ ਕਰਵਾ ਰਿਹਾ ਹੈਂ। ਮੌਤ ਦੇ ਡਰਾਵੇ ਦੇ ਕੇ ਤੂੰ ਮਹਿਬੂਬ ਕੁੜੀਆਂ ਅਤੇ ਜਾਨ ਵਾਰਨ ਵਾਲੇ ਦੋਸਤਾਂ ਨੂੰ ਬਲੈਕਮੇਲ ਕਰ ਰਿਹਾ ਹੈਂ। ਇਹੋ ਜਿਹੀਆਂ ਟਿੱਚਰਾਂ ਸੁਣ ਕੇ ਉਹ ਕਦੀ ਕਦੀ ਬੜਾ ਗੰਭੀਰ ਹੋ ਜਾਂਦਾ ਤੇ ਸਿਗਰਟ ਲਾ ਕੇ ਧੂੰਆਂ ਛੱਡਣਾ ਸ਼ੁਰੂ ਕਰ ਦਿੰਦਾ ਜਾਂ ਗੱਲ ਨੂੰ ਹਾਸੇ ਵਿਚ ਪਾ ਕੇ ਲਤੀਫੇਬਾਜ਼ੀ ’ਤੇ ਉਤਰ ਆਉਂਦਾ। ਹਰ ਤਰ੍ਹਾਂ ਦੇ ਲਤੀਫਿਆਂ ਦਾ ਵੀ ਉਹ ਗੁਰੂ ਸੀ। ਪੇਸ਼ ਹਨ ਸ਼ਿਵ ਕੁਮਾਰ ਦੀ ਜ਼ਿੰਦਗੀ ਦੇ ਕੁਝ ਅਜਿਹੇ ਪੱਖ ਜੋ ਇਕ ਮਹਾਨ ਸ਼ਾਇਰ ਬਾਰੇ ਪਾਠਕਾਂ ਦੀ ਜਾਣਕਾਰੀ ਵਿਚ ਹੋਰ ਵਾਧਾ ਕਰਨਗੇ।

1.

ਇਕ ਵਾਰ ਉਹਦੇ ਦੋਸਤ ਜਿਨ੍ਹਾਂ ਵਿਚ ਮਨਮੋਹਨ ਸਿੰਘ ਆਈ. ਏ. ਐੱਸ. ਵੀ ਸ਼ਾਮਿਲ ਸੀ, ਉਹਨੂੰ 16 ਸੈਕਟਰ ਚੰਡੀਗੜ੍ਹ ਦੇ ਹਸਪਤਾਲ ਦਾਖ਼ਲ ਕਰਵਾ ਆਏ ਜਿੱਥੇ ਉਹਦੀ ਸ਼ਰਾਬ ਦਾ ਇਲਾਜ ਚਲਦਾ ਸੀ। ਮੈਂ ਇਕ ਸ਼ਾਮ ਮਿਲਣ ਗਿਆ ਤਾਂ ਕਹਿਣ ਲੱਗਾ, ਜਾ ਸਤਾਰਾਂ ਸੈਕਟਰ ’ਚੋਂ ਵਿਸਕੀ ਦਾ ਪਊਆ ਫੜ ਲਿਆ। ਮੈਂ ਇਨਕਾਰ ਕਰਦਿਆਂ ਕਿਹਾ ਕਿ ਜੇ ਡਾਕਟਰ ਜਾਂ ਨਰਸਾਂ ਨੂੰ ਪਤਾ ਲਗ ਗਿਆ ਤਾਂ ਫੇਰ ਕੀ ਬਣੂੰ। ਮੈਨੂੰ ਕਹਿਣ ਲੱਗਾ ਕਿ ਤੂੰ ਯਾਰ ਹੋ ਕੇ ਡਰਦਾ ਹੈਂ। ਮੈਂ ਕਿਹਾ ਕਿ ਡਰਨ ਵਾਲੀ ਗੱਲ ਨਹੀਂ, ਗੱਲ ਤੇਰੀ ਸਿਹਤ ਤੇ ਹਸਪਤਾਲ ਦੇ ਨੇਮਾਂ ਦੀ ਹੈ। ਫਿਰ ਕਹਿਣ ਲੱਗਾ ਕਿ ਮੇਰੇ ਮੰਜੇ ਹੇਠਾਂ ਝਾਤੀ ਮਾਰ। ਜਦ ਮੈਂ ਝਾਤੀ ਮਾਰੀ ਤਾਂ ਉਥੇ ਵਿਸਕੀ ਦੇ ਕਈ ਖ਼ਾਲੀ ਪਊਏ ਪਏ ਹੋਏ ਸਨ।

2.

ਉਸ ਨੂੰ ਆਪਣੇ ਬਾਰੇ ਕੋਈ ਭੁਲੇਖਾ ਨਹੀਂ ਸੀ ਕਿ ਉਹ ਪੰਜਾਬੀ ਦਾ ਚੋਟੀ ਦਾ ਸ਼ਾਇਰ ਹੈ। ਕਵੀ ਦਰਬਾਰਾਂ ਆਦਿ ’ਤੇ ਉਹ ਦੂਜੇ ਕਵੀਆਂ ਨੂੰ ਟਿੱਚਰਾਂ ਕਰਿਆ ਕਰਦਾ ਸੀ। ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੀ ਉਹ ਕਦਰ ਕਰਦਾ ਸੀ ਪਰ ਦਿੱਲੀ ਵਾਲੇ ਡਾ. ਹਰਿਭਜਨ ਸਿੰਘ ਨੂੰ ਆਪਣੀ ਦਾੜ੍ਹੀ ਓਹਲੇ ਲੁਕਣ ਵਾਲਾ ਫਰਾਡ ਕਹਿੰਦਾ ਸੀ। ਪਿਛੋਂ ਉਹ ਗਾਰਗੀ ਤੇ ਅੰਮ੍ਰਿਤਾ ਦੇ ਵੀ ਉਲਟ ਬੋਲਣ ਲਗ ਪਿਆ ਸੀ ਤੇ ਅੰਤਲੇ ਦਿਨਾਂ ਵਿਚ ਤਾਂ ਸਾਰੇ ਪੰਜਾਬੀ ਲੇਖਕਾਂ ਨੂੰ ਗਾਲ੍ਹਾਂ ਕੱਢਦਾ ਤੇ ਕੁੱਤੇ ਕਹਿੰਦਾ ਸੀ। ਆਪਣੇ ਅੰਦਰ ਦੀ ਜਵਾਲਾ ਉਸ ’ਕੁੱਤੇ’ ‘ਕੰਧਾਂ’ ਆਦਿ ਨਜ਼ਮਾਂ ਆਪਣੇ ਵਿਰੁੱਧ ਬੋਲਣ ਵਾਲਿਆਂ ਨੂੰ ਤਾਅਨਾ ਮਾਰਨ ਤੇ ਭੜਾਸ ਕੱਢਣ ਲਈ ਲਿਖੀਆਂ ਸਨ। ਉਹ ਇੰਗਲੈਂਡ ਵਾਲਿਆਂ ਨੂੰ ਗਾਲ੍ਹਾਂ ਕੱਢਦਾ ਸੀ ਜਿਨ੍ਹਾਂ ਉਸ ਨੂੰ ਬੁਲਾ ਕੇ ਪੌਂਡ ਘੱਟ ਦਿੱਤੇ ਸਨ ਤੇ ਸਕਾਚ ਵਿਚ ਜ਼ਿਆਦਾ ਨੁਹਾਇਆ ਸੀ ਜੋ ਉਹਦੇ ਜਲਦੀ ਮਰਨ ਦੇ ਕਾਰਨਾਂ ਵਿਚ ਹੋਰ ਮਦਦਗਾਰ ਸਿੱਧ ਹੋਈ। ਅੰਤਲੇ ਦਿਨਾਂ ਵਿਚ ਇਸ ਤਰ੍ਹਾਂ ਹੋ ਜਾਣਾ ਉਹਦੀ ਡਿਗ ਰਹੀ ਸਿਹਤ ਕਰ ਕੇ ਵੀ ਸੀ।

3.

ਸ਼ਿਵ ਨੂੰ ਸਾਹਿਤ ਅਧਿਅਨ ਦਾ ਕਾਫ਼ੀ ਸ਼ੌਕ ਸੀ ਤੇ ਪੁਰਾਤਨ ਕਾਵਿ ਦਾ ਉਸ ਨੂੰ ਡੂੰਘਾ ਗਿਆਨ ਸੀ। ਸ਼ਰਤ ਚੰਦਰ ਚੈਟਰਜੀ ਦਾ ਨਾਵਲ ’ਦੇਵਦਾਸ’ ਉਹਨੂੰ ਬਹੁਤ ਪਸੰਦ ਸੀ ਤੇ ਫ਼ਿਲਮ ’ਦੇਵਦਾਸ’ ਵਿਚ ਦਲੀਪ ਕੁਮਾਰ ਦੀ ਐਕਟਿੰਗ ਨੂੰ ਦੇਵਦਾਸ ਦੇ ਅੰਦਰਲੇ ਦਰਦ ਦੀ ਸਹੀ ਪ੍ਰਤੀਨਿਧਤਾ ਮੰਨਦਾ ਸੀ। ਉਹ ਦੇਵਦਾਸ ਦੇ ਆਖਰੀ ਸਫਰ ਬਾਰੇ ਜਦੋਂ ਉਹ ਇਕ ਉਜਾੜ ਬੀਆਬਾਨ ਰੇਲਵੇ ਸਟੇਸ਼ਨ ਤੇ ਰੇਲ ਗੱਡੀ ’ਚੋਂ ਉਤਰ ਕੇ ਬੈਲ ਗੱਡੀ ਰਾਹੀਂ ਬੀਮਾਰੀ ਦੀ ਹਾਲਤ ਵਿਚ ਆਪਣੀ ਬਚਪਨ ਦੀ ਸਹੇਲੀ ਪਾਰੋ ਦੇ ਸਹੁਰੇ ਪਿੰਡ ਪਹੁੰਚਣਾ ਚਾਹੁੰਦਾ ਹੈ, ਦੀ ਮਾਨਸਿਕ ਸਥਿਤੀ ਬਾਰੇ ਇਕ ਮਹਾਂ-ਕਾਵਿ ਲਿਖਣਾ ਚਾਹੁੰਦਾ ਸੀ ਅਤੇ ਇਕ ਐਸੀ ਸੁੰਦਰੀ ਬਾਰੇ ਵੀ ਲੰਮੀ ਕਵਿਤਾ ਲਿਖਣੀ ਚਾਹੁੰਦਾ ਸੀ ਜਿਸ ਦਾ ਭਰ ਜਵਾਨੀ ਵਿਚ ਵਿਆਹ ਨਾ ਹੋ ਸਕਿਆ ਤੇ ਆਪਣੇ ਜਜ਼ਬਿਆਂ ਦੀ ਅੱਗ ਸੇਕਦੀ ਸੇਕਦੀ ਉਹ ਬੁਢਾਪੇ ਦੀ ਠੰਢ ਵੱਲ ਵਧ ਰਹੀ ਸੀ।

4.

ਬਹੁਤ ਘੱਟ ਲੋਕੀਂ ਜਾਣਦੇ ਹਨ ਕਿ ਸ਼ਿਵ ਕੁਮਾਰ ਨੂੰ ਸ਼ਿਕਾਰ ਖੇਡਣ ਦਾ ਵੀ ਬਹੁਤ ਸ਼ੌਕ ਸੀ ਤੇ ਉਹ ਹਰ ਤਰ੍ਹਾਂ ਦੇ ਸ਼ਿਕਾਰ ਦਾ ਸ਼ੌਕੀਨ ਸੀ। ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਬੋਲਦੇ ਤਿੱਤਰਾਂ ਦੀਆਂ ਆਵਾਜ਼ਾਂ ਉਹਨੂੰ ਮਸਤੀ ਵਿਚ ਲਿਆਉਂਦੀਆਂ ਸਨ। ਤਿੱਤਰ, ਬਟੇਰੇ, ਖਰਗੋਸ਼ ਜਾਂ ਤਿਲੀਅਰ ਤਾਂ ਘੱਟ ਹੀ ਹੱਥ ਆਉਂਦੇ ਪਰ ਸ਼ਾਮੀਂ ਕਿਸੇ ਸ਼ਿਕਾਰੀ ਨੂੰ ਕਾਰਤੂਸ ਵੇਚ ਕੇ ਦਾਰੂ ਦਾ ਪ੍ਰਬੰਧ ਕਰਨ ਵਿਚ ਆਸਾਨੀ ਹੋ ਜਾਂਦੀ ਸੀ। ਉਸ ਖ਼ੁਦ ਵੀ ਰਿਵਾਲਵਰ ਦਾ ਲਾਇਸੈਂਸ ਬਣਵਾਇਆ ਹੋਇਆ ਸੀ ਪਰ ਮੌਤ ਤੀਕ ਰਿਵਾਲਵਰ ਖਰੀਦਣ ਦੀਆਂ ਸਲਾਹਾਂ ਹੀ ਕਰਦਾ ਰਿਹਾ।

5.

ਦਸੰਬਰ 1971 ਦੀ ਇਕ ਸ਼ਾਮ ਨੂੰ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਦੇ ਕੁਝ ਮੁੰਡੇ ਉਹਨੂੰ ਲੱਭਦੇ ਲੱਭਦੇ ਮੇਰੇ ਘਰ ਆ ਗਏ। ਮੈਂ ਤੇ ਸ਼ਿਵ ਸ਼ਾਮ ਦੀ ਦਾਰੂ ਦੇ ਫਿਕਰ ਵਿਚ ਉਦਾਸ ਬੈਠੇ ਉਬਾਸੀਆਂ ਲੈ ਰਹੇ ਸਾਂ। ਉਹ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿਚ ਹੋ ਰਹੇ ਕਵੀ ਦਰਬਾਰ ਲਈ ਉਹਨੂੰ ਕਹਿਣ ਆਏ ਸਨ। ਸ਼ਿਵ ਨੇ ਕਿਹਾ ਤੁਹਾਨੂੰ ਮੇਰੀ ਫੀਸ ਦਾ ਪਤਾ ਹੈ? ਮੁੰਡੇ ਕਹਿਣ ਲੱਗੇ ਤਿੰਨ ਸੌ। ਤਿੰਨ ਸੌ ਤਾਂ ਸਾਹਿਤ ਅਕਾਦਮੀ ਦਾ ਐਵਾਰਡ ਲੈਣ ਤੋਂ ਪਹਿਲਾਂ ਲਿਆ ਕਰਦਾ ਸਾਂ। ਹੁਣ ਮੇਰੀ ਫੀਸ ਪੰਜ ਸੌ ਹੈ। ਚਾਰ ਸੌ 'ਤੇ ਸੌਦਾ ਹੋ ਗਿਆ। ਟੈਕਸੀ ਤੇ ਵਿਸਕੀ ਦੇ ਪੈਸੇ ਵੱਖਰੇ। ਤਿੰਨ ਸੌ ਅਡਵਾਂਸ ਦੇ ਕੇ ਉਹ ਮੁੰਡੇ ਲੁਧਿਆਣੇ ਨੂੰ ਟੁਰ ਗਏ ਤੇ ਅਸੀਂ ਠੇਕੇ ਨੂੰ। ਜਿੰਨਾ ਚਿਰ ਪੈਸੇ ਖਤਮ ਨਾ ਹੋਏ, ਸ਼ਿਵ ਘਰ ਨਾ ਮੁੜਿਆ।

6.

ਗਰਮੀਆਂ ਦੀ ਇਕ ਤਪਦੀ ਤੇ ਲੂਸਦੀ ਦੋਪਹਿਰ ਨੂੰ ਸ਼ਿਵ ਅਮ੍ਰਿਤਸਰ ਸੁਰਗਵਾਸੀ ਕਹਾਣੀਕਾਰ ਜਗਜੀਤ ਸਿੰਘ ਆਹੂਜਾ ਦੇ ਘਰ ਆਇਆ। ਠੰਢਾ ਪਾਣੀ ਨਾ ਮਿਲਣ ਤੇ ਕਹਿਣ ਲੱਗਾ, ''ਐਡਾ ਵਡਾ ਠੇਕੇਦਾਰ ਬਣਿਆ ਫਿਰਦਾ ਏਂ, ਕੋਈ ਫਰਿਜ ਵੀ ਨਹੀਂ ਰਖਿਆ ਤੂੰ?''

''ਤੂੰ ਰਖਿਆ ਏ?'' ਅਗੋਂ ਆਹੂਜੇ ਨੇ ਪੁਛਿਆ

''ਹੋਰ ਨਹੀਂ ਰਖਿਆ, ਬਟਾਲੇ ਆ ਕੇ ਵੇਖ ਲਵੀਂ''

ਬਟਾਲੇ ਗਿਆਂ ਕੋਕਾ ਕੋਲਾ ਵਾਲੀ ਬਰਫ ਦੀ ਪੇਟੀ ਨੂੰ ਚਿੱਟਾ ਰੰਗ ਰੋਗਣ ਹੋਇਆ ਵੇਖ ਆਹੂਜਾ ਕਹਿਣ ਲਗਾ, ''ਤੇਰੇ ਫਰਿਜ ਦੀਆਂ ਤਾਰਾਂ ਕਿਥੇ ਨੇ?''

''ਇਹ ਤਾਰਾਂ ਨਾਲ ਨਹੀਂ ਪਿਆਰੇ, ਬਰਫ ਨਾਲ ਚਲਦਾ ਏ''। ਸ਼ਿਵ ਦਾ ਜਵਾਬ ਸੀ।

7.

ਸ਼ਿਵ ਨੂੰ ਅਤੇ ਉਸ ਨਾਲ ਬਤਾਏ ਦਿਨਾਂ ਨੂੰ ਭੁੱਲਣਾ ਬਹੁਤ ਮੁਸ਼ਕਿਲ ਹੈ। ਕਈ ਘੱਟ ਜਾਣਕਾਰੀ ਰਖਣ ਵਾਲੇ ਲੋਕ ਅਕਸਰ ਪੁਛਦੇ ਹਨ ਕਿ ਕੀ ਸ਼ਿਵ ਦਾ ਵਿਆਹ ਹੋਇਆ ਸੀ। ਕੁਝ ਸਾਲ ਪਹਿਲਾਂ ਸ਼ਿਵ ਦੀ ਪਤਨੀ ਅਰੁਣਾ ਟਰਾਂਟੋ ਦੇ ਪ੍ਰਸਿਧ ਟੀ ਵੀ ਹੋਸਟ ਇਕਬਾਲ ਮਾਹਲ ਅਤੇ ਕੁਲਦੀਪ ਦੀਪਕ ਆਦਿ ਨੂੰ ਮਿਲਣ ਕੈਨੇਡਾ ਆਈ ਮੇਰੀ ਲੜਕੀ ਦੇ ਫਾਰਮ ਤੇ ਵੀ ਮਿਲਣ ਆਈ ਸੀ। ਉਹ ਪਿਛੇ ਜਹੇ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਚੋਂ ਰੀਟਾਇਰ ਹੋਈ ਹੈ। ਸ਼ਿਵ ਦੀ ਲੜਕੀ ਅਜ ਕੱਲ ਨਿਊਯਾਰਕ ਰਹਿੰਦੀ ਹੈ ਤੇ ਲੜਕਾ ਲੈਕਚਰਰ ਲੱਗਾ ਹੋਇਆ ਹੈ। ਪਰਵਾਰ ਪੂਰੀ ਤਰ੍ਹਾਂ ਸੈਟਲ ਹੈ ਪਰ ਲਿਖਣ ਵੱਲ ਅਜੇ ਤਕ ਕੋਈ ਨਹੀਂ ਗਿਆ।

8.

ਇਕ ਵਾਰ ਸ਼ਿਵ ਕੁਮਾਰ ਬਟਾਲਵੀ ਵਾਘਾ ਬਾਰਡਰ ਤੇ ਆਪਣੇ ਪਾਸਪੋਰਟ ਤੇ ਪਾਕਿਸਤਾਨ ਦੇ ਲਗੇ ਵੀਜ਼ੇ ਦੇ ਬਗੈਰ ਪਾਕਿਸਤਾਨ ਅੰਦਰ ਦਾਖਲ ਹੋਣ ਲਈ ਚਲਾ ਗਿਆ। ਜਦ ਅਧਿਕਾਰੀਆਂ ਨੇ ਕਿਹਾ ਕਿ ਤੇਰੇ ਕੋਲ ਤਾਂ ਪਾਕਿਸਤਾਨ ਦਾ ਵੀਜ਼ਾ ਹੀ ਨਹੀਂ ਹੈ ਤਾਂ ਅਗੋਂ ਕਹਿਣ ਲੱਗਾ, ਮੈਂ ਦੋਹਾਂ ਪੰਜਾਬਾਂ ਦੀ ਪੰਜਾਬੀ ਬੋਲੀ ਦਾ ਮੰਨਿਆ ਹੋਇਆ ਸ਼ਾਇਰ ਹਾਂ ਅਤੇ ਮੈਨੂੰ ਆਪਣੀ ਬੋਲੀ ਵਾਲੇ ਪੰਜਾਬ ਅੰਦਰ ਦਾਖਲ ਹੋਣ ਲਈ ਵੀਜ਼ੇ ਦੀ ਕੋਈ ਲੋੜ ਨਹੀਂ ਹੈ। ਬਾਰਡਰ ਅਧਿਕਾਰੀਆਂ ਨੇ ਉਸ ਨੂੰ ਵੀਜ਼ਾ ਨਾ ਲੱਗਾ ਹੋਣ ਤੇ ਪਿਛੇ ਮੋੜ ਦਿਤਾ। ਬਾਰਡਰਜ਼ ਤੇ ਲੱਗੇ ਅਧਿਕਾਰੀ ਕੀ ਜਾਣਦੇ ਸਨ ਕਿ ਦੋਹਾਂ ਧਰਤੀਆਂ ਦੇ ਲੋਕਾਂ ਦੀ ਸਾਂਝੀ ਬੋਲੀ ਪੰਜਾਬੀ ਨੂੰ ਪਿਛੇ ਮੋੜ ਕੇ ਅਤੇ ਆਪਣੇ ਦਰ ਭੇੜ ਕੇ ਉਹਨਾਂ ਨੇ ਕਿਡੀ ਵਡੀ ਇਤਿਹਾਸਕ ਅਤੇ ਅਦਬੀ ਭੁੱਲ ਕੀਤੀ ਸੀ।

ਸ਼ਿਵ ਨਾਲ ਨਿਜੀ ਨੇੜਤਾ ਕਰ ਕੇ ਏਨੀਆਂ ਕੁ ਯਾਦਾਂ ਜੁੜੀਆਂ ਹੋਈਆਂ ਹਨ ਕਿ ਉਹਨਾਂ ਸਭ ਨੂੰ ਲਿਖਣਾ ਮੁਸ਼ਕਲ ਹੈ। ਸ਼ਿਵ ਨੂੰ ਯਾਦ ਰਖਣਾ ਸਭ ਪੰਜਾਬੀਆਂ ਦਾ ਫਰਜ਼ ਬਣਦਾ ਹੈ। 1966 ਵਿਚ ਉਸ ਨੇ ਮੇਰੀ 18 ਕਹਾਣੀਆਂ ਦੀ ਕਿਤਾਬ "ਜੇ ਮੈਂ ਮਰ ਜਾਵਾਂ" ਸੰਪਾਦ ਕੀਤੀ ਸੀ ਤੇ ਜਲੰਧਰ ਦੀ ਨਿਊ ਬੁਕ ਕੰਪਨੀ ਨੇ ਇਸ ਨੂੰ ਬਹੁਤ ਖੂਬਸੂਰਤ ਜਿਲਦ ਵਿਚ ਛਾਪਿਆ ਸੀ। ਜਦੋਂ ਉਹਦੀ ਯਾਦ ਆਉਂਦੀ ਹੈ ਤਾਂ ਆਪ ਮੁਹਾਰੇ ਮੂੰਹ ਵਿਚੋਂ ਉਸਦੀ ਕਵਿਤਾ ਦੇ ਸ਼ਬਦ ਕਿਰ ਪੈਂਦੇ ਹਨ:-

ਰੋਜ਼ ਜਦ ਆਥਣ ਦਾ ਤਾਰਾ ਅੰਬਰਾਂ ਤੇ ਚੜ੍ਹੇਗਾ
ਕੋਈ ਯਾਦ ਤੈਨੂੰ ਕਰੇਗਾ
ਪਰਦੇਸ ਵਸਣ ਵਾਲਿਆ-----
ਲਖ ਭਾਵੇਂ ਛੁੰਗ ਕੇ
ਚੱਲਾਂ ਮੈਂ ਲਹਿੰਗਾ ਸਬਰ ਦਾ
ਯਾਦ ਤੇਰੀ ਦੇ ਕਰੀਰਾਂ
ਨਾਲ ਹੀ ਜਾ ਅੜੇਗਾ

ਪਰਦੇਸ ਵੱਸਣ ਵਾਲਿਆ-----

ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਵਿਚ ਬਦਲੀ
ਕਿਸ਼ਤ: 50

ਲਖੋ ਕੇ ਬਹਿਰਾਮ ਦੇ ਗੌਰਮਿੰਟ ਮਿਡਲ ਸਕੂਲ ਵਿਚ ਪੀਰੀਅਡ ਪੂਰੇ ਕਰਨ ਲਈ ਪੰਜਾਬੀ ਤੋਂ ਇਲਾਵਾ ਸੋਸ਼ਲ ਸਟਡੀ ਤੇ ਐਗਰੀਕਲਚਰ ਦੀਆਂ ਕਲਾਸਾਂ ਵੀ ਮੈਨੂੰ ਲੈਣੀਆਂ ਪੈਂਦੀਆਂ ਸਨ। ਇਕ ਦਿਨ ਜਿਲ਼ਾ ਇਨਸਪੈਕਟਰ ਆਫ ਸਕੂਲਜ਼ ਫਿਰੋਜ਼ਪੁਰ ਤੋਂ ਸਰਕੂਲਰ ਆਇਆ ਕਿ ਗੌਰਮਿੰਟ ਕਾਲਜ ਫਰੀਦਕੋਟ ਵਿਖੇ ਸਰਕਾਰੀ ਸਕੂਲਾਂ ਵਿਚ ਐਗਰੀਕਲਚਰ ਦਾ ਵਿਸ਼ਾ ਪੜ੍ਹਾਨ ਵਾਲੇ ਟੀਚਰਾਂ ਨੂੰ ਇਕ ਹਫਤੇ ਦੀ ਟਰੇਨਿੰਗ ਲੈਣ ਲਈ ਗੌਰਮਿੰਟ ਕਾਲਜ ਫਰੀਦਕੋਟ ਵਿਖੇ ਜਾਣਾ ਪਵੇਗਾ। ਮੈਨੂੰ ਸਕੂਲ ਵੱਲੋਂ ਇਕ ਹਫਤੇ ਲਈ ਗੌਰਮਿੰਟ ਕਾਲਜ ਫਰੀਦਕੋਟ ਵਿਖੇ ਟਰੇਨਿੰਗ ਲੈਣ ਲਈ ਭੇਜ ਦਿਤਾ। ਗੌਰਮਿੰਟ ਕਾਲਜ ਦੇ ਪ੍ਰਿੰਸੀਪਲ ਸਰਦਾਰ ਅਰਜਨ ਸਿੰਘ ਸ਼ਾਂਤੇ ਸਨ। ਸ਼ਾਇਦ ਵੰਡ ਤੋਂ ਪਹਿਲਾਂ ਗੌਰਮਿੰਟ ਕਾਲਜ ਲਗਹੌਰ ਵਿਚ ਪ੍ਰੋਫੈਸਰ ਰਹੇ ਸਨ। ਪਤਲੇ, ਲੰਮੇ, ਇਕਹਿਰੇ ਬਦਨ ਦੇ ਦਲੇਰ ਤੇ ਬੜੇ ਸੂਝਵਾਨ, ਵਿਦਵਾਨ ਅਤੇ ਸਪਸ਼ਟ। ਉਹ ਪਹਿਲਾਂ ਡਵੀਜ਼ਨਲ ਇਨਸਪੈਕਟਰ ਆਫ ਸਕੂਲਜ਼ ਜਲੰਧਰ ਵੀ ਰਹੇ ਸਨ ਅਤੇ ਪੰਜਾਬ ਯੂਨੀਵਰਸਿਟੀ ਦੀ ਸਿੰਡੀਕੇਟ ਦੇ ਵੋਟਾਂ ਦਵਾਰਾ ਚੁਣੇ ਗਏ ਮੈਂਬਰ ਵੀ ਸਨ। ਐਗਰੀਕਲਚਰ ਕਲਾਸ ਦਾ ਉਦਘਾਟਨ ਕਰਨ ਅਤੇ ਟੀਚਰਜ਼ ਨੂੰ ਸੰਬੋਧਨ ਕਰਨ ਆਏ ਤਾਂ ਹਰ ਇਕ ਟੀਚਰ ਦੀ ਜਾਣ ਪਹਿਚਾਣ ਪੁਛੀ। ਜਦ ਮੇਰੀ ਵਾਰੀ ਆਈ ਅਤੇ ਮੈਂ ਆਪਣਾ ਨਾਂ ਦਸਿਆ ਤਾਂ ਕਹਿਣ ਲੱਗੇ, ਮੋਮੀ ਮੈਂ ਤੇਰੀਆਂ ਕਈ ਕਹਾਣੀਆਂ ਰਸਾਲਿਆਂ ਵਿਚ ਛਪੀਆਂ ਪੜ੍ਹੀਆਂ ਹੋਈਆਂ ਹਨ। ਪਿੰਡਾਂ ਦੇ ਲੋਕਾਂ ਦੀਆਂ ਆਰਥਿਕ ਸਮਸਿਆਵਾਂ ਬਾਰੇ ਤੇਰੀਆਂ ਕਹਾਣੀਆਂ ਬੜੀਆਂ ਅਰਥ ਭਰਪੂਰ ਹਨ। ਕੋਈ ਕਿਤਾਬ ਵੀ ਛਪੀ ਹੈ ਕਿ ਨਹੀਂ। ਓਸ ਵੇਲੇ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ" ਘੋੜਾ ਛਪ ਚੁਕੀ ਸੀ ਜੋ ਹਿੰਦ ਪਬਲਿਸ਼ਰਜ਼ ਦੇ ਮਾਲਕ ਅਤੇ ਪ੍ਰਸਿਧ ਸ਼ਾਇਰ ਪ੍ਰੋ: ਮੋਹਨ ਸਿੰਘ ਨੇ ਛਾਪੀ ਸੀ। ਮੈਂ ਉਸ ਦੀ ਕਾਪੀ ਸ਼ਾਂਤੇ ਸਾਹਿਬ ਨੂੰ ਭੇਟ ਕਰ ਦਿਤੀ। ਕਿਤਾਬ ਲੈ ਕੇ ਬਹੁਤ ਖੁਸ਼ ਹੋਏ ਅਤੇ ਅਗਲੇ ਦਿਨ ਉਹਨਾਂ ਆਪਣੇ ਦਫਤਰ ਵਿਚ ਮਿਲਣ ਲਈ ਬੁਲਾਇਆ। ਰਾਤ ਉਹਨਾਂ ਨੇ ਕਿਤਾਬ ਦੀਆਂ ਕਹਾਣੀਆਂ ਪੜ੍ਹ ਲਈਆਂ ਸਨ। ਮਿਲਣ ਤੇ ਕਹਾਣੀਆਂ ਦੀ ਤਾਅਰੀਫ ਕੀਤੀ ਅਤੇ ਕਹਿਣ ਲੱਗੇ ਕਿ ਸਤਲੁਜ ਦਰਿਆ ਦੀ ਬੇਟ ਵਿਚ ਰਹਿੰਦੇ ਲੋਕਾਂ ਦੇ ਜੀਵਨ ਬਾਰੇ ਪਹਿਲਾਂ ਕਿਸੇ ਨੇ ਕੁਝ ਨਹੀਂ ਲਿਖਿਆ। ਤੂੰ ਪਹਿਲਾ ਲੇਖਕ ਹੈਂ ਜਿਸ ਨੇ ਰਾਅ ਸਿੱਖਾਂ ਦੇ ਜੀਵਨ ਬਾਰੇ ਕਲਮ ਚੁਕੀ ਹੈ। ਹੋਰ ਸਾਹਿਤ ਪੜ੍ਹਨ ਅਤੇ ਲਾਇਬਰੇਰੀ ਦੀਆਂ ਸਹੂਲਤਾਂ ਲਈ ਤੈਨੂੰ ਸ਼ਹਿਰ ਦੇ ਕਿਸੇ ਵਡੇ ਸਕੂਲ ਵਿਚ ਹੋਣਾ ਚਾਹੀਦਾ ਹੈ। ਜਦੋਂ ਬਦਲੀਆਂ ਦਾ ਮਹੀਨਾ ਆਇਆ ਤਾਂ ਮੈਨੂੰ ਦੱਸੀਂ। ਤੇਰੀ ਬਦਲੀ ਸ਼ਹਿਰ ਦੇ ਕਿਸੇ ਵਡੇ ਸਕੂਲ ਵਿਚ ਕਰ ਦਿਆਂਗੇ। ਮੈਂ ਉਹਨਾਂ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋ ਗਿਆ।

ਜਿਸ ਸਕੂਲ ਵਿਚ ਮੈਂ ਕੰਮ ਕਰਦਾ ਸਾਂ, ਹੈ ਤਾਂ ਇਹ ਵੀ ਸਰਕਾਰੀ ਸਕੂਲ ਸੀ ਪਰ ਇਹ ਜ਼ਿਲੇ ਦੇ ਡਿਸਟ੍ਰਿਕਟ ਬੋਰਡ ਦੇ ਉਹਨਾਂ ਸਕੂਲਾਂ ਵਿਚੋਂ ਇਕ ਸੀ ਜਿਨ੍ਹਾਂ ਵਿਚ ਕੰਮ ਕਰਦੇ ਟੀਚਰਜ਼ ਦੀਆਂ ਬਦਲੀਆਂ ਪੁਰਾਣੇ ਸਰਕਾਰੀ ਸਕੂਲਾਂ ਵਿਚ ਨਹੀਂ ਹੁੰਦੀਆਂ ਸਨ। ਬਦਲੀਆਂ ਦੀਆਂ ਅਰਜ਼ੀਆਂ ਮਾਰਚ ਵਿਚ ਲੈ ਲਈਆਂ ਜਾਂਦੀਆਂ ਹਨ ਅਤੇ ਅਪਰੈਲ ਮਈ ਵਿਚ ਬਦਲੀਆਂ ਦੇ ਹੁਕਮ ਹੋ ਜਾਂਦੇ ਹਨ। ਟੀਚਰਾਂ ਦੀਆਂ ਬਦਲੀਆਂ ਓਸ ਵੇਲੇ ਵੀ ਬੜੀਆਂ ਔਖੀਆਂ ਸਨ ਅਤੇ ਬਾਅਦ ਵਿਚ ਵੀ ਮਨ ਪਸੰਦ ਥਾਵਾਂ ਤੇ ਬਦਲੀਆਂ ਕਰਾਉਣੀਆਂ ਬੜੀਆਂ ਔਖੀਆਂ ਹੀ ਹੁੰਦੀਆਂ ਸਨ। ਜਿਨ੍ਹਾਂ ਟੀਚਰਜ਼ ਦਾ ਸਿਆਸੀ ਰਸੂਖ ਹੁੰਦਾ ਸੀ,ਉਹ ਆਪਣੇ ਮਨ ਪਸੰਦ ਅਤੇ ਘਰੋਂ ਨੇੜੇ ਦੇ ਸਕੂਲਾਂ ਵਿਚ ਬਦਲੀਆਂ ਕਰਵਾ ਲੈਂਦੇ ਸਨ। 1963 ਦਾ ਸਾਲ ਚੜ੍ਹਿਆ ਤਾਂ ਇਸ ਸਾਲ ਵਿਚ ਮੇਰੇ ਜੀਵਨ ਵਿਚ ਹੈਰਤਨਾਲ ਘਟਨਾਵਾਂ ਵਰਤੀਆਂ ਪਹਿਲੀ ਇਹ ਕਿ ਜਨਵਰੀ ਦੇ ਮਹੀਨੇ ਮੇਰੇ ਘਰ ਮੇਰੀ ਚੌਥੀ ਬੇਟੀ ਨੇ ਜਨਮ ਲਿਆ। ਇਸ ਵਾਰ ਬੜੀ ਆਸ ਸੀ ਅਤੇ ਪਾਠ ਵੀ ਬੜੇ ਕੀਤੇ ਸਨ ਕਿ ਲੜਕਾ ਹੋਵੇ। ਮੈਂ ਜ਼ਿਆਦਾ ਬੱਚਿਆਂ ਦੇ ਹੱਕ ਵਿਚ ਨਹੀਂ ਸਾਂ ਅਤੇ ਇਸ ਤੋਂ ਪਹਿਲਾਂ ਵੀ ਲੜਕੇ ਦੀ ਆਸ ਵਿਚ ਤਿੰਨ ਲੜਕੀਆਂ ਹੋ ਚੁਕੀਆਂ ਸਨ। ਭਾਵੇਂ ਇਹ ਸਭ ਪਤੀ ਪਤਨੀ ਦੇ ਵੱਸ ਤੋਂ ਬਾਹਰ ਹੁੰਦਾ ਹੈ ਪਰ ਪੰਜਾਬ ਵਿਚ ਚਾਹੇ ਕੋਈ ਅਮੀਰ ਹੋਵੇ ਜਾਂ ਗਰੀਬ, ਹਰ ਘਰ ਦੀ ਖਾਹਿਸ਼ ਹੁੰਦੀ ਹੈ ਕਿ ਲੜਕਾ ਹੋਵੇ। ਮੈਂ ਉਪਰੋਂ ਭਾਵੇਂ ਖੁਸ਼ ਸਾਂ ਪਰ ਅੰਦਰੋਂ ਮਹਿਸੂਸ ਕਰਦਾ ਸਾਂ ਕਿ ਹੇ ਪ੍ਰਮਾਤਮਾ ਤੇਰੇ ਘਰ ਕੋਈ ਥੁੜ ਤਾਂ ਨਹੀਂ ਸੀ ਜੇਕਰ ਪੁਤਰ ਦੀ ਖੈਰ ਪਾ ਦੇਂਦਾ ਅਤੇ ਤਿੰਨ ਭੈਣਾਂ ਨੂੰ ਇਕ ਵੀਰ ਮਿਲ ਜਾਂਦਾ। ਦੂਜੇ ਪਾਸੇ ਲੇਖਕ ਮਨ ਕਹਿ ਰਿਹਾ ਸੀ ਕਿ ਇਹ ਤੇਰੀ ਕਿਸ ਕਿਸਮ ਦੀ ਘਟੀਆ ਸੋਚ ਹੈ। ਧੀਆਂ ਪੁਤਰਾਂ ਨਾਲੋਂ ਘੱਟ ਨਹੀਂ ਹੁੰਦੀਆਂ ਅਤੇ ਜਿੰਨਾ ਪਿਆਰ ਧੀਆਂ ਕਰਦੀਆਂ ਹਨ, ਪੁਤਰ ਨਹੀਂ ਕਰਦੇ। ਮੈਂ ਸਾਰੀਆਂ ਧੀਆਂ ਦੇ ਜਨਮ ਦਿਨ ਬੜੇ ਚਾਅ ਨਾਲ ਮਨਾਂਦਾ ਰਿਹਾ ਹਾਂ। ਓਸ ਦਿਨ ਮੈਂ ਸਕੂਲ ਪੜ੍ਹਾਣ ਨਾ ਗਿਆ ਅਤੇ ਮਨ ਨੂੰ ਸਮਝਾਂਦਾ ਰਿਹਾ ਕਿ ਕੀ ਪਤਾ ਇਸ ਧੀ ਨੇ ਕਿਥੇ ਪਹੁੰਚਣਾ ਹੈ ਅਤੇ ਇਸ ਦੀ ਕਿਸਮਤ ਵਿਚ ਕੀ ਕੁਝ ਲਿਖਿਆ ਹੈ। ਹੋਇਆ ਵੀ ਇੰਜ ਕਿ ਜਦ ਮੈਨੂੰ ਕੈਨੇਡਾ ਦਾ ਆਵਾਸ ਮਿਲਿਆ ਤਾਂ ਮੇਰੀ ਇਹ ਧੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਐਮ. ਏ. ਕਰ ਚੁਕੀ ਸੀ। ਬਚਪਨ ਵਿਚ ਛੋਟੀ ਹੁੰਦੀ ਮੈਨੂੰ ਏਨਾ ਪਿਆਰ ਕਰਦੀ ਸੀ ਕਿ ਜੇ ਮੈਂ ਕਿਤੇ ਕੁਝ ਦਿਨਾਂ ਲਈ ਘਰੋਂ ਬਾਹਰ ਚਲਾ ਜਾਵਾਂ ਤਾਂ ਉਸ ਨੂੰ ਬੁਖਾਰ ਹੋ ਜਾਂਦਾ ਸੀ। ਕੈਨੇਡਾ

ਆ ਕੇ ਜਦ ਬਾਕੀ ਲੜਕੀਆਂ ਆਪੋ ਆਪਣੇ ਘਰਾਂ ਵਿਚ ਸੈਟਲ ਹੋ ਗਈਆਂ ਤਾਂ ਇਸ ਲੜਕੀ ਨੇ ਕਿਹਾ ਕਿ ਮੇਰਾ ਡੈਡੀ ਮੇਰੇ ਨਾਲ ਰਹੇਗਾ ਅਤੇ ਉਸ ਨੂੰ ਹੁੰਗਾਰਾ ਦਿਤਾ ਉਸਦੇ ਬਹੁਤ ਪਿਆਰੇ,ਖੂਬਸੂਰਤ, ਸੁਹਿਰਦ, ਪੜ੍ਹੇ ਲਿਖੇ, ਆਗਿਆਕਾਰ ਅਤੇ ਰੱਬ ਵਿਚ ਅਥਾਹ ਵਿਸ਼ਵਾਸ਼ ਰਖਣ ਵਾਲੇ ਉਸਦੇ ਪਤੀ ਨੇ ਕਿ ਡੈਡੀ ਆਪਣੀ ਉਮਰ ਦੇ ਆਖਰ ਤਕ ਸਾਡੇ ਨਾਲ ਰਹਿਣਗੇ। ਅਸੀਂ ਉਹਨਾਂ ਦੀ ਸੇਵਾ ਕਰਾਂਗੇ। ਉਹਨਾਂ ਆਪਣੇ ਕਥਨ ਸੱਚ ਕਰ ਵਿਖਾਏ ਜਦ ਮੇਰੀ ਵਡੇਰੀ ਉਮਰ ਵਿਚ ਉਹਨਾਂ ਮੇਰਆਂ ਅਨੇਕਾਂ ਵਧੀਕੀਆਂ ਸਹਿ ਅਤੇ ਬੁਢੇਪੇ ਵਿਚ ਬਦਲ ਚੁਕੇ ਚਿੜਚਿੜੇ ਸੁਭਾਅ ਨੂੰ ਬਰਦਾਸ਼ਤ ਕਰਦਿਆਂ ਵੀ ਮੈਨੂੰ ਆਪਣੇ ਕੋਲੋਂ ਦੂਰ ਨਹੀਂ ਜਾਣ ਦਿਤਾ।

ਇਸੇ ਵਰ੍ਹੇ ਦੂਜੀ ਅਨੋਖੀ ਘਟਨਾ ਇਹ ਵਾਪਰੀ ਕਿ ਬੱਚੀ ਦੇ ਜਨਮ ਤੋਂ ਕੁਝ ਦਿਨਾਂ ਬਾਅਦ ਜਦ ਮੈਂ ਸਕੂਲ ਵਿਚ ਡਿਊਟੀ ਤੇ ਗਿਆ ਤਾਂ ਸਕੂਲ ਦੇ ਮਰਦ ਅਤੇ ਲੇਡੀ ਟੀਚਰਜ਼ ਆਪੋ ਆਪਣੇ ਵਿਚਾਰ ਲੈ ਕੇ ਬੱਚੀ ਦੇ ਜਨਮ ਦੀਆਂ ਵਧਾਈਆਂ ਦੇਣ ਲਈ ਆਏ। ਕੁਝ ਕਹਿ ਰਹੇ ਸਨ, ਚੰਗਾ ਹੁੰਦਾ ਜੇਕਰ ਲੜਕਾ ਹੋ ਜਾਂਦਾ। ਕੁਝ ਕਹਿ ਰਹੇ ਸਨ ਕਿ ਕੁੜੀ ਮੁੰਡੇ ਵਿਚ ਕੀ ਫਰਕ ਹੈ। ਪਰ ਅਨੋਖਾ ਇਹ ਵਾਪਰਿਆ ਕਿ ਇਕ ਬੜੀ ਖੂਬਸੂਰਤ ਤੇ ਕਵਾਰੀ ਟੀਚਰ ਜੋ ਸਭ ਤੋਂ ਪਿਛੋਂ ਮਿਲਣ ਆਈ, ਨੇ ਪਾਸੇ ਹੋ ਇਹ ਕਹਿ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਕੰਬਣ ਲਾ ਦਿਤੀ ਕਿ ਕੀ ਹੋਇਆ ਜੇ ਹਰ ਵਾਰ ਧੀਆਂ ਹੋਈਆਂ ਹਨ, ਮੈਂ ਤੁਹਾਨੂੰ ਮੁੰਡਾ ਜੰਮ ਦਿਆਂਗੀ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਉਹ ਸੱਤ ਭੈਣਾਂ ਸਨ ਤੇ ਸੱਤਾਂ ਪਿਛੋਂ ਉਹਨਾਂ ਦੇ ਘਰ ਭਰਾ ਨੇ ਜਨਮ ਲਿਆ ਸੀ। ਉਹ ਮਰਦ ਦੇ ਓਸ ਅਹਿਸਾਸ ਨੂੰ ਸਮਝਦੀ ਸੀ ਜੋ ਬਹੁਤੀਆਂ ਧੀਆਂ ਹੋਣ ਪਿਛੋਂ ਪੁਤਰ ਦੀ ਹੋਂਦ ਦੀ ਤਰਜੀਹ ਲਈ ਤਰਸਦਾ ਹੈ। ਉਹ ਮੈਥੋਂ ਵਧ ਪੜ੍ਹੀ ਲਿਖੀ ਤੇ ਐਮ. ਏ. ਪਾਸ ਸੀ। ਉਸ ਮੇਰੀਆਂ ਸਾਰੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਸਨ ਮੇਰੀਆਂ ਕਹਾਣੀਆਂ ਪੜ੍ਹ ਕੇ ਮੈਨੂੰ ਪਿਆਰ ਕਰਨ ਲਗ ਪਈ ਸੀ। ਮੈਨੂੰ ਉਹਦੇ ਪਿਆਰ ਦੀ ਰੁੱਤ ਪਤਝੜ ਵਰਗੀ ਲਗਦੀ ਸੀ ਜਿਸ ਵਿਚ ਲਾਲ ਸੂਹੇ ਗੁਲਾਬ ਪੀਲੇ ਗੁਲਾਬ ਲੱਗਣ ਲਗ ਪੈਂਦੇ ਹਨ। ਉਹ ਅਕਸਰ ਹਿੰਦੀ ਵਿਚ ਪਿਆਰ ਦੀਆ ਚਿਠੀਆਂ ਲਿਖ ਕੇ ਬਚਿਆਂ ਹਥ ਮੈਨੂੰ ਭੇਜ ਦਿੰਦੀ ਜਿਨ੍ਹਾਂ ਦਾ ਮੈਂ ਕੋਈ ਜਵਾਬ ਨਾ ਦਿੰਦਾ। ਇਕ ਦਿਨ ਸਕੂਲ ਤੋਂ ਫਿਰੋਜ਼ਪੁਰ ਨੂੰ ਇਕਠੇ ਬੱਸ ਵਿਚ ਜਾਂਦਿਆਂ ਓਸ ਮੇਰੇ ਠੰਢੇ ਹਥ ਆਪਣੇ ਹਥਾਂ ਵਿਚ ਘੁਟ ਉਤੇ ਗਰਮ ਸ਼ਾਲ ਲੈ ਲਈ ਤੇ ਸਫਰ ਦੇ ਅੰਤ ਤਕ ਮੇਰੇ ਹਥਾਂ ਨੂੰ ਕਦੇ ਨਾ ਭੁਲਣ ਵਾਲਾ ਪਿਆਰ ਕਰਦੀ ਰਹੀ ਅਤੇ ਮੇਰਾ ਮਨ ਦਿਸਹਦੇ ਤੋਂ ਦੂਰ ਪਤਾ ਨਹੀਂ ਕਿਥੇ ਕਿਥੇ ਘੁੰਮਦਾ ਤੇ ਕੀ ਕੁਝ ਵਿੰਹਦਾ ਰਿਹਾ।

ਇਸੇ 1963 ਸਾਲ ਵਿਚ ਹੋਰ ਅਨੋਖਾ ਇਹ ਵਾਪਰਿਆ। ਮੈਂ ਮਨ ਵਿਚ ਫੈਸਲਾ ਕਰ ਲਿਆ ਲੜਕੇ ਦੀ ਆਸ ਵਿਚ ਕਿ ਹੁਣ ਹੋਰ ਬੱਚੇ ਪੈਦਾ ਨਹੀਂ ਕਰਨੇ। ਕੁਝ ਮਹੀਨਿਆਂ ਬਾਅਦ ਬਗੈਰ ਕਿਸੇ ਨੂੰ ਦਸਿਆਂ ਪਟਿਆਲੇ ਰਾਜਿੰਦਰਾ ਹਸਪਤਾਲ ਵਿਚ ਇਕ ਰਿਸ਼ਤੇਦਾਰ ਡਾਕਟਰ ਜਾਗੀਰ ਸਿੰਘ ਦੀ ਸਿਫਾਰਸ਼ ਨਾਲ ਇਹ ਦੱਸ ਕੇ ਵੇਸੈਕਟਮੀ ਅਪਰੇਸ਼ਨ ਕਰਵਾ ਲਿਆ ਕਿ ਮੇਰੀ ਉਮਰ 30 ਸਾਲ ਤੋਂ ਉਤੇ ਹੈ ਅਤੇ ਦੋ ਲੜਕੇ ਅਤੇ ਦੋ ਲੜਕੀਆਂ ਦਾ ਬਾਪ ਹਾਂ। ਉਹਨਾਂ ਸਮਿਆਂ ਵਿਚ ਸਿਰਫ ਲੜਕੀਆਂ ਹੋਣ ਵਾਲਿਆਂ ਅਤੇ 30 ਸਾਲ ਤੋਂ ਘੱਟ ਉਮਰ ਦੇ ਬੰਦਿਆਂ ਦਾ ਅਪਰੇਸ਼ਨ ਨਹੀਂ ਹੁੰਦਾ ਸੀ। ਮੈਂ ਤਾਂ ਅਜੇ ਸਤਾਈ ਸਾਲਾਂ ਦਾ ਵੀ ਨਹੀਂ ਸਾਂ ਹੋਇਆ। ਪਤਾ ਨਹੀਂ ਇਹ ਚੰਗਾ ਹੋਇਆ ਸੀ ਜਾਂ ਮਾੜਾ, ਇਸ ਦਾ ਵਿਚਾਰ ਕਦੇ ਵੀ ਮਨ ਵਿਚੋਂ ਨਹੀਂ ਗਿਆ।

ਇਸੇ ਸਾਲ 1963 ਵਿਚ ਮੈਂ ਬਦਲੀ ਕਰਵਾਣ ਦੀ ਅਰਜ਼ੀ ਦੇ ਦਿਤੀ। ਬਦਲੀਆਂ ਦੇ ਐਨ ਨੇੜੇ ਜਾ ਕੇ ਜਿਲ੍ਹਾ ਇਨਸਪੈਕਟਰ ਆਫ ਸਕੂਲਜ਼ ਮਿਸਟਰ ਅਗਨੀਹੋਤਰੀ ਨੂੰ ਸ਼ਾਂਤੇ ਸਾਹਿਬ ਦੀ ਚਿਠੀ ਲਿਆ ਕੇ ਦੇ ਦਿਤੀ ਅਤੇ ਉਹਨਾਂ ਮੇਰੀ ਬਦਲੀ ਜ਼ਿ ਦੇ ਸਭ ਤੋਂ ਵਡੇ ਸਕੂਲ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਵਿਚ ਕਰ ਦਿਤੀ। ਇਸ ਸਕੂਲ ਵਿਚ ਦੋ ਹਜ਼ਾਰ ਦੇ ਕਰੀਬ ਵਿਦਿਆਰਥੀ ਸਨ ਅਤੇ 100 ਦੇ ਕਰੀਬ ਟੀਚਰਜ਼। ਪਹਿਲਾਂ ਸਕੂਲ ਦੀਆਂ ਦੋ ਸ਼ਿਫਟਾਂ ਸਨ ਪਰ ਫਿਰ ਇਕ ਹੀ ਹੋ ਗਈ ਸੀ। ਇਸ ਸਕੂਲ ਵਿਚ ਜਟ ਬੀ ਟੀ ਕਲਾਸ ਵੀ ਸੀ ਅਤੇ ਮੈਨੂੰ ਜੇ ਬੀ ਟੀ ਕਲਾਸ ਦੇ ਹੋਸਟਲ ਦਾ ਸੁਪਰਡੰਟ ਬਣਾ ਦਿਤਾ ਗਿਆ। ਦਿਨ ਰਾਤ ਐਨਾ ਜ਼ਿਆਦਾ ਕੰਮ ਅਤੇ ਲੋੜੋਂ ਵਧ ਜ਼ਿੰਮੇਵਾਰੀਆਂ ਨੇ ਇਕ ਵਾਰ ਤਾਂ ਮੇਰਾ ਸਿਰ ਚਕਰਾ ਦਿਤਾ। ਮੈਂ ਤਾਂ ਇਸ ਤੋਂ ਪਹਿਲਾਂ ਛੋਟੇ ਛੋਟੇ ਸਕੂਲਾਂ ਵਿਚ ਰਿਹਾਂ ਸਾਂ ਜਿਥੇ ਕੰਮ ਬਹੁਤ ਘੱਟ ਸੀ ਅਤੇ ਐਸ਼ੋ ਆਰਾਮ ਜ਼ਿਆਦਾ ਸੀ। ਜੇ ਬੀ ਟੀ ਕਰਨ ਵਾਲੇ ਕਈ ਮੁੰਡੇ ਤਾਂ ਮੇਥੋਂ ਉਮਰ ਵਿਚ ਵਡੇ ਸਨ। ਕਈ ਵਿਆਹੇ ਵਰੇ ਅਤੇ ਬਚਿਆਂ ਵਾਲੇ ਸਨ। ਕਈ ਹੋਸਟਲ ਲਾਗੇ ਪੈਂਦੇ ਘਰਾਂ ਵਿਚ ਰਹਿੰਦੀਆਂ ਕੁੜੀਆਂ ਤੇ ਵਿਆਹੀਆਂ ਵਰੀਆਂ ਔਰਤਾਂ ਨੂੰ ਤਾੜਦੇ ਰਹਿੰਦੇ ਸਨ ਅਤੇ ਹਰ ਰੋਜ਼ ਸ਼ਕਾਇਤਾਂ ਨਬੇੜਨੀਆਂ ਪੈਂਦੀਆਂ ਸਨ। ਕਈ ਮੁੰਡਿਆਂ ਨੂੰ ਫਾਈਨ ਵੀ ਕਰਨਾ ਪੈਂਦਾ ਸੀ। ਇਕ ਦਿਨ ਰੇਲਵੇ ਵਿਚ ਕੰਮ ਕਰਦਾ ਇਕ ਬਾਬੂ ਹੋਸਟਲ ਵਿਚ ਮੇਰੇ ਨਾਲ ਆ ਕੇ ਝਗੜ ਪਿਆ ਕਿ ਤੁਹਾਡਾ ਇਕ ਸਟੂਡੰਟ ਮੇਰੀ ਗੈਰ ਹਾਜ਼ਰੀ ਵਿਚ ਮੇਰੀ ਘਰ ਵਾਲੀ ਕੋਲ ਆਉਂਦਾ ਹੈ ਜੋ ਕਈ ਬੱਚਿਆਂ ਦੀ ਮਾਂ ਹੈ। ਮੈਂ ਉਸ ਮੁੰਡੇ ਨੂੰ ਬੁਲਾ ਕੇ ਘੂਰਿਆ ਤੇ ਕਲਾਸ ਵਿਚੋਂ ਬੇਦਖਲ ਕਰਨ ਦਾ ਦਬਕਾ ਮਾਰਿਆ ਪਰ ਉਹ ਮੁਕਰ ਗਿਆ। ਬਾਬੂ ਦੀ ਤਸੱਲੀ ਨਾ ਹੋਈ ਤਾਂ ਉਸ ਇਕ ਰਾਤ ਨੂੰ ਮੁਹੱਲਾ ਇਕਠਾ ਕਰ ਲਿਆ। ਫੈਸਲਾ ਇਹ ਹੋਇਆ ਕਿ ਸਾਰਾ ਮਾਮਲਾ ਅਗਲੇ ਦਿਨ ਪ੍ਰਿੰਸੀਪਲ ਸਾਹਿਬ ਦੇ ਸਾਹਮਣੇ ਪੇਸ਼ ਕੀਤਾ ਜਾਵੇ। ਜਦ ਪ੍ਰਿੰਸੀਪਲ ਸਾਹਿਬ ਨੇ ਓਸ ਮੁੰਡੇ ਨੂੰ ਬੁਲਾਇਆ ਤਾਂ ਬਤੌਰ ਹੋਸਟਲ ਸੁਪਰਡੰਟ ਮੈਂ ਵੀ ਗਿਆ ਤਾਂ ਬਾਬੂ ਦੇ

ਸਾਹਮਣੇ ਓਸ ਜੇ ਬੀ ਟੀ ਕਲਾਸ ਵਿਚ ਪੜ੍ਹਦੇ ਮੁੰਡੇ ਨੇ ਰੇਲਵੇ ਦੇ ਬਾਬੂ ਦੀ ਘਰ ਵਾਲੀ ਜੋ ਮੁੰਡੇ ਤੋਂ ਕਮ ਅਜ਼ ਕਮ ਦਸ ਸਾਲ ਵਡੀ ਸੀ, ਦੀਆਂ ਦਰਜਨਾਂ ਹਿੰਦੀ ਵਿਚ ਲਿਖੀਆਂ ਪਿਆਰ ਦੀਆਂ ਚਿਠੀਆਂ ਪ੍ਰਿੰਸੀਪਲ ਦੇ ਸਾਹਿਬ ਦੇ ਪੇਸ਼ ਕਰ ਦਿਤੀਆਂ। ਪ੍ਰਿੰਸੀਪਲ ਸਾਹਿਬ ਨੇ ਸਾਰੀਆਂ ਚਿਠੀਆਂ ਮੇਰੇ ਹਵਾਲੇ ਕਰ ਕੇ ਹਫਤੇ ਅੰਦਰ ਸਾਰੀ ਰਿਪੋਰਟ ਪੇਸ਼ ਕਰਨ ਦੇ ਹੁਕਮ ਦੇ ਦਿਤੇ।
ਇਸੇ ਸਾਲ 1963 ਵਿਚ ਹੀ ਮੇਰੇ ਸਹੁਰਾ ਸਾਹਿਬ ਦੀ ਹਾਈ ਬਲਡ ਪ੍ਰੈਸ਼ਰ ਨਾਲ ਗੁਰਦੇ ਖਰਾਬ ਹੋਣ ਅਮ੍ਰਿਤਸਰ ਹਸਪਤਾਲ ਵਿਚ ਮੌਤ ਹੋ ਗਈ। ਪਰਵਾਰ ਅਜੇ ਪੂਰੀ ਤਰ੍ਹਾਂ ਸੈਟਲ ਨਹੀਂ ਸੀ ਪਰ ਜੋ ਹੋਣੀ ਨੂੰ ਮਨਜ਼ੂਰ ਸੀ, ਉਸ ਨੂੰ ਕੌਣ ਟਾਲ ਸਕਦਾ ਸੀ।

**ਕਿਹੋ ਜਿਹਾ ਸੀ ਜੀਵਨ?**
**ਭਾਗ ਦੂਜਾ**

## ਕਿਸ਼ਤ: 51 ਸੰਤ ਬਬਾ ਪ੍ਰੇਮ ਸਿੰਘ ਦੇ ਹੈਡ ਮੁਰਾਲਾ ਡੇਰੇ ਤੇ

ਲੁਬਾਣਾ ਕੌਮ ਵਿਚ ਸਿੱਖ ਕਮਿਉਨਿਟੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲਾ ਵਾਲਿਆਂ ਨੂੰ ਗੁਰੂ ਵਾਂਗ ਪੂਜਦੀ ਹੈ। ਆਪ ਪਾਕਿਸਤਾਨ ਬਨਣ ਤੋਂ ਪਹਿਲਾਂ ਜ਼ਿਲਾ ਗੁਜਰਾਤ ਵਿਚ ਅਤੇ ਵੰਡ ਪਿਛੋਂ ਪੰਜਾਬ ਦੇ ਐਮ. ਐਲ. ਏ. ਰਹਿ ਚੁਕੇ ਸਨ ਅਤੇ ਬੜੀ ਦੂਰ ਦ੍ਰਿਸ਼ਟੀ ਦੇ ਮਾਲਕ ਸਨ। ਲੁਬਾਣਾ ਕੌਮ ਨੂੰ ਸਿੱਖੀ ਨਾਲ ਜੋੜਨ, ਵਿਦਿਆ ਹਾਸਲ ਕਰਨ ਅਤੇ ਸਰਕਾਰੀ ਨੌਕਰੀਆਂ ਵਿਚ ਆਉਣ ਲਈ ਉਤਸ਼ਾਹਿਤ ਕਰਨਾ ਉਹਨਾਂ ਦੇ ਕਈ ਮਹਾਨ ਕੰਮਾਂ ਵਿਚੋਂ ਇਕ ਸੀ। ਬਾਬਾ ਜੀ ਨੂੰ ਸੰਤ ਬਿਸ਼ਨ ਸਿੰਘ ਨੇ 1907 ਵਿਚ ਡੇਰਾ ਹੈਡ ਮੁਰਾਲਾ ਦੀ ਗੱਦੀ ਬਖਸ਼ੀ ਸੀ। 1947 ਵਿਚ ਪਾਕਿਸਤਨ ਵਿਚ ਰਹਿ ਗਏ ਇਸ ਡੇਰੇ ਦੇ ਇਵਜ਼ ਵਿਚ ਬੇਗੋਵਾਲ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਨੇ ਆਣੀ ਲੰਮੀ ਸੋਚ ਨਾਲ ਪਾਕਿਸਤਾਨ ਵਿਚੋਂ ਉਜੜ ਕੇ ਆਈ ਲੁਬਾਣਾ ਕਮਿਉਨਿਟੀ ਨੂੰ ਬੇਗੋਵਾਲ ਦੇ ਆਲੇ ਦਵਾਲੇ ਵਸਾ ਦਿਤਾ ਸੀ ਅਤੇ ਡੇਰਾ ਹੈੱਡ ਮੁਰਾਲਾ ਨੂੰ ਡੇਰਾ ਬੇਗੋਵਾਲ ਵਜੋਂ ਆਬਾਦ ਕਰ ਦਿਤਾ ਸੀ ਜੋ ਇਸ ਵੇਲੇ ਬੀਬੀ ਜਾਗੀਰ ਕੌਰ ਦੀ ਦੇਖ ਰੇਖ ਹੇਠ ਹੈ। ਕੈਨੇਡਾ, ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਜਾ ਵੱਸੀ ਲੁਬਾਣਾ ਕਮਿਉਨਿਟੀ ਸੰਤਾਂ ਦੇ ਹੈਡ ਮੁਰਾਲਾ ਵਾਲੇ ਡੇਰੇ ਨੂੰ ਬਹੁਤ ਯਾਦ ਕਰਦੀ ਹੈ। ਯਾਦ ਤਾਂ ਬਹੁਤ ਕਰਦੀ ਹੈ ਪਰ ਬਦਕਿਸਮਤੀ ਨਾਲ ਕਮਿਉਨਿਟੀ ਵਿਚੋਂ ਕਈ ਅਮੀਰ ਲੁਬਾਣੇ ਵੀ ਇਸ ਡੇਰੇ ਤਕ 1947 ਤੋਂ ਬਾਅਦ ਪੁਜਣ, ਇਸ ਦੀ ਵਰਤਮਾਨ ਹਾਲਤ ਦਾ ਅੰਦਾਜ਼ਾ ਲਾਉਣ ਜਾਂ ਇਸ ਦੀ ਫੋਟੋਗਰਾਫੀ ਕਰਨ ਵਿਚ ਕੋਈ ਸਫਲਤਾ ਪ੍ਰਾਪਤ ਨਾ ਕਰ ਸਕੇ। ਮੈਂ ਤੇ ਕਮਲ ਸਿੰਘ ਅਤੇ ਬਾਵਾ ਅਜੀਤ ਸਿੰਘ ਅਕਸਰ ਇਸ ਡੇਰੇ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹੇ। ਪਾਕਿਸਤਾਨ ਦੇ ਕਈ ਮੁਸਲਮਾਨ ਦੋਸਤਾਂ ਨੂੰ ਇਥੇ ਪੁਜ ਕੇ ਇਸ ਬਾਰੇ ਜਾਣਕਾਰੀ ਹਾਸਲ ਕਰ ਕੇ ਭੇਜਣ ਲਈ ਕਹਿੰਦੇ ਰਹੇ। ਵਾਅਦਾ ਕਈਆਂ ਨੇ ਕੀਤਾ ਪਰ ਪੂਰਾ ਕਿਸੇ ਨਾ ਕੀਤਾ।

ਪਾਕਿਸਤਾਨ ਗੌਰਮਿੰਟ ਵੱਲੋਂ ਇਸਲਾਮਾਬਾਦ ਵਿਖੇ "ਸੂਫੀਇਜ਼ਮ ਐਂਡ ਪੀਸ" ਕਾਨਫਰੰਸ ਵਿਚ ਬਤੌਰ ਡੈਲੀਗੇਟ ਹਿੱਸਾ ਲੈਣ ਲਈ ਜਦ ਮੈਂ ਇਸਲਾਮਾਬਾਦ ਪੁਜਾ ਤਾਂ ਓਥੇ ਗੁਜਰਾਤ ਵਿਖੇ ਪਿਛਲੇ ਤਿੰਨ ਸਾਲਾਂ ਤੋਂ ਨਵੀਂ ਬਣ ਰਹੀ ਗੁਜਰਾਤ ਯੂਨੀਵਰਸਿਟੀ ਦੇ ਬੜੇ ਦੂਰ ਅੰਦੇਸ਼ ਵਾਈਸ ਚਾਂਸਲਰ ਡਾ: ਨਿਜ਼ਾਮ-ਉਦ-ਦੀਨ ਸਾਹਿਬ ਅਤੇ ਪੰਜਾਬੀ ਲੇਖਕ ਤਾਰਿਕ ਗੁੱਜਰ ਨਾਲ ਮੁਲਾਕਾਤ ਹੋਈ। ਮੈਂ ਤਾਰਿਕ ਗੁੱਜਰ ਜਿਸਦਾ ਦਾ ਅਹੁਦਾ ਯੂਨੀਵਰਸਿਟੀ ਵਿਚ ਰੀਸਰਚ ਅਫਸਰ ਦਾ ਹੈ, ਡੇਰਾ ਮੁਰਾਲਾ ਸਾਹਿਬ ਬਾਰੇ ਜਾਣਕਾਰੀ ਹਾਸਲ ਕਰਨ ਦੀ ਗੱਲ ਕੀਤੀ। ਤਾਰਿਕ ਨੇ ਜਦ ਇਹ ਗੱਲ ਵਾਈਸ ਚਾਂਸਲਰ ਸਾਹਿਬ ਨੂੰ ਦੱਸੀ ਤਾਂ ਉਹਨਾਂ ਨੇ ਤੁਰਤ ਟੀਮ ਭੇਜਣ ਦੀ ਮਨਜ਼ੂਰੀ ਦੇ ਦਿਤੀ ਅਤੇ ਮੈਨੂੰ ਬਤੌਰ ਸਰਕਾਰੀ ਗੈਸਟ ਸਿਕਿਓਰਟੀ ਸਮੇਤ ਯੂਨੀਵਰਸਿਟੀ ਆਉਣ ਦਾ ਸੱਦਾ ਦੇ ਦਿਤਾ। ਨਾਲ ਹੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਦੇ ਵਿਦਿਆਰਥੀਆਂ ਨੂੰ ਪੱਤਰਕਾਰੀ ਅਤੇ ਅਦਬ ਦੇ ਵਿਸ਼ੇ ਤੇ ਐਡਰੈਸ ਕਰਨ ਅਤੇ ਪਾਕਿਸਤਾਨ ਵਿਚ ਛਪੀ ਮੇਰੀ ਸਵੈ ਜੀਵਨੀ "ਕਿਹੋ ਜਿਹਾ ਸੀ ਜੀਵਨ?" ਨੂੰ ਰੀਲੀਜ਼ ਕਰਨ ਦਾ ਪ੍ਰਸਤਾਵ ਵੀ ਪਾਸ ਕਰ ਦਿਤਾ। ਵੀ. ਸੀ. ਸਾਹਿਬ ਨੇ ਮੇਰੇ ਨਾਲ ਪਾਕਿਸਤਾਨ ਦੀ ਮਸ਼ਹੂਰ ਅਤੇ ਅਮੀਰ ਲੇਖਿਕਾ ਮੈਡਮ ਸਰਵਤ ਮੁਹਉਦੀਨ ਨੂੰ ਆਉਣ ਦਾ ਸੱਦਾ ਵੀ ਦੇ ਦਿਤਾ। ਪਰੋਗਰਾਮ ਇੰਜ ਬਣਿਆ ਕਿ ਸਰਵਤ ਮੈਨੂੰ 18 ਮਾਰਚ ਦੀ ਸਵੇਰ ਨੂੰ ਇਸਲਾਬਾਦ ਹੋਟਲ ਤੋਂ ਆਪਣੀ ਕਾਰ ਵਿਚ ਗੁਜਰਾਤ ਯੂਨੀਵਰਸਿਟੀ ਲਿਆਏਗੀ ਪਰ ਮੇਰੇ ਕੋਲ ਤਿੰਨ ਭਾਰੇ ਸੂਟ ਕੇਸ ਅਤੇ ਹੋਰ ਸਾਮਾਨ ਜੋ ਮੈਂ ਟਰਾਂਟੋ ਤੋਂ ਆਪਣੇ ਨਾਲ ਲੈ ਕੇ ਆਇਆ ਸਾਂ,ਹੋਣ ਕਾਰਨ ਮੈਂ ਉਹਦੀ ਕਾਰ ਵਿਚ ਨਹੀਂ ਆ ਸਕਦਾ ਸਾਂ ਕਿਉਂਕਿ ਕਾਰ ਵਿਚ ਐਨਾ ਸਾਮਾਨ ਰਖਣ ਲਈ ਥਾਂ ਨਹੀਂ ਸੀ। ਇਸ ਲਈ ਵਾਈਸ ਚਾਂਸਲਰ ਸਾਹਿਬ ਡਾ: ਨਿਜ਼ਾਮ-ਉਦ-ਦੀਨ ਨੇ 18 ਮਾਰਚ ਦੀ ਸਵੇਰ ਨੂੰ ਗੁਜਰਾਤ ਯੂਨੀਵਰਸਿਟੀ ਤੋਂ ਇਸਲਾਮਾਬਾਦ ਹੋਟਲ ਵਿਚ ਡਰਾਈਵਰ ਤੇ ਕਾਰ ਭੇਜ ਦਿਤੀ ਅਤੇ ਮੈਂ ਠੀਕ ਨੌਂ ਵਜੇ ਸਵੇਰੇ ਗੁਜਰਾਤ

ਯੂਨੀਵਰਸਿਟੀ ਲਈ ਚੱਲ ਪਿਆ। ਇਸਲਾਮਾਬਾਦ ਤੋਂ ਗੁਜਰਾਤ ਤਿੰਨ ਘੰਟੇ ਦਾ ਸਫਰ ਸੀ। ਪਹਾੜੀ, ਨੀਮ ਪਹਾੜੀ ਤੇ ਕਿਧਰੇ ਪਧਰੀ ਬਣੀ ਖ਼ੂਬਸੂਰਤ ਸੜਕ ਤੇ ਮੈਂ ਪਾਕਿਸਤਾਨ ਦੀ ਧਰਤੀ,ਪਿੰਡਾਂ ਅਤੇ ਸ਼ਹਿਰਾਂ ਦੇ ਜੀਵਨ ਨੂੰ ਵੇਖਦਾ ਜਦ ਜਿਹਲਮ ਦਰਿਆ ਪਾਰ ਕੀਤਾ ਤਾਂ ਜਿਹਲਮ ਦਰਿਆ ਦੇ ਕੰਢੇ ਪੁਲ ਤੋਂ ਉਤਰ ਕੇ ਪੁਲ ਦੀ ਰਾਖੀ ਕਰ ਰਹੇ ਪੋਲੀਸ ਨੌਜਵਾਨਾਂ ਨਾਲ ਖਲੋ ਕੇ ਕਈ ਯਾਦਗਾਰੀ ਤਸਵੀਰਾਂ ਲੁਹਾਈਆਂ। ਗੁਜਰਾਤ ਤਕ ਜਿੰਨੇ ਵੀ ਸ਼ਹਿਰਾਂ ਵਿਚੋਂ ਲੰਘਣਾ ਪਿਆ, ਸ਼ਹਿਰਾਂ ਵਿਚ ਭੀੜ ਭੜੱਕਾ ਅਤੇ ਟਰੈਫਿਕ ਦੀਆਂ ਔਕੜਾਂ ਭਾਰਤ ਦੇ ਸ਼ਹਿਰਾਂ ਵਾਂਗ ਹੀ ਸਨ। ਬਹੁਤੇ ਲੋਕ ਪਾਕਿਸਤਾਨ ਦੇ ਕੌਮੀ ਪਹਿਰਾਵੇ ਭਾਵ ਖੁਲ੍ਹੇ ਕੁਵਤੇ ਅਤੇ ਸਲਵਾਰਾਂ ਵਿਚ ਸਨ। ਅਕਸਰ ਲੋਕ ਸਲਵਾਰਾਂ ਥੋੜ੍ਹੀਆਂ ਉਚੀਆਂ ਪਹਿਣਦੇ ਹਨ। ਰਸਤੇ ਵਿਚ ਪੈਂਦੇ ਬਹੁਤੇ ਪਿੰਡ ਪਕੇ ਸਨ ਪਰ ਵਿਚ ਵਿਚ ਕਿਤੇ ਕੱਚੇ ਘਰ ਵੀ ਦਿਸ ਜਾਂਦੇ ਸਨ। ਖ਼ੂਬਸੂਰਤ ਸ਼ਾਇਰਾ ਸਰਵਤ ਮੁਹਈਉਦੀਨ ਜੋ ਪਾਕਿਸਤਾਨ ਪੰਜਾਬੀ ਲਿਟਰੇਰੀ ਬੋਰਡ ਦੀ ਮੈਂਬਰ ਅਤੇ ਪ੍ਰੈਜ਼ੀਡੈਂਟ ਲੋਕ ਰੀਤ ਇਸਲਾਮਾਬਾਦ ਹੈ ਅਤੇ ਮੈਂ ਲਗ ਭਗ ਅਗੇ ਪਿਛੇ ਹੀ ਯੂਨੀਵਰਸਿਟੀ ਵਿਚ ਪਹੁੰਚੇ ਜਿਥੇ ਵਾਈਸ ਚਾਂਸਲਰ ਅਤੇ ਉਹਨਾਂ ਦੇ ਸਟਾਫ ਨੇ ਸਾਡਾ ਫੁੱਲਾਂ ਦੇ ਗੁਲਦਸਤਿਆਂ ਨਾਲ ਸਵਾਗਤ ਕੀਤਾ। ਸਟਾਫ ਨਾਲ ਜਾਣ ਪਹਿਚਾਣ ਕਰਵਾਈ। ਬੜੀ ਦਿਲਚਸਪੀ ਨਾਲ ਵੀ. ਸੀ. ਸਾਹਿਬ ਨੇ ਸਾਡੇ ਨਾਲ ਗੱਲ ਬਾਤ ਕੀਤੀ। ਚਾਹ ਪਾਣੀ ਪੀ ਕੇ ਅਸੀਂ ਪੈਦਲ ਪੱਤਰਕਾਰੀ ਵਿਭਾਗ ਵਿਭਾਗ ਦੇ ਮੁਖੀ ਪ੍ਰੋਫੈਸਰ ਸ਼ਦੀਰ ਹੁਸੈਨ ਸ਼ਾਹ, ਤਾਰਕ ਗੁੱਜਰ,ਗੁਜਰਾਤ ਦੇ ਮਸ਼ਹੂਰ ਸਕਿੱਨ ਸਪੈਸ਼ਿਲਿਸਟ ਡਾ: ਅਜ਼ਹਰ ਮਹਿਮੂਦ ਚੌਧਰੀ ਜੋ ਖ਼ੁਦ ਮਸ਼ਹੂਰ ਸ਼ਾਇਰ ਅਤੇ ਗਵਈਏ ਹਨ, ਡਾ: ਵਜ਼ੀਮ ਜ਼ਰਵੇਜ਼ੀ, ਭਾਈ ਸਤੀਦਾਸ ਦੇ ਖਾਨਦਨ ਨਾਲ ਸਬੰਧਤ ਪ੍ਰੋ: ਮਸਊਦ-ਉਰ-ਰਹਿਮਾਨ ਛਿੱਬਰ,ਗੁਜਰਾਤ ਯੂਨੀਵਰਸਿਟੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ:ਕੰਬੋਜ ਅਤੇ ਹੋਰ ਸਟਾਫ ਮੈਂਬਰਜ਼ ਨਾਲ ਪੱਤਰਕਾਰੀ ਵਿਭਾਗ ਦੇ ਓਸ ਕਮਰੇ ਵਿਚ ਪਹੁੰਚੇ ਜਿਥੇ ਵਿਦਿਆਰਥੀ ਸਾਡਾ ਇੰਤਜ਼ਾਰ ਕਰ ਰਹੇ ਸਨ। ਸਭ ਵਿਦਿਆਰਥੀਆਂ ਅਤੇ ਸਟਾਫ ਨੇ ਖੜ੍ਹੇ ਹੋ ਕੇ ਸਾਡਾ ਸਵਾਗਤ ਕੀਤਾ। ਡਾ: ਸ਼ਾਹ ਨੇ ਸਾਨੂੰ ਦਰਜਾ ਬਦਰਜਾ ਹੈਡ ਟੇਬਲ ਤੇ ਬੈਠਣ ਲਈ ਗੁਜ਼ਾਰਸ਼ ਕੀਤੀ ਅਤੇ ਵਿਦਿਆਰਥੀਆਂ ਨਾਲ ਮੇਰੀ, ਸਰਵਤ ਅਤੇ ਡਾ: ਅਜ਼ਹਰ ਮਹਿਮੂਦ ਚੌਧਰੀ ਦੀ ਜਾਣ ਪਹਿਚਾਣ ਕਰਵਾਈ। ਪਹਿਲਾਂ ਸਰਵਤ ਨੇ ਪੱਤਰਕਾਰੀ ਅਤੇ ਅਦਬ ਬਾਰੇ ਜਰਨਲਿਜ਼ਮ ਦੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਅਤੇ ਫਿਰ ਮੈਂ ਬਤੌਰ ਇਕ ਲੇਖਕ, ਪੱਤਰਕਾਰ ਅਤੇ ਐਡੀਟਰ ਵਿਦਿਆਰਥੀਆਂ ਅਗੇ ਆਪਣੇ ਵਿਚਾਰ ਪੇਸ਼ ਕੀਤੇ। ਪੱਤਰਕਾਰੀ ਅਤੇ ਅਦਬ ਜੋ ਕਿਸੇ ਹੱਦ ਤੱਕ ਨਾਲ ਨਾਲ ਚਲਦੇ ਹਨ, ਦੀ ਆਪੋ ਆਪਣੀ ਥਾਂ ਤੇ ਯੋਗ ਮਹੱਤਤਾ ਬਾਰੇ ਬੜੇ ਵਿਸਥਾਰ ਵਿਚ ਦਸਿਆ। ਮੈਂ ਕਿਉਂਕਿ ਉਮਰ ਦੇ ਵਡੇ ਭਾਗ ਵਿਚ ਪੱਤਰਕਾਰੀ ਅਤੇ ਅਦਬ ਨਾਲ ਜੁੜਿਆ ਹੋਇਆ ਹਾਂ,ਇਸ ਲਈ ਇਸ ਵਿਸ਼ੇ ਬਾਰੇ ਬੋਲਣਾ ਮੇਰੇ ਲਈ ਕੋਈ ਮੁਸ਼ਕਲ ਨਹੀਂ ਸੀ। ਯੂਨੀਵਰਸਿਟੀ ਦੇ ਵਿਦਿਆਰਥੀ ਜਿਨ੍ਹਾਂ ਵਿਚ ਕੁੜੀਆਂ ਵੀ ਕਾਫੀ ਸਨ, ਸਭ ਬੜੇ ਪ੍ਰਭਾਵਤ ਹੋਏ ਅਤੇ ਸਵਾਲਾਂ ਜਵਾਬਾਂ ਦੇ ਸੈਸ਼ਨ ਵਿਚ ਕਈ ਵਿਦਿਆਰਥੀਆਂ ਨੇ ਮੇਰੇ ਤੇ ਬੜੇ ਸਵਾਲ ਕੀਤੇ ਜਿਨ੍ਹਾਂ ਦੇ ਮੈਂ ਜੀਵਨ ਭਰ ਦੇ ਪੱਤਰਕਾਰੀ ਅਤੇ ਅਦਬ ਦੇ ਲੰਮੇ ਚੌੜੇ ਤਜਰਬੇ ਦੀ ਬਿਨਾ ਤੇ ਜਵਾਬ ਦੇ ਕੇ ਉਹਨਾਂ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਅੰਤ ਵਿਚ ਵਿਦਿਆਰਥੀਆਂ ਨੇ ਮੇਰੇ ਨਾਲ ਬਹੁਤ ਫੋਟੋਜ਼ ਉਤਰਵਾਈਆਂ। ਫੋਟੋ ਲੁਹਾਉਣ ਵਿਚ ਕੁੜੀਆਂ ਵੀ ਪਿਛੇ ਨਾ ਰਹੀਆਂ। ਨਾ ਉਹਨਾਂ ਦਾ ਜੀਅ ਕਰਦਾ ਸੀ ਅਤੇ ਨਾ ਅਖਾਂ ਹੀ ਮੰਨਦੀਆਂ ਸਨ ਕਿ ਇਹ ਸੈਸ਼ਨ ਖਤਮ ਹੋਵੇ ਪਰ ਅਸੀਂ ਅਗੇ ਹੈਡ ਮੁਰਾਲਾ ਜਾਣਾ ਸੀ। ਯੂਨੀਵਰਸਿਟੀ ਦੇ ਏਸੇ ਪਤਰਕਾਰੀ ਵਿਭਾਗ ਦੇ ਐਫ. ਐਮ. ਰੇਡੀਓ ਤੋਂ ਸਾਡੇ ਹੈਡ ਮੁਰਾਲਾ ਪਹੁੰਚਣ ਅਤੇ ਸੰਤ ਪ੍ਰੇਮ ਸਿੰਘ ਮੁਰਾਲਾ ਦੇ ਡੇਰੇ ਬਾਰੇ ਜਾਣਕਾਰੀ ਰੱਖਣ ਵਾਲੇ 1947 ਤੋਂ ਪਹਿਲਾਂ ਦੇ ਬਜ਼ੁਰਗਾਂ ਨੂੰ ਇਕੱਠੇ ਹੋਣ ਦਾ ਬਾਰ ਬਾਰ ਐਲਾਨ ਕੀਤਾ ਜਾ ਰਿਹਾ ਸੀ। ਵੀ. ਸੀ. ਸਹਿਬ ਵੱਲੋਂ ਯੂਨੀਵਰਸਿਟੀ ਵਿਚ ਦੋਪਹਿਰ ਦੇ ਖਾਣੇ ਬਹੁਤ ਵਧੀਆ ਇੰਤਜ਼ਾਮ ਸੀ। ਖਾਣਾ ਖਤਮ ਕਰਦਿਆਂ ਹੀ ਅਸੀਂ ਹੈਡ ਮੁਰਾਲਾ ਲਈ ਦੋ ਗੱਡੀਆਂ ਵਿਚ ਚੱਲ ਪਏ। ਵੀ. ਸੀ. ਸਾਹਿਬ ਵੱਲੋਂ ਗੱਡੀ,ਗੰਨ ਮੈਨ, ਯੂਨੀਵਰਸਿਟੀ ਦਾ ਫੋਟੋਗਰਾਫਰ ਅਲੀ ਮੁਹਮਦ ਅਰਸ਼ਦ, ਤੇ ਹੋਰ ਸਟਾਫ ਜਿਵੇਂ ਤਾਰਿਕ ਗੁੱਜਰ, ਡਾ: ਮਹਿਮੂਦ ਚੌਧਰੀ ਅਤੇ ਕੁਝ ਹੋਰ ਸਕਾਲਰ ਸਾਡੇ ਨਾਲ ਸਨ। ਦਰਿਆ ਚਨਾਬ ਸਾਡੇ ਸੱਜੇ ਹਥ ਨਾਲ ਨਾਲ ਚੱਲ ਰਿਹਾ ਸੀ। ਡਾ: ਮਹਿਮੂਦ ਚੌਧਰੀ ਨੇ ਓਥੇ ਪ੍ਰੈਕਟਿਸ ਕਰਦੇ ਉਸ ਕਸਬੇ ਦੇ ਆਪਣੇ ਦੋਸਤ ਡਾਕਟਰ ਬਾਬਰ ਵਾਜ਼ਿਮ ਨੂੰ ਸਾਡੇ ਆਉਣ ਬਾਰੇ ਪਹਿਲਾਂ ਹੀ ਸੂਚਿਤ ਕਰ ਦਿਤਾ ਸੀ ਅਤੇ ਨਾਲ ਹੀ ਦਰਿਆ ਚਨਾਬ ਦੀ ਦੂਰ ਦੂਰ ਤਕ ਮਸ਼ਹੂਰ ਸਵਾਦੀ ਮਛੀ ਤਿਆਰ ਰਖਣ ਦਾ ਪਿਆਰਾ ਹੁਕਮ ਵੀ ਦੇ ਦਿਤਾ ਸੀ।

ਜਦ ਅਸੀਂ ਝਨਾ ਦਰਿਆ ਪਾਰ ਕਰ ਰਹੇ ਸਾਂ ਸੋਚ ਦੀ ਸੂਈ ਬਾਰ ਬਾਰ ਸੋਹਣੀ ਦੇ ਕੱਚੇ ਘੜੇ ਤੇ ਝਨਾ ਤਰਨ ਦੀ ਜੱਗ ਚਰਚਿਤ ਕਹਾਣੀ ਅਤੇ ਪ੍ਰੋ: ਮੋਹਨ ਸਿੰਘ ਦੀ ਕਵਿਤਾ "ਮੈਂ ਆਸ਼ਕ ਮੇਰੇ ਫੁੱਲ ਸੁਹਾਵੇ, ਗੰਗਾ ਬਾਹਮਣੀ ਕੀ ਜਾਣੇ, ਮੇਰੇ ਫੁੱਲ ਝਨਾ ਵਿਚ ਪਾਣੇ" ਨਾਲ ਅਖਾਂ ਅਗੇ ਆ ਜਾਂਦੀ ਸੀ। ਇਹ ਸੋਚ ਕੇ ਕਿ ਵਾਪਸ ਆ ਕੇ ਝਨਾ ਦਰਿਆ ਦੀਆਂ ਫੋਟੋਜ਼ ਖਿਚਾਂਗੇ, ਅਸੀਂ ਦਰਿਆ ਵਿਚੋਂ ਨਿਕਲਦੀਆਂ ਨਹਿਰਾਂ ਵਿਚੋਂ ਇਕ ਨਹਿਰ ਦੇ ਕੰਢੇ ਡਾ: ਬਾਬਰ ਵਾਜ਼ਿਮ ਦੀ ਦੁਕਾਨ ਤੇ ਪਹੁੰਚ ਗਏ ਜਿਥੇ ਮਰੀਜ਼ਾਂ ਦੀ ਭੀੜ ਲੱਗੀ ਹੋਈ ਸੀ। ਡਾਕਟਰ ਨੇ ਸਭ ਮਰੀਜ਼ਾਂ ਨੂੰ ਛੁੱਟੀ ਦੇ ਦਿਤੀ ਅਤੇ ਸਾਰੀ ਟੀਮ ਨੂੰ ਆਪਣੇ ਘਰ ਲੈ ਗਿਆ ਜਿਥੇ ਝਨਾ ਦੀ ਗਰਮ ਗਰਮ ਮਛੀ ਅਤੇ ਆਓ ਭਗਤ ਦਾ ਸਾਰਾ ਸਾਮਾਨ ਮੌਜੂਦ ਸੀ। ਉਸਦੀ ਸੱਸ ਅਤੇ ਸਾਲੀ ਜੋ ਬਰੈਂਪਟਨ ਰਹਿੰਦੀਆਂ ਹਨ,ਵੀ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਹੈਡ ਮੁਰਾਲਾ ਆਈਆਂ ਹੋਈਆਂ ਸਨ। ਇਥੇ ਹੀ ਸੰਤਾਂ ਹਥੋਂ ਪਰਸ਼ਾਦ ਲੈਣ ਅਤੇ ਵੇਲੇ ਕੁਵੇਲੇ ਲੰਗਰ ਛਕਣ ਵਾਲੇ 86 ਸਾਲਾ ਬਜ਼ੁਰਗ ਹਫੀਜ਼ ਬੱਟ ਵੀ ਆ ਗਏ ਜਿਨ੍ਹਾਂ ਦਾ ਲੜਕਾ ਗੁਜਰਾਤ ਸਿਟੀ ਦਾ ਕੌਂਸਲਰ ਹੈ, ਬਜ਼ੁਰਗ ਨੇ ਦਸਿਆ ਕਿ ਸੰਤਾਂ ਦਾ ਡੇਰਾ ਦਰਿਆ ਝਨਾ ਦੇ ਐਨ ਕੰਢੇ

ਹੈਂਡ ਮੁਰਾਲਾ ਵਿਖੇ ਓਸੇ ਤਰ੍ਹਾਂ ਅਜੇ ਵੀ ਕਾਇਮ ਹੈ ਅਤੇ ਕੈਨਾਲ ਮਹਿਕਮੇ ਨੇ ਦਾਵਲੇ ਕੰਡਆਲੀ ਤਾਰ ਲਾਈ ਹੋਈ ਹੈ। ਕੁਝ ਥਾਂ ਫੌਜ ਦੇ ਨੀਮ ਦਲਾਂ ਕੋਲ ਹੈ ਜਿਥੇ ਉਹਨਾਂ ਦੇ ਵਾਇਰਲੈਸ ਸਟੇਸ਼ਨ ਹਨ। ਰਾਤ ਨੂੰ ਜੰਮੂ ਦੀਆਂ ਲਾਈਟਾਂ ਓਥੋਂ ਦਿਸਦੀਆਂ ਹਨ। ਬਜ਼ੁਰਗ ਹਫੀਜ਼ ਬੱਟ ਜੋ ਖੁਦ ਹੈਡ ਮੁਰਾਲਾ ਤੋਂ ਜਮਾਦਾਰ ਬੋਟਮੈਨ ਰੀਟਾਇਰ ਹੋਇਆ ਹੈ,ਨੂੰ ਅਸਾਂ ਕਾਰ ਵਿਚ ਬਠਾਇਆ ਤੇ ਉਹ ਸਾਨੂੰ ਝਨਾ ਦੇ ਪੁਲ ਤੋਂ ਜਮੂੰ ਵਾਲੇ ਪਾਸੇ ਜਿਥੋਂ ਹੋਰ ਨਹਿਰਾਂ ਨਿਕਲਦੀਆਂ ਹਨ, ਦਰਿਆ ਦੇ ਕੰਢੇ ਬਣੀ ਪਟੜੀ ਤੇ ਡੇਰਾ ਹੈਡ ਮੁਰਾਲਾ ਦੀ 1902 ਵਿਚ ਬਣੀ ਬਹੁਤ ਵਡੀ ਪੁਰਾਣੀ ਤੇ ਖਾਮੋਸ਼ ਖੜ੍ਹੀ ਬਿਲਡਿੰਗ ਅਗੇ ਲੈ ਆਇਆ। ਇਸ ਦਵਾਲੇ ਕੰਡਿਆਲੀਆਂ ਤਾਰਾਂ ਵਲੀਆਂ ਹੋਈਆਂ ਸਨ। ਮੈਂ ਨਾਲ ਨਾਲ ਫੋਨ ਤੇ ਕੈਨੇਡਾ ਵਿਚ ਇਸ ਮੁਹਿੰਮ ਦੇ ਬਾਨੀ ਸਰਦਾਰ ਕਮਲ ਸਿੰਘ ਅਤੇ ਲੁਬਾਣਾ ਆਗੂ ਅਜੀਤ ਸਿੰਘ ਬਾਵਾ ਨਾਲ ਸੰਪਰਕ ਰੱਖ ਰਿਹਾ ਸਾਂ। ਉਹਾਂ ਨੂੰ ਡੇਰੇ ਦਾ ਅਖੀਂ ਡਿਠਾ ਹਾਲ ਦੱਸ ਰਿਹਾ ਸਾਂ ਅਤੇ ਤਾਰਿਕ ਗੁੱਜਰ ਤੇ ਯੂਨੀਵਰਸਿਟੀ ਦਾ ਫੋਟੋਗਰਾਫਰ ਅਲੀ ਮੁਹਮਦ ਅਰਸ਼ਦ ਸਭ ਪਾਸਿਆਂ ਤੋਂ ਡੇਰੇ ਦੀਆਂ ਫੋਟੋਜ਼ ਖਿਚ ਰਹੇ ਸਨ। ਹਨੇਰਾ ਪੈਣ ਕਾਰਨ ਫੋਟੋਜ਼ ਸਾਫ ਨਹੀਂ ਆ ਰਹੀਆਂ ਸਨ ਪਰ 1947 ਤੋਂ ਬਾਅਦ ਇਥੇ ਪਹੁੰਚਣ ਵਾਲੀ ਇਹ ਟੀਮ,ਸੰਤ ਬਿਸ਼ਨ ਸਿੰਘ ਦੇ ਵਰੋਸਾਏ ਸੰਤ ਬਾਬਾ ਪ੍ਰੇਮ ਸਿੰਘ ਦੇ ਡੇਰੇ ਬਾਰੇ ਜੋ ਵੀ ਬਾਹਰੋਂ ਦਿਸ ਰਿਹਾ ਸੀ, ਉਸਦੀ ਫੋਟੋਗਰਾਫੀ ਕਰ ਰਹੀਆਂ ਸਨ। ਡੇਰੇ ਦੇ ਪਿਛਲੇ ਪਾਸੇ ਬੱਚਿਆਂ ਦੇ ਖੇਡਣ ਲਈ ਪਾਰਕ ਬਣੀ ਹੋਈ ਸੀ ਅਤੇ ਬੱਚਿਆਂ ਦੇ ਖਾਣ ਪੀਣ ਲਈ ਕਨਟੀਨ ਬਣੀ ਹੋਈ ਸੀ। ਉਸਦੇ ਪਿਛੇ ਸੰਤਾਂ ਵੇਲੇ ਦਾ ਬਹੁਤ ਪੁਰਾਣਾ ਬੋੜ੍ਹ ਸੀ ਜਿਸ ਦੀਆਂ ਅਸੀਂ ਫੋਟੋਜ਼ ਖਿਚੀਆਂ ਅਤੇ ਪਿਛਲੇ ਪਾਸੇ ਫਿਰ ਜਿਥੇ ਉਰਦੂ ਵਿਚ ਦਾਖਲਾ ਮਮਨੂ ਹੈ,ਲਿਖਿਆ ਹੋਇਆ ਸੀ,ਦੀਆਂ ਫੋਟਜ਼ੋ ਵੀ ਖਿੱਚੀਆਂ। ਇਹਦੇ ਪਿਛਲੇ ਪਾਸੇ ਬਣੇ ਇਕ ਕਮਰੇ ਦੀਆਂ ਫੋਟੋਜ਼ ਵੀ ਖਿਚੀਆਂ। ਇਸ ਦੇ ਹੋਰ ਪਿਛੇ ਹਟਵੇਂ ਰਾਤ ਦੇ ਹਨੇਰੇ ਵਿਚ ਕੁਝ ਕਵਾਟਰਜ਼ ਬਣੇ ਦਿਸਦੇ ਸਨ। ਇਥੇ ਕੋਈ ਲਾਈਟ ਨਹੀਂ ਸੀ, ਏਨਾ ਪਤਾ ਲੱਗ ਰਿਹਾ ਸੀ ਕਿ ਇਹ ਥਾਂ ਡੇਰੇ ਦੀ ਸੀ ਅਤੇ ਹੁਣ ਇਸ ਉਤੇ ਨੀਮ ਦਲ ਫੌਜੀ ਭਾਵ ਵਾਇਰਲੈਸ ਵਾਲਿਆਂ ਦਾ ਅਧਿਕਾਰ ਸੀ। ਡੇਰੇ ਦੇ ਬਾਹਰ ਇਹ ਇਲਾਕਾ ਮਮਨੂਹ ਹੈ, ਬਾ-ਹੁਕਮ ਐਸ ਡੀ. ਓ. ਕੈਨਾਲਜ਼ ਹੈਂਡ ਵਰਕਸ ਮੁਰਾਲਾ ਲਿਖਿਆ ਹੋਇਆ ਸੀ। ਇਹ ਤਾਂ ਸੀ 1947 ਤੋਂ ਬਾਅਦ ਲੁਬਾਣਾ ਕਮਿਉਨਿਟੀ ਦੇ ਇਤਿਹਾਸਕ ਅਤੇ ਪਵਵਿਤਰ ਥਾਂ ਦੀ ਮੁਢਲੀ ਅਖੀਂ ਡਿਠੀ ਤਸਵੀਰ ਅਤੇ ਹਾਲਤ ਜੋ ਲੁਬਾਣਾ ਕੌਮ ਅਗੇ ਇਸ ਇਮਾਰਤ ਵਾਲੀ ਥਾਂ ਅਤੇ ਡੇਰੇ ਦੀ ਜਾਇਦਾਦ ਦੀ ਖੋਜ ਨੂੰ ਅਗੇ ਤੋਰਨ ਦੇ ਦਰਜਨਾਂ ਸਵਾਲ ਪੈਦਾ ਕਰਦੀ ਤੇ ਉਹਨਾਂ ਦਾ ਜਵਾਬ ਮੰਗਦੀ ਹੈ। ਜਿਵੇਂ ਯੂਨੀਵਰਸਿਟੀ ਪੱਧਰ ਤੇ ਇਸ ਦੀ ਖੋਜ ਕਰਵਾਣੀ ਕਿ 1947 ਤੋਂ ਬਾਅਦ ਇਸ ਇਤਹਾਸਕ ਥਾਂ ਨਾਲ ਕੀ ਕੀ ਬੀਤੀ? ਇਹਨੂੰ ਕਿਹੜੀਆਂ ਕਿਹੜੀਆਂ ਹਾਲਤਾਂ ਵਿਚੋਂ ਲੰਘਣਾ ਪਿਆ। ਪਾਕਿਸਤਾਨ ਸਰਕਾਰ ਦੇ ਮਹਿਕਮ ਹੈੱਡ ਵਰਕਸ ਕੈਨਾਲਜ਼ ਨੇ ਕਿਨ੍ਹਾਂ ਹਾਲਤਾਂ ਵਿਚ ਇਸਦੀ ਸੰਭਾਲ ਕਰਦਿਆਂ ਇਸ ਨੂੰ ਮਮਨੂਹ ਇਲਾਕਾ ਕਰਾਰ ਦੇ ਕੇ ਇਸ ਡੇਰੇ ਨੂੰਜ਼ਿੰਦਾ ਰਖਿਆ ਜਦ ਕਿ ਹੋਣਾ ਇਹ ਚਾਹੀਦਾ ਸੀ ਕਿ ਇਸ ਡੇਰੇ ਦੀ ਸਾਂਭ ਸੰਭਾਲ ਪਾਕਿਸਤਾਨ ਦੇ ਮਹਿਕਮਾ ਔਕਾਫ ਜਾਂ ਪਾਕਿਸਤਾਨ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕਰ ਕੇ ਇਥੇ ਕਮੇਟੀ ਦੇ ਬੰਦੇ ਇਸਦੀ ਦੇਖ ਭਾਲ ਲਈ ਨਿਯੁਕਤ ਕਰਦੀ। ਕਿਉਂ ਨਾ ਲੁਬਾਣਾ ਕਮਿਉਨਿਟੀ ਇਸ ਥਾਂ ਤੇ ਹਰ ਸਾਲ ਸੰਤਾਂ ਦਾ ਦਿਨ ਮਨਾਉਣ ਲਈ ਜਥੇ ਦੇ ਰੂਪ ਵਿਚ ਜਾਇਆ ਕਰੇ। ਇਸ ਥਾਂ ਤੇ ਜਥੇ ਦੇ ਰੂਪ ਵਿਚ ਜਾਣ ਲਈ ਪਾਕਿਸਤਾਨ ਸਰਕਾਰ ਨਾਲ ਮਨਜ਼ੂਰੀ ਲੈਣ ਲਈ ਲਿਖਾ ਪੜ੍ਹੀ ਕਰੇ। ਜਦ ਵੀ ਪਾਕਿਸਤਾਨ ਦਾ ਕੋਈ ਮੰਤਰੀ ਕੈਨੇਡਾ ਆਵੇ ਤਾਂ ਉਸ ਨਾਲ, ਹੈਡ ਮੁਰਾਲਾ ਇਲਾਕੇ ਦੇ ਐਮ. ਐਲ. ਏ. ਅਤੇ ਮੈਂਬਰ ਨੈਸ਼ਨਲ ਅਸੈਂਬਲੀ ਆਫ ਪਾਕਿਸਤਾਨ ਨਾਲ ਸੰਵਦ ਰਚਾਇਆ ਜਾਵੇ। ਡੇਰਾ ਹੈਡ ਮੁਰਾਲਾ ਦੀ ਜਾਇਦਾਦ ਬਾਰੇ ਰਕਬਾ ਮਾਲ ਵਿਚੋਂ ਵੰਡ ਤੋਂ ਬਾਅਦ ਦੀ ਹਿਸਟਰੀ ਅਤੇ ਰੀਕਾਰਡ ਦੀ ਤਲਾਸ਼ ਕੀਤੀ ਜਾਵੇ ਤਲਾਸ਼ ਕੀਤੀ ਜਾਵੇ। ਓਸ ਸਾਰੀ ਜਾਇਦਾਦ ਦਾ ਵੀ ਪਤਾ ਲਾਇਆ ਜਾਵੇ ਜੋ ਸੰਤ ਬਾਬਾ ਮੁਰਾਲਾ ਵਾਲਿਆਂ ਦੇ ਇਸ ਡੇਰੇ ਦੇ ਨਾਂ ਤੇ ਸੀ। ਯੂਨੀਵਰਸਿਟੀ ਵਿਚ ਕੰਮ ਕਰਦੇ ਇਕ ਲੜਕੇ ਅਬਰਾਰ ਅਹਿਮਦ ਨੇ 19 ਮਾਰਚ ਦੀ ਰਾਤ ਨੂੰ ਯੂਨੀਵਰਸਿਟੀ ਗੈਸਟ ਹਾਊਸ ਵਿਚ ਖਾਣਾ ਖਾਂਦੇ ਦਸਿਆ ਕਿ ਉਸਦਾ ਭਰਾ ਮਿਰਜ਼ ਅਬਦੁਲਵੇਕਲ ਹੁਮਾਈਊਂ ਹੈਡ ਮੁਰਾਲਾ ਦਾ ਨਾਇਬ ਤਹਿਸੀਲਦਾਰ ਹੈ ਅਤੇ ਜੇਕਰ ਮੈਂ ਵੀ ਸੀ ਸਾਹਿਬ ਕੋਲੋਂ ਅਖਵਾ ਦਿਆਂ ਤਾਂ ਉਹ ਆਪਣੇ ਭਰਾ ਦੀ ਮਦਦ ਨਾਲ ਡੇਰੇ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਕਰਵਾ ਸਕਦਾ ਹੈ।

ਪਾਕਿਸਤਾਨ ਦੇ ਪ੍ਰਸਿਧ ਪੰਜਾਬੀ ਲੇਖਕ ਅਤੇਖੋਜੀ ਜਨਾਬ ਇਕਬਾਲ ਕੈਸਰ ਜਿਸ ਨੇ ਪਾਕਿਸਤਾਨ ਵਿਚ ਰਹਿ ਗਏ ਸਾਰੇ ਗੁਰਦਵਾਰਿਆਂ ਦੀ ਫੋਟੋਗਰਾਫੀ ਅਤੇ ਇਹਿਾਸ ਲਿਖ ਕੇ ਬਹੁਤ ਵਡੀ ਕਿਤਾਬ ਛਾਪੀ ਹੈ ਅਤੇ ਪੰਜਾਬੀ ਬੋਲੀ, ਭਾਸ਼ਾ ਅਤੇ ਸਾਹਿਤ ਲਈ ਲਾਹੌਰ ਕਸੂਰ ਦੇ ਰਾਹ ਵਿਚ ਖੋਜਗੜ੍ਹ ਸਥਾਪਤ ਕੀਤਾ ਹੈ ਨੇ ਦਸਿਆ ਕਿ ਉਸਨੂੰ ਡੇਰਾ ਸੰਤ ਬਾਬਾ ਪ੍ਰੇਮ ਸਿੰਘ ਮੁਰਾਲਾਵਾਲਾ ਬਾਰੇ ਕਾਫੀ ਗਿਆਨ ਹੈ। ਜੇਕਰ ਲੁਬਾਣਾ ਕਮਿਉਨਿਟੀ ਇਸ ਬਾਰੇ ਖੋਜ ਕਰਵਾਣੀ ਚਾਹੇ ਤਾਂ ਉਸਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

## 52-ਪਿਆਰੇ ਵਤਨ ਭਾਰਤ ਵਿਚ ਪਹਿਲਾ ਦਿਨ

ਵਾਘਾ ਬਾਰਡਰ ਤੇ ਮਿਲਿਆ ਕਸਟਮ ਸੁਪਰਡੰਟ ਹਰਪਾਲ ਸਿੰਘ ਸੂਫੀਇਜ਼ਮ ਵਿਚ ਕਾਫੀ ਦਿਲਚਸਪੀ ਲੈਂਦਾ ਸੀ ਅਤੇ ਇਸ

ਤੋਂ ਇਲਾਵਾ ਵਧੀਆ ਗੱਲ ਇਹ ਹੋਈ ਕਿ ਉਹ ਕੈਨੇਡਾ ਦੇ ਪ੍ਰਸਿਧ ਸਿੱਖ ਨੇਤਾ ਇੰਦਰਜੀਤ ਸਿੰਘ ਬਲ ਦਾ ਦੋਸਤ ਨਿਕਲ ਆਇਆ। ਇੰਦਰਜੀਤ ਸਿੰਘ ਬਲ ਬਾਰੇ ਪਤਾ ਲੱਗਾ ਕਿ ਉਹ ਪੰਜਾਬ ਦੀ ਮੇਨ ਸਟਰੀਮ ਵਿਚ ਪੂਰੇ ਜਲੌ ਨਾਲ ਕੁਦ ਚੁਕਾ ਸੀ ਅਤੇ ਉਸ ਦਾ ਸੈੱਲ ਨੰਬਰ ਵੀ ਮੈਨੂੰ ਹਰਪਾਲ ਸਿੰਘ ਕੋਲੋਂ ਮਿਲ ਗਿਆ। ਕੈਨੇਡਾ ਤੋਂ ਪਾਕਿਸਤਾਨ ਅਤੇ ਭਾਰਤ ਤੁਰਨ ਤੋਂ ਪਹਿਲਾਂ ਮੈਂ ਬਲ ਸਾਹਿਬ ਨੂੰ ਕਈ ਫੋਨ ਕੀਤੇ ਸਨ ਪਰ ਬਲ ਸਾਹਿਬ ਦਾ ਫੋਨ ਥਰੂ ਨਹੀਂ ਹੋ ਰਿਹਾ ਸੀ। ਮੈਂ ਅੰਦਾਜ਼ਾ ਲਾ ਲਿਆ ਸੀ ਕਿ ਬਲ ਸਾਹਿਬ ਜ਼ਰੂਰ ਇੰਡੀਆ ਚਲੇ ਗਏ ਹੋਣਗੇ ਤੇ ਗੱਲ ਸੱਚੀ ਹੋ ਨਿਕਲੀ। ਹਰਪਾਲ ਕਹਿਣ ਲੱਗਾ ਕਿ ਸ਼ਾਮੀਂ ਮੇਰੇ ਘਰ ਆਓ ਅਤੇ ਪਾਕਿਸਤਾਨ ਵਿਚ ਹੋਈ ਸੂਫੀਇਜ਼ਮ ਕਾਨਫਰੰਸ ਬਾਰੇ ਕੁਝ ਦੱਸੋ। ਮੈਂ ਆਪਣੇ ਇਕ ਹੋਰ ਦੋਸਤ ਹਰਕੰਵਲ ਕੋਰਪਾਲ ਨੂੰ ਵੀ ਬੁਲਾ ਲਵਾਂਗਾ। ਸ਼ਾਮ ਦਾ ਖਾਣਾ ਮੇਰੇ ਘਰ ਖਾਓ। ਗੱਲਾਂ ਗੱਲਾਂ ਵਿਚ ਪਿਛੋਂ ਮੋਗੇ ਲਾਗੇ ਦਾ ਹੋਣ ਕਰ ਕੇ ਉਹਦੇ ਨਾਲ ਜਾਣ ਪਛਾਣ ਨਿਕਲ ਆਈ ਅਤੇ ਉਹ ਕੈਨੇਡਾ ਦੇ ਸਿੱਖ ਨੇਤਾ ਇੰਦਰਜੀਤ ਬਲ ਜਿਸ ਨੂੰ ਮੈਂ ਆਪਣਾ ਛੋਟਾ ਭਰਾ ਕਹਿੰਦਾ ਹਾਂ, ਦਾ ਬਹੁਤ ਕਰੀਬੀ ਦੋਸਤ ਵੀ ਨਿਕਲ ਆਇਆ। ਮੈਂ ਕਹਾ ਕਿ ਤੁਹਾਡੇ ਕਸਟਮ ਵਾਲਿਆਂ ਤੋਂ ਡਰਦਾ ਮੈਂ ਬੜੀਆਂ ਨਾਯਾਬ ਸੌ ਕਿਤਾਬਾਂ ਪਾਕਿਸਤਾਨ ਛਡ ਆਇਆ ਹਾਂ। ਮੈਂ ਹਰਪਾਲ ਨੂੰ ਕਿਹਾ ਕਿ ਜੇ ਮੈਨੂੰ ਪਤਾ ਹੁੰਦਾ ਕਿ ਤੁਹਾਡੇ ਵਰਗੇ ਫਰਾਖਦਿਲ ਅਫਸਰ ਨੇ ਮਿਲ ਜਾਣਾ ਹੈ ਤਾਂ ਮੈਂ ਉਹ ਸਾਰੀਆਂ ਕਿਤਾਬਾਂ ਜਿਨ੍ਹਾਂ ਵਿਚ ਵੀਹ ਵੀਹ ਸਾਲ ਲਾ ਕੇ ਸੋਧੀ ਹੋਈ ਅਸਲੀ ਹੀਰ ਵੀ ਸੀ, ਸਭ ਨਾਲ ਲੈ ਆਂਦਾ। ਉਸ ਕਿਹਾ ਕਿ ਲੈ ਆਣੀਆਂ ਸਨ। ਮੈਨੂੰ ਪਤਾ ਸੀ ਕਿ ਇੰਦਰਜੀਤ ਬਲ ਕੈਨੇਡਾ ਤੋਂ ਇੰਡੀਆ ਆਇਆ ਹੋਇਆ ਹੈ ਪਰ ਉਸਦਾ ਇੰਡੀਆ ਦਾ ਮੋਬਾਈਲ ਫੋਨ ਨੰਬਰ ਮੇਰੇ ਕੋਲ ਨਹੀਂ ਸੀ। ਕਸਟਮ ਸੁਪਰਡੰਟ ਨੇ ਉਸਦਾ ਫੋਨ ਨੰਬਰ ਵੀ ਦੇ ਦਿਤਾ ਅਤੇ ਉਸ ਨਾਲ ਗੱਲ ਵੀ ਕਰਵਾ ਦਿਤੀ। ਉਸ ਨੇ 8 ਅਪ੍ਰੈਲ ਨੂੰ ਕੈਨੇਡਾ ਮੁੜ ਜਾਣਾ ਸੀ ਅਤੇ ਅਤੇ ਢਿਲਵਾਂ ਬੱਸ ਸਟੈਂਡ ਤੋਂ ਦੋ ਮੀਲ ਦੀ ਦੂਰੀ ਤੇ ਪੈਂਦੇ ਇਲਾਕੇ ਵਿਚ ਜਾਣ ਤੋਂ ਇਕ ਦਿਨ ਪਹਿਲਾਂ ਇਕ ਪੈਟਰੋਲ ਪੰਪ ਦੇ ਸਾਹਮਣੇ ਆਪਣੇ ਨਵੇਂ ਬਣਾਏ ਖੂਬਸੂਰਤ ਖੁਲ੍ਹੇ ਡੁਲ੍ਹੇ ਘਰ ਵਿਚ ਕਾਫੀ ਵਡੀ ਪਾਰਟੀ ਰੱਖੀ ਹੋਈ ਸੀ। ਬਲ ਦਾ ਪਿਆਰ ਭਰਿਆ ਹੁਕਮ ਸੀ ਕਿ ਮੈਂ ਪਾਰਟੀ ਤੇ ਜ਼ਰੂਰ ਆਉਣਾ ਹੈ ਅਤੇ ਉਹ ਪਾਕਿਸਤਾਨ ਵਿਚ ਮੇਰੀ ਸ਼ਾਹਮੁਖੀ ਵਿਚ ਛਪੀ ਸਵੈ-ਜੀਵਨੀ ਇਸ ਵਡੇ ਇਕਠ ਵਿਚ ਰੀਲੀਜ਼ ਕਰੇਗਾ। ਬਲ ਨੇ ਮੇਰੀ ਸਵੈ ਜੀਵਨੀ ਦਾ ਇਕ ਇਕ ਅੱਖਰ ਬੜੀ ਨੀਝ ਨਾਲ ਪੜ੍ਹਿਆ ਹੋਇਆ ਸੀ ਅਤੇ ਹਰ ਵਾਰ ਅਖਬਾਰ ਵਿਚ ਜੀਵਨੀ ਦੀ ਕਿਸ਼ਤ ਪੜ੍ਹ ਕੇ ਮੈਨੂੰ ਫੋਨ ਕਰਦਾ ਰਿਹਾ ਸੀ। ਉਸਦੀ ਪਾਰਟੀ ਤੇ ਕਈ ਲੇਖਕ, ਵਿਦਵਾਨ, ਪ੍ਰੋਫੈਸਰਜ਼, ਐਮ. ਐਲ. ਏ. ਅਤੇ ਵਜ਼ੀਰ ਵੀ ਆ ਰਹੇ ਸਨ। ਮੈਂ ਬਲ ਸਾਹਿਬ ਨੂੰ ਹਾਂ ਕਰ ਦਿਤੀ। ਸ਼ਾਮੀਂ ਮੈਂ ਤੇ ਅਮ੍ਰਿਤਸਰ ਦੇ ਪੰਜਾਬੀ ਲੇਖਕ ਭੁਪਿੰਦਰ ਸਿੰਘ ਸੰਧੂ ਨੇ ਕੁਝ ਸਮਾਂ ਕਸਟਮ ਸੁਪਰਡੰਟ ਸਾਹਿਬ ਨਾਲ ਗੁਜ਼ਾਰਿਆ ਅਤੇ ਸੂਫੀਇਜ਼ਮ ਬਾਰੇ ਅਤੇ ਮੇਰੀ ਪਾਕਿਸਤਾਨ ਫੇਰੀ ਬਾਰੇ ਕਾਫੀ ਦਿਲਚਸਪ ਗੱਲਾਂ ਹੋਈਆਂ। ਇਕ ਨੁਕਤੇ ਤੇ ਅਸੀਂ ਸਾਰੇ ਸਾਂਝੀ ਰਾਏ ਤੇ ਖੜ੍ਹੇ ਸਾਂ ਕਿ ਪਾਕਿਸਤਾਨੀ ਭਾਵੇਂ ਕਿੰਨੇ ਵੀ ਮਹਿਮਾਨ ਨਵਾਜ਼ ਕਿਉਂ ਨਾ ਹੋਣ ਪਰ ਅੰਦਰੋਂ ਖਰੇ ਨਹੀਂ ਹਨ। ਕਸਟਮ ਅਫਸਰ ਸਾਹਿਬ ਨੂੰ ਬਲ ਸਾਹਿਬ ਦੇ ਨਵੇਂ ਘਰ ਵਿਚ ਹੋ ਰਹੀ ਅਲਵਿਦਈ ਪਾਰਟੀ ਵਿਚ ਫਿਰ ਮਿਲਣ ਦਾ ਇਕਰਾਰ ਕਰ ਕੇ ਮੈਂ ਤੇ ਭੁਪਿੰਦਰ ਸਿੰਘ ਸੰਧੂ ਅੰਮ੍ਰਿਤਸਰ ਵਿਚ ਮੇਰੇ ਮਾਣ ਵਿਚ ਰੱਖੀ ਇਕ ਡਿਨਰ ਪਾਰਟੀ ਵਿਚ ਚਲੇ ਗਏ। ਅਸੀਂ ਭੁਪੰਦਰ ਸਿੰਘ ਸੰਧੂ ਨੂੰ ਜੁਲਾਈ 2009 ਵਿਚ ਕੈਨੇਡਾ ਵਿਚ ਹੋਈ ਵਰਲਡ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਸੱਦਾ-ਪੱਤਰ ਭੇਜਿਆ ਸੀ ਪਰ ਉਸ ਨੂੰ ਕੈਨੇਡਾ ਦਾ ਵੀਜ਼ਾ ਨਹੀਂ ਸੀ ਮਿਲਿਆ।

ਕਈ ਸਾਲਾਂ ਬਾਅਦ ਅੰਮ੍ਰਿਤਸਰ ਸੀਹਰ ਵਿਚ ਇਹ ਮੇਰੀ ਪਹਿਲੀ ਰਾਤ ਸੀ। ਅੰਮ੍ਰਿਤਸਰ ਵੀ ਲਾਹੌਰ ਵਾਂਗ ਮੇਰੇ ਬਚਪਨ ਨਾਲ ਜੁੜੀਆਂ ਅਨੇਕਾਂ ਯਾਦਾਂ ਦਾ ਸ਼ਹਿਰ ਹੈ। ਇਸ ਸ਼ਹਿਰ ਤੋਂ ਅਠ ਨੌਂ ਮੀਲ ਦੂਰ ਪੈਂਦੇ ਪਿੰਡ ਨਵਾਂ ਪਿੰਡ ਵਿਚੋਂ ਹੀ ਸਾਡੇ ਵਡੇਰੇ ਸੰਨ 1880 ਈ. ਵਿਚ ਬਾਰ ਵਿਚ ਮੁੱਰਬੇ ਮਿਲਣ ਤੇ ਬਾਰ ਆਬਾਦ ਕਰਨ ਲਈ ਚਲੇ ਗਏ ਸਨ। ਪਿਓ ਦਾਦਿਆਂ ਦੀ ਬਚੀ ਇਸ ਪਿੰਡ ਵਾਲੀ ਜ਼ਮੀਨ ਅਸੀਂ ਮਾਰਚ 1965 ਵਿਚ ਵੇਚ ਕੇ ਇਸ ਪਿੰਡ ਨਾਲੋਂ ਸਦਾ ਲਈ ਨਾਤਾ ਤੋੜ ਲਿਆ ਸੀ। ਇਸ ਸ਼ਹਿਰ ਅਤੇ ਇਸ ਦੇ ਆਲੇ ਦਵਾਲੇ ਨਾਲ ਮੇਰੀਆਂ ਬਹੁਤ ਪਿਆਰੀਆਂ ਤੇ ਪੁਰਾਣੀਆਂ ਯਾਦਾਂ ਜੁੜੀਆਂ ਹੋਈਆਂ ਸਨ। ਲਾਗੇ ਲਾਗੇ ਪਿੰਡਾਂ ਵਿਚ ਅਨੇਕਾਂ ਰਿਸ਼ਤੇਦਾਰੀਆਂ ਵੀ ਸਨ। ਜਦੋਂ ਕਹਾਣੀਕਾਰ ਜਗਜੀਤ ਸਿੰਘ ਆਹੂਜਾ ਜੀਂਦਾ ਸੀ ਤੇ ਸ਼ਿਵ ਕੁਮਾਰ ਬਟਾਲਵੀ, ਮੋਹਨ ਕਾਹਲੋਂ, ਅਵਤਾਰ ਅਨਭੋਲ, ਕੁਲਵੰਤ ਸੂਰੀ ਅਤੇ ਕਈ ਹੋਰ ਲੇਖਕ ਆਹੂਜੇ ਦੇ ਇੱਬਨ ਪਿੰਡ ਵੱਲ ਪੈਂਦੇ ਇੱਟਾਂ ਦੇ ਭੱਠੇ ਲਾਗੇ ਵਗਦੇ ਸੂਏ ਦੇ ਕੰਢੇ ਤੇ ਆ ਕੇ ਮਹਿਫਲਾਂ ਲਾਇਆ ਕਰਦੇ ਸਨ। ਇਥੇ ਬਿਨ ਬਾਂਗੇ ਮੁਰਗੇ ਭੁਜਦੇ ਅਤੇ ਸੁਲਫੇ ਦੀ ਲਾਟ ਵਰਗੀ ਘਰ ਦੀ ਕਢੀ ਦਾਰੂ ਚਲਦੀ। ਜਗਜੀਤ ਸਿੰਘ ਆਹੂਜੇ ਨੂੰ ਲੇਖਕ ਬਨਣ ਦਾ ਐਸਾ ਸ਼ੌਂਕ ਚੜ੍ਹਿਆ ਕਿ ਉਸ ਨੇ ਆਪਣਾ ਸਭ ਕੁਝ ਗਵਾ ਲਿਆ ਤੇ ਉਹਦਾ ਭੱਠਾ ਬੈਠ ਗਿਆ। ਸਫਲ ਕਹਾਣੀਆਂ ਦੀਆਂ ਦੋ ਕਿਤਾਬਾਂ "ਹਨੇਰੇ ਦੇ ਨਕਸ਼" ਅਤੇ "ਪਹਿਲੀ ਰਾਤ ਦੀ ਤਲਾਸ਼" ਛਪਵਾ ਕੇ ਉਹ ਆਰਥਿਕ ਤੌਰ ਤੇ ਤਬਾਹ ਹੋ ਗਿਆ। ਸੱਠਵਿਆਂ ਦੇ ਅੰਤ ਅਤੇ ਸੱਤਰਵਿਆਂ ਦੇ ਸ਼ੁਰੂ ਵਿਚ ਉਸਦੀ ਮਾਇਕ ਹਾਲਤ ਐਨੀ ਜ਼ਿਆਦਾ ਖਰਾਬ ਹੋ ਗਈ ਕਿ ਜਿਨ੍ਹਾਂ ਲੋਕਾਂ ਤੇ ਉਹ ਰੋਜ਼ ਸੈਂਕੜੇ ਰੁਪੈ ਖਰਚਦਾ ਹੁੰਦਾ ਸੀ। ਸੋਲਨ ਨੰਬਰ ਵਨ ਦੀ ਵਿਸਕੀ ਪਿਆਉਂਦਾ ਅਤੇ ਭੁੱਜੇ ਹੋਏ ਮੁਰਗੇ ਖਵਾਂਦਾ ਹੁੰਦਾ ਸੀ, ਉਹ ਸਭ ਉਹਨੂੰ ਛਡ ਗਏ ਅਤੇ ਕੋਈ ਉਹਨੂੰ ਦਸ ਰੁਪੈ ਉਧਾਰੇ ਨਹੀਂ ਦੇਂਦਾ ਸੀ। ਅਮੀਰੀ ਜੀਵਨ ਜੀਣ ਵਾਲਾ ਫਰਾਖਦਿਲ ਮਹਿਮਾਨ ਨਵਾਜ਼ ਜਗਜੀਤ ਆਹੂਜਾ ਮੁਫਲਸੀ ਦਾ ਸ਼ਿਕਾਰ ਹੋ ਗਿਆ। ਮਕਾਨ ਦਾ ਕਿਰਾਇਆ ਅਤੇ ਰਾਸ਼ਨ ਪਾਉਣ ਜੋਗੇ ਪੈਸੇ ਨਾ ਰਹੇ। ਇਹਨਾਂ ਹਾਲਾਤਾਂ ਵਿਚ ਉਹਦੀ ਪਤਨੀ ਤੇ ਉਹਦੀ ਅਗੇ ਪਿਛੇ ਮੌਤ ਹੋ ਗਈ। ਇੰਜ

ਸਾਹਿਤਕਾਰਾਂ, ਪ੍ਰਕਾਸ਼ਕਾਂ, ਲਿਖਾਰੀਆਂ ਤੇ ਸ਼ਾਇਰਾਂ ਦੇ ਸ਼ਹਿਰ ਅੰਮ੍ਰਿਤਸਰ ਵਿਚ ਇਕ ਉਭਰ ਰਹੇ ਕਹਾਣੀਕਾਰ ਜਗਜੀਤ ਸਿੰਘ ਆਹੂਜਾ ਦਾ ਅੰਤ ਹੋ ਗਿਆ।

ਦੂਜਾ ਇਸੇ ਸ਼ਹਿਰ ਵਿਚ ਹੀ ਗੰਗਾ ਬਿਲਡੰਗ ਤੋਂ ਅਗੇ ਇਰੀਗੇਸ਼ਨ ਮਹਿਕਮੇ ਵਿਚ ਵਡੇ ਅਹੁਦੇ ਤੋਂ ਰੀਟਾਇਰ ਹੋਏ ਅਮੀਰ ਨਾਟਕਕਾਰ ਸਰਦਾਰ ਗੁਰਸ਼ਰਨ ਸਿੰਘ ਦੇ ਬਹੁਤ ਵਡੇ ਘਰ ਖਾਲਸਾ ਨਿਵਾਸ ਲਾਗੇ ਇਕ ਵਡੀ ਬਿਲਡਿੰਗ ਵਿਚ ਛੋਟੇ ਬੱਚਿਆਂ ਦਾ ਇਕ ਸਕੂਲ ਖੁਲ੍ਹਿਆ ਸੀ। ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਇਕ ਛੋਟਾ ਬੱਚਾ ਸਕੂਲ ਵਿਚ ਹੀ ਕਿਧਰੇ ਰਹਿ ਗਿਆ ਤੇ ਸਕੂਲ ਵਾਲੇ ਸਕੂਲ ਨੂੰ ਜਿੰਦਰੇ ਲਾ ਕੇ ਦੋ ਮਹੀਨਿਆਂ ਲਈ ਸਕੂਲ ਬੰਦ ਕਰ ਕੇ ਚਲਦੇ ਬਣੇ। ਉਹ ਛੋਟਾ ਜਿਹਾ ਮਾਸੂਮ ਬੱਚਾ ਸਾਰੇ ਸ਼ਹਿਰ ਵਿਚ ਲਭਿਆ ਗਿਆ ਪਰ ਕਿਤੋਂ ਨਾ ਲੱਭਾ। ਛੁਟੀਆਂ ਖਤਮ ਹੋਣ ਤੇ ਜਦ ਦੋਬਾਰਾ ਸਕੂਲ ਖੁਲ੍ਹਿਆ ਤਾਂ ਉਸਦੀ ਲਾਸ਼ ਮਿਲੀ। ਸਕੂਲ ਦੀ ਚਾਰ ਦੀਵਾਰੀ ਵਿਚ ਭੁਖਾ ਤਿਹਾਇਆ ਬੱਚਾ ਵਿਲਕ ਵਿਲਕ, ਤੜਪ ਤੜਪ ਕੇ ਮਰ ਗਿਆ ਸੀ। ਜੀ. ਟੀ. ਰੋਡ ਅੰਮ੍ਰਿਤਸਰ ਤੇ ਗੰਗਾ ਬਿਲਡਿੰਗ ਅਤੇਪੰਜਾਬੀ ਦੇ ਬਹੁਤ ਅਮੀਰ ਨਾਟਕਕਾਰ ਸ਼੍ਰੀ ਗੁਰਸ਼ਰਨ ਸਿੰਘ ਦੇ ਬਹੁਤ ਵਡੇ ਘਰ ਖਾਲਸਾ ਨਿਵਾਸ ਕੋਲੋਂ ਲੰਘਦਿਆਂ ਮਾਸੂਮ ਬਚੇ ਦੀ ਮੌਤ ਦੀ ਇਹ ਤਰਾਸਦੀ ਸਦਾ ਮੈਨੂੰ ਵਿਆਕਲ ਕਰਦੀ ਰਹੀ ਹੈ।

ਜੀਅ ਕਰਦਾ ਸੀ ਕਿ ਅਗਲੇ ਦਿਨ ਯੂਨੀਵਰਸਿਟੀ ਜਾ ਕੇ ਪੁਰਾਣੇ ਦੋਸਤਾਂ ਨੂੰ ਮਿਲਿਆ ਜਾਵੇ ਤੇ ਆਪਣੇ ਪੁਰਾਣੇ ਪਿੰਡ ਅਤੇ ਨਾਲ ਲਗਦੇ ਪਿੰਡਾਂ ਵਿਚ ਵੀ ਜਾਇਆ ਜਾਵੇ ਪਰ ਮੈਨੂੰ ਚੰਡੀਗੜ੍ਹ ਪਹੁੰਚਣ ਦੀ ਬੜੀ ਕਾਹਲ ਸੀ ਜਿਥੇ ਮੈਂ ਕਈ ਸਾਲਾਂ ਬਾਅਦ ਆਪਣੇ ਘਰ ਦੀਆਂ ਕੰਧਾਂ ਵੇਖਣਾ ਚਹੁੰਦਾ ਸਾਂ ਅਤੇ ਆਪਣੇ ਮਾਸਟਰ ਬੈੱਡ ਰੂਮ ਵਿਚ ਜਾ ਕੇ "ਤਾਂਘਾਂ ਵਾਲੇ ਨੈਣ ਕਦੋਂ ਸੁਖ ਨਾਲ ਸੌਣਗੇ" ਦਾ ਪਾਕਿਸਤਾਨੀ ਗੀਤ ਉਚੀ ਆਵਾਜ਼ ਵਿਚ ਲਾ ਕੇ ਆਰਾਮ ਨਾਲ ਸੌਂ ਜਾਣਾ ਚਹੁੰਦਾ ਸਾਂ। ਬੇਟੀ ਰਾਵੀ ਦੇ ਬੜੀ ਰੀਝ ਨਾਲ ਲਾਏ ਅੰਬ ਨੂੰ ਜੋ ਹੁਣ ਦਸ ਸਾਲਾਂ ਦਾ ਹੋ ਗਿਆ ਸੀ,ਨੂੰ ਅੰਬੀਆਂ ਬਨਣ ਤੋਂ ਪਹਿਲਾਂ ਪੈਂਦੇ ਬੂਰ ਦੀਆਂ ਤਸਵੀਰਾਂ ਖਿਚਣਾ ਚਹੁੰਦਾ ਸਾਂ ਅਤੇ ਉਹਨਾਂ ਨਿੰਬੂ, ਮੁਸਮੀ, ਫਾਲਸਾ, ਸੰਤਰੇ, ਮਹਿੰਦੀ, ਅਮਰੂਦ ਅਤੇ ਔਲਿਆਂ ਦੇ ਜਵਾਨ ਹੋ ਰਹੇ ਪੌਦਿਆਂ ਨੂੰ ਵੀ ਆਪਣੇ ਕੈਮਰੇ ਵਿਚ ਬੰਦ ਕਰਨਾ ਚਹੁੰਦਾ ਸਾਂ ਜਿਨ੍ਹਾਂ ਨੂੰ ਮੇਰੀ ਪਤਨੀ ਨੇ ਬੜੀ ਮਿਹਨਤ ਨਾਲ ਅਤੇ ਮਾਲੀ ਬਦਲ ਬਦਲ ਕੇ ਵਡਿਆਂ ਕੀਤਾ ਸੀ। ਕੋਠੀ ਦੇ ਫਰੰਟ ਤੇ ਲੱਗੇ ਕਲੀਆਂ ਦੇ ਬੂਟੇ ਵੀ ਯਾਦ ਆ ਰਹੇ ਸਨ ਜਿਨ੍ਹਾਂ ਦੀ ਖੁਸ਼ਬੂ ਨਾਲ ਸਵੇਰ ਬਹੁਤ ਸੁਹਾਣੀ ਹੋ ਜਾਂਦੀ ਸੀ। ਅਮ੍ਰਿਤਸਰ ਵਿਚ ਪਹਿਲੇ ਦਿਨ ਦੀ ਸ਼ਾਮ ਤਾਂ ਪਾਰਟੀ ਵਿਚ ਬੀਤ ਗਈ ਤੇ ਸਵੇਰੇ ਮੈਂ ਹਰਿਮੰਦਰ ਸਾਹਿਬ ਮਥਾ ਟੇਕਣ ਤੋਂ ਬਾਅਦ ਆਪਣੀ ਪਾਕਿਸਤਾਨ ਵਿਚ ਸ਼ਾਹਮੁਖੀ ਵਿਚ ਛਪੀ ਸਵੈ ਜੀਵਨੀ ਸਿੰਘ ਬ੍ਰਦਰਜ਼ ਦੇ ਮਾਲਕ ਗੁਰਸਾਗਰ ਸਿੰਘ ਨੂੰ ਦਿਖਾਣ ਅਤੇ ਇਹੀ ਕਿਤਾਬ ਗੁਰਮਖੀ ਵਿਚ ਛਪੀ ਹੈ ਜਾਂ ਨਹੀਂ ਦਾ ਪਤਾ ਕਰਨ ਲਈ ਉਹਨਾਂ ਦੇ ਸਿਟੀ ਸੈਂਟਰ ਵਾਲੇ ਦਫਤਰ ਦੀ ਤੀਜੀ ਮੰਜ਼ਲ ਤੇ ਚਲਾ ਗਿਆ। ਗੁਰਸਾਗਰ ਸਿੰਘ ਨੇ ਦਸਿਆ ਕਿ ਮੈਨੂੰ ਤਾਂ ਤੁਹਾਡੀ ਸਵੈ-ਜੀਵਨੀ ਈਮੇਲ ਵਿਚ ਮਿਲੀ ਹੀ ਨਹੀਂ ਹੈ ਅਤੇ ਜਦ ਮਿਲੀ ਹੀ ਨਹੀਂ ਹੈ ਤਾਂ ਛਪਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੈਂ ਫਰਵਰੀ ਮਾਰਚ ਵਿਚ ਸਵੈ-ਜੀਵਨੀ ਦਾ ਸਾਰਾ ਖਰੜਾ ਟਰਾਂਟੋ ਤੋਂ ਇਕੋ ਸਮੇਂ ਪਾਕਿਸਤਾਨ ਵਿਚ ਸਾਂਝ ਪਬਲੀਕੇਸ਼ਨ ਅਤੇ ਹਿੰਦੋਸਤਾਨ ਵਿਚ ਸਿੰਘ ਬ੍ਰਦਰਜ਼ ਨੂੰ ਛਪਣ ਲਈ ਈਮੇਲ ਕੀਤਾ ਸੀ। ਇਹ ਸੁਣ ਕੇ ਬੜੀ ਨਿਰਾਸਤਾ ਹੋਈ ਕਿਉਂਕਿ ਪਿਛਲੇ ਬਹੁਤ ਸਾਲਾਂ ਤੋਂ ਮੇਰੀਆਂ ਕਿਤਾਬਾਂ ਸਿੰਘ ਬ੍ਰਦਰਜ਼ ਦਾ ਮਾਲਕ ਗੁਰਸਾਗਰ ਸਿੰਘ ਹੀ ਛਾਪਦਾ ਆ ਰਿਹਾ ਹੈ।

ਉਹਨੇ ਆਪਣਾ ਕਲਰਕ ਬੁਲਾ ਕੇ ਫਰਵਰੀ ਮਾਰਚ ਵਿਚ ਆਈਆਂ ਸਾਰੀਆਂ ਈਮੇਲਜ਼ ਮੈਨੂੰ ਚੈੱਕ ਕਰਵਾ ਦਿਤੀਆਂ। ਬੜੀ ਹੈਰਾਨੀ ਵਾਲੀ ਗੱਲ ਸੀ ਮੇਰੀ ਕਿਤਾਬ ਦਾ ਖਰੜਾ ਭੇਜਣ ਵਾਲੀ ਫਾਈਲ ਉਹਨਾਂ ਵਿਚ ਨਹੀਂ ਸੀ। ਗੁਰਸਾਗਰ ਸਿੰਘ ਇਕ ਬਹੁਤ ਸੁਹਿਰਦ, ਸਿਆਣਾ, ਪੜ੍ਹਿਆ ਲਿਖਿਆ ਅਤੇ ਪਰਕਾਸ਼ਨ ਦੇ ਖੇਤਰ ਦਾ ਬਹੁਤ ਤਜਰਬੇਕਾਰ ਵਿਅਕਤੀ ਹੈ। ਸ਼ਾਹਮੁਖੀ ਵਿਚ ਛਪੀ ਕਿਤਾਬ ਵੇਖ ਕੇ ਗੁਰਸਾਗਰ ਦੇ ਚਿਹਰੇ ਤੇ ਜਾਂ ਅੱਖਾਂ ਵਿਚ ਕੋਈ ਸਪਾਰਕ ਨਹੀਂ ਸੀ। ਫੈਜ਼ ਅਹਿਮਦ ਫੈਜ਼ ਨੂੰ ਸਮਰਪਤ ਸਫੇ ਤੇ ਫੇਜ਼ ਦੀ ਸਿਗਰਟ ਪੀਂਦੇ ਦੀ ਲੱਗੀ ਫੋਟੋ ਵੇਖ ਕੇ ਕਹਿਣ ਲਗਾ ਕਿ ਸਾਡਾ ਅਦਾਰਾ ਸਿਗਰਟ ਵਾਲੀ ਫੋਟੋ ਕਦੇ ਨਹੀਂ ਨਹੀਂ ਛਾਪਦਾ। ਗੁਰਸਾਗਰ ਨੂੰ ਇੰਜ ਕਹਿੰਦਿਆਂ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਵੇਖਿਆ ਸੀ। ਖੈਰ ਮੈਂ ਗੁਰਸਗਰ ਨੂੰ ਅਲਵਿਦਾ ਕਹਿ ਬਾਹਰ ਆ ਗਿਆ ਕਿਉਂਕਿ 4 ਜੀ. ਟੀ. ਰੋਡ ਤੇ ਆ ਕੇ ਮੈਂ ਚੰਡੀਗੜ੍ਹ ਜਾਣ ਦੀ ਤਿਆਰੀ ਕਰਨੀ ਸੀ। ਡਾ: ਕਰਨੈਲ ਸੰਘ ਥਿੰਦ ਸਾਹਿਬ ਨੇ ਤਿੰਨ ਵਜੇ ਚੰਡੀੜ੍ਹ ਨੂੰ ਜਾਣ ਵਾਲੀ ਏਅਰਕੰਡੀਸ਼ਨ ਬੱਸ ਵਿਚ ਆਪਣੇ ਨਾਲ ਮੇਰੀ ਵੀ ਸੀਟ ਬੁੱਕ ਕਰਵਾਈ ਹੋਈ ਸੀ।

ਲੇਖਕ ਭੁਪਿੰਦਰ ਸਿੰਘ ਸੰਧੂ ਸਿੰਘ ਬ੍ਰਦਰਜ਼ ਤੋਂ ਮੈਨੂੰ ਪਿਕ ਅਪ ਕਰਨ ਲਈ ਆਪਣੀ ਕਾਰ ਲੈ ਕੇ ਆ ਗਿਆ ਸੀ। ਮੈਂ ਤੇ ਸੰਧੂ ਸਾਹਿਬ ਨੇ ਦੋ ਘੰਟੇ ਪਾਕਿਸਤਨ ਦੀ ਯਾਤਰਾ ਬਾਰੇ ਖੁਲ੍ਹ ਕੇ ਗੱਲਾਂ ਕੀਤੀਆਂ ਅਤੇ ਪਾਕਿਸਤਾਨੀ ਪੰਜਾਬੀ ਅਦਬ ਬਾਰੇ ਕਾਫੀ ਡੂੰਘਾ ਵਿਚਾਰ ਵਟਾਂਦਰਾ ਕੀਤਾ। ਭੁਪਿੰਦਰ ਸੰਧੂ ਸਾਹਿਤਕ ਅਤੇ ਸਭਿਆਚਾਰਕ ਗਤੀਵਿਧੀਆਂ ਵਿਚ ਸ਼ਾਮਲ ਹੋਣ ਲਈ ਸਾਲ ਵਿਚ ਕਈ ਵਾਰ ਪਾਕਿਸਤਾਨ ਜਾਂਦਾ ਹੈ ਅਤੇ ਪਾਕਿਸਤਾਨ ਵਿਚੋਂ ਆਉਣ ਵਾਲੇ ਪੰਜਾਬੀ ਲੇਖਕਾਂ, ਸਿੰਗਰਜ਼,

ਰੰਗ ਮੰਚ ਕਰਮੀਆਂ ਨੂੰ ਬਾਰਡਰ ਤੇ ਜਾ ਕੇ ਰੀਸੀਵ ਕਰਦਾ ਹੈ ਅਤੇ ਆਪਣੀਆਂ ਅੱਖਾਂ ਤੇ ਬਿਠਾਉਂਦਾ ਹੈ। ਚੌਦਾਂ ਅਗਸਤ ਨੂੰ ਬਾਰਡਰ ਤੇ ਹਜ਼ਾਰਾਂ ਲੋਕਾਂ ਦਾ ਇਕੱਠ ਕਰ ਕੇ ਅਮਨ ਦੀਆਂ ਮੋਮ ਬੱਤੀਆਂ ਜਗਾਉਂਦਾ ਹੈ। ਦੋਹਾਂ ਦੇਸ਼ਾਂ ਅੰਦਰ ਆਵਾਜਾਈ ਦੀ ਖੁਲ੍ਹ ਅਤੇ ਆਪਸੀ ਭਰਾਤਰੀ ਪਿਆਰ ਦੀ ਸੁਰ ਦਾ ਉਚਾ ਅਲਾਪ ਕਰਦਾ ਹੈ। ਭਾਵੇਂ ਇਹ ਇਕ ਕਲਪੀ ਸਚਾਈ ਹੈ ਪਰ ਕਿਸੇ ਨਾ ਕਿਸੇ ਦਿਨ ਇਹ ਯਥਾਰਥ ਦਾ ਰੂਪ ਧਾਰ ਜਾਵੇਗੀ। ਅਜਿਹੀ ਉਮੀਦ ਜ਼ਰੂਰ ਰੱਖਣੀ ਚਾਹੀਦੀ ਹੈ। ਦੋਪਹਿਰ ਦਾ ਖਾਣਾ ਚਾਰ ਜੀ. ਟੀ. ਰੋਡ ਤੇ ਖਾ ਰਹੇ ਸਾਂ ਕਿ ਥਿੰਦ ਸਾਹਿਬ ਦਾ ਫੋਨ ਆ ਗਿਆ ਕਿ ਬੱਸ ਭਰ ਚੁਕੀ ਹੈ ਅਤੇ ਚੱਲਣ ਵਾਲੀ ਹੈ, ਤੁਸੀਂ ਜਲਦੀ ਆ ਜਾਓ। ਥਿੰਦ ਸਾਹਿਬ ਦੀ ਗੱਲ ਠੀਕ ਸੀ ਕਿ ਜਿਉਂ ਹੀ ਮੈਂ ਪਹੁੰਚਿਆ, ਬੱਸ ਸਟਾਰਟ ਹੋ ਚੁਕੀ ਸੀ। ਮੇਰੇ ਕੋਲ ਸਾਮਾਨ ਵੀ ਕਾਫੀ ਸੀ ਪਰ ਸਭ ਠੀਕ ਠਾਕ ਹੋ ਗਿਆ ਅਤੇ ਨਾਨ ਸਟਾਪ ਏਅਰਕੰਡੀਸ਼ਨ ਬੱਸ ਨੇ ਸ਼ਹਿਰ ਦੀ ਭੀੜ ਵਿਚੋਂ ਨਿਕਲਦਿਆਂ ਕਾਫੀ ਟਾਈਮ ਲਗਾ ਦਿਤਾ ਅਤੇ ਜਲੰਧਰ ਨੂੰ ਜਾਣ ਵਾਲੀ ਓਸ ਜੀ. ਟੀ. ਰੋਡ ਤੇ ਪੈ ਗਈ ਜਿਸ ਸੜਕ ਦੇ ਆਲੇ ਦਵਾਲੇ ਨਾਲ ਮੇਰਾ ਬਹੁਤ ਵਡਾ ਪਿਛੋਕੜ ਜੁੜਿਆ ਹੋਇਆ ਸੀ। ਜੰਡਿਆਲਾ ਗੁਰੂ ਤਕ ਦਾ ਸੱਜੇ ਖਬੇ ਦਾ ਇਲਾਕਾ ਕੰਬੋ ਬਰਾਦਰੀ ਦਾ ਗੜ੍ਹ ਸੀ ਜਿਨ੍ਹਾਂ ਨੇ ਸਖਤ ਮਿਹਨਤ ਕਰ ਕੇ ਇਸ ਇਲਾਕੇ ਵਿਚ ਆਪਣਾ ਨਾਂ ਪੈਦਾ ਕੀਤਾ ਸੀ। ਅਗੇ ਜਾ ਕੇ ਬਿਆਸ ਦਰਿਆ ਟਪਦਿਆਂ ਜਸਟਿਸ ਮਹਿੰਦਰ ਸੰਘ ਜੋਸ਼ੀ ਦੀ ਯਾਦ ਆਈ ਜਿਸ ਨੇ ਦਿੱਲੀ ਹਾਈ ਕੋਰਟ ਤੋਂ ਬੌਤਰ ਜਸਟਿਸ ਰੀਟਾਇਰ ਹੋਣ ਤੋਂ ਬਾਅਦ ਦਿੱਲੀ ਦੰਗਿਆਂ ਤੋਂ ਪ੍ਰਭਾਵਤ ਹੋਣ ਪਿਛੋਂ ਜੀਵਨ ਦਾ ਰਹਿੰਦਾ ਭਾਗ ਡੇਰਾ ਬਿਆਸ ਵਿਚ ਗੁਜ਼ਾਰਿਆ ਸੀ ਅਤੇ ਪਿਛਲੇ ਸਾਲ ਹੀ ਪੂਰੇ ਹੋਏ ਸਨ। ਉਹਨਾਂ ਨਾਲ ਜੀਵਨ ਭਰ ਮੇਰਾ ਬਹੁਤ ਪਿਆਰ ਰਿਹਾ ਸੀ ਅਤੇ ਉਹਨਾਂ ਨੇ ਕਹਾਣੀਆਂ ਦੀ ਇਕ ਕਿਤਾਬ ਮੈਨੂੰ ਡੈਡੀਕੇਟ ਕੀਤੀ ਸੀ ਅਤੇ ਆਪਣੀ ਸਵੈ ਜੀਵਨੀ "ਮੇਰੇ ਪੱਤੇ ਮੇਰੀ ਖੇਡ" ਵਿਚ ਮੇਰੇ ਬਾਰੇ ਇਕ ਚੈਪਟਰ ਲਿਖਿਆ ਸੀ। ਉਹਨਾਂ ਦਾ ਲੜਕਾ ਡਾ: ਪ੍ਰੀਤਇੰਦਰ ਸਿੰਘ ਜੋਸ਼ੀ ਬਾਬਾ ਸਾਵਨ ਸਿੰਘ ਹਸਪਤਾਲ ਬਿਆਸ ਦਾ ਡਾਇਰੈਕਟਰ ਹੈ ਅਤੇ ਅੰਮ੍ਰਿਤਸਰ ਦਾ ਮਸ਼ਹੂਰ ਡਾਕਟਰ ਤੁੰਗ ਵੀ ਰੀਟਾਇਰ ਹੋ ਕੇ ਏਸੇ ਹਸਪਤਾਲ ਵਿਚ ਕੰਮ ਕਰਨ ਲੱਗ ਪਿਆ ਸੀ। ਅਕਸਰ ਜਦ ਵੀ ਮੈਂ ਇੰਡੀਆ ਔਂਦਾ ਸਾਂ ਤਾਂ ਮੇਰੀ ਕੋਸ਼ਿਸ਼ ਹੁੰਦੀ ਸੀ ਕਿ ਮੈਂ ਮਹਿੰਦਰ ਸਿੰਘ ਜੋਸ਼ੀ ਨੂੰ ਜ਼ਰੂਰ ਮਿਲ ਕੇ ਜਾਵਾਂ। ਅੱਜ ਉਸ ਸੜਕ ਤੋਂ ਬਸ ਲੰਘ ਰਹੀ ਸੀ ਜਿਥੋਂ ਕੁਝ ਗਜ਼ਾਂ ਦੀ ਵਿਥ ਤੇ ਉਹਨਾਂ ਦੀ ਰਹਾਇਸ਼ ਤੇ ਮੈਂ ਉਹਨਾਂ ਨੂੰ ਕੁਝ ਸਾਲ ਪਹਿਲਾਂ ਆਖਰੀ ਵਾਰ ਮਿਲਿਆ ਸਾਂ। ਮੇਰਾ ਮਨ ਮੰਨ ਨਹੀਂ ਰਿਹਾ ਸੀ ਕਿ ਉਹ ਪੂਰੇ ਹੋ ਗਏ ਹਨ। ਐਨਾ ਸੁਹਿਰਦ ਬੰਦਾ ਇਹ ਸੰਸਾਰ ਛਡ ਕੇ ਕਿਥੇ ਅਤੇ ਕਿਉਂ ਚਲਾ ਜਾਂਦਾ ਹੈ ਜਿਸ ਦੀਆਂ ਪਿਛੋਂ ਕੇਵਲ ਯਾਦਾਂ ਹੀ ਬਾਕੀ ਰਹਿ ਜਾਂਦੀਆਂ ਹਨ।

ਬੱਸ ਦਰਿਆ ਬਿਆਸ ਦਾ ਪੁਲ ਟੱਪ ਕੇ ਉਚੇ ਲੰਮੇ ਹਰੇ ਭਰੇ ਰੁੱਖਾਂ ਵਿਚੋਂ ਮੋਰ ਵਾਂਗ ਪੈਲਾਂ ਪਾਂਦੀ ਅੱਡਾ ਢਿਲਵਾਂ ਕੋਲੋਂ ਲੰਘ ਰਹੀ ਸੀ ਜਿਥੋਂ ਦੋ ਮੀਲ ਦੀ ਦੂਰੀ ਤੇ ਕੈਨੇਡਾ ਵਸਦੇ ਸਿੱਖ ਨੇਤਾ ਇੰਦਰਜੀਤ ਸਿੰਘ ਬਲ ਨੇ ਆਪਣੇ ਪਿਛਲੇ ਪਿੰਡ ਲਾਗੇ ਖੁੱਲ੍ਹਾ ਤੇ ਖੂਬਸੂਰਤ ਘਰ ਬਣਾ ਕੇ ਆਪਣੇ ਪਿਆਰੇ ਪੰਜਾਬ ਦੀ ਮਿੱਟੀ ਨਾਲ ਫਿਰ ਨਾਤਾ ਜੋੜ ਲਿਆ ਸੀ ਜਿਸ ਤੋਂ ਇਕ ਵਰ 1984 ਵਿਚ ਹੋਏ ਹਾਲਾਤ ਦੇ ਸਨਮੁਖ ਉਸ ਅਤੇ ਉਸ ਜਿਹੇ ਹਜ਼ਾਰਾਂ ਹੀ ਨੌਜਵਾਨਾਂ ਨੇ ਗੋਲਡਨ ਟੈਂਪਲ ਤੇ ਹੋਏ ਫੌਜੀ ਹਮਲੇ ਦੇ ਵਿਰੁਧ ਵਕਤੀ ਵਿਦਰੋਹ ਜ਼ਾਹਿਰ ਕਰ ਕੇ ਆਪਣੀ ਹੀ ਸਰਕਾਰ ਨਾਲ ਰੋਸ ਪਰਗਟ ਕੀਤਾ ਸੀ। ਹੁਣ ਇਹ ਸਭ ਗੱਲਾਂ ਬੀਤੇ ਦੀਆਂ ਗੱਲਾਂ ਬਣ ਕੇ ਰਹਿ ਗਈਆਂ ਸਨ। ਠੀਕ ਹਫਤੇ ਬਾਅਦ ਮੈਂ ਇਸ ਥਾਂ ਤੇ ਫਿਰ ਬਲ ਸਾਹਿਬ ਦੀ ਅਲਵਿਦਾ ਪਾਰਟੀ ਵਿਚ ਫਿਰ ਆਣਾ ਸੀ ਪਰ ਇਸ ਵੇਲੇ ਤਾਂ ਦਿਲ ਇਹੀ ਚਾਹ ਰਿਹਾ ਸੀ ਕਿ ਛੇਤੀ ਤੋਂ ਛੇਤੀ ਚੰਡੀਗੜ੍ਹ ਪੁਜਿਆ ਜਾਵੇ। ਭਾਵੇਂ ਇਹ ਬੱਸ ਨਾਨ ਸਟਾਪ ਸੀ ਪਰ ਰਸਤੇ ਦੀਆਂ ਟਰੈਫਿਕ ਦੀਆਂ ਰੁਕਾਵਟਾਂ ਅਕਸਰ ਡਰਾਈਵਰ ਨੂੰ ਸਾਵਧਾਨੀ ਵਰਤਣ ਲਈ ਮਜਬੂਰ ਕਰ ਰਹੀਆਂ ਹਨ। ਜਲੰਧਰ ਟੱਪ ਕੇ ਫਗਵਾੜੇ ਤੋਂ ਪਹਿਲਾਂ ਹਵੇਲੀ ਅਗੇ ਜਦ ਇਹ ਬੱਸ ਕੁਝ ਮਿੰਟਾਂ ਲਈ ਰੁਕੀ ਤਾਂ ਹਵੇਲੀ ਦਾ ਹੁਸਨ ਪਹਲਾਂ ਵਾਂਗ ਹੀ ਠਾਠਾਂ ਮਾਰ ਰਿਹਾ ਸੀ। ਮੈਂ ਜਦ ਵੀ ਕਦੀ ਇਥੇ ਰੁਕਿਆ ਹਾਂ ਤੇ ਜਿਨ੍ਹਾਂ ਲੋਕਾਂ ਨੂੰ ਇਥੇ ਕੁਝ ਖਾਂਦਿਆਂ ਪੀਂਦਿਆਂ ਵੇਖਿਆ ਹੈ, ਉਹਨਾਂ ਦੇ ਤਨ ਤੇੜ ਤੇ ਪਾਏ ਮਹਿੰਗੇ ਕਪੜੇ ਅਤੇ ਰਖ ਰਖਾਓ ਤੋਂ ਸਦਾ ਮੈਨੂੰ ਇਹੀ ਅਹਿਸਾਸ ਹੋਇਆ ਹੈ ਕਿ ਹਵੇਲੀ ਅਮੀਰਾਂ ਦੀ ਠਹਿਰ ਦਾ ਅੱਡਾ ਹੈ। ਬਾਕੀ ਹੋਟਲਾਂ ਨਾਲੋਂ ਇਹ ਮਹਿੰਗਾ ਵੀ ਹੈ। ਬੱਸ ਦੇ ਮੁਸਾਫਰਾਂ ਨੂੰ ਏਨੀ ਜ਼ਿਆਦਾ ਕਾਹਲ ਵਿਚ ਏਥੇ ਖਾਣ ਪੀਣ ਲਈ ਕੁਝ ਖਰੀਦਣਾ ਤੇ ਅੰਦਰ ਸੁਟਣਾ ਹੁੰਦਾ ਹੈ ਕਿ ਕਿਤੇ ਬੱਸ ਟੁਰ ਨਾ ਪਵੇ। ਲਗਦਾ ਹੈ ਕਿ ਸਾਧਾਰਨ ਅਡਿਆਂ ਵਾਂਗ ਬੱਸ ਦੇ ਡਰਾਈਵਰਾਂ ਅਤੇ ਕੰਡਕਟਰਾਂ ਨੂੰ ਇਸ ਮਹਿੰਗੀ ਹਵੇਲੀ ਵਾਲੀ ਠਹਿਰ ਤੇ ਵੀ ਖਾਣ ਪੀਣ ਲਈ ਪੈਸੇ ਨਹੀਂ ਦੇਣੇ ਪੈਂਦੇ।

## ਕਿਸ਼ਤ 53-ਅਬੂਧਾਬੀ ਰਾਹੀਂ ਕੈਨੇਡਾ ਦੀ ਵਾਪਸੀ

ਪਾਕਿਸਤਾਨ ਵਿਚੋਂ ਮੈਂ ਮਾਰਚ ਦੇ ਅਖੀਰ ਵਿਚ ਆਪਣੇ ਪਿਆਰੇ ਦੇਸ਼ ਭਾਰਤ ਆ ਗਿਆ ਸਾਂ। ਮਾਰਚ ਦੇ ਅਖੀਰ ਵਿਚ ਪਾਕਿਸਤਾਨ ਵਿਚ ਵੀ ਕਾਫੀ ਗਰਮੀ ਹੋ ਗਈ ਸੀ ਅਤੇ ਮੈਂ ਇੰਡੀਆ ਆ ਕੇ ਵੇਖਿਆ ਕਿ ਇਥੇ ਵੀ ਗਰਮੀ ਕਾਫੀ ਪੈ ਰਹੀ ਸੀ। ਵਿਸਾਖੀ ਵਿਚ ਵੀ ਥੋੜ੍ਹੇ ਦਿਨ ਬਾਕੀ ਰਹਿ ਗਏ ਸਨ ਅਤੇ ਕਈ ਥਾਈਂ ਤਾਂ ਅਗਾਊਂ ਵਾਢੀ ਵੀ ਸ਼ੁਰੂ ਹੋ ਗਈ ਸੀ। ਮੈਂ ਅਗਲੇ ਤਿੰਨ ਮਹੀਨੇ ਪੰਜਾਬ ਦੀ ਇਸ ਸਖਤ ਗਰਮੀ ਵਿਚ ਕੱਟਣੇ ਸਨ। ਮੋਹਾਲੀ ਕੋਠੀ ਵਿਚ ਪਹਿਲੇ ਪਏ ਪੁਰਾਣੇ ਕੂਲਰ

ਖਰਾਬ ਹੋ ਚੁਕੇ ਸਨ। ਮਾੜੇ ਤੋਂ ਮਾੜਾ ਨਵਾਂ ਕੂਲਰ 6 ਹਜ਼ਾਰ ਤੋਂ ਘੱਟ ਨਹੀਂ ਆਉਂਦਾ ਸੀ। ਮੈਂ ਤੇ ਇਨਸਪੈਕਟਰ ਲਖਵਿੰਦਰ ਸਿੰਘ ਨੇ ਇੰਡਸਟਰੀਅਲ ਏਰੀਆ ਚੰਡੀਗੜ੍ਹ ਵਿਚ ਸਸਤਾ ਕੂਲਰ ਲਭਨ ਦੀ ਬੜੀ ਕੋਸ਼ਿਸ਼ ਕੀਤੀ ਪਰ ਦਿਨ ਬਦਿਨ ਚੜ੍ਹ ਰਹੀ ਗਰਮੀ ਕਾਰਨ ਕੂਲਰਾਂ ਦੀਆਂ ਕੀਮਤਾਂ ਵੀ ਦੁਕਾਨਦਾਰਾਂ ਨੇ ਉੱਚੀਆਂ ਚੱਕ ਦਿੱਤੀਆਂ ਸਨ। ਦਰਅਸਲ ਮੈਨੂੰ ਤਾਂ ਕੂਲਰ ਸਿਰਫ ਤਿੰਨ ਮਹੀਨੇ ਲਈ ਚਾਹੀਦਾ ਸੀ ਅਤੇ ਇਸ ਤੋਂ ਬਾਅਦ ਮੈਂ ਇਹਨੂੰ ਕੋਠੀ ਵਿਚ ਬੰਦ ਕਰ ਕੇ ਕੈਨੇਡਾ ਆ ਜਾਣਾ ਸੀ ਅਤੇ ਪਤਾ ਨਹੀਂ ਫਿਰ ਕਦ ਭਾਰਤ ਦਾ ਗੇੜਾ ਵਜਨਾ ਸੀ। ਓਨਾ ਚਿਰ ਤਕ ਇਹ ਚੀਜ਼ਾਂ ਖਰਾਬ ਹੋ ਜਾਂਦੀਆਂ ਹਨ ਅਤੇ ਫਿਰ ਕਬਾੜੀਆਂ ਨੂੰ ਸਸਤੇ ਭਾਅ ਵੇਚਣੀਆਂ ਪੈਂਦੀਆਂ ਹਨ। ਏਅਰਕੰਡੀਸ਼ਨ ਖਰੀਦਣ ਦੀ ਹਿੰਮਤ ਨਹੀਂ ਸੀ ਕਿਉਂਕਿ ਕਮਰੇ ਨੂੰ ਠੰਢਾ ਰਖਣ ਵਾਲਾ ਏਅਰਕੰਡੀਸ਼ਨ 25 ਹਜ਼ਾਰ ਤੋਂ ਘੱਟ ਨਹੀਂ ਆਉਂਦਾ ਸੀ ਅਤੇ ਇਹ ਵੀ ਪਿਛੋਂ ਵਰਤੋਂ ਵਿਚ ਨਾ ਆਉਣ ਤੇ ਖਰਾਬ ਹੋ ਜਾਂਦੇ ਸਨ। ਬਾਕੀ ਬਿਜਲੀ ਦੇ ਕੱਟ ਲਗਣ ਤੇ ਇਹ ਵੀ ਬੰਦ ਹੋ ਜਾਂਦੇ ਸਨ। ਵੈਸੇ ਵੀ ਏਅਰਕੰਡੀਸ਼ਨ ਮੈਨੂੰ ਅਕਸਰ ਬੀਮਾਰ ਕਰ ਦੇਂਦਾ ਹੈ। ਇਸਦੀ ਤੇਜ਼ ਠੰਢ ਮੇਰੇ ਫੇਫੜਿਆਂ ਵਿਚੋਂ ਸੀਟੀਆਂ ਵਾਂਗ ਸਾਹ ਆਉਣ ਲਈ ਮਜਬੂਰ ਕਰ ਦੇਂਦੀ ਹੈ। ਏਅਰਕੰਡੀਸ਼ਨ ਦੀ ਲੱਗੀ ਠੰਢ ਦਾ ਮਾਰਿਆ ਮੇਰਾ ਸਰੀਰ ਕਈ ਕਈ ਮਹੀਨੇ ਤਾਬ ਨਹੀਂ ਆਉਂਦਾ ਅਤੇ ਨਜ਼ਲੇ, ਜ਼ੁਕਾਮ ਅਤੇ ਬੁਖਾਰ ਵਿਚ ਬਦਲ ਜਾਂਦਾ ਹੈ। ਇਸ ਲਈ ਐਨਾ ਮਹਿੰਗਾ ਏਅਰਕੰਡੀਸ਼ਨ ਖਰੀਦਣਾ ਤੇ ਬੀਮਾਰ ਹੋਣਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ ਸੀ।

ਛੱਤ ਵਾਲੇ ਪਖੇ ਵਿਚੋਂ ਗਰਮ ਹਵਾ ਜਿਸਮ ਵੱਲ ਆਉਂਦੀ ਸੀ। ਪਖੇ ਹੇਠ ਬੈਠਿਆਂ ਵੀ ਪਸੀਨਾ ਆਈ ਜਾਂਦਾ। ਜਦੋਂ ਕੋਈ ਹਾਲ ਚਾਲ ਪੁਛਣ ਲਈ ਕੈਨੇਡਾ ਵਿਚੋਂ ਫੋਨ ਕਰਦਾ ਤੇ ਮੈਂ ਅਗੋਂ ਗਰਮੀ ਨਾਲ ਆ ਰਹੇ ਪਸੀਨੇ ਦੀ ਗੱਲ ਕਰਦਾ ਤਾਂ ਪੁੱਛਣ ਵਾਲਾ ਅਗੋਂ ਟਿੱਚਰ ਕਰਦਿਆਂ ਕਹਿੰਦਾ, ਬੜੇ ਭਾਗਾਂ ਵਾਲੇ ਹੋ ਜੋ ਪੰਜਾਬ ਵਿਚ ਬੈਠੇ ਪਸੀਨਾ ਲੈ ਰਹੇ ਹੋ। ਮੈਨੂੰ ਪਸੀਨੇ ਵਿਚ ਲਥ ਪਥ ਹੋਏ ਨੂੰ ਉਹਦੀ ਗੱਲ ਬੜੀ ਚੁਭਦੀ। ਮੈਂ ਚਹੁੰਦਾ ਸਾਂ ਕਿ ਜਲਦੀ ਤੋਂ ਜਲਦੀ ਵਾਪਸ ਕੈਨੇਡਾ ਪਹੁੰਚ ਜਾਵਾਂ ਪਰ ਸਭ ਤੋਂ ਜ਼ਰੂਰੀ ਕੰਮ ਸਵੈ ਜੀਵਨੀ ਦਾ ਪੰਜਾਬੀ ਵਿਚ ਛਪਣਾ ਸੀ। ਲੋਕ ਗੀਤ ਦੇ ਪਰਕਾਸ਼ਨ ਦੇ ਮਾਲਕ ਹਰੀਸ਼ ਜੈਨ ਨੂੰ ਕਿਤਾਬ ਛਪਣ ਲਈ ਦੇ ਦਿਤੀ ਸੀ ਪਰ ਇੰਡੀਆ ਵਿਚ ਕੰਮ ਹੌਲੀ ਹੌਲੀ ਹੁੰਦੇ ਹਨ ਜਿਸ ਦਾ ਇਕ ਵਡਾ ਕਾਰਨ ਬਾਰ ਬਾਰ ਬਿਜਲੀ ਦਾ ਚਲੇ ਜਾਣਾ ਅਤੇ ਲੋਕਾਂ ਦਾ ਲਾਰੇ ਲੱਪੇ ਵਾਲਾ ਰਵਈਆ ਵੀ ਹੁੰਦਾ ਹੈ। ਓਥੇ ਕੋਈ ਕੰਮ ਵੀ ਜਲਦੀ ਨਹੀਂ ਹੁੰਦਾ। ਓਥੋਂ ਦੇ ਲੋਕ ਇਸ ਪਰਕਾਰ ਦੇ ਸਿਸਟਮ ਨਾਲ ਬਝੇ ਹੋਏ ਹਨ ਅਤੇ ਇਸਦੀ ਬਹੁਤੀ ਸ਼ਕਾਇਤ ਵੀ ਨਹੀਂ ਕਰਦੇ। ਚੋਖੇ ਪੈਸੇ ਲੈ ਕੇ ਜਿਹੜੀ ਕਿਤਾਬ ਜੈਨ ਸਾਹਿਬ ਨੇ ਹਫਤੇ ਵਿਚ ਛਾਪਣ ਦਾ ਵਾਅਦਾ ਕੀਤਾ ਸੀ, ਓਸ ਤੇ ਦੋ ਮਹੀਨੇ ਲਗ ਗਏ। ਖੈਰ ਕਿਤਾਬ ਬਹੁਤ ਖੂਬਸੂਰਤ ਛਪੀ ਅਤੇ ਪੰਜਾਬ ਵਿਚ ਕਈ ਸ਼ਹਿਰਾਂ ਜਿਵੇਂ ਜ਼ੀਰੇ ਵਿਖੇ ਕਾਮਰੇਡ ਜੋਗਿੰਦਰ ਸਿੰਘ ਦੇ ਸ਼ਹਿਜ਼ਾਦਾ ਨਿਵਾਸ ਵਿਖੇ ਵਡੀ ਹਾਜ਼ਰੀ ਵਿਚ 12 ਮਈ ਨੂੰ ਰੀਲੀਜ਼ ਹੋ ਗਈ। ਅਖਬਾਰਾਂ ਵਿਚ ਰੀਲੀਜ਼ ਸਮਾਰੋਹ ਦੀਆਂ ਖਬਰਾਂ ਵੀ ਛਪ ਗਈਆਂ। ਓਸ ਤੋਂ ਬਾਅਦ ਇਹੀ ਕਿਤਾਬ 21 ਮਈ ਨੂੰ ਪੰਜਾਬ ਦੀ ਸਿੱਖਿਆ ਮੰਤਰੀ ਡਾ: ਉਪਿੰਦਰਜੀਤ ਕੌਰ ਨੇ ਚੰਢੀਗੜ੍ਹ ਸੈਕਟਰੀਏਟ ਵਿਚ ਆਪਣੇ ਦਫਤਰ ਵਿਚ ਇਕੱਠ ਕਰ ਕੇ ਸਰਕਾਰੀ ਤੌਰ ਤੇ ਰੀਲੀਜ਼ ਕਰ ਦਿਤੀ। ਇਸ ਦੇ ਪ੍ਰੈੱਸ ਨੋਟ ਤੇ ਫੋਟੋਜ਼ ਅਖਬਾਰਾਂ ਨੂੰ ਭੇਜ ਦਿਤੇ ਜੋ ਕਈ ਅਖਬਾਰਾਂ ਵਿਚ ਛਪ ਗਏ। ਸੌ ਦੇ ਕਰੀਬ ਕਿਤਾਬਾਂ ਲੇਖਕਾਂ ਅਤੇ ਮਿੱਤਰਾਂ ਵਿਚ ਵੰਡ ਦਿਤੀਆਂ ਗਈਆਂ ਅਤੇ ਸਾਹਿਤਕ ਹਲਕਿਆਂ ਵਿਚ ਵੀ ਇਸਦਾ ਕਾਫੀ ਨੋਟਿਸ ਲਿਆ ਗਿਆ। ਪੰਜਾਬੀ ਟ੍ਰਿਬਿਊਨ ਵਿਚ ਡਾ: ਸ਼ਰਨਜੀਤ ਕੌਰ ਦਾ ਲਿਖਿਆ ਹੋਇਆ ਇਸ ਦਾ ਰੀਵੀਊ ਵੀ ਛਪ ਗਿਆ ਅਤੇ ਪੰਜਾਬੀ ਸਾਹਿਤ ਸਭਾ ਰੋਪੜ ਨੇ ਵੀ ਇਸ ਨੂੰ ਆਪਣੇ ਮਹੀਨਾਵਾਰ ਸਮਾਗਮ ਵਿਚ ਜੀ ਆਇਆਂ ਆਖਿਆ। ਟ੍ਰਿਬਿਊਨ ਦੇ ਸਾਬਕਾ ਐਡਟਰ ਸ਼ਿੰਗਾਰਾ ਸਿੰਘ ਭੁੱਲਰ ਨੇ ਚੰਡੀਗੜ੍ਹ ਦੇ 27 ਸੈਕਟਰ ਵਿਚ ਪ੍ਰੈੱਸ ਕਲੱਬ ਵਿਖੇ ਮੇਰਾ ਚਾਲੀ ਤੋਂ ਵਧ ਲੋਕਲ ਪੱਤਰਕਾਰਾਂ ਅਤੇ ਲੇਖਕਾਂ ਨਾਲ ਰੂ ਬਰੂ ਕਰਵਾਇਆ ਅਤੇ ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੇ ਨਿਕਾਸ ਅਤੇ ਵਿਕਾਸ ਤੋਂ ਇਲਾਵਾ ਇਸ ਨਵੀਂ ਕਿਤਾਬ ਬਾਰੇ ਵੀ ਖੂਬ ਚਰਚਾ ਹੋਈ।

ਹੁਣ ਮੈਂ ਕੈਨੇਡਾ ਆਉਣ ਦੀ ਤਿਆਰੀ ਕਰਨ ਲੱਗਾ। ਮੈਂ ਕਾਫੀ ਕੋਸ਼ਿਸ਼ ਕੀਤੀ ਕਿ ਮੇਰੀ ਇਤਹਾਦ ਏਅਰਲਾਈਨ ਦੀ 10 ਜੁਲਾਈ ਦੀ ਉਡਾਣ ਪਹਿਲਾਂ ਮਿਲ ਜਾਵੇ ਪਰ ਟਿਕਟ ਲਾਹੌਰ ਤੋਂ ਜਾਰੀ ਹੋਈ ਹੋਣ ਕਾਰਨ ਮੈਨੂੰ ਪਹਿਲਾਂ ਆਉਣ ਵਿਚ ਸਫਲਤਾ ਨਾ ਮਿਲੀ। ਕਿਤਾਬ ਦਾ ਭਾਰ ਸਾਢੇ ਪੰਜ ਸੌ ਗਰਾਮ ਸੀ ਭਾਵ ਅੱਧਾ ਕਿਲੋ ਤੋਂ 50 ਗਰਾਮ ਵਧ। ਮੈਂ 40 ਕਿਤਾਬਾਂ ਦਾ ਇਕ ਪੈਕਟ ਤਿਆਰ ਕੀਤਾ ਜਿਸ ਦਾ ਵਜ਼ਨ 22 ਕਿੱਲੋ ਦੇ ਬਰਾਬਰ ਸੀ। ਬਹੁਤੀਆਂ ਏਅਰਲਾਈਨਜ਼ ਵਾਲੇ ਅਜ ਕੱਲ ਬਹੁਤ ਸਖਤ ਹਨ ਅਤੇ 23 ਕਿੱਲੋ ਤੋਂ ਵਧ ਭਾਰ ਨਹੀਂ ਲੈਂਦੇ ਅਤੇ ਹਵਾਈ ਅਡੇ ਤੇ ਮੈਂ ਕੁਝ ਕਿਤਾਬਾਂ ਆਪਣੇ ਸੂਟਕੇਸ ਵਿਚ ਪਾ ਲਈਆਂ ਅਤੇ ਕਪੜਿਆਂ ਸਮੇਤ ਉਸਦਾ ਭਾਰ ਵੀ 22 ਕਿੱਲੋ ਤੋਂ ਵਧਨ ਨਾ ਦਿਤਾ। ਕੁਝ ਕਿਤਾਬਾਂ ਹੈਂਡ ਬੈਗ ਵਿਚ ਪਾ ਲਈਆਂ ਅਤੇ ਹਰੀਸ਼ ਜੈਨ ਨੇ 100 ਕਿਤਾਬਾਂ ਕੋਰੀਅਰ ਸਰਵਿਸ ਰਾਹੀਂ ਭੇਜਣ ਦਾ 30 ਹਜ਼ਾਰ ਰੁਪਿਆ ਅਡਵਾਂਸ ਲੈ ਲਿਆ। ਮੇਰੇ ਪਾਸ ਭਾਰਤੀ ਕਰੰਸੀ ਖਤਮ ਹੋ ਗਈ ਸੀ ਅਤੇ ਮੈਂ ਉਸ ਨੂੰ 565 ਕੈਨੇਡੀਅਨ ਡਾਲਰਜ਼ ਦਾ ਚੈੱਕ ਲਿਖ ਕੇ ਦੇ ਦਿਤਾ। ਇਹ ਸਭ ਕੁਝ ਮੈਂ ਜੂਨ ਦੇ ਅੰਤ ਵਿਚ ਹੀ ਕਰ ਲਿਆ ਪਰ ਜੋ ਡਰ ਸੀ, ਉਹੀ ਹੋਇਆ। ਉਹ ਕਿਤਾਬਾਂ ਹੁਣ ਤਕ ਨਹੀਂ ਪਹੁੰਚੀਆਂ ਅਤੇ ਇਕ ਦਿਨ ਜੈਨ ਸਾਹਿਬ ਨੂੰ ਫੋਨ ਕੀਤਾ ਤਾਂ ਕਹਿਣ ਲਗੇ ਕਿ ਮੈਨੂੰ ਸਾਰਾ ਮੈਟਰ ਈਮੇਲ ਕਰੋ। ਈਮੇਲ ਕਰਨ ਤੋਂ ਬਾਅਦ ਹਰੀਸ਼ ਜੈਨ ਦਾ ਕੋਈ ਵੀ ਜਵਾਬ ਨਹੀਂ ਆਇਆ। ਪੰਜਾਬੀ ਪਬਲਿਸ਼ਰਜ਼ ਦੀ ਇਹ ਬੜੀ ਵਡੀ ਸਮਸਿਆ

ਹੈ ਕਿ ਜੋ ਉਹ ਕਹਿੰਦੇ ਹਨ, ਕਰਦੇ ਨਹੀਂ ਹਨ। ਪਤਾ ਨਹੀਂ ਕਿਤਾਬਾਂ ਕਦੋਂ ਕੈਨੇਡਾ ਪਹੁੰਚਣਗੀਆਂ। ਜੇ ਇਕ ਕਿਤਾਬ ਇੰਡੀਆ ਤੋਂ ਹਵਾਈ ਡਾਕ ਰਾਹੀਂ ਭੇਜੋ ਤਾਂ ਕਿਤਾਬ ਦੇ ਵਜ਼ਨ ਅਨੁਸਾਰ 500 ਰੁਪੈ ਤੋਂ ਵਧ ਦੀਆਂ ਟਿਕਟਾਂ ਲਗਦੀਆਂ ਹਨ। ਜਦ ਕਿ ਪਾਕਿਸਤਾਨ ਨੂੰ ਬਾਈ ਸਰਫਿਸ ਕਿਤਾਬ ਭੇਜਣ ਤੇ ਸਿਰਫ ਦਸ ਰੁਪੈ ਲਗਦੇ ਹਨ। ਮੈਂ ਦੋ ਪਾਕਿਸਤਾਨੀ ਲੇਖਕਾਂ ਤਾਰਕ ਗੁਜਰ ਅਤੇ ਇਕਬਾਲ ਕੈਸਰ ਨੂੰ ਦੋ ਕਿਤਾਬਾਂ ਮਈ ਵਿਚ ਹੀ ਭੇਜ ਦਿਤੀਆਂ ਸਨ ਜੋ ਉਹਨਾਂ ਨੂੰ ਅਜ ਤਕ ਨਹੀਂ ਮਿਲੀਆਂ। ਹੋ ਸਕਦਾ ਹੈ ਕਿ ਕਦੀ ਵੀ ਨਾ ਮਿਲਣ ਕਿਉਂਕਿ ਦੋਹਾਂ ਦੇਸ਼ਾਂ ਦੀ ਸੀ ਆਈ ਡੀ ਵਾਲੇ ਪਹਿਲਾਂ ਪੜ੍ਹ ਕੇ ਵੇਖਦੇ ਹਨ ਕਿ ਇਸ ਵਿਚ ਕੀ ਲਿਖਿਆ ਹੋਇਆ ਹੈ।

ਜਿਵੇਂ ਮੈਂ ਪਿੱਛੇ ਲਿਖ ਚੁਕਾ ਹਾਂ ਕਿ ਗਰਮੀ ਨੇ ਅਤਿ ਚੁਕੀ ਹੋਈ ਸੀ। ਦੂਜੇ ਬਿਜਲੀ ਦੇ ਕੱਟ ਲਗਣ ਨਾਲ ਪਖਾ ਵੀ ਨਹੀਂ ਚਲਦਾ ਸੀ। ਜੰਤਾ ਗਰਮੀ ਕਾਰਨ ਕੁਰਲਾ ਰਹੀ ਸੀ। ਅਕਸਰ ਟੈਂਪਰੇਚਰ ਚਾਲੀ ਅਤੇ 47 ਦੇ ਦਰਮਿਆਨ ਤਕ ਵੀ ਚਲਾ ਜਾਂਦਾ ਸੀ। ਖੁਸ਼ੀ ਇਹ ਹੋਈ ਕਿ ਜੂਨ ਦੇ ਅੰਤ ਅਤੇ ਜੁਲਾਈ ਦੇ ਸ਼ੁਰੂ ਵਿਚ ਪੰਜਾਬ ਵਿਚ ਬਾਰਸ਼ਾਂ ਨੇ ਜਿਥੇ ਲੋਕਾਂ ਅਤੇ ਕਿਸਾਨਾਂ ਨੂੰ ਰਾਹਤ ਦਿਤੀ, ਓਥੇ ਕਈ ਥਾਵਾਂ ਤੇ ਹੜ ਆ ਗਏ। ਮੈਂ ਕਿਉਂਕਿ ਚੰਡੀਗੜ੍ਹ ਤੋਂ ਦਿੱਲੀ ਜਾ ਕੇ ਜਹਾਜ਼ ਪਕੜਨਾ ਸੀ ਪਰ ਚੰਡੀਗੜ੍ਹ ਅਤੇ ਅੰਬਾਲਾ ਅਤੇ ਪਿਪਲੀ ਕੁਰੂਕੁਸ਼ੇਤਰ ਲਾਗੇ ਸੜਕ ਨੂੰ ਪਾਣੀ ਨੇ ਘੇਰ ਲਿਆ ਅਤੇ ਹੜ ਆ ਗਏ। ਜ਼ਮੀਨੀ ਰਸਤਾ ਬੰਦ ਹੋ ਗਿਆ। ਮੇਰਾ ਖਿਆਲ 9 ਜੁਲਾਈ ਨੂੰ ਸ਼ਾਮੀਂ ਚੱਲ ਕੇ ਰਾਤ ਦੇ ਬਾਰਾਂ ਵਜੇ ਤਕ ਦਿੱਲੀ ਹਵਾਈ ਅਡੇ ਉਤੇ ਪਹੁੰਚਣ ਦਾ ਸੀ। ਫਲਾਈਟ ਸਵੇਰੇ 5 ਵਜੇ ਦੀ ਸੀ। ਇੰਜ 9 ਅਤੇ 10 ਦੀ ਸਾਰੀ ਰਾਤ ਜਾਗ ਕੇ ਗੁਜ਼ਾਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ। ਪਰ ਜਦ ਜ਼ਮੀਨੀ ਰਸਤਾ ਬੰਦ ਹੋ ਗਿਆ ਤੇ ਅਖਬਾਰਾਂ ਅਤੇ ਟੀ ਵੀ ਹੜਾਂ ਦੀਆਂ ਵਡੀਆਂ ਵਡੀਆਂ ਖਬਰਾਂ ਦੇਣ ਲਗੇ ਤਾਂ ਮੇਰੇ ਅਗੇ ਦਿੱਲੀ ਤਕ ਬਾਈ ਏਅਰ ਜਾਂ ਸ਼ਤਾਬਦੀ ਲੈ ਕੇ ਜਾਣ ਤੋਂ ਇਲਾਵਾ ਹੋਰ ਕੋਈ ਚਾਰਾ ਨਾ ਰਿਹਾ। ਕੁਝ ਨੇੜੇ ਦੇ ਮਿਤਰਾਂ ਦੀ ਸਲਾਹ ਤੇ ਮੈਂ ਸ਼ਤਾਬਦੀ ਵਿਚ ਜਾਣ ਦਾ ਫੈਸਲਾ ਕਰ ਲਿਆ ਅਤੇ 9 ਦੀ ਸਵੇਰ ਨੂੰ ਸੱਤ ਵਜੇ ਚੱਲ ਕੇ ਚਾਰ ਪੰਜ ਘੰਟਿਆਂ ਵਿਚ ਦਿੱਲੀ ਪਹੁੰਚ ਜਾਣਾ ਸੀ। ਸ਼ਤਾਬਦੀ ਦੀਆਂ ਟਿਕਟਾਂ ਏਜੰਟ ਰਾਹੀ ਖਰੀਦ ਲਈਆਂ। 8 ਦੀ ਸ਼ਾਮ ਤਕ ਏਜੰਟ ਟਿਕਟਾਂ ਦੇਣ ਨਾ ਆਇਆ ਤੇ ਸ਼ਾਮੀਂ ਉਸਦਾ ਫੋਨ ਆ ਗਿਆ ਕਿ ਰੇਲਵੇ ਲਾਈਨ ਵੀ ਹੜਾਂ ਦੀ ਮਾਰ ਹੇਠਾਂ ਆ ਜਾਣ ਕਾਰਨ ਸਭ ਗਡੀਆਂ ਰੁਕ ਗਈਆਂ ਹਨ। ਕਈ ਮੁਸਾਫਰ ਰਾਹ ਵਿਚ ਗਡੀਆਂ ਵਿਚ ਬੈਠੇ ਪਰੇਸ਼ਾਨ ਹੋ ਰਹੇ ਹਨ ਪਰ ਜ਼ਮੀਨੀ ਰਸਤਾ ਖੁਲ੍ਹ ਗਿਆ ਹੈ ਅਤੇ ਸਵੇਰੇ 9 ਵਜੇ ਆਪਾਂ ਟੈਕਸੀ ਲੈ ਕੇ ਦਿੱਲੀ ਲਈ ਰਵਾਨਾ ਹੋ ਜਾਵਾਂਗੇ। ਉਸ ਨੇ ਵੀ ਸ਼ਾਮੀ 6 ਵਜੇ ਡੋਮੈਸਟਿਕ ਫਲਾਈਟ ਲੈ ਕੇ ਬੰਗਲੌਰ ਪਹੁੰਚਣਾ ਸੀ। ਹੋਰ ਕੋਈ ਚਾਰਾ ਵੀ ਨਹੀਂ ਸੀ। ਉਹ ਅਗਲੇ ਦਿਨ 9 ਵਜੇ ਟੈਕਸੀ ਲੈ ਕੇ ਮੇਰੇ ਘਰ ਅਗੇ ਆ ਗਿਆ ਅਤੇ ਅਸੀਂ ਸ਼ਾਮੀਂ ਤਿੰਨ ਵਜੇ ਦਿੱਲੀ ਪਹੁੰਚ ਗਏ। ਰਸਤੇ ਵਿਚ ਹੜਾਂ ਦੀ ਤਬਾਹੀ ਨਾਲ ਹੋਏ ਨੁਕਸਾਨ ਦਾ ਹਾਲ ਵੇਖਿਆ ਅਤੇ ਬਹੁਤ ਥਾਈਂ ਸੜਕਾਂ ਦੇ ਦੋਹੀਂ ਪਾਸੀਂ ਕਾਫੀ ਪਾਣੀ ਖੜ੍ਹਾ ਸੀ। ਏਨੇ ਜ਼ਿਆਦਾ ਪਾਣੀ ਵਿਚ ਕਿਸਾਨ ਆਪਣੇ ਸਿਰਾਂ ਤੇ ਪਠੇ ਚੁਕ ਕੇ ਲਿਆ ਰਹੇ ਵੇਖੇ। ਕਈ ਥਾਈਂ ਧਾਈਆਂ ਦੀ ਫਸਲ ਤਬਾਹ ਹੋ ਗਈ ਸੀ ਕਿਉਂਕਿ ਨਵੇਂ ਲਗੇ ਝੋਨੇ ਦੇ ਉਤੋਂ ਦੀ ਪਾਣੀ ਫਿਰ ਗਿਆ ਸੀ।

ਦਿੱਲੀ ਵਿਚ ਗਰਮੀ ਦਾ ਕੋਈ ਅੰਤ ਨਹੀਂ ਸੀ। ਮੇਰਾ ਜਹਾਜ਼ ਸਵੇਰੇ 5 ਵਜ ਕੇ 10 ਮਿੰਟ ਤੇ ਚਲਣਾ ਸੀ। ਮੈਂ ਐਨਾ ਲੰਮਾ ਸਮਾਂ ਭਾਵ 14 ਘੰਟੇ ਵਡੇਰੀ ਉਮਰ ਵਿਚ ਏਅਰਪੋਰਟ ਤੇ ਬੈਠ ਕੇ ਕਿਵੇਂ ਗੁਜ਼ਾਰ ਸਕਦਾ ਸਾਂ। ਖੈਰ ਏਜੰਟ ਨੂੰ ਏਅਪੋਰਟ ਤੇ ਉਤਾਰ ਕੇ ਟੈਕਸੀ ਵਾਲੇ ਮੁੰਡੇ ਨੇ ਲਾਗੇ ਪੈਂਦੇ ਇਕ ਹੋਟਲ ਵਿਚ ਮੈਨੂੰ ਦੋ ਹਜ਼ਾਰ ਰੁਪੈ ਵਿਚ ਏਰਕੰਡੀਸ਼ਨ ਕਮਰਾ ਲੈ ਦਿਤਾ। ਹੋਟਲ ਦੀ ਟੈਕਸੀ ਨੇ ਰਾਤ 2 ਵਜੇ ਮੈਨੂੰ ਏਅਰਪੋਰਟ ਤੇ ਉਤਾਰ ਦੇਣਾ ਸੀ। ਡੀਲ ਤਾਂ ਮਾੜੀ ਨਹੀਂ ਸੀ ਪਰ ਕਮਰੇ ਦੇ ਏਰਕੰਡੀਸ਼ਨ ਵਿਚੋਂ ਗਰਮ ਹਵਾ ਆ ਰਹੀ ਸੀ। ਪਤਾ ਨਹੀਂ ਗੀਜ਼ਰ ਕਿਉਂ ਆਨ ਸੀ। ਟੂਟੀ ਖੋਲ੍ਹੀ ਤਾਂ ਸੜਦੇ ਪਾਣੀ ਨਾਲ ਹਥ ਸੜ ਗਿਆ। ਸ਼ਾਇਦ ਗੀਜਰ ਆਨ ਕਾਰਨ ਹੀ ਕਮਰੇ ਵਿਚੋਂ ਗਰਮ ਹਵਾ ਆ ਰਹੀ ਸੀ। ਹੋਟਲ ਵਾਲਿਆਂ ਨੂੰ ਕਹਿ ਕੇ ਗੀਜਰ ਬੰਦ ਕਰਵਾਇਆ ਤਾਂ ਜਾ ਕੇ ਕੁਝ ਗਰਮੀ ਘਟਣ ਲੱਗੀ। ਭਾਵੇਂ ਮੈਂ ਬਾਰਾਂ ਘੰਟੇ ਏਥੇ ਲੇਟ ਕੇ ਆਪਣਾ ਲੱਕ ਸਿੱਧਾ ਕੀਤਾ ਪਰ ਅਗਲੇ ਸਫਰ ਵਿਚ ਤਿੰਨ ਘੰਟੇ ਦਿੱਲੀ ਹਵਾਈ ਅਡੇ ਤੇ ਬੈਠ, ਫਿਰ ਸਾਢੇ ਤਿੰਨ ਘੰਟੇ ਅਬੂਧਾਬੀ ਤਕ ਜਹਾਜ਼ ਵਿਚ ਬੈਠ ਤੇ ਫਿਰ ਸਾਢੇ ਤਿੰਨ ਘੰਟੇ ਅਬੂ ਧਾਬੀ ਦੇ ਹਵਾਈ ਅਡੇ ਤੇ ਅਗਲੀ ਉਡਾਣ ਦੇ ਇੰਤਜ਼ਾਰ ਵਿਚ ਬੈਠ ਕੇ ਫਿਰ ਲਗਾਤਾਰ 14 ਘੰਟੇ ਅਬੂ ਧਾਬੀ ਤੋਂ ਟਰਾਂਟੋ ਤਕ ਹਵਾਈ ਜਹਾਜ਼ ਦੀਆਂ ਫਸਵੀਆਂ ਸੀਟਾਂ ਵਿਚ ਕੈਦ ਹੋ ਜਦ ਲਗ ਭਗ 25 ਘੰਟੇ ਏਸ ਉਮਰੇ ਬੈਠ ਬੈਠ ਕੇ ਘਰ ਪੁਜਿਆ ਤਾਂ ਹਫਤਾ ਬੀਤਣ ਦੇ ਬਾਵਜੂਦ ਚੱਕਰਾਂ ਨੇ ਅਜਿਹਾ ਘੇਰਿਆ ਕਿ 17 ਤਾਰੀਖ ਨੂੰ ਮੇਰੇ ਫੈਮਿਲੀ ਡਾਕਟਰ ਨੇ ਫੋਨ ਕਰ ਕੇ ਆਪਣੇ ਦਫਤਰ ਬੁਲਾ ਕੇ ਕਿਹਾ ਕਿ ਤੁਹਾਡੀ ਈ ਸੀ ਜੀ ਦਸਦੀ ਹੈ ਕਿ ਤੁਹਾਡੀ ਇਕ ਨਾੜੀ ਬਲਾਕ ਹੈ ਅਤੇ ਤੁਸੀਂ ਮਾਈਨਰ ਹਾਰਟ ਅਟੈਕ ਦੀ ਮਾਰ ਹੇਠ ਹੋ। ਉਸ ਨੋਟ ਲਿਖ ਕੇ ਤੁਰਤ ਮੈਨੂੰ ਬਰੈਂਪਟਨ ਹਸਪਤਾਲ ਭੇਜ ਦਿਤਾ।

## ਕਿਸ਼ਤ 54-ਨਹੀਂ ਭੁੱਲਦੇ ਫਿਰੋਜ਼ਪੁਰ ਦੇ ਦਿਨ

ਗੌਰਮਿੰਟ ਮਿਡਲ ਸਕੂਲ ਲਖੋ ਕੇ ਬਹਿਰਾਮ ਤੋਂ ਜਦ ਮੇਰੀ ਬਦਲੀ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਵਿਖੇ ਹੋ ਗਈ ਤਾਂ ਇਕ ਵਾਰ ਤਾਂ ਮੈਨੂੰ ਇੰਜ ਲੱਗਾ ਜਿਵੇਂ ਦੁਨੀਆ ਹੀ ਬਦਲ ਗਈ ਸੀ। ਸਭ ਤੋਂ ਵਡਾ ਸੁਖ ਤਾਂ ਇਹ ਹੋਇਆ ਕਿ ਲਖੋ ਕੇ ਬਹਿਰਾਮ ਸਕੂਲ ਜਿਥੇ ਮੈਂ 1959 ਤੋਂ ਲੈ ਕੇ 1963 ਤਕ ਭਾਵ ਚਾਰ ਸਾਲ ਪੜ੍ਹਾਇਆ ਸੀ ਤੇ ਬੇਟ ਦੇ ਇਲਾਕੇ ਦੇ ਜੀਵਨ ਹੋਰ ਨੇੜਿਓਂ ਤਕਿਆ ਸੀ, ਫਿਰੋਜ਼ਪੁਰ ਸ਼ਹਿਰ ਤੋਂ ਓਥੇ ਰੋਜ਼ਾਨਾ ਆਣ ਜਾਣ ਲਈ ਮੈਨੂੰ ਰੋਜ਼ 30 ਮੀਲ ਸਾਈਕਲ ਚਲਾਉਣਾ ਪੈਂਦਾ ਸੀ। ਭਾਵੇਂ ਇਹ ਇਕ ਬੜੀ ਵਧੀਆ ਵਰਜ਼ਿਸ਼ ਵੀ ਸੀ ਪਰ ਸਾਈਕਲ ਤੇ ਆਣ ਜਾਣ ਦੇ ਦੋ ਘੰਟੇ ਲਗਦੇ ਸਨ। ਸਾਈਕਲ ਚਲਾਂਦਿਆਂ ਸਰਦੀਆਂ ਵਿਚ ਠੰਢ ਲਗਦੀ ਅਤੇ ਗਰਮੀਆਂ ਵਿਚ ਬਹੁਤ ਪਸੀਨਾ ਆਉਂਦਾ। ਜੇ ਬੱਸ ਤੇ ਜਾਣਾ ਹੋਵੇ ਤਾਂ ਆਣ ਜਾਣ ਦਾ ਦੋ ਰੁਪੈ ਬੱਸ ਦਾ ਕਿਰਾਇਆ ਲਗਦਾ ਸੀ। ਬੱਸ ਅਡੇ ਤਕ ਜਾਣ ਲਈ ਰਿਕਸ਼ੇ ਵਾਲੇ ਨੂੰ ਵੀ ਇਕ ਰੁਪਿਆ ਆਣ ਜਾਣ ਦਾ ਦੇਣਾ ਪੈਂਦਾ ਸੀ ਜਾਂ ਪੈਦਲ ਤੁਰ ਕੇ ਬੱਸ ਪਕੜਨੀ ਪੈਂਦੀ ਸੀ। ਤਨਖਾਹਾਂ ਬਹੁਤ ਘੱਟ ਹੋਣ ਨਾਲ ਬੱਸ ਤੇ ਜਾਣਾ ਮਹਿੰਗਾ ਪੈਂਦਾ ਸੀ। ਲੁਧਿਆਣਾ ਦਾ ਰਹਿਣ ਵਾਲਾ ਇਕ ਹਿੰਦੀ ਟੀਚਰ ਵੀ ਰੋਜ਼ ਫਿਰੋਜ਼ਪੁਰ ਛਾਉਣੀ ਤੋਂ ਸਾਈਕਲ ਤੇ ਪੜ੍ਹਾਣ ਆਇਆ ਕਰਦਾ ਸੀ। ਜਿਥੋਂ ਤਕ ਮੈਨੂੰ ਯਾਦ ਹੈ 1963 ਵਿਚ ਮੇਰੀ ਤਨਖਾਹ ਇਕ ਸੌ ਵੀਹ ਅਤੇ ਇਕ ਸੌ ਤੀਹ ਦੇ ਦਰਮਿਆਨ ਸੀ। ਸਾਲ ਦੀ ਪੰਜ ਰੁਪੈ ਇਨਕਰੀਮੈਂਟ ਸੀ। ਕਦੇ ਕਦੇ ਸਾਲਾਨਾ ਇਮਤਿਹਾਨਾਂ ਵਿਚ ਡਿਊਟੀ ਲੱਗਣ ਨਾਲ ਜਾਂ ਵਿਦਿਆਰਥੀਆਂ ਦੇ ਪਰਚੇ ਵੇਖਣ ਨਾਲ ਥੋੜ੍ਹੇ ਬਹੁਤੇ ਪੈਸੇ ਹੋਰ ਮਿਲ ਜਾਂਦੇ ਸਨ। ਕੁਝ ਹੋਰ ਪੈਸੇ ਬਨਾਣ ਲਈ ਮੈਂ ਰਸਾਲਿਆਂ ਲਈ ਕਹਾਣੀਆਂ ਲਿਖਦਾ ਜਾਂ ਰੇਡੀਓ ਲਈ ਡਰਾਮੇ ਵਗੈਰਾ। ਇਸ ਨਾਲ ਜਿਥੇ ਥੋੜ੍ਹੇ ਪੈਸੇ ਬਣ ਜਾਂਦੇ, ਓਥੇ ਨਾਂ ਵੀ ਮਸ਼ਹੂਰ ਹੁੰਦਾ। ਕਹਾਣੀ ਜਾਂ ਕਿਸੇ ਰਚਨਾ ਦੇ ਪੈਸੇ ਸਿਰਫ ਦੋ ਤਿੰਨ ਪਰਚੇ ਹੀ ਦਿੰਦੇ ਸਨ। ਦਿੱਲੀ ਤੋਂ ਨਿਕਲਦਾ ਫੌਜੀਆਂ ਦਾ ਪਰਚਾ ਸੈਨਿਕ ਸਮਾਚਾਰ ਜਿਸ ਦਾ ਐਡੀਟਰ ਇਕ ਮਿਸਟਰ ਸੋਢੀ ਸੀ ਅਤੇ ਪਟਿਆਲੇ ਤੋਂ ਨਿਕਲਦਾ ਪੰਜਾਬੀ ਦੁਨੀਆਂ ਜਾਂ ਜਨ ਸਾਹਿਤ ਜਿਸ ਦੇ ਐਡੀਟਰ ਡਾ: ਜੀਤ ਸਿੰਘ ਸੀਤਲ ਸਨ। ਅੰਬਾਲੇ ਤੋਂ ਨਿਕਲਦਾ ਜਾਗ੍ਰਤੀ ਵੀ ਪੈਸੇ ਦਿੰਦਾ ਸੀ ਪਰ ਜਿੰਨਾ ਚਿਰ ਕੁਲਵੰਤ ਸਿੰਘ ਵਿਰਕ ਉਸਦਾ ਐਡੀਟਰ ਰਿਹਾ, ਓਸ ਨੇ ਮੇਰੀ ਕੋਈ ਕਹਾਣੀ ਨਾ ਛਾਪੀ। ਹਾਲਾਂ ਕਿ ਕੁਲਵੰਤ ਸਿੰਘ ਵਿਰਕ ਨਾਲ ਬੜੇ ਨੇੜੇ ਦੇ ਸਬੰਧ ਸਨ। ਇਹ ਪਰਚੇ ਸਰਕਾਰੀ ਸਨ ਪਰ ਇਹਨਾਂ ਵਿਚ ਕਹਾਣੀ ਛਪਣ ਦੀ ਸਾਲ ਵਿਚ ਇਕ ਦੋ ਵਾਰ ਹੀ ਵਾਰੀ ਆਉਂਦੀ ਸੀ। ਪ੍ਰੋ: ਮੋਹਨ ਸਿੰਘ ਨੇ ਜੋ ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਛਾਪੀ ਸੀ, ਉਸ ਦੀ ਕੀਮਤ ਸਵਾ ਦੋ ਰੁਪੈ ਸੀ। ਕਦੇ ਕਦੇ ਮੇਰੀ ਕਿਤਾਬ ਵਿਕ ਜਾਂਦੀ ਤਾਂ ਕੁਝ ਪੈਸੇ ਮਿਲ ਜਾਂਦੇ। ਫਿਰੋਜ਼ਪੁਰ ਦੇ ਇਕ ਬਾਵਾ ਪਬਲਿਸ਼ਰ ਨੇ ਮੇਰੇ ਦੋ ਡਰਾਮੇ "ਨੌਕਰੀਆਂ ਹੀ ਨੌਕਰੀਆਂ" ਅਤੇ "ਲੌਢਾ ਵੇਲਾ" ਛਾਪੇ ਜਿਨ੍ਹਾਂ ਦੀ ਕੀਮਤ ਸ਼ਾਇਦ ਇਕ ਜਾਂ ਡੇਢ ਰੁਪੈ ਸੀ। ਬਾਵਾ ਨੇ ਮੇਰੇ ਕੋਲੋਂ ਤਿੰਨ ਕਿਤਾਬਾਂ ਸ਼ਹੀਦ ਭਗਤ ਸਿੰਘ, ਲਾਲ ਬਹਾਦਰ ਸ਼ਾਸ਼ਤਰੀ ਅਤੇ ਸੁਭਾਸ਼ ਚੰਦਰ ਬੋਸ ਵੀ ਵੀਹ ਵੀਹ ਰੁਪੈ ਵਿਚ ਲਿਖਵਾ ਕੇ ਮੈਨੂੰ 60 ਰੁਪੈ ਦੇ ਦਿਤੇ ਜਦ ਕਿ ਉਸਦਾ ਬਿਜ਼ਨਸ ਫੇਲ ਹੋ ਜਾਣ ਨਾਲ ਇਹ ਕਿਤਾਬਾਂ ਕਦੇ ਵੀ ਨਾ ਛਪੀਆਂ। ਜਸਬੀਰ ਸਿੰਘ ਆਹਲੂਵਾਲੀਆ ਅਤੇ ਜਗਤਾਰ ਪਪੀਹਾ ਦੀਆਂ ਪਹਿਲੀਆਂ ਕਿਤਾਬਾਂ ਵੀ ਇਸ ਬਾਵੇ ਪਬਲਿਸ਼ਰ ਨੇ ਹੀ ਫਿਰੋਜ਼ਪੁਰ ਤੋਂ ਛਾਪੀਆਂ ਸਨ। ਜਸਬੀਰ ਸਿੰਘ ਆਹਲੂਵਾਲੀਆ ਓਸ ਵੇਲੇ ਫਿਰੋਜ਼ਪੁਰ ਛਾਉਣੀ ਦਾ ਐਗਜ਼ੈਟਟਿਵ ਅਫਸਰ ਹੁੰਦਾ ਸੀ।

ਹੁਣ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਵਿਖੇ ਬਦਲੀ ਹੋਣ ਨਾਲ ਸਾਈਕਲ ਤੇ ਜਾਂ ਬੱਸ ਤੇ ਜਾਣ ਦਾ ਝੰਜਟ ਖਤਮ ਹੋ ਗਿਆ ਸੀ। ਦੂਜੇ ਪਾਸੇ ਇਹ ਵੀ ਸੀ ਕਿ ਮਿਡਲ ਸਕੂਲਾਂ ਵਿਚ ਜੋ ਸਰਦਾਰੀ ਸੀ ਅਤੇ ਕੰਮ ਬਹੁਤ ਘੱਟ ਹੁੰਦਾ ਸੀ, ਉਹ ਮੌਜਾਂ ਵਡੇ ਸਕੂਲ ਵਿਚ ਨਹੀਂ ਸਨ। ਇਥੇ ਸੌ ਤੋਂ ਵਧੇਰੇ ਟੀਚਰ ਸਨ ਜਿਨ੍ਹਾਂ ਵਿਚ ਜੇ. ਬੀ. ਟੀ., ਬੀ. ਐਡ. ਮਾਸਟਰ, ਕਲਾਸੀਕਲ ਐਂਡ ਵਰਨੈਕੂਲਰ ਟੀਚਰ, ਡਰਾਇੰਗ ਟੀਚਰ, ਐਸ. ਵੀ. ਟੀਚਰ ਅਤੇ ਲੈਕਚਰਰ ਵੀ ਸਨ ਅਤੇ 2 ਹਜ਼ਾਰ ਦੇ ਕਰੀਬ ਵਿਦਿਆਰਥੀ। ਇਹਨਾਂ ਵਿਚ ਬਹੁਤੇ ਲੈਕਚਰਰ ਐਸੇ ਸਨ ਜੋ ਕਮਿਸ਼ਨ ਰਾਹੀਂ ਨਹੀਂ ਆਏ ਸਨ ਪਰ ਉਹਨਾਂ ਨੇ ਪਰਾਈਵੇਟ ਹਿਸਟਰੀ, ਪੰਜਾਬੀ, ਹਿੰਦੀ, ਅੰਗਰੇਜ਼ੀ ਵਗੈਰਾ ਦੀ ਐਮ. ਏ. ਕਰ ਲਈ ਸੀ। ਬੁਨਿਆਦੀ ਤੌਰ ਤੇ ਇਹਨਾਂ ਵਿਚੋਂ ਕਈ ਸਾਇੰਸ ਅਤੇ ਮੈਥ ਦੇ ਟੀਚਰ ਸਨ ਤੇ ਲੈਕਚਰਰ ਬਨਣ ਪਿਛੋਂ ਜਦ ਇਹਨਾਂ ਨੂੰ ਪੰਜਾਬੀ, ਹਿੰਦੀ ਜਾਂ ਹਿਸਟਰੀ ਪੜ੍ਹਾਣੀ ਪੈਂਦੀ ਤਾਂ ਇਹ ਬੜੇ ਔਖੇ ਹੁੰਦੇ। ਇਹਨਾਂ ਦੀਆਂ ਅੰਗਰੇਜ਼ੀ ਅਤੇ ਸਾਇੰਸ ਪੜ੍ਹਾਣ ਦੀਆਂ ਟਿਊਸ਼ਨਾਂ ਮਰ ਜਾਂਦੀਆਂ ਸਨ। ਵੈਸੇ ਵੀ ਇਹਨਾਂ ਵਿਚੋਂ ਬਹੁਤ ਥਰਡ ਕਲਾਸ ਵਿਚ ਐਮ. ਏ. ਸਨ। ਹਰ ਕਲਾਸ ਦੇ ਕਈ ਕਈ ਸੈਕਸ਼ਨ ਸਨ। ਹਾਇਰ ਸੈਕੰਡਰੀ ਜੋ ਕਾਲਜ ਦੀ ਪ੍ਰੈਪ ਦੇ ਬਰਾਬਰ ਸੀ, ਦੇ ਕਈ ਵਿਦਿਆਰਥੀ ਕਾਫੀ ਪਕੀ ਉਮਰ ਦੇ ਸਨ। ਉਹਨਾਂ ਦੇ ਮਾਪੇ ਕਾਲਜ ਵਿਚ ਜਾ ਕੇ ਮੁੰਡੇ ਵਿਗੜ ਨਾ ਜਾਣ ਦੇ ਡਰੋਂ ਉਹਨਾਂ ਨੂੰ ਹਾਇਰ ਸੈਕੰਡਰੀ ਸਕੂਲ ਵਿਚ ਪੜ੍ਹਾਨਾ ਬਿਹਤਰ ਸਮਝਦੇ ਸਨ ਜਦ ਕਿ ਗਰੁੱਪ ਬਣਾ ਕੇ ਮਨ ਆਈਆਂ ਤੇ ਲੜਾਈਆਂ ਕਰਨ ਵਿਚ ਇਹ ਕਾਲਜਾਂ ਦੇ ਮੁੰਡਿਆਂ ਤੋਂ ਘੱਟ ਨਹੀਂ ਸਨ। ਕਈ ਵਾਰ ਜਦ ਸਥਾਨਕ ਕਾਲਜਾਂ ਵਿਚ ਹੜਤਾਲ ਹੋ ਜਾਂਦੀ ਤਾਂ ਗਿਆਰਵੀਂ ਦੇ ਵਿਦਿਆਰਥੀ ਉਹਨਾਂ ਦਾ ਸਾਥ ਦਿੰਦੇ। ਹਾਇਰ ਸੈਕੰਡਰੀ ਦੀ ਪੜ੍ਹਾਈ ਵਿਚ ਸੱਤ ਗਰੁਪ ਸਨ ਜਿਵੇਂ ਆਰਟਸ, ਮੈਡੀਕਲ, ਨਾਨ ਮੈਡੀਕਲ, ਟੈਕਨੀਕਲ, ਆਰਟ ਐਂਡ ਕਰਾਫਟ, ਕਾਮਰਸ ਅਤੇ ਆਰਟ ਆਦਿ। ਮੈਨੂੰ ਛੇਵੀ ਤੋਂ ਗਿਆਰਵੀਂ ਤਕ ਦੇ ਪੀਰੀਅਡ ਮਿਲ ਗਏ। ਸਕੂਲ ਵਿਚ ਜੇ. ਬੀ. ਟੀ. ਕਲਾਸ ਨੂੰ ਮਾਤ ਭਾਸ਼ਾ ਪੜ੍ਹਾਨ ਦਾ ਪੀਰੀਅਡ ਮਿਲ ਗਿਆ। ਇਸ ਤੋਂ ਇਲਾਵਾ ਪ੍ਰਿੰਸੀਪਲ ਨੇ ਮੈਨੂੰ ਜੇ. ਬੀ. ਟੀ. ਕਲਾਸ ਦੇ ਹੋਸਟਲ ਦਾ ਸੁਪਰਡੰਟ ਲਾ ਦਿਤਾ। ਇਸ ਹੋਸਟਲ ਵਿਚ ਅਥਰੇ ਮੁੰਡੇ ਆਪਸ ਵਿਚ ਲੜ ਪੈਂਦੇ। ਕਈ ਵਾਰ ਕਈਆਂ ਦੇ ਸਿਰ ਪਾਟ ਜਾਂਦੇ। ਸਰਦੀਆਂ ਵਿਚ ਹੋਸਟਲ ਦੇ ਮੰਜਿਆਂ ਦੇ ਪਾਵੇ ਸਾੜ ਕੇ ਅਗ ਸੇਕਦੇ। ਹੋਸਟਲ ਦੇ ਬਾਵਰਚੀਆਂ ਨਾਲ ਖਾਣੇ ਪਿਛੇ ਲੜ

ਪੈਂਦੇ। ਭਾਵੇਂ ਰਾਸ਼ਨ ਖਰੀਦਣ ਲਈ ਮੁੰਡਿਆਂ ਦੀ ਇਕ ਕਮੇਟੀ ਬਣਾਈ ਹੋਈ ਸੀ, ਫਿਰ ਵੀ ਸ਼ਕਾਇਤਾਂ ਬਹੁਤ ਆਉਂਦੀਆਂ। ਜੋ ਮੁੰਡੇ ਛੁਟੀਆਂ ਜਾਂ ਕਿਸੇ ਹੋਰ ਕਾਰਨ ਖਾਣੇ ਵਿਚ ਨਾਗੇ ਪੌਂਦੇ, ਉਹ ਪੈਸੇ ਦੇਣ ਲਗੇ ਨਾਗਿਆਂ ਦੇ ਪੈਸੇ ਕੱਟ ਲੈਂਦੇ। ਆਖਰ ਇਕ ਦਿਨ ਐਸਾ ਵੀ ਆਇਆ ਜਦ ਇਹ ਮਾਮਲਾ ਵਧ ਗਿਆ ਤਾਂ ਸਕੂਲ ਦੇ ਪ੍ਰਿੰਸੀਪਲ ਨੇ ਮਿਸਟਰ ਰਾਠੌਰ ਤੇ ਉਹਦੇ ਦੋਹਤੇ ਲਈ ਜੋ ਹੋਸਟਲ ਦੀ ਮੈੱਸ ਵਿਚੋਂ ਪਰੌਠੇ ਪਕ ਕੇ ਜਾਂਦੇ ਸਨ, ਪ੍ਰਿੰਸੀਪਲ ਦੇ ਵਿਰੋਧੀ ਗਰੁੱਪ ਨੇ ਇਸ ਦੀ ਉਪਰਲੇ ਅਧਿਕਾਰੀਆਂ ਨੂੰ ਸ਼ਕਾਇਤ ਕਰ ਦਿਤੀ। ਇਸ ਤੋਂ ਇਲਾਵਾ ਇਸ ਗਰੁੱਪ ਨੇ ਪ੍ਰਿਸੀਪਲ ਉਪਰ ਸਕੂਲ ਦੇ ਫੰਡਜ਼ ਖਾਣ ਦੀਆਂ ਅਤੇ ਸਕੂਲ ਵਿਚ ਸੌਣ ਆਦਿ ਦੀਆਂ ਹੋਰ ਵੀ ਕਈ ਬੇਨਿਯਮੀਆਂ ਦੀਆਂ ਸ਼ਕਾਇਤਾਂ ਕਰ ਦਿਤੀਆਂ ਅਤੇ ਉਸਦੀ ਇਨਕੁਾਇਰੀ ਸ਼ੁਰੂ ਹੋ ਗਈ। ਪਹਿਲਾਂ ਸਕੂਲ ਦੇ ਹੋਸਟਲ ਵਿਚ ਬਣੇ ਡੀ. ਈ. ਓ. ਆਫਸ ਤੋਂ ਡੀ. ਈ.ਓ. ਸਾਹਿਬ ਮਿਸਟਰ ਬਿਪਨ ਬਿਹਾਰੀ ਲਾਲ ਜੀ ਇਨਕੁਾਇਰੀ ਕਰਨ ਆਏ ਤਾਂ ਪ੍ਰਿੰਸੀਪਲ ਰਾਠੌਰ ਸਾਹਿਬ ਨੇ ਉਹਨਾਂ ਨੂੰ ਕੁਰਸੀ ਤੇ ਬੈਠਣ ਲਈ ਵੀ ਨਾ ਕਿਹਾ ਅਤੇ ਇਹ ਕਹਿ ਕੇ ਤੋਰ ਦਿਤਾ ਕਿ ਤੂੰ ਪੀ. ਈ. ਐਸ. ਵਿਚੋਂ ਮੇਰੇ ਨਾਲੋਂ ਜੂਨੀਅਰ ਹੈਂ। ਤੂੰ ਮੇਰੀ ਇਨਕੁਾਇਰੀ ਨਹੀਂ ਕਰ ਸਕਦਾ। ਫਿਰ ਜਲੰਧਰ ਤੋਂ ਇਕ ਹੋਰ ਅਫਸਰ ਡਿਪਟੀ ਸਰਕਲ ਐਜੂਕੇਸ਼ਨ ਅਫਸਰ ਇਨਕੁਾਇਰੀ ਕਰਨ ਲਈ ਆ ਗਿਆ। ਪ੍ਰਿੰਸੀਪਲ ਨੇ ਉਸ ਨੂੰ ਵੀ ਸਹਿਯੋਗ ਨਾ ਦਿਤਾ ਪਰ ਮਿਲੀਆਂ ਗਵਾਹੀਆਂ ਅਤੇ ਹੋਈਆਂ ਬੇਨਿਯਮੀਆਂ ਦੇ ਆਧਾਰ ਤੇ ਉਸ ਨੇ ਰਾਠੌਰ ਸਾਹਿਬ ਦੇ ਖਿਲਾਫ ਰੀਪੋਰਟ ਤਿਆਰ ਕਰ ਕੇ ਉਪਰ ਭੇਜ ਦਿਤੀ। ਮੁਸੀਬਤ ਇਹ ਸੀ ਹੋਸਟਲ ਦਾ ਸੁਪਰਡੰਟ ਹੋਣ ਕਰ ਕੇ ਮੇਰੀਆਂ ਵੀ ਬੜੀਆਂ ਪੇਸ਼ੀਆਂ ਪੈਂਦੀਆਂ ਰਹੀਆਂ। ਸਕੂਲ ਦਾ ਪ੍ਰਿੰਸੀਪਲ ਵਿਰੋਧੀ ਸਟਾਫ ਮੈਨੂੰ ਪ੍ਰਿੰਸੀਪਲ ਦੀ ਪਾਰਟੀ ਦਾ ਬੰਦਾ ਕਹਿੰਦੇ। ਮੈਂ ਤਾਂ ਆਪਣੀ ਨੌਕਰੀ ਕਰਦਾ ਸਾਂ ਅਤੇ ਕਿਸੇ ਪਾਰਟੀ ਵਿਚ ਸ਼ਾਮਲ ਨਹੀਂ ਸਾਂ। ਪਰ ਇਸ ਵਡੇ ਸਕੂਲ ਦੇ ਟੈਂਟਿਆਂ ਨੇ ਮੇਰੀ ਰਾਤਾਂ ਦੀ ਨੀਂਦ ਹਰਾਮ ਕੀਤੀ ਹੋਈ ਸੀ। ਇਕ ਦਿਨ ਜਦ ਰਾਠੌਰ ਸਾਹਿਬ ਦੇ ਵਿਰੁਧ ਪੜਤਾਲ ਹੋ ਰਹੀ ਸੀ ਤੇ ਪੜਤਾਲੀਆ ਅਫਸਰ ਦਫਤਰ ਵਿਚ ਉਹਨਾਂ ਦੇ ਕੋਲ ਬੈਠਾ ਉਹਨਾਂ ਦੇ ਵਿਰੁਧ ਪੜਤਾਲ ਕਰ ਰਿਹਾ ਸੀ ਤਾਂ ਜਲੰਧਰ ਦਾ ਇਕ ਪਬਲਿਸ਼ਰ ਨੌਵੀਂ ਦਸਵੀਂ ਜਮਾਤ ਨੂੰ ਇਕ ਗਰੈਮਰ ਦੀ ਕਿਤਾਬ ਲਵਾਉਣ ਲਈ ਆ ਗਿਆ। ਰਾਠੌਰ ਸਾਹਿਬ ਨੇ ਚਪੜਾਸੀ ਭੇਜ ਕੇ ਮੈਨੂੰ ਬੁਲਾ ਲਿਆ ਅਤੇ ਹੁਕਮ ਦਿਤਾ ਕਿ ਇਸ ਪਬਲਿਸ਼ਰ ਦੀ ਕਿਤਾਬ ਨੌਵੀਂ ਜਮਾਤ ਦੇ ਬੱਚਿਆਂ ਨੂੰ ਲਾ ਦਿਤੀ ਜਾਵੇ। ਮੈਂ ਕਿਹਾ ਤੁਹਾਡੇ ਖਿਲਾਫ ਤਾਂ ਪਹਿਲਾਂ ਹੀ ਪੜਤਾਲ ਚੱਲ ਰਹੀ ਹੈ ਤਾਂ ਇਹ ਕਿਤਾਬ ਕਿਸ ਤਰ੍ਹਾਂ ਲਗਾਈ ਜਾ ਸਕਦੀ ਹੈ। ਰਾਠੌਰ ਸਾਹਿਬ ਮੈਨੂੰ ਘੂਰ ਕੇ ਕਹਿਣ ਲੱਗੇ,'' ਇਨ ਕਾ ਕਾਮ ਇਨਕੁਆਇਰੀ ਕਰਨਾ ਹੈ ਔਰ ਮੇਰਾ ਕਾਮ ਕਿਤਾਬੇਂ ਲਗਾਣਾ ਹੈ।''। ਕੁਝ ਹਫਤਿਆਂ ਬਾਅਦ ਮਿਸਟਰ ਰਾਠੌਰ ਨੂੰ ਸਸਪੈਂਡ ਕਰ ਦਿਤਾ ਗਿਆ ਜਾਂ ਰੀਟਾਇਰ ਕਰ ਦਿਤਾ ਗਿਆ ਅਤੇ ਉਹ ਫਿਰੋਜ਼ਪੁਰ ਛਡ ਕੇ ਆਪਣੇ ਘਰ ਨਾਭੇ ਨੂੰ ਚਲੇ ਗਏ। ਉਸ ਤੋਂ ਬਾਅਦ ਓਸੁਹਨਾਂ ਦਾ ਕੋਈ ਪਤਾ ਨਾ ਲਗਾ ਅਤੇ ਉਹਨਾਂ ਦੀ ਜਗ੍ਹਾ ਕਪੂਰਥਲਾ ਤੋਂ ਡਿਪਟੀ ਡੀ. ਈ. ਓ. ਸਰਦਾਰ ਗੁਰਮਖ ਸਿੰਘ ਨੇ ਬਤੌਰ ਪ੍ਰਿੰਸੀਪਲ ਆ ਕੇ ਸਕੂਲ ਦਾ ਚਾਰਜ ਲੈ ਲਿਆ।

ਮਿਡਲ ਸਕੂਲ ਦੇ ਮੁਕਾਬਲੇ ਤੇ ਇਸ ਵਡੇ ਸਕੂਲ ਵਿਚ ਵਡੀਆਂ ਜਮਾਤਾਂ ਨੂੰ ਪੜ੍ਹਾਨ ਲਈ ਪਹਿਲਾਂ ਤਿਆਰੀ ਕਰ ਕੇ ਜਾਣਾ ਪੈਂਦਾ ਸੀ। ਹੋਸਟਲ ਦੇ ਪ੍ਰਬੰਧ ਦਾ ਖਲਜਗਨ ਵਖਰਾ ਸੀ। ਇਥੇ ਮਿਡਲ ਸਕੂਲਾਂ ਵਾਲੀਆਂ ਮੌਜਾਂ ਕਿਥੇ ਸਨ। ਵਡੀਆਂ ਕਲਾਸਾਂ ਦੀਆਂ ਕਿਤਾਬਾਂ ਵਿਚ ਲਗੀਆਂ ਪੁਰਾਤਨ ਕਵੀਆਂ ਦੀਆਂ ਔਖੀ ਪੰਜਾਬੀ ਭਾਸ਼ਾ ਵਿਚ ਲਿਖੀਆਂ ਕਵਿਤਾਵਾਂ, ਗੁਰੂਆਂ ਦੀ ਅਧਿਆਤਮਿਕ ਅਰਥ ਭਰਪੂਰ ਬਾਣੀ ਆਦਿ ਖੁਦ ਸਮਝਣ ਅਤੇ ਵਿਦਿਆਰਥੀਆਂ ਨੂੰ ਪੜ੍ਹਾਨ ਲਈ ਮੈਨੂੰ ਬਹੁਤ ਮਿਹਨਤ ਕਰਨੀ ਪਈ। ਵਿਆਕਰਨ ਉਤੇ ਉਸ ਵੇਲੇ ਬੜਾ ਜ਼ੋਰ ਦੇਣਾ ਪੈਂਦਾ ਸੀ ਅਤੇ ਇਹ ਬੜਾ ਖੁਸ਼ਕ ਵਿਸ਼ਾ ਸੀ। ਮੈਂ ਇਸ ਤੋਂ ਪਹਿਲਾਂ ਜ਼ਿੰਦਗੀ ਵਿਚ ਕਦੇ ਐਨਾ ਕੰਮ ਨਹੀਂ ਸੀ ਕੀਤਾ ਅਤੇ ਐਨੇ ਜ਼ਿਆਦਾ ਕੰਮ ਅਤੇ ਉਲਝਣਾਂ ਵਿਚ ਫਸ ਕੇ ਮੈਨੂੰ ਬੜੀ ਬੇਆਰਾਮੀ ਮਹਿਸੂਸ ਹੁੰਦੀ। ਤਨਖਾਹ ਤਾਂ ਮਿਡਲ ਸਕੂਲ ਵਿਚ ਤੇ ਇਸ ਸਕੂਲ ਵਿਚ ਬਰਾਬਰ ਸੀ ਪਰ ਕੰਮ ਬਹੁਤ ਜ਼ਿਆਦਾ ਸੀ। ਇਕ ਦਿਨ ਆਪਣੀ ਛੇ ਮਹੀਨੇ ਦੀ ਐਕਸਟੈਨਸ਼ਨ ਵਧਾਉਣ ਲਈ ਲਖੋ ਕੇ ਬਹਿਰਾਮ ਵਾਲੀ ਹਿੰਦੀ ਟੀਚਰ ਮੇਰੇ ਕੋਲ ਆ ਗਈ ਅਤੇ ਡੀ. ਈ. ਓ. ਦਫਤਰ ਵਿਚੋਂ ਐਕਸਟੈਨਸ਼ਨ ਵਧਾਉਣ ਲਈ ਕਹਿਣ ਲਗੀ। ਮੈਂ ਡੀ. ਈ. ਓ. ਦਫਤਰ ਜਾ ਕੇ ਉਹਦੀ ਐਕਸਟੈਨਸ਼ਨ ਦੇ ਆਰਡਰ ਲਿਆ ਕੇ ਉਹਦੇ ਹਥ ਫੜਾ ਦਿਤੇ ਅਤੇ ਟੱਕ ਸ਼ਾਪ ਤੇ ਜਾ ਕੇ ਚਾਹ ਪੀਣ ਲਗ ਪਏ। ਮੈਨੂੰ ਕਹਿਣ ਲੱਗੀ ਤੁਹਾਡੇ ਚਿਹਰੇ ਤੇ ਉਹ ਰੌਣਕ ਨਹੀਂ ਹੈ ਜੋ ਲਖੋ ਕੇ ਬਹਿਰਾਮ ਹੁੰਦੀ ਸੀ। ਜੇ ਤਨਖਾਹ ਬਰਾਬਰ ਹੈ ਤਾਂ ਕਿਓਂ ਆਪਣੇ ਆਪ ਨੂੰ ਸਜ਼ਾ ਦੇ ਰਹੇ ਹੋ। ਵਾਪਸ ਲਖੋ ਕੇ ਬਹਿਰਾਮ ਆ ਜਾਓ। ਮੈਂ ਤੁਹਾਡੇ ਲਈ ਮਹਾਜਨੀ ਖਾਣਾ ਅਤੇ ਦਮ ਆਲੂ ਬਣਾ ਕੇ ਲਿਆਇਆ ਕਰਾਂਗੀ। ਉਹਦੇ ਜਾਣ ਤੋਂ ਬਾਅਦ ਮੈਂ ਕਾਫੀ ਚਿਰ ਉਹਦੀ ਕਹੀ ਗੱਲ ਬਾਰੇ ਸੋਚਦਾ ਰਿਹਾ ਕਿ ਕੀ ਜੋ ਕੁਝ ਉਹ ਕਹਿ ਗਈ ਸੀ, ਕੀ ਸੱਚ ਸੀ। ਜੇ ਸੱਚ ਸੀ ਤਾਂ ਮੈਂ ਕਿਉਂ ਆਪਣੇ ਆਪ ਨੂੰ ਕੋਹ ਰਿਹਾ ਸਾਂ। ਉਸ ਨੂੰ ਮੇਰਾ ਐਨਾ ਖਿਆਲ ਕਿਉਂ ਸੀ, ਮੈਂ ਉਹਦਾ ਕੀ ਲਗਦਾ ਸਾਂ। ਉਸ ਨੂੰ ਮੇਰੇ ਨਾਲ ਹਮਦਰਦੀ, ਲਗਾਓ ਜਾਂ ਉਸ ਤੋਂ ਵੀ ਕੁਝ ਵਧ ਕਿਉਂ ਸੀ? ਮੈਨੂੰ ਉਹਦੀਆਂ ਪੁਰਾਣੀਆਂ ਕਹੀਆਂ ਗੱਲਾਂ ਚੇਤੇ ਆਣ ਲਗੀਆਂ। ਕਿਵੇਂ ਉਸ ਨੇ ਬਾਰ ਬਾਰ ਲੜਕੀਆਂ ਦਾ ਬਾਪ ਬਨਣ ਤੇ ਮੇਰੇ ਅੰਦਰ ਦੀ ਚਿੰਤਾ ਨੂੰ ਫੜ ਲਿਆ ਸੀ ਤੇ ਮੈਨੂੰ ਹੌਸਲਾ ਦੇਣ ਲਈ ਬੜੀ ਦਲੇਰੀ ਨਾਲ ਮੈਨੂੰ ਉਹ ਕੁਝ ਕਹਿ ਦਿਤਾ ਸੀ ਜੋ ਇਕ ਔਰਤ ਮੂੰਹ ਵਿਚੋਂ ਇਸ ਤਰ੍ਹਾਂ ਦੇ ਬੋਲ ਕਢਣ ਲਈ ਹਜ਼ਾਰ ਵਾਰ ਸੋਚਦੀ ਹੈ। ਔਰਤ ਵੀ ਜੋ ਅਜੇਬ ਵਿਆਹੀ ਨਾ ਹੋਵੇ।

ਇਹਨਾਂ ਹੀ ਦਿਨਾਂ ਵਿਚ ਪੜਤਾਲੀਆ ਅਫਸਰ ਦੀ ਰੀਪੋਰਟ ਤੇ ਜਿਥੇ ਰਾਠੌਰ ਸਾਹਿਬ ਨੂੰ ਸਕੂਲ ਵਿਚੋਂ ਕਢ ਦਿਤਾ ਸੀ। ਗੌਰਮਿੰਟ ਹਾਇਰ ਸੈਕੰਡਰੀ ਸਕੂਲ ਵਿਚੋਂ ਜੇ. ਬੀ. ਟੀ. ਦੀ ਕਲਾਸ ਖਤਮ ਕਰ ਕੇ ਜਲਾਲਾਬਾਦ ਵੈਸਟ ਭੇਜ ਦਿਤੀ ਗਈ। ਜੇ. ਬੀ. ਟੀ. ਕਲਾਸ ਆਪਣੇ ਇਮਤਿਹਾਨ ਦੇ ਕੇ ਟਿਭ ਚੁਕੀ ਸੀ ਅਤੇ ਮੈਨੂੰ ਹੁਕਮ ਹੋਇਆ ਕਿ ਮੈਂ ਹੋਸਟਲ ਦੇ ਸਾਮਾਨ ਦਾ ਸਾਰਾ ਚਾਰਜ ਜਲਾਲਾਬਾਦ ਦੇ ਸਕੂਲ ਵਾਲਿਆਂ ਨੂੰ ਦੇ ਦੇਵਾਂ। ਜਦ ਸਾਮਾਨ ਦੀ ਗਿਣਤੀ ਹੋਈ ਜਿਸ ਵਿਚ ਕਈ ਮੰਜੇ, ਮੈੱਸ ਦੇ ਬਰਤਨ ਤੇ ਫਰਨੀਚਰ ਆਦਿ ਸ਼ਾਮਲ ਸਨ, ਘੱਟ ਨਿਕਲੇ ਤਾਂ ਉਸ ਦੀ ਕੀਮਤ ਬਤੌਰ ਹੋਸਟਲ ਸੁਪਰਡੰਟ ਮੈਨੂੰ ਪੈ ਗਈ। ਬੜੀਆਂ ਮੁਸ਼ਕਲਾਂ ਨਾਲ ਨਵੇਂ ਪ੍ਰਿੰਸੀਪਲ ਦੇ ਤਰਲੇ ਕਰ ਕੇ ਮੈਂ ਕੁਝ ਸਾਮਾਨ ਰਾਈਟ ਆਫ ਕਰਵਾਇਆ ਤੇ ਹੋਸਟਲ ਦੀ ਸੁਪਰਡੰਟੀ ਤੋਂ ਆਪਣੀ ਜਾਨ ਛੁਡਵਾਈ। ਇਸ ਤੋਂ ਵਡਾ ਖਲਜਗਨ ਏਡੇ ਵਡੇ ਸਕੂਲ ਦੀ ਲਾਇਬਰੇਰੀ ਦਾ ਸੀ ਜਿਸ ਦਾ ਚਾਰਜ ਮੇਰੇ ਕੋਲ ਸੀ। ਹਜ਼ਾਰਾਂ ਕਿਤਾਬਾਂ ਸਨ ਸਕੂਲ ਦੀ ਲਾਇਬਰੇਰੀ ਵਿਚ ਜੋ ਪੜ੍ਹਨ ਲਈ ਲੈ ਜਾਣ ਵਾਲੇ ਮੁੰਡੇ ਤੇ ਮਾਸਟਰ ਵਾਪਸ ਨਾ ਕਰਦੇ। ਮੇਰੇ ਚਾਰ ਚੁਫੇਰੇ ਕੰਮ ਹੀ ਕੰਮ ਸੀ ਅਤੇ ਜੀਣਾ ਦੁਭਰ ਹੋ ਕੇ ਰਹਿ ਗਿਆ ਸੀ। ਬਦਲੀਆਂ ਦੇ ਦਿਨ ਆਏ ਤਾਂ ਮੈਂ ਵਾਪਸ ਲਖੋ ਕੇ ਬਹਿਰਾਮ ਜਾਣ ਦੀ ਦਰਖਾਸਤ ਦੇ ਦਿਤੀ। ਮੈਨੂੰ ਸਾਰੇ ਲਾਅਣਤਾਂ ਪਾਉਣ ਲਗੇ ਕਿ ਜ਼ਿਲੇ ਦੇ ਸਭ ਤੋਂ ਵਡੇ ਸਕੂਲ ਵਿਚੋਂ ਭੱਜਣਾ ਕਾਇਰਤਾ ਨਹੀਂ ਤਾਂ ਹੋਰ ਕੀ ਸੀ। ਮੈਂ ਦੱਸ ਨਹੀਂ ਸਕਦਾ ਕਿ ਮੇਰੇ ਅੰਦਰ ਪਤਾ ਨਹੀਂ ਕਿਸ ਤਰ੍ਹਾਂ ਦੀ ਭਟਕਣਾ ਸੀ ਜੋ ਮੈਨੂੰ ਚੈਨ ਨਹੀਂ ਲੈਣ ਦਿੰਦੀ ਸੀ। ਮੇਰੀ ਰੂਹ ਆਪਣਾ ਮੇਚ ਲਭ ਰਹੀ ਸੀ ਅਤੇ ਇਸ ਲਭਤ ਨੇ ਮੈਨੂੰ ਬੇਜ਼ਾਰ ਕਰ ਦਿਤਾ ਸੀ। ਇਕ ਦਿਨ ਮੇਰੇ ਪੁਰਾਣੇ ਪ੍ਰੋਫੈਸਰ ਐਸ. ਐਸ. ਭਾਟੀਆ ਮੈਨੂੰ ਲਭਦੇ ਲਭਦੇ ਸਕੂਲ ਆ ਗਏ ਅਤੇ ਐਤਵਾਰ ਨੂੰ ਆਪਣੇ ਫਿਰੋਜ਼ਪੁਰ ਛਾਉਣੀ ਵਾਲੇ ਘਰ ਆਣ ਲਈ ਕਹਿ ਗਏ।

### ਕਿਸ਼ਤ 55-ਬਿੰਦੂ ਨਾਲ ਮੁਲਾਕਾਤ ਅਤੇ ਉੱਚ ਪੜ੍ਹਾਈ

ਜਦੋਂ ਮੈਂ ਪ੍ਰੋ: ਐਸ. ਐਸ. ਭਾਟੀਆ ਦੇ ਘਰ ਫਿਰੋਜ਼ਪੁਰ ਛਾਉਣੀ ਪਹੁੰਚਿਆ ਤਾਂ ਉਹਦੇ ਘਰ ਦਸਵੀਂ ਦੇ ਹਜ਼ਾਰਾਂ ਮਾਰਕ ਹੋਏ ਪੇਪਰਾਂ ਦਾ ਢੇਰ ਲੱਗਾ ਹੋਇਆ ਸੀ। ਖੂਬਸੂਰਤ ਚਿੱਟੀ ਸਲਵਾਰ ਕਮੀਜ਼ ਵਿਚ ਇਕ ਨਹਾਇਤ ਖੂਬਸੂਰਤ ਉਚੀ ਲੰਮੀ ਨੌਜਵਾਨ ਔਰਤ ਪੇਪਰ ਚੈੱਕ ਕਰ ਰਹੀ ਸੀ। ਫਿਰੋਜ਼ਪੁਰ ਵਰਗੇ ਪਛੜੇ ਇਲਾਕੇ ਵਿਚ ਵੀ ਕੋਈ ਐਨੀ ਹੁਸੀਨ ਔਰਤ ਹੋ ਸਕਦੀ ਹੈ, ਮੈਂ ਵੇਖ ਕੇ ਚੌਕੰਨਾ ਹੋ ਗਿਆ। ਪ੍ਰੋ: ਭਾਟੀਆ ਨੇ ਜਦ ਓਸ ਨਾਲ ਮੇਰੀ ਜਾਣ ਪਛਾਣ ਕਰਵਾਈ ਕਿ ਇਹ ਲੜਕੀ ਮੇਰੀ ਸਟੂਡੰਟ ਰਹੀ ਹੈ ਅਤੇ ਨਾਲ ਲਗਦੇ ਖਾਲਸਾ ਸਕੂਲ ਵਿਚ ਟੀਚਰ ਹੈ। ਮੈਂ ਇਸ ਸਕੂਲ ਦਾ ਮੈਨੇਜਰ ਹਾਂ। ਫਿਰ ਉਸ ਨੇ ਮੇਰੀ ਜਾਣ ਪਛਾਣ ਕਰਵਾਈ ਕਿ ਮੈਂ ਵੀ ਉਹਨਾਂ ਦਾ ਸਟੂਡੰਟ ਰਿਹਾ ਹਾਂ ਅਤੇ ਇਸ ਵੇਲੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਵਿਚ ਟੀਚਰ ਹਾਂ। ਉਸ ਸੁੰਦਰੀ ਨੇ ਅੱਖਾਂ ਚੁੱਕ ਕੇ ਮੈਨੂੰ ਸਤਿ ਸ੍ਰੀ ਅਕਾਲ ਕਹੀ ਤੇ ਮੈਂ ਵੇਖਿਆ ਕਿ ਉਹਦੀਆਂ ਅੱਖਾਂ ਵਿਚ ਇਕ ਅਜੀਬ ਚਮਕ ਆਈ। ਉਸਦੇ ਤਿਖੇ ਨੱਕ, ਚਿਟੇ ਦੰਦ, ਸੁੰਦਰ ਨੈਣ ਨਕਸ਼ਾਂ ਵਿਚ ਇਕ ਅਨੋਖੀ ਜਾਜ਼ਬੀਅਤ ਸੀ। ਉਸ ਮੇਰੀ ਸਤਿ ਸ੍ਰੀ ਅਕਾਲ ਦਾ ਜਵਾਬ ਦੇ ਕੇ ਅੱਖਾਂ ਫਿਰ ਨੀਵੀਆਂ ਕਰ ਲਈਆਂ। ਉਸ ਦੀਆਂ ਅੱਖਾਂ ਵਿਚ ਆਈ ਚਮਕ ਅਤੇ ਚਿਟੇ ਦੰਦਾਂ ਦੀ ਦਬੀ ਮੁਸਕਰਾਹਟ ਨੇ ਮੈਨੂੰ ਚਕਾ ਚੌਂਦ ਕਰ ਦਿਤਾ। ਉਸ ਦੀ ਸ਼ਕਲ ਅਮ੍ਰਿਤਾ ਪ੍ਰੀਤਮ ਅਤੇ ਇੰਦਰਾ ਗਾਂਧੀ ਨਾਲ ਬਹੁਤ ਮਿਲਦੀ ਜੁਲਦੀ ਸੀ। ਅਮ੍ਰਿਤਾ ਤਾਂ ਹੁਣ ਢੌਂ ਗਈ ਸੀ ਪਰ ਇਹ ਤਾਂ ਜਵਾਨੀ ਦੀ ਸਿਖਰ ਤੇ ਸੀ। ਮੇਰਾ ਦਿਮਾਗ ਚੱਕਰ ਖਾ ਗਿਆ ਸੀ ਤੇ ਮੈਂ ਸੋਚ ਰਿਹਾ ਸਾਂ ਕਿ ਮੈਂ ਇਸ ਨੂੰ ਪਹਿਲਾਂ ਕਿਤੇ ਵੇਖਿਆ ਹੈ ਪਰ ਕਦੋਂ ਅਤੇ ਕਿਥੇ ਵੇਖਿਆ ਹੈ, ਇਸ ਦੀਆਂ ਤਾਰਾਂ ਮਿਲ ਨਹੀਂ ਰਹੀਆਂ ਸਨ। ਪ੍ਰੋ: ਭਾਟੀਆ ਕਹਿਣ ਲੱਗਾ ਕਿ ਮੈਂ ਦਸਵੀਂ ਦੇ ਪੰਜਾਬੀ ਦੇ ਪੇਪਰਾਂ ਦਾ ਹੈੱਡ ਐਗਜ਼ਾਮੀਨਰ ਹਾਂ। ਤੁਸੀਂ ਮੇਰੇ ਅਸਿਟੰਟ ਚੈੱਕਰ ਹੋ। ਹਰ ਪੇਪਰ ਚੈੱਕ ਕਰ ਕੇ ਵੇਖਣਾ ਹੈ ਕਿ ਅਗੈਜ਼ਾਮੀਨਰ ਨੇ ਹਰ ਸਵਾਲ ਦੇ ਨੰਬਰ ਠੀਕ ਲਾਏ ਹਨ। ਕਿਸੇ ਦੇ ਬਹੁਤ ਜ਼ਿਆਦਾ ਜਾਂ ਬਹੁਤ ਘੱਟ ਨੰਬਰ ਤਾਂ ਨਹੀਂ ਲਾਏ। ਕਿਸੇ ਸਵਾਲ ਦੇ ਨੰਬਰ ਲਗਣੋ ਰਹਿ ਤਾਂ ਨਹੀਂ ਗਏ। ਆਨਸਰ ਸ਼ੀਟ ਦੇ ਟੋਟਲ ਨਾਲ ਹਰ ਪਰਚੇ ਦੇ ਨੰਬਰਾਂ ਦਾ ਟੋਟਲ ਠੀਕ ਮਿਲਦਾ ਹੈ। ਪਾਸ, ਫੇਲ ਅਤੇ ਪਾਸ ਪ੍ਰਤੀਸ਼ਿਪ ਠੀਕ ਮਿਲਦੀ ਹੈ। ਜਿਥੇ ਵੀ ਕੋਈ ਗਲਤੀ ਨਿਕਲੇ, ਉਹ ਪੇਪਰ ਪਾਸੇ ਕਰ ਦੇਣਾ ਹੈ। ਉਸ ਪੇਪਰ ਨੂੰ ਮੈਂ ਖੁਦ ਚੈੱਕ ਕਰਾਂਗਾ। ਤੁਸਾਂ ਰਲ ਕੇ ਕੰਮ ਕਰਨਾ ਹੈ ਅਤੇ ਬਾਕੀ ਦਾ ਕੰਮ ਇਹ ਮੈਡਮ ਤੁਹਾਨੂੰ ਸਮਝਾ ਦੇਣਗੇ। ਇਹ ਕਹਿ ਕੇ ਪ੍ਰੋ: ਭਾਟੀਆ ਸਾਡੇ ਲਈ ਚਾਹ ਪਾਣੀ ਦਾ ਇੰਤਜ਼ਾਮ ਕਰਨ ਚਲਾ ਗਿਆ।

ਪ੍ਰੋ: ਭਾਟੀਆ ਆਰ. ਐਸ. ਡੀ. ਕਾਲਜ ਵਿਚ ਮੇਰਾ ਪੰਜਾਬੀ ਦਾ ਪ੍ਰੋਫੈਸਰ ਰਿਹਾ ਸੀ ਅਤੇ ਪੰਜਾਬ ਯੂਨੀਵਰਸਿਟੀ ਦੀ ਸੈਨਟ ਦਾ ਮੈਂਬਰ ਵੀ ਸੀ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਬਨਾਉਣ ਵਾਲੇ ਮੋਢੀਆਂ ਵਿਚ ਵੀ ਉਸ ਦਾ ਵੀ ਬੜਾ ਹਥ ਸੀ। ਪਿਛੋਂ ਉਹ ਸਮਰਾਲੇ ਕਾਲਜ ਦਾ ਪ੍ਰਿੰਸੀਪਲ ਜਾ ਲੱਗਾ ਸੀ। ਉਸ ਵਿਚ ਲੀਡਰਾਂ ਵਾਲੇ ਬਹੁਤ ਗੁਣ ਸਨ। ਮੈਂ ਉਸਦਾ ਬਹੁਤ ਚਹੇਤਾ ਵਿਦਿਆਰਥੀ ਰਿਹਾ ਸਾਂ। ਉਹ ਮੈਨੂੰ ਬਹੁਤ ਪਿਆਰ ਕਰਦਾ ਸੀ। ਉਹਨੂੰ ਮੇਰੇ ਵਿਚੋਂ ਆਪਣੇ ਛੋਟੇ ਭਰਾ ਦਾ ਝਲਕਾਰਾ ਦਿਸਦਾ ਸੀ ਜਿਸ ਨੇ ਆਪਣੀ ਨਵ ਵਿਆਹੀ ਪਤਨੀ ਦੀ ਬੇਵਫਾਈ ਕਾਰਨ ਵਿਆਹ ਤੋਂ ਕੁਝ ਮਹੀਨਿਆਂ ਬਾਅਦ ਖੁਦਕਸ਼ੀ ਕਰ ਲਈ ਸੀ। ਇਸ ਦੁਰਘਟਨਾ ਨੇ ਪ੍ਰੋ: ਭਾਟੀਆ ਉਤੇ ਬੜਾ ਮਾਰੂ ਅਸਰ ਕੀਤਾ ਸੀ। ਉਸ ਦੇ ਭਰਾ ਦੀ ਪਤਨੀ ਨੇ ਜੋ ਦਿੱਲੀ ਦੀ ਸੀ, ਨੇ ਵਿਆਹ ਦੀ ਸੁਹਾਗ ਰਾਤ ਨੂੰ ਹੀ ਉਸ ਦੇ ਭਰਾ ਨੂੰ ਦੱਸ ਦਿਤਾ ਸੀ ਕਿ ਮੈਂ ਕਿਸੇ ਹੋਰ ਦੀ ਹਾਂ ਜੋ ਰਿਸ਼ਤੇ ਵਿਚ ਉਹਦਾ ਨੇੜੇ ਦਾ ਸਾਕ ਭਾਵ ਜੀਜਾ ਲਗਦਾ ਸੀ। ਦਿੱਲੀ ਵਿਚ ਉਹ ਕਾਫੀ ਵਡਾ ਅਫਸਰ ਸੀ। ਉਹਨੇ ਕਿਹਾ ਕਿ

ਮੇਰਾ ਜਿਸਮ, ਮੇਰੀ ਰੂਹ ਸਿਰਫ ਉਸਦੀ ਹੀ ਹੈ। ਭਾਵੇਂ ਉਹ ਵਿਆਹਿਆ ਹੋਇਆ ਹੈ ਪਰ ਮੈਂ ਆਪਣੀ ਸਾਰੀ ਜ਼ਿੰਦਗੀ ਓਸੇ ਨਾਲ ਗੁਜ਼ਾਰਾਂਗੀ। ਤੇਰੇ ਨਾਲ ਮੇਰਾ ਵਿਆਹ ਇਕ ਸਮਾਜਿਕ ਤੇ ਧਾਰਮਿਕ ਮਜਬੂਰੀ ਸੀ। ਸੁਹਾਗ ਰਾਤ ਨੂੰ ਉਸ ਨੇ ਇਹ ਵੀ ਕਹਿ ਦਿਤਾ ਸੀ ਕਿ ਤੇਰਾ ਮੇਰਾ ਰਿਸ਼ਤਾ ਵਿਆਹ ਮੁਤਾਬਕ ਜ਼ਰੂਰ ਪਤੀ ਪਤਨੀ ਵਾਲਾ ਹੈ ਪਰ ਵੈਸੇ ਅਸੀਂ ਭੈਣ ਭਰਾ ਵਾਂਗ ਹਾਂ। ਮੇਰੇ ਜਿਸਮ ਨੂੰ ਛੂਹਣ ਦੀ ਕੋਈ ਲੋੜ ਨਹੀਂ ਹੈ। ਮੇਰੇ ਜਿਸਮ ਤੇ ਤੇਰਾ ਕੋਈ ਹੱਕ ਨਹੀਂ ਹੈ। ਜੇ ਤੇਰੇ ਵੱਲੋਂ ਜ਼ਿਆਦਤੀ ਕੀਤੀ ਗਈ ਤਾਂ ਮੈਂ ਖੁਦ ਕਸ਼ੀ ਕਰ ਕੇ ਮਰ ਜਾਵਾਂਗੀ। ਉਹਨਾਂ ਸਮਿਆਂ ਵਿਚ ਉਹ ਬੀ. ਏ., ਬੀ. ਟੀ. ਕਰ ਕੇ ਫਾਜ਼ਿਲਕਾ ਵੱਲ ਕਿਸੇ ਪਿੰਡ ਦੇ ਸਕੂਲ ਵਿਚ ਮਾਸਟਰ ਲੱਗੇ ਪ੍ਰੋਫੈਸਰ ਦੇ ਛੋਟੇ ਭਰਾ ਨਾਲ ਉਸ ਰਾਤ ਕੀ ਕੀ ਬੀਤੀ ਹੋਵੇਗੀ ਜਦ ਉਸਦੀ ਸੁਹਾਗ ਰਾਤ ਨੂੰ ਉਹਦੀਆਂ ਸਾਰੀਆਂ ਸੱਧਰਾਂ ਦਾ ਖੂੰਨ ਹੋ ਗਿਆ ਸੀ। ਵਿਆਹ ਤੋਂ ਬਾਅਦ ਪਹਿਲੀ ਵਾਰ ਦਿੱਲੀ ਪੇਕੇ ਫੇਰਾ ਮਾਰਨ ਗਈ ਉਹਦੀ ਵਹੁਟੀ ਫਿਰ ਕਦੇ ਫਿਰੋਜ਼ਪੁਰ ਵਾਪਸ ਨਾ ਆਈ। ਭਾਟੀਆ ਬਰਾਦਰੀ ਦੀਆਂ ਜੁੜੀਆਂ ਪੰਚਾਇਤਾਂ ਵੀ ਇਸ ਮਸਲੇ ਨੂੰ ਹੱਲ ਕਰਨ ਵਿਚ ਸਫਲ ਨਾ ਹੋ ਸਕੀਆਂ। ਉਹ ਬਹੁਤ ਉਦਾਸ ਰਹਿਣ ਲੱਗਾ ਤੇ ਇਹ ਭੇਦ ਕਿਸੇ ਨੂੰ ਨਾ ਦਸਿਆ। ਕੁਝ ਮਹੀਨਿਆਂ ਬਾਅਦ ਉਹਨੇ ਖੁਦਕਸ਼ੀ ਕਰ ਲਈ। ਖੁਦਕਸ਼ੀ ਕਰਨ ਦੀ ਵਿਚਲੀ ਗੱਲ ਦਾ ਪਤਾ ਪ੍ਰੋ: ਭਾਟੀਏ ਨੂੰ ਕਾਫੀ ਦੇਰ ਬਾਅਦ ਲੱਗਾ। ਉਹ ਉਹਦੇ ਕਿਰਿਆ ਕਰਮ ਤੇ ਵੀ ਨਾ ਆਈ। ਮੈਂ ਉਹਦੇ ਭਰਾ ਨੂੰ ਜਾਣਦਾ ਸਾਂ ਅਤੇ ਕਈ ਵਾਰ ਮਿਲਿਆ ਹੋਇਆ ਸਾਂ। ਮੇਰਾ ਵਿਆਹ ਉਸਦੇ ਵਿਆਹ ਤੋ ਕੁਝ ਸਾਲ ਪਹਿਲਾਂ ਹੋ ਗਿਆ ਸੀ ਤੇ ਮੈਂ ਦੋ ਬੱਚਿਆਂ ਦਾ ਬਾਪ ਵੀ ਬਣ ਗਿਆ ਸਾਂ। ਜਦੋਂ ਮੈਂ ਅਬੋਹਰ ਵੱਲੋਂ ਬਦਲ ਕੇ ਫਿਰੋਜ਼ਪੁਰ ਵੱਲ ਆ ਗਿਆ ਤਾਂ ਇਕ ਵਾਰ ਕੁਦਰਤੀ ਮੈਨੂੰ ਪ੍ਰੋ: ਸਾਹਿਬ ਮਿਲ ਗਏ ਤਾਂ ਮੈਨੂੰ ਛਾਉਣੀ ਗੁਰਦਵਾਰੇ ਲਾਗੇ ਪੈਂਦੀ ਗਲੀ ਵਿਚ ਆਪਣੇ ਘਰ ਲੈ ਗਏ ਅਤੇ ਆਪਣੇ ਭਰਾ ਦੀ ਸਾਰੀ ਦੁਖ ਭਰੀ ਕਹਾਣੀ ਦੱਸੀ। ਗੱਲ ਦਸਦਿਆਂ ਉਹਨਾਂ ਦਾ ਗੱਚ ਭਰ ਆਉਂਦਾ ਸੀ ਅਤੇ ਅੱਖਾਂ ਗਿੱਲੀਆਂ ਹੋ ਜਾਂਦੀਆਂ ਸਨ। ਫਿਰ ਮੈਨੂੰ ਪੁੱਛਣ ਲੱਗੇ ਕਿ ਤੂੰ ਆਪਣੇ ਵਿਆਹੁਤਾ ਜੀਵਨ ਤੋਂ ਖੁਸ਼ ਹੈ। ਮੈਂ ਜਵਾਬ ਦੇਣ ਦੀ ਬਜਾਏ ਚੁੱਪ ਰਹਿਣਾ ਬਿਹਤਰ ਸਮਝਿਆ। ਜਦ ਉਹਨਾਂ ਆਪਣੇ ਛੋਟੇ ਭਰਾ ਦਾ ਵਾਸਤਾ ਦੇ ਕੇ ਅਤੇ ਮੈਨੂੰ ਆਪਣਾ ਛੋਟੇ ਭਰਾ ਦਾ ਰੂਪ ਸਮਝ ਕੇ ਬਾਰ ਬਾਰ ਪੁਛਿਆ ਤਾਂ ਮੈਂ ਸਿਰਫ ਏਨਾ ਹੀ ਕਹਿ ਸਕਿਆ ਕਿ ਪ੍ਰੋਫੈਸਰ ਸਾਹਿਬ," ਮੈਂ ਪਿੰਡ ਦੇ ਰਹਿਣ ਵਾਲੇ ਸਿੱਧੇ ਸਾਦੇ ਜਜ਼ਬਾਤੀ ਨੌਜਵਾਨ ਨੇ ਸ਼ਹਿਰ ਦੀ ਇਕ ਕੁੜੀ ਨਾਲ ਵਿਆਹ ਕਰਵਾਇਆ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਰੱਖ ਰਖਾਓ ਤੇ ਵਰਤਾਵੇ ਦਾ ਬੜਾ ਫਰਕ ਹੈ। ਮੇਰੀ ਤਨਖਾਹ 130 ਰੁਪੈ ਦੇ ਕਰੀਬ ਹੈ। ਮੈਂ ਜਦ ਪਹਿਲੀ ਤਾਰੀਖ ਨੂੰ ਸਕੂਲੋਂ ਤਨਖਾਹ ਲਿਆ ਕੇ ਉਹਨੂੰ ਫੜਾਉਂਦਾ ਹਾਂ ਤਾਂ ਪੰਜ ਤਾਰੀਖ ਤੋਂ ਪਹਿਲਾਂ ਤਨਖਾਹ ਖਤਮ ਹੋ ਜਾਂਦੀ ਹੈ। ਜੇਕਰ ਮੈਂ ਰੋਜ਼ ਦਾ 100 ਰੁਪਿਆ ਵੀ ਕਮਾਉਂਦਾ ਹੋਵਾਂ ਤਾਂ ਉਸ ਨੂੰ ਖੁਸ਼ ਨਹੀਂ ਕਰ ਸਕਦਾ। ਉਸ ਨੂੰ ਸੋਨੇ ਅਤੇ ਮਹਿੰਗੇ ਕਪੜਿਆਂ ਦਾ ਐਨਾ ਸ਼ੌਕ ਹੈ ਜੋ ਸੀਮਤ ਤਨਖਾਹ ਵਿਚ ਪੂਰਾ ਨਹੀਂ ਕੀਤਾ ਜਾ ਸਕਦਾ।" ਏਨਾ ਕਹਿ ਕੇ ਮੈਂ ਚੁੱਪ ਕਰ ਗਿਆ। ਪ੍ਰੋ: ਸਾਹਿਬ ਸਿਆਣੇ ਵਿਅਕਤੀ ਸਨ ਅਤੇ ਗੱਲ ਸਮਝਣ ਵਿਚ ਉਹਨਾਂ ਨੂੰ ਦੇਰ ਨਾ ਲੱਗੀ।

ਚਾਹ ਪੀਣ ਤੋਂ ਬਾਅਦ ਮੈਂ ਤੇ ਬਿੰਦੂ (ਬਦਲਿਆ ਹੋਇਆ ਨਾਂ) ਪੇਪਰ ਚੈੱਕ ਕਰਨ ਲਗੇ। ਹਜ਼ਾਰਾਂ ਦੀ ਗਿਣਤੀ ਵਿਚ ਪੇਪਰਾਂ ਦੇ ਢੇਰ ਲਗੇ ਹੋਏ ਸਨ। ਦਸਵੀਂ ਦੇ ਪੇਪਰ ਵੇਖਣ ਦਾ ਤਾਂ ਮੇਰਾ ਤਜਰਬਾ ਪਹਿਲਾਂ ਵੀ ਸੀ ਪਰ ਯੂਨੀਵਰਸਿਟੀ ਦੇ ਨੇਮਾਂ ਅਨੁਸਾਰ ਹਰ ਪੇਪਰ ਨੂੰ ਬਾਰੀਕੀ ਨਾਲ ਚੈੱਕ ਕਰ ਕੇ ਬਤੌਰ ਅਸਿਟੰਟ ਚੈਕਰ ਦੇ ਪਰਚੇ ਤੇ ਸਾਈਨ ਕਰਨੇ ਇਕ ਵਖਰਾ ਜ਼ਿੰਮੇਵਾਰੀ ਵਾਲਾ ਅਮਲ ਸੀ। ਜਿਥੇ ਮੈਨੂੰ ਸਮਝ ਨਾ ਆਉਂਦੀ ਜਾਂ ਮੈਂ ਗਲਤੀ ਫੜ ਲੈਂਦਾ, ਉਸ ਬਾਰੇ ਮੈਂ ਮੈਡਮ ਬਿੰਦੂ ਨੂੰ ਤੁਰਤ ਦੱਸ ਦਿੰਦਾ। ਮੈਂ ਮਹਿਸੂਸ ਕੀਤਾ ਕਿ ਉਹ ਬਹੁਤ ਘੱਟ ਗੱਲ ਕਰਨ ਦੀ ਆਦੀ ਸੀ। ਜਿੰਨਾ ਮੈਂ ਉਸ ਨੂੰ ਥੋੜਾ ਬੁਲਾਵਾਂ, ਉਹ ਜ਼ਿਆਦਾ ਪਸੰਦ ਸੀ। ਓਸ ਐਤਵਾਰ ਅਸੀਂ ਬੜੀ ਮਿਹਨਤ ਨਾਲ ਕੰਮ ਕੀਤਾ। ਕਾਫੀ ਗਿਣਤੀ ਵਿਚ ਪੇਪਰ ਚੈੱਕ ਕੀਤੇ ਅਤੇ ਕਈ ਗਲਤੀਆਂ ਵੀ ਫੜੀਆਂ। ਰੀਜ਼ਲਟ ਸ਼ੀਟਸ ਤੇ ਦਸਤਖਤ ਵੀ ਕੀਤੇ। ਘੱਟ ਗੱਲ ਕਰਨ ਵਾਲੀ ਸੁੰਦਰੀ ਬਿੰਦੂ ਨੇ ਮੈਨੂੰ ਪੁਛਿਆ ਕਿ ਮੈਂ ਕੱਲ ਕਿੰਨੇ ਵਜੇ ਆਵਾਂਗਾ। ਮੈਂ ਕਿਹਾ ਕਿ ਮੈਂ ਸਕੂਲ ਵਿਚ ਛੁਟੀ ਹੋਣ ਤੋਂ ਬਾਅਦ ਸ਼ਹਿਰ ਆਪਣੇ ਘਰ ਨਹੀਂ ਜਾਵਾਂਗਾ ਅਤੇ ਸਿੱਧਾ ਛਾਉਣੀ ਹੀ ਆਵਾਂਗਾ ਅਤੇ ਆ ਕੇ ਚੈਕਿੰਗ ਦਾ ਕੰਮ ਕਰਾਂਗਾ। ਅਗਲੇ ਦਿਨ ਜਦ ਸਕੂਲ ਵਿਚੋਂ ਛੁੱਟੀ ਹੋਈ ਤਾਂ ਭੁੱਖ ਬੜੀ ਲਗੀ ਹੋਈ ਸੀ। ਮੈਂ ਛਾਉਣੀ ਜਾਣ ਦੀ ਬਜਾਏ ਸ਼ਹਿਰ ਘਰ ਆ ਗਿਆ ਅਤੇ ਰੋਟੀ ਖਾ ਕੇ ਥਕੇ ਹੋਏ ਅਤੇ ਗਰਮੀ ਹੋਣ ਕਾਰਨ ਸੌਂ ਗਿਆ ਅਤੇ ਛਾਉਣੀ ਨਾ ਗਿਆ। ਅਗਲੇ ਦਿਨ ਮੇਰੀ ਕਲਾਸ ਦਾ ਨੌਂਵੀਂ ਜਮਾਤ ਜਿਸ ਦਾ ਮੈਂ ਇਨਚਾਰਜ ਸਾਂ, ਦਾ ਇਕ ਮੁੰਡਾ ਮੇਰੀ ਕੁਰਸੀ ਕੋਲ ਆ ਕੇ ਕਹਿਣ ਲੱਗਾ ਕਿ ਮਾਸੀ ਜੀ ਕਹਿੰਦੇ ਸਨ ਕਿ ਕੰਮ ਬਹੁਤ ਪਿਆ ਹੈ ਅਤੇ ਅਜ ਛੁੱਟੀ ਤੋਂ ਬਾਅਦ ਜ਼ਰੂਰ ਆ ਜਾਇਓ। ਜਦ ਮੈਂ ਛਾਉਣੀ ਜਾ ਰਿਹਾ ਸਾਂ ਤਾਂ ਭੁੱਖ ਬੜੀ ਲੱਗੀ ਹੋਈ ਸੀ। ਦਰ ਅਸਲ ਜਦ ਸਕੂਲ ਇਕ ਵਜੇ ਬੰਦ ਹੋ ਜਾਂਦਾ ਸੀ ਤਾਂ ਭੁੱਖ ਬੜੀ ਲੱਗੀ ਹੁੰਦੀ ਸੀ ਅਤੇ ਜੇ ਮੈਂ ਸ਼ਹਿਰ ਘਰ ਜਾ ਕੇ ਰੋਟੀ ਖਾਂਦਾ ਸਾਂ ਤੇ ਰੋਟੀ ਖਾ ਕੇ ਫਿਰ ਛਾਉਣੀ ਵੱਲ ਆਵਾਂ ਤਾਂ ਵਕਤ ਬੜਾ ਲਗਦਾ ਸੀ। ਸਕੂਲ ਵਿਚ ਰੋਟੀ ਮੈਂ ਨਾਲ ਨਹੀਂ ਲਿਆਉਂਦਾ ਸਾਂ। ਭੁੱਖ ਲੱਗੀ ਹੋਣ ਕਰ ਕੇ ਮੈਂ ਖਾਲਸਾ ਸਕੂਲ ਦੇ ਬਾਹਰ ਬਣੇ ਇਕ ਢਾਬੇ ਤੋਂ ਦਾਲ ਨੂੰ ਤੜਕਾ ਲਗਵਾ ਕੇ ਚਾਰ ਗਰਮ ਗਰਮ ਚੰਗੀਆਂ ਰੜ੍ਹੀਆਂ ਹੋਈਆਂ ਤੰਦੂਰੀ ਰੋਟੀਆਂ ਖਾਧੀਆਂ ਤਾਂ ਇਕ ਦਮ ਤਰੋ ਤਾਜ਼ਾ ਮਹਿਸੂਸ ਕਰਨ ਲੱਗਾ। ਮੇਰੇ ਜਾਂਦਿਆਂ ਨੂੰ ਮੈਡਮ ਬਿੰਦੂ ਪੇਪਰ ਚੈੱਕ ਕਰੀ ਜਾ ਰਹੀ ਸੀ। ਉਹਦੇ ਪੁਛਣ ਤੋਂ ਪਹਿਲਾਂ ਹੀ ਕੱਲ ਨਾ ਆਉਣ ਦਾ ਕਾਰਨ ਮੈਂ ਸੱਚੀ ਸੱਚੀ ਗੱਲ ਦੱਸ ਦਿਤੀ ਕਿ ਮੈਂ ਦੋਪਹਿਰੇ ਮੈਂ ਘਰ ਜਾ ਕੇ ਰੋਟੀ ਖਾਂਦਾ ਹਾਂ ਅਤੇ ਜੇ ਏਧਰ ਆਵਾਂ ਤਾਂ ਫਿਰ ਘਰ ਜਾਂਦਿਆਂ ਸ਼ਾਮ ਹੋ ਜਾਂਦੀ ਹੈ। ਉਸ ਮਧਮ ਮੁਸਕਾਣ ਨਾਲ ਮੇਰੀ ਗੱਲ ਸੁਣੀ ਅਤੇ ਆਪਣੇ ਕੰਮ ਲਗ ਗਈ। ਮੈਂ ਵੀ ਪੇਪਰ

ਚੈੱਕ ਕਰਨੇ ਸ਼ੁਰੂ ਕਰ ਦਿਤੇ। ਭਾਵੇਂ ਉਹਦਾ ਤਜਰਬਾ ਜ਼ਿਆਦਾ ਸੀ ਪਰ ਮੇਰੀ ਸਪੀਡ ਜ਼ਿਆਦਾ ਸੀ। ਉਹ ਆਪਣਾ ਕੰਮ ਬੜੇ ਠਰੰਮੇ ਅਤੇ ਠਹਿਰਾਓ ਨਾਲ ਕਰਦੀ ਸੀ ਅਤੇ ਮੈਂ ਬੜੀ ਕਾਹਲੀ ਨਾਲ। ਇਸ ਦਾ ਮਤਲਬ ਇਹ ਨਹੀਂ ਸੀ ਕਿ ਮੈਂ ਕਾਹਲੀ ਕਰ ਕੇ ਕੰਮ ਨੂੰ ਅਣਗਹਿਲੀ ਨਾਲ ਕਰਦਾ ਸਾਂ। ਗਲਤੀ ਫੜਨ ਵਿਚ ਮੇਰਾ ਦਿਮਾਗ ਬਹੁਤ ਤੇਜ਼ ਸੀ। ਅਕਸਰ ਐਗਜ਼ਾਮੀਨਰ ਸ਼ਬਦ ਜੋੜਾਂ ਦੀਆਂ ਗਲਤੀਆਂ ਨੂੰ ਸਰਕਲ ਨਹੀਂ ਕਰਦੇ ਸਨ ਅਤੇ ਜਿਥੇ ਵੀ ਭਾਸ਼ਾ ਦੇ ਪਰਚੇ ਹੋਣ ਕਾਰਨ ਸ਼ਬਦ ਜੋੜ ਗਲਤ ਹੁੰਦੇ ਸਨ, ਮੇਰੀ ਅੱਖ ਫੌਰਨ ਓਥੇ ਪਹੁੰਚ ਜਾਂਦੀ ਸੀ ਤੇ ਮੈਂ ਟਿੱਕ ਮਾਰਕ ਕਰ ਦਿੰਦਾ ਸਾਂ।

ਸਾਂਝੇ ਤੌਰ ਤੇ ਸਾਡਾ ਇਹ ਕੰਮ ਅਪ੍ਰੈਲ ਤਕ ਚਲਿਆ ਅਤੇ ਆਖਰੀ ਦਿਨ ਜਦ ਅਸਾਂ ਸਾਰਾ ਕੰਮ ਨਬੇੜ ਸਾਰਾ ਰੀਕਾਰਡ ਯੂਨੀਵਰਸਿਟੀ ਨੂੰ ਭੇਜ ਦਿਤਾ ਤਾਂ ਮੈਡਮ ਬਿੰਦੂ ਮੈਨੂੰ ਲਾਗੇ ਪੈਂਦੇ ਆਪਣੇ ਘਰ ਲੈ ਗਈ। ਬਰਫੀ ਅਤੇ ਨਮਕੀਨ ਓਸ ਪਹਿਲਾਂ ਹੀ ਮੰਗਵਾ ਕੇ ਰਖੇ ਹੋਏ ਸਨ। ਅਸਾਂ ਇਕਠਿਆਂ ਚਾਹ ਪੀਤੀ ਅਤੇ ਕੁਝ ਗੱਲਾਂ ਕੀਤੀਆਂ ਭਾਵੇਂ ਉਹ ਬੜੀ ਗੰਭੀਰ ਚਿੱਤ ਸੀ ਅਤੇ ਹੁਣ ਤਕ ਮੈਨੂੰ ਉਹਦੇ ਅਗੇ ਪਿਛੇ ਦਾ ਕੋਈ ਪਤਾ ਨਹੀਂ ਸੀ। ਏਨਾ ਕੁ ਪਤਾ ਲੱਗਾ ਕਿ ਉਹ ਮੋਗੇ ਵੱਲ ਦੇ ਕਿਸੇ ਮਸ਼ਹੂਰ ਪਿੰਡ ਨਾਲ ਸਬੰਧਤ ਸੀ ਜਿਥੇ ਉਹਨਾਂ ਦੀ ਕੁਝ ਪੁਰਾਣੀ ਜਾਇਦਾਦ ਵੀ ਸੀ। ਉਸਦਾ ਜਨਮ ਅਫਰੀਕਾ ਦਾ ਸੀ ਜਿਥੇ ਉਹਦੇ ਮਾਪੇ ਬਹੁਤ ਪਹਿਲਾਂ ਕੰਮ ਦੀ ਤਲਾਸ਼ ਵਿਚ ਗਏ ਹੋਏ ਸਨ ਅਤੇ ਪਾਕਿਸਤਾਨ ਬਨਣ ਤੋਂ ਕੁਝ ਸਾਲ ਪਹਿਲਾਂ ਵਾਪਸ ਆਪਣੇ ਪਿੰਡ ਆ ਗਏ ਸਨ। ਬਿੰਦੂ ਟੀਚਰ ਦਾ ਕੋਰਸ ਕਰ ਕੇ ਛਾਉਣੀ ਦੇ ਸਕੂਲ ਵਿਚ ਟੀਚਰ ਲਗ ਗਈ ਸੀ। ਉਸ ਨੂੰ ਪਿੰਡਾਂ ਵਿਚ ਸਰਕਾਰੀ ਨੌਕਰੀ ਮਿਲਦੀ ਸੀ ਪਰ ਓਸ ਸਰਕਾਰੀ ਸਕੂਲਾਂ ਦੀਆਂ ਬਦਲੀਆਂ ਦੇ ਝੰਜਟ ਤੋਂ ਬਚਣ ਲਈ ਛਾਉਣੀ ਦੇ ਪਰਾਈਵੇਟ ਸਕੂਲ ਦੀ ਥੋੜ੍ਹੀ ਤਮਖਾਹ ਵਾਲੀ ਨੌਕਰੀ ਕਬੂਲ ਲਈ ਸੀ। ਉਸ ਨੇ ਵਿਆਹ ਨਹੀਂ ਕਰਵਾਇਆ ਸੀ ਤੇ ਮਾਂ ਬਾਪ ਫੌਤ ਹੋ ਜਾਣ ਕਰ ਕੇ ਛੋਟੇ ਭੈਣ ਭਰਾ ਪਾਲੇ ਸਨ। ਅਲਵਿਦਾ ਸਮੇਂ ਓਸ ਕਿਹਾ ਕਿ ਜਦ ਕਦੀ ਛਾਉਣੀ ਵੱਲ ਆਓ ਤਾਂ ਮਿਲ ਕੇ ਜਾਣਾ ਅਤੇ ਮੈਂ ਵੀ ਕਿਹਾ ਕਿ ਮੈਂ ਜੇ. ਬੀ. ਟੀ. ਹੋਸਟਲ ਦਾ ਸੁਪਰਡੰਟ ਹਾਂ। ਹੋਸਟਲ ਸ਼ਹਿਰ ਵਿਚ ਫਾਇਰ ਬਰਗੇਡ ਲਾਗੇ ਪੈਂਦਾ ਹੈ। ਕਿਸੇ ਦਿਨ ਜ਼ਰੂਰ ਮਿਲਣ ਆਣਾ। ਮੈਂ ਤੁਹਾਨੂੰ ਆਪਣੀ ਲਿਖੀ ਹੋਈ ਕਹਾਣੀਆਂ ਦੀ ਕਿਤਾਬ ਅਤੇ ਡਰਾਮੇ ਵੀ ਦੇਵਾਂਗਾ। ਕਹਿਣ ਲੱਗੀ ਕਿ ਹੋਸਟਲ ਦਾ ਤਾਂ ਕੰਮ ਬਹੁਤ ਹੁੰਦਾ ਹੈ। ਮੈਂ ਕਿਹਾ ਕਿ ਤੁਸੀਂ ਠੀਕ ਕਹਿ ਰਹੇ ਹੋ। ਕਈ ਮੁੰਡੇ ਬਹੁਤ ਸ਼ਰਾਰਤੀ ਹਨ ਤੇ ਤੰਗ ਕਰਦੇ ਹਨ। ਮੁਹੱਲੇ ਦੇ ਲੋਕ ਵੀ ਇਹਨਾਂ ਮੁੰਡਿਆਂ ਤੋਂ ਤੰਗ ਹਨ। ਮੈਂ ਉਸ ਮੁੰਡੇ ਦੀ ਕਹਾਣੀ ਦਬਵੀਂ ਆਵਾਜ਼ ਵਿਚ ਦੱਸ ਦਿਤੀ ਜਿਸ ਦੇ ਮੁਆਸ਼ਕੇ ਦਾ ਕੇਸ ਪ੍ਰਿੰਸੀਪਲ ਕੋਲ ਗਿਆ ਸੀ। ਓਸ ਬੜੇ ਧਿਆਨ ਨਾਲ ਸਾਰੀ ਗੱਲ ਸੁਣੀ ਅਤੇ ਆਪਣੇ ਸਕੂਲ ਦੀਆਂ ਕੁਝ ਕੁੜੀਆਂ ਦੇ ਮਿਲਦੇ ਜੁਲਦੇ ਕਿੱਸੇ ਵੀ ਸੁਣਾ ਦਿਤੇ। ਮਈ ਦੀਆਂ ਗਰਮੀਆਂ ਆਈਆਂ ਤਾਂ ਸਕੂਲ ਵਿਚ ਮੇਰੀ ਬਦਲੀ ਦੇ ਹੁਕਮ ਆ ਗਏ। ਮੈਨੂੰ ਡੀ ਈ ਓ ਦਫਤਰ ਨੇ ਲੱਖੋ ਕੇ ਬਹਿਰਾਮ ਸਕੂਲ ਵਿਚ ਬਦਲ ਦਿਤਾ ਸੀ, ਜਿਥੋਂ ਸਾਲ ਪਹਿਲਾਂ ਮੈਂ ਬਦਲੀ ਕਰਵਾ ਕੇ ਆਇਆ ਸਾਂ।

## ਕਿਸ਼ਤ 56- ਬਦਲੀ ਲਖੋ ਕੇ ਬਹਿਰਾਮ ਦੀ

ਮੇਰੇ ਕਾਹਲੇ ਅਤੇ ਘਬਰਾ ਜਾ ਵਾਲੇ ਸੁਭਾਅ ਨੇ ਮੈਨੂੰ ਚੱਕਰ ਵਿਚ ਪਾ ਦਿਤਾ ਸੀ। ਇਸ ਵਿਚ ਕੋਈ ਝੂਠ ਨਹੀਂ ਸੀ ਕਿ ਮੈਂ ਹਾਇਰ ਸੈਕੰਡਰੀ ਸਕੂਲ ਦੇ ਜ਼ਿਆਦਾ ਕੰਮ ਤੋਂ ਘਬਰਾ ਕੇ ਲਿਖ ਕੇ ਦੇ ਦਿਤਾ ਸੀ ਕਿ ਮੈਨੂੰ ਵਾਪਸ ਲਖੋ ਕੇ ਬਹਿਰਾਮ ਬਦਲ ਦਿਤਾ ਜਾਵੇ ਪਰ ਇਹ ਮੇਰੀ ਗਲਤੀ ਸੀ। ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਜੋ ਸਾਰੇ ਜਿਲ੍ਹੇ ਦਾ ਸਭ ਤੋਂ ਵਡਾ ਅਤੇ ਹੈਡ ਕਵਾਟਰ ਤੇ ਪੈਂਦਾ ਸਕੂਲ ਸੀ, ਓਥੇ ਆਉਣ ਨੂੰ ਹਰ ਟੀਚਰ ਦਾ ਦਿਲ ਕਰਦਾ ਸੀ ਅਤੇ ਇਸ ਸਕੂਲ ਵਿਚੋਂ ਆਪਣੇ ਜ਼ੋਰ ਨਾਲ ਕਰਤਾਰ ਸਿੰਘ ਬੇਦੀ ਨਾਂ ਦੇ ਜਿਸ ਟੀਚਰ ਨੂੰ ਬਦਲਵਾ ਕੇ ਮੈਂ ਏਥੇ ਆਇਆ ਸਾਂ, ਉਹ ਕੱਛਾਂ ਵਜਾ ਰਿਹਾ ਸੀ ਕਿ ਉਹਨੂੰ ਮੁੜ ਪਹਿਲੀ ਥਾਂ ਤੇ ਆਉਣ ਦਾ ਮੌਕਾ ਮੈਂ ਖੁਦ ਹੀ ਪੈਦਾ ਕਰ ਦਿਤਾ ਸੀ। ਘਰ ਵਿਚ ਬੜੀ ਨਿਰਾਸਤਾ ਫੈਲ ਗਈ ਕਿ ਮੈਂ ਇਹ ਪੰਗਾ ਕਿਉਂ ਲਿਆ ਸੀ। ਏਡੇ ਵਡੇ ਨਾਂ ਵਾਲੇ ਸਕੂਲ ਵਿਚੋਂ ਵਾਪਸ ਪੁਰਾਣੇ ਛੋਟੇ ਜਿਹੇ ਬੇਟ ਦੇ ਸਕੂਲ ਵਿਚ ਮੁੜ ਜਾਣਾ ਬੁਜ਼ਦਿਲੀ ਅਤੇ ਹਾਰ ਨਹੀਂ ਤਾਂ ਹੋਰ ਕੀ ਸੀ। ਘਰ ਦਿਆਂ ਨੇ ਮੈਨੂੰ ਬਦਲੀ ਰੁਕਵਾਣ ਲਈ ਤੁਰਤ ਮੁਕਤਸਰ ਸ. ਗੁਰਮੀਤ ਸਿੰਘ ਐਮ. ਐਲ. ਏ. ਕੋਲ ਜਾਣ ਲਈ ਕਿਹਾ। ਮਈ ਦਾ ਮਹੀਨਾ ਹੋਣ ਕਾਰਨ ਗਰਮੀ ਬਹੁਤ ਸੀ। ਜਦੋਂ ਮੈਂ ਮੁਕਤਸਰ ਸ. ਗੁਰਮੀਤ ਸਿੰਘ ਦੇ ਘਰ ਪਹੁੰਚਿਆ ਤਾਂ ਉਹ ਕੁਝ ਬੀਮਾਰ ਹੋਣ ਕਾਰਨ ਅਤੇ ਕੁਝ ਗਰਮੀ ਕਾਰਨ ਠੰਡੇ ਪਾਣੀ ਦੇ ਟੱਪ ਵਿਚ ਬੈਠੇ ਹੋਏ ਸਨ। ਉਹਨਾਂ ਦੇ ਕਹਿਣ ਤੇ ਮੈਨੂੰ ਉਪਰ ਚੁਬਾਰੇ ਵਿਚ ਭੇਜ ਦਿਤਾ ਗਿਆ ਜਿਥੇ ਕੁਝ ਚਿਰ ਬਾਅਦ ਉਹ ਵੀ ਕਪੜੇ ਪਾ ਕੇ ਆ ਗਏ। ਚਾਹ ਪਾਣੀ ਦੀ ਬੜੀ ਸੇਵਾ ਕੀਤੀ ਅਤੇ ਕਹਿਣ ਲੱਗੇ ਕਿ ਸਵੇਰੇ ਜਲੰਧਰ ਚੱਲ ਕੇ ਸੀ. ਈ. ਓ. ਨੂੰ ਮਿਲਾਂਗੇ ਅਤੇ ਬਦਲੀ ਕੈਂਸਲ ਕਰਵਾ ਦਿਆਂਗੇ। ਅਗਲੇ ਦਿਨ ਸਵੇਰੇ ਸਵੇਰੇ ਅਸੀਂ ਬੱਸ ਫੜ ਕੇ ਫਿਰੋਜ਼ਪੁਰ ਆ ਗਏ ਤੇ ਜਲੰਧਰ ਦੀ ਗਡੀ ਫੜ ਕੇ ਜਦ ਜਦ ਚਾਰ ਘੰਟੇ ਦਾ ਸਫਰ ਤਹਿ ਕਰ ਕੇ ਜਲੰਧਰ ਪਹੁੰਚੇ ਤਾਂ ਸ਼ਾਮ ਦੇ ਪੰਜ ਵਜ ਚੁਕੇ ਸਨ। ਸਿੱਧੇ ਜਲੰਧਰ ਦੇ ਲੋਕਲ ਐਮ. ਐਲ. ਏ. ਚੌਧਰੀ ਦਰਸ਼ਨ ਸਿੰਘ ਦੇ ਘਰ ਗਏ ਅਤੇ ਉਹਨਾਂ ਨੂੰ ਨਾਲ ਲੈ ਕੇ ਸੀ. ਈ. ਓ. ਬਲਬੀਰ ਸਿੰਘ ਵਰਮਾ ਦੇ ਘਰ ਪਹੁੰਚੇ ਤੇ ਸਾਰੀ ਗੱਲ ਦਸੀ। ਗੱਲ ਸੁਣ ਕੇ ਵਰਮਾ ਸਾਹਿਬ ਕਹਿਣ ਲਗੇ ਕਿ ਗਲਤੀ ਤਾਂ ਤੁਹਾਡੇ ਕੋਲੋਂ ਖੁਦ ਹੋਈ ਹੈ ਪਰ ਤੁਸੀਂ ਮੈਨੂੰ ਇਕ ਦਰਖਾਸਤ ਦਿਓ ਅਤੇ ਮੈਂ ਇਸ ਤੇ ਬਦਲੀ

ਰੋਕਣ ਦੇ ਹੁਕਮ ਕਰ ਦਿਆਂਗਾ। ਉਹਨਾਂ ਦੇ ਕਹਿਣ ਅਨੁਸਾਰ ਮੈਂ ਦੋਵਾਂ ਐਮ. ਐਲ. ਏਜ਼.ਦੇ ਸਾਹਮਣੇ ਘਰੇਲੂ ਹਾਲਾਤਾਂ ਦੇ ਆਧਾਰ ਤੇ ਫੌਰਨ ਇਕ ਅਰਜ਼ੀ ਬਦਲੀ ਕੈਂਸਲ ਕਰਨ ਬਾਰੇ ਲਿਖ ਦਿਤੀ ਜੋ ਉਹਨਾਂ ਨੇ ਅਗਲੀ ਕਾਰਵਾਈ ਲਈ ਰਖ ਲਈ। ਗੁਰਮੀਤ ਸਿੰਘ ਤਾਂ ਓਥੋਂ ਲੁਧਿਆਣੇ ਲਈ ਚਲਾ ਗਿਆ ਅਤੇ ਮੈਂ ਫਿਰੋਜ਼ਪੁਰ ਦੀ ਗਡੀ ਫੜ ਕੇ ਰਾਤ ਦੇ ਬਾਰਾਂ ਵਜੇ ਫਿਰੋਜ਼ਪੁਰ ਆ ਗਿਆ।

ਲਖੋ ਕੇ ਬਹਿਰਾਮ ਤੋਂ ਰੀਲੀਵ ਹੋ ਕੇ ਕਰਤਾਰ ਸਿੰਘ ਬੇਦੀ ਹਾਜ਼ਰ ਹੋ ਗਿਆ ਅਤੇ ਪ੍ਰਿੰਸੀਪਲ ਨੇ ਉਸ ਨੂੰ ਜਾਇਨ ਕਰਵਾ ਕੇ ਮੈਨੂੰ ਤੁਰਤ ਆਪਣਾ ਚਾਰਜ ਉਹਨੂੰ ਦੇਣ ਦੇ ਹੁਕਮ ਕਰ ਦਿਤੇ। ਸਭ ਤੋਂ ਵਡਾ ਤੇ ਔਖਾ ਕੰਮ ਸਕੂਲ ਦੀ ਲਾਇਬਰੇਰੀ ਦੀ ਇਕ ਇਕ ਕਿਤਾਬ ਗਿਣਵਾ ਕੇ ਹਜ਼ਾਰਾਂ ਕਿਤਾਬਾਂ ਬੇਦੀ ਸਾਹਿਬ ਦੇ ਹਵਾਲੇ ਕਰਨ ਵਿਚ ਕਈ ਦਿਨ ਲਗ ਗਏ। ਫਿਰ ਬਾਕੀ ਦਾ ਚਾਰਜ ਵੀ ਦੇ ਦਿਤਾ ਅਤੇ ਪ੍ਰਿੰਸੀਪਲ ਸਾਹਿਬ ਨੇ ਮੈਨੂੰ ਰੀਲੀਵ ਕਰ ਦਿਤਾ ਕਿਉਂਕਿ ਬਦਲੀ ਕੈਂਸਲ ਕਰਨ ਦੇ ਕੋਈ ਹੁਕਮ ਨਹੀਂ ਆਏ ਸਨ। ਸਕੂਲ ਤੋਂ ਰੀਲੀਵ ਹੋ ਕੇ ਮੈਂ ਆਪਣੇ ਆਪ ਨੂੰ ਇਕ ਵਾਰ ਤਾਂ ਐਨਾ ਹੌਲਾ ਮਹਿਸੂਸ ਕੀਤਾ ਜਿਵੇਂ ਮੇਰੇ ਸਿਰ ਤੋਂ ਗਡਿਆਂ ਮੂੰਹੀ ਲਦਿਆ ਭਾਰ ਲਹਿ ਗਿਆ ਸੀ। ਮੈਂ ਨਹਿਰੂ ਪਾਰਕ ਵਿਚ ਜਾ ਕੇ ਸਿਰ ਤੋਂ ਪਗ ਲਾਹ ਕੇ ਪਾਸੇ ਰਖ ਦਿਤੀ ਅਤੇ ਇਕ ਰੁੱਖ ਦੀ ਛਾਂ ਹੇਠ ਘਾਹ ਤੇ ਭੁੰਜੇ ਲੰਮਾ ਪੈ ਗਿਆ। ਕੁਝ ਚਿਰ ਬਾਅਦ ਮੈਨੂੰ ਨੀਂਦ ਆ ਗਈ। ਜਦ ਮੈਂ ਉਠਿਆ ਤਾਂ ਸਾਇਕਿਲ ਫੜ ਕੇ ਘਰ ਆ ਗਿਆ। ਮਨ ਬਾਰ ਬਾਰ ਆਪਣੇ ਆਪ ਨੂੰ ਦੋਸ਼ ਦੇ ਰਿਹਾ ਸੀ ਕਿ ਮੈਂ ਇਹ ਗਲਤੀ ਕਿਉਂ ਕੀਤੀ ਸੀ। ਲੋਕ ਅਗੇ ਵਧਦੇ ਹਨ ਅਤੇ ਮੇਂ ਦੋ ਕਦਮ ਅਗੇ ਵਧ ਕੇ ਫਿਰ ਚਾਰ ਕਦਮ ਪਿਛੇ ਆ ਗਿਆ ਸਾਂ। ਕੀ ਇਸ ਸਾਰੇ ਚੱਕਰ ਵਿਚ ਮੇਰੇ ਮਨ ਵਿਚ ਤੁਰੀ ਫਿਰਦੀ ਹਿੰਦੀ ਟੀਚਰ ਤਾਂ ਨਹੀਂ ਸੀ ਜਿਸ ਨੇ ਮੈਨੂੰ ਕਈ ਵਾਰ ਵਾਪਸ ਲਖੋ ਕੇ ਬਹਿਰਾਮ ਆ ਜਾਣ ਲਈ ਕਿਹਾ ਸੀ। ਇਕ ਔਰਤ ਪਿਛੇ ਲਗ ਕੇ ਜੋ ਬਦਲਣ ਲੱਗੀਆਂ ਇਕ ਸਕਿੰਟ ਨਹੀਂ ਲਾਉਂਦੀਆਂ, ਮੈਂ ਇਹ ਏਡੀ ਵਡੀ ਗਲਤੀ ਕਿਉਂ ਕੀਤੀ ਸੀ। ਖੈਰ ਜੋ ਹੋਣਾ ਸੀ, ਉਹ ਤਾਂ ਹੋ ਗਿਆ ਸੀ ਅਤੇ ਅਗਲੇ ਦਿਨ ਗੌਰਮਿੰਟ ਮਿਡਲ ਸਕੂਲ ਲਖੋ ਕੇ ਬਹਿਰਾਮ ਜਾ ਕੇ ਮੈਂ ਡਿਊਟੀ ਤੇ ਹਾਜ਼ਰ ਹੋ ਗਿਆ। ਭਾਵੇਂ ਪੁਰਾਣੇ ਵਿਦਿਆਰਥੀਆਂ ਨੇ ਮੈਨੂੰ ਬੜੇ ਪਿਆਰ ਨਾਲ ਜੀ ਆਇਆਂ ਆਖਿਆ ਅਤੇ ਕੁਝ ਪੁਰਾਣੇ ਸਟਾਫ ਮੈਂਬਰ ਵੀ ਤਪਾਕ ਨਾਲ ਮਿਲੇ ਪਰ ਨਿਘ ਵਿਚ ਪਹਿਲਾਂ ਵਾਲੀ ਗੱਲ ਨਹੀਂ ਸੀ ਅਤੇ ਬੜੀ ਤਬਦੀਲੀ ਆ ਚੁਕੀ ਸੀ। ਪਿੰਡ ਵਾਲਾ ਕੁੜੀਆਂ ਦਾ ਪ੍ਰਾਇਮਰੀ ਸਕੂਲ ਵੀ ਏਸੇ ਸਕੂਲ ਵਿਚ ਰਲਾ ਦਿਤਾ ਗਿਆ ਸੀ ਅਤੇ ਓਸ ਸਕੂਲ ਦੀਆਂ ਕੁਝ ਲੇਡੀ ਟੀਚਰਜ਼ ਵੀ ਇਸ ਸਕੂਲ ਵਿਚ ਆ ਗਈਆਂ ਸਨ। ਹਿੰਦੀ ਟੀਚਰ ਇਹਨਾਂ ਵਿਚ ਬੈਠੀ ਮੈਂ ਵੇਖੀ ਜੋ ਮੈਨੂੰ ਮਿਲਣ ਵੀ ਨਾ ਆਈ। ਉਸਦੀ ਬੇਰੁਖੀ ਤੇ ਮੈਨੂੰ ਬੜੀ ਹੈਰਾਨੀ ਹੋਈ। ਮੈਂ ਗੇੜਾ ਮਾਰਦਾ ਓਧਰ ਵੱਲ ਦੀ ਲੰਘਿਆ ਅਤੇ ਕਿਸੇ ਵੀ ਲੇਡੀ ਟੀਚਰ ਨੇ ਮੇਰੇ ਸਿਨੀਅਰ ਟੀਚਰ ਹੋਣ ਦਾ ਲੋੜੀਂਦਾ ਨੋਟਿਸ ਨਾ ਲਿਆ। ਉਹਨਾਂ ਦੀ ਬੇਰੁਖੀ ਤੇ ਮੈਨੂੰ ਬੜੀ ਹੈਰਾਨੀ ਹੋਈ। ਇਹਨਾਂ ਵਿਚੋਂ ਇਕ ਟੀਚਰ ਦੀ ਬਦਲੀ ਹੋ ਚੁਕੀ ਸੀ ਅਤੇ ਉਹ ਰੀਲੀਵ ਹੋ ਕੇ ਜਾ ਨਹੀਂ ਰਹੀ ਸੀ। ਮੈਂ ਉਹਨਾਂ ਦਾ ਜੁਟ ਤੋੜਨ ਦਾ ਮਨ ਵਿਚ ਫੈਸਲਾ ਕਰ ਲਿਆ।

ਅਗਲੇ ਦਿਨ ਸਵੇਰੇ ਮੈਂ ਹਿੰਦੀ ਟੀਚਰ ਨੂੰ ਦਫਤਰ ਵਿਚ ਬੁਲਾਇਆ ਤੇ ਉਹਦੀ ਬੇਰੁਖੀ ਦਾ ਕਾਰਨ ਪੁਛਿਆ ਤਾਂ ਓਸ ਫੌਰਨ ਬੜੀ ਬਪਰਵਾਹੀ ਨਾਲ ਜਵਾਬ ਦਿਤਾ ਕਿ ਮੈਂ ਉਸ ਨਾਲ ਲਈ ਖੁਲ੍ਹ ਬਾਰੇ ਕਿਸੇ ਟੀਚਰ ਨਾਲ ਗੱਲਾਂ ਕੀਤੀਆਂ ਸਨ ਅਤੇ ਉਹ ਟੀਚਰ ਉਹਦੇ ਪਿਛੇ ਪੈ ਗਿਆ ਸੀ ਅਤੇ ਬਲੈਕ ਮੇਲ ਕਰਦਾ ਸੀ। ਜਦ ਮੈਂ ਇਹ ਗੱਲ ਮੰਨਣ ਤੋਂ ਨਾਂਹ ਕਰ ਦਿਤੀ ਤਾਂ ਓਸ ਨੇ ਓਸ ਟੀਚਰ ਦਾ ਨਾਂ ਵੀ ਲੈ ਦਿਤਾ ਜੋ ਇਕ ਨੰਬਰ ਦਾ ਝੂਠਾ, ਚੋਰ, ਫਰਾਡੀ ਅਤੇ ਡਰਾਮੇਬਾਜ਼ ਸੀ। ਫਰੀਦਕੋਟ ਵੱਲ ਦੇ ਓਸ ਟੀਚਰ ਨੇ ਆਪਣੀ ਘਰ ਵਾਲੀ ਛਡੀ ਹੋਈ ਸੀ ਅਤੇ ਫਿਰੋਜ਼ਪੁਰ ਹਸਪਤਾਲ ਵਿਚ ਲੱਗੀ ਇਕ ਕ੍ਰਿਸਚੀਅਨ ਨਰਸ ਨਾਲ ਰਹਿੰਦਾ ਸੀ। ਉਹ ਉਸ ਨੂੰ ਆਪਣਾ ਘਰ ਵਾਲਾ ਕਹਿੰਦੀ ਸੀ ਅਤੇ ਉਹ ਉਹਨੂੰ ਆਪਣੀ ਰਖੇਲ ਦਸਦਾ ਸੀ। ਉਹਦੇ ਕੋਲੋਂ ਪੈਸੇ ਖੋਹ ਕੇ ਸ਼ਰਾਬ ਪੀ ਆਉਂਦਾ ਸੀ। ਉਸ ਨੇ ਇਸ ਕਿਸਮ ਦੇ ਬਹੁਤ ਸਾਰੇ ਮਾੜੇ ਸ਼ੌਕ ਪਾਲੇ ਹੋਏ ਸਨ ਜਿਨ੍ਹਾਂ ਦਾ ਜ਼ਿਕਰ ਕਰਨ ਦੀ ਤਹਿਜ਼ੀਬ ਇਜਾਜ਼ਤ ਨਹੀਂ ਦੇਂਦੀ। ਕਦੀ ਕਦੀ ਉਹ ਟੁੱਟੀ ਫੁੱਟੀ ਕਵਿਤਾ ਵੀ ਲਿਖਦਾ ਸੀ। ਗੱਪਾਂ ਮਾਰਨ ਵਿਚ ਬੜਾ ਅਸਤਾਦ ਸੀ ਅਤੇ ਜਿਵੇਂ ਕਈ ਔਰਤਾਂ ਦੀ ਕਮਜ਼ੋਰੀ ਹੁੰਦੀ ਹੈ ਕਿ ਜਿਹੜਾ ਬੰਦਾ ਬਹੁਤਾ ਗਾਲੜੀ, ਲਤੀਫੇਬਾਜ਼ ਅਤੇ ਗੱਪੀ ਹੋਵੇ, ਉਹਦੇ ਝਾਂਸੇ ਵਿਚ ਫੱਟ ਆ ਜਕਾਂਦੀਆਂ ਹਨ। ਉਹਨੇ ਕਿਤੇ ਮੈਨੂੰ ਤੇ ਹਿੰਦੀ ਟੀਚਰ ਨੂੰ ਇਕਠਿਆਂ ਵੇਖਿਆ ਸੀ ਅਤੇ ਅਗੋਂ ਉਸ ਨੂੰ ਬਲੈਕ ਮੇਲ ਕਰਨ ਦੀ ਸਕੀਮ ਘੜ ਲਈ ਸੀ। ਮੈਂ ਉਹਨੂੰ ਬਹੁਤ ਕਿਹਾ ਕਿ ਕਿਸੇ ਸ਼ੱਕ ਦੇ ਆਧਾਰ ਤੇ ਉਸ ਨੇ ਕੋਲੋਂ ਗੱਲ ਬਣਾਈ ਹੈ ਪਰ ਉਹਦੇ ਮਨ ਵਿਚ ਮੇਰੇ ਵਿਰੁਧ ਬੜੀ ਜ਼ਬਰਦਸਤ ਗੰਢ ਬਝ ਚੁਕੀ ਸੀ ਅਤੇ ਹੁਣ ਉਹ ਪਹਿਲਾਂ ਵਾਂਗ ਮੇਰੀ ਸੁਭਚਿੰਤਕ ਨਹੀਂ ਸੀ। ਬਹੁਤ ਔਰਤਾਂ ਐਸੀਆਂ ਹੁੰਦੀਆਂ ਹਨ ਜੋ ਆਪਣੀ ਚਾਹਤ ਦੇ ਮਰਦ ਕੋਲੋਂ ਆਪਣਾ ਬਹੁਤ ਕੁਝ ਲੁਟਾ ਕੇ ਵੀ ਜਦ ਕਿਸੇ ਨਾ ਕਿਸੇ ਕਾਰਨ ਵਿਗੜ ਜਾਣ ਤੇ ਅੱਖਾਂ ਫੇਰ ਲੈਂਦੀਆਂ ਹਨ ਤਾਂ ਫਿਰ ਦੋਬਾਰਾ ਆਪਣਾ ਫੈਸਲਾ ਨਹੀਂ ਬਦਲਦੀਆਂ। ਪੁਰਾਣੇ ਰਾਹਾਂ ਤੇ ਮੁੜ ਨਹੀਂ ਤੁਰਦੀਆਂ। ਏਨਾ ਕਹਿ ਕੇ ਉਹ ਚਲੀ ਗਈ। ਉਹਦੇ ਜਾਣ ਬਾਅਦ ਮੇਰੇ ਦਿਲ ਵਿਚ ਆਇਆ ਕਿ ਮੈਂ ਇਹਦੇ ਪਿਛੇ ਏਡੇ ਵਡੇ ਸਕੂਲ ਵਿਚੋਂ ਬਦਲੀ ਕਰਵਾ ਕੇ ਫਿਰ ਇਸ ਛੋਟੀ ਥਾਂ ਤੇ ਆਇਆ ਹਾਂ ਅਤੇ ਇਸ ਦੇ ਮਨ ਵਿਚੋਂ ਜੋ ਪਿਆਰ ਲਹਿਰਾਂ ਕਿਸੇ ਵੇਲੇ ਉਠੀਆਂ ਸਨ, ਉਹ ਲਹਿਰਾਂ ਤਾਂ ਬਿਲਕੁਲ ਹੀ ਖਤਮ ਹੋ ਗਈਆਂ ਸਨ। ਮੈਂ ਐਡੀ ਵਡੀ ਗਲਤੀ ਕਿਉਂ ਕੀਤੀ ਸੀ। ਮੈਨੂੰ ਇਸ ਔਰਤ ਤੇ ਇਤਬਾਰ ਨਹੀਂ ਕਰਨਾ ਚਾਹੀਦਾ ਸੀ। ਮੈਨੂੰ ਚਾਰ ਚੁਫੇਰਾ ਚੰਗਾ ਨਹੀਂ ਲੱਗ ਰਿਹਾ ਸੀ। ਮੇਰਾ ਏਥੋਂ ਦੌੜ ਜਾਣ ਲਈ ਦਿਲ ਕਰ ਰਿਹਾ ਸੀ। ਮੇਰੇ ਦਿਲ ਵਿਚ ਕਰੋਧ

ਅਤੇ ਗੁੱਸੇ ਦੀ ਹਨੇਰੀ ਚੱਲ ਰਹੀ ਸੀ। ਮੈਨੂੰ ਆਪਣੀ ਬੇਵਕੂਫੀ ਤੇ ਬਹੁਤ ਗੁੱਸਾ ਆ ਰਿਹਾ ਸੀ। ਮੇਰੇ ਅੰਦਰ ਉਹਦੇ ਕੋਲੋਂ ਬੇਵਫਾਈ ਦਾ ਬਦਲਾ ਲੈਣ ਦੀ ਲਾਟ ਬਲ ਰਹੀ ਸੀ।

ਉਸ ਦੇ ਜਾਣ ਤੋਂ ਬਾਅਦ ਮੈਂ ਡਾਕ ਵਿਚੋਂ ਜੇ ਬੀ ਟੀ ਲੇਡੀ ਟੀਚਰ ਦੀ ਬਦਲੀ ਵਾਲੇ ਕਾਗਜ਼ ਕਢੇ ਅਤੇ ਉਹਨਾਂ ਦਾ ਹਵਾਲਾ ਨੰਬਰ ਪਾ ਕੇ ਉਸ ਨੂੰ ਇਸ ਸਕੂਲ ਵਿਚੋਂ ਤੁਰਤ ਰੀਲੀਵ ਅਤੇ ਅਗਲੇ ਸਕੂਲ ਵਿਚ ਹਾਜ਼ਰ ਹੋਣ ਦੇ ਹੁਕਮ ਜਾਰੀ ਕਰ ਕੇ ਚਪੜਾਸੀ ਹਥ ਭੇਜ ਦਿਤੇ। ਚਪੜਾਸੀ ਨੇ ਜਦ ਉਸ ਨੂੰ ਰੀਲੀਵ ਹੋਣ ਦੇ ਹੁਕਮ ਫੜਾਏ ਤਾਂ ਉਹਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਅਤੇ ਉਸ ਨੂੰ ਸਕੂਲ ਛਡ ਕੇ ਜਾਣਾ ਪਿਆ। ਸਕੂਲ ਵੱਲੋਂ ਉਸ ਨੂੰ ਅਲਵਿਦਾ ਪਾਰਟੀ ਵੀ ਨਾ ਦਿਤੀ ਗਈ। ਇਸ ਨਾਲ ਹਿੰਦੀ ਟੀਚਰ ਦੇ ਗਰੂਰ ਨੂੰ ਥੋੜ੍ਹੀ ਸੱਟ ਤਾਂ ਵੱਜੀ ਪਰ ਮੇਰੇ ਪ੍ਰਤੀ ਉਸ ਦੇ ਰਵਈਏ ਵਿਚ ਕੋਈ ਤਬਦੀਲੀ ਨਾ ਆਈ। ਉਸ ਦਾ ਟਾਈਮ ਟੇਬਲ ਬਦਲ ਕੇ ਉਸ ਦੇ ਪੜ੍ਹਾਨ ਦੇ ਪੀਰੀਅਡ ਵੀ ਵਧਾ ਦਿਤੇ ਪਰ ਉਹ ਜਿਉਂ ਦੀ ਤਿਉਂ ਰਹੀ। ਮੇਰੇ ਅੰਦਰ ਉਸ ਵੱਲੋਂ ਮੁਖ ਮੋੜਨ ਕਾਰਨ ਉਸ ਤੋਂ ਬਦਲਾ ਲੈਣ ਦੇ ਵਿਚਾਰ ਅਕਸਰ ਆਉਂਦੇ ਰਹਿੰਦੇ ਪਰ ਮੈਂ ਕੁਝ ਵੀ ਨਾ ਕਰ ਸਕਿਆ। ਇਕ ਦਿਨ ਮੈਂ ਕਲਾਸ ਨੂੰ ਪੜ੍ਹਾ ਰਿਹਾ ਸਾਂ ਤਾਂ ਉਹ ਮੇਰੀ ਕਲਾਸ ਰੂਮ ਦੇ ਦਰਵਾਜ਼ੇ ਤਕ ਆਈ ਅਤੇ ਦੋ ਘੰਟੇ ਪਹਿਲਾਂ ਸਕੂਲ ਛਡ ਕੇ ਜਾਣ ਦੀ ਛੁਟੀ ਮੰਗੀ ਜੋ ਮੈਂ ਨਾਂਹ ਕਰ ਦਿਤੀ। ਉਸ ਬਹੁਤ ਕਿਹਾ ਕਿ ਮੈਨੂੰ ਬਹੁਤ ਜ਼ਰੂਰੀ ਕੰਮ ਹੈ ਪਰ ਮੇਰਾ ਬਦਲਾ ਲਊ ਮਨ ਅੜਿਆ ਰਿਹਾ ਤੇ ਮੈਂ ਉਸ ਨੂੰ ਛੁੱਟੀ ਨਾ ਦਿਤੀ। ਮੇਰਾ ਖਿਆਲ ਸੀ ਕਿ ਉਹ ਹਾਲਾਤ ਤੋਂ ਮਜਬੂਰ ਹੋ ਕੇ ਮੇਰੇ ਨਾਲ ਫਿਰ ਆਪਣੇ ਪੁਰਾਣੇ ਆਪਣੇ ਸਬੰਧ ਜੋੜ ਲਵੇਗੀ ਪਰ ਅਜਿਹਾ ਨਾ ਹੋਇਆ। ਜਦ ਕਦੀ ਸਾਡਾ ਸਾਹਮਣਾ ਵੀ ਹੋ ਜਾਂਦਾ ਤਾਂ ਉਹ ਨਮਸਤੇ ਤਕ ਨਾ ਕਰਦੀ। ਮੈਂ ਸਮਝਦਾ ਕਿ ਸਮੁੰਦਰ ਵਿਚ ਰਹਿ ਕੇ ਮਗਰਮਛ ਨਾਲ ਵੈਰ ਕਿੰਨਾ ਕੁ ਚਿਰ ਚਲੇਗਾ ਪਰ ਮੈਂ ਉਸ ਨੂੰ ਦੋਬਾਰਾ ਕਦੀ ਵੀ ਜਿੱਤ ਨਾ ਸਕਿਆ। ਉਸ ਨੇ ਕਦੇ ਵੀ ਮੇਰੇ ਨਾਲ ਗੱਲ ਨਾ ਕੀਤੀ ਅਤੇ ਮੈਂ ਕਦੀ ਵੀ ਫਿਰ ਉਹਦੀਆਂ ਸੁਭ ਇਛਾਵਾਂ ਦਾ ਪਾਤਰ ਬਣ ਨਾ ਸਕਿਆ।

ਇਕ ਦਿਨ ਮੈਂ ਛਾਉਣੀ ਤੁਰਦਾ ਫਿਰਦਾ ਮੈਡਮ ਬਿੰਦੂ ਦੇ ਘਰ ਚਲਾ ਗਿਆ। ਜਾਣ ਦਾ ਬਹਾਨਾ ਸੀ ਯੂਨੀਵਰਸਿਟੀ ਵੱਲੋਂ ਇਮਤਿਹਾਨਾਂ ਵਿਚ ਕੀਤੇ ਕੰਮ ਦੇ ਪੈਸੇ ਆਏ ਹਨ ਕਿ ਨਹੀਂ। ਉਸ ਦਸਿਆ ਕਿ ਉਹ ਤੇ ਉਹਦੀ ਭੈਣ ਦਾ ਲੜਕਾ ਜੋ ਫਿਰੋਜ਼ਪੁਰ ਦੇ ਸਕੂਲ ਵਿਚ ਮੇਰੇ ਕੋਲ ਪੜ੍ਹਦਾ ਸੀ,ਮੈਨੂੰ ਫਿਰੋਜ਼ਪੁਰ ਸ਼ਹਿਰ ਵਿਚ ਜੇ. ਬੀ. ਟੀ. ਹੋਸਟਲ ਵਿਚ ਮਿਲਣ ਆਏ ਸਨ ਪਰ ਮੈਂ ਘਰ ਨਹੀਂ ਮਿਲਿਆ ਸਾਂ। ਉਸ ਨੂੰ ਆਪਣੀ ਭੈਣ ਦੇ ਲੜਕੇ ਕੋਲੋਂ ਪਤਾ ਲੱਗ ਚੁੱਕਾ ਸੀ ਕਿ ਮੇਰੀ ਬਦਲੀ ਹੋ ਗਈ ਸੀ। ਉਸ ਬਦਲੀ ਦਾ ਕਾਰਨ ਪੁਛਿਆ ਅਤੇ ਮੈਂ ਸਕੂਲ ਦੇ ਜ਼ਿਆਦਾ ਕੰਮ ਅਗੇ ਹਾਰ ਮੰਨ ਕੇ ਬਦਲੀ ਕਰਾ ਲੈਣ ਦੀ ਗੱਲ ਦੱਸ ਦਿਤੀ। ਇਹ ਵੀ ਕਿਹਾ ਕਿ ਮੈਨੂੰ ਐਨੇ ਜ਼ਿਆਦਾ ਕੰਮ ਵਿਚ ਲਿਖਣ ਦੀ ਵਿਹਲ ਨਹੀਂ ਮਿਲਦੀ ਸੀ। ਹੁਣ ਮੈਂ ਕੁਝ ਨਵੀਆਂ ਕਹਾਣੀਆਂ ਲਿਖੀਆਂ ਹਨ। ਉਸ ਬੜੇ ਗੰਭੀਰ ਸਵਰ ਵਿਚ ਕਿਹਾ ਕਿ ਮਰਦ ਨੂੰ ਕੰਮ ਤੋਂ ਕਦੇ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਲਿਖੀਆਂ ਨਵੀਆਂ ਕਹਾਣੀਆਂ ਪੜ੍ਹਨ ਦੀ ਮੰਗ ਕੀਤੀ। ਆਪਣੀ ਭੈਣ ਦੇ ਮੁੰਡੇ ਤੋਂ ਸਕੂਲ ਦੀ ਲਾਇਬਰੇਰੀ ਵਿਚੋਂ ਉਹਨੇ ਮੇਰੀ ਕਹਾਣੀਆਂ ਦੀ ਕਿਤਾਬ "ਮਸਾਲੇ ਵਾਲਾ ਘੋੜਾ" ਮੰਗਵਾ ਕੇ ਪੜ੍ਹ ਲਈ ਸੀ ਅਤੇ ਉਸ ਨੂੰ ਮੇਰੀਆਂ ਕਹਾਣੀਆਂ ਬਹੁਤ ਪਸੰਦ ਆਈਆਂ ਸਨ। ਖਾਸ ਕਰ "ਜ਼ਖਮ ਫਿਰ ਉਚੜ ਗਏ" ਕਹਾਣੀ ਉਸ ਨੂੰ ਬਹੁਤ ਜ਼ਿਆਦਾ ਚੰਗੀ ਲੱਗੀ ਸੀ। ਉਹਨੇ ਹੋਰ ਕਿਤਾਬਾਂ ਲਿਆ ਕੇ ਦੇਣ ਲਈ ਵੀ ਕਿਹਾ ਅਤੇ ਇਹ ਵੀ ਦਸਿਆ ਕਿ ਯੂਨੀਵਰਸਿਟੀ ਵੱਲੋਂ ਪੈਸੇ ਅਜੇ ਨਹੀਂ ਆਏ। ਜਦ ਆਏ ਤਾਂ ਮੈਂ ਸੁਨੇਹਾ ਭੇਜ ਦਿਆਂਗੀ, ਤੁਸੀਂ ਆ ਕੇ ਲੈ ਜਾਣੇ। ਮੈਂ ਉਸ ਨੂੰ ਦਸਿਆ ਕਿ ਮੈਂ ਹੋਸਟਲ ਵਾਲੀ ਰਿਹਾਇਸ਼ ਛਡ ਦਿਤੀ ਸੀ ਅਤੇ ਫਿਰੋਜ਼ਪੁਰ ਸ਼ਹਿਰ ਵਿਚ ਦਿੱਲੀ ਗੇਟ ਅੰਦਰ ਪੈਂਦੇ ਆਪਣੇ ਸਹਰਿਆਂ ਦੇ ਘਰ ਆ ਗਿਆ ਸਾਂ। ਪਤਾ ਲਿਖ ਦਿਤਾ ਤੇ ਕਿਹਾ ਕਿ ਕਿਸੇ ਛੁਟੀ ਵਾਲੇ ਦਿਨ ਆਓ ਤੇ ਮੇਰੀ ਜ਼ਾਤੀ ਲਾਇਬਰੇਰੀ ਵਿਚੋਂ ਪੜ੍ਹਨ ਲਈ ਕਿਤਾਬਾਂ ਲੈ ਜਾਣਾ। ਓਸ ਆਉਣ ਦੀ ਹਾਂ ਕਰ ਦਿਤੀ।

## ਕਿਸ਼ਤ 57- ਫਿਰੋਜ਼ਪੁਰ ਹਾਇਰ ਸੈਕੰਡਰੀ ਸਕੂਲ ਵਿਚ ਫਿਰ ਬਦਲੀ

ਗੌਰਮਿੰਟ ਮਿਡਲ ਸਕੂਲ ਲੱਖੋ ਕੇ ਬਹਿਰਾਮ ਵਿਚੋਂ ਹੁਣ ਮੇਰਾ ਦਿਲ ਉਚਾਟ ਹੋ ਚੁੱਕਾ ਸੀ। ਏਥੇ ਦੋਬਾਰਾ ਬਦਲੀ ਕਰਾ ਕੇ ਆਉਣ ਦੀ ਵਡੀ ਗਲਤੀ ਅਕਸਰ ਮੈਨੂੰ ਬਹੁਤ ਪਰੇਸ਼ਾਨ ਕਰਦੀ ਰਹਿੰਦੀ। ਗਰਮੀਆਂ ਕਾਰਨ ਸਕੂਲ ਵਿਚ ਛੁਟੀ ਇਕ ਵਜੇ ਹੋ ਜਾਂਦੀ ਸੀ। ਹਫਤੇ ਵਿਚ ਕੁਝ ਦਿਨ ਮੈਂ ਸਕੂਲ ਵਿਚ ਹੀ ਠਹਿਰ ਜਾਂਦਾ ਤੇ ਫਿਰੋਜ਼ਪੁਰ ਨਾ ਜਾਂਦਾ। ਲਾਲਾ ਸੋਹਨ ਲਾਲ, ਰਿਹਾਨ ਤੇ ਕੁਝ ਹੋਰ ਟੀਚਰ ਏਥੋਂ ਬਦਲ ਕੇ ਜਾ ਚੁਕੇ ਸਨ ਤੇ ਪੁਰਾਣੀਆਂ ਗੱਲਾਂ ਨਹੀਂ ਰਹੀਆਂ ਸਨ। ਪੁਰਾਣੇ ਸਕੂਲ ਦੇ ਟੁਟੇ ਫੁਟੇ ਕਮਰਿਆਂ ਤੇ ਬਰਾਂਡਿਆਂ ਵਿਚ ਦੋਪਹਿਰ ਨੂੰ ਆਰਾਮ ਕਰਦਿਆਂ ਕਈ ਕਹਾਣੀਆਂ ਲਿਖਣ ਦੇ ਖਿਆਲ ਸੁਝਦੇ ਸਨ। ਇਹਨਾਂ ਖਿਆਲਾਂ ਲਈ ਫਿਰੋਜ਼ਪੁਰ ਵਾਲੇ ਸਕੂਲ ਵਿਚ ਸਮਾਂ ਨਹੀਂ ਮਿਲਦਾ ਸੀ। ਇਕ ਦਿਨ ਸ਼ਾਮ ਨੂੰ ਸਕੂਲ ਲਾਗੇ ਵਗਦੀ ਨਹਿਰ ਦੇ ਕੰਢੇ ਪਾਣੀ ਵਿਚ ਲੱਤਾਂ ਲਮਕਾ ਬੈਠਾ ਮੈਂ ਸੋਚ ਰਿਹਾਂ ਸਾਂ ਕਿ ਮੇਰੇ ਲੰਘ ਚੁਕੇ 29 ਸਾਲ ਦੇ ਜੀਵਨ ਦੇ ਵਤੀਰੇ ਵਿਚ ਪਿਛੇ ਮੁੜ ਕੇ ਵੇਖਣਾ ਬਹੁਤ ਬੁਰੀ ਤਰ੍ਹਾਂ ਛਾਇਆ ਹੋਇਆ ਹੈ। ਨਾ ਮੈਨੂੰ ਪਾਕਿਸਤਾਨ ਵਿਚ ਛਡਿਆ ਆਪਣਾ ਘਰ,

ਆਪਣਾ ਪਿੰਡ, ਆਪਣਾ ਸਕੂਲ, ਆਪਣੇ ਮੁਰੱਬੇ, ਆਪਣੇ ਬਾਗ, ਰੇਲਵੇ ਸਟੇਸ਼ਨ, ਮੰਡੀ ਅਤੇ ਨਹਿਰਾਂ ਵਿਚ ਗੋਤੇ ਲਾਉਣੇ ਭੁਲਦੇ ਸਨ ਅਤੇ ਨਾ ਹੀ ਦੇਸ਼ ਦੀ ਵੰਡ ਵਿਚੋਂ ਉਪਜਿਆ ਦਰਦ। ਨਾ ਹੀ ਉਜੜ ਕੇ ਆਉਣ ਪਿਛੋਂ ਬਠਿੰਡੇ ਦੀਆਂ ਗਲੀਆਂ ਵਿਚ ਖਾਧੇ ਧਕੇ ਅਤੇ ਨਾ ਹੀ ਮਹਿਤੇ ਵਿਚ ਬਿਤਾਏ ਚਾਰ ਸਾਲ ਭੁਲਦੇ ਸਨ। ਨਾ ਹੀ ਮਹਿਕ ਦਾ ਚੜ੍ਹਦੀ ਜਵਾਨੀ ਦਾ ਅਲੜ੍ਹ ਅਤੇ ਨਿਰ ਸਵਾਰਥ ਪਿਆਰ ਭੁੱਲਦਾ ਸੀ। ਮੈਨੂੰ ਲਗਦਾ ਰਹਿੰਦਾ ਕਿ ਉਹਦੀਆਂ ਹਿਰਨੀ ਵਰਗੀਆਂ ਅਖਾਂ ਅਜੇ ਵੀ ਮੇਰਾ ਪਿਛਾ ਕਰ ਰਹੀਆਂ ਸਨ। ਨਾ ਹੀ ਆਰ ਐਸ ਡੀ ਕਾਲਜ ਦੀ ਪੜ੍ਹਾਈ ਦੇ ਦਿਨ ਅਤੇ ਬੇਰੀਆਂ ਵਾਲਾ ਖੂਹ। ਕਦੀ ਕਦੀ ਸਕੂਲ ਵਿਚ ਛੁਟੀ ਹੋਣ ਤੋਂ ਬਾਅਦ ਮੈਂ ਸਾਈਕਲ ਫੜ ਕੇ ਬੇਰੀਆਂ ਵਾਲੇ ਖੂਹ ਤੇ ਚਲਾ ਜਾਂਦਾ ਜਿਥੇ ਸਾਡਾ ਕੱਚਾ ਕੋਠਾ ਢਹਿ ਢੇਰੀ ਹੋ ਗਿਆ ਸੀ, ਝੁੱਗੀਆਂ ਉਜੜ ਚੁਕੀਆਂ ਸਨ। ਟਿੰਡਾਂ ਵਾਲੇ ਖੂਹ ਦੀ ਟਿੰਡਾਂ ਦੀ ਮਾਅਲ ਬਾਕੀ ਸੀ ਪਰ ਖੂਹ ਦੀ ਗਾਧੀ, ਕੁੱਤਾ, ਢੋਲ ਝਵੱਕਲੀ, ਕੰਧਾਂ ਆਦਿ ਸਭ ਕੁਝ ਖਤਮ ਹੋ ਚੁਕਾ ਸੀ। ਹੁਣ ਇਹ ਖੂਹ ਦਾ ਪਾਣੀ ਪੀਣ ਦੇ ਕੰਮ ਵੀ ਨਹੀਂ ਆਉਂਦਾ ਸੀ ਅਤੇ ਨਾ ਹੀ ਇਸ ਵਿਚੋਂ ਪੈਲੀਆਂ ਨੂੰ ਪਾਣੀ ਲਾਇਆ ਜਾਂਦਾ ਸੀ। ਅਸੀਂ ਇਸ ਖੂਹ ਤੋਂ ਜ਼ਮੀਨ ਕਟਵਾ ਕੇ ਜਿਲ੍ਹਾ ਹਿਸਾਰ ਦੇ ਪਿੰਡ ਸਾਧਨਵਾਸ ਵਿਚ ਲੈ ਗਏ ਸਾਂ ਪਰ ਇਸ ਉਜੜ ਚੁਕੀ ਥਾਂ ਤੇ ਵਰਾਨ ਹੋਈ ਧਰਤੀ ਨਾਲੋਂ ਮੋਹ ਨਹੀਂ ਟੁੱਟ ਰਿਹਾ ਸੀ। ਚੁਫੇਰੇ ਝਾਤੀ ਮਾਰਦਿਆਂ ਅਤੇ ਬਿਤਾਏ ਚੰਗੇ ਦਿਨਾਂ ਨੂੰ ਯਾਦ ਕਰ ਕੇ ਅਖਾਂ ਗਿੱਲੀਆਂ ਹੋ ਜਾਂਦੀਆਂ। ਬਰਾਦਰੀ ਅਤੇ ਸ਼ਰੀਕੇ ਦੇ ਅਲਾਟੀ ਜਿਹੜੇ ਇਸ ਥਾਂ ਤੋਂ ਨਹੀਂ ਗਏ ਸਨ ਅਤੇ ਜਿਨ੍ਹਾਂ ਨੇ ਹੜਾਂ ਅਤੇ ਸੇਮ ਦੀ ਮਾਰ ਝੱਲ ਲਈ ਸੀ ਪਰ ਜ਼ਮੀਨਾਂ ਨਹੀਂ ਬਦਲਾਈਆਂ ਸਨ, ਨੇ ਟਰਿਡਆਂ ਵਾਲੀ ਬਸਤੀ ਵਸਾ ਲਈ ਸੀ ਅਤੇ ਇਸ ਵਿਚ ਨਵੇਂ ਕਚੇ ਘਰ ਬਣਾ ਲਏ ਸਨ ਜਿਨ੍ਹਾਂ ਦੀ ਨਾ ਅਜੇ ਤਕ ਚਾਰਦੀਵਾਰੀ ਉਸਰੀ ਸੀ ਅਤੇ ਨਾ ਹੀ ਕਈ ਘਰਾਂ ਦੇ ਬੂਹੇ ਲਗੇ ਸਨ। ਵਿਚ ਵਿਚ ਕਾਨਿਆਂ ਦੀਆਂ ਝੁਗੀਆਂ ਵੀ ਬਣਾਈਆਂ ਹੋਈਆਂ ਸਨ। ਇਹ ਸਭ ਕੁਝ ਗਰੀਬੀ ਕਰ ਕੇ ਸੀ ਕਿਉਂਕਿ ਪਹਿਲਾਂ ਹੜਾਂ ਨੇ ਤੇ ਫਿਰ ਸੇਮ ਨੇ ਬੇਟ ਦੇ ਇਸ ਇਲਾਕੇ ਦਾ ਸਤਿਆਨਾਸ ਕਰ ਦਿਤਾ ਸੀ। ਲੋਕਾਂ ਦੇ ਚਿਹਰੇ ਹਿਰਾਸੇ, ਉਦਾਸ ਅਤੇ ਖੁਸ਼ੀ ਰਹਿਤ ਸਨ। ਫਿਰ ਵੀ ਸ਼ਰੀਕੇ ਅਤੇ ਬਰਾਦੀ ਦੇ ਲੋਕ ਰਾਤ ਪੈਣ ਵੇਲੇ ਕਿਤੋਂ ਘਰ ਦੀ ਕਢੀ ਰੂੜੀ ਮਾਰਕਾ ਦੀ ਬੋਤਲ ਕਢ ਲਿਆਉਂਦੇ ਜਿਸ ਨੂੰ ਅੰਬ ਦੇ ਆਚਾਰ, ਗੰਢਿਆਂ ਅਤੇ ਆਂਡਿਆਂ ਦੀ ਭੁਰਜੀ ਨਾਲ ਪੀਂਦਿਆਂ ਜਦੋਂ ਦੋ ਦੋ ਹਾੜੇ ਅੰਦਰ ਚਲੇ ਜਾਂਦੇ ਤੇ ਅੱਖਾਂ ਵਿਚ ਚਮਕ ਆ ਜਾਂਦੀ ਤਾਂ ਸਾਰੇ ਮਰਦ ਤੇ ਜਨਾਨੀਆਂ ਮੇਰੇ ਬਾਪੂ ਤੇ ਮੇਰੀ ਮਾਂ ਦੀਆਂ ਗੱਲਾਂ ਕਰਦੇ ਮੈਨੂੰ ਬੜੇ ਚੰਗੇ ਲਗਦੇ ਜਦ ਉਹ ਇਹ ਵੀ ਕਹਿੰਦੇ ਕਿ ਤੁਸੀਂ ਸਾਨੂੰ ਛਡ ਕੇ ਨਹੀਂ ਜਾਣਾ ਸੀ। ਇਹਨਾਂ ਵਿਚੋਂ ਕਈਆਂ ਦੇ ਮੁੰਡੇ ਮੇਰੇ ਕੋਲ ਲਖੋ ਕੇ ਬਹਿਰਾਮ ਪੜ੍ਹਦੇ ਸਨ ਅਤੇ ਰਿਸ਼ਤਿਆਂ ਚੋਂ ਲਗਦੀਆਂ ਚਾਚੀਆਂ ਤਾਈਆਂ, ਮਾਸੀਆਂ ਤੇ ਭਰਜਾਈਆਂ ਇਹਨਾਂ ਮੁੰਡਿਆਂ ਹਥ ਮੈਨੂੰ ਕਈ ਵਾਰ ਸਕੂਲ ਅੰਬ ਦੇ ਆਚਾਰ ਆਂਡਿਆਂ ਦੀ ਭੁਰਜੀ ਨਾਲ ਪਰੌਂਠੇ ਪਕਾ ਕੇ ਭੇਜਦੀਆਂ।

ਨਹਿਰ ਦੇ ਵਗਦੇ ਪਾਣੀ ਵਿਚ ਪੈਰ ਪਾ ਕੇ ਬੈਠਾ ਮੈਂ ਹਿੰਦੀ ਟੀਚਰ ਦੀ ਬੇਰੁਖੀ ਬਾਰੇ ਕਹਾਣੀ ਲਿਖਣ ਦੀ ਸੋਚ ਰਿਹਾ ਸਾਂ। ਕਹਾਣੀ ਦਾ ਨਾਂ ਮੈਨੂੰ ਸੁਝ ਗਿਆ ਸੀ "ਪ੍ਰੀਤ ਦੀ ਰੀਤ"' ਇਸ ਕਹਾਣੀ ਵਿਚ ਮੈਂ ਆਪਣੇ ਪਾਤਰਾਂ ਦੇ ਵਤੀਰੇ ਰਾਹੀਂ ਇਹ ਦੱਸਣਾ ਚਹੁੰਦਾ ਸਾਂ ਕਿ ਵਿਛੋੜਾ ਪ੍ਰੀਤ ਦੀ ਰੀਤ ਹੈ ਖਾਸ ਕਰ ਉਹਨਾਂ ਹਾਲਾਤਾਂ ਵਿਚ ਜਦ ਇਹ ਰਿਸ਼ਤਾ ਨੈਤਿਕ ਤੌਰ ਤੇ ਸਮਾਜ ਵੱਲੋਂ ਪਰਵਾਣਿਤ ਨਾ ਹੋਵੇ। ਭਾਵ ਨਾਜਾਇਜ਼ ਰਿਸ਼ਤਾ ਹੋਵੇ। ਵਿਆਹੁਤਾ ਜੀਵਨ ਤੋਂ ਬਾਹਰ ਨਿਕਲ ਕੇ ਬਣ ਗਏ ਹਾਲਾਤ ਅਨੁਸਾਰ ਕਿਸੇ ਨਾਲ ਹੋ ਗਿਆ ਜਾਂ ਕੀਤੇ ਗਏ ਪਿਆਰ ਜਾਂ ਇਸ ਤੋਂ ਵੀ ਅਗੇ ਬਣੇ ਜਾਂ ਨਾ ਬਣੇ ਸਰੀਰਕ ਸਬੰਧ ਜੋ ਨੈਤਿਕ ਤੌਰ ਤੇ ਗਲਤ ਹਨ, ਦਾ ਅੰਤ ਨਿਰਾਸਤਾ ਅਤੇ ਬਿਰਹਾ ਹੀ ਹੁੰਦਾ ਹੈ ਅਤੇ ਇਹੀ ਪ੍ਰੀਤ ਦੀ ਰੀਤ ਹੈ। ਭਾਵੇਂ ਸੰਸਾਰ ਦੇ ਸਭ ਮੁਲਕਾਂ, ਸ਼ਹਿਰਾਂ, ਕਸਬਿਆਂ, ਪਿੰਡਾਂ, ਗਰਾਵਾਂ ਤੇ ਸਮਾਜ ਦੇ ਉਚੇ ਤੇ ਨੀਵੇਂ, ਅਮੀਰਾਂ ਅਤੇ ਗਰੀਬਾਂ ਵਿਚ ਇਸ ਤਰ੍ਹਾਂ ਦਾ ਗੰਦ ਮੰਦ ਚਲਦਾ ਆਇਆ ਹੈ, ਚੱਲ ਵੀ ਰਿਹਾ ਹੈ ਅਤੇ ਭਵਿਸ਼ ਵਿਚ ਵੀ ਚਲਦਾ ਰਹੇਗਾ,ਦੀ ਕਹਾਣੀ ਦਾ ਪਲਾਟ ਮੇਰੇ ਦਿਮਾਗ ਵਿਚ ਸਪਸ਼ਟ ਹੋ ਗਿਆ ਸੀ। ਹਿੰਦੀ ਟੀਚਰ ਦੇ ਕਹੇ ਇਹਨਾਂ ਬੋਲਾਂ ਨੇ ਕਿ ਨਿਰਾਸ ਨਾ ਹੋਵੋ, ਮੁੰਡਾ ਮੈਂ ਜੰਮ ਦਿਆਂਗੀ, ਜਦ ਕਿ ਉਹ ਹਾਲੇ ਖੁਦ ਕਵਾਰੀ ਸੀ,ਤੇ ਫਿਰ ਟੁਟੀ ਯਾਰੀ ਚੋਂ ਪੈਦਾ ਹੋਈ ਬੇਰੁਖੀ ਦੇ ਅੰਤ ਵਿਚੋਂ ਮੈਂ ਇਹ ਕਹਾਣੀ ਕਢ ਲਈ ਸੀ। ਮੈਨੂੰ ਉਹ ਲੋਕ ਗੀਤ ਯਾਦ ਆਉਂਦਾ ਜਿਸ ਦੇ ਬੋਲ ਸਨ, "ਟੁੱਟ ਗਈ ਯਾਰੀ ਤੋਂ ਗਾਲ ਬਿਨਾ ਨਾ ਬੋਲੇ"। ਬੱਸ ਇਸ ਵਿਚ ਪਾਤਰਾਂ ਦੇ ਨਾਂ, ਘਟਨਾਵਾਂ, ਭਾਸ਼ਾ ਦਾ ਜਾਦੂ , ਮਨੁਖੀ ਵਤੀਰਾ ਅਤੇ ਅੰਤ ਦਾ ਲਿਸ਼ਕਾਰਾ ਦੇ ਕੇ ਕਹਾਣੀ ਲਿਖਣੀ ਹੀ ਬਾਕੀ ਰਹਿ ਗਈ ਸੀ। ਕਹਾਣੀ ਵਿਚ ਦਰਦ ਪੌਣਾ ਮੈਨੂੰ ਆਉਂਦਾ ਸੀ। ਲੋਕ ਮੇਰੀਆਂ ਛਪੀਆਂ ਹੋਈਆਂ ਕਹਾਣੀਆਂ ਪੜ੍ਹਦੇ ਸਨ। ਕਈ ਕੁੜੀਆਂ ਮੇਰੀਆਂ ਲਿਖੀਆਂ ਕਹਾਣੀਆਂ ਤੇ ਮਰਦੀਆਂ ਸਨ ਤੇ ਮੈਨੂੰ ਚਿਠੀਆਂ ਲਿਖਦੀਆਂ ਸਨ ਜਿਨ੍ਹਾਂ ਵਿਚ ਪਾਠਕ ਅਤੇ ਪ੍ਰੇਮਿਕਾ ਦਾ ਮਿਸ਼ਰਨ ਹੁੰਦਾ ਸੀ। ਮੇਰੀਆਂ ਕਈ ਕਹਾਣੀਆਂ ਜਿਵੇਂ ਜ਼ਖਮ ਫਿਰ ਉਚੜ ਗਏ, ਮਿਸ ਮਾਰਥਾ, ਗਲਤੀ, ਉਤਸ਼ਾਹ, ਗਰਾਮ ਸੇਵਕਾ, ਮਰਦ ਜ਼ਾਤ, ਦੂਰ ਦੂਰ ਨੇੜ ਨੇੜੇ, ਰੰਗ ਬਰੰਗੀਆਂ ਚਿੜੀਆਂ, ਝੁਗੀਆਂ, ਸਦੀਵੀ ਚਾਨਣ, ਮਸਾਲੇ ਵਾਲਾ ਘੋੜਾ ਆਦਿ ਪਾਠਕਾਂ ਨੂੰ ਬਹੁਤ ਪਸੰਦ ਸਨ। ਉਹ ਇਹਨਾਂ ਵਿਚੋਂ ਆਪਣਾ ਜੀਵਨ ਵੇਖਦੀਆਂ ਸਨ। ਏਨੇ ਨੂੰ ਚਪੜਾਸੀ ਇੰਦਰ ਸਿੰਘ ਰੂੜੀ ਮਾਰਕਾ ਦੇਸੀ ਸ਼ਰਾਬ ਦੀ ਬੋਤਲ ਲੈ ਕੇ ਨਹਿਰ ਕੰਢੇ ਆ ਗਿਆ ਅਤੇ ਉਸ ਨੇ ਕਚ ਦੇ ਗਲਾਸ ਇਕ ਤਕੜਾ ਹਾੜਾ ਪਾ ਕੇ ਮੈਨੂੰ ਫੜਾ ਦਿਤਾ। ਮੈਂ ਹਿਲਾ ਕੇ ਵੇਖਿਆ ਤਾਂ ਉਤੇ ਕੰਗਣੀ ਬਝਦੀ ਸੀ। ਹੋ ਸਕਦਾ ਪਹਿਲੇ ਤੋੜ ਦੀ ਹੋਵੇ। ਮੈਂ ਵਗਦੀ ਨਹਿਰ ਦਾ ਪਾਣੀ ਜਿਸ ਵਿਚ ਮਾਮੂਲੀ ਰੇਤ ਵੀ ਸੀ, ਨਾਲ ਗਲਾਸ ਭਰ ਲਿਆ ਤੇ ਇਕੋ ਡੀਕੇ ਪੀ ਕੇ ਗਲਾਸ ਖਾਲੀ ਕਰ ਕੇ ਇੰਦਰ ਸਿੰਘ ਨੂੰ ਦੇ ਦਿਤਾ ਅਤੇ ਥੋੜ੍ਹਾ ਠਹਿਰ ਕੇ ਦੂਜਾ ਹਾੜਾ ਪੌਣ ਲਈ ਕਹਿ ਦਿਤਾ। ਇੰਦਰ ਸਿੰਘ ਮੇਰੇ ਲਈ ਉਬਲਿਆ ਆਂਡਾ ਛਿੱਲਣ ਲੱਗਾ ਅਤੇ ਮੈਂ ਛਾਲ ਮਾਰ ਕੇ ਨਹਿਰ ਵਿਚ ਟੁਭੀ ਲਾਈ ਤੇ

ਨਹਾਉਣ ਲਗ ਪਿਆ। ਕੁਝ ਚਿਰ ਬਾਅਦ ਪਹਿਲੇ ਤੋੜ ਦੀ ਸੁਲਫੇ ਦੀ ਲਾਟ ਵਰਗੀ ਸ਼ਰਾਬ ਨੇ ਸਰੀਰ ਅਤੇ ਦਿਮਾਗ ਜੋ ਪਹਿਲਾਂ ਹੀ ਕਹਾਣੀ ਦਾ ਪਲਾਟ ਪੂਰਾ ਹੋਣ ਨਾਲ ਰੀਲੈਕਸ ਕਰ ਚੁਕਾ ਸੀ, ਨੇ ਮੈਨੂੰ ਖੁਸ਼ੀ ਵਿਚ ਹੋਰ ਖੀਵਾ ਕਰ ਦਿਤਾ ਤੇ ਮੈਂ ਨਹਿਰ ਦੇ ਪਾਣੀ ਵਿਚ ਜ਼ੋਰ ਜ਼ੋਰ ਨਾਲ ਟੁਭੀਆਂ ਲਾਉਣ ਲੱਗਾ। ਮੈਨੂੰ ਲਹਿਰਾਂ ਲੈਂਦਾ ਵੇਖ ਕੇ ਨਹਿਰ ਦੇ ਕੰਢੇ ਤੇ ਬੈਠਾ ਇੰਦਰ ਸਿੰਘ ਖੁਸ਼ ਹੋ ਰਿਹਾ ਸੀ। ਇਸ ਛਿਮਾਹੀ ਨਹਿਰ ਵਿਚ ਸਤਲੁਜ ਦਾ ਪਾਣੀ ਆਉਂਦਾ ਸੀ ਜੋ ਹੁਸੈਨੀ ਵਾਲਾ ਹੈਡ ਵਰਕਸ ਤੋਂ ਬੀਕਾਨੇਰ ਵਾਲੀ ਨਹਿਰ ਵਿਚੋਂ ਖਾਈ ਫੇਮੇਕੀ ਲਾਗੇ ਇਹ ਨਿਕੀ ਨਹਿਰ ਕਢ ਕੇ ਬੇਟ ਦੇ ਇਲਾਕੇ ਦੀਆਂ ਜ਼ਮੀਨਾਂ ਨੂੰ ਜਾਂਦਾ ਸੀ। ਕੁਝ ਚਿਰ ਬਾਅਦ ਇੰਦਰ ਸਿੰਘ ਨੇ ਇਕ ਹੋਰ ਤਕੜਾ ਪੈਗ ਪਾ ਕੇ ਗਲਾਸ ਮੈਨੂੰ ਫੜਾ ਦਿਤਾ ਅਤੇ ਆਪ ਇਹ ਕਹਿ ਕੇ ਕਿ ਮੈਂ ਜਾ ਕੇ ਰੋਟੀ ਤਿਆਰ ਕਰਦਾ ਹਾਂ, ਬੋਤਲ ਲੈ ਕੇ ਸਕੂਲ ਨੂੰ ਚਲਾ ਗਿਆ। ਮੈਂ ਉਸ ਪੈਗ ਵਿਚ ਵੀ ਨਹਿਰ ਦਾ ਵਗਦਾ ਪਾਣੀ ਪਾਇਆ ਅਤੇ ਇਕੋ ਡੀਕੇ ਪੀ ਕੇ ਕੁਝ ਚਿਰ ਨਹਿਰ ਵਿਚ ਨਹਾਉਂਦਾ ਤੇ ਇਹ ਸੋਚਦਾ ਰਿਹਾ ਕਿ ਇਹ ਕਹਾਣੀ ਮੈਂ ਬਹੁਤ ਜਲਦੀ ਲਿਖ ਦਿਆਂਗਾ। ਛਿਲਿਆ ਆਂਡੇ ਤੇ ਲੂਣ ਛਿੜਕ ਮੈਂ ਹਲਕ ਅੰਦਰ ਸੁਟਿਆ ਤੇ ਹੋਰ ਦਾਰੂ ਪੀਣ ਦੀ ਲਾਲਸਾ ਵਧੀ ਪਰ ਇੰਦਰ ਸਿੰਘ ਬਾਕੀ ਦੀ ਬੋਤਲ ਲੈ ਕੇ ਜਾ ਚੁਕਾ ਸੀ।

ਐਤਵਾਰ ਦੀ ਇਕ ਢਲਦੀ ਦੋਪਹਿਰ ਨੂੰ ਛਾਉਣੀ ਤੋਂ ਮੈਡਮ ਬਿੰਦੂ ਅਤੇ ਉਹਦੀ ਭੈਣ ਦਾ ਲੜਕਾ ਮੈਨੂੰ ਮਿਲਣ ਲਈ ਦਿੱਲੀ ਦਰਵਾਜ਼ੇ ਅੰਦਰ ਪੈਂਦੇ ਮੇਰੇ ਸਹੁਰਿਆਂ ਦੇ ਬਹੁਤ ਵਡੇ ਘਰ ਵਿਚ ਮਿਲਣ ਆ ਗਏ। ਬਿੰਦੂ ਨੇ ਸਫੈਦ ਸਲਵਾਰ ਕਮੀਜ਼ ਪਾਈ ਹੋਈ ਸੀ ਜਿਸ ਵਿਚ ਉਹਦਾ ਗੋਰਾ ਚਿੱਟਾ ਰੰਗ ਹੋਰ ਵੀ ਬੜਾ ਫਬ ਰਿਹਾ ਸੀ। ਚਿਹਰੇ ਉਤੇ ਉਹੀ ਗੰਭੀਰਤਾ ਜਿਸ ਤੇ ਇਕ ਵਾਰ ਮੁਸਕਾਣ ਦੀ ਕਲੀ ਖਿੜ ਕੇ ਫਿਰ ਉਸ ਕਲੀ ਦੀਆਂ ਪੱਤੀਆਂ ਦੇ ਦਵਾਰ ਬੰਦ ਹੋ ਜਾਂਦੇ ਸਨ। ਮੈਂ ਉਪਰ ਚੁਬਾਰੇ ਵਿਚ ਰਹਿੰਦਾ ਸਾਂ ਜਿਸ ਦੀਆਂ ਪੌੜੀਆਂ ਬਾਹਰ ਸਨ ਤੇ ਆਏ ਗਏ ਲਈ ਥਲੇ ਬੈਠਕ ਸੀ। ਉਹਨੂੰ ਬੈਠਕ ਵਿਚ ਬਹਾ ਕੇ ਮੈਂ ਆਪਣੀ ਘਰ ਵਾਲੀ ਨੂੰ ਬੁਲਾਇਆ ਜਿਸ ਨੂੰ ਉਹ ਬੜੇ ਤਪਾਕ ਨਾਲ ਮਿਲੀ। ਚਾਹ ਪਾਣੀ ਪੀਣ ਉਪਰੰਤ ਉਸ ਨੇ ਯੂਨੀਵਰਸਿਟੀ ਵੱਲੋਂ ਆਏ ਮਿਹਨਤਾਨੇ ਦੇ ਪੰਜਾਹ ਰੁਪੈ ਮੈਨੂੰ ਫੜਾ ਦਿਤੇ ਜੋ ਮੈਂ ਓਸੇ ਵੇਲੇ ਆਪਣੀ ਪਤਨੀ ਨੂੰ ਦੇ ਦਿਤੇ। ਪੈਸੇ ਫੜ ਕੇ ਮੇਰੀ ਪਤਨੀ ਬਹੁਤ ਖੁਸ਼ ਹੋਈ ਕਿਉਂਕਿ ਥੋੜ੍ਹੀ ਤਨਖਾਹ ਤੋਂ ਬਾਅਦ ਇਸ ਤਰ੍ਹਾਂ ਦੇ ਉਪਰੋਂ ਕਮਾਏ ਪੈਸੇ ਘੱਟ ਹੀ ਮਿਲਦੇ ਸਨ। ਬਿੰਦੂ ਨੇ ਕਿਤਾਬਾਂ ਦੀ ਮੰਗ ਕੀਤੀ ਤੇ ਅਸੀਂ ਉਪਰ ਚੁਬਾਰੇ ਵਿਚ ਚਲੇ ਗਏ ਜਿਥੇ ਮੈਂ ਇਕ ਲਾਇਬਰੇਰੀ ਬਣਾਈ ਹੋਈ ਸੀ ਅਤੇ ਇਕ ਛੋਟਾ ਜਿਹਾ ਰਜਿਸਟਰ ਵੀ ਲਾਇਆ ਹੋਇਆ ਸੀ ਜਿਸ ਵਿਚ ਕਿਤਾਬ ਜਾਰੀ ਕਰਨ ਅਤੇ ਵਾਪਸ ਕਰਨ ਦੀ ਮਿਤੀ ਲਿਖੀ ਜਾਂਦੀ ਸੀ। ਇਸ ਨਾਲ ਕੌਣ ਕਿਹੜੀ ਕਿਤਾਬ ਲੈ ਗਿਆ ਹੈ,ਯਾਦ ਰਹਿੰਦਾ ਸੀ। ਬਿੰਦੂ ਨੇ ਬੜੇ ਠਰੰਮੇ ਨਾਲ ਕਿਤਾਬਾਂ ਵੇਖੀਆਂ, ਮੇਰੀ ਚੋਣ ਨੂੰ ਸਲਾਹਿਆ ਅਤੇ ਚਾਰ ਕਿਤਾਬਾਂ ਪੜ੍ਹਨ ਲਈ ਪਸੰਦ ਕੀਤੀਆਂ ਜਿਨ੍ਹਾਂ ਨੂੰ ਮੈਂ ਰਜਿਸਟਰ ਵਿਚ ਡੇਟ ਪਾ ਕੇ ਨੋਟ ਕਰ ਲਿਆ। ਓਸ ਕਿਹਾ ਕਿ ਮੇਰੇ ਦਸਤਖਤਾਂ ਦੀ ਲੋੜ ਹੈ ਪਰ ਮੈਂ ਕਿਹਾ ਨਹੀਂ ਕਿਉਂਕਿ ਇਹ ਤਾਂ ਸਿਰਫ ਯਾਦਦਾਸ਼ਤ ਲਈ ਹੈ ਕਿਉਂਕਿ ਮੈਂ ਆਪਣੀ ਲਾਇਬਰੇਰੀ ਦੀਆਂ ਕਿਤਾਬਾਂ ਨੂੰ ਬਹੁਤ ਪਿਆਰ ਕਰਦਾ ਹਾਂ। ਜੇ ਕੋਈ ਸ਼ੈਲਫ ਵਿਚੋਂ ਕਿਤਾਬ ਕਢ ਕੇ ਦੋਬਾਰਾ ਓਸੇ ਥਾਂ ਰਖ ਦੇਵੇ, ਤਾਂ ਵੀ ਮੈਨੂੰ ਪਤਾ ਲੱਗ ਜਾਂਦਾ ਹੈ ਕਿ ਕਿਤਾਬ ਹਿੱਲੀ ਹੈ। ਮੈਂ ਕਿਹਾ ਮੈਂ ਇਕ ਨਵੀਂ ਕਹਾਣੀ "ਪ੍ਰੀਤ ਦੀ ਰੀਤ" ਵੀ ਲਿਖੀ ਹੈ ਜੋ ਅਜੇ ਛਪਣ ਲਈ ਨਹੀਂ ਭੇਜੀ। ਪੜ੍ਹਨਾ ਚਹੁੰਦੇ ਹੋ ਤਾਂ ਲੈ ਜਾਵੋ, ਨਾਲੇ ਇਸ ਬਾਰੇ ਆਪਣੀ ਰਾਏ ਦੇਣੀ। ਉਹਨੇ ਹਥ ਲਿਖਤ ਵਾਲੀ ਮੇਰੀ ਕਹਾਣੀ ਲੈ ਲਈ ਤੇ ਕਹਿਣ ਲਗੀ ਦੋ ਹਫਤੇ ਤਕ ਛਾਉਣੀ ਚੱਕਰ ਲਗੇ ਤਾਂ ਮਿਲ ਜਾਣਾ ਅਤੇ ਨਾਲੇ ਕਿਤਾਬਾਂ ਵਾਪਸ ਲੈ ਜਾਣੀਆਂ। ਮੇਰੀ ਪਤਨੀ ਨੇ ਰੋਟੀ ਖਾ ਕੇ ਜਾਣ ਲਈ ਬਹੁਤ ਕਿਹਾ ਪਰ ਉਹ ਨਾ ਮੰਨੀ ਅਤੇ ਚਾਹ ਪੀ ਕੇ ਹੀ ਚਲੀ ਗਈ। ਗਲੀ ਵਿਚ ਜਾਂਦੀ ਦੀ ਪਿਠ ਵੱਲ ਜਦ ਮੈਂ ਵੇਖਿਆ ਤਾਂ ਉਹਦੀ ਪਤਲੀ ਕਮਰ, ਮਟਕਣੀ ਤੋਰ ਅਤੇ ਭਰਵਾਂ ਪਿੱਛਾ, ਪਿਠ ਵਿਚ ਪੈਂਦੇ ਡੂੰਘ ਉਹਦੇ ਅਗੇ ਨਾਲੋਂ ਵੀ ਜ਼ਿਆਦਾ ਆਕਰਸ਼ਕ ਸਨ। ਉਹ ਤਾਂ ਚਲੀ ਗਈ ਪਰ ਮੇਰੀਆਂ ਨਜ਼ਰਾਂ ਓਥੇ ਗਡੀਆਂ ਰਹਿ ਗਈਆਂ। ਮੈਨੂੰ ਲੱਗਾ ਮਹਿਕ ਵਡੀ ਹੋ ਕੇ ਛਾਉਣੀ ਟੀਚਰ ਆਣ ਲਗੀ ਸੀ ਅਤੇ ਓਸ ਮੈਨੂੰ ਫਿਰ ਲਭ ਲਿਆ ਸੀ। ਹੁਣ ਉਸ ਨੇ ਥੋੜ੍ਹਾ ਥੋੜ੍ਹਾ ਬੋਲਣਾ ਸਿੱਖ ਲਿਆ ਸੀ ਅਤੇ ਬਚਪਨ ਗਲੋਂ ਲਹਿ ਗਈ ਜਵਾਨੀ ਹੁਣ ਉਮਰ ਦਾ ਤੀਜਾ ਹਿੱਸਾ ਪਾਰ ਕਰ ਕੇ ਮਾਣ ਮਤੀ ਬਣ ਚੁਕੀ ਸੀ। ਓਸ ਰਾਤ ਮੈਂ ਸੌਣ ਦੀ ਕੋਸ਼ਿਸ਼ ਕਰਦਾ ਤਾਂ ਉਹਦਾ ਹੁਸੀਨ ਚਿਹਰਾ ਗੰਭੀਰ ਰਵਈਆ ਮੇਰੇ ਸਿਰ ਅਗੇ ਆ ਖਲੋਂਦਾ। ਅਖਾਂ ਝਪਕ ਕੇ ਫਿਰ ਅਖਾਂ ਬੰਦ ਕਰਦਾ ਤਾਂ ਉਹੀ ਆਕਾਰ ਜਿਸ ਦੇ ਹਥ ਵਿਚ ਮੇਰੀ ਜ਼ਾਤੀ ਲਾਇਬਰੇਰੀ ਦੀਆਂ ਕਿਤਾਬਾਂ ਸਨ, ਫਿਰ ਮੇਰੇ ਸਰ੍ਹਾਣੇ ਖੜ੍ਹਾ ਹੁੰਦਾ। ਇਹ ਆਕਾਰ ਜਿਸ ਵਿਚ ਹੁਸਨ ਹੀ ਹੁਸਨ ਸੀ, ਅਖੋਂ ਪਰੋਖੇ ਨਹੀਂ ਹੋ ਰਿਹਾ ਸੀ। ਅਗਲੇ ਦਿਨ ਮੇਰੀ ਘਰ ਵਾਲੀ ਵੀ ਕਹਿ ਰਹੀ ਸੀ ਕਿ ਔਰਤ ਬਹੁਤ ਖੂਬਸੂਰਤ ਅਤੇ ਠਹਿਰੀ ਹੋਈ ਹੈ। ਮੈਨੂੰ ਬੜੀ ਚੰਗੀ ਲੱਗੀ ਹੈ। ਉਸ ਨੇ ਇਕ ਵੀ ਫਾਲਤੂ ਬੋਲ ਆਪਣੇ ਬੁਲ੍ਹਾਂ ਵਿਚੋਂ ਕਿਰਨ ਨਹੀਂ ਦਿਤਾ।

ਕੁਝ ਹਫਤਿਆਂ ਬਾਅਦ ਮੇਰੀ ਬਦਲੀ ਫਿਰ ਫਿਰੋਜ਼ਪੁਰ ਦੀ ਹੋ ਗਈ ਕਿਉਂਕਿ ਲਖੋ ਕੇ ਬਹਿਰਾਮ ਤੋਂ ਬਦਲ ਕੇ ਮੇਰੀ ਜਗ੍ਹਾ ਗਏ ਬੇਦੀ ਸਾਹਿਬ ਇਕ ਕਤਲ ਕੇਸ ਵਿਚ ਉਲਝ ਕੇ ਗ੍ਰਿਫਤਾਰ ਹੋ ਗਏ ਸਨ ਅਤੇ ਫਿਰੋਜ਼ਪੁਰ ਦੀ ਸੈਂਟਰਲ ਜੇਲ੍ਹ ਵਿਚ ਬੰਦ ਸਨ। ਮੈਂ ਪਹਿਲਾਂ ਵਾਲੀ ਨੌਕਰੀ ਦਾ ਚਾਰਜ ਲੈਣ ਲਈ ਉਹਨਾਂ ਕੋਲ ਕਈ ਵਾਰ ਜੇਲ੍ਹ ਵਿਚ ਜਾਣਾ ਪਿਆ। ਫਿਰੋਜ਼ਪੁਰ ਦੀ ਸੈਂਟਰਲ ਜੇਲ੍ਹ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਦੇ ਬਿਲਕੁਲ ਕੋਲ ਪੈਂਦੀ ਸੀ। ਇਸ ਵਾਰ ਮੈਂ ਮਨ ਵਿਚ ਪਕੀ ਧਾਰ

ਲਈ ਸੀ ਹੁਣ ਮੈਂ ਇਹ ਸਕੂਲ ਛਡ ਕੇ ਕਦੇ ਨਹੀਂ ਜਾਵਾਂਗਾ ਅਤੇ ਵਡੇ ਅਤੇ ਬਹੁਤੇ ਟੀਚਰਾਂ ਅਤੇ ਵਡੀ ਗਿਣਤੀ ਵਾਲੇ ਵਿਦਿਆਰਥੀਆਂ ਵਾਲੇ ਸਕੂਲ ਵਿਚ ਆਪਣੇ ਰੁਤਬੇ ਅਤੇ ਟੇਲੰਟ ਨੂੰ ਕਾਇਮ ਕਰ ਕੇ ਵਖਾਵਾਂਗਾ।
ਅਗਲੀ ਵਾਰ ਪੜ੍ਹੋ: ਫਿਰੋਜ਼ਪੁਰ ਛਾਉਣੀ ਦੇ ਚੱਕਰ

## ਕਿਸ਼ਤ 58- ਫਿਰੋਜ਼ਪੁਰ ਛਾਉਣੀ ਦੇ ਚੱਕਰ

ਵਡਾ ਸਕੂਲ ਹੋਣ ਕਰ ਕੇ ਕੰਮ ਤਾਂ ਇਸ ਸਕੂਲ ਵਿਚ ਜ਼ਿਆਦਾ ਸੀ ਪਰ ਵਾਹ ਉਹਨਾਂ ਲੋਕਾਂ ਨਾਲ ਪੈਂਦਾ ਸੀ ਜੋ ਸਿੱਧੇ ਸਾਦੇ ਪੇਂਡੂ ਨਹੀਂ ਸਨ ਸਗੋਂ ਸ਼ਹਿਰਾਂ ਵਿਚ ਨੌਕਰੀ ਪੇਸ਼ਾ ਸਨ, ਵਡੇ ਛੋਟੇ ਅਫਸਰ ਸਨ, ਦੁਕਾਨਦਾਰ ਸਨ ਅਤੇ ਇਹਨਾਂ ਦੇ ਬੱਚੇ ਸਾਡੇ ਕੋਲ ਪੜ੍ਹਨ ਆਉਂਦੇ ਸਨ। ਸ਼ਹਿਰ ਦੀਆਂ ਵਧੇਰੇ ਔਰਤਾਂ ਖੂਬਸੂਰਤ ਤੇ ਆਕਰਸ਼ਕ ਸਨ ਜੋ ਵਧੀਆ ਤੇ ਮਹਿੰਗੇ ਕਪੜੇ ਪਹਿਨਦੀਆਂ ਸਨ। ਫਿਰੋਜ਼ਪੁਰ ਛਾਉਣੀ ਵਿਚ ਨਾਰਦਰਨ ਰੇਲਵੇ ਦਾ ਬਹੁਤ ਵਡਾ ਡਵੀਜ਼ਨਲ ਦਫਤਰ ਸੀ ਜਿਥੇ ਵਡੇ ਛੋਟੇ ਹਜ਼ਾਰਾਂ ਮੁਲਾਜ਼ਮ ਕੰਮ ਕਰਦੇ ਸਨ। ਫੌਜ ਦੀ ਛਾਉਣੀ ਹੋਣ ਕਰ ਕੇ ਫਜੌ ਦੇ ਵਡੇ ਅਤੇ ਛੋਟੇ ਮੁਲਾਜ਼ਮ ਵੀ ਏਥੇ ਕਾਫੀ ਸਨ। ਰੇਲ ਅਤੇ ਫੌਜ ਦੇ ਮੁਲਾਜ਼ਮਾਂ ਦੇ ਬੱਚੇ ਭਾਵੇਂ ਛਾਉਣੀ ਦੇ ਸਕੂਲਾਂ ਵਿਚ ਵੀ ਪੜ੍ਹਦੇ ਸਨ ਕਿਉਂਕਿ ਕਈ ਸਕੂਲ ਉਹਨਾਂ ਨੂੰ ਉਹਨਾਂ ਦੇ ਘਰਾਂ ਤੋਂ ਨੇੜੇ ਪੈਂਦੇ ਸਨ। ਛਾਉਣੀ ਅਤੇ ਸ਼ਹਿਰਾਂ ਵਿਚ ਉਸ ਵੇਲੇ ਵੀ ਵਡੇ ਸਕੂਲਾਂ ਦੀ ਕਾਫੀ ਗਿਣਤੀ ਸੀ ਪਰ ਜਿੰਨੇ ਗਰੁੱਪ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਵਿਚ ਸਨ, ਏਨੇ ਹੋਰ ਕਿਸੇ ਸਕੂਲ ਵਿਚ ਨਹੀਂ ਸਨ। ਇਸ ਲਈ ਵਡੇ ਅਫਸਰਾਂ ਦੇ ਬੱਚੇ ਸਾਡੇ ਸਕੂਲ ਵਿਚ ਵਧੇਰੇ ਪੜ੍ਹਨ ਔਂਦੇ ਸਨ। ਛਾਉਣੀ ਵਿਚ ਫੌਜ ਦੇ ਆਪਣੇ ਸਕੂਲ ਕੇਂਦਰੀਆ ਵਿਦਿਆਲੇ ਵੀ ਸਨ ਪਰ ਫਿਰ ਵੀ ਕਾਫੀ ਫੌਜੀ ਅਫਸਰਾਂ ਦੇ ਬੱਚੇ ਸਾਡੇ ਕੋਲ ਪੜ੍ਹਦੇ ਸਨ, ਉਹਨਾਂ ਨਾਲ ਵਾਕਫੀ ਹੋ ਜਾਂਦੀ ਸੀ। ਇਸ ਵਾਕਫੀ ਸਦਕਾ ਮਿਲਟਰੀ ਕਨਟੀਨ ਵਿਚੋਂ ਥਰੀ ਐਕਸ ਰਮ ਦੀ ਬੋਤਲ ਸਾਢੇ ਸੱਤ ਰੁਪੈ ਵਿਚ ਮਿਲ ਜਾਂਦੀ ਸੀ ਜੋ ਹੌਲੀ ਹੌਲੀ ਅਗਲੇ ਕੁਝ ਸਾਲਾਂ ਵਿਚ ਦਸਾਂ ਰੁਪਈਆਂ ਦੀ ਹੋ ਗਈ ਸੀ। ਕਈ ਵਾਰ ਬੋਤਲ ਮੁੱਲ ਲੈਣ ਗਿਆਂ ਉਹ ਆਪਣੇ ਬਚਿਆਂ ਦੇ ਟੀਚਰਜ਼ ਨੂੰ ਮੈੱਸ ਵਿਚ ਲਿਜਾ ਕੇ ਪਿਆ ਵੀ ਦਿੰਦੇ ਅਤੇ ਮੈੱਸ ਵਿਚ ਖਾਣਾ ਵੀ ਖਵਾ ਦਿੰਦੇ। ਆਪਣੇ ਸਾਲਾਨਾ ਦਿਨ ਉਤੇ ਆਉਣ ਦਾ ਸੱਦਾ ਵੀ ਦੇਂਦੇ।

ਰੇਲਵੇ ਮੁਲਾਜ਼ਮਾਂ ਦੇ ਬੱਚੇ ਜੋ ਸਾਡੇ ਕੋਲ ਪੜ੍ਹਦੇ ਸਨ, ਉਹਨਾਂ ਰਾਹੀਂ ਰੇਲ ਦੀ ਅਡਵਾਂਸ ਬੁਕਿੰਗ ਕਰਵਾਉਣੀ ਆਸਾਨ ਹੋ ਜਾਂਦੀ ਜਾਂ ਕਈ ਵਾਰ ਬਿਨ ਟਿਕਟੇ ਸਫਰ ਕਰਨ ਦੀ ਸਹੂਲਤ ਵੀ ਮਿਲ ਜਾਂਦੀ। ਹੁਣ ਮੈਨੂੰ ਲਖੋ ਕੇ ਬਹਿਰਾਮ ਵਾਲਾ ਸਕੂਲ ਬੇਕਾਰ ਲਗਦਾ ਜਿਥੇ ਦੋਬਾਰਾ ਜਾ ਕੇ ਮੈਂ ਕਈ ਮਹੀਨੇ ਵਿਅਰਥ ਖਰਾਬ ਕੀਤੇ ਸਨ। ਜੇ ਮੈਂ ਅਗੇ ਵਧਣਾ ਸੀ ਤਾਂ ਮੈਨੂੰ ਪਿਛੇ ਵੱਲ ਝਾਤੀ ਮਾਰਨੀ ਛਡ ਦੇਣੀ ਚਾਹੀਦੀ ਸੀ। ਭਾਵੇਂ ਅਜੇ ਵੀ ਕਈ ਵਾਰ ਮਨ ਬੇਕਾਬੂ ਹੋ ਕੇ ਪਿਛਲ ਝਾਤ ਮਾਰਨੋਂ ਨਹੀਂ ਹਟਦਾ ਸੀ ਪਰ ਮੈਂ ਹੁਣ ਅਗੇ ਵਧਣ ਦੀ ਸੋਚ ਰਿਹਾ ਸਾਂ। ਇਸ ਸਕੂਲ ਦੇ ਅਧਿਆਪਕ ਕਾਫੀ ਪੜ੍ਹੇ ਹੋਏ ਸਨ ਜਿਵੇਂ ਜੋ ਲੈਕਚਰਰ ਗਰੇਡ ਵਿਚ ਸਨ, ਉਹ ਅਵੱਸ਼ ਹੀ ਸਾਰੇ ਐਮ.ਏ. ਪਾਸ ਸਨ ਅਤੇ ਜਿਹੜੇ ਬੀ. ਐਡ. ਸਨ, ਉਹਨਾਂ ਵਿਚੋਂ ਵੀ ਕਈ ਐਮ. ਏ. ਪਾਸ ਸਨ ਜਿਨ੍ਹਾਂ ਨੇ ਲੈਕਚਰਰ ਪਰੋਮੋਟ ਹੋਣ ਲਈ ਐਮ. ਏ. ਦੀਆਂ ਡਿਗਰੀਆਂ ਹਾਸਲ ਕਰ ਲਈਆਂ ਸਨ ਪਰ ਸਿਤਮ ਜ਼ਰੀਫੀ ਇਹ ਸੀ ਕਿ ਇਹਨਾਂ ਵਿਚੋਂ ਬਹੁਤੇ ਥਰਡ ਕਲਾਸ ਐਮ. ਏ. ਸਨ।

ਭਾਵੇਂ ਮੈਂ ਫਿਰੋਜ਼ਪੁਰ ਜਾਂ ਇਹਦੇ ਆਲੇ ਦਵਾਲੇ ਵਿਚ ਸੰਨ1951ਤੋਂ ਰਹਿ ਰਿਹਾ ਸਾਂ ਪਰ ਨਿੱਠ ਕੇ ਫਿਰੋਜ਼ਪੁਰ ਬਾਰੇ ਪੂਰਾ ਗਿਆਨ ਹਾਸਲ ਨਹੀਂ ਸੀ ਕੀਤਾ। ਜਦ ਇਸ ਬਾਰੇ ਮੈਂ ਕੁਝ ਹੋਰ ਖੋਜ ਕੀਤੀ ਤਾਂ ਪਤਾ ਲਗਾ ਕਿ ਫਿਰੋਜ਼ਪੁਰ ਸੁਲਤਾਨ ਫਿਰੋਜ਼ ਸ਼ਾਹ ਤੁਗਲਕ ਨੇ ਓਸ ਵੇਲੇ ਵਸਾਇਆ ਸੀ ਜਦੋਂ ਉਹਦੀ ਹਕੂਮਤ ਦਾ ਦੌਰ ਸੀ ਅਤੇ ਇਹ ਸਮਾਂ 1351 ਈ. ਤੋਂ ਲੈ ਕੇ 1388 ਈ. ਤਕ ਦਾ ਸੀ। ਉਸ ਵੇਲੇ ਸਤਲੁਜ ਦਰਿਆ ਸ਼ਹਿਰ ਦੇ ਲਾਗਿਉਂ ਲੰਘਦਾ ਸੀ ਅਤੇ ਜਿਸਦਾ ਵਹਾ ਹੌਲੀ ਹੌਲੀ ਪਰ੍ਹਾਂ ਕਸੂਰ ਵੱਲ ਨੂੰ ਹੋ ਗਿਆ ਸੀ। 23 ਮਾਰਚ, 1931 ਨੂੰ ਏਸੇ ਸਤਲੁਜ ਦਰਿਆ ਉਤੋਂ ਲੰਘਦੀ ਰੇਲਵੇ ਲਾਈਨ ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਲਾਸ਼ਾਂ ਦੇ ਟੁਕੜੇ ਕਰ ਕੇ ਅਗ ਨਾਲ ਅਧ ਪਚੱਧ ਸਾੜ ਕੇ ਲਾਸ਼ਾਂ ਨੂੰ ਦਰਿਆ ਸਤਲੁਜ ਵਿਚ ਸੁੱਟ ਦਿਤਾ ਗਿਆ ਸੀ। ਹੁਣ ਇਹ ਥਾਂ ਦਰਿਆਓਂ ਪਾਰ ਬਿਲਕੁਲ ਪਾਕਿਸਤਾਨ ਦੀ ਹਦ ਦੇ ਉਤੇ ਸੀ ਅਤੇ ਏਥੇ ਖਲੋ ਕੇ ਪਾਕਿਸਤਾਨ ਵਾਲੇ ਪਾਸੇ ਵੱਲ ਤੁਰੇ ਫਿਰਦੇ ਸਤਲੁਜ ਰੇਂਜਰ ਦੇ ਸਿਪਾਹੀ ਦਿਸ ਪੈਂਦੇ ਸਨ। ਹੁਣ ਤਾਂ ਏਥੇ ਜ਼ਿਆਦਾ ਹਰਿਆਵਲ ਹੋਣ ਕਰ ਕੇ ਦੂਜੇ ਪਾਸੇ ਦਾ ਬਹੁਤਾ ਪਤਾ ਨਹੀਂ ਲਗਦਾ।

ਇਸ ਸ਼ਹਿਰ ਜਾਂ ਇਲਾਕੇ ਦੀ ਸਭ ਤੋਂ ਵਡੀ ਮਹਤਤਾ ਇਹ ਵੀ ਸੀ ਕਿ ਸਿੱਖਾਂ ਅਤੇ ਅੰਗਰੇਜ਼ਾਂ ਦੀਆਂ ਪਹਿਲੀਆਂ ਲੜਾਈਆਂ (ਐਂਗਲੋ ਸਿੱਖ ਵਾਰਜ਼) ਵੀ ਫਿਰੋਜ਼ਪੁਰ ਬਾਰਾਂ ਤੇਰਾਂ ਮੀਲ ਦੀ ਵਿਥ ਭਾਵ ਬਹੁਤ ਲਾਗੇ ਹੋਈਆਂ ਸਨ ਜਿਵੇਂ ਮੁਦਕੀ, ਫਿਰੋਜ਼ਸ਼ਾਹ ਅਤੇ ਫਿਰ ਸਭਰਾਵਾਂ ਦੀ ਜੰਗਾਂ ਜਿਨ੍ਹਾਂ ਵਿਚ ਸਿੱਖਾਂ ਦੀ ਹਾਰ ਅਤੇ ਗੋਰਿਆਂ ਦੀ ਜਿੱਤ ਹੋਈ ਸੀ। ਸਭਰਾਵਾਂ ਤੋਂ ਹੀ ਦਰਿਆ ਪਾਰ ਕਰ ਕੇ ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਵਾਲੇ ਪੰਜਾਬ ਵਿਚ ਦਾਖਲ ਹੋਏ ਸਨ ਅਤੇ ਆਖਰ 18

ਮਾਰਚ, 1849 ਈ. ਨੂੰ ਪਿੰਡ ਲਲਿਆਣੀ ਵਿਖੇ ਜੋ ਇਸ ਵੇਲੇ ਪਾਕਿਸਤਾਨ ਵਿਚ ਕਸੂਰ ਦੇ ਕੋਲ ਪੈਂਦਾ ਹੈ, ਸਿੱਖ ਰਾਜ ਦੇ ਆਖਰੀ ਬਾਦਸ਼ਾਹ ਬਾਲ ਮਹਾਰਾਜੇ ਦਲੀਪ ਸਿੰਘ ਕੋਲੋਂ ਡੋਗਰਿਆਂ ਨੇ ਅੰਗਰੇਜ਼ਾਂ ਅਗੇ ਹਥਿਆਰ ਸੁਟਣ ਦੀ ਰਸਮ ਕਰਵਾ ਕੇ ਅੰਗਰੇਜ਼ਾਂ ਦਾ ਪੰਜਾਬ ਉਤੇ ਕਬਜ਼ਾ ਕਰਵਾ ਦਿਤਾ ਅਤੇ ਪੰਜਾਬ ਨੂੰ ਹਿੰਦੋਸਤਾਨ ਵਿਚ ਦਾਖਲ ਕਰ ਲਿਆ। ਮੈਂ 1964 ਦੇ ਅਖੀਰ ਵਿਚ ਇਸ ਮਾਣ ਮਤੇ ਇਤਿਹਾਸ ਨਾਲ ਜੁੜ ਕੇ ਅਤੇ ਇਸ ਤੋਂ ਪ੍ਰੇਰਣਾ ਲੈ ਕੇ ਅਗੇ ਨਿਕਲਣ ਦੀ ਸੋਚ ਰਿਹਾ ਸਾਂ। ਇਕ ਤਰੀਕਾ ਤਾਂ ਇਹ ਸੀ ਕਿ ਮੈਂ ਅਗੇ ਪੜ੍ਹਾਂ ਤੇ ਆਪਣੀ ਅਧੂਰੀ ਪੜ੍ਹਾਈ ਪੂਰੀ ਕਰਾਂ ਭਾਵ ਪਹਿਲਾਂ ਬੀ. ਏ. ਤੇ ਫਿਰ ਐਮ. ਏ. ਕਰਾਂ ਤੇ ਕਿਸੇ ਕਾਲਜ ਵਿਚ ਪ੍ਰੋਫੈਸਰ ਜਾ ਲੱਗਾਂ ਪਰ ਮੈਨੂੰ ਬੀ. ਏ. ਕਰਨੀ ਬੜੀ ਔਖੀ ਲਗਦੀ ਸੀ। ਮੈਂ ਸਿੱਧਾ ਐਮ. ਏ. ਦਾ ਇਮਤਿਹਾਨ ਦੇਣਾ ਚਹੁੰਦਾ ਸਾਂ ਅਤੇ ਐਮ. ਏ. ਦੀਆਂ ਸਾਰੀਆਂ ਕਿਤਾਬਾਂ ਮੈਂ ਸਿਰਫ ਪੜ੍ਹ ਹੀ ਨਹੀਂ ਲਈਆਂ ਸਨ ਸਗੋਂ ਮੈਨੂੰ ਜ਼ਬਾਨੀ ਯਾਦ ਸਨ। ਦੂਜਾ ਅਗੇ ਵਧਣ ਦਾ ਤਰੀਕਾ ਇਹ ਸੀ ਕਿ ਮੈਂ ਇੰਗਲੈਂਡ ਨਿਕਲ ਜਾਵਾਂ। ਉਹਨੀਂ ਦਿਨੀਂ ਇੰਗਲੈਂਡ ਦਾ ਵੋਚਰ ਮਿਲਦਾ ਸੀ ਅਤੇ ਕਈ ਟੀਚਰ ਅਤੇ ਸਾਬਕਾ ਫੌਜੀ ਇੰਗਲੈਂਡ ਨੂੰ ਜਾ ਰਹੇ ਸਨ। ਮੇਰੇ ਕੋਲ ਗਿਆਰਵੀਂ ਵਿਚ ਪੜ੍ਹਦੇ ਇਕ ਮੁੰਡੇ ਪਰਮਜੀਤ ਦਾ ਪਿਓ ਜਿਸ ਦੀ ਮਾਂ ਟਾਹਲੀ ਮੁਹਲੇ ਗੌਰਮਿੰਟ ਪ੍ਰਾਇਮਰੀ ਸਕੂਲ ਵਿਚ ਟੀਚਰ ਸੀ ਅਤੇ ਪਿਓ ਸਾਬਕਾ ਫੌਜੀ ਸੀ, ਇੰਗਲੈਂਡ ਚਲਾ ਗਿਆ ਸੀ। ਉਸਦੀ ਮਾਂ ਬੜੀ ਖੂਬਸੂਰਤ ਸੀ ਅਤੇ ਫਿਰੋਜ਼ਪੁਰ ਸ਼ਹਿਰ ਦੇ ਸਕੂਲ ਵਿਚ ਆਉਣ ਤੋਂ ਪਹਿਲਾਂ ਜ਼ੀਰੇ ਅਤੇ ਤਲਵੰਡੀ ਭਾਈ ਵਗੈਰਾ ਸਕੂਲਾਂ ਵਿਚ ਪੜ੍ਹਾਂਦੀ ਰਹੀ ਸੀ। ਉਹਦੇ ਹੁਸਨ ਦੀਆਂ ਬੜੀਆਂ ਧੁੰਮਾਂ ਸਨ। ਲੋਕ ਗੱਲਾਂ ਕਰਦੇ ਹਨ ਕਿ ਜਸਵੰਤ ਸਿੰਘ ਕੰਵਲ ਨੇ ਉਹਦੇ ਤੇ ਇਕ ਨਾਵਲ ਲਿਖਿਆ ਸੀ ਜਿਸ ਦਾ ਨਾਂ ਸ਼ਾਇਦ ਰੂਪ ਧਾਰਾ ਸੀ। ਮੈਂ ਕੰਵਲ ਦੇ ਓਸ ਵੇਲੇ ਦੇ ਸਾਰੇ ਨਾਵਲ ਤਾਂ ਪੜ੍ਹੇ ਹੋਏ ਸਨ ਪਰ ਮੈਨੂੰ ਕਿਸੇ ਨਾਵਲ ਉਸ ਖੂਬਸੂਰਤ ਟੀਚਰ ਦੀ ਨੁਹਾਰ ਨਹੀਂ ਦਿਸੀ ਸੀ ਕਿ ਉਸ ਨੂੰ ਕਿਸ ਪਾਤਰ ਦੇ ਰੂਪ ਵਿਚ ਕੰਵਲ ਨੇ ਆਪਣੇ ਨਾਵਲ ਵਿਚ ਪੇਸ਼ ਕੀਤਾ ਸੀ। ਏਨਾ ਮੈਨੂੰ ਪਤਾ ਸੀ ਕਿ ਕੰਵਲ ਇਕ ਵਧੀਆ ਨਾਵਲਿਸਟ ਸੀ, ਲੋਕ ਉਹਦੇ ਨਾਵਲ ਪੜ੍ਹਦੇ ਸਨ ਅਤੇ ਮੈਨੂੰ ਇਹ ਵੀ ਪਤਾ ਸੀ ਕਿ ਉਹ ਇਸ਼ਕੀ ਟੱਟੂ ਸੀ। ਜਦ ਕਦੀ ਉਹ ਫਿਰੋਜ਼ਪੁਰ ਆਉਂਦਾ ਤਾਂ ਮੈਨੂੰ ਨਾਲ ਲੈ ਕੇ ਓਸ ਬਾਜ਼ਾਰ ਦਾ ਚੱਕਰ ਜ਼ਰੂਰ ਮਾਰਦਾ ਜਿਧਰ ਹੀਰਾ ਮੰਡੀ ਪੈਂਦੀ ਸੀ। ਦਸਦੇ ਸਨ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਇਹ ਥਾਂ ਮੌਜ ਮੁਜਰੇ ਦਾ ਗੜ੍ਹ ਮੰਨੀ ਜਾਂਦੀ ਸੀ। ਕੰਵਲ ਵੰਡ ਤੋਂ ਪਹਿਲਾਂ ਦੀਆਂ ਆਪਣੀਆਂ ਲਾਹੌਰ ਫੇਰੀ ਦੀਆਂ ਗੱਲਾਂ ਵੀ ਸੁਣਾਂਦਾ ਹੁੰਦਾ ਸੀ।

ਮੈਂ ਯੂਨੀਵਰਸਿਟੀ ਨੂੰ ਚਿਠੀ ਲਿਖੀ ਕਿ ਮੈਂ ਐਫ. ਏ. ਤੇ ਗਿਆਨੀ ਪਾਸ ਕੀਤੀ ਹੋਈ ਹੈ ਤੇ ਮੈਨੂੰ ਸਿੱਧਾ ਐਮ. ਏ. ਪੰਜਾਬੀ ਦਾ ਇਮਤਿਹਾਨ ਦੇਣ ਦੀ ਇਜਾਜ਼ਤ ਦਿਤੀ ਜਾਵੇ। ਯੂਨੀਵਰਸਿਟੀ ਦਾ ਜਵਾਬ ਆ ਗਿਆ ਕਿ ਇੰਜ ਨਹੀਂ ਹੋ ਸਕਦਾ। ਪਹਿਲਾਂ ਬੀ. ਏ. ਪਾਸ ਕਰਨੀ ਪਵੇਗੀ। ਜਦ ਮੈਂ ਇਹ ਗੱਲ ਮਹਿੰਦਰ ਸਿੰਘ ਜੋਸ਼ੀ ਨੂੰ ਦੱਸੀ ਜੋ ਫਿਰੋਜ਼ਪੁਰ ਅਡੀਸ਼ਨਲ ਸੈਸ਼ਨ ਜੱਜ ਲੱਗਾ ਹੋਇਆ ਸੀ ਤਾਂ ਬੜਾ ਹਸਿਆ ਤੇ ਕਹਿਣ ਲੱਗਾ ਕਿ ਮੈਂ ਵੀ ਜਦੋਂ ਐਫ. ਏ. ਤੇ ਗਿਆਨੀ ਪਾਸ ਕੀਤੀ ਤਾਂ ਇਸ ਤਰ੍ਹਾਂ ਦੀ ਚਿਠੀ ਯੂਨੀਵਰਸਿਟੀ ਨੂੰ ਲਿਖੀ ਸੀ ਅਤੇ ਮੈਨੂੰ ਵੀ ਇਹੋ ਜਿਹਾ ਜਵਾਬ ਆਇਆ ਸੀ। ਜੋਸ਼ੀ ਸਾਹਿਬ ਨੇ ਮੇਰੇ ਮਗਰ ਪੈ ਕੇ ਬੀ. ਏ. ਦਾ ਦਾਖਲਾ ਕੋਲੋਂ ਘਲਵਾ ਦਿਤਾ ਅਤੇ ਦੋ ਗੱਲਾਂ ਤਹਿ ਹੋਈਆਂ ਕਿ ਇਕ ਤਾਂ ਉਹ ਮੈਨੂੰ ਪੜ੍ਹਾਇਆ ਕਰੇਗਾ, ਦੂਜਾ ਬੀ ਏ ਪਾਸ ਕਰਨ ਮਗਰੋਂ ਮੈਂ ਉਹਨੂੰ ਦਾਖਲੇ ਲਈ ਦਿਤੇ ਪੈਸੇ ਕਿਸ਼ਤਾਂ ਵਿਚ ਮੋੜ ਦਿਆਂਗਾ।

ਮੈਡਮ ਬਿੰਦੂ ਦੀ ਭੈਣ ਦਾ ਲੜਕਾ ਮੋਹਨ ਹੁਣ ਮੇਰੇ ਕੋਲ ਪੜ੍ਹਨ ਆਉਂਦਾ ਸੀ। ਉਹ ਦਸਵੀਂ ਵਿਚ ਹੋ ਗਿਆ ਸੀ ਅਤੇ ਮੈਂ ਫਿਰ ਉਸਦੀ ਕਲਾਸ ਦਾ ਇਨਚਾਰਜ ਸਾਂ। ਇਹ ਸੰਨ 1964 ਦੇ ਆਖਰੀ ਮਹੀਨੇ ਦੇ ਸ਼ੁਰੂ ਦੇ ਦਿਨ ਸਨ ਅਤੇ ਠੰਢ ਪੈਣੀ ਸ਼ੁਰੂ ਹੋ ਗਈ ਸੀ। ਕਿੰਨਾ ਚੰਗਾ ਸੀ ਕਿ ਮੈਨੂੰ ਐਨੀ ਠੰਢ ਵਿਚ ਸਾਈਕਲ ਉਤੇ ਲਖੋ ਕੇ ਬਹਿਰਾਮ ਪੜ੍ਹਾਣ ਨਹੀਂ ਜਾਣਾ ਪੈਂਦਾ ਸੀ। ਇਕ ਦਿਨ ਮੋਹਨ ਨੇ ਸੁਨੇਹਾ ਦਿਤਾ ਕਿ ਮਾਸੀ ਜੀ ਕਹਿੰਦੇ ਸਨ ਆ ਕੇ ਮਿਲ ਜਾਓ ਅਤੇ ਨਾਲੇ ਕਿਤਾਬਾਂ ਲੈ ਜਾਓ। ਮੈਂ ਕਿਹਾ ਕਿ ਮੈਂ ਛੁਟੀ ਵਾਲੇ ਦਿਨ ਆਵਾਂਗਾ। ਐਤਵਾਰ ਨੂੰ ਮੈਂ ਸਟੋਵ ਠੀਕ ਕਰਵਾਣਾ ਸੀ ਜੋ ਮੈਂ ਅਕਸਰ ਛਾਉਣੀ ਦੇ ਸਦਰ ਬਾਜ਼ਾਰ ਦੇ ਅਖੀਰ ਤੇ ਮਿੱਟੀ ਦੇ ਤੇਲ ਨਾਲ ਹਵਾ ਭਰ ਕੇ ਚਲਣ ਵਾਲੇ ਸਟੋਵਾਂ ਦੇ ਮਾਹਰ ਇਕ ਮਿਸਤਰੀ ਕੋਲੋਂ ਆਪਣਾ ਸਟੋਵ ਠੀਕ ਕਰਵਾਇਆ ਕਰਦਾ ਸਾਂ। ਲਗਾਤਾਰ ਵਰਤੋਂ ਨਾਲ ਇਹਨਾਂ ਹਵਾ ਭਰ ਕੇ ਚਲਾਉਣ ਵਾਲੇ ਪਿੱਤਲ ਦੇ ਸਟੋਵਾਂ ਦੇ ਨਿੱਪਲ ਸਾਫ ਕਰਵਾਣੇ ਜਾਂ ਬਦਲਾਣੇ ਪੈਂਦੇ ਸਨ। ਕਈ ਵਾਰ ਹਵਾ ਭਰਨ ਵਾਲੇ ਪੰਪ ਦੀ ਵਾਛਲ ਬਦਲਾਣੀ ਪੈਂਦੀ ਸੀ। ਮੇਰੀ ਬੀਵੀ ਵੀ ਛਾਉਣੀ ਜਾਣ ਲਈ ਤਿਆਰ ਹੋ ਗਈ ਅਤੇ ਮੈਂ ਉਹਨੂੰ ਸਾਈਕਲ ਮਗਰ ਬਠਾਇਆ ਅਤੇ ਸਟੋਵ ਵਾਲਾ ਥੈਲਾ ਹੈਂਡਲ ਨਾਲ ਲਮਕਾਇਆ ਤੇ ਅਸੀਂ ਮੈਮ ਬਿੰਦੂ ਦੇ ਘਰ ਚਲੇ ਗਏ। ਮੈਂ ਉਸ ਲਈ ਕੁਝ ਹੋਰ ਕਿਤਾਬਾਂ ਵੀ ਲੈ ਲਈਆਂ ਸਨ। ਓਸ ਬੜੇ ਪਿਆਰ ਨਾਲ ਸਾਨੂੰ ਚਾਹ ਪਿਆਈ ਅਤੇ ਮੈਂ ਇਹ ਕਹਿ ਕੇ ਬਾਜ਼ਾਰ ਚਲਾ ਗਿਆ ਕਿ ਸਟੋਵ ਠੀਕ ਕਰਵਾ ਲਿਆਵਾਂ। ਮੇਰੀ ਘਰ ਵਾਲੀ ਬਿੰਦੂ ਕੋਲ ਹੀ ਠਹਿਰ ਗਈ। ਮੈਨੂੰ ਸਟੋਵ ਠੀਕ ਕਰਵਾਂਦਿਆਂ ਕਾਫੀ ਸਮਾਂ ਲੱਗ ਗਿਆ ਕਿਉਂਕਿ ਸਟੋਵ ਠੀਕ ਕਰਨ ਵਾਲੇ ਕੋਲ ਐਤਵਾਰ ਹੋਣ ਕਰ ਕੇ ਬੜਾ ਰਸ਼ ਸੀ। ਪਹਿਲਾਂ ਤਾਂ ਉਹ ਕਹਿਣ ਲੱਗਾ ਕਿ ਕੱਲ ਲੈ ਜਾਇਓ। ਮੈਂ ਕਿਹਾ ਕਿ ਅਸੀਂ ਰੋਟੀ ਕਿਵੇਂ ਪਕਾਵਾਂਗੇ ਇਸ ਲਈ ਮੈਂ ਠੀਕ ਕਰਵਾ ਕੇ ਹੀ ਲਿਜਾਣਾ ਹੈ। ਜਦ ਤਕ ਸਟੋਵ ਠੀਕ ਹੋਇਆ ਤਾਂ ਕਾਫੀ ਹਨੇਰਾ ਹੋ ਚੁਕਾ ਸੀ ਅਤੇ ਠੰਢ ਵੀ ਕਾਫੀ ਹੋ ਗਈ ਸੀ।

ਜਦੋਂ ਮੈਂ ਮੈਡਮ ਬਿੰਦੂ ਦੇ ਘਰ ਪਹੁੰਚਿਆ ਤਾਂ ਕਾਫੀ ਦੇਰ ਹੋ ਚੁਕੀ ਸੀ। ਮੈਂ ਦੇਰ ਲੱਗਣ ਦਾ ਕਾਰਨ ਦਸਿਆ ਤਾਂ ਮੇਰੀ ਬੀਵੀ ਦਾ ਗੁੱਸਾ ਠੰਢਾ ਹੋ ਗਿਆ ਤੇ ਮੈਂ ਕਿਹਾ ਚਲੋ ਘਰ ਨੂੰ ਚਲੀਏ। ਪਹਿਲਾਂ ਈ ਬੜੇ ਲੇਟ ਹੋ ਗਏ ਹਾਂ ਤਾਂ ਮੈਡਮ ਬਿੰਦੂ ਕਹਿਣ ਲੱਗੀ ਕਿ ਖਾਣਾ ਖਾ ਕੇ ਜਾਇਓ, ਖਾਣਾ ਤਿਆਰ ਹੈ ਅਤੇ ਮੈਂ ਤਾਜ਼ੇ ਫੁਲਕੇ ਲਾਹੁਣ ਲੱਗੀ ਹਾਂ। ਮੇਰੀ ਬੀਵੀ ਨੇ ਕਿਹਾ ਕਿ ਮੈਂ ਭੈਣ ਜੀ ਨੂੰ ਬਹੁਤ ਕਿਹਾ ਸੀ ਪਰ ਇਹ ਨਹੀਂ ਮੰਨੇ ਤੇ ਕਹਿਣ ਲਗੇ ਕਿ ਜਾ ਕੇ ਕਿਥੇ ਬਣਾਓਗੇ ਅਤੇ ਬੱਚਿਆਂ ਲਈ ਵੀ ਕਹਿੰਦੇ ਹਨ ਕਿ ਨਾਲ ਲੈ ਜਾਇਓ। ਰੋਟੀ ਬੜੀ ਸਾਦੀ ਸੀ, ਇਕ ਦਾਲ ਤੇ ਇਕ ਸਬਜ਼ੀ ਪਰ ਅੰਤਾਂ ਦੀ ਸਵਾਦ ਸੀ। ਨਾਲ ਮੂਲੀ ਤੇ ਪਿਆਜ਼ ਚੀਰ ਕੇ ਰਖਿਆ ਹੋਇਆ ਸੀ ਤੇ ਗਲਗਲ ਦਾ ਆਚਾਰ ਵੀ। ਸਾਦਾ ਤੇ ਸਵਾਦ ਖਾਣਾ ਖਾ ਕੇ ਮਨ ਤਨ ਦੀ ਤ੍ਰਿਪਤੀ ਹੋ ਗਈ। ਨਾਂਹ ਨਾਂਹ ਕਰਦਿਆਂ ਵੀ ਬੱਚਿਆਂ ਲਈ ਖਾਣਾ ਪੈਕ ਕਰ ਕੇ ਦੇ ਦਿਤਾ। ਰਸਤੇ ਵਿਚ ਮੇਰੀ ਬੀਵੀ ਨੇ ਦਸਿਆ ਕਿ ਤੁਹਾਡੇ ਜਾਣ ਬਾਅਦ ਮੈਡਮ ਨੇ ਕੋਈ ਗੱਲ ਨਹੀਂ ਕੀਤੀ ਅਤੇ ਚੁੱਪ ਚਾਪ ਨਾਲ ਦੇ ਕਮਰੇ ਵਿਚ ਜਾ ਕੇ ਖਾਣਾ ਤਿਆਰ ਕਰਨ ਲੱਗ ਪਈ। ਮੈਂ ਦਸਿਆ ਕਿ ਮੈਂ ਜਿੰਨੀ ਵਾਰ ਵੀ ਮਿਲਿਆ ਹਾਂ, ਉਹ ਬਹੁਤ ਘੱਟ ਬੋਲਦੀ ਹੈ ਅਤੇ ਮਤਲਬ ਦੀ ਗੱਲ ਤੋਂ ਬਗੈਰ ਹੋਰ ਕੋਈ ਗੱਲ ਨਹੀਂ ਕਰਦੀ। ਉਸ ਨੂੰ ਫਰਕ ਰਖਣਾ ਆਉਂਦਾ ਹੈ ਅਤੇ ਇਹੀ ਉਹਦੇ ਵਿਅਕਤੀਤਵ ਦਾ ਗੁਣ ਹੈ। ਰਾਤ ਨੂੰ ਸੌਣ ਵੇਲੇ ਉਹ ਮੇਰੇ ਖਿਆਲਾਂ ਵਿਚ ਘੁੰਮਦੀ ਰਹੀ ਅਤੇ ਮੈਂ ਉਸਦੇ ਗੰਭੀਰ ਤੇ ਸ਼ਾਂਤ ਚਿੱਤ ਸੁਭਾਅ ਬਾਰੇ ਸੋਚਦਾ ਰਿਹਾ ਕਿ ਇਹ ਔਰਤ ਏਨੀ ਡੂੰਘੀ ਕਿਉਂ ਸੀ। ਕੀ ਇਸ ਦੇ ਮਨ ਅੰਦਰ ਕੋਈ ਐਸਾ ਭੇਤ ਹੈ ਜਾਂ ਇਸ ਨੂੰ ਕੋਈ ਸਦਮਾ ਲਗਾ ਹੈ ਜੋ ਇਹ ਬਹੁਤ ਘੱਟ ਬੋਲਦੀ ਹੈ ਅਤੇ ਸੀਮਾ ਜਾਂ ਆਪਣੀ ਲਛਮਨ ਰੇਖਾ ਤੋਂ ਪਾਰ ਨਹੀਂ ਹੁੰਦੀ। ਏਨਾ ਕੁ ਪਤਾ ਤਾਂ ਲਗ ਗਿਆ ਸੀ ਕਿ ਇਹ ਤੀਹ ਸਾਲ ਦੀ ਉਮਰ ਟੱਪਣ ਤੋਂ ਬਾਅਦ ਵੀ ਅਜੇ ਤਕ ਕਵਾਰੀ ਸੀ ਅਤੇ ਆਪਣੇ ਮਾਪਿਆਂ ਦੀ ਮੌਤ ਤੋਂ ਬਾਅਦ ਆਪਣੇ ਭੈਣ ਭਰਾਵਾਂ ਨੂੰ ਸੈੱਟ ਕਰਦੀ ਰਹੀ ਸੀ। ਇਸ ਕਾਰਨ ਇਹਨੇ ਵਿਆਹ ਨਹੀਂ ਸੀ ਕਰਵਾਇਆ। ਮੈਂ ਇਹ ਵੀ ਸੋਚਦਾ ਕਿ ਜੇਕਰ ਇਸ ਔਰਤ ਨੇ ਆਪਣਾ ਹੁਸਨ ਅਤੇ ਅਸਤਿਤਵ ਕਾਇਮ ਰਖਣਾ ਹੈ ਤਾਂ ਇਸ ਨੂੰ ਵਿਆਹ ਕਰਵਾਣਾ ਵੀ ਨਹੀਂ ਚਾਹੀਦਾ। ਇਸ ਕੋਲ ਉਚੀ ਵਿਦਿਆ ਅਤੇ ਚੰਗੀ ਤਨਖਾਹ ਵਾਲੀ ਬੜਵੀਂ ਨੌਕਰੀ ਸੀ ਅਤੇ ਸਕੂਲ ਤੋਂ ਘਰ ਅਤੇ ਘਰ ਤੋਂ ਸਕੂਲ ਦੀ ਨੇਮ ਬਧ ਆਵਾਜਾਈ ਤੋਂ ਅਗੇ ਜਿਵੇਂ ਉਸਦੀ ਕੋਈ ਖਾਹਸ਼ ਜਾਂ ਰੀਝ ਨਹੀਂ ਸੀ। ਮੈਂ ਇਹ ਵੀ ਵੇਖ ਲਿਆ ਸੀ ਕਿ ਇਸ ਖੂਬਸੂਰਤ ਔਰਤ ਦੇ ਕੰਨ ਵੀ ਨਹੀਂ ਵਿੰਨ੍ਹੇ ਹੋਏ ਸਨ। ਹਾਲਾਂਕਿ ਜੇ ਕੰਨ ਵਿੰਨ੍ਹੇ ਹੋਏ ਹੁੰਦੇ ਤੇ ਉਹਨਾਂ ਵਿਚ ਸੋਨੇ ਦੇ ਟੌਪਸ ਪਾਏ ਹੁੰਦੇ ਤਾਂ ਕਿੰਨੇ ਸੁਹਣੇ ਲਗਣੇ ਸਨ। ਇਸ ਨੂੰ ਗਹਿਣੇ ਪਾਉਣ ਜਾਂ ਹਾਰ ਸ਼ਿੰਗਾਰ ਕਰਨ ਦਾ ਕੋਈ ਸ਼ੌਕ ਨਹੀਂ ਸੀ। ਉਹ ਬੜੀ ਸਾਦੀ ਸੀ ਅਤੇ ਸਫੈਦ ਕਪੜੇ ਪੌਂਦੀ ਸੀ। ਉਸ ਨੇ ਆਪਣੀਆਂ ਬਹੁਤ ਸਾਰੀਆਂ ਦੁਨਿਆਵੀ ਖਾਹਸ਼ਾਂ ਉਤੇ ਕੰਟਰੋਲ ਕੀਤਾ ਹੋਇਆ ਸੀ। ਸਕੂਲ, ਮੁਹੱਲੇ ਅਤੇ ਸਟਾਫ ਤੋਂ ਇਲਾਵਾ ਸਕੂਲ ਮੈਨਜਮੈਂਟ ਵਿਚ ਉਹਦੀ ਬੜੀ ਇੱਜ਼ਤ ਸੀ।

## ਕਿਸ਼ਤ 59- ਇੰਗਲੈਂਡ ਦੀਆਂ ਤਿਆਰੀਆਂ

1963-64 ਦਾ ਸਮਾਂ ਸੀ ਜਦ ਪੰਜਾਬ ਵਿਚੋਂ ਬਹੁਤ ਲੋਕ ਵੋਚਰ ਸਿਸਟਮ ਰਾਹੀਂ ਇੰਗਲੈਂਡ ਨੂੰ ਜਾ ਰਹੇ ਸਨ। ਮਿਸਟਰ ਭਗਵਾਨ ਦਾਸ ਸਿੰਗਲਾ ਜੋ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਵਿਚ ਮਾਸਟਰ ਸੀ ਤੇ ਜੇ. ਬੀ. ਟੀ. ਹੋਸਟਲ ਦਾ ਸੁਪਰਡੰਟ ਸੀ, ਮੈਨੂੰ ਜੇ. ਬੀ. ਟੀ. ਹੋਸਟਲ ਦੇ ਸੁਪਰਡੰਟ ਦਾ ਚਾਰਜ ਦੇ ਕੇ ਪਰਵਾਰ ਅਤੇ ਮਹਿਕਮੇ ਦੀਆਂ ਅਨੇਕਾਂ ਰੋਕਾਂ ਡਹੁਣ ਦੇ ਬਾਵਜੂਦ ਇੰਗਲੈਂਡ ਲਈ ਰਵਾਨਾ ਹੋ ਗਿਆ। ਉਸ ਦੀ ਵੇਖੋ ਵੇਖੀ ਹੋਰ ਵੀ ਕਈ ਟੀਚਰਜ਼ ਵੋਚਰ ਰਾਹੀਂ ਇੰਗਲੈਂਡ ਜਾਣ ਦੀਆਂ ਤਿਆਰੀਆਂ ਵਿਚ ਸਨ। ਨਾਲ ਦੇ ਕੁੜੀਆਂ ਦੇ ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ ਦੀ ਇਕ ਬੜੀ ਫੈਸ਼ਨੇਬਲ ਟੀਚਰ ਮਿਸ ਮਹਾਜਨ ਨੂੰ ਵੀ ਇੰਗਲੈਂਡ ਦਾ ਵੋਚਰ ਮਿਲ ਗਿਆ ਸੀ ਅਤੇ ਉਹ ਵੀ ਇੰਗਲੈਂਡ ਜਾਣ ਦੀ ਤਿਆਰੀ ਵਿਚ ਸੀ। ਫਿਰੋਜ਼ਪੁਰ ਦੀ ਇਕ ਨਰਸ ਜੋ ਅਜੇ ਕਵਾਰੀ ਸੀ ਅਤੇ ਜਿਸ ਦੀ ਇੰਗਲੈਂਡ ਵਿਚ ਕੋਈ ਜਾਣ ਪਹਿਚਾਣ ਨਹੀਂ ਸੀ, ਵੀ ਇੰਗਲੈਂਡ ਚਲੀ ਗਈ ਸੀ। ਇਸ ਵੇਲੇ ਵੈਨਕੂਵਰ ਰਹਿੰਦਾ ਸਿੱਖ ਲੀਡਰ ਅਤੇ ਬਿਜ਼ਨਸਮੈਨ ਰਿਪੁਦਮਨ ਸਿੰਘ ਮਲਕ ਜੋ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਵਿਚ ਦਸਵੀਂ ਅਤੇ ਗਿਆਰਵੀ ਕਲਾਸ ਵਿਚ ਮੇਰਾ ਸਟੂਡੰਟ ਸੀ, ਦਾ ਵਡਾ ਭਰਾ ਵੀ ਇੰਗਲੈਂਡ ਚਲਾ ਗਿਆ ਸੀ। ਮੇਰਾ ਇਕ ਹੋਰ ਕੁਲੀਗ ਸੁਖਮੰਦਰ ਜਟਾਣਾ ਜਿਸਦਾ ਪਿਓ ਫਿਰੋਜ਼ਪੁਰ ਛਾਉਣੀ ਵਿਚ ਫੌਜ ਦਾ ਅਫਸਰ ਸੀ, ਵੀ ਇੰਗਲੈਂਡ ਜਾਣ ਵਾਲਾ ਸੀ। ਅਬੋਹਰ ਲਾਗੇ ਪੈਂਦੇ ਪਿੰਡ ਕੁੰਡਲਾਂ ਦਾ ਮੇਰਾ ਦੋਸਤ ਅਜਮੇਰ ਸਿੰਘ ਬਰਾੜ ਜਿਸ ਨਾਲ ਮੈਂ ਕੁਝ ਚਿਰ ਐਮ. ਆਰ. ਕਾਲਜ ਫਾਜ਼ਿਲਕਾ ਪੜ੍ਹਦਾ ਰਿਹਾ ਸਾਂ, ਵੀ ਇੰਗਲੈਂਡ ਨੂੰ ਨਿਕਲ ਗਿਆ ਸੀ। ਕਈ ਇਹੋ ਜਹੇ ਵੀ ਸਨ ਜੋ ਵੋਚਰ ਮਿਲਣ ਦੇ ਬਾਵਜੂਦ ਟਿਕਟ ਜੋਗੇ ਪੈਸੇ ਇਕਠੇ ਨਾ ਹੋ ਸਕਣ ਕਾਰਨ ਇੰਗਲੈਂਡ ਨਹੀਂ ਪਹੁੰਚ ਸਕੇ ਸਨ। ਭਾਵੇਂ ਇੰਗਲੈਂਡ ਦਾ ਕਿਰਾਇਆ ਓਸ ਵੇਲੇ ਦੋ ਹਜ਼ਾਰ ਰੁਪੈ ਦੇ ਕਰੀਬ ਸੀ ਪਰ ਏਨੀ ਰਕਮ ਦਾ ਪ੍ਰਬੰਧ ਕਰਨਾ ਉਹਨਾਂ ਵੇਲਿਆਂ ਵਿਚ ਔਖਾ ਸੀ। ਕਈ ਇੰਟਰਨੈਸ਼ਨਲ ਪਾਸਪੋਰਟ ਬਨਵਾਉਣ ਵਿਚ ਸਫਲ ਨਹੀਂ ਹੋ ਸਕੇ ਸਨ। ਇੰਗਲੈਂਡ ਖੁਲ੍ਹਣ ਕਰ ਕੇ ਬਹੁਤ ਲੋਕਾਂ ਦੀ ਖਾਹਸ਼ ਸੀ ਕਿ ਓਥੇ ਪਹੁੰਚ ਕੇ ਪੈਸੇ ਕਮਾਏ ਜਾਣ ਤੇ ਪਰਤ ਕੇ ਉਹਨਾਂ ਪੈਸਿਆ ਨਾਲ ਪੰਜਾਬ ਵਿਚ ਜਾਇਦਾਦ ਖਾਸ ਕਰ ਸਸਤੀਆਂ ਜ਼ਮੀਨਾਂ ਖਰੀਦ ਕੇ ਗਰੀਬੀ ਦੀ ਜਿਲ੍ਹਣ ਵਿਚੋਂ ਨਿਕਲਿਆ ਜਾ ਸਕੇ। ਓਸ ਵੇਲੇ ਜ਼ਮੀਨਾਂ ਵੀ ਬਹੁਤ ਸਸਤੀਆਂ ਸਨ। ਕਈ ਇਲਾਕਿਆਂ ਵਿਚ ਤਾਂ ਦੋ ਸੌ ਰੁਪੈ ਤੋਂ ਲੈ ਕੇ

ਹਜ਼ਾਰ ਰੁਪੈ ਤਕ ਏਕੜ ਜ਼ਮੀਨ ਮਿਲ ਜਾਂਦੀ ਸੀ। ਓਸ ਵੇਲੇ ਇੰਗਲੈਂਡ ਦਾ ਪੌਂਡ ਬਲੈਕ ਵਿਚ 30 ਰੁਪੈ ਦਾ ਸੀ। ਸਾਡੇ ਹਿਸਾਰ ਜ਼ਿਲੇ ਵਾਲੇ ਪਿੰਡ ਸਾਧਨਵਾਸ ਦੇ ਖੱਤਰੀ ਤਿੰਨ ਸੌ ਤੋਂ 500 ਰੁਪੈ ਤਕ ਏਕੜ ਜ਼ਮੀਨਾਂ ਵੇਚ ਕੇ ਦਿੱਲੀ ਨੂੰ ਨਿਕਲ ਗਏ ਸਨ। ਮੈਂ ਵੀ ਦਿੱਲੀ ਇੰਗਲੈਂਡ ਦੀ ਐਮਬੈਸੀ ਨੂੰ ਚਿਠੀ ਲਿਖ ਦਿਤੀ ਕਿ ਮੈਨੂੰ ਵੋਚਰ ਫਾਰਮ ਭੇਜੋ। ਕਈ ਮਹੀਨੇ ਉਡੀਕਣ ਬਾਅਦ ਵੀ ਜਦ ਫਾਰਮ ਨਾ ਆਇਆ ਤਾਂ ਮੈਂ ਪਤਾ ਕਰਨ ਲਈ ਮੈਂਬਰ ਪਾਰਲੀਮੈਂਟ ਧੰਨਾ ਸਿੰਘ ਗੁਲਸ਼ਨ ਕੋਲ ਦਿੱਲੀ ਚਲਾ ਗਿਆ। ਓਸ ਕੋਲ ਦਰਸ਼ਨ ਸਿੰਘ ਨਾਂ ਦਾ ਇਕ ਬੰਦਾ ਜੋ ਲਾਜਪਤ ਨਗਰ ਵਿਚ ਰਹਿੰਦਾ ਸੀ ਅਤੇ ਬਜਰੀ, ਸੀਮੈਂਟ ਤੇ ਸਰੀਏ ਦਾ ਕੰਮ ਕਰਦਾ ਸੀ, ਮਿਲ ਗਿਆ ਜੋ ਮੈਨੂੰ ਆਪਣੇ ਸਕੂਟਰ ਮਗਰ ਬਿਠਾ ਕੇ ਇੰਗਲੈਂਡ ਦੀ ਐਮਬੈਸੀ ਵਿਚ ਲੈ ਗਿਆ ਤੇ ਓਥੋਂ ਪਤਾ ਲੱਗਾ ਕਿ ਫਲਾਣੀ ਤਾਰੀਖ ਨੂੰ ਫਾਰਮ ਮੈਨੂੰ ਭੇਜਿਆ ਗਿਆ ਸੀ ਜੋ ਡਾਕ ਵਿਚ ਗੁੰਮ ਹੋ ਗਿਆ ਸੀ ਜਾਂ ਡਾਕੀਏ ਨੇ ਰਖ ਕੇ ਅਗੇ ਕਿਸੇ ਹੋਰ ਨੂੰ ਵੇਚ ਦਿਤਾ ਸੀ। ਖੈਰ ਮੈਨੂੰ ਹੋਰ ਫਾਰਮ ਮਿਲ ਗਿਆ। ਵੋਚਰ ਫਾਰਮਾਂ ਦੀ ਬਲੈਕ ਹੋਣ ਲਗ ਪਈ ਸੀ ਅਤੇ ਕਈ ਡਾਕੀਏ ਪੈਸੇ ਲੈ ਕੇ ਅਗੇ ਫਾਰਮ ਵੇਚਣ ਲਗ ਪਏ ਸਨ। ਦਰਸ਼ਨ ਸਿੰਘ ਜੋ ਅਨੁਭਵ ਜ਼ਿਆਦਾ ਕਰਦਾ ਸੀ ਤੇ ਬੋਲਦਾ ਘੱਟ ਸੀ ਨੇ ਮੈਨੂੰ ਕਿਹਾ ਕਿ ਉਹ ਮੈਨੂੰ ਫਿਰੋਜ਼ਪੁਰ ਮਿਲਣ ਆਵੇਗਾ। ਓਸ ਮੇਰਾ ਪਤਾ ਲਿਖ ਲਿਆ ਅਤੇ ਆਪਣਾ ਪਤਾ ਤੇ ਟੈਲੀਫੋਨ ਲਿਖ ਕੇ ਦੇ ਦਿਤਾ।

ਫਿਰੋਜ਼ਪੁਰ ਪਰਤ ਕੇ ਮੈਂ ਵੋਚਰ ਫਾਰਮ ਨਾਲ ਲੋੜੀਂਦੇ ਸਰਟੀਫਿਕੇਟਸ ਲਾਏ ਤੇ ਦਿੱਲੀ ਨੂੰ ਭੇਜ ਦਿਤਾ ਪਰ ਮੈਨੂੰ ਇੰਗਲੈਂਡ ਦੇ ਵੋਚਰ ਮਿਲਣ ਦੀ ਚਿਠੀ ਨਾ ਆਈ ਕਿਉਂਕਿ ਮੇਰੀ ਯੋਗਤਾ ਉਹਨਾਂ ਦੇ ਮਿਥੇ ਟੀਚੇ ਦੇ ਮੇਚ ਦੀ ਨਹੀਂ ਸੀ। ਏਸ ਦੌਰਾਨ ਮੇਰਾ ਵਿਦਿਆਰਥੀ ਪਰਮਜੀਤ ਤੇ ਉਹਦੀ ਮਾਂ ਜੋ ਟਾਹਲੀ ਮੁਹੱਲੇ ਟੀਚਰ ਸੀ, ਮਹਿਕਮੇ ਤੋਂ ਸਾਲ ਦੀ ਛੁਟੀ ਲੈ ਕੇ ਇੰਗਲੈਂਡ ਚਲੀ ਗਏ। ਇਕ ਹੋਰ ਵਿਦਿਆਰਥੀ ਬੂਟਾ ਜੋ ਬਸਤੀ ਟੈਂਕਾਂ ਵਾਲੀ ਰਹਿੰਦਾ ਸੀ, ਵੀ ਹਾਇਰ ਸੈਕੰਡਰੀ ਪਾਰਟ 2 ਦੇ ਪਰਚੇ ਦੇ ਕੇ ਇੰਗਲੈਂਡ ਆਪਣੇ ਰਿਸ਼ਤੇਦਾਰਾਂ ਕੋਲ ਪਹੁੰਚ ਗਿਆ। ਮੈਂ ਕਈ ਐਸੇ ਲੋਕਾਂ ਨੂੰ ਜਾਣਦਾ ਸਾਂ ਜਿਨ੍ਹਾਂ ਦੀ ਯੋਗਤਾ ਮੇਥੋਂ ਘੱਟ ਸੀ ਤੇ ਉਹ ਵੋਚਰ ਤੇ ਇੰਗਲੈਂਡ ਪਹੁੰਚ ਗਏ ਸਨ। ਫਿਰ ਇਹ ਵੀ ਪਤਾ ਲਗਾ ਕਿ ਸ਼ੁਰੂ ਵਿਚ ਤਾਂ ਇੰਗਲੈਂਡ ਵਾਲਿਆਂ ਨੇ ਵੋਚਰ ਅਪਲਾਈ ਕਰਨ ਵਾਲਿਆਂ ਵਿਚੋਂ ਬਹੁਤ ਸਾਰਿਆਂ ਨੂੰ ਵੋਚਰ ਭੇਜ ਦਿਤੇ ਸਨ ਪਰ ਜਦ ਕੋਟਾ ਪੂਰਾ ਹੋਣ ਦੇ ਨੇੜੇ ਆ ਗਿਆ ਤਾਂ ਸਖਤੀ ਕਰ ਦਿਤੀ ਅਤੇ ਸ਼ਰਤਾਂ ਵਧੇਰੇ ਸਖਤ ਕਰ ਦਿਤੀਆਂ। ਮੇਰੇ ਵੇਲੇ ਸ਼ਰਤਾਂ ਸਖਤ ਹੋ ਗਈਆਂ ਸਨ। ਮੈਂ ਇਸ ਬਾਰੇ ਦਰਸ਼ਨ ਸਿੰਘ ਨੂੰ ਦਿੱਲੀ ਚਿੱਠੀ ਲਿਖੀ ਤਾਂ ਉਸ ਦਾ ਜਵਾਬ ਆਇਆ ਕਿ ਉਹ ਜਲਦੀ ਫਿਰੋਜ਼ਪੁਰ ਆ ਰਿਹਾ ਹੈ ਅਤੇ ਆ ਕੇ ਗੱਲ ਕਰੇਗਾ। ਕੁਝ ਦਿਨਾਂ ਬਾਅਦ ਉਹ ਲਭਦਾ ਲਭਾਉਂਦਾ ਮੇਰੇ ਕੋਲ ਫਿਰੋਜ਼ਪੁਰ ਆ ਗਿਆ। ਜਦ ਮੈਂ ਪੁਛਿਆ ਕਿ ਕਿਥੇ ਠਹਿਰਿਆ ਹੋਇਆ ਹੈਂ ਤਾਂ ਕਹਿਣ ਲੱਗਾ ਕਿ ਛਾਉਣੀ ਇਕ ਰੈਸਟੋਰੈਂਟ ਵਿਚ ਤੇ ਨਾਲ ਹੀ ਕਿਹਾ ਕਿ ਚੱਲ ਓਥੇ ਚਲਦੇ ਹਾਂ ਤੇ ਤੇਰੇ ਇੰਗਲੈਂਡ ਜਾਣ ਦੀ ਗੱਲ ਵੀ ਕਰਾਂਗੇ। ਫਿਰੋਜ਼ਪੁਰ ਸ਼ਹਿਰ ਤੋਂ ਛਾਉਣੀ ਵਾਲੇ ਹੋਟਲ ਜਾਣ ਲਗਿਆਂ ਅਸੀਂ ਦਿੱਲੀ ਦਰਵਾਜ਼ੇ ਤੋਂ ਬਾਹਰ ਆਏ ਤਾਂ ਓਥੇ ਇਕ ਕਾਰ ਖੜ੍ਹੀ ਸੀ ਜਿਸ ਤੇ ਚੜ੍ਹ ਕੇ ਅਸੀਂ ਛਾਉਣੀ ਨੂੰ ਚੱਲ ਪਏ। ਛਾਉਣੀ ਪਹੁੰਚ ਕੇ ਦਰਸ਼ਨ ਸਿੰਘ ਨੇ ਅੰਗਰੇਜ਼ੀ ਸ਼ਰਾਬ ਦੇ ਠੇਕੇ ਤੋਂ ਸੋਲਨ ਨੰਬਰ 1 ਦੀਆਂ ਕੁਝ ਵਿਸਕੀ ਦੀਆਂ ਬੋਤਲਾਂ ਲਈਆਂ ਤੇ ਫਿਰ ਅਸੀਂ ਉਹਦੇ ਹੋਟਲ ਵਿਚ ਚਲੇ ਗਏ। ਮੈਂ ਵੇਖਿਆ ਕਿ ਉਹ ਇਕੱਲਾ ਨਹੀਂ ਸੀ ਸਗੋਂ ਉਹਦੇ ਨਾਲ ਤਿੰਨ ਬੰਦੇ ਹੋਰ ਵੀ ਸਨ ਜਿਨ੍ਹਾਂ ਵਿਚ ਇਕ ਨੌਜਵਾਨ ਸੀ। ਉਹਦੀ ਗੱਲ ਬਾਤ ਅਤੇ ਕਪੜਿਆਂ ਤੋਂ ਲਗਦਾ ਸੀ ਕਿ ਉਹ ਬਾਹਰੋਂ ਆਇਆ ਸੀ। ਬਾਅਦ ਵਿਚ ਉਹਨੇ ਦੱਸ ਵੀ ਦਿਤਾ ਕਿ ਉਹ ਮੁੰਡਾ ਜਿਸ ਦਾ ਨਾਂ ਹਰਭਜਨ ਸੀ, ਇੰਗਲੈਂਡ ਤੋਂ ਆਇਆ ਸੀ ਅਤੇ ਉਹਦੇ ਕੋਲ ਬ੍ਰਿਟਸ਼ ਪਾਸਪੋਰਟ ਸੀ ਜਿਸ ਤੇ ਉਹ ਕੁਝ ਦਿਨਾਂ ਲਈ ਪਾਕਿਸਤਾਨ ਘੁੰਮਣ ਜਾ ਰਿਹਾ ਸੀ। ਲਾਹੌਰ ਤੋਂ ਓਸ ਕਰਾਚੀ ਜਾਣਾ ਸੀ ਤੇ ਪਾਕਿਸਤਾਨ ਵਿਚ ਹਫਤਾ ਰਹਿ ਕੇ ਮੁੜ ਆਉਣਾ ਸੀ। ਦੂਜੇ ਦੋ ਬੰਦੇ ਜੋ ਦਰਸ਼ਨ ਸਿੰਘ ਨੇ ਮੈਨੂੰ ਮਿਲਾਏ, ਉਹਨਾਂ ਦੇ ਨਾਂ ਰਾਮ ਸਿੰਘ ਤੇ ਬਿਕਰਮ ਸਿੰਘ ਸਨ ਜੋ ਦੋਆਬੇ ਦੇ ਏਜੰਟ ਸਨ ਤੇ ਇੰਗਲੈਂਡ ਬੰਦੇ ਭੇਜਣ ਦਾ ਕੰਮ ਕਰਦੇ ਸਨ। ਉਹਨਾਂ ਨੇ ਬੜੇ ਮਹਿੰਗੇ ਕਪੜੇ ਪਾਏ ਹੋਏ ਸਨ ਤੇ ਗੱਲ ਬਾਤ ਤੋਂ ਪੈਸੇ ਵਾਲੇ ਲਗਦੇ ਸਨ।

ਤੰਦੂਰੀ ਮੁਰਗਿਆਂ, ਮਛੀ ਦੇ ਪਕੌੜਿਆਂ ਅਤੇ ਉਬਲੇ ਆਂਡਿਆਂ ਨਾਲ ਜਦੋਂ ਅਸੀਂ ਦੋ ਦੋ ਤਿੰਨ ਤਿੰਨ ਮੋਟੇ ਮੋਟੇ ਪੈਗ ਅੰਗਰੇਜ਼ੀ ਵਿਸਕੀ ਦੇ ਪੀ ਲਏ ਤਾਂ ਸਿਰ ਨੂੰ ਚੱਕਰ ਆਉਣ ਲਗੇ। ਮੈਂ ਵੇਖਿਆ ਕਿ ਦਰਸ਼ਨ ਸਿੰਘ ਆਪਣਾ ਪੈਗ ਛੋਟਾ ਰਖਦਾ ਸੀ ਅਤੇ ਬਹੁਤ ਹੌਲੀ ਪੀਂਦਾ ਸੀ। ਮੈਂ ਇਸ ਤੋਂ ਪਹਿਲਾਂ ਅੰਗਰੇਜ਼ੀ ਠੇਕੇ ਦੀ ਸ਼ਰਾਬ ਬਹੁਤ ਘੱਟ ਪੀਤੀ ਸੀ। ਸਾਡਾ ਨਿਸ਼ਾਨਾ ਤਾਂ ਘਰ ਦੀ ਕਢੀ ਰੂੜੀ ਮਾਰਕਾ ਜਾਂ ਸੰਤਰਾ ਮਾਰਕਾ ਤਕ ਹੀ ਹੁੰਦਾ ਸੀ ਕਿਉਂਕਿ ਮਹਿੰਗੀ ਸ਼ਰਾਬ ਪੀਣ ਲਈ ਪੈਸੇ ਈ ਕਿਥੇ ਸਨ। ਮੇਰੇ ਕੋਲ ਈ ਨਹੀਂ, ਆਮ ਲੋਕਾਂ ਕੋਲ ਵੀ ਨਹੀਂ ਸਨ। ਇਸੇ ਲਈ ਓਸ ਵੇਲੇ ਸਾਰੇ ਫਿਰੋਜ਼ਪੁਰ ਸ਼ਹਿਰ ਵਿਚ ਅੰਗਰੇਜ਼ੀ ਸ਼ਰਾਬ ਦਾ ਕੋਈ ਠੇਕਾ ਨਹੀਂ ਸੀ, ਸਿਰਫ ਛਾਉਣੀ ਵਿਚ ਹੀ ਇਕ ਠੇਕਾ ਸੀ। ਬਹੁਤੇ ਲੋਕ ਤਾਂ ਸ਼ਹਿਰ ਛਾਉਣੀ ਲਾਗੇ ਖੂਹਾਂ ਤੇ ਵਿਕਦੀ ਬਲੈਡਰ ਮਾਰਕਾ ਹੀ ਪੀਂਦੇ ਸਨ। ਜਦੋਂ ਕੱਚੇ ਭੁੰਨੇ ਜਹੇ ਹੋ ਗਏ ਤਾਂ ਦਰਸ਼ਨ ਮੈਨੂੰ ਹੋਟਲ ਵਿਚੋਂ ਬਾਹਰ ਲੈ ਆਇਆ ਤੇ ਕਹਿਣ ਲੱਗਾ ਕਿ ਬਾਰਡਰ ਤੇ ਕੋਈ ਵਾਕਫ ਹੈ ਤਾਂ ਜੋ ਸਵੇਰੇ ਬਾਰਡਰ ਪਾਰ ਕਰਨ ਲਗਿਆਂ ਇਸ ਨੂੰ ਕੋਈ ਤਕਲੀਫ ਨਾ ਹੋਵੇ। ਮੈਂ ਕਿਹਾ ਐਥੇ ਛਾਉਣੀ ਵਿਚ ਨੇੜੇ ਹੀ ਇਕ ਗਲੀ ਵਿਚ ਹੌਲਦਾਰ ਜੋਗਿੰਦਰ ਸਿੰਘ ਰਹਿੰਦਾ ਹੈ ਜਿਸ ਨੂੰ ਮੈਂ ਜਾਣਦਾ ਹਾਂ ਤੇ ਉਹ ਬਾਰਡਰ ਤੇ ਲੱਗਾ ਹੋਇਆ ਹੈ। ਉਹਦੀ ਘਰ ਵਾਲੀ ਟੀਚਰ ਹੈ। ਦਰਸ਼ਨ ਸਿੰਘ ਕਹਿਣ ਲੱਗਾ ਕਿ ਜੇ ਉਹ ਪੀ ਲੈਂਦਾ ਹੈ ਤਾਂ ਉਹਨੂੰ ਬੁਲਾ ਲਈਏ। ਮੈਂ ਉਹਨੂੰ ਬੁਲਾ ਲਿਆਇਆ ਤੇ ਉਹ ਵੀ ਸਾਡੇ ਨਾਲ ਬਹਿ ਕੇ

ਪੀਣ ਲਗ ਪਿਆ। ਜਦ ਉਹ ਵੀ ਕੁਝ ਰੰਗਿਆ ਗਿਆ ਤਾਂ ਕੁਝ ਦੇਰ ਗੱਲਾਂ ਬਾਤਾਂ ਕਰਨ ਬਾਅਦ ਦਰਸ਼ਨ ਸਿੰਘ ਨੇ ਉਸ ਨੂੰ ਹਰਭਜਨ ਦਾ ਇੰਗਲੈਂਡ ਦਾ ਪਾਸਪੋਰਟ ਵਿਖਾ ਕੇ ਕਿਹਾ ਕਿ ਇਹਨੇ ਸਵੇਰੇ ਹਫਤੇ ਲਈ ਪਾਕਿਸਤਾਨ ਜਾਣਾ ਹੈ, ਕੋਈ ਤਕਲੀਫ ਤਾਂ ਨਹੀਂ ਆਵੇਗੀ। ਪੁਲਸੀਆ ਅੱਖ ਨਾਲ ਹੌਲਦਾਰ ਜੋਗਿੰਦਰ ਸਿੰਘ ਨੇ ਹਰਭਜਨ ਸਿੰਘ ਦੇ ਬ੍ਰਿਟਿਸ਼ ਪਾਸਪੋਰਟ ਦੇ ਵਰਕੇ ਉਲਟ ਪੁਲਟ ਕੇ ਵੇਖੇ ਜਿਥੇ ਇੰਗਲੈਂਡ ਤੋਂ ਦਿੱਲੀ ਆਣ ਜਾਣ ਦੀਆਂ ਮੋਹਰਾਂ ਲੱਗੀਆਂ ਹੋਈਆਂ ਸਨ ਤੇ ਇਕ ਵਾਰ ਫਿਰ ਪਾਸਪੋਰਟ ਤੇ ਝਾਤੀ ਮਾਰੀ ਤੇ ਕਹਿਣ ਲੱਗਾ ਕਿ ਸਭ ਠੀਕ ਹੈ। ਕੋਈ ਪ੍ਰਾਬਲਮ ਵਾਲੀ ਗੱਲ ਨਹੀਂ ਹੈ। ਮੈਂ ਕੱਲ ਡਿਊਟੀ ਤੇ ਨਹੀਂ ਹਾਂ ਜੇ ਤੁਸੀਂ ਪਰਸੋਂ ਸਵੇਰੇ ਸਵੇਰੇ ਆ ਜਾਓ ਤਾਂ ਮੈਂ ਲੰਘਾ ਦਿਆਂਗਾ। ਉਸ ਤੋਂ ਬਾਅਦ ਅਗਲੀ ਸ਼ਾਮ ਫਿਰ ਇਕਠੇ ਹੋਣ ਦਾ ਇਕਰਾਰ ਕਰ ਕੇ ਅਤੇ ਗੋਟ ਮੀਟ ਨਾਲ ਰੋਟੀ ਖਾ ਕੇ ਮੈਂ ਤੇ ਹੌਲਦਾਰ ਜੋਗਿੰਦਰ ਸਿੰਘ ਆਪੋ ਆਪਣੇ ਘਰਾਂ ਨੂੰ ਚਲੇ ਗਏ। ਅਗਲੇ ਦਿਨ ਸ਼ਾਮ ਨੂੰ ਮੈਂ ਤਾਂ ਛਾਉਣੀ ਵਾਲੇ ਹੋਟਲ ਜਾ ਨਾ ਸਕਿਆ ਤੇ ਦਰਸ਼ਨ ਸਿੰਘ ਹਰਭਜਨ ਨੂੰ ਬਾਰਡਰ ਕਰਾਸ ਕਰਾ ਕੇ ਮੈਨੂੰ ਮਿਲਣ ਆ ਗਿਆ। ਓਸ ਦਸਿਆ ਕਿ ਬੀਤੀ ਰਾਤ ਹੌਲਦਾਰ ਜੋਗਿੰਦਰ ਸਿੰਘ ਨਾਲ ਇਕ ਹੋਰ ਸਿਪਾਹੀ ਮੁੰਡਾ ਵਿਲੋਂ ਵੀ ਆਇਆ ਸੀ ਜੋ ਅਮ੍ਰਿਤਸਰ ਜ਼ਿਲੇ ਦਾ ਰਹਿਣ ਵਾਲਾ ਸੀ ਅਤੇ ਸੌਖੇ ਘਰ ਦਾ ਲਗਦਾ ਸੀ। ਓਸ ਮੇਰਾ ਧੰਨਵਾਦ ਕਰਦਿਆਂ ਬਧੋ ਬਧੀ ਮੈਨੂੰ ਸੌ ਰੁਪੈ ਦਾ ਨੋਟ ਦੇ ਦਿਤਾ ਕਿ ਜਦ ਹਰਭਜਨ ਪਾਕਿਸਤਾਨ ਤੋਂ ਵਾਪਸ ਮੁੜੇ ਤਾਂ ਮੈਂ ਉਹਦੀ ਖਿਦਮਤ ਕਰਾਂ। ਓਸ ਇਹ ਵੀ ਦੱਸ ਦਿਤਾ ਕਿ ਉਹਨੇ ਦੋਵਾਂ ਪੋਲੀਸ ਵਾਲਿਆਂ ਨੂੰ ਵੀ ਚੰਗਾ ਖੁਸ਼ ਕਰ ਦਿਤਾ ਸੀ। ਨਾਲ ਹੀ ਕਿਹਾ ਕਿ ਮੈਂ ਜਲਦੀ ਇੰਗਲੈਂਡ ਜਾ ਰਿਹਾ ਹਾਂ ਤੇ ਮੈਂ ਵੀ ਉਹਦੇ ਨਾਲ ਜਾਣ ਦੀ ਤਿਆਰੀ ਕਰ ਲਵਾਂ। ਉਹ ਮੈਨੂੰ ਆਪਣੇ ਨਾਲ ਇੰਗਲੈਂਡ ਲੈ ਕੇ ਜਾਵੇਗਾ। ਮੈਂ ਕਿਹਾ ਮੇਰੇ ਕੋਲ ਨਾ ਪਾਸਪੋਰਟ ਨਾ ਕੋਈ ਪੈਸਾ, ਮੈਂ ਇਸ ਤਰ੍ਹਾਂ ਕਿਵੇਂ ਜਾ ਸਕਦਾ ਹਾਂ। ਓਸ ਕਿਹਾ ਕਿ ਇਸਦਾ ਸਾਰਾ ਇੰਤਜ਼ਾਮ ਉਹ ਕਰੇਗਾ ਤੇ ਮੈਂ ਕੋਈ ਫਿਕਰ ਨਾ ਕਰਾਂ। ਹਫਤੇ ਬਾਅਦ ਹਰਭਜਨ ਕਰਾਚੀ ਜਾ ਕੇ ਮੁੜ ਆਇਆ ਤੇ ਰਾਤ ਮੇਰੇ ਕੋਲ ਰਿਹਾ। ਉਹ ਮੇਰੇ ਲਈ ਪਾਕਿਸਤਾਨ ਤੋਂ ਬਾਦਾਮ ਅਤੇ ਕੁਝ ਹੋਰ ਗਿਫਟ ਸ਼ਾਇਦ ਟੈਰਾਲੀਨ ਦੀ ਕਮੀਜ਼ ਲਿਆਇਆ ਸੀ। ਉਸ ਨੇ ਫਿਰੋਜ਼ਪੁਰ ਤੋਂ ਦਿੱਲੀ ਫੋਨ ਕਰ ਕੇ ਵਾਪਸ ਆਉਣ ਦੀ ਇਤਲਾਹ ਵੀ ਦੇ ਦਿਤੀ ਤੇ ਅਗਲੀ ਰਾਤ ਪੰਜਾਬ ਮੇਲ ਤੇ ਦਿੱਲੀ ਨੂੰ ਚੜ੍ਹ ਗਿਆ।

ਦਰਸ਼ਨ ਸਿੰਘ ਦੀਆਂ ਗੱਲ ਬਾਤ ਤੋਂ ਲਗਦਾ ਸੀ ਕਿ ਮੈਨੂੰ ਇੰਗਲੈਂਡ ਜਾਣ ਲਈ ਤਿਆਰੀ ਕਰਨੀ ਚਾਹੀਦਾ ਹੈ। ਇਹ ਗੱਲ ਘਰ ਵਿਚ ਦੱਸਣੀ ਪੈਣੀ ਸੀ। ਛੋਟੇ ਛੋਟੇ ਬੱਚੇ ਛਡਣੇ ਸੌਖੇ ਨਹੀਂ ਸਨ ਪਰ ਇਸ ਤੋਂ ਵੀ ਔਖਾ ਸੀ ਕਿ ਮੇਰੇ ਕੋਲ ਬਾਹਰ ਜਾਣ ਲਈ ਕੋਈ ਰਕਮ ਵੀ ਤਿਆਰ ਨਹੀਂ ਸੀ। ਸਕੂਲ ਦੀ 130 ਰੁਪੈ ਤਨਖਾਹ ਨਾਲ ਤਾਂ ਮਹੀਨਾ ਵੀ ਨਹੀਂ ਲੰਘਦਾ ਸੀ। ਕਈਆਂ ਨਾਲ ਉਧਾਰ ਵੀ ਚਲਦਾ ਸੀ। ਦੋਸਤਾਂ ਜਾਂ ਰਿਸ਼ਤੇਦਾਰ ਵੀ ਕੋਈ ਇਹੋ ਜਿਹਾ ਨਹੀਂ ਸੀ ਜਿਸ ਤੋਂ ਮਦਦ ਲਈ ਜਾ ਸਕਦੀ ਸੀ। ਜੇ ਜ਼ਮੀਨ ਵੇਚਾਂ ਤਾਂ ਉਸਦਾ ਭਾਅ ਬਹੁਤ ਘੱਟ ਸੀ ਬਾਕੀ ਮਾਂ ਬਾਪ ਤੇ ਭੈਣ ਭਰਾ ਰੋਟੀ ਕਿਥੋਂ ਖਾਣਗੇ। ਮੇਰੇ ਕੋਲ ਪਾਸਪੋਰਟ ਵੀ ਨਹੀਂ ਸੀ। ਓਸ ਵੇਲੇ ਇੰਟਰਨੈਸ਼ਲ ਪਾਸਪੋਰਟ ਦਿੱਲੀ ਤੋਂ ਬਣਦਾ ਸੀ। ਪਾਸਪੋਰਟ ਫਾਰਮ ਤਾਂ ਮੈਂ ਭਰਿਆ ਵੀ ਹੋਇਆ ਸੀ ਪਰ ਤਸਦੀਕ ਕਿਸ ਤੋਂ ਕਰਾਵਾਂ। ਜੇਕਰ ਕੋਈ ਮੈਜਿਸਟਰੇਟ ਫੋਟੋ ਤੇ ਫਾਰਮ ਤਸਦੀਕ ਕਰ ਦੇਵੇ ਤਾਂ ਪਾਸਪੋਰਟ ਜਲਦੀ ਬਣ ਜਾਂਦਾ ਸੀ ਜਾਂ ਹਜ਼ਾਰਾਂ ਰੁਪੈ ਬੈਂਕ ਵਿਚ ਹੋਣ ਦੀ ਗਰੰਟੀ ਚਾਹੀਦੀ ਸੀ। ਮੈਂ ਇਕ ਦਿਨ ਫਾਰਮ ਲੈ ਕੇ ਮਹਿੰਦਰ ਸਿੰਘ ਜੋਸ਼ੀ ਕੋਲ ਦਿੱਲੀ ਚਲਾ ਗਿਆ ਜੋ ਫਿਰੋਜ਼ਪੁਰ ਤੋਂ ਬਦਲ ਕੇ ਓਥੇ ਸੈਸ਼ਨ ਜੱਜ ਜਾ ਲਗੇ ਸਨ ਤੇ ਉਹਨਾਂ ਨੂੰ ਫਾਰਮ ਤਸਦੀਕ ਕਰਨ ਦੀ ਬੇਨਤੀ ਕੀਤੀ। ਉਹਨਾਂ ਚੈਂਬਰ ਵਿਚ ਲਿਜਾ ਕੇ ਬੜੇ ਪਿਆਰ ਨਾਲ ਚਾਹ ਪਿਆਈ ਤੇ ਪਾਸਪੋਰਟ ਫਾਰਮ ਤਸਦੀਕ ਕਰਨੋ ਇਹ ਕਹਿ ਕੇ ਨਾਂਹ ਕਰ ਦਿਤੀ ਕਿ ਤੂੰ ਇੰਗਲੈਂਡ ਜਾ ਕੇ ਕਿਸੇ ਗੋਰੀ ਨਾਲ ਵਿਆਹ ਕਰਵਾ ਕੇ ਮੁੜਨਾ ਨਹੀਂ ਤੇ ਤੇਰੇ ਬੱਚਿਆਂ ਦਾ ਕੀ ਬਣੇਗਾ। ਮੈਂ ਬਹੁਤ ਕਿਹਾ ਕਿ ਮੈਂ ਓਥੇ ਜਾ ਕੇ ਲੋਹੇ ਦੀਆਂ ਫਾਉਂਡਰੀਆਂ ਵਿਚ ਸਖਤ ਮਿਹਨਤ ਕਰਾਂਗਾ ਤੇ ਪਿਛੇ ਬਹੁਤ ਪੈਸੇ ਭੇਜਾਂਗਾ ਪਰ ਉਹ ਨਾ ਮੰਨੇ। ਫਿਰ ਮੈਂ ਬੱਸਾਂ ਤੇ ਚੜ੍ਹ ਕੇ ਸਾਊਥ ਐਵੇਨਿਊ ਮੈਂਬਰ ਪਾਰਲੀਮੈਂਟ ਧੰਨਾ ਸਿੰਘ ਗੁਲਸ਼ਨ ਕੋਲ ਗਿਆ ਜੋ ਆਪਣੇ ਫਲੈਟ ਤੇ ਨਾ ਮਿਲੇ। ਓਥੋਂ ਮੈਂ ਦਰਸ਼ਨ ਸਿੰਘ ਦੇ ਘਰ ਲਾਜਪਤ ਨਗਰ ਚਲਾ ਗਿਆ ਤੇ ਦਿੱਲੀ ਵਿਚ ਉਹਦਾ ਤਿੰਨ ਮੰਜ਼ਲਾ ਮਕਾਨ ਵੇਖ ਕੇ ਹੈਰਾਨ ਹੋ ਗਿਆ। ਮਕਾਨ ਦੇ ਥਲੇ ਕੁਝ ਦੁਕਾਨਾਂ ਕਿਰਾਏ ਤੇ ਸਨ ਅਤੇ ਨਾਲ ਹੀ ਉਹਦਾ ਲੋਹੇ, ਸੀਮੈਂਟ ਤੇ ਬਜਰੀ ਦਾ ਬਿਜ਼ਨਸ ਸੀ। ਉਹਦੀ ਘਰ ਵਾਲੀ ਨੇ ਦਸਿਆ ਕਿ ਦਰਸ਼ਨ ਸਿੰਘ ਦੋਆਬੇ ਗਿਆ ਹੋਇਆ ਸੀ। ਉਹਦੇ ਕੋਲੋਂ ਹੀ ਪਤਾ ਲੱਗਾ ਕਿ ਉਹ ਬਾਹਰ ਬੰਦੇ ਭੇਜਦਾ ਸੀ ਤੇ ਚੰਗੇ ਪੈਸੇ ਬਣਾਉਂਦਾ ਸੀ। ਦਿੱਲੀ ਵਿਚ ਉਹਦੀ ਹੋਰ ਵੀ ਬੜੀ ਜਾਇਦਾਦ ਸੀ। ਉਹਨੇ ਇਹ ਵੀ ਦਸਿਆ ਕਿ 36 ਸਾਲ ਦੀ ਉਮਰ ਦਾ ਦਰਸ਼ਨ ਸਿਰਫ ਛੇ ਜਮਾਤਾਂ ਪਾਸ ਸੀ ਤੇ ਦੋਆਬੇ ਦਾ ਘੁਮਿਆਰ ਸੀ। ਉਹਦੇ ਕਈ ਬੱਚੇ ਸਨ, ਉਹਦੀ ਸਰਕਾਰੇ ਦਰਬਾਰੇ ਬੜੀ ਵਾਕਫੀ ਸੀ। ਉਹ ਖੁਦ ਪੰਜਾਬ ਦੀ ਚਿੱਟੀ ਨਪੜ੍ਹ ਔਰਤ ਸੀ ਜੋ ਬੇਥਵਾ ਬੋਲਦੀ ਸੀ ਤੇ ਆਪਣੇ ਪਤੀ ਦਰਸ਼ਨ ਨੂੰ ਗਾਲਾਂ ਕਢਦੀ ਸੀ ਕਿਉਂਕਿ ਉਸ ਨੇ ਬਾਹਰ ਇਕ ਹੋਰ ਜਨਾਨੀ ਰਖੀ ਹੋਈ ਸੀ।

ਕੁਝ ਹਫਤਿਆਂ ਬਾਅਦ ਦਰਸ਼ਨ ਫਿਰ ਆ ਗਿਆ। ਇਸ ਵਾਰ ਉਹਦੇ ਕੋਲ ਇਕ ਵਡੀ ਸਾਰੀ ਇੰਗਲੈਂਡ ਦੇ ਨੰਬਰ ਵਾਲੀ ਵੈਨ ਸੀ ਜਿਸ ਨੂੰ ਇਕ ਨੌਜਵਾਨ ਗੋਰਾ ਚਲਾ ਰਿਹਾ ਸੀ। ਅਸੀਂ ਛਾਉਣੀ ਉਸੇ ਹੋਟਲ ਵਿਚ ਚਲੇ ਗਏ। ਮੈਂ ਵੇਖਿਆ ਕਿ ਉਹ ਇਕੱਲਾ ਨਹੀਂ ਸੀ ਸਗੋਂ ਉਹਦੇ ਨਾਲ ਸੱਤ ਬੰਦੇ ਹੋਰ ਸਨ ਜਿਨ੍ਹਾਂ ਵਿਚ ਇਕ ਔਰਤ ਵੀ ਸੀ। ਉਹਨਾਂ ਨੇ ਨਵੇਂ ਨਵੇਂ ਕਪੜੇ ਪਾਏ ਹੋਏ ਸਨ ਜਿਸ ਤਰ੍ਹਾਂ ਦੀਆਂ ਟੈਰਾਲੀਨ ਦੀਆਂ ਚਿੱਟੀਆਂ ਕਮੀਜ਼ਾਂ ਉਹਨਾਂ ਦਿਨਾਂ ਵਿਚ ਇੰਗਲੈਂਡ ਤੋਂ ਆਏ ਲੋਕ ਪੌਂਦੇ

ਸਨ। ਗੁੱਟਾਂ ਤੇ ਇੰਗਲੈਂਡ ਦੀਆਂ ਘੜੀਆਂ ਲੱਗੀਆਂ ਹੋਈਆਂ ਸਨ ਤੇ ਸਿਰ ਮੂੰਹ ਵੀ ਇੰਗਲੈਂਡੀਆਂ ਵਾਂਗ ਮੁੰਨੇ ਤੇ ਚੋਪੜੇ ਹੋਏ ਸਨ। ਮੈਨੂੰ ਪਾਸੇ ਕਰ ਕੇ ਕਹਿਣ ਲੱਗਾ ਕਿ ਤੈਨੂੰ ਰਾਤੋ ਰਾਤ ਤਿਆਰ ਹੋਣਾ ਪਵੇਗਾ ਕਿਉਂਕਿ ਸਵੇਰੇ ਅਸੀਂ ਬਾਰਡਰ ਕਰਾਸ ਕਰਨਾ ਹੈ ਅਤੇ ਪਾਕਿਸਤਾਨ ਲੰਘ ਕੇ ਪਿਸ਼ਾਵਰ ਤੋਂ ਅਗੇ ਲੰਡੀ ਕੋਤਲ ਰਾਹੀਂ ਅਫਗਾਨਿਸਤਾਨ, ਈਰਨ ਅਤੇ ਟਰਕੀ ਵਿਚੋਂ ਲੰਘ ਕੇ ਯੂਰਪ ਵਿਚ ਦਾਖਲ ਹੋਣਾ ਹੈ। ਉਹਨਾਂ ਨੇ ਵੈਨ ਵਿਚ ਭੁਜੇ ਹੋਏ ਛੋਲੇ ਤੇ ਕਾਫੀ ਪਾਣੀ ਭਰ ਕੇ ਰਖਿਆ ਹੋਇਆ ਸੀ ਕਿਉਂਕਿ ਖੁਸ਼ਕੀ ਦੇ ਰਸਤੇ ਇੰਗਲੈਂਡ ਪਹੁੰਚਦਿਆਂ ਰਾਹ ਵਿਚ ਫੂਡ ਤੇ ਪਾਣੀ ਦੀ ਬੜੀ ਦਿੱਕਤ ਔਂਦੀ ਸੀ। ਮੈਂ ਕਿਹਾ ਕਿ ਮੈਂ ਐਨੇ ਥੋੜ੍ਹੇ ਨੋਟਿਸ ਤੇ ਕਿਵੇਂ ਤਿਆਰ ਹੋ ਸਕਦਾ ਹਾਂ। ਮੇਰੇ ਕੋਲ ਨਾ ਤਾਂ ਪਾਸਪੋਰਟ ਹੈ ਅਤੇ ਨਾ ਕੋਈ ਪੈਸਾ। ਉਸ ਨੇ ਜੇਬ ਵਿਚੋਂ ਇੰਗਲੈਂਡ ਦਾ ਪਾਸਪੋਰਟ ਕਢ ਕੇ ਵਿਖਾਇਆ ਜਿਸ ਤੇ ਮੇਰੀ ਫੋਟੋ ਲੱਗੀ ਹੋਈ ਸੀ। ਮੈਂ ਵੇਖ ਕੇ ਹੈਰਾਨ ਹੋ ਗਿਆ। ਉਹਨੇ ਕਿਹਾ ਅਹਿ ਜਿਹੜੇ ਬੰਦੇ ਅਸੀਂ ਇੰਗਲੈਂਡ ਲਿਜਾ ਰਹੇ ਹਾਂ, ਇਹਨਾਂ ਕੋਲੋਂ ਦਸ ਦਸ ਹਜ਼ਾਰ ਰੁਪਿਆ ਲਿਆ ਹੈ ਤੇ ਤੈਨੂੰ ਮੁਫਤ ਲਿਜਾ ਰਹੇ ਹਾਂ ਕਿਉਂਕਿ ਤੇਰੀ ਵਜ੍ਹਾ ਨਾਲ ਸਾਡੀ ਫਿਰੋਜ਼ਪੁਰ ਬਾਰਡਰ ਤੇ ਵਾਕਫੀ ਹੋਈ ਹੈ। ਮੈਂ ਕਿਹਾ ਮੈਂ ਜਾਅਲੀ ਪਾਸਪੋਰਟ ਤੇ ਇੰਗਲੈਂਡ ਨਹੀਂ ਜਾਵਾਂਗਾ। ਮੇਰੀ ਸਰਕਾਰੀ ਨੌਕਰੀ ਹੈ ਅਤੇ ਜੇ ਫੜੇ ਗਏ ਤਾਂ ਜੇਲ੍ਹ ਤਾਂ ਜਾਵਾਂਗੇ ਹੀ, ਨੌਕਰੀ ਵੀ ਜਾਂਦੀ ਰਹੇਗੀ। ਦਰਸ਼ਨ ਕਹਿਣ ਲੱਗਾ, ਗੋਰੇ ਦੀ ਇਸ ਵੈਨ ਵਿਚ ਅਸੀਂ ਜਿਹੜੇ ਦਸ ਬੰਦੇ ਹਾਂ, ਇਹਨਾਂ ਵਿਚੋਂ ਮੈਂ ਤੇ ਹਰਭਜਨ ਫਰੀ ਹਾਂ। ਗੋਰੇ ਨੂੰ ਚੰਗੇ ਪੈਸੇ ਦਿਤੇ ਹਨ। ਬਾਕੀ ਸੱਤਾਂ ਵਿਚੋਂ ਇਕ ਦਿੱਲੀ ਪੋਲੀਸ ਦਾ ਥਾਣੇਦਾਰ ਹੈ ਜੋ ਬਗੈਰ ਛੁੱਟੀ ਲਿਆਂ ਇੰਗਲੈਂਡ ਜਾ ਰਿਹਾ ਹੈ। ਉਹਦੀ ਘਰਵਾਲੀ ਉਹਨੂੰ ਛਡਣ ਆਈ ਹੈ ਤੇ ਉਹਨੇ ਦਿੱਲੀ ਮੁੜ ਜਾਣਾ ਹੈ। ਅਗੋਂ ਤੇਰੀ ਮਰਜ਼ੀ, ਜੇ ਤੂੰ ਇਸ ਤਰ੍ਹਾਂ ਨਹੀਂ ਜਾਣਾ ਤਾਂ ਮੈਂ ਛੇ ਮਹੀਨਿਆਂ ਨੂੰ ਵਾਪਿਸ ਆ ਕੇ ਤੈਨੂੰ ਸਹੀ ਢੰਗ ਨਾਲ ਲੈ ਜਾਵਾਂਗਾ। ਅਗਲੀ ਸਵੇਰ ਉਹ ਸਾਰੇ ਹੁਸੈਨੀਵਾਲਾ ਬਾਰਡਰ ਕਰਾਸ ਕਰ ਗਏ ਤੇ ਡਿਊਟੀ ਵਾਲੇ ਪੁਲਸ ਮੁਲਾਜ਼ਮਾਂ ਨੂੰ ਮਾਲਾ ਮਾਲ ਕਰ ਗਏ। ਕੁਝ ਹਫਤਿਆਂ ਬਾਅਦ ਇੰਗਲੈਂਡ ਤੋਂ ਦਰਸ਼ਨ ਦੀ ਚਿੱਠੀ ਆਈ ਕਿ ਉਹ ਠੀਕ ਠਾਕ ਪਹੁੰਚ ਗਏ ਸਨ।

## ਕਿਸ਼ਤ 60:-1965 ਦੀ ਜੰਗ ਤੇ ਫਿਰੋਜ਼ਪੁਰੋਂ ਭੱਜ ਕੇ ਮੋਗੇ ਜਾਣਾ

4 ਸਤੰਬਰ, 1965 ਦੀ ਰਾਤ ਦੀ ਸਵੇਰ ਹੋਣ ਵਿਚ ਅਜੇ ਕੁਝ ਘੰਟੇ ਰਹਿੰਦੇ ਸਨ ਜਦ ਪਾਕਿਸਤਾਨੀ ਹਵਾਈ ਫੌਜ ਦੇ ਲੜਾਕੇ ਜਹਾਜ਼ਾਂ ਵੱਲੋਂ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਤੇ ਬੰਬਾਰੀ ਸ਼ੁਰੂ ਹੋ ਗਈ। ਜਹਾਜ਼ਾਂ ਦਾ ਖੜਕਾ ਅਤੇ ਸੁਟੇ ਜਾਂਦੇ ਬੰਬਾਂ ਦੀ ਭਿਆਣਕ ਆਵਾਜ਼ਾਂ ਨਾਲ ਸੁਤੇ ਪਏ ਲੋਕ ਘਬਰਾ ਕੇ ਉਠ ਖਲੋਤੇ ਤੇ ਹਮਲੇ ਤੋਂ ਡਰਦੇ ਹੜਬੜਾਉਂਦੇ ਹੋਏ ਏਧਰ ਓਧਰ ਲੁਕਣ ਲਗੇ। ਗਰਮੀ ਦਾ ਮੌਸਮ ਹੋਣ ਕਾਰਨ ਬਾਹਰ ਵਿਹੜਿਆਂ ਅਤੇ ਛੱਤਾਂ ਤੇ ਸੁੱਤੇ ਲੋਕ ਕਮਰਿਆਂ ਅੰਦਰ ਵੜ ਗਏ ਅਤੇ ਕਈ ਧਰਤੀ ਉਤੇ ਲੇਟ ਗਏ। ਫਿਰੋਜ਼ਪੁਰ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਕਿ ਸ਼ਹਿਰੀ ਲੋਕਾਂ ਉਤੇ ਬੰਬ ਸੁਟੇ ਜਾ ਰਹੇ ਸਨ। ਜਦੋਂ ਬੰਬਾਰੀ ਬੰਦ ਹੋਈ ਤਾਂ ਬਹੁਤ ਲੋਕ ਬਾਹਰ ਬਾਜ਼ਾਰ ਅਤੇ ਸੜਕਾਂ ਤੇ ਆ ਗਏ। ਇਕ ਬੰਬ ਕਮੇਟੀ ਘਰ ਦੇ ਲਾਗੇ ਇਕ ਟਾਂਗੇ ਤੇ ਫਟਿਆ ਸੀ ਜਿਸ ਨਾਲ ਤਾਂਗੇ ਵਾਲਾ, ਤਾਂਗੇ ਦਾ ਘੋੜਾ ਅਤੇ ਤਾਂਗੇ ਵਿਚ ਸਵਾਰ ਕੁਝ ਸਵਾਰੀਆਂ ਮਾਰੀਆਂ ਗਈਆਂ ਸਨ। ਮੈਂ ਵੀ ਲੋਕਾਂ ਦੀ ਭੀੜ ਵਿਚ ਜਦ ਓਥੇ ਪਹੁੰਚਿਆ ਤਾਂ ਲਾਸ਼ਾਂ ਅਜੇ ਓਥੇ ਪਈਆਂ ਸਨ। ਭਾਵੇਂ ਲੋਕ ਡਰ ਗਏ ਸਨ ਪਰ ਵਿਚ ਵਿਚ ਕਈ ਹੌਸਲਾ ਦੇਣ ਵਾਲੇ ਵੀ ਸਨ ਜੋ ਕਹਿ ਰਹੇ ਸਨ ਕਿ ਜਿਸ ਦੇਸ਼ ਨੂੰ ਅਸਾਂ ਆਜ਼ਾਦ ਕਰਵਾਇਆ ਹੈ, ਓਸ ਦੇਸ਼ ਦੀ ਧਰਤੀ ਖਾਤਰ ਜਾਨਾਂ ਵਾਰ ਦੇਵਾਂਗੇ। ਇਹ ਵੀ ਸੁਨਣ ਵਿਚ ਆ ਰਿਹਾ ਸੀ ਕਿ ਸੈਂਟਰਲ ਜੇਲ ਦੀ ਇਕ ਕੰਧ ਬੰਬ ਵਜਣ ਨਾਲ ਢਹਿ ਗਈ ਸੀ। ਛਾਉਣੀ ਦੇ ਰੇਲਵੇ ਸਟੇਸ਼ਨ ਤੇ ਵੀ ਬੰਬ ਡਿਗੇ ਸਨ ਤੇ ਨੁਕਸਾਨ ਹੋਇਆ ਸੀ। ਇਹ ਆਵਾਜ਼ ਵੀ ਆ ਰਹੀ ਸੀ ਕਿ ਛਾਉਣੀ ਵਿਚ ਹੋਰ ਵੀ ਕਈ ਥਾਵਾਂ ਤੇ ਬੰਬ ਡਿਗੇ ਸਨ। ਭਾਵੇਂ 65 ਦੀ ਇਹ ਲੜਾਈ ਦੂਰ ਸਰਹੱਦਾਂ ਉਤੇ ਪਹਿਲਾਂ ਮਠੀ ਚਾਲੇ ਸ਼ੁਰੂ ਹੋ ਚੁਕੀ ਸੀ ਪਰ ਹੁਣ ਪਾਕਿਸਤਾਨ ਵੱਲੋਂ ਪੰਜਾਬ ਤੇ ਕੀਤੇ ਹਮਲੇ ਨਾਲ ਖੁਲ੍ਹ ਕੇ ਸਾਹਮਣੇ ਆ ਗਈ ਤੇ ਜੰਗ ਦਾ ਐਲਾਨ ਹੋ ਗਿਆ ਸੀ। ਇਸ ਤੋਂ ਬਾਅਦ ਬੰਬ ਸੁਟਣ ਵਾਲੇ ਜਹਾਜ਼ ਕਦੇ ਪਾਕਿਸਤਾਨ ਵੱਲੋਂ ਬੜੀ ਤਿਖੀ ਸਪੀਡ ਤੇ ਸ਼ੋਰ ਮਚਾਉਂਦੇ ਭਾਰਤ ਵੱਲ ਆਉਂਦੇ ਤੇ ਮੁੜ ਜਾਂਦੇ। ਉਹ ਕਿਥੋਂ ਤਕ ਅਤੇ ਕਿਥੇ ਕਿਥੇ ਮਾਰ ਕਰ ਕੇ ਆਉਂਦੇ ਸਨ, ਦਾ ਪਤਾ ਓਸੇ ਵੇਲੇ ਨਹੀਂ ਲਗਦਾ ਸੀ। ਕਈ ਵਾਰ ਭਾਰਤੀ ਹਵਾਈ ਸੈਨਾ ਦੇ ਜਹਾਜ਼ ਪਾਕਿਸਤਾਨ ਵੱਲ ਬਹੁਤ ਤੇਜ਼ ਰਫਤਾਰ ਤੇ ਸ਼ੋਰ ਮਚਾਉਂਦੇ ਜਾਂਦੇ ਤੇ ਮੁੜਦੇ। ਕਿਉਂਕਿ ਦੋਹਾਂ ਦੇਸ਼ਾਂ ਵਿਚ ਸ਼ੁਰੂ ਹੋਈ ਜੰਗ ਨਾਲ ਦੋਵਾਂ ਮੁਲਕਾਂ ਦੇ ਲੜਾਕੂ ਜਹਾਜ਼ ਬੰਬਾਰਮੈਂਟ ਕਰਨ ਲਈ ਜਾਂਦੇ ਤੇ ਮੁੜਦੇ ਸਨ, ਇਸ ਲਈ ਇਹ ਪਛਾਣ ਕਰਨੀ ਔਖੀ ਸੀ ਕਿ ਇਹ ਲੜਾਕੂ ਜਹਾਜ਼ ਕਿਹੜੇ ਮੁਲਕ ਦੇ ਸਨ ਜੋ ਕੁਝ ਸਕਿੰਟਾਂ ਵਿਚ ਹੀ ਅਖੋਂ ਉਹਲੇ ਹੋ ਜਾਂਦੇ ਸਨ।

ਇਸ ਤੋਂ ਪਹਿਲਾਂ ਹਿੰਦੋਸਤਾਨ ਅਤੇ ਚੀਨ ਵਿਚੁਕਾਰ ਜੋ ਜੰਗ ਹੋਈ ਸੀ, ਉਹ ਪੰਜਾਬ ਦੀ ਧਰਤੀ ਤੇ ਨਹੀਂ, ਸਗੋਂ ਪਹਾੜੀ ਸਰਹੱਦਾਂ ਤੇ ਲੜੀ ਗਈ ਸੀ ਜਿਸ ਦਾ ਸਿੱਧਾ ਅਸਰ ਲੋਕਾਂ ਉਤੇ ਨਹੀਂ ਪਿਆ ਸੀ। ਦਿਨ ਚੜ੍ਹਨ ਤੇ ਜਦ ਮੈਂ ਤਿਆਰ ਹੋ ਕੇ ਸਕੂਲ ਪਹੁੰਚਿਆ ਤਾਂ ਵਿਦਿਆਰਥੀਆਂ ਦੀ ਗਿਣਤੀ ਬਹੁਤ ਘੱਟ ਸੀ। ਸਕੂਲ ਦੇ ਸਾਰੇ ਸਟਾਫ ਦੇ ਮੂੰਹ ਤੇ ਜੰਗ ਦੀਆਂ ਹੀ ਗੱਲਾਂ ਸਨ। ਅੰਦਰੋਂ ਸਾਰੇ ਡਰੇ ਹੋਏ ਵੀ ਸਨ। ਸਟਾਫ ਵਿਚੋਂ ਕਈ ਟੀਚਰਜ਼ ਦੀਆਂ ਛੁੱਟੀ ਦੀਆਂ ਦਰਖਾਸਤਾਂ ਆ ਗਈਆਂ ਸਨ। ਜੰਗ ਦੀਆਂ ਖਬਰਾਂ ਦਾ ਪਤਾ ਸਿਰਫ ਰੇਡੀਓ ਤੋਂ ਹੀ ਲਗਦਾ ਸੀ ਜਿਸ ਵਿਚ ਭਾਰਤੀ ਰੇਡੀਓ ਦੀਆਂ ਖਬਰਾਂ ਦੱਸ

ਰਹੀਆਂ ਸਨ ਕਿ ਸਾਡੀਆਂ ਫੌਜਾਂ ਪਾਕਿਸਤਾਨ ਵੱਲ ਅਗੇ ਵਧ ਰਹੀਆਂ ਸਨ ਤੇ ਪਾਕਿਸਤਾਨ ਦਾ ਰੇਡੀਓ ਕਹਿ ਰਿਹਾ ਸੀ ਉਹਨਾਂ ਦੀਆਂ ਫੌਜਾਂ ਭਾਰਤ ਵੱਲ ਅਗੇ ਵਧ ਰਹੀਆਂ ਸਨ। ਦੋਵਾਂ ਮੁਲਕਾਂ ਦੇ ਰੇਡੀਓ ਆਪਣੇ ਬਹਾਦਰ ਸਿਪਾਹੀਆਂ ਦੀਆਂ ਕਾਰਗੁਜ਼ਾਰੀਆਂ ਤੇ ਜਿੱਤਾਂ ਨੂੰ ਵਧਾ ਚੜ੍ਹਾ ਕੇ ਦੱਸ ਰਹੇ ਸਨ। ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਤੋਂ ਇਲਾਵਾ ਬਾਰਡਰ ਦੇ ਬਹੁਤ ਨੇੜੇ ਪੈਂਦੇ ਪਿੰਡਾਂ ਅਤੇ ਬਸਤੀਆਂ ਦੇ ਲੋਕਾਂ ਵਿਚ ਦਹਿਸ਼ਤ ਫੈਲ ਗਈ ਤੇ ਕਈ ਲੋਕਾਂ ਨੇ ਘਰ ਛਡ ਕੇ ਭੱਜਣਾ ਸ਼ੁਰੂ ਕਰ ਦਿਤਾ। ਕਈ ਆਪਣੇ ਬਚਿਆਂ ਨੂੰ ਸੁਰਖਿਅਤ ਥਾਵਾਂ ਤੇ ਛਡਣ ਦੇ ਪਰਬੰਧ ਕਰਨ ਲਗੇ। ਫੌਜੀਆਂ ਦੀਆਂ ਬਕਤਰ ਬੰਦ ਗਡੀਆਂ ਅਤੇ ਫੌਜੀ ਟੈਂਕ ਧੜਾ ਧੜ ਬਾਰਡਰ ਵੱਲ ਜਾਂਦੇ ਦਿਸਣ ਲਗ ਪਏ ਸਨ। ਫਿਰੋਜ਼ਪੁਰ ਕਿਉਂਕਿ ਬਿਲਕੁਲ ਬਾਰਡਰ ਦੇ ਕੋਲ ਸੀ, ਇਸ ਲਈ ਇਸ ਸ਼ਹਿਰ ਨੂੰ ਬੜਾ ਖਤਰਾ ਸੀ, ਹਵਾਈ ਹਮਲੇ ਤੋਂ ਬਾਅਦ ਜੇਕਰ ਪਾਕਿਸਤਾਨ ਦੇ ਟੈਂਕ ਅਤੇ ਫੌਜਾਂ ਦਰਿਆ ਸਤਲੁਜ ਦੇ ਪੁਲ ਤੇ ਕਬਜ਼ਾ ਕਰ ਲੈਂਦੀਆਂ ਤਾਂ ਪੁਲ ਟੱਪ ਪਾਕਿਸਤਾਨੀ ਫੌਜਾਂ ਲਈ ਫਿਰੋਜ਼ਪੁਰ ਨੂੰ ਤਬਾਹ ਕਰ ਦੇਣਾ ਤੇ ਓਸ ਤੇ ਕਬਜ਼ਾ ਕਰ ਲੈਣਾ ਕੋਈ ਔਖਾ ਨਹੀਂ ਸੀ। ਫਿਰੋਜ਼ਪੁਰ ਸ਼ਹਿਰ ਅਤੇ ਬਾਰਡਰ ਦੇ ਪਿੰਡ ਖਾਲੀ ਹੋ ਗਏ ਪਿੰਡਾਂ ਦੇ ਬਹੁਤੇ ਲੋਕ ਜ਼ੀਰੇ, ਤਲਵੰਡੀ, ਮੋਗੇ, ਫਰੀਦਕੋਟ, ਕੋਟਕਪੂਰੇ, ਮੁਕਤਸਰ ਆਦਿ ਥਾਵਾਂ ਤੇ ਚਲੇ ਗਏ। ਕਈਆਂ ਨੇ ਆਪਣਾ ਘਰ ਦਾ ਸਾਮਾਨ ਵੀ ਜਿੰਨਾ ਕੁ ਲਿਜਾ ਸਕਦੇ ਸਨ, ਲੈ ਗਏ ਕਿਉਂਕਿ ਲੜਾਈ ਕਿੰਨਾ ਕੁ ਚਿਰ ਚਲਣੀ ਹੈ,ਇਸਦਾ ਕਿਸੇ ਨੂੰ ਕੋਈ ਪਤਾ ਨਹੀਂ ਸੀ। ਪਤਾ ਲਗਾ ਕਿ ਭਾਰਤੀ ਹਵਾਈ ਸੈਣਾ ਨੇ ਸਤਲੁਜ ਦਰਿਆ ਦਾ ਪੁਲ ਬੰਬ ਮਾਰ ਕੇ ਤੋੜ ਦਿਤਾ ਸੀ ਜਿਸ ਨਾਲ ਬੇਸ਼ਕ ਪੁਲ ਦੇ ਪਰਲੇ ਪਾਸੇ ਜਿਸ ਵਿਚ ਸ਼ਹੀਦ ਭਗਤ ਸਿੰਘ ਦੀ ਸਮਾਧ ਵੀ ਸ਼ਾਮਲ ਸੀ, ਪਾਕਿਸਤਾਨ ਫੌਜ ਦੇ ਕਬਜ਼ੇ ਹੇਠ ਚਲਾ ਗਿਆ ਸੀ ਪਰ ਪੁਲ ਟੁੱਟਣ ਨਾਲ ਪਾਕਿਸਤਾਨ ਦੀ ਫੌਜ ਅਤੇ ਟੈਂਕ ਅਗੇ ਨਹੀਂ ਆ ਸਕਦੇ ਸਨ। ਸਕੂਲ ਦੀ ਪਰਾਰਥਣਾ ਵਿਚ ਪ੍ਰਿੰਸੀਪਲ ਗੁਰਮਖ ਸਿੰਘ ਅਤੇ ਹੋਰ ਸਟਾਫ ਨੇ ਬੱਚਿਆਂ ਨੂੰ ਮੁਖਾਤਬ ਕਰ ਕੇ ਦੇਸ਼ ਭਗਤੀ ਦੇ ਲੈਕਚਰ ਦਿਤੇ ਅਤੇ ਭੀੜ ਪਈ ਤੇ ਇਕ ਦੂਜੇ ਦਾ ਸਾਥ ਦੇਣ ਦੀ ਅਪੀਲ ਕੀਤੀ। ਸਕੂਲ ਔਂਦੇ ਰਹਿਣ ਲਈ ਬੱਚਿਆਂ ਨੂੰ ਬਾਰ ਬਾਰ ਕਿਹਾ ਗਿਆ ਪਰ ਅਗਲੇ ਦਿਨ ਸਕੂਲ ਵਿਚ ਬੱਚਿਆਂ ਦੀ ਗਿਣਤੀ ਨਾਂ ਮਾਤਰ ਹੀ ਰਹਿ ਗਈ। ਜ਼ਿਲੇ ਦੇ ਡਿਪਟੀ ਕਮਿਸ਼ਨਰ ਵੱਲੋਂ ਰਾਤ ਦੇ ਕਰਫਿਊ ਦਾ ਐਲਾਨ ਕਰ ਦਿਤਾ ਗਿਆ। ਸ਼ਾਮ ਦੇ 6 ਵਜੇ ਤੋਂ ਲੈ ਕੇ ਕੋਈ ਬੰਦਾ ਸਵੇਰ ਦੇ 6 ਵਜੇ ਤਕ ਘਰ ਤੋਂ ਬਾਹਰ ਨਹੀਂ ਨਿਕਲ ਸਕਦਾ ਸੀ, ਬਲੈਕ ਆਊਟ ਹੋਣ ਨਾਲ ਕੋਈ ਅੱਗ ਨਹੀਂ ਬਾਲ ਸਕਦਾ ਸੀ ਅਤੇ ਨਾ ਹੀ ਬਿਜਲੀ, ਲੈਂਪ ਜਾਂ ਮੋਮ ਬੱਤੀ ਜਗਾ ਸਕਦਾ ਸੀ। ਕਈ ਥਾਈਂ ਜਿਥੇ ਕਿਤੇ ਰਾਤ ਦੇ ਹਨੇਰੇ ਵਿਚ ਥੋੜ੍ਹੀ ਜਹੀ ਵੀ ਰੋਸ਼ਨੀ ਹੋਈ ਜਾਂ ਹੋ ਕੇ ਬੁਝੀ ਹੁੰਦੀ, ਉਸ ਥਾਂ ਤੇ ਬੰਬ ਸੁੱਟਣ ਦੀਆਂ ਖਬਰਾਂ ਆ ਜਾਂਦੀਆਂ ਸਨ। ਅਗਲੇ ਕੁਝ ਦਿਨਾਂ ਵਿਚ ਜਿਥੇ ਫਿਰੋਜ਼ਪੁਰ ਸ਼ਹਿਰ ਖਾਲੀ ਹੋ ਗਿਆ, ਓਥੇ ਸਕੂਲ ਵਿਚ ਪੜ੍ਹਨ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਜ਼ੀਰੋ ਹੋ ਗਈ। ਸ਼ਹਿਰ ਦੇ ਸਾਰੇ ਹੋਟਲ ਵੀ ਬੰਦ ਹੋ ਗਏ ਅਤੇ ਘਰਾਂ ਦੇ ਚੁਲ੍ਹੇ ਬੰਦ ਹੋਣ ਨਾਲ ਰੋਟੀ ਦੀ ਤਕਲੀਫ ਵੀ ਆਉਣ ਲਗ ਪਈ। ਖਾਲੀ ਸ਼ਹਿਰ ਭਾਂ ਭਾਂ ਕਰ ਰਿਹਾ ਸੀ। ਸਿਰਫ ਆਵਾਰਾ ਕੁੱਤੇ ਹੀ ਤੁਰੇ ਫਿਰਦੇ ਦਿਸਦੇ ਸਨ। ਬਾਰਡਰ ਦੇ ਏਧਰ ਓਧਰ ਦਿਨ ਰਾਤ ਗੂੰਜਦੇ ਫੌਜੀ ਜਹਾਜ਼ਾਂ ਦੀ ਗਿਣਤੀ ਵਧਨ ਲਗੀ। ਸਰਕਾਰੀ ਮੁਲਾਜ਼ਮਾਂ ਦੀਆਂ ਛੁਟੀਆਂ ਮਨਸੂਖ ਕਰ ਦਿਤੀਆਂ ਗਈਆਂ ਅਤੇ ਮੁਲਾਜ਼ਮਾਂ ਨੂੰ ਕਈ ਥਾਵਾਂ ਤੇ ਲਗੇ ਸਾਇਰਨ ਵਜਾਉਣ ਦੀਆਂ ਡਿਊਟੀਆਂ ਦੇ ਦਿਤੀਆਂ ਗਈਆਂ। ਖਤਰੇ ਦਾ ਇਹ ਸਾਇਰਨ ਓਸ ਵੇਲੇ ਵਜਾਇਆ ਜਾਂਦਾ ਸੀ ਜਦ ਅੰਬਾਲੇ ਤੋਂ ਫੋਨ ਆਉਂਦਾ ਸੀ ਹਵਾਈ ਹਮਲਾ ਹੋਣ ਵਾਲਾ ਹੈ। ਕਈ ਵਾਰ ਫੋਨ ਸਾਇਰਨ ਵਜਾਉਣ ਦਾ ਫੋਨ ਮਗਰੋਂ ਆਉਂਦਾ ਤੇ ਜੰਗੀ ਜਹਾਜ਼ ਓਸ ਤੋਂ ਪਹਿਲਾਂ ਹੀ ਸ਼ੂਕਦੇ ਲੰਘ ਜਾਂਦੇ। ਕਾਲਜ ਵਿਚ ਡੂੰਘੇ ਟੋਏ ਪੁਟੇ ਹੋਏ ਸਨ ਤੇ ਸਾਰਿਨ ਵਜਾਣ ਤੋਂ ਬਾਅਦ ਇਹਨਾਂ ਟੋਇਆ ਜਾਂ ਖਾਈਆਂ ਵਿਚ ਜਾ ਕੇ ਲੇਟਣਾ ਹੁੰਦਾ ਸੀ।

ਏਸ ਦੌਰਾਨ ਬਿੰਦੂ ਜੋ ਹੁਣ ਪਰਵਾਰ ਦਾ ਇਕ ਮੈਂਬਰ ਬਣ ਗਈ ਸੀ, ਨੇ ਸਾਡੀ ਬੜੀ ਦਲੇਰੀ ਨਾਲ ਮਦਦ ਕੀਤੀ। ਅਸੀਂ ਜਿੰਨਾ ਕੁ ਸਾਮਾਨ ਚੁਕ ਸਕਦੇ ਸਾਂ, ਬੱਸਾਂ ਤੇ ਲੱਦ ਲੱਦ ਕੇ ਉਹਦੀ ਭੈਣ ਦੇ ਘਰ ਮੋਗੇ ਲੈ ਗਏ ਅਤੇ ਕੁਝ ਦਿਨਾਂ ਬਾਅਦ ਕਿਉਂਕਿ ਜਗ੍ਹਾ ਘੱਟ ਸੀ, ਲਾਗੇ ਇਕ ਘਰ 10 ਰੁਪੈ ਮਹੀਨੇ ਤੇ ਲੈ ਕੇ ਸਾਮਾਨ ਓਥੇ ਟਿਕਾ ਦਿਤਾ। ਵਿਚ ਵਿਚ ਫਿਰੋਜ਼ਪੁਰ ਜਾ ਕੇ ਸਕੂਲ ਦੇ ਰਜਿਸਟਰ ਵਿਚ ਹਾਜ਼ਰੀ ਲਾ ਕੇ ਜਾਂ ਗੈਰ ਹਾਜ਼ਰ ਦਿਨਾਂ ਦੀ ਇਕੱਠੀ ਹਾਜ਼ਰੀ ਲਾ ਕੇ ਆਪਣਾ ਤੇ ਬਿੰਦੂ ਦਾ ਹੋਰ ਸਾਮਾਨ ਮੋਗੇ ਪੁਚਾਂਦੇ ਰਹੇ। ਫਿਰੋਜ਼ਪੁਰ ਅਤੇ ਮੋਗੇ ਦੇ ਦਰਮਿਆਨ ਮਾਲਵਾ ਵਾਲਿਆਂ ਦੀਆਂ ਬੱਸਾਂ ਤੂੜੀਵਾਂਗ ਲਦੀਆਂ ਚੱਲ ਰਹੀਆਂ ਸਨ। ਹਾਹਾਕਾਰ ਵਧ ਰਹੀ ਸੀ ਕਿਉਂਕਿ ਪਾਕਿਸਤਾਨੀ ਲੜਾਕੇ ਜਹਾਜ਼ਾਂ ਦੀਆਂ ਉਡਾਨਾਂ ਨੇ ਅਤੇ ਪਾਕਿਸਤਾਨ ਵਿਚੋਂ ਤਿੰਨ ਘੰਟੇ ਫਿਰੋਜ਼ਪੁਰ ਸ਼ਹਿਰ ਅਤੇ ਛਾਉਣੀ ਤੇ ਸੁਟੇ ਤੋਪਾਂ ਦੇ ਗੋਲਿਆਂ ਨੇ ਬਹੁਤ ਨੁਕਸਾਨ ਕਰ ਦਿਤਾ ਸੀ ਤੇ ਮੌਤ ਤੋਂ ਡਰਦੇ ਲੋਕ ਜਿਨ੍ਹਾਂ ਅਜੇ ਸ਼ਹਿਰ ਨਹੀਂ ਸੀ ਛਡਿਆ, ਉਹ ਵੀ ਸ਼ਹਿਰ ਛਡ ਕੇ ਭੱਜ ਗਏ ਸਨ। ਸ਼ਹਿਰ ਦੇ ਬਾਜ਼ਾਰ ਭਾਂ ਭਾਂ ਕਰ ਰਹੇ ਸਨ ਅਤੇ ਗਲੀਆਂ ਬਾਜ਼ਾਰਾਂ ਵਿਚ ਕੁਤੇ ਜਾਂ ਹੋਮ ਗਾਰਡ ਦੇ ਸਿਪਾਹੀ ਬਾਕੀ ਰਹਿ ਗਏ ਸਨ। ਇਕ ਦਿਨ ਮੋਗੇ ਤੋਂ ਫਿਰੋਜ਼ਪੁਰ ਆ ਕੇ ਜਦ ਮੈਂ ਸਕੂਲ ਰਜਿਸਟਰ ਵਿਚ ਹਾਜ਼ਰੀ ਲਾਉਣ ਲੱਗਾ ਤਾਂ ਓਥੇ ਮੇਰੇ ਵਾਰੰਟ ਪਏ ਸਨ ਕਿ ਮੈਂ ਸਰਕਾਰੀ ਡਿਊਟੀ ਤੋਂ ਗੈਰ ਹਾਜ਼ਰ ਸਾਂ ਅਤੇ ਪਿਛਲੀਆਂ ਹਾਜ਼ਰੀਆਂ ਇਕਠੀਆਂ ਲਾ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਮੈਂ ਸਕੂਲ ਹਾਜ਼ਰ ਹੁੰਦਾ ਰਿਹਾ ਹਾਂ ਜਦ ਕਿ ਅਸਲੀਅਤ ਇੰਜ ਨਹੀਂ ਸੀ। ਮੈਂ ਬੜੀਆਂ ਮਿੰਨਤਾਂ ਤਰਲੇ ਕਰ ਕੇ ਪ੍ਰਿੰਸੀਪਲ ਤੋਂ ਲਿਖਤੀ ਮੁਆਫੀ ਮੰਗ ਕੇ ਖਹਿੜਾ ਛਡਵਾਇਆ ਅਤੇ ਮੇਰੀ ਡਿਊਟੀ ਸ਼ਾਮੀਂ 6 ਤੋਂ ਸਵੇਰੇ 6 ਵਜੇ ਤਕ ਸਾਇਰਨ ਵਜਾਉਣ ਲਈ ਦੇਵ ਸਮਾਜ ਕਾਲਜ ਫਾਰ ਵੂਮੈਨ ਵਿਚ ਲਗ ਗਈ। ਇਸ ਕਾਲਜ ਵਿਚ ਜਾਂ ਹੋਰਨਾਂ ਥਾਵਾਂ ਤੇ ਜਿਥੇ ਸਾਇਰਨ ਵਜਾਉਣ ਦਾ ਕੰਮ ਸੀ, ਛੇ ਛੇ ਮੁਲਾਜ਼ਮਾਂ ਦਾ ਗਰੁੱਪ ਕੰਮ ਕਰਦਾ ਸੀ। 6 ਬੰਦੇ ਸ਼ਾਮੀਂ 6 ਤੋਂ ਰਾਤ ਦੇ 12 ਵਜੇ ਤਕ ਕੰਮ ਕਰਦੇ ਸਨ ਅਤੇ 6 ਰਾਤੀਂ ਬਾਰਾਂ ਤੋਂ ਸਵੇਰ ਦੇ 6 ਵਜੇ ਤਕ। ਜਿਹੜੇ ਆਪਣਾ ਕੰਮ ਰਾਤੀਂ 12 ਵਜੇ ਮੁਕਾ ਲੈਂਦੇ

ਸਨ, ਉਹ ਰਾਤ ਨੂੰ ਓਥੇ ਹੀ ਸੌਂ ਜਾਂਦੇ ਸਨ ਕਿਉਂਕਿ ਕਰਫਿਊ ਹੋਣ ਕਾਰਨ ਕਾਲਜ ਵਿਚੋਂ ਬਾਹਰ ਨਹੀਂ ਨਿਕਲ ਸਕਦੇ ਸਨ। ਇੰਜ ਰਾਤ ਨੂੰ ਦਿਤੀ ਡਿਊਟੀ ਦਿਨ ਵੇਲੇ ਸਕੂਲ ਵਿਚ ਦਿਤੀ ਹਾਜ਼ਰੀ ਵਾਂਗ ਸਮਝੀ ਜਾਂਦੀ ਸੀ। ਮੈਂ ਪ੍ਰਿੰਸੀਪਲ ਨੂੰ ਕਹਿ ਦਿਤਾ ਕਿ ਮੈਂ ਰਾਤ ਦੀ ਡਿਊਟੀ ਤੇ ਚਲਾ ਜਾਵਾਂਗਾ ਤੇ ਅਗਲੀ ਡਿਊਟੀ ਲਿਸਟ ਓਥੇ ਬਣਦੀ ਸੀ। ਸਕੂਲ ਵਿਚੋਂ ਮੈਂ ਸਿਧਾ ਬਿੰਦੂ ਦੇ ਘਰ ਛਾਉਣੀ ਚਲਾ ਗਿਆ ਕਿਉਂਕਿ ਪਰੋਗਰਾਮ ਤਾਂ ਇਹ ਸੀ ਕਿ ਉਹਦਾ ਛੱਤ ਵਾਲਾ ਪਖਾ ਲਾਹ ਕੇ ਅਤੇ ਕੁਝ ਹੋਰ ਸਾਮਾਨ ਚੁਕ ਕੇ ਮੋਗੇ ਪੁਚਾਣਾ ਸੀ। ਮੋਹਨ ਤੇ ਉਹ ਮੇਰਾ ਇੰਤਜ਼ਾਰ ਕਰ ਰਹੇ ਸਨ। ਜਦ ਮੈਂ ਪਹੁੰਚਿਆ ਤਾਂ ਉਹਨਾਂ ਦਾ ਪਹਿਲਾ ਸਵਾਲ ਇਹ ਸੀ ਕਿ ਮੈਂ ਬੜੀ ਦੇਰ ਕਰ ਦਿਤੀ ਸੀ ਅਤੇ ਮੋਗੇ ਜਾਣ ਨੂੰ ਕਰਫਿਊ ਕਾਰਨ ਬੱਸਾਂ ਸ਼ਾਮ ਨੂੰ ਬੰਦ ਹੋ ਜਾਂਦੀਆਂ ਸਨ। ਮੈਂ ਦਸਿਆ ਕਿ ਮੈਂ ਮੋਗੇ ਨਹੀਂ ਜਾ ਸਕਾਂਗਾ। ਮੇਰੀ ਰਾਤ ਦੀ ਡਿਊਟੀ ਦੇਵ ਸਮਾਜ ਕਾਲਜ ਫਾਰ ਵੁਮੈਨ ਵਿਚ ਲਗ ਗਈ ਹੈ ਜਿਥੇ ਹਵਾਈ ਹਮਲੇ ਤੋਂ ਲੋਕਾਂ ਨੂੰ ਜਾਣੂ ਕਰਾਉਣ ਲਈ ਛੇ ਛੇ ਟੀਚਰਜ਼ ਦੇ ਗਰੁੱਪ ਬਣ ਗਏ ਹਨ। ਤੁਹਾਨੂੰ ਵੀ ਹੁਣ ਮੋਗੇ ਦੀ ਬੱਸ ਨਹੀਂ ਮਿਲਣੀ। ਮੈਂ ਛਾਉਣੀ ਤੋਂ ਤੁਹਾਡੇ ਕੋਲੋਂ 5 ਵਜੇ ਦੇਵ ਸਮਾਜ ਕਾਲਜ ਲਈ ਚਲਾ ਜਾਵਾਂਗਾ ਤੇ ਸਵੇਰੇ 7 ਵਜੇ ਆਵਾਂਗਾ। ਤੁਸੀਂ ਸ਼ਾਮ ਦੀ ਰੋਟੀ ਦਾ ਪਰਬੰਧ ਕਰ ਦਿਓ ਕਿਉਂਕਿ ਸ਼ਾਮ ਹੁੰਦਿਆਂ ਹੀ ਲਾਈਟਾਂ ਆਫ ਅਤੇ ਸਟੋਵ ਬੰਦ ਹੋ ਜਾਣੇ ਹਨ। ਜੇ ਤੁਸੀਂ ਮੋਗੇ ਪਹੁੰਚ ਵੀ ਗਏ ਤਾਂ ਜਾਣ ਤਕ ਕਰਫਿਊ ਲਗ ਜਾਣਾ ਹੈ ਅਤੇ ਅੱਡੇ ਤੋਂ ਘਰ ਕਿਵੇਂ ਪਹੁੰਚੋਗੇ। ਇਸ ਲਈ ਤੁਸੀਂ ਸਵੇਰੇ ਚਲੇ ਜਾਣਾ ਅਤੇ ਅਜ ਦੀ ਰਾਤ ਰੱਬ ਤੇ ਆਸ ਰੱਖ ਕੇ ਇਥੇ ਖਤਰੇ ਵਿਚ ਹੀ ਗੁਜ਼ਾਰੋ।

ਮੈਂ ਪੰਜ ਵੱਜਣ ਤੋਂ ਪਹਿਲਾਂ ਹੀ ਜਿਉਂ ਸਾਈਕਲ ਭਜਾਇਆ ਤੇ ਅਧੇ ਘੰਟੇ ਵਿਚ ਫਿਰੋਜ਼ਪੁਰ ਸ਼ਹਿਰ ਡਿਉਟੀ ਤੇ ਪਹੁੰਚ ਗਿਆ। ਜਦ ਪਹੁੰਚਿਆ ਤਾਂ ਛੇ ਛੇ ਦੇ ਦੋ ਗਰੁੱਪਾਂ ਵਿਚੋਂ ਇਕ ਗਰੁੱਪ ਨੇ ਫੈਸਲਾ ਕੀਤਾ ਕਿ ਜਿਹੜਾ ਗਰੁੱਪ 6 ਤੋਂ 12 ਡਿਊਟੀ ਦੇ ਰਿਹਾ ਹੈ, ਉਹੀ 2 ਤੋਂ ਸਵੇਰੇ 6 ਵਾਲੀ ਡਿਊਟੀ ਵੀ ਦੇਵੇ ਕਿਉਂਕਿ ਰਾਤ ਨੂੰ ਕਰਫਿਊ ਕਾਰਨ ਰਾਤ ਬਾਰਾਂ ਵਜੇ ਘਰ ਤਾਂ ਜਾ ਨਹੀਂ ਸਕਦਾ। ਅਗਲੀ ਰਾਤ ਇਹ ਗਰੁੱਪ ਸਾਰੀ ਰਾਤ ਦੀ ਡਿਊਟੀ ਦੇਵੇ। ਇਹ ਤਜਵੀਜ਼ ਸਾਰਿਆਂ ਨੂੰ ਪਸੰਦ ਆ ਗਈ। ਮੈਨੂੰ ਅਤੇ ਮੇਰੇ ਗਰੁਪ ਦੇ ਬਾਕੀ ਪੰਜਾਂ ਨੂੰ ਅਗਲੇ ਦਿਨ ਸਾਰੀ ਰਾਤ ਦੀ ਡਿਊਟੀ ਦੇਣ ਲਈ ਕਹਿ ਕੇ ਦੂਜੇ ਗਰੁੱਪ ਨੇ ਕਿਹਾ ਕਿ ਤੁਸੀਂ ਤੁਰਤ ਏਥੋਂ ਚਲੇ ਜਾਓ ਕਿਉਂਕਿ ਕਰਫਿਊ ਲੱਗਣ ਵਾਲਾ ਹੈ। ਮੈਂ ਸਿਰ ਤੋੜ ਸਾਈਕਲ ਭਜਾਇਆ ਤੇ 6 ਵਜਣ ਤੋਂ ਪਹਿਲਾਂ ਛਾਉਣੀ ਪਹੁੰਚ ਗਿਆ। ਬਿੰਦੂ ਕਹਿਣ ਲਗੀ ਕੀ ਗੱਲ ਹੋ ਗਈ ਤਾਂ ਮੈਂ ਦਸਿਆ ਕਿ 6 ਘੰਟੇ ਦੀ ਡਿਊਟੀ ਤੋਂ ਬਾਅਦ ਬਾਕੀ ਰਾਤ ਓਥੇ ਕੱਟਣ ਨਾਲੋਂ ਕਲ ਸਾਰੀ ਰਾਤ ਦੀ ਡਿਊਟੀ ਲਗੀ ਹੈ ਅਤੇ ਕਰਫਿਊ ਤੋਂ ਪਹਿਲਾਂ ਪਹਿਲਾਂ ਪਹੁੰਚ ਗਿਆ ਹਾਂ। ਏਨੇ ਨੂੰ ਸਾਇਰਨ ਵਜਿਆ ਤੇ ਸਭ ਲਾਈਟਸ ਬੰਦ ਹੋ ਗਈਆਂ। ਓਸ ਰਾਤ ਸ਼ਹਿਰ ਅਤੇ ਛਾਉਣੀ ਤੇ ਪਾਕਿਸਤਾਨ ਨੇ ਜ਼ਬਰਦਸਤ ਸ਼ੈਲਿੰਗ ਕੀਤੀ। ਤੋਪਾਂ ਦੇ ਗੋਲੇ ਟੀਂ---ਠਾਹ, ਟੀਂ---ਠਾਹ ਕਰਦੇ ਕਰਦੇ ਸ਼ਹਿਰ ਤੇ ਡਿਗਦੇ ਰਹੇ। ਕਿਹੜਾ ਗੋਲਾ ਕਿਹੜੇ ਵੇਲੇ ਸਾਡੇ ਤੇ ਡਿਗ ਕੇ ਸਾਨੂੰ ਸਦਾ ਲਈ ਖਤਮ ਕਰ ਦੇਵੇਗਾ, ਇਕ ਇਕ ਪਲ ਬਾਅਦ ਮੌਤ ਦਾ ਭੈਅ ਅਤੇ ਕਹਿਰ ਸਿਰ ਉਤੋਂ ਲੰਘ ਰਿਹਾ ਸੀ। ਪਾਕਿਸਤਾਨ ਵੱਲੋਂ ਆ ਰਹੇ ਤੋਪਾਂ ਦੇ ਗੋਲੇ ਤੇ ਉਹਨਾਂ ਦੀ ਆਵਾਜ਼ ਇੰਜ ਲਗਦਾ ਜਿਵੇਂ ਸਰੀਰ ਨੂੰ ਚੀਰ ਕੇ ਲੰਘ ਰਹੀ ਸੀ। ਬਿੰਦੂ ਦਾ ਧੜਕਦਾ ਦਿਲ ਗੂੜ੍ਹਾ ਹਨੇਰਾ ਹੋਣ ਦੇ ਬਾਵਜੂਦ ਸਾਫ ਸੁਣਦਾ ਸੀ। ਰਾਤ ਦੇ ਬਾਰਾਂ ਤੋਂ ਸਵੇਰ ਦੇ 3 ਵਜੇ ਤਕ ਤਿੰਨ ਘੰਟੇ ਤੋਪਾਂ ਦੇ ਗੋਲੇ ਅਤੇ ਬੰਬਾਰੀ ਨਾਲ ਸਿਰਫ ਸ਼ਹਿਰ ਅਤੇ ਛਾਉਣੀ ਹੀ ਨਾ ਕੰਬਦੇ ਰਹੇ, ਸਗੋਂ ਇਸ ਦੀ ਆਵਾਜ਼ ਨਾਲ ਮੋਗਾ ਅਤੇ ਕੋਟਕਪੂਰੇ ਤਕ ਖਿੜਕੀਆਂ ਤੇ ਬੂਹੇ ਹਿੱਲਦੇ ਰਹੇ। ਇਹ ਗੋਲੇ ਕਿਥੇ ਡਿਗਦੇ ਰਹੇ ਤੇ ਇਹਨਾਂ ਨਾਲ ਕਿੰਨਾ ਨੁਕਸਾਨ ਹੋਇਆ, ਇਸ ਦਾ ਪਤਾ ਲਗਣਾ ਬਹੁਤ ਮੁਸ਼ਕਲ ਸੀ। ਦਰਵਾਜ਼ਾ ਜਾਂ ਖਿੜਕੀ ਦੀ ਝੀਤ ਖੋਲ੍ਹ ਕੇ ਵੀ ਬਾਹਰ ਕੁਝ ਵੇਖਿਆ ਵੀ ਨਹੀਂ ਜਾ ਸਕਦਾ ਸੀ। 1965 ਦੀ ਪਾਕਿਸਤਾਨ ਨਾਲ ਜੰਗ ਦੀ ਇਸ ਭਿਆਨਕ ਰਾਤ ਅਸੀਂ ਧੜਕਦੇ ਦਿਲਾਂ ਨਾਲ ਕੰਬਦੇ ਤੇ ਮੌਤ ਦੇ ਭੈਅ ਵਿਚ ਗੁੱਸੇ ਹੋਏ ਇਕ ਦੂਜੇ ਦੇ ਸਰੀਰਾਂ ਵਿਚੋਂ ਜ਼ਿੰਦਗੀ ਲਭਦੇ ਰਹੇ।

## ਕਿਸ਼ਤ 61:-ਸ਼ਿਵ ਕੁਮਾਰ ਬਟਾਲਵੀ ਦਾ ਬਿੰਦੂ ਤੇ "ਵਡ ਕਵਾਰੀ ਦਾ ਗੀਤ" ਲਿਖਣਾ

ਮੈਂ ਤੇ ਕਹਾਣੀਕਾਰ ਜਗਜੀਤ ਸਿੰਘ ਆਹੂਜਾ ਗਰੈਂਡ ਹੋਟਲ, ਅੰਮ੍ਰਿਤਸਰ ਦੇ 5 ਨੰਬਰ ਕਮਰੇ ਵਿਚ ਬੈਠੇ ਸ਼ਿਵ ਕੁਮਾਰ ਨਾਲ ਦਾਰੂ ਪੀ ਰਹੇ ਸਾਂ। ਭਾਵੇਂ 1965 ਦੀ ਹਿੰਦ ਪਾਕ ਜੰਗ ਦਾ ਸੀਜ਼ ਫਾਇਰ ਹੋ ਚੁਕਾ ਸੀ ਪਰ ਤਨਾਓ ਅਜੇ ਬਾਕੀ ਸੀ। ਬਾਰਡਰਜ਼ ਤੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਅਜੇ ਵੀ ਔਂਦੀਆਂ ਸਨ। ਕਈ ਸ਼ਹਿਰਾਂ ਵਿਚ ਅਜੇ ਵੀ ਰਾਤ ਦਾ ਕਰਫੀਊ ਜਾਰੀ ਸੀ। ਜਿਵੇਂ ਜੰਗ ਤੋਂ ਡਰੇ ਫਿਰੋਜ਼ਪੁਰ ਸ਼ਹਿਰ, ਛਾਉਣੀ ਅਤੇ ਬਾਰਡਰ ਲਾਗੇ ਰਹਿੰਦੇ ਲੋਕ ਹੌਲੀ ਹੌਲੀ ਮੁੜ ਰਹੇ ਸਨ, ਓਸੇ ਵਾਂਗ ਅੰਮ੍ਰਿਤਸਰ ਸ਼ਹਿਰ ਛਡ ਕੇ ਭੱਜੇ ਕਈ ਲੋਕ ਵਾਪਸ ਮੁੜ ਰਹੇ ਸਨ। ਕਈ ਤਾਂ ਅਜਿਹੇ ਗਏ ਕਿ ਵਾਪਸ ਹੀ ਨਾ ਮੁੜੇ। ਉਹਨਾਂ ਨੇ ਹੋਰਨਾਂ ਸ਼ਹਿਰਾਂ ਵਿਚ ਕੰਮ ਖੋਲ੍ਹ ਲਏ ਪਰ ਓਥੇ ਨਵੀਂਆਂ ਥਾਂਵਾਂ ਤੇ ਪੈਰ ਨਹੀਂ ਲਗ ਰਹੇ ਸਨ। ਕਿਸੇ ਫਿਲਮ ਐਕਟਰ ਨੇ ਸ਼ਿਵ ਕੁਮਾਰ ਨੂੰ ਗਰੈਂਡ ਹੋਟਲ ਵਿਚ ਇਹ 5 ਨੰਬਰ ਕਮਰਾ ਲੈ ਕੇ ਦਿਤਾ ਹੋਇਆ ਸੀ ਜਿਥੇ ਬੈਠ ਕੇ ਉਹਨੇ ਇਕ ਫਿਲਮ ਦੇ ਗੀਤ ਲਿਖਣੇ ਸਨ। ਉਹ ਗੀਤ ਤਾਂ ਘੱਟ ਹੀ ਲਿਖਦਾ ਤੇ ਇਹ ਕਮਰਾ ਦਾਰੂ ਸਿੱਕੇ ਦੀਆਂ ਮਹਿਫਲਾਂ ਲਾਉਣ ਦੇ ਵਧੇਰੇ ਕੰਮ ਆਉਂਦਾ। ਕਦੀ ਸ਼ਿਵ ਬਟਾਲੇ ਚਲਾ ਜਾਂਦਾ ਤੇ ਕਦੀ ਇਸ ਕਮਰੇ ਵਿਚ ਹੀ ਰਹਿ ਜਾਂਦਾ। ਜੰਗ ਦੇ ਛਾਏ

ਬਦਲਾਂ ਕਾਰਨ ਮੰਦਾ ਹੋਣ ਕਰ ਕੇ ਦਾਰੂ ਦਾ ਇੰਤਜ਼ਾਮ ਕਰਨਾ ਵੀ ਕਈ ਵਾਰ ਔਖਾ ਹੋ ਜਾਂਦਾ ਪਰ ਆਹੂਜਾ ਆਪਣੇ ਇੱਬਨ ਵਾਲੇ ਭਠੇ ਤੋਂ ਦੇਸੀ ਸ਼ਰਾਬ ਦੀਆਂ ਬੋਤਲਾਂ ਭਰਵਾ ਲਿਆਉਂਦਾ। ਅਸੀਂ 5 ਨੰਬਰ ਕਮਰੇ ਦੇ ਬਾਹਰ ਬਰਾਂਡੇ ਵਿਚ ਕੁਰਸੀਆਂ ਡਾਹ ਕੇ ਸ਼ਰਾਬ ਪੀਂਦੇ ਤੇ ਸ਼ਿਵ ਪੈਸੇ ਬਨਾਉਣ ਦੀਆਂ ਤਰਕੀਬਾਂ ਬਣਾਉਂਦਾ। ਹਾਲੇ ਉਹਦੀ ਲੂਣਾ ਛਪੀ ਨਹੀਂ ਸੀ। ਉਹਨੇ ਲੂਣਾ ਦੀ ਰਾਇਲਟੀ ਦੇ ਅਡਵਾਂਸ ਪੈਸੇ ਕਈ ਪਬਲਿਸ਼ਰਜ਼ ਤੋਂ ਲੈ ਕੇ ਸ਼ਰਾਬ ਪੀ ਲਈ ਸੀ। ਮੈਂ ਸ਼ਿਵ ਨੂੰ ਕਿਹਾ ਕਿ ਕੀ ਤੂੰ ਇਕ ਐਸੀ ਸੁੰਦਰੀ ਤੇ ਕਵਿਤਾ ਲਿਖ ਸਕਦਾ ਹੈਂ ਜਿਸ ਦੀ ਵਿਆਹ ਦੀ ਉਮਰ ਟਪਦੀ ਜਾ ਰਹੀ ਹੈ ਜਾਂ ਟੱਪ ਗਈ ਹੈ ਪਰ ਅਜੇ ਵੀ ਉਹਦੇ ਜਿਸਮ ਵਿਚੋਂ ਹੁਸਨ ਠਾਠਾਂ ਮਾਰਦਾ ਹੈ। ਅਜੇ ਵੀ ਵੀ ਉਹਦੀਆਂ ਮਸਤ ਅਖਾਂ ਦੀ ਤਾਬ ਨਹੀਂ ਝੱਲੀ ਜਾਂਦੀ। ਅਜੇ ਵੀ ਉਹ ਹਥ ਲਾਇਆਂ ਮੈਲੀ ਹੁੰਦੀ ਹੈ। ਉਸ ਨੂੰ ਵੇਖ ਕੇ ਕਈ ਦਿਨਾਂ ਤਕ ਉਹਦੇ ਹੁਸਨ ਦੇ ਜਲਵੇ ਦਾ ਨਸ਼ਾ ਚੜ੍ਹਿਆ ਰਹਿੰਦਾ ਹੈ।

ਸ਼ਿਵ ਕਹਿਣ ਲੱਗਾ ਕੁੜੀ ਕੌਣ ਹੈ? ਮੈਂ ਕਿਹਾ ਮੇਰੀ ਅਗਲੀ ਕਹਾਣੀਆਂ ਦੀ ਕਿਤਾਬ "ਜੇ ਮੈਂ ਮਰ ਜਾਵਾਂ" ਜਿਸ ਵਿਚ 18 ਕਹਾਣੀਆਂ ਹਨ, ਦੀ ਕਹਾਣੀ "ਜੇ ਮੈਂ ਮਰ ਜਾਵਾਂ" ਮੈਂ ਉਹਦੇ ਤੇ ਲਿਖੀ ਹੈ। ਇਹ ਕਹਾਣੀ ਦੋ ਕਲਾਕਾਰਾਂ ਦੇ ਜਜ਼ਬਿਆਂ ਦੇ ਨਿਖਾਰ ਦਾ ਪ੍ਰਯੋਗ ਹੈ। ਕਿਤਾਬ ਦਾ ਟਾਈਟਲ ਅੰਮ੍ਰਿਤਸਰ ਦਾ ਕਲਾਕਾਰ ਦਲੀਪ ਬਣਾ ਰਿਹਾ ਹੈ। ਲੰਘਦਾ ਟਪਦਾ ਵੇਖ ਲਵੀਂ। ਤੂੰ ਉਸ ਸੁੰਦਰੀ ਤੇ ਅਜਿਹੀ ਕਵਿਤਾ ਲਿਖੇਂਗਾ ਜਿਸ ਕਵਿਤਾ ਦੀਆਂ ਲਾਈਨਾਂ ਵਿਚ ਉਹ ਆਪਣੇ ਆਪ ਨੂੰ ਵੇਖ ਅਤੇ ਮਹਿਸੂਸ ਵੀ ਕਰ ਸਕੇਗੀ। ਮੇਰੀ ਕਹਾਣੀਆਂ ਦੀ ਇਹ ਦੂਜੀ ਕਿਤਾਬ ਨਿਊ ਬੁਕ ਕੰਪਨੀ ਜਲੰਧਰ ਦਾ ਮਾਲਕ ਸ. ਮਹਿਤਾਬ ਸਿੰਘ ਛਾਪ ਰਿਹਾ ਹੈ। ਤੂੰ ਮੇਰੀ ਇਸ ਨਵੀਂ ਕਿਤਾਬ ਦਾ ਸੰਪਾਦਕ ਹੋਵੇਂਗਾ ਅਤੇ ਤੇਰਾ ਸੰਪਾਦਕੀ ਨੋਟ ਅਤੇ ਵਡ ਕਵਾਰੀ ਤੇ ਲਿਖੇ ਗੀਤ ਦੀ ਮੈਨੂੰ ਉਡੀਕ ਰਹੇਗੀ। ਛੇਤੀ ਲਿਖ ਕੇ ਭੇਜ ਦੇਵੀਂ। ਮੈਂ ਸ਼ਿਵ ਨੂੰ ਫਿਰੋਜ਼ਪੁਰ ਦੇ ਆਪਣੇ ਘਰ ਦਾ ਪਤਾ ਲਿਖ ਕੇ ਦੇ ਦਿਤਾ ਅਤੇ ਅਗਲੇ ਦਿਨ ਅਮ੍ਰਿਤਸਰੋਂ ਬੱਸ ਤੇ ਚੜ੍ਹ ਕੇ ਫਿਰੋਜ਼ਪੁਰ ਆ ਗਿਆ। ਮੇਰਾ ਮਨ ਕਰ ਰਿਹਾ ਸੀ ਕਿ ਸ਼ਹਿਰ ਜਾਣ ਦੀ ਬਜਾਏ ਪਹਿਲਾਂ ਛਾਉਣੀ ਉਤਰ ਕੇ ਬਿੰਦੂ ਨੂੰ ਮਿਲ ਜਾਵਾਂ ਪਰ ਇਹ ਸੋਚ ਕੇ ਮਨ ਬਦਲ ਲਿਆ ਕਿ ਜਦ ਸ਼ਿਵ ਦਾ ਉਹਦੇ ਤੇ ਲਿਖਿਆ ਗੀਤ ਆ ਜਾਵੇਗਾ, ਤਦ ਹੀ ਉਸ ਨੂੰ ਮਿਲਣ ਜਾਵਾਂਗਾ। ਬਿੰਦੂ ਨੂੰ ਏਨਾ ਪਤਾ ਲਗ ਗਿਆ ਸੀ ਕਿ ਮੇਰੀ ਕਹਾਣੀਆਂ ਦੀ ਦੂਜੀ ਕਿਤਾਬ "ਜੇ ਮੈਂ ਮਰ ਜਾਵਾਂ" ਤਿਆਰ ਹੋ ਕੇ ਜਲਦੀ ਛਪਣ ਜਾ ਰਹੀ ਹੈ ਪਰ ਉਸ ਨੂੰ ਅਜੇ ਤਕ ਇਹ ਪਤਾ ਨਹੀਂ ਸੀ ਕਿ ਮੈਂ ਉਸ ਤੇ ਇਕ ਕਹਾਣੀ ਲਿਖੀ ਹੈ ਜੋ ਕਿਤਾਬ ਦਾ ਟਾਈਟਲ ਪੇਜ ਵੀ ਹੈ। ਇਹ ਕਹਾਣੀ ਲਿਖਣ ਦਾ ਮਨ ਮੈਂ 31 ਮਾਰਚ, 1965 ਨੂੰ ਹੀ ਬਣਾ ਲਿਆ ਸੀ ਜਦ ਮੈਂ ਉਸ ਨੂੰ ਫਿਰੋਜ਼ਪੁਰ ਛਾਉਣੀ ਤੋਂ ਲੁਧਿਆਣੇ ਦੀ ਗਡੀ ਚੜ੍ਹਾ ਕੇ ਇਕ ਜ਼ਬਰਦਸਤ ਹਨੇਰੀ, ਝਖੜ ਤੂਫਾਨ ਵਿਚ ਘਿਰ ਗਿਆ ਸਾਂ ਜੋ ਪਿਛੋਂ ਮੀਂਹ ਅਤੇ ਗੜਿਆਂ ਦਾ ਰੂਪ ਧਾਰ ਗਿਆ ਸੀ। ਇਹ ਤੂਫਾਨ ਮੇਰੇ ਸਰੀਰ ਦੇ ਬਾਹਰ ਵੀ ਮਾਰ ਕਰ ਰਿਹਾ ਸੀ ਅਤੇ ਮੇਰੇ ਅੰਦਰ ਵੀ ਹਾਵੀ ਹੋ ਚੁਕਾ ਸੀ। ਤੂਫਾਨ ਦੀ ਇਸ ਲਪੇਟ ਵਿਚੋਂ ਪਈ ਮਾਰ ਸਦਕਾ ਹੀ ਜਜ਼ਬਿਆਂ ਦ ਪ੍ਰਯੋਗ ਦੀ ਕਹਾਣੀ "ਜੇ ਮੈਂ ਮਰ ਜਾਵਾਂ" ਦਾ ਜਨਮ ਹੋਇਆ ਸੀ।

ਕੁਝ ਦਿਨਾਂ ਬਾਅਦ ਸ਼ਿਵ ਨੇ ਕਿਤਾਬ ਦਾ ਸੰਪਾਦਕੀ ਨੋਟ ਅਤੇ ਕਵਿਤਾ "ਵਡ ਕਵਾਰੀ ਦਾ ਗੀਤ" ਲਿਖ ਕੇ ਭੇਜ ਦਿਤਾ। ਦੋਵਾਂ ਰਚਨਾਵਾਂ ਵਿਚ ਹੀ ਉਸ ਨੇ ਕਮਾਲ ਕੀਤੀ ਸੀ। ਕਵਿਤਾ ਦੇ ਬੋਲ ਇਸ ਤਰ੍ਹਾਂ ਦੇ ਸਨ:

ਵਡ ਕਵਾਰੀ ਦਾ ਗੀਤ

ਪਾਪੀ ਪਹਿਰ ਸੂ ਰਾਤ ਦਾ
ਮੈਂ ਸੁੱਤੀ ਤੇ ਸਾਹ ਜਾਗਦਾ
ਮੇਰੀ ਸੁੰਞੀ ਸੱਖਣੀ ਸੇਜ ਤੇ
ਡੰਗ ਜਾਗੇ ਤਨ ਦੇ ਨਾਗ ਦਾ

ਮੇਰਾ ਸੰਦਲੀ ਸ਼ਬਦ ਤਾਂ ਸੌਂ ਗਿਆ
ਮੂੰਹ ਵੇਖੇ ਬਿਨਾ ਖਵਾਬ ਦਾ
ਪਰ ਚਾਨਣ ਚਿੱਟੀ ਰਾਤ ਵਿਚ
ਮੇਰਾ ਗੀਤ ਅਜੇ ਵੀ ਜਾਗਦਾ

ਮੇਰੇ ਗੀਤ ਦੀ ਸੁੱਕੀ ਸ਼ਾਖ ਤੇ
ਉਹ ਸ਼ਬਦ ਕਦੇ ਨਾ ਬੈਠਿਆ
ਜੋ ਦਰਦ ਭਰੀ ਆਵਾਜ਼ ਵਿਚ
ਕਿਸੇ ਮੀਤ ਨੂੰ ਵਾਜਾਂ ਮਾਰਦਾ

ਮੈਨੂੰ ਕੋਈ ਸ਼ਬਦ ਨਾ ਜਾਣਦਾ
ਜੋ ਗੀਤ ਮੇਰੇ ਦੇ ਹਾਣ ਦਾ
ਜੋ ਪੀੜ ਮੇਰੀ ਨੂੰ ਸਮਝਦਾ
ਜੋ ਮੇਰਾ ਦਰਦ ਪਛਾਣਦਾ
ਕੋਈ ਚੰਦਨੀ ਸ਼ਬਦ ਨਾ ਲਭਦਾ
ਨਾ ਸੌਂਫੀ ਸ਼ਬਦ ਕੋਈ ਅਹੁੜਦਾ
ਜਿਹੜਾ ਇਸ ਮੇਰੇ ਗੀਤ ਤੋਂ
ਮੋਤੀ ਦਾ ਪਾਣੀ ਵਾਰਦਾ
ਕੋਈ ਗੀਤ ਨੂੰ ਲੈ ਜਾਏ ਤੋੜ ਕੇ
ਜਾਂ ਸ਼ਬਦ ਦਵੇ ਇਕ ਮੋੜ ਕੇ
ਮੇਰਾ ਹੰਝੂ ਤਰਲੇ ਕਢਦਾ
ਮੇਰਾ ਹਉਕਾ ਅਰਜ਼ ਗੁਜ਼ਾਰਦਾ
ਮੇਰੇ ਵਡ ਕੁਆਰੇ ਗੀਤ ਨੂੰ
ਮੇਰੇ ਨਿਰ-ਸ਼ਬਦੇ ਇਸ ਗੀਤ ਨੂੰ
ਕੋਈ ਦਾਨ ਦਵੇ ਇਕ ਸ਼ਬਦ ਦਾ
ਕੋਈ ਦਾਨ ਦਵੇ ਆਵਾਜ਼ ਦਾ
ਇਕ ਕੱਲੇ ਸ਼ਬਦ ਦੀ ਘਾਟ ਤੋਂ
ਇਕ ਕੱਲੇ ਸ਼ਬਦ ਦੀ ਥੋੜ ਤੋਂ
ਰੁੱਖ ਖੜ੍ਹਾ ਖਲੋਤਾ ਸੁੱਕਿਆ
ਮੇਰੀ ਗੀਤਾਂ ਭਰੀ ਬਹਾਰ ਦਾ
ਪਾਪੀ ਪਹਿਰ ਸੁ ਰਾਤ ਦਾ
ਮੈਂ ਸੁੱਤੀ ਤੇ ਸਾਹ ਜਾਗਦਾ
ਮੇਰੀ ਸੁੰਝੀ ਸੱਖਣੀ ਸੇਜ ਤੇ
ਡੰਗ ਜਾਗੇ ਤਨ ਦੇ ਨਾਗ ਦਾ

ਬਿੰਦੂ ਤੇ ਸ਼ਿਵ ਕੁਮਾਰ ਦੀ ਲਿਖੀ ਇਹ ਕਵਿਤਾ ਮੈਂ ਐਨੀ ਵਾਰ ਪੜ੍ਹੀ ਤੇ ਗੀਤ ਦਾ ਹਰ ਸ਼ਬਦ ਉਸਦੇ ਜਿਸਮ ਅਤੇ ਰੂਹ ਵਿਚੋਂ ਦੀ ਆਰ ਪਾਰ ਕਰ ਕੇ ਵੇਖਿਆ ਕਿ ਕਵਿਤਾ ਮੈਨੂੰ ਜ਼ਬਾਨੀ ਯਾਦ ਹੋ ਗਈ। ਇਹਨਾਂ ਹੀ ਦਿਨਾਂ ਵਿਚ ਸ਼ਿਵ ਕੁਮਾਰ ਸ਼ਰਮਾ ਨੇ ਵੀ ਉਹਦੇ ਤੇ ਕਵਿਤਾ ਲਿਖ ਦਿਤੀ-"ਵਡ ਕਵਾਰੀ"। ਇਹ ਕਵਿਤਾ ਉਸ ਦੀ ਕਿਤਾਬ ਖਾਰਾ ਦਰਿਆ ਵਿਚ ਛਪਣੋ ਰਹਿ ਗਈ ਜੋ ਮੈਂ ਤੇ ਬਟਾਲਵੀ ਨੇ 1971 ਵਿਚ ਦੀਪਕ ਪਬਲਿਸ਼ਰ ਜਲੰਧਰ ਨੂੰ ਕਹਿ ਕੇ ਛਪਵਾਈ ਸੀ। ਅਤੇ ਇਸ ਦੀ ਅਸਲ ਕਾਪੀ ਵੀ ਗਵਾਚ ਗਈ। ਸਾਰੀ ਕਵਿਤਾ ਤਾਂ ਮੈਨੂੰ ਹੁਣ ਭੁੱਲ ਗਈ ਹੈ ਪਰ ਇਸ ਕਵਿਤਾ ਦੇ ਬੋਲ ਜੋ ਹਾਲੇ ਤਕ ਮੈਨੂੰ ਯਾਦ ਹਨ, ਉਹਨਾਂ ਵਿਚੋਂ ਕੁਝ ਇਸ ਤਰ੍ਹਾਂ ਦੇ ਸਨ।

ਆ ਨੀ ਸੋਚ ਵਿਗੁਤੀਏ ਵਡ ਕਵਾਰੀਏ
ਆ ਨੀ ਏਸ ਬੇਕਦਰ ਸਮੇਂ ਦੀਏ ਮਾਰੀਏ
ਲੱਖ ਲੁਕਾ ਕੇ ਰਖ ਪੀੜ ਦੇ ਚਿੰਨ੍ਹ ਨੀ
ਦਿਲ ਮੇਰਾ ਤਾਂ ਛੂਹ ਲਏ ਪਰਤਾਂ ਵਿੰਨ੍ਹ ਨੀ
ਕੀਕੂੰ ਵਰੀਆਂ ਭੈਣਾਂ ਕੰਜ ਕਵਾਰੀਆਂ
ਕੀਕੂੰ ਸੀਨੇ ਲਾਇਆ ਨਿੱਕਾ ਵੀਰ ਨੀ
ਕੀਕੂੰ ਚੜ੍ਹ ਗਈ ਜ਼ੋਰ ਜਵਾਨੀ ਸੂਕਦੀ
ਕੀਕੂੰ ਲਹਿ ਗਈ ਮਾਰ ਅਵੱਲੇ ਤੀਰ ਨੀ
ਹੁਣ ਜੇ ਮੰਗੇ ਆਪ ਸਮੇਂ ਤੋਂ ਮੰਗ ਨੀ
ਵੇਖੇ ਪਰਖੇ ਜਾਵੇ ਹੱਸ ਕੇ ਲੰਘ ਨੀ
ਇਸ ਬੇਦਰਦ ਜ਼ਮਾਨੇ ਨੂੰ ਕੀ ਕਦਰ ਨੀ
ਕੀ ਹੁੰਦਾ ਏ ਝੀਲ ਨੀਰ ਦਾ ਸਬਰ ਨੀ

ਇਹ ਦੋਵੇਂ ਕਵਿਤਾਵਾਂ ਕਾਪੀ ਕਰ ਕੇ ਅਤੇ ਇਕ ਲਿਫਾਫੇ ਵਿਚ ਪਾ ਕੇ ਮੈਂ ਉਹਨੂੰ ਦੇ ਆਇਆ ਤੇ ਕਿਹਾ ਕਿ ਮੈਂ ਕਿਸੇ ਦਿਨ ਫਿਰ ਆਵਾਂਗਾ ਅਤੇ ਇਹਨਾਂ ਦੋਵਾਂ ਕਵਿਤਾਵਾਂ ਦਾ ਪ੍ਰਤੀਕਰਮ ਵੇਖਾਂਗਾ। ਮੈਂ ਵੇਖਣਾ ਚਾਹਾਂਗਾ ਕਿ ਅਸਮਾਨ ਤੋਂ ਇਕ ਖ਼ੂਬਸੂਰਤ ਪਰੀ ਕਿਵੇਂ ਬੱਦਲਾਂ ਦੇ ਰਥ ਤੇ ਸਵਾਰ ਹੋ ਕੇ ਹੌਲੀ ਹੌਲੀ, ਪੋਲੇ ਪੋਲੇ ਪੈਰ ਰਖਦੀ ਧਰਤੀ ਉਤੇ ਬਿਰਾਜਮਾਨ ਹੁੰਦੀ ਹੈ। ਧਰਤੀ ਦੀ ਹਰ ਕਾਇਨਾਤ ਤ੍ਰੇਲ ਧੋਤੇ ਫੁੱਲ ਉਹਦੇ ਕਦਮਾਂ ਵਿਚ ਵਿਛਾ ਕੇ ਉਸਦੇ ਪੈਰ ਚੁੰਮਣ ਆਉਂਦੀ ਹੈ ਅਤੇ ਭਿੰਨੜੀ ਰੈਣ ਕਿਵੇਂ ਉਹਨੂੰ ਆਪਣੀਆਂ ਅੱਖਾਂ ਵਿਚ ਬਿਠਾ ਕੇ ਝਿੰਮਣਾਂ ਦੀ ਝੱਲ ਮਾਰਦੀ ਹੈ। ਫਿਰ ਇਕ ਦਿਨ ਆਵੇਗਾ ਜਿਸ ਦਿਨ ਮੈਂ ਉਹਨੂੰ ਘੁਟ ਘੁਟ ਆਪਣੀ ਜਿੰਦ ਦੇ ਨੇੜੇ ਕਰ ਲਵਾਂਗਾ। ਉਸ ਦਿਨ ਇਹ ਧਰਤੀ ਸਵਰਗ ਦਾ ਰੂਪ ਧਾਰ ਜਾਵੇਗੀ। ਐਮਰਸਨ ਦੇ ਫੁਰਮਾਨ ਵੀ ਸੱਚੇ ਹੋ ਜਾਣਗੇ ਕਿ ਸੁੰਦਰ ਵਾਕ ਨਿਰਮਾਣ ਕਰਨ ਵਾਲੇ ਤੋਂ ਪਿਛੋਂ ਇਸਦਾ ਪ੍ਰਯੋਗ ਕਰਨ ਵਾਲੇ ਦੀ ਵਾਰੀ ਆਉਂਦੀ ਹੈ ਅਤੇ ਇਕ ਲੇਖਕ ਦੇ ਜੀਵਨ ਦੀ ਕਸ਼ਮਕਸ਼ ਵਿਚ ਮੇਰਾ ਉਦੇਸ਼ ਸ਼ੁਭ ਸੀ। ਇਸ ਲਈ ਮੇਰਾ ਗਿਆਨ ਅਤੇ ਕ੍ਰਮ ਕਿਸੇ ਤਰ੍ਹਾਂ ਵੀ ਪਾਪਾਂ ਦਾ ਭਾਗੀ ਨਹੀਂ ਸੀ।

## ਕਿਸ਼ਤ 62:-ਕਿਆਸੇ ਸੱਚ ਦਾ ਸੱਚ ਹੋਣਾ

1965 ਦੀ ਜੰਗ ਦਾ ਅਸਰ ਹੌਲੀ ਹੌਲੀ ਖਤਮ ਹੋ ਗਿਆ ਸੀ। ਬਹੁਤੇ ਲੋਕ ਵਾਪਸ ਘਰਾਂ ਨੂੰ ਪਰਤ ਚੁਕੇ ਸਨ। ਕਈ ਲੋਕ ਜਿਨ੍ਹਾਂ ਨੇ ਆਪਣਾ ਸਾਮਾਨ ਦੂਰ ਦੇ ਸ਼ਹਿਰਾਂ ਵਿਚ ਪੁਚਾ ਦਿਤਾ ਸੀ, ਵਾਪਸ ਲੈ ਆਏ ਸਨ ਜਾਂ ਲਿਆ ਰਹੇ ਸਨ। ਅਸੀਂ ਸਰਦੀਆਂ ਲਈ ਰਜ਼ਾਈਆਂ ਤਲਾਈਆਂ ਲੁਧਿਆਣੇ ਮੇਰੀ ਪਤਨੀ ਦੇ ਮਾਮੇ ਰਾਮਪਾਲ ਸਿੰਘ ਦੇ ਘਰ ਪੁਚਾ ਦਿਤੀਆਂ ਸਨ। ਹੁਣ ਜਦ 65 ਦਾ ਸਿਆਲ ਮਾਰੋ ਮਾਰ ਕਰਦਾ ਚੜ੍ਹ ਰਿਹਾ ਸੀ ਤਾਂ ਰਜ਼ਾਈਆਂ ਬਿਨਾ ਰਾਤ ਨੂੰ ਪਾਲਾ ਲਗਦਾ ਸੀ। ਫਿਰੋਜ਼ਪੁਰ ਤੋਂ ਲੁਧਿਆਣਾ ਦੂਰ ਹੋਣ ਕਰ ਕੇ ਰਜ਼ਾਈਆਂ ਲਿਆਣ ਵਿਚ ਦੇਰ ਹੋ ਰਹੀ ਸੀ। ਸਿਆਲ ਦੀ ਠੰਡ ਤੋਂ ਬਚਣ ਲਈ ਦੋ ਦੋ ਜਣੇ ਇਕਠੇ ਹੋ ਕੇ ਸੌਂਦੇ। ਦਸੰਬਰ ਦੀਆਂ ਛੁਟੀਆਂ ਵਿਚ ਮੈਂ ਲੁਧਿਆਣੇ ਤੋਂ ਜਾ ਕੇ ਰਜਾਈਆਂ ਲੈ ਕੇ ਆਉਣੀਆਂ ਸਨ। ਹੋਇਆ ਕੀ ਕਿ ਸਕੂਲ ਵਿਚ ਉਪਰੋਂ ਚਿਠੀ ਆ ਗਈ ਕਿ ਕੁਰੁਕਸ਼ੇਤਰ ਯੂਨੀਵਰਸਿਟੀ ਵਿਚ ਦਸੰਬਰ ਦੀਆਂ ਛੁਟੀਆਂ ਵਿਚ ਦੋ ਹਫਤਿਆਂ ਦਾ ਲਾਇਬਰੇਰੀ ਟਰੇਨਿੰਗ ਦਾ ਇਕ ਸੈਮੀਨਾਰ ਲਗ ਰਿਹਾ ਸੀ। ਮੈਂ ਕਿਉਂਕਿ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਦੀ ਲਾਇਬਰੇਰੀ ਦਾ ਇਨਚਾਰਜ ਸਾਂ, ਪ੍ਰਿੰਸੀਪਲ ਨੇ ਕੁਰੁਕਸ਼ੇਤਰ ਯੂਨੀਵਰਸਿਟੀ ਵਿਚ ਲਾਇਬਰੇਰੀ ਬਾਰੇ ਹੋ ਰਹੇ ਸੈਮੀਨਾਰ ਵਿਚ ਜਾਣ ਦੀ ਮੇਰੀ ਡਿਊਟੀ ਲਾ ਦਿਤੀ। ਆਣ ਜਾਣ ਦਾ ਖਰਚਾ ਸਰਕਾਰ ਵੱਲੋਂ ਮਿਲਣਾ ਸੀ। ਦਸੰਬਰ 1965 ਦੇ ਇਹਨਾਂ ਦਿਨਾਂ ਵਿਚ ਠੰਡ ਸਿਖਰਾਂ ਦੀ ਸੀ ਅਤੇ ਯੂਨੀਵਰਸਿਟੀ ਵਿਚ ਸਰਦੀਆਂ ਵਾਲਾ ਬਿਸਤਰਾ ਆਪੋ ਆਪਣਾ ਲੈ ਕੇ ਜਾਣਾ ਸੀ। ਮੈਂ ਫਿਰੋਜ਼ਪੁਰ ਤੋਂ ਗਡੀ ਫੜ ਕੇ ਰਾਤ ਲੁਧਿਆਣੇ ਮਾਮੇ ਦਾ ਘਰ ਆ ਗਿਆ ਜਿਥੋਂ ਮੈਂ ਵਧੀਆ ਰੇਸ਼ਮੀ ਰਜਾਈ ਲੈ ਕੇ ਅਗੇ ਕੁਰੁਕਸ਼ੇਤਰ ਪਹੁੰਚਣਾ ਸੀ। ਸਵੇਰੇ ਚਾਰ ਵਜੇ ਉਠ ਕੇ ਮੈਂ ਰਿਕਸ਼ਾ ਲੈ ਕੇ ਲੁਧਿਆਣੇ ਦੇ ਬੱਸ ਅਡੇ ਤੇ ਪਹੁੰਚਿਆ। ਬੱਸ ਅੱਡਾ ਓਦੋਂ ਲੁਧਿਆਣੇ ਰੇਲਵੇ ਸਟੇਸ਼ਨ ਦੇ ਬਾਹਰ ਥੋੜ੍ਹਾ ਅਗੇ ਕਰ ਕੇ ਹੁੰਦਾ ਸੀ ਅਤੇ ਓਥੋਂ ਬੱਸ ਫੜ ਕੇ ਦਿਨ ਚੜ੍ਹਦੇ ਨੂੰ ਸਮੇਂ ਸਿਰ ਕੁਰੁਕਸ਼ੇਤਰ ਯੂਨੀਵਰਸਿਟੀ ਪਹੁੰਚ ਗਿਆ। ਕਈ ਜ਼ਿਲਿਆਂ ਵਿਚੋਂ 30 ਦੇ ਕਰੀਬ ਲਾਇਬਰੇਰੀ ਟੀਚਰ ਟਰੇਨਿੰਗ ਲੈਣ ਆਏ ਹੋਏ ਸਨ ਜਿਨ੍ਹਾਂ ਵਿਚ ਕਈ ਔਰਤਾਂ ਵੀ ਸਨ। ਮੇਰੇ ਨਾਲ ਲਗਦੇ ਕੁੜੀਆਂ ਦੇ ਗੌਰਮਿੰਟ ਗਰਲਜ਼ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਦੀ ਲੇਡੀ ਟੀਚਰ ਸੰਤੋਸ਼ ਪੁਰੀ ਵੀ ਪਹੁੰਚੀ ਹੋਈ ਸੀ। ਕਹਿਣ ਲੱਗੀ ਕਿ ਮੈਂ ਤਾਂ ਬੜੀ ਔਖੀ ਹੋ ਕੇ ਇਕੱਲੀ ਪਹੁੰਚੀ ਹਾਂ। ਮੈਨੂੰ ਪਤਾ ਹੁੰਦਾ ਕਿ ਨਾਲ ਦੇ ਸਕੂਲ ਵਿਚੋਂ ਤੁਸੀਂ ਆ ਰਹੇ ਹੋ ਤਾਂ ਮੈਂ ਤੁਹਾਡੇ ਸਾਥ ਨਾਲ ਸੌਖੀ ਆ ਸਕਦੀ ਸਾਂ। ਮੈਂ ਕਿਹਾ ਤੁਸੀਂ ਪਤਾ ਕਰ ਲੈਂਦੇ ਕਿਉਂਕਿ ਮੈਨੂੰ ਤਾਂ ਖੁਦ ਵੀ ਪਤਾ ਨਹੀਂ ਸੀ ਕਿ ਤੁਹਾਡੇ ਸਕੂਲ ਵਿਚੋਂ ਦਾਡੇ ਸਕੂਲ ਨਾਲ ਕੰਧ ਸਾਂਝੀ ਹੈ, ਤੁਸੀਂ ਵੀ ਆ ਰਹੇ ਹੋ। ਖੈਰ ਇਕੋ ਸ਼ਹਿਰ ਅਤੇ ਨਾਲ ਨਾਲ ਲਗਦੇ ਸਕੂਲ ਹੋਣ ਕਾਰਨ ਸਾਨੂੰ ਅਪਣਤ ਦਾ ਅਹਿਸਾਸ ਹੋਣ ਲੱਗਾ। ਇਹ ਉਹ ਸਮਾਂ ਸੀ ਜਦੋਂ ਅਜੇ ਹਰਿਆਣਾ ਨਹੀਂ ਸੀ ਬਣਿਆ ਅਤੇ ਹਿਸਾਰ ਵਾਲੀ ਯੂਨੀਵਰਸਿਟੀ ਤੋਂ ਬਾਅਦ ਓਸ ਇਲਾਕੇ ਦੀ ਇਹ ਪਹਿਲੀ ਯੂਨੀਵਰਸਿਟੀ ਸੀ। ਹਾਲੇ ਪੰਜਾਬੀ ਯੂਨੀਵਰਸਿਟੀ ਵੀ ਹੋਂਦ ਵਿਚ ਨਹੀਂ ਸੀ ਆਈ ਜਾਂ ਆਉਣ ਵਾਲੀ ਸੀ। ਟਰੇਨਿੰਗ ਲੈਣ ਤੋਂ ਇਲਾਵਾ ਟੀਚਰਜ਼ ਦੇ ਸਾਰੇ ਗਰੁੱਪ ਨੂੰ ਜਿਥੇ ਲਾਇਬਰੇਰੀ ਵਿਦਿਆ ਦੇ ਮਾਹਰਾਂ ਵੱਲੋਂ ਵਖ ਵਖ ਵਿਸ਼ਿਆਂ ਤੇ ਲੈਕਚਰ ਦੇ ਕੇ ਅਤੇ ਪ੍ਰੈਕਟੀਕਲ ਟਰੇਨਿੰਗ ਦੇ ਕੇ ਲਾਇਬਰੇਰੀ ਟੀਚਰਜ਼ ਦੀ ਜਾਣਕਾਰੀ ਵਿਚ ਬਹੁਤ ਵਾਧਾ ਕੀਤਾ ਗਿਆ ਸੀ। ਦਸਿਆ ਗਿਆ ਕਿ ਕਿਤਾਬਾਂ ਦੀ ਵੰਡ ਕੋਡ ਨੰਬਰ ਲਾ ਕੇ ਕਿਵੇਂ ਕਰਨੀ ਹੈ। ਟਰੇਨਿੰਗ ਤਾਂ ਬਹੁਤ ਅੱਛੀ ਸੀ ਪਰ ਜਿਹੜੇ ਟੀਚਰ ਟਰੇਨਿੰਗ ਲੈਣ ਆਏ ਹੋਏ ਸਨ, ਉਹ ਕੋਈ ਸਰਟੀਫਾਈਡ ਲਾਇਬਰੇਰੀਅਨ ਨਹੀਂ ਸਨ, ਸਗੋਂ ਸਕੂਲ ਵਿਚ ਵਾਧੂ ਦਾ ਕੰਮ ਕਰਦੇ ਸਨ ਜਿਸ ਦੀ ਕੋਈ ਵਖਰੀ ਤਨਖਾਹ ਨਹੀਂ ਸੀ। ਪਿਛੋਂ ਜਾ ਕੇ ਵਡੇ ਸਕੂਲਾਂ ਵਿਚ ਲਾਇਬਰੇਰੀਅਨ ਦੀਆਂ ਪੋਸਟਾਂ ਬਣ ਗਈਆਂ ਅਤੇ ਅਜਿਹੇ ਲਾਇਬਰੇਰੀਅਨ ਆ ਗਏ ਜਿਨ੍ਹਾਂ ਨੇ ਇਸ ਕਿੱਤੇ ਦੀ ਟਰੇਨਿੰਗ ਲਈ ਹੋਈ ਸੀ। ਦੋ ਹਫਤਿਆਂ ਦੀ ਇਸ ਟਰੇਨਿੰਗ ਵਿਚ ਕੁਰੁਕਸ਼ੇਤਰ ਦੀਆ ਕਈ ਇਤਿਹਾਸਕ ਥਾਵਾਂ ਅਤੇ ਪੁਰਾਤਨ ਮੰਦਰ ਵੇਖਣ ਦਾ ਮੌਕਾ ਮਿਲਿਆ। ਪੇਹਵੇ ਦੇ ਪੁਰਾਤਨ ਮੰਦਰ ਵੀ ਵੇਖੇ ਅਤੇ ਬਾਰ ਬਾਰ ਮਨ ਵਿਚੋਂ ਇਸ ਇਲਾਕੇ ਦੀ ਮਹਾਨਤਾ ਦਾ ਅਨੁਭਵ ਹੁੰਦਾ ਰਿਹਾ ਜਿਸ ਧਰਤੀ ਤੇ ਕੋਰਵ ਪਾਂਡੋਆਂ ਦਾ ਮਹਾਨ ਯੁਧ ਹੋਇਆ ਸੀ ਤੇ ਮਨਾ ਮੂੰਹੀਂ ਲਹੂ ਡੁਲ੍ਹਿਆ ਸੀ। ਕਈ ਪ੍ਰੋਫੈਸਰਜ਼ ਆਪਣੀ ਗੱਲ ਬਾਤ ਵਿਚ ਅਕਸਰ ਇਸ

ਇਲਾਕੇ ਦੇ ਲੋਕਾਂ ਦੇ ਖੁਸ਼ਕ ਵਤੀਰੇ ਵਾਲੇ ਸੁਭਆ ਦਾ ਜ਼ਿਕਰ ਕਰਦੇ ਸੁਣੇ ਗਏ। 1959 ਦੇ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਚ ਡੇਢ ਮਹੀਨੇ ਦੇ ਪ੍ਰੌੜ੍ਹ ਸ਼ਿਕਸ਼ਾ ਦੇ ਸੈਮੀਨਾਰ ਅਤੇ ਬਾਲਗ ਵਿਦਿਆ ਤੇ ਕਿਤਾਬਾਂ ਲਿਖਣ ਤੋਂ ਬਾਅਦ ਕਿਸੇ ਉਚ ਸੰਸਥਾ ਵਿਚ ਵਿਚਰਨ ਦਾ ਜ਼ਿੰਦਗੀ ਵਿਚ ਮੇਰਾ ਇਹ ਦੂਜਾ ਮੌਕਾ ਸੀ। ਜੀ ਕਰਦਾ ਸੀ ਕਿ ਰਿਥੇ ਹੀ ਰਹਿ ਜਾਵਾਂ ਕਿਉਂਕਿ ਜੀਵਨ ਵਿਚ ਅਗੇ ਤਰੱਕੀ ਕਰਨ ਲਈ ਕਿਸੇ ਵੀ ਦੇਸ਼ ਦੀਆਂ ਯੂਨੀਵਰਸਿਟੀਜ਼ ਹੀ ਵਡਾ ਮਾਰਗ ਹੁੰਦੀਆਂ ਹਨ ਜਿਥੋਂ ਦਿਮਾਗ ਵਿਚ ਨਵੀਂਆਂ ਸੋਚਾਂ ਤੇ ਵਿਚਾਰ ਹੋਂਦ ਵਿਚ ਔਂਦੇ ਹਨ। ਪੇਹਵੇ ਦੇ ਇਸ ਇਲਾਕੇ ਵਿਚ ਮੇਰੇ ਕਈ ਰਿਸ਼ਤੇਦਾਰ ਵੀ ਰਹਿੰਦੇ ਸਨ ਜਿਨ੍ਹਾਂ ਨੂੰ ਪਾਕਿਸਤਾਨ ਵਿਚ ਉਜੜਨ ਪਿਛੋਂ ਏਧਰ ਜ਼ਮੀਨਾਂ ਅਲਾਟ ਹੋਈਆਂ ਸਨ। ਪੇਹਵੇ ਤੋਂ ਥੋੜ੍ਹਾ ਪਹਿਲਾਂ ਪਕੀ ਸੜਕ ਦੇ ਉਤੇ ਖੜਕ ਸਿੰਘ ਦਾ ਫਾਰਮ ਸੀ ਜੋ ਸਾਡਾ ਰਿਸ਼ਤੇਦਾਰ ਸੀ। ਇਥੇ ਮੇਰੇ ਚਾਚੇ ਤਾਇਆਂ ਦੇ ਪੁੱਤਰ ਜਿਨ੍ਹਾਂ ਵਿਚ ਹੈਡਮਾਸਟਰ ਤੇਜਾ ਸਿੰਘ ਮੋਮੀ ਤੇ ਉਹਦੇ ਛੋਟੇ ਭਰਾ ਜੀਤ ਸਿੰਘ, ਪੂਰਨ ਸਿੰਘ ਆਦਿ ਰਹਿੰਦੇ ਸਨ। ਤੇਜਾ ਸਿੰਘ ਦਾ ਵਡਾ ਮੁੰਡਾ ਬਾਲੀ ਜੋ ਪਿਛੋਂ ਭਾਰਤ ਸਰਕਾਰ ਵਿਚ ਬੜਾ ਵਡਾ ਅਫਸਰ ਬਣਿਆ, ਕੁਰੁਕਸ਼ੇਤਰ ਯੂਨੀਵਰਸਿਟੀ ਵਿਚ ਐਮ. ਐਸ. ਸੀ. ਕਰ ਰਿਹਾ ਸੀ ਤੇ ਹੋਸਟਲ ਵਿਚ ਮੇਰੇ ਲਾਗੇ ਹੀ ਰਹਿੰਦਾ ਸੀ। ਉਹ ਇਕ ਰਾਤ ਲਈ ਮੈਨੂੰ ਖੜਕ ਸਿੰਘ ਦੇ ਫਾਰਮ ਤੇ ਲੈ ਗਿਆ ਜਿਥੇ 1947 ਦੇ ਵਿਛੜੇ ਸ਼ਰੀਕੇ ਦੇ ਬਹੁਤ ਰਿਸ਼ਤੇਦਾਰ ਮਿਲ ਗਏ। ਬੜੀ ਮਿਹਨਤ ਨਾਲ ਜ਼ਮੀਨ ਨੂੰ ਸਵਾਰ ਕੇ ਹੁਣ ਇਹ ਚੰਗੇ ਸੌਖੇ ਹੋ ਗਏ ਸਨ। ਤੇਜਾ ਸਿੰਘ ਦੇ ਘਰੋਂ ਭਾਬੀ ਇੰਦਰਜੀਤ ਕੌਰ ਵੀ ਮਿਲ ਗਈ ਜੋ ਸਾਰੀ ਰਾਤ ਭਰਾ ਦੇ ਖਿਲਾਫ ਗੱਲਾਂ ਕਰਨੋ ਬੰਦ ਨਾ ਹੋਈ। ਫਿਰੋਜ਼ਪੁਰ ਵਾਲੇ ਜਾਗੀਰ ਦੀ ਭੈਣ ਦੀਪੋ ਵੀ ਕੁਰਸ਼ੇਤਰ ਵਿਆਹੀ ਹੋਈ ਸੀ। ਉਹਦਾ ਘਰ ਵਾਲਾ ਹੈਡਮਾਸਟਰ ਸੀ। ਉਹਨਾਂ ਨੇ ਵੀ ਇਕ ਸ਼ਾਮ ਖਾਣੇ ਤੇ ਬੁਲਾਇਆ। ਦੀਪੋ ਦੀ ਨਨਾਣ ਚੰਨੋ ਮੇਰੇ ਭਰਾ ਦਲੀਪ ਸਿੰਘ ਮੋਮੀ ਦੇ ਮੁੰਡੇ ਅਮਰਜੀਤ ਮੋਮੀ ਨੂੰ ਮੰਗੀ ਸੀ। ਮੇਰਾ ਹਿਸਾਬ ਦਾ ਟੀਚਰ ਇੰਦਰਜੀਤ ਸਿੰਘ ਜਿਸ ਕੋਲ ਮੈਂ ਗੋਨਿਆਣਾ ਮੰਡੀ ਤੋਂ ਮੈਟਰਿਕ ਕੀਤੀ ਸੀ, ਯੂਨੀਵਰਸਿਟੀ ਦੇ ਨਾਲ ਲਗਦੇ ਹਾਇਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਸੀ। ਅਸੀਂ ਇਕ ਦੂਜੇ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਇਥੇ ਆ ਕੇ ਕਈ ਕੁਝ ਨਵਾਂ ਹੋ ਗਿਆ ਸੀ। ਇਥੋਂ ਤਕ ਕਿ ਜਲੰਧਰ ਤੋਂ ਕਿਰਪਾਲ ਸਿੰਘ ਦਰਦੀ ਵੀ ਮਿਲਣ ਆ ਗਿਆ ਜਿਸ ਦੇ ਇਸ ਇਲਾਕੇ ਵਿਚ ਕਾਫੀ ਰਿਸ਼ਤੇਦਾਰ ਰਹਿੰਦੇ ਸਨ। ਫਿਰੋਜ਼ਪੁਰ ਤੋਂ ਬਿੰਦੂ ਦੀ ਚਿਠੀ ਵੀ ਆਈ ਜਿਸ ਸਰਦੀ ਤੋਂ ਬਚਣ ਦੀ ਤਾਕੀਦ ਕੀਤੀ ਸੀ। ਸਰਦੀ ਨਾਲ ਜ਼ਿੰਦਗੀ ਵਿਚ ਪਹਿਲੀ ਵਾਰ ਮੇਰੇ ਕਮਰ ਵਿਚ ਦਰਦ ਇਸ ਯੂਨੀਵਰਸਿਟੀ ਵਿਚ ਹੀ ਹੋਣੀ ਸ਼ੁਰੂ ਹੋ ਗਈ। ਯੂਨੀਵਰਸਿਟੀ ਦੇ ਹਸਪਤਾਲ ਵਿਚ ਮੈਂ ਕਈ ਦਿਨ ਸੇਕੇ ਕਰਵਾਂਦਾ ਰਿਹਾ ਪਰ ਇਹ ਠੀਕ ਨਾ ਹੋਈ ਤੇ ਬਾਕੀ ਦੀ ਸਾਰੀ ਉਮਰ ਲਈ ਮੇਰੇ ਪਿਛੇ ਲਗ ਗਈ ਤੇ ਮੇਰੇ ਨਾਲ ਪਕੀ ਭਿਆਲੀ ਪਾ ਲਈ।

ਸੈਮੀਨਾਰ ਖਤਮ ਹੋਣ ਵਾਲਾ ਸੀ। ਵਾਪਸ ਫਿਰੋਜ਼ਪੁਰ ਕਿਵੇਂ ਜਾਣਾ ਹੈ,ਸੰਤੋਸ਼ ਪੁਛਣ ਲੱਗੀ। ਮੈਂ ਕਿਹਾ ਮੈਂ ਪਤਾ ਕੀਤਾ ਹੈ ਕਿ ਇਥੋਂ ਇਕ ਗਡੀ ਨਰਵਾਣੇ ਨੂੰ ਜਾਂਦੀ ਹੈ। ਓਥੋਂ ਫਿਰੋਜ਼ਪੁਰ ਨੂੰ ਜਾਣ ਵਾਲੀ ਗਡੀ ਵਾਇਆ ਜਾਖਲ ਅਤੇ ਬਠਿੰਡਾ ਫਿਰੋਜ਼ਪੁਰ ਪਹੁੰਚ ਜਾਂਦੀ ਹੈ। ਮੈਂ ਤਾਂ ਇਸ ਰੂਟ ਤੇ ਜਾਵਾਂਗਾ ਕਿਉਂਕਿ ਮੈਂ ਜਾਖਲ ਉਤਰ ਕੇ ਆਪਣੇ ਪਿੰਡ ਜਾਣਾ ਹੈ। 65 ਦੀ ਜੰਗ ਤੋਂ ਬਾਅਦ ਮੈਂ ਆਪਣੇ ਮਾਂ ਪਿਓ ਅਤੇ ਭੈਣ ਭਰਾਵਾਂ ਨੂੰ ਨਹੀਂ ਮਿਲਿਆ। ਓਸ ਵੀ ਮੇਰੇ ਨਾਲ ਜਾਣ ਦਾ ਫੈਸਲਾ ਕਰ ਲਿਆ ਪਰ ਮੇਰੇ ਜਾਖਲ ਉਤਰ ਜਾਣ ਤੇ ਅਗੇ ਫਿਰੋਜ਼ਪੁਰ ਤਕ ਇਕੱਲੀ ਸਫਰ ਕਰਨ ਤੋਂ ਡਰਨ ਲੱਗੀ। ਇਹ ਗੱਡੀ ਰਾਤ ਨੂੰ ਗਿਆਰਾਂ ਵਜੇ ਦੇ ਕਰੀਬ ਫਿਰੋਜ਼ਪੁਰ ਛਾਉਣੀ ਪਹੁੰਚਦੀ ਸੀ। ਜਦ ਜਾਖਲ ਸਟੇਸ਼ਨ ਤੋਂ ਉਤਰਨ ਲੱਗਾ ਤਾਂ ਮੈਂ ਸੰਤੋਸ਼ ਦੇ ਚਿਹਰੇ ਤੋਂ ਪਰੇਸ਼ਾਨੀ ਦੀਆਂ ਰੇਖਾਵਾਂ ਪੜ੍ਹ ਰਿਹਾ ਸਾਂ। ਉਹਦਾ ਲੰਮਾ ਸਫਰ ਅਜੇ ਬਾਕੀ ਸੀ। ਮੈਂ ਮਹਿਸੂਸ ਕੀਤਾ ਕਿ ਲੰਮੇ ਸਫਰਾਂ ਵਿਚ ਇਕੱਲੀਆਂ ਔਰਤਾਂ ਮਰਦ ਸਾਥ ਨਾਲ ਆਪਣੇ ਆਪ ਨੂੰ ਕਿੰਨਾ ਸੁਰਖਿਅਤ ਮਹਿਸੂਸ ਕਰਦੀਆਂ ਹਨ। ਬਠਿੰਡੇ ਤਕ ਦਾ ਕੁਝ ਅਨਪੜ੍ਹ ਔਰਤਾਂ ਦਾ ਸੰਤੋਸ਼ ਦਾ ਸਾਥ ਸੀ ਜਿਨ੍ਹਾਂ ਵਿਚੋਂ ਇਕ ਦੋ ਨੇ ਬਾਰ ਬਾਰ ਉਹਨੂੰ ਪੁਛਿਆ ਸੀ ਕਿ ਇਹ ਤੇਰਾ ਘਰ ਵਾਲਾ ਹੈ ਅਤੇ ਨਾਂਹ ਕਰਦਿਆਂ ਸ਼ਰਮ ਨਾਲ ਉਹਦੀਆਂ ਗਲ੍ਹਾਂ ਲਾਲ ਹੋ ਜਾਂਦੀਆਂ ਸਨ।

ਮੇਰੀ ਮਾਂ ਮੈਨੂੰ ਮਿਲ ਕੇ ਬਹੁਤ ਖੁਸ਼ ਹੋਈ ਤੇ ਖੁਸ਼ੀ ਵਿਚ ਕਈ ਵਾਰ ਉਹਦੀਆਂ ਅਖਾਂ ਵਿਚ ਅਥਰੂ ਆ ਗਏ। ਮੈਂ 65 ਦੀ ਜੰਗ ਵੇਲੇ ਬਚਣ ਦੀ ਸਾਰੀ ਕਹਾਣੀ ਉਹਨੂੰ ਸੁਣਾਈ। ਵੈਸੇ ਮੈਂ ਪਹਿਲਾਂ ਚਿਠੀ ਵਿਚ ਸਭ ਕੁਝ ਲਿਖ ਚੁਕਾ ਸਾਂ। ਸਾਡੇ ਇਸ ਪਿੰਡ ਤੇ ਜੰਗ ਦਾ ਕੋਈ ਅਸਰ ਨਹੀਂ ਸੀ ਕਿਉਂਕਿ ਇਹ ਪਿੰਡ ਬਾਰਡਰ ਤੋਂ ਬਹੁਤ ਦੂਰ ਸੀ ਪਰ ਪਿਛੇ ਜਿਹੜਾ ਗੁਦੜਢੰਡੀ ਪਿੰਡ ਛਡ ਆਏ ਸਾਂ, ਓਥੋਂ ਲੋਕ ਭੱਜ ਕੇ ਦੂਰ ਰਿਲਾਕਿਆਂ ਵਿਚ ਚਲੇ ਗਏ ਸਨ। ਸਵੇਰੇ ਸਵੇਰੇ ਪਿੰਡ ਦਾ ਸਰਪੰਚ ਮੁਖਤਿਆਰ ਸਿੰਘ ਘੁੰਮਨ ਜਿਸਦਾ ਮੁਡੰਾ ਅਮਰਜੀਤ ਅਜ ਕੱਲ ਫਤਿਹਗੜ੍ਹ ਸਾਹਿਬ ਡੀ .ਐਸ. ਪੀ. ਲੱਗਾ ਹੋਇਆ ਹੈ, ਛਪੜ ਵਿਚੋਂ ਦੋ ਮੁਰਗਾਬੀਆਂ ਮਾਰ ਕੇ ਸਾਡੇ ਘਰ ਦੇ ਗਿਆ ਤੇ ਸ਼ਾਮ ਨੂੰ ਓਧਰ ਰੋਟੀ ਖਾਣ ਲਈ ਵੀ ਕਹਿ ਗਿਆ। ਨਿੱਤ ਨੇਮ ਦੇ ਪੱਕੇ ਮੁਖਤਿਆਰ ਸਿੰਘ ਦੀ ਕੁਝ ਮਹੀਨੇ ਪਹਿਲਾਂ ਅੱਸੀ ਸਾਲ ਦੀ ਉਮਰ ਵਿਚ ਮੌਤ ਹੋ ਗਈ ਹੈ। ਉਹ ਕਈ ਸਾਲ ਪਿੰਡ ਦਾ ਸਰਪੰਚ ਰਿਹਾ ਸੀ ਤੇ ਬੰਦਾ ਮਾਰਨ ਲਗਾ ਬਿਲਕੁਲ ਨਹੀਂ ਡਰਦਾ ਸੀ। ਮੈਂ ਮਾਂ ਨੂੰ ਖੜਕ ਸਿੰਘ ਫਾਰਮ ਤੇ ਰਹਿੰਦੇ ਸਾਰੇ ਰਿਸ਼ਤੇਦਾਰਾਂ ਬਾਰੇ ਦਸਿਆ ਤੇ ਉਹਨੂੰ ਵੀ ਪੁਰਾਣੇ ਦਿਨ ਯਾਦ ਆ ਗਏ ਜਦੋਂ ਅਸੀਂ ਬਾਰ ਦੇ ਮੁਰਬਿਆਂ ਵਿਚ ਇਕਠੇ ਰਹਿੰਦੇ ਹੁੰਦੇ ਸਾਂ। ਦੋ ਦਿਨਾਂ ਬਾਅਦ ਦੋ ਕਿੱਲੋ ਦੇਸੀ ਘਿਓ ਦੀ ਪੀਪੀ ਲੈ ਕੇ ਜੋ ਮਾਂ ਸਦਾ ਮੇਰੇ ਲਈ ਜੋੜ ਕੇ ਰਖਦੀ ਸੀ, ਮੈਂ ਫਿਰੋਜ਼ਪੁਰ ਆ ਗਿਆ। ਦੋ ਹਫਤਿਆਂ ਬਾਅਦ ਵਾਪਸ ਮੁੜਨ ਤੇ ਮੈਂ ਆਪਣੇ ਆਪ ਨੂੰ ਬੜਾ ਤਕੜਾ ਤੇ ਨਰੋਆ ਮਹਿਸੂਸ ਕਰ

ਰਿਹਾ ਸਾਂ।

ਮਹਿੰਦਰ ਸਿੰਘ ਜੋਸ਼ੀ ਕੁਝ ਵਰ੍ਹੇ ਪਹਿਲਾਂ ਫਿਰੋਜ਼ਪੁਰ ਦੀਆਂ ਜ਼ਿਲਾ ਕਚਹਿਰੀਆਂ ਵਿਚੋਂ ਬਦਲੀ ਕਰਵਾ ਕੇ ਦਿੱਲੀ ਦਾ ਐਡੀਸ਼ਨਲ ਸੈਸ਼ਨ ਜੱਜ ਲੱਗ ਗਿਆ ਸੀ। ਕੁਝ ਸਮੇਂ ਬਾਅਦ ਉਹ ਦਿੱਲੀ ਹਾਈ ਕੋਰਟ ਦਾ ਰਜਿਸਟਰਾਰ ਬਣ ਗਿਆ ਤੇ ਉਸ ਤੋਂ ਕੁਝ ਸਾਲਾਂ ਬਾਅਦ ਤਰੱਕੀ ਕਰਦਾ ਦਿੱਲੀ ਹਾਈ ਕੋਰਟ ਦਾ ਜੱਜ ਬਣ ਗਿਆ। ਉਹਨਾਂ ਦੇ ਜਾਣ ਬਾਅਦ ਉਹਨਾਂ ਵੱਲੋਂ ਦਿਤੇ ਉਤਸ਼ਾਹ ਨਾਲ ਮੈਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ. ਏ. ਪਾਸ ਕਰ ਲਈ ਸੀ ਤੇ ਜੋਸ਼ੀ ਸਾਹਿਬ ਨੇ ਵਧਾਈ ਦੀ ਚਿਠੀ ਲਿਖੀ ਅਤੇ ਫੌਰਨ ਐਮ. ਏ. ਦੀ ਤਿਆਰੀ ਸ਼ੁਰੂ ਕਰਨ ਦੀ ਤਾਕੀਦ ਕੀਤੀ। ਉਹ ਚਹੁੰਦਾ ਸੀ ਕਿ ਮੈਂ ਕਿਸੇ ਕਾਲਜ ਦਾ ਪ੍ਰੋਫੈਸਰ ਹੋਵਾਂ ਕਿਉਂਕਿ ਭਾਵੇਂ ਉਹ ਹਾਈਕੋਰਟ ਦਾ ਜੱਜ ਬਣ ਗਿਆ ਸੀ ਪਰ ਅੰਦਰੋਂ ਸਦਾ ਕਿਸੇ ਕਾਲਜ ਦਾ ਪ੍ਰੋਫੈਸਰ ਬਨਣ ਦੀ ਰੀਝ ਰਖਦਾ ਸੀ। ਬਿੰਦੂ ਨੂੰ ਵੀ ਮੇਰੇ ਬੀ. ਏ. ਪਾਸ ਕਰਨ ਦੀ ਬੜੀ ਖੁਸ਼ੀ ਹੋਈ ਅਤੇ ਉਹਨੇ ਵੀ ਮੈਨੂੰ ਐਮ. ਏ. ਦਾ ਦਾਖਲਾ ਭੇਜਣ ਵਾਸਤੇ ਕਿਹਾ। ਮੈਂ ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਐਮ. ਏ. ਦਾ ਇਮਤਿਹਾਨ ਦੇਣ ਦੀ ਮਨਜ਼ੂਰੀ ਵਾਸਤੇ ਦਰਖਾਸਤ ਦੇ ਦਿਤੀ ਜੋ ਉਹਨਾਂ ਨੇ ਇਜਾਜ਼ਤ ਦੇਣ ਦੀ ਸਿਫਾਰਸ਼ ਕਰ ਕੇ ਉਪਰਲੇ ਅਫਸਰਾਂ ਨੂੰ ਭੇਜ ਦਿਤੀ। 1966 ਦਾ ਸਾਲ ਚੜ੍ਹ ਚੁਕਾ ਸੀ ਜਦ ਦਿੱਲੀ ਤੋਂ ਜੋਸ਼ੀ ਸਾਹਿਬ ਨੇ ਪੰਜਾਹ ਰੁਪੈ ਦਾ ਇਕ ਮਨੀ ਆਰਡਰ ਦਿੱਲੀ ਆਣ ਜਾਣ ਦੇ ਕਿਰਾਏ ਵਜੋਂ ਭੇਜ ਦਿਤਾ। ਉਹਨਾਂ ਨੇ ਇਕ ਨਵਾਂ ਨਾਵਲ ਲਿਖਿਆ ਸੀ ਜੋ ਉਹ ਸਭ ਤੋਂ ਪਹਿਲਾਂ ਮੈਨੂੰ ਸੁਨਾਣਾ ਚਹੁੰਦੇ ਸਨ। ਮੈਂ ਛੁਟੀ ਲੈ ਕੇ ਹਫਤਾ ਉਹਨਾਂ ਕੋਲ ਰਿਹਾ ਤੇ ਉਹਨਾਂ ਦਾ ਨਾਵਲ ਸੁਣ ਕੇ ਉਸ ਤੇ ਕਾਫੀ ਚਰਚਾ ਕੀਤੀ। ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਜਿਸ ਵਿਚ ਮੇਰੀਆਂ 13 ਕਹਾਣੀਆਂ ਸਨ, ਦੇ ਛਪਣ ਤੋਂ ਬਾਅਦ ਮੇਰੀ ਕਹਾਣੀਆਂ ਦੀ ਦੂਜੀ ਕਿਤਾਬ "ਜੇ ਮੈਂ ਮਰ ਜਾਵਾਂ" ਜੋ ਸ਼ਿਵ ਕੁਮਾਰ ਬਟਾਲਵੀ ਨੇ ਐਡਿਟ ਕੀਤੀ ਸੀ, ਵੀ ਛਪ ਗਈ ਸੀ। ਇਸ ਕਿਤਾਬ ਤੇ ਬੜੀ ਮਿਹਨਤ ਹੋਈ ਸੀ ਤੇ ਕਿਤਾਬ ਦੀ ਦਿਖ ਬਹੁਤ ਖੂਬਸੂਰਤ ਸੀ। ਉਹਨਾਂ ਦਿਨਾਂ ਭਾਵ 1966 ਵਿਚ ਇਸ ਕਿਤਾਬ ਦੀ ਕੀਮਤ ਛੇ ਰੁਪੈ ਰੱਖੀ ਗਈ ਸੀ ਜੋ ਜ਼ਿਆਦਾ ਸਮਝੀ ਜਾਂਦੀ ਸੀ। ਇਸ ਕਿਤਾਬ ਦੀਆਂ ਅਠਾਰਾਂ ਦੀਆਂ ਅਠਾਰਾਂ ਕਹਾਣੀਆਂ ਮੈਂ ਕਿਸੇ ਲੇਖਕ ਜਾਂ ਦੋਸਤ ਨੂੰ ਅਰਪਨ ਕੀਤੀਆਂ ਸਨ ਅਤੇ ਹਰ ਅਰਪਨ ਕੀਤੀ ਕਹਾਣੀ ਥੱਲੇ ਇਕ ਇਕ ਸ਼ਿਅਰ ਲਿਖਿਆ ਸੀ। ਇਸਦੀ ਇਕ ਕਾਪੀ ਮੈਂ ਬਿੰਦੂ ਨੂੰ ਦਿਤੀ ਜਿਸ ਵਿਚ ਉਹਦੇ ਬਾਰੇ ਲਿਖੀ ਉਹ ਪ੍ਰਯੋਗਵਾਦੀ ਕਹਾਣੀ "ਜੇ ਮੈਂ ਮਰ ਜਾਵਾਂ" ਵੀ ਸ਼ਾਮਲ ਸੀ ਜੋ ਕਿਤਾਬ ਦਾ ਟਾਈਟਲ ਵੀ ਸੀ। ਇਹ ਕਹਾਣੀ ਮੈਂ ਅਰਪਨ ਵੀ ਬਿੰਦੂ ਨੂੰ ਕੀਤੀ ਸੀ,

ਉਸ ਕਲੀ ਦੇ ਨਾਂ ਜਿਸ ਦੀ ਛਿਪੇ ਰਹਿਣ ਦੀ ਚਾਹ ਉਹਦੀ ਮਹਿਕ ਨੇ ਪੂਰੀ ਨਾ ਹੋਣ ਦਿਤੀ
ਤੇ ਥੱਲੇ ਸ਼ਿਅਰ ਲਿਖਿਆ ਸੀ-
ਇਕ ਮਜ਼ਾ ਹੈ ਮੇਰੀ ਜਾਨ ਤੈਨੂੰ ਮੰਗ ਲੈਣਾ ਉਸ ਦੁਨੀਆ ਵਿਚ
ਜਿਥੇ ਤੂੰ ਸਦਾ ਸਦਾ ਰਹਿਣਾ ਹੈ, ਜਿਥੇ ਮੈਂ ਸਦਾ ਸਦਾ ਥੀਣਾ ਹੈ।
ਸ਼ਾਇਦ ਇਹ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਦਾ ਸ਼ਿਅਰ ਸੀ ਜਿਸਦਾ ਨਾਵਲ ਆਂਦਰਾਂ ਸਾਨੂੰ ਗਿਆਨੀ ਵਿਚ ਲੱਗਾ ਸੀ।

ਦੋ ਕਹਾਣੀਆਂ ਦੀਆਂ ਕਿਤਾਬਾਂ, ਇਕ ਨਾਵਲ "ਜੀਜਾ ਜੀ" ਅਤੇ ਦੋ ਡਰਾਮੇ "ਨੌਕਰੀਆਂ ਹੀ ਨੌਕਰੀਆਂ" ਅਤੇ "ਲੌਢਾ ਵੇਲਾ" ਛਪਣ ਨਾਲ ਮੈਂ ਚੌੜਾ ਹੋਇਆ ਫਿਰਦਾ ਸਾਂ। ਪ੍ਰੌੜ੍ਹ ਸ਼ਿਕਸ਼ਾ ਤੇ ਜੋ ਕਿਤਾਬ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਨੇ 1959 ਵਿਚ ਲਿਖਵਾਈ ਸੀ, ਉਹ ਅਜੇ ਛਪੀ ਨਹੀਂ ਸੀ। ਬਾਵਾ ਪਬਲਿਸ਼ਰ ਵੱਲੋਂ ਲਿਖਵਾਈਆਂ ਬੱਚਿਆਂ ਬਾਰੇ ਕੁਝ ਕਿਤਾਬਾਂ ਵੀ ਹਾਲੇ ਨਹੀਂ ਛਪੀਆਂ ਸਨ। ਪਬਲਿਸ਼ਰ ਵੱਲੋਂ 15% ਰਾਇਲਟੀ ਵਿਚ 150 ਕਿਤਾਬਾਂ ਮਿਲੀਆਂ ਸਨ ਜਨ੍ਹਾਂ ਵਿਚੋਂ ਮੈਂ 50 ਤੋਂ ਵਧ ਆਪਣੇ ਦੋਸਤਾਂ ਅਤੇ ਲੇਖਕਾਂ ਨੂੰ ਵੰਡ ਦਿਤੀਆਂ। ਕੁਝ ਕਿਤਾਬਾਂ ਮੈਂ ਵੇਚਣ ਦੀ ਕੋਸ਼ਿਸ਼ ਕੀਤੀ ਪਰ ਬਹੁਤੀ ਕਾਮਯਾਬੀ ਨਾ ਹੋਈ। ਦਰਅਸਲ ਮੇਰੇ ਅੰਦਰ ਇਕ ਵਹਿਮ ਪੈਦਾ ਹੋ ਗਿਆ ਸੀ ਕਿ ਮੈਂ ਲੇਖਕ ਬਣ ਗਿਆ ਹਾਂ। ਮੇਰੀਆਂ ਚਾਰ ਕਿਤਾਬਾਂ ਛਪ ਗਈਆਂ ਹਨ। ਰਸਾਲਿਆਂ ਵਿਚ ਮੇਰੀਆਂ ਕਹਾਣੀਆਂ ਛਪਦੀਆਂ ਹਨ ਅਤੇ ਮੇਰਾ ਨਾਂ ਬਣਦਾ ਜਾ ਰਿਹਾ ਹੈ। ਜਦ ਕਿ ਸਚਾਈ ਇਹ ਸੀ ਕਿ ਸੁਸਾਇਟੀ ਵਿਚ ਲੇਖਕ ਦੀ ਕੋਈ ਕਦਰ ਨਹੀਂ ਸੀ ਅਤੇ ਲੇਖਕ ਨੂੰ ਕੋਈ ਗੰਭੀਰਤਾ ਨਾਲ ਨਹੀਂ ਲੈਂਦਾ ਸੀ। ਸਿਰਫ ਕੁਝ ਦੋਸਤ ਲੇਖਕ ਨੂੰ ਘੜੀ ਦੀ ਘੜੀ ਵਡਿਆ ਦਿੰਦੇ ਸਨ। ਲੇਖਕਾਂ ਦੇ ਕਈ ਗਰੁੱਪ ਸਨ ਅਤੇ ਆਪੋ ਆਪਣੇ ਗਰੁੱਪ ਦੇ ਲੇਖਕ ਇਕ ਦੂਜੇ ਦੀ ਵਡਿਆਈ ਕਰਦੇ ਸਨ ਅਤੇ ਦੂਜਿਆਂ ਦੀਆਂ ਲੱਤਾਂ ਖਿਚਦੇ ਸਨ। ਪਰ ਲਿਖਣ ਦਾ ਰੋਗ ਜਿਸ ਨੂੰ ਲਗ ਜਾਵੇ ਤੇ ਜਿਸ ਅੰਦਰ ਖਿਆਲ ਅਤੇ ਵਿਚਾਰ ਜਨਮ ਲੈਣ ਲਗ ਪੈਣ, ਉਹਨਾਂ ਵਿਚਾਰਾਂ ਨੂੰ ਲੇਖਕ ਜਿੰਨਾ ਚਿਰ ਲਿਖ ਨਾ ਲਵੇ, ਉਸ ਨੂੰ ਚੈਨ ਨਹੀਂ ਆਉਂਦਾ ਸੀ। ਮੇਰੀ ਹਾਲਤ ਵੀ ਕੁਝ ਇਸ ਤਰ੍ਹਾਂ ਦੀ ਬਣੀ ਹੋਈ ਸੀ। ਜਦ ਮੈਂ ਆਪਣਾ ਮੁਕਾਬਲਾ ਮਹਿੰਦਰ ਸਿੰਘ ਜੋਸ਼ੀ ਨਾਲ ਕਰਦਾ ਤਾਂ ਉਹ ਕਿਡੇ ਵਡੇ ਜੱਜ ਸਨ। ਕਿਸੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਦੇ ਸਕਦੇ ਸਨ। ਉਮਰ ਕੈਦ ਕਰ ਸਕਦੇ ਸਨ, ਕਿੰਨੀ ਤਾਕਤ ਦੇ ਮਾਲਕ ਸਨ, ਉਹਨਾਂ ਨੂੰ ਵੀ ਲਿਖਣ ਤੇ ਅਗੇ ਸੁਨਾਣ ਦਾ ਸ਼ੌਕ ਸੀ। ਉਹਨਾਂ ਦੀ ਭਾਸ਼ਾ ਅਤੇ ਅਲੰਕਾਰ ਕਮਾਲ ਦੇ ਸਨ। ਮੈਂ ਉਹਨਾਂ ਦੇ ਮੁਕਾਬਲੇ ਤੇ ਇਕ ਮਾਮੂਲੀ ਸਕੂਲ ਟੀਚਰ ਸਾਂ ਅਤੇ ਲੇਖਕ ਹੋਣ ਦਾ ਭਰਮ ਪਾਲ ਰਿਹਾ ਸਾਂ। ਇਸ ਲੇਖਣੀ ਵਿਚੋਂ ਰੋਟੀ ਨਹੀਂ ਚਲਦੀ ਸੀ। ਜੇ ਇਹ ਕਹਿ

ਲਿਆ ਜਾਵੇ ਕਿ ਰੋਟੀ ਤਾਂ ਓਸ ਥੋੜ੍ਹੀ ਜਹੀ ਤਨਖਾਹ ਵਿਚੋਂ ਹੀ ਚਲਦੀ ਸੀ ਜਿਹੜੀ ਸਕੂਲ ਵੱਲੋਂ ਮੁੰਡੇ ਪੜ੍ਹਾ ਕੇ ਮਿਲਦੀ ਸੀ। ਕਹਾਣੀ ਕਿਤੇ ਵਿਕਦੀ ਨਹੀਂ ਸੀ। ਸਿਰਫ ਪੰਜਾਬੀ ਦੁਨੀਆ ਜਾਂ ਰੇਡੀਓ ਵਾਲੇ ਕਦੀ ਕਦੀ ਸਾਲ ਵਿਚ ਇਕ ਦੋ ਵਾਰੀ ਕਹਾਣੀ ਦੇ ਪੈਸੇ ਦਿੰਦੇ ਸਨ ਪਰ ਲਿਖਣ ਵਿਚ ਸਿਰ ਦਰਦੀ ਕਿੰਨੀ ਜ਼ਿਆਦਾ ਸੀ। ਇਸ ਨਾਲੋਂ ਤਾਂ ਮੈਂ ਟਿਊਸ਼ਨਾਂ ਕਰ ਲਵਾਂ ਤਾਂ ਕੁਝ ਆਮਦਨ ਉਤੋਂ ਹੋ ਸਕਦੀ ਸੀ। ਇਕ ਵਾਰ ਮੈਂ ਅਤੇ ਮੇਰੇ ਇਕ ਦੋਸਤ ਬਿੰਦਰੇ ਨੇ ਜਿਸ ਦਾ ਪਿਓ ਫਿਰੋਜ਼ਪੁਰ ਸਿਟੀ ਪੋਲੀਸ ਸਟੇਸ਼ਨ ਦਾ ਇਨਸਪੈਕਟਰ ਸੀ, ਫਿਰੋਜ਼ਪੁਰ ਸ਼ਹਿਰ ਵਿਚ ਗਿਆਨੀ ਦਾ ਕਾਲਜ ਖੋਲ੍ਹ ਲਿਆ ਪਰ ਉਹ ਚਲਿਆ ਈ ਨਾ। ਥੋੜ੍ਹੀ ਤਨਖਾਹ ਨਾਲ ਸ਼ਹਿਰ ਵਿਚ ਰਹਿ ਕੇ ਗੁਜ਼ਾਰਾ ਕਰਨਾ ਅਤੇ ਟੱਬਰ ਪਾਲਣਾ, ਬੱਚੇ ਪੜ੍ਹਾਣੇ ਬੜੇ ਮੁਸ਼ਕਲ ਸਨ। ਮੇਰੇ ਕੁਝ ਜਮਾਤੀ ਜ਼ਿਲਾ ਕਚਿਹਰੀਆਂ ਵਿਚ ਕਲਰਕ ਲਗੇ ਹੋਏ ਸਨ। ਇਕ ਦੋਸਤ ਮਹਿਲ ਸਿੰਘ ਪਟਵਾਰੀ ਲੱਗਾ ਹੋਇਆ ਸੀ। ਉਹ ਉਪਰਲੀ ਕਮਾਈ ਨਾਲ ਬੜੀ ਐਸ਼ ਕਰਦੇ ਸਨ। ਪਰ ਮੈਨੂੰ ਯਾਦ ਸੀ ਕਿ ਮੇਰਾ ਪਿਓ ਕਿਹਾ ਕਰਦਾ ਸੀ ਕਿ ਪੁਲਸ ਅਤੇ ਮਾਲ ਮਹਿਕਮੇ ਦੀ ਨੌਕਰੀ ਨਹੀਂ ਕਰਨੀ, ਹੋਰ ਜਿਹੜੀ ਮਰਜ਼ੀ ਨੌਕਰੀ ਕਰ ਲਵੀਂ। ਹਾਲਾਤ ਨੇ ਮੈਨੂੰ ਟੀਚਰ ਬਣਾ ਦਿਤਾ ਸੀ। ਟੀਚਰ ਦਾ ਕਿੱਤਾ ਕੋਈ ਮਾੜਾ ਨਹੀਂ ਸੀ ਪਰ ਟੀਚਰਜ਼ ਦੀਆਂ ਤਨਖਾਹਾਂ ਘੱਟ ਸਨ ਅਤੇ ਜੇ ਟੱਬਰ ਵਾਲੇ ਘਰ ਵਿਚ ਕਮਾਣ ਵਾਲਾ ਇਕ ਹੀ ਹੋਵੇ ਤਾਂ ਗੁਜ਼ਾਰਾ ਕਰਨਾ ਮੁਸ਼ਕਲ ਸੀ। ਹੁਣ ਮੈਂ ਆਉਣ ਵਾਲੇ ਦਿਨਾਂ ਵਿਚ ਐਮ. ਏ. ਕਰ ਕੇ ਕਿਸੇ ਚੰਗੀ ਨੌਕਰੀ ਦੀ ਭਾਲ ਕਰਨਾ ਚਹੁੰਦਾ ਸਾਂ। ਬਿੰਦੂ ਨੇ ਉਹਦੇ ਬਾਰੇ ਲਿਖੀਆਂ ਦੋਵੇਂ ਕਵਿਤਾਵਾਂ ਅਤੇ ਕਹਾਣੀ ਇਕ ਨਹੀਂ ਕਈ ਵਾਰ ਪੜ੍ਹੀਆਂ ਸਨ। ਕਦੇ ਕਦੇ ਮੈਨੂੰ ਲਗਦਾ ਕਿ ਉਸ ਦੇ ਗੰਭੀਰ ਖੂਬਸੂਰਤ ਚਿਹਰੇ ਤੋਂ ਨੂਰਾਨੀ ਕਿਰਨਾਂ ਬਾਹਰ ਨੂੰ ਆਉਂਦੀਆਂ ਸਨ ਤੇ ਇਹਨਾਂ ਕਿਰਨਾਂ ਦਾ ਮੈਨੂੰ ਰੱਬ ਵਰਗਾ ਆਸਰਾ ਸੀ। ਉਹਦੀ ਹੋਂਦ ਮੇਰੇ ਕਿਆਸੇ ਸੱਚ ਦੀ ਪਕੜ ਵਿਚ ਆ ਗਈ ਸੀ। ਹੁਣ ਮੈਨੂੰ ਅਗੇ ਵਧਨੋਂ ਕੋਈ ਨਹੀਂ ਰੋਕ ਸਕਦਾ ਸੀ।

### ਕਿਸ਼ਤ 63:- ਕਹਾਣੀਆਂ ਦੀਆਂ ਦੋ ਹਰ ਕਿਤਾਬਾਂ ਛਪਣੀਆਂ

ਐਮ. ਏ. ਕਰਨ ਤੋਂ ਪਹਿਲਾਂ ਮੈਂ ਜੋ ਹੋਰ ਕਹਾਣੀਆਂ ਲਿਖੀਆਂ ਸਨ, ਉਹਨਾਂ ਨੂੰ ਕਿਤਾਬੀ ਰੂਪ ਦੇਣਾ ਚਹੁੰਦਾ ਸਾਂ। 'ਜੇ ਮੈਂ ਮਰ ਜਾਵਾਂ' ਕਿਤਾਬ ਦੀਆਂ 18 ਕਹਾਣੀਆਂ ਪਾਠਕਾਂ ਨੇ ਬੜੀਆਂ ਪਸੰਦ ਕੀਤੀਆਂ ਸਨ ਪਰ ਕੁਲਵੰਤ ਸਿੰਘ ਵਿਰਕ, ਬਲਵੰਤ ਗਾਰਗੀ, ਡਾ: ਜੀਤ ਸਿੰਘ ਸੀਤਲ, ਵਾਈਸ ਚਾਂਸਲਰ ਇੰਦਰਜੀਤ ਕੌਰ ਸੰਧੂ, ਪ੍ਰੋ: ਪ੍ਰੇਮ ਪਰਕਾਸ਼ ਸਿੰਘ, ਗੁਰਮਖ ਸਿੰਘ ਜੀਤ, ਸ਼ਿਵ ਕੁਮਾਰ ਸ਼ਰਮਾ, ਗੁਰਸ਼ਰਨ ਸਿੰਘ ਨਾਟਕਕਾਰ, ਜਗਜੀਤ ਸਿੰਘ ਆਹੂਜਾ ਅਤੇ ਪ੍ਰੋ: ਮੋਹਨ ਸਿੰਘ, ਵਜ਼ੀਰ ਗੁਰਮੀਤ ਸਿੰਘ, (ਜਗਮੀਤ ਬਰਾੜ ਦੇ ਪਿਤਾ) ਅਤੇ ਕਾਂਗਰਸ ਨੇਤਾ ਮਹਿੰਦਰ ਸਿੰਘ ਗਿੱਲ ਜੋ ਬਾਅਦ ਵਿਚ ਐਮ. ਪੀ. ਅਤੇ ਪੰਜਾਬ ਦੇ ਵਜ਼ੀਰ ਵੀ ਬਣੇ, ਨੂੰ ਮੇਰੀਆਂ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਦੀਆਂ ਕਹਾਣੀਆਂ ਵਧੇਰੇ ਪਸੰਦ ਸਨ। ਪ੍ਰੋ: ਮੋਹਨ ਸਿੰਘ ਨੂੰ ਪਿੰਡਾਂ ਦੇ ਲੋਕਾਂ ਦੇ ਜੀਵਨ ਅਤੇ ਸਭਿਆਚਾਰ ਬਾਰੇ ਲਿਖੀਆਂ ਮੇਰੀਆਂ ਕਹਾਣੀਆਂ ਮੈਨੂੰ ਬਹੁਤ ਪਸੰਦ ਹਨ। ਬਲਵੰਤ ਸਿੰਘ ਵੀ ਮੇਰੀਆਂ ਕਹਾਣੀਆਂ ਪੜ੍ਹਦਾ ਸੀ ਪਰ ਜਦੋਂ ਮਿਲਦਾ ਤਾਂ ਕਹਿੰਦਾ ਕਿ ਲਿਖਣ ਵਿਚੋਂ ਕੋਈ ਪੈਸਾ ਵੀ ਬਣਦਾ ਸੀ ਜਾਂ ਨਹੀਂ। ਸ਼ਿਵ ਕੁਮਾਰ ਬਟਾਲਵੀ ਜਿਸ ਕਦੀ ਆਪਣੇ ਨਾਂ ਪਿਛੇ ਬਟਾਲਵੀ ਨਹੀਂ ਲਿਖਿਆ ਸੀ, ਨੂੰ ਮੇਰੀਆਂ ਸਾਰੀਆਂ ਹੀ ਕਹਾਣੀਆਂ ਬਹੁਤ ਪਸੰਦ ਸਨ ਅਤੇ ਅਕਸਰ ਮਜ਼ਾਕ ਵਿਚ ਕਹਿੰਦਾ ਕਿ ਮੈਨੂੰ ਕਹਾਣੀ ਲਿਖਣੀ ਸਿਖਾ ਦੇ ਤੇ ਮੈਂ ਉਹਨੂੰ ਕਿਹਾ ਕਰਦਾ ਕਿ ਤੂੰ ਮੈਨੂੰ ਕਵਿਤਾ ਲਿਖਣੀ ਸਿਖਾ ਦੇ। ਮਹਿੰਦਰ ਸਿੰਘ ਜੋਸ਼ੀ ਤਾਂ ਦਿੱਲੀ ਸੈਸ਼ਨ ਜੱਜ ਜਾ ਲੱਗਾ ਸੀ ਤੇ ਕੁਝ ਸਮੇਂ ਬਾਅਦ ਉਹਨਾਂ ਦੀ ਥਾਂ ਤੇ ਅਵਤਾਰ ਸਿੰਘ ਗਿੱਲ ਚੀਫ ਜੁਡੀਸ਼ਲ ਮੈਜਿਸਟਰੇਟ ਬਣ ਕੇ ਫਿਰੋਜ਼ਪੁਰ ਆ ਗਿਆ ਸੀ। ਕੁਝ ਚਿਰ ਬਾਅਦ ਪਤਾ ਲਗਾ ਕਿ ਅਵਤਾਰ ਸਿੰਘ ਗਿੱਲ ਹੁਰਾਂ ਨੂੰ ਵੀ ਲਿਖਣ ਦਾ ਸ਼ੌਂਕ ਸੀ ਪਰ ਉਹਨਾਂ ਦੀ ਵਧੇਰੇ ਦਿਲਚਸਪੀ ਪੰਚਾਇਤ ਐਕਟ, ਕਾਨੂੰਨੀ ਕਿਤਾਬਾਂ ਅਤੇ ਸਿੱਖ ਇਤਿਹਾਸ ਲਿਖਣ ਵੱਲ ਜ਼ਿਆਦਾ ਸੀ। ਜਿਵੇਂ ਮੈਂ ਮਹਿੰਦਰ ਸਿੰਘ ਜੋਸ਼ੀ ਨੂੰ ਉਹਨਾਂ ਦੀ ਪਹਿਲੀ ਕਿਤਾਬ ਤੋਂ ਭਾਅਦ ਦੂਜੀ ਕਿਤਾਬ ਲਿਖਣ ਲਈ ਉਤਸ਼ਾਹ ਦਿਤਾ ਸੀ ਅਤੇ ਉਹਨਾਂ ਨੇ ਕਹਾਣੀਆਂ ਦੀ ਦੂਜੀ ਕਿਤਾਬ ਤੋਟਾਂ ਤੇ ਤ੍ਰਿਪਤੀਆਂ ਲਿਖ ਦਿਤੀ ਸੀ ਤੇ ਏਸੇ ਤਰ੍ਹਾਂ ਉਹਨਾਂ ਦੇ ਉਤਸ਼ਾਹ ਨਾਲ ਮੈਂ ਆਪਣੀ ਅਧੂਰੀ ਪੜ੍ਹਾਈ ਅਗੇ ਤੋਰ ਲਈ ਸੀ। ਜੇਕਰ ਮੈਂ ਕਾਲਜ ਵਿਚੋਂ ਨਾ ਭਜਦਾ ਅਤੇ ਆਪਣੀ ਪੜ੍ਹਾਈ ਜਾਰੀ ਰਖਦਾ ਅਤੇ ਵਿਆਹ ਕਰਵਾ ਕੇ ਬੱਚੇ ਪੈਦਾ ਕਰਨ ਦੇ ਚੱਕਰ ਵਿਚ ਨਾ ਪੈਂਦਾ। ਟੁਟੇ ਪਿਆਰਾਂ ਦੀ ਤੜਪ, ਪੀੜ ਤੇ ਤਲਖੀਆਂ ਦੇ ਤਜਰਬੇ ਨਾ ਕਰਦਾ ਜਾਂ ਕਰਦਿਆਂ ਵੀ ਪੜ੍ਹਾਈ ਕਰਦਾ ਰਹਿੰਦਾ ਤਾਂ ਮੈਂ ਵੀ ਮੇਰੇ ਕੁਝ ਇਕ ਜਮਾਤੀਆਂ ਵਾਂਗ ਹੁਣ ਤਕ ਐਮ. ਏ. ਕਰ ਕੇ ਕਿਸੇ ਚੰਗੀ ਨੌਕਰੀ ਜਾਂ ਕਾਲਜ ਲੈਕਚਰਰ ਲਗ ਜਾਣਾ ਸੀ। ਓਸ ਵੇਲੇ ਐਮ. ਏ. ਤਕ ਬਹੁਤ ਘੱਟ ਵਿਦਿਆਰਥੀ ਪੁਜਦੇ ਸਨ ਅਤੇ ਪੰਜਾਬ ਪਬਲਕ ਸਰਵਿਸ ਕਮਿਸ਼ਨ ਵਿਚ ਅਰਜ਼ੀ ਦੇ ਕੇ ਲੈਕਚਰਰ ਚੁਣੇ ਜਾਣਾ ਜ਼ਿਆਦਾ ਔਖਾ ਨਹੀਂ ਸੀ। ਜਿਨ੍ਹਾਂ ਦੀ ਹਾਈ ਸੈਕੰਡ ਕਲਾਸ ਜਾਂ ਫਸਟ ਕਲਾਸ ਸੀ, ਸੌਖੇ ਸਰਕਾਰੀ ਜਾਂ ਗੈਰ ਸਰਕਾਰੀ ਕਾਲਜਾਂ ਵਿਚ ਲੈਕਚਰਰ ਲਗ ਜਾਂਦੇ ਸਨ। ਮੈਂ ਕਈ ਅਜਿਹੇ ਪੰਜਾਬੀ ਲੈਕਚਰਰਜ਼ ਨੂੰ ਜਾਣਦਾ ਸਾਂ ਜੋ ਨਾਟਕ ਅਤੇ ਨਾਵਲ ਦੇ ਫਰਕ ਨੂੰ ਨਹੀਂ ਸਮਝਦੇ ਸਨ ਅਤੇ ਸਹਿਤ ਪਰਖ ਬਾਰੇ ਉਹਨਾਂ ਦੀ ਸਮਝ ਬੜੀ ਸੀਮਤ ਸੀ। ਇਸ ਤੋਂ ਇਲਾਵਾ ਉਹਨਾਂ ਨੇ ਬਦੇਸ਼ੀ ਸਾਹਿਤ ਬਹੁਤ ਘੱਟ ਪੜ੍ਹਿਆ ਸੀ ਅਤੇ ਪੰਜਾਬੀ ਸਾਹਿਤ ਦੇ ਦੂਜੇ ਸਾਹਿਤ ਨਾਲ ਤੁਲਨਾਤਮਕ ਅਧਿਅਨ ਤੋਂ ਬਹੁਤ ਕੋਰੇ ਸਨ। ਉਹਨਾਂ ਦਾ ਮੌਲਿਕ ਕੰਮ ਵੀ ਨਾਂਹ ਦੇ ਬਰਾਬਰ ਸੀ। ਬਾਅਦ ਵਿਚ ਜਦ ਹੇੜਾਂ ਦੀਆਂ ਹੇੜਾਂ ਐਮ. ਏ. ਪਾਸ ਕਰ ਗਈਆਂ ਤੇ ਸਰਕਾਰੀ ਕਾਲਜਾਂ

ਵਿਚ ਲੈਕਚਰਰ ਲਗਣਾ ਬਹੁਤ ਔਖਾ ਹੋ ਗਿਆ ਸੀ। ਫਿਰੋਜ਼ਪੁਰ ਦੇ ਨਾਲ ਨਾਲ 1966 ਤੋਂ 1970 ਤਕ ਅਮ੍ਰਿਤਸਰ ਮੇਰੀਆਂ ਸਾਹਿਤਕ ਗਤੀਵਿਧੀਆਂ ਦਾ ਅਡਾ ਸੀ। ਇਥੇ ਮੈਂ ਅਕਸਰ ਜਗਜੀਤ ਸਿੰਘ ਆਹੂਜੇ ਕੋਲ ਠਹਿਰਦਾ ਜੋ ਸ਼ਾਮਾਂ ਨੂੰ ਲੋਕਲ ਲਿਖਾਰੀਆਂ ਲਈ ਦਾਰੂ ਦੀ ਮਹਿਫਲ ਲਾਉਂਦਾ। ਸ਼ਿਵ ਕੁਮਾਰ ਬਟਾਲਵੀ, ਮੋਹਨ ਕਾਹਲੋਂ, ਅਵਤਾਰ ਸਿੰਘ ਅਨਭੋਲ, ਨਾਨਕ ਸਿੰਘ ਦਾ ਲੜਕਾ ਕੁਲਵੰਤ, ਕਦੀ ਕਦੀ ਬਲਰਾਜ ਸਾਹਨੀ ਅਤੇ ਅਮ੍ਰਿਤਾ ਪ੍ਰੀਤਮ ਜੋ ਨਾਗਮਣੀ ਕਢਣ ਕਰ ਕੇ ਪਰਚੇ ਨੂੰ ਪਰੋਮੋਟ ਕਰਨ ਲਈ ਪਰਦੇ ਵਿਚੋਂ ਬਾਹਰ ਆ ਗਈ ਸੀ ਆਦਿ ਨਾਲ ਵੀ ਮਹਿਫਲਾਂ ਲਗਦੀਆਂ। ਆਹੂਜਾ ਜਿਸ ਨੂੰ ਮੈਂ ਕਹਾਣੀ ਲਿਖਣ ਦੀ ਚੇਟਕ ਲਾ ਕੇ ਪਟਿਆ ਸੀ, ਅੰਮ੍ਰਿਤਸਰ ਦੇ ਮੇਅਰ ਸਰਦਾਰ ਵਰਿਆਮ ਸਿੰਘ ਦਾ ਭਤੀਜਾ ਸੀ। ਵਰਿਆਮ ਸਿੰਘ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਸੱਜੀ ਬਾਂਹ ਸੀ। ਆਹੂਜਾ ਆਪਣੇ ਭਠੇ ਦੀ ਠੇਕੇਦਾਰੀ ਵੱਲ ਘੱਟ ਧਿਆਨ ਦਿੰਦਾ ਅਤੇ ਕਹਾਣੀਆਂ ਲਿਖਣ, ਸੁਨਾਣ ਤੇ ਆਪਣਾ ਨਾਂ ਬਨਾਣ ਲਈ ਲਿਖਾਰੀਆਂ ਨੂੰ ਪੀਣ ਪਿਲਾਣ ਤੇ ਸੇਵਾ ਕਰਨ ਵਿਚ ਜ਼ਿਆਦਾ ਦਿਲਚਸਪੀ ਲੈਂਦਾ। ਇਸ ਕਾਰਨ ਉਹਦੇ ਮਗਰ ਪੀਣ ਵਾਲਿਆਂ ਦੀ ਕਤਾਰ ਲੰਮੀ ਹੁੰਦੀ ਗਈ ਅਤੇ ਉਹਦਾ ਸੂਏ ਕੰਢੇ ਇੱਬਨ ਵਾਲਾ ਭੱਠਾ ਜੋ ਬੋਹੜੂ ਤੋਂ ਥੋੜ੍ਹਾ ਉਰ੍ਹਾਂ ਪੈਂਦਾ ਸੀ, ਘਾਟੇ ਵਿਚ ਜਾਣ ਲਗ ਪਿਆ। ਉਸ ਦੀ ਕਹਾਣੀਆਂ ਦੀ ਪਹਿਲੀ ਕਿਤਾਬ "ਹਨੇਰੇ ਦੇ ਨਕਸ਼" ਅਤੇ ਦੂਜੀ ਕਿਤਾਬ "ਪਹਿਲੀ ਰਾਤ ਦੀ ਤਲਾਸ਼" ਵਿਚ ਕਮਾਲ ਦੀਆਂ ਕਹਾਣੀਆਂ ਸਨ ਅਤੇ ਅਮ੍ਰਿਤਾ ਪ੍ਰੀਤਮ ਤੇ ਦਲੀਪ ਕੌਰ ਟਿਵਾਣਾ ਨੂੰ ਉਹਦੀਆਂ ਕਹਾਣੀਆਂ ਬਹੁਤ ਪਸੰਦ ਸਨ। ਮੇਰੀ ਕਹਾਣੀਆਂ ਦੀ ਤੀਜੀ ਕਿਤਾਬ "ਸ਼ੀਸ਼ੇ ਦਾ ਸਮੁੰਦਰ" ਆਹੂਜੇ ਦੀਆਂ ਕਿਤਾਬਾਂ ਦੇ ਅਗੇ ਪਿਛੇ ਹੀ ਛਪੀਆਂ। ਆਹੂਜੇ ਦੀ ਕਿਤਾਬ ਕੁਲਵੰਤ (ਨਾਨਕ ਸਿੰਘ ਦੇ ਪੁਤਰ) ਨੇ ਛਾਪੀ ਸੀ ਅਤੇ ਮੇਰੀ ਪੁਸਤਕ ਕਾਮਰੇਡ ਗੁਰਸ਼ਰਨ ਸਿੰਘ ਹੁਰਾਂ ਨੇ ਜੋ ਓਦੋਂ ਸਰਦਲ ਪਰਚਾ ਵੀ ਕਢਦੇ ਹੁੰਦੇ ਸਨ। ਇਹ ਸ. ਤੇਜਾ ਸਿੰਘ ਸੇਠੀ ਦੇ ਤੇਜ ਪ੍ਰਿੰਟਿੰਗ ਪ੍ਰੈੱਸ ਤੇ ਛਪੀ ਸੀ ਜੋ ਹਾਲ ਗੇਟ ਦੇ ਅੰਦਰ ਸੱਜੇ ਹਥ ਪੈਂਦਾ ਸੀ ਤੇ ਸੇਠੀ ਸਾਹਿਬ ਇਸ ਦੇ ਮਾਲਕ ਸਨ। ਬਟਾਲਵੀ ਜਦ ਵੀ ਅਮ੍ਰਿਤਸਰ ਆਉਂਦਾ ਤਾਂ ਇਥੇ ਹਾਜ਼ਰੀ ਜ਼ਰੂਰ ਲਵਾਉਂਦਾ ਸੀ।

ਮੈਂ ਆਪਣੀਆਂ ਕਹਾਣੀਆਂ ਦੀ ਤੀਜੀ ਕਿਤਾਬ "ਸ਼ੀਸ਼ੇ ਦਾ ਸਮੁੰਦਰ" ਉਤਸ਼ਾਹ ਦੇ ਪਰਤੀਕ ਮਹਿੰਦਰ ਸਿੰਘ ਜੋਸ਼ੀ ਨੂੰ ਸਮਰਪਤ ਕੀਤੀ ਸੀ ਅਤੇ ਉਹਨਾਂ ਨੂੰ ਪਤਾ ਓਦੋਂ ਹੀ ਲੱਗਾ ਸੀ ਜਦ ਕਿਤਾਬ ਛਪਣ ਉਪਰੰਤ ਮੈਂ ਕਿਤਾਬ ਉਹਨਾਂ ਨੂੰ ਡਾਕ ਵਿਚ ਪਾ ਕੇ ਭੇਜ ਦਿਤੀ ਸੀ। ਨਿਸਚੇ ਈ ਜੋਸ਼ੀ ਸਾਹਿਬ ਇਹ ਕਿਤਾਬ ਵੇਖ ਕੇ ਬਹੁਤ ਖੁਸ਼ ਹੋਏ ।ਜਦ ਉਹ ਲੈਜਿਸਲੇਟਿਵ ਕਮਿਸ਼ਨ ਦੇ ਮੈਂਬਰ ਬਣੇ ਤਾਂ ਉਚੇਚੇ ਤੌਰ ਤੇ ਉਹਨਾਂ ਮੈਨੂੰ ਦਿੱਲੀ ਸਦਿਆ ਅਤੇ ਹਫਤਾ ਆਪਣੇ ਕੋਲ ਰਖਿਆ ਅਤੇ ਕਹਿਣ ਲਗੇ ਤੂੰ ਅਜੀਤ ਕੌਰ ਨੂੰ ਮਿਲ ਕੇ ਆ। ਅਜੀਤ ਕੌਰ ਓਦੋਂ ਵਰਕਿੰਗ ਵੂਮੈਨ ਹੋਸਟਲ ਵਿਚ ਰਹਿੰਦੀ ਹੁੰਦੀ ਸੀ। ਮੈਂ ਦੋ ਵਾਰ ਮਿਲਣ ਗਿਆ ਪਰ ਉਹ ਨਾ ਮਿਲੀ ਤੇ ਹਰ ਵਾਰ ਮੈਂ ਆਪਣੇ ਆਣ ਦਾ ਸੁਨੇਹਾ ਉਹਨਾਂ ਦੀ ਬੇਟੀ ਨੂੰ ਦੇ ਕੇ ਆ ਜਾਂਦਾ ਰਿਹਾ। ਇਕ ਵਾਰ ਮੈਂ ਤੇ ਆਹੂਜਾ ਅਮ੍ਰਿਤਾ ਨੂੰ ਮਿਲਣ ਲਈ ਦਿੱਲੀ ਉਹਦੇ ਹੌਜ਼ ਖਾਸ ਘਰ ਚਲੇ ਗਏ ਜਿਥੇ ਜਾਂਦਿਆਂ ਹੀ ਉਹਨੇ ਸਿਗਰਟ ਜਲਾ ਕੇ ਸਾਡੇ ਹਥ ਸੂਟੇ ਲਾਉਣ ਲਈ ਫੜਾ ਦਿਤੇ ਜੋ ਮੇਰੇ ਲਈ ਬਹੁਤ ਅਨੋਖੀ ਗੱਲ ਸੀ ਕਿਉਂਕਿ ਮੈਨੂੰ ਇਸਦੀ ਵਰਤੋਂ ਦਾ ਕੋਈ ਤਜਰਬਾ ਨਹੀਂ ਸੀ ਅਤੇ ਮੈਂ ਉਹਦੀ ਸ਼ਾਨ ਦੀ ਖਿਲਾਫਵਰਜ਼ੀ ਕਰਦਿਆਂ ਸਿਗਰਟ ਵਾਪਸ ਕਰ ਦਿਤੀ। ਉਹਨੀਂ ਦਿਨੀਂ ਆਹੂਜੇ ਦੀਆਂ ਕਈ ਕਹਾਣੀਆਂ ਨਾਗਮਣੀ ਵਿਚ ਛਪ ਚੁਕੀਆਂ ਸਨ ਅਤੇ ਮੇਰੀ ਕਹਾਣੀ "ਉਸ ਦਿਨ ਤੋਂ ਪਿਛੋਂ" ਨਾਗਮਣੀ ਵਿਚ ਛਾਪ ਕੇ ਅਮ੍ਰਿਤਾ ਨੇ ਮੈਨੂੰ ਐਨੀ ਵਧੀਆ ਕਹਾਣੀ ਲਿਖ ਕੇ ਭੇਜਣ ਲਈ ਸ਼ੁਕਰੀਆ ਦੀ ਚਿਠੀ ਲਿਖੀ ਸੀ।

ਇਹ 1967 ਜਾਂ 68 ਦੀ ਗੱਲ ਹੀ ਹੋ ਸਕਦੀ ਹੈ ਕਿ ਜਗਜੀਤ ਸਿੰਘ ਆਹੂਜਾ, ਪੱਟੀ ਵਾਲਾ ਲੇਖਕ ਨਿਰਮਲ ਅਰਪਨ ਅਤੇ ਸ਼ਿਵ ਕੁਮਾਰ ਬਟਾਲਵੀ ਮੈਨੂੰ ਮਿਲਣ ਲਈ ਫਿਰੋਜ਼ਪੁਰ ਆ ਗਏ। ਉਹ ਤਿੰਨੇ ਜਣੇ ਇਕੋ ਮੋਟਰ ਸਾਈਕਲ ਉਤੇ ਸਵਾਰ ਸਨ। ਉਹਨਾਂ ਕੋਲ ਬਾਰਾਂ ਬੋਰ ਦੀ ਡਬਲ ਬੈਰਲ ਗੰਨ ਸੀ ਅਤੇ ਪਰੋਗਰਾਮ ਬਾਰਡਰ ਤੇ ਜਾ ਕੇ ਘਰ ਦੀ ਕਢੀ ਦਾਰੂ ਪੀਣ ਅਤੇ ਨੜੀਆਂ ਦਾ ਸ਼ਿਕਾਰ ਖੇਡਣ ਦਾ ਸੀ। ਮੈਂ ਆਹੂਜੇ ਨੂੰ ਕਿਹਾ ਕਿ ਤੂੰ ਤੇ ਨਿਰਮਲ ਅਰਪਨ ਸ਼ਹੀਦ ਭਗਤ ਸਿੰਘ ਦੀ ਸਮਾਧ ਤੇ ਸਾਡਾ ਇੰਤਜ਼ਾਰ ਕਰੋ ਤੇ ਮੈਂ ਤੇ ਸ਼ਿਵ ਚੀਫ ਜੁਡੀਸ਼ਲ ਮੈਜਿਸਟਰੇਟ ਸ. ਅਵਤਾਰ ਸਿੰਘ ਗਿੱਲ ਅਤੇ ਮੈਡਮ ਬਿੰਦੂ ਨੂੰ ਮਿਲ ਕੇ ਤੁਹਾਨੂੰ ਆ ਮਿਲਦੇ ਹਾਂ। ਸ਼ਹੀਦ ਭਗਤ ਸਿੰਘ ਦੀ ਸਮਾਧ ਤੇ ਪੀ. ਏ. ਪੀ. ਦੀ ਜੋ ਪੁਲਸ ਚੌਕੀ ਹੈ, ਉਹਦਾ ਇਨਚਾਰਜ ਹੌਲਦਾਰ ਮੈਨੂੰ ਜਾਣਦਾ ਹੈ ਤੇ ਮੇਰਾ ਨਾਂ ਲਿਓ ਤੇ ਤੁਹਾਡੇ ਪੀਣ ਦਾ ਇੰਤਜ਼ਾਮ ਕਰ ਦੇਵੇਗਾ। ਜੇ ਸਤਲੁਜ ਕੰਢੇ ਨੜੀਆਂ, ਮੁਰਗਾਬੀਆਂ ਜਾਂ ਕੋਈ ਜਲ ਜੀਵ ਹੋਏ ਤਾਂ ਸ਼ਿਕਾਰ ਵੀ ਕਰਵਾ ਦੇਵੇਗਾ। ਜੱਜ ਸਾਹਿਬ ਸ. ਅਵਤਾਰ ਸਿੰਘ ਗਿੱਲ ਸ਼ਿਵ ਨੂੰ ਆਪਣੇ ਘਰ ਆਇਆ ਵੇਖ ਕੇ ਅਤੇ ਮਿਲ ਕੇ ਬਹੁਤ ਖੁਸ਼ ਹੋਏ ਅਤੇ ਆਪਣੇ ਛੋਟੇ ਛੋਟੇ ਬਚਿਆਂ ਨੂੰ ਵੀ ਸ਼ਿਵ ਨਾਲ ਮਿਲਾਇਆ। ਸੇਵਾ ਪਾਣੀ ਲਈ ਬਹੁਤ ਜ਼ੋਰ ਦਿਤਾ ਪਰ ਸ਼ਿਵ ਬਾਰਡਰ ਤੇ ਜਾਣ ਅਤੇ ਪੀਣ ਲਈ ਕਾਹਲਾ ਸੀ। ਓਸ ਤੋਂ ਬਾਅਦ ਮੈਂ ਤੇ ਸ਼ਿਵ ਮੈਡਮ ਬਿੰਦੂ ਨੂੰ ਉਹਦੇ ਸਕੂਲ ਮਿਲਣ ਚਲੇ ਗਏ। ਬਿੰਦੂ ਨੇ ਚਾਹ ਪਿਆਂਦਿਆਂ ਸ਼ਿਵ ਨੂੰ ਪਹਿਲੀ ਵਾਰ ਵੇਖਿਆ ਜਿਸ ਤੇ ਸ਼ਿਵ ਨੇ "ਵਡ ਕਵਾਰੀ ਦਾ ਗੀਤ" ਲਿਖਿਆ ਸੀ ਤੇ ਇਹ ਕੈਸੀ ਇਤਿਹਾਸਕ ਘੜੀ ਅਤੇ ਮਿਲਣੀ ਸੀ ਕਿ ਖਾਲਕ ਅਤੇ ਕਵਿਤਾ ਇਕ ਦੂਜੇ ਦੇ ਸਾਹਮਣੇ ਬੈਠੇ ਸਨ। ਦੋਹਾਂ ਵਿਚੋਂ ਕੋਈ ਵੀ ਇਕ ਦੂਜੇ ਨਾਲੋਂ ਘੱਟ ਖੂਬਸੂਰਤ ਨਹੀਂ ਸੀ। ਉਸ ਨੂੰ ਪਹਿਲੀ ਵਾਰ ਵੇਖਣ ਤੋਂ ਬਾਅਦ ਸ਼ਿਵ ਨੇ ਕਹਿ ਦਿਤਾ ਸੀ ਕਵਿਤਾ ਤਾਂ ਮੈਂ ਕਲਪਨਾ ਦੇ ਪਰਾਂ ਉਤੇ ਸਵਾਰ ਹੋ ਕੇ ਲਿਖੀ ਸੀ ਪਰ ਬਿੰਦੂ ਉਹਦੀ ਲਿਖੀ ਕਵਿਤਾ ਨਾਲੋਂ ਕਿਤੇ ਵਧ ਸੁੰਦਰ ਸੀ। ਉਸ ਤੇ ਤਾਂ ਮਹਾਂ ਕਾਵਿ ਲਿਖਿਆ

ਜਾ ਸਕਦਾ ਸੀ।

ਦਰਿਆ ਦਾ ਪੁਲ ਟੱਪ ਕੇ ਸਤਲੁਜ ਦੇ ਪਾਰਲੇ ਕੰਢੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਮਾਧ ਲਾਗੇ ਪਾਕਿਸਤਾਨ ਦੇ ਐਨ ਬਾਰਡਰ ਤੇ ਬੇਰੋਕ ਬੇਟੋਕ ਏਧਰ ਓਧਰ ਉਡਦੇ ਜਾਂਦੇ ਪੰਛੀਆਂ ਦੀਆਂ ਪਰਵਾਜ਼ਾਂ ਹੇਠ ਗੁਜ਼ਰੀ ਉਹ ਸੁਰਮਈ ਸ਼ਾਮ ਮੁੜ ਜ਼ਿੰਦਗੀ ਵਿਚ ਕਦੀ ਨਾ ਆਈ। ਪੀ. ਏ. ਪੀ. ਦੀ ਪੁਲਸ ਚੌਕੀ ਦੇ ਹੌਲਦਾਰ ਨੂੰ ਪਿਛੋਂ ਪਤਾ ਲੱਗਾ ਕਿ ਪੰਜਾਬੀ ਦਾ ਇਕ ਵਡਾ ਸ਼ਾਇਰ ਇਸ ਇਤਿਹਾਸਿਕ ਥਾਂ ਤੇ ਉਹਦੀ ਮਹਿਮਾਨ ਨਿਵਾਜ਼ੀ ਦਾ ਅਨੰਦ ਮਾਣ ਕੇ ਗਿਆ ਸੀ। ਸ਼ਿਵ ਨੇ ਸਤਲੁਜ ਦਰਿਆ ਦੇ ਆਰ ਪਾਰ ਪਾਣੀ ਦੇ ਵਡੇ ਸਾਗਰ ਦੀ ਹਿਕ ਤੇ ਜੋ ਕੁਝ ਵੇਖਿਆ ਸੀ, ਕੀ ਪਤਾ ਪਿਛੋਂ ਕਿਹੜੇ ਕਿਹੜੇ ਬਿੰਬ ਬਣ ਕੇ ਉਹਦੀਆਂ ਕਵਿਤਾਵਾਂ ਦੀਆਂ ਗਾਨੀਆਂ ਵਿਚ ਮਣਕਿਆਂ ਵਾਂਗ ਪਰੋਇਆ ਗਿਆ ਸੀ। ਰਾਤ ਰਹਿਣ ਲਈ ਬਹੁਤ ਰੋਕਦਿਆਂ ਰੋਕਦਿਆਂ ਵੀ ਉਹ ਤਿੰਨੇ ਡੂੰਘੀ ਹੁੰਦੀ ਸ਼ਾਮ ਦੇ ਪਰਛਾਵਿਆਂ ਅਤੇ ਪਸਰਦੀ ਰਾਤ ਦੇ ਹਨੇਰਿਆਂ ਵਿਚ ਮੋਟਰ ਸਾਈਕਲ ਨੂੰ ਕਿੱਕ ਮਾਰ ਪੱਟੀ ਨੂੰ ਰਵਾਨਾ ਹੋ ਗਏ। ਇਸ ਤੋਂ ਬਾਅਦ ਵੀ ਸ਼ਿਵ ਕੁਮਾਰ ਬਟਾਲਵੀ ਇਕ ਵਾਰ 1970 ਦੇ ਸਿਆਲਾਂ ਵਿਚ ਆਰ. ਐਸ. ਡੀ. ਕਾਲਜ ਦੇ ਸਾਲਾਨਾ ਮੁਸ਼ਾਇਰੇ ਵਿਚ ਸ਼ਾਮਲ ਹੋਣ ਲਈ ਸਿੱਧਾ ਮੇਰੇ ਘਰ ਆਇਆ। ਥਰੀ ਐਕਸ ਰਮ ਦੀ ਬੋਤਲ ਮੁਕਾ ਕੇ, ਠੇਕੇ ਤੋਂ ਇਕ ਹੋਰ ਮੰਗਵਾ ਤੇ ਉਹਦੇ ਵਿਚੋਂ ਵੀ ਦੋ ਪੈਗ ਪੀ, ਸ਼ਿਵ ਕੁਮਾਰ ਸ਼ਰਮਾ ਨੂੰ ਮਿਲ ਤੇ ਰਾਤ ਨੂੰ ਕਾਲਜ ਦਾ ਮੁਸ਼ਾਇਰਾ ਪੜ੍ਹ ਕੇ ਰੱਜਿਆ ਦਾਰੂ ਦਾ ਬਹੁਤ ਰੋਕਦਿਆਂ ਰੋਕਦਿਆਂ ਵੀ ਅਧੀ ਰਾਤੀਂ ਕੀਤੀ ਟੈਕਸੀ ਵਿਚ ਬਟਾਲੇ ਨੂੰ ਚਲਾ ਗਿਆ ਸੀ। ਇਹਨਾਂ ਹੀ ਸਾਲਾਂ ਵਿਚ ਮੈਂ ਦੋ ਵਾਰ ਅਮ੍ਰਿਤਸਰ ਤੋਂ ਗੁਰਸ਼ਰਨ ਸਿੰਘ ਤੇ ਉਹਦੀ ਟੀਮ ਨੂੰ ਬੁਲਾ ਕੇ ਫਿਰੋਜ਼ਪੁਰ ਛਾਉਣੀ ਅਤੇ ਫਿਰੋਜ਼ਪੁਰ ਸ਼ਹਿਰ ਵਿਚ ਡਰਾਮੇ ਖਿਡਵਾਏ ਤੇ ਇੰਜ ਇਸ ਸ਼ਹਿਰ ਨੂੰ ਸਾਹਿਤਕ, ਸਭਿਆਚਾਰਕ ਅਤੇ ਕਲਾ ਦੀ ਦੌੜ ਵਿਚ ਸ਼ਾਮਲ ਕਰ ਲਿਆ। ਮੇਰਾ ਨਾਂ ਚਲਣ ਲਗ ਪਿਆ ਸੀ। ਸਰਕਾਰੇ ਦਰਬਾਰੇ ਮੇਰੀ ਚਲਦੀ ਸੀ। ਸਕੂਲਾਂ ਦੇ ਟੀਚਰ ਮੇਰੇ ਕੋਲ ਆਪਣੀਆਂ ਬਦਲੀਆਂ ਕਰਵਾਉਣ ਦੀਆਂ ਸਫਾਰਸ਼ਾਂ ਕਰਵਾਉਣ, ਚੰਡੀਗੜ੍ਹ ਵਿਚ ਰੁਕੇ ਕੰਮ ਕਰਵਾਉਣ ਤੇ ਹੋਰ ਅਨੇਕਾਂ ਕੰਮਾਂ ਕਾਰਾਂ ਲਈ ਦਿਨ ਰਾਤ ਇੰਜ ਆਉਂਦੇ ਸਨ ਜਿਵੇਂ ਮੈਂ ਕੋਈ ਰਾਜਸੀ ਨੇਤਾ ਹੋਵਾਂ। ਅਪ੍ਰੈਲ 1968 ਵਿਚ ਟੈਗੋਰ ਥੇਟਰ ਚੰਡੀਗੜ੍ਹ ਵਿਚ ਪੰਜਾਬ ਸਰਕਾਰ ਵੱਲੋਂ ਲੇਖਕਾਂ, ਕਲਾਕਾਰਾਂ, ਪੱਤਰਕਾਰਾਂ, ਸੰਗੀਤਕਾਰਾਂ ਆਦਿ ਦੇ ਹੋਏ ਸਰਕਾਰੀ ਸਨਮਾਨ ਸਮਾਰੋਹ ਵਿਚ ਮੈਨੂੰ ਵੀ ਪੰਜਾਬ ਸਰਕਾਰ ਦੇ ਮੰਤਰੀ ਸਰਦਾਰ ਲਛਮਨ ਸਿੰਘ ਗਿੱਲ ਨੇ ਸਨਮਾਨ ਪੱਤਰ ਦੇ ਕੇ ਨਿਵਾਜਿਆ ਸੀ। ਮੇਰੀ ਉਮਰ ਓਸ ਵੇਲੇ ਮਸਾਂ ਅਜੇ 32 ਸਾਲ ਸੀ। ਇਸ ਸਮਾਰੋਹ ਦੀਆਂ ਖਬਰਾਂ ਕਈ ਦਿਨ ਅਖਬਾਰਾਂ ਵਿਚ ਆਉਂਦੀਆਂ ਰਹੀਆਂ ਸਨ। ਸ. ਲਛਮਨ ਸਿੰਘ ਗਿੱਲ ਨੇ ਅਡਵਾਈਜ਼ਰ ਗੁਰਨਾਮ ਸਿੰਘ ਤੀਰ ਨੂੰ ਕਿਹਾ ਸੀ ਕਿ ਫਿਰੋਜ਼ਪੁਰ ਜ਼ਿਲੇ ਦਾ ਲੇਖਕ ਜਿਸ ਦੀ ਤਿਕਾਬ ਛਪੀ ਹੋਵੇ, ਉਹਦਾ ਨਾਂ ਸਨਮਾਨ ਲੈਣ ਵਾਲਿਆਂ ਵਿਚ ਹੋਣਾ ਚਾਹੀਦਾ ਹੈ।

ਇਹਨਾਂ ਹੀ ਦਿਨਾਂ ਦੀ ਗੱਲ ਹੈ ਕਿ ਮੈਂ ਜਦ ਛਾਉਣੀ ਤੋਂ ਰਾਤ ਵਾਲਾ ਆਖਰੀ ਫਿਲਮ ਸ਼ੋਅ ਵੇਖ ਕੇ ਆਇਆ ਅਧੀ ਰਾਤ ਤੋਂ ਬਾਅਦ ਘਰ ਆਇਆ ਤਾਂ ਮੇਰੀ ਪਤਨੀ ਕਹਿਣ ਲਗੀ ਕਿ ਡੀ. ਈ. ਓ. ਉੱਜਲ ਦੀਦਾਰ ਸਿੰਘ ਦਾ ਸੁਨੇਹਾ ਆਇਆ ਹੈ ਕਿ ਜਦੋਂ ਵੀ ਰਾਤ ਨੂੰ ਮੈਂ ਪਿਕਚਰ ਵੇਖ ਕੇ ਘਰ ਆਵਾਂ ਤਾਂ ਮੈਂ ਉਜਲਦੀਦਾਰ ਸਿੰਘ ਨੂੰ ਮਿਲਣ ਲਈ ਉਹਦੇ ਘਰ ਜਾਵਾਂ। ਰਾਤ ਦਾ ਇਕ ਵੱਜਣ ਵਾਲਾ ਸੀ। ਭਾਵੇਂ ਅਫਸਰ ਦਾ ਹੁਕਮ ਸਿਰ ਮਥੇ ਸੀ ਪਰ ਮੈਂ ਐਨੀ ਗਈ ਰਾਤ ਉਹਨਾਂ ਦੇ ਘਰ ਜਾਣਾ ਮੁਨਾਸਬ ਨਾ ਸਮਝਿਆ। ਰਾਤ ਨੂੰ ਮੈਨੂੰ ਚਿੰਤਾ ਵਿਚ ਨੀਂਦ ਨਾ ਆਈ। ਹੋ ਸਕਦਾ ਹੈ ਕਿ ਕਿਸੇ ਨੇ ਮੇਰੀ ਬਦਲੀ ਕਿਧਰੇ ਦੂਰ ਕਰਵਾ ਦਿਤੀ ਹੋਵੇ ਤੇ ਡੀ. ਈ. ਓ. ਸਾਹਿਬ ਮੈਨੂੰ ਇਹ ਮਾੜੀ ਖਬਰ ਦੇ ਕੇ ਬਦਲੀ ਨਾ ਰੁਕ ਸਕਣ ਦਾ ਹੁਕਮ ਸੁਨਾਣਾ ਚਹੁੰਦੇ ਹੋਣ ਤੇ ਆਪਚਾ ਜ਼ੋਰ ਲਾ ਕੇ ਅਤੇ ਭੱਜ ਨਠ ਕਰ ਕੇ ਉਪਰੋਂ ਬਦਲੀ ਰੁਕਵਾਨ ਲਈ ਕਹਿਣਾ ਚਹੁੰਦੇ ਹੋਣ। ਮੈਂ ਰਾਤ ਸੌਂ ਨਾ ਸਕਿਆ ਤੇ ਦਿਨ ਚੜ੍ਹਨ ਤੇ ਉਹਨਾਂ ਦੇ ਘਰ ਚਲਾ ਗਿਆ। ਉੱਜਲ ਦੀਦਾਰ ਸਿੰਘ ਉਪਰਲੀ ਮੰਜ਼ਲ ਤੇ ਰਹਿੰਦੇ ਸਨ। ਪੌੜੀਆਂ ਚੜ੍ਹ ਕੇ ਮੈਂ ਡਰਦਿਆਂ ਡਰਦਿਆਂ ਦਰਵਾਜ਼ਾ ਖੜਕਾਇਆ ਤਾਂ ਉਹਨਾਂ ਦਾ ਨੌਕਰ ਜੋ ਮੈਨੂੰ ਜਾਣਦਾ ਸੀ, ਨੂੰ ਮੈਂ ਕਿਹਾ ਕਿ ਡੀ. ਈ. ਓ. ਸਾਹਿਬ ਨੂੰ ਦੱਸ ਕਿ ਮੈਂ ਆਇਆ ਹਾਂ। ਉਹ ਅੰਦਰ ਦੱਸਣ ਚਲਾ ਗਿਆ ਤੇ ਮੇਰਾ ਦਿਲ ਆਉਣ ਵਾਲੇ ਖਤਰਨਾਕ ਸੁਨੇਹੇ ਨੂੰ ਸੁਨਣ ਲਈ ਧੱਕ ਧੱਕ ਕਰ ਰਿਹਾ ਸੀ। ਪਤਾ ਨਹੀਂ ਮੇਰੀ ਬਦਲੀ ਅਬੋਹਰ ਜਾਂ ਮਲੋਟ ਤੋਂ ਪਰ੍ਹਾਂ ਕਿਸੇ ਪਿੰਡ ਦੇ ਸਕੂਲ ਵਿਚ ਹੋ ਗਈ ਹੋਵੇਗੀ ਕਿ ਜਾਂ ਧਰਮਕੋਟ ਜਾਂ ਢੁਡੀਕ ਤੋਂ ਪਰ੍ਹਾਂ ਦੇ ਕਿਸੇ ਸਕੂਲ ਵਿਚ ਜਾਂ ਉਸ ਤੋਂ ਵੀ ਪਰ੍ਹਾਂ ਅਗੇ। ਓਦੋਂ ਫਿਰੋਜ਼ਪੁਰ ਜਿਲ੍ਹਾ ਵੀ ਤਾਂ ਬਹੁਤ ਵਡਾ ਸੀ। ਕਾਵਾਂ ਵਾਲੇ ਪਤਨ ਤੋਂ ਲੈ ਕੇ ਰਾਜਸਥਾਨ ਦੇ ਵਾਰਡਰ ਲਾਗੇ ਪੰਜਕੋਸੀ ਤੇ ਵਹਾਬਵਾਲੇ ਤਕ। ਕੁਝ ਮਿੰਟਾਂ ਬਾਅਦ ਹੀ ਡੀ. ਈ. ਓ. ਨਾਈਟ ਗਾਉਨ ਪਾਈਂ ਬਾਹਰ ਆ ਗਏ ਤੇ ਮੇਰੀ ਸਤਿ ਸ੍ਰੀ ਅਕਾਲ ਦਾ ਜਵਾਬ ਦਿੰਦਿਆਂ ਉਹਨਾਂ ਆਪਣੀ ਬਗਲ ਨਾਲ ਲਾ ਕੇ ਘੁਟਿਆ ਤੇ ਆਪਣੇ ਬੈੱਡ ਰੂਮ ਵਿਚ ਹੀ ਲੈ ਗਏ। ਡੀ. ਈ. ਓ. ਜ਼ਿਲੇ ਦਾ ਬਹੁਤ ਵਡਾ ਅਫਸਰ ਹੁੰਦਾ ਹੈ ਅਤੇ ਉਹਨਾਂ ਦੀ ਇਸ ਤਰ੍ਹਾਂ ਦੀ ਪਿਆਰ ਭਰੀ ਮਿਲਣੀ ਨੇ ਮੇਰੇ ਤੌਖਲੇ ਦੀਆਂ ਹਿਲਦੀਆਂ ਜੜ੍ਹਾਂ ਨੂੰ ਕੁਝ ਹੌਂਸਲਾ ਦੇ ਦਿਤਾ ਕਿ ਗਲ ਕੋਈ ਵਧੇਰੇ ਖਤਰਨਾਕ ਨਹੀਂ ਲਗਦੀ। ਜੇ ਗੱਲ ਖਤਰਨਾਕ ਹੁੰਦੀ ਤਾਂ ਡੀ. ਈ. ਓ. ਸਾਹਿਬ ਨੇ ਮੈਨੂੰ ਜਫੀ ਪਾ ਕੇ ਨਹੀਂ ਮਿਲਣਾ ਸੀ ਅਤੇ ਨਾ ਹੀ ਆਪਣੇ ਬੈੱਡ ਰੂਮ ਵਿਚ ਲੈ ਕੇ ਆਉਣਾ ਸੀ। ਉਹਨਾਂ ਨੌਕਰ ਨੂੰ ਆਵਾਜ਼ ਦੇ ਕੇ ਕਿਹਾ ਕਿ ਮੋਮੀ ਜੀ ਆਏ ਨੇ, ਜਾ ਵਧੀਆ ਬਰੇਕਫਾਸਟ ਬਣਾ ਕੇ ਲਿਆ। ਜਾਂ ਤਾਂ ਆਂਡਿਆਂ ਦੇ ਆਮਲੇਟ ਨਾਲ ਬਰੈੱਡ ਅਤੇ ਮਖਨ ਲਿਆ ਜਾਂ ਅਧਰਕ, ਪਿਆਜ਼ ਤੇ ਅਨਾਰਦਾਣਾ ਪਾ ਕੇ

ਪਰੌਂਠੇ ਬਣਾ। ਬਰੇਕਫਾਸਟ ਤੋਂ ਪਹਿਲਾਂ ਸਾਨੂੰ ਚਾਹ ਦਾ ਇਕ ਇਕ ਕੱਪ ਲਿਆ ਦੇ। ਭਾਵੇਂ ਉਹਨਾਂ ਦੀ ਮਿਲਣੀ ਤੋਂ ਖਤਰੇ ਵਾਲੀ ਕੋਈ ਗੱਲ ਨਹੀਂ ਦਾ ਸੰਕੇਤ ਮਿਲਦਾ ਸੀ ਪਰ ਫਿਰ ਵੀ ਜਿੰਨਾ ਚਿਰ ਤਕ ਗੱਲ ਖੁਲ੍ਹਦੀ ਨਹੀਂ ਸੀ, ਓਨਾ ਚਿਰ ਦਿਲ ਨੂੰ ਹੌਸਲਾ ਨਹੀਂ ਪੈ ਰਿਹਾ ਸੀ। ਚਾਹ ਪੀਂਦਿਆਂ ਮੈਂ ਕਿਹਾ ਕਿ ਬਰੇਕਫਾਸਟ ਤਾਂ ਮੈਂ ਘਰ ਜਾ ਕੇ ਕਰ ਲਵਾਂਗਾ ਅਤੇ ਘਰ ਕਿਹੜਾ ਦੂਰ ਹੈ,ਦੱਸੋ ਕੀ ਹੁਕਮ ਹੈ। ਕੋਈ ਨਹੀਂ ਚਾਹ ਪੀਓ ਫਿਰ ਬਰੇਫਾਸਟ ਕਰਦਿਆਂ ਆਰਾਮ ਨਾਲ ਗੱਲ ਕਰਦੇ ਹਾਂ। ਚਾਹ ਪੀ ਕੇ ਕਹਿਣ ਲਗੇ ਤੁਸੀਂ ਅਖਬਾਰ ਪੜ੍ਹੋ ਤੇ ਮੈਂ ਨਹਾ ਕੇ ਤਿਆਰ ਹੋ ਕੇ ਆਇਆ। ਉਹ ਬਾਥ ਰੂਮ ਚਲੇ ਗਏ ਤੇ ਮੈਂ ਅਖਬਾਰ ਦੀਆਂ ਸੁਰਖੀਆਂ ਵੇਖਾਂ ਪਰ ਮੈਨੂੰ ਉਹਨਾਂ ਦੀ ਸਮਝ ਨਾ ਆਵੇ ਕਿ ਮੈਂ ਕਿਸ ਭੰਬਲ ਭੂਸੇ ਵਿਚ ਫਸਿਆ ਹੋਇਆ ਹਾਂ। ਏਨੇ ਵਿਚ ਉਹਨਾਂ ਦੀ ਮਿਸਜ਼ ਜੋ ਚੰਡੀਗੜ੍ਹ ਦੇ ਪ੍ਰਸਿਧ ਵਕੀਲ ਹਰਬੰਸ ਸਿੰਘ ਦੋਆਬੀਆ ਦੀ ਲੜਕੀ ਸੀ, ਕਮਰੇ ਵਿਚ ਆਈ ਤੇ ਮੈਂ ਉਹਨਾਂ ਨੂੰ ਬੜੇ ਅਦਬ ਨਾਲ ਸਤਿ ਸ੍ਰੀ ਅਕਾਲ ਬੁਲਾਈ ਜਿਸਦਾ ਉਹਨਾਂ ਨੇ ਬੜੇ ਪਿਆਰ ਨਾਲ ਜਵਾਬ ਦਿਤਾ ਤੇ ਬੱਚਿਆਂ ਤੇ ਮੇਰੀ ਪਤਨੀ ਦਾ ਹਾਲ ਚਾਲ ਪੁਛਿਆ।

ਬਰੇਕਫਾਸਟ ਕਰਦਿਆਂ ਗੱਲ ਖੁਲ੍ਹੀ ਜਦ ਡੀ. ਈ. ਓ. ਸਾਹਿਬ ਕਹਿਣ ਲਗੇ ਕਿ ਮੋਮੀ ਜੀ ਤੁਹਾਡੀ ਬਹੁਤ ਵਾਕਫੀਅਤ ਹੈ। ਮੇਰੀ ਪਤਨੀ ਨੇ ਬੀ. ਏ. ਦੇ ਪੇਪਰ ਦਿਤੇ ਹਨ ਅਤੇ ਚੰਡੀਗੜ੍ਹ ਯੂਨੀਵਰਸਿਟੀ ਵਿਚ ਜਾ ਕੇ ਪਤਾ ਕਰੋ ਕਿ ਪਰਚੇ ਕਿਥੇ ਗਏ ਹਨ। ਇਸ ਕੰਮ ਲਈ ਤੁਸੀਂ ਅਜ ਹੀ ਚੰਡੀਗੜ੍ਹ ਚਲੇ ਜਾਓ।

## ਕਿਸ਼ਤ 64:- ਅਗਲੇਰੀ ਪੜ੍ਹਾਈ

ਹੁਣ ਮੈਂ ਐਮ. ਏ. ਦੀ ਅਗਲੀ ਪੜ੍ਹਾਈ ਕਰਨ ਲਈ ਕਮਰਕੱਸਾ ਕਰ ਲਿਆ। ਪਾਰਟ ਵਨ ਦੀਆਂ ਸਾਰੀਆਂ ਕਿਤਾਬਾਂ ਲੈ ਆਂਦੀਆਂ। ਅਜਮੇਰ ਸਿੰਘ ਸਿੱਧੂ ਜੋ ਓਸ ਵੇਲੇ ਫਿਰੋਜ਼ਪੁਰ ਆਈ ਟੀ ਆਈ ਵਿਚ ਇਨਸਟਰਕਟਰ ਸੀ, ਉਸ ਨੇ ਮੇਥੋਂ ਇਕ ਸਾਲ ਪਹਿਲਾਂ ਐਮ. ਏ. ਕਰ ਲਈ ਸੀ ਤੇ ਉਹਦੇ ਨੰਬਰ ਵੀ ਬਹੁਤ ਚੰਗੇ ਆਏ ਸਨ। ਭਾਵ ਉਸ ਦੀ ਐਮ. ਏ. ਵਿਚੋਂ ਫਸਟ ਕਲਾਸ ਆਈ ਸੀ। ਕੁਝ ਕਿਤਾਬਾਂ ਤੇ ਨੋਟਸ ਮੈਨੂੰ ਉਹਦੇ ਕੋਲੋਂ ਮਿਲ ਗਏ। ਉਹ ਦੌਧਰ ਪਿੰਡ ਦਾ ਸੀ ਜਿਥੋਂ ਦੇ ਗਿਆਨੀ ਲਾਲ ਸਿੰਘ ਸਨ ਜੋ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਸਨ ਤੇ ਪਿਛੋਂ ਪੰਜਾਬ ਪਬਲਕ ਸਰਵਿਸ ਕਮਿਸ਼ਨ ਦੇ ਮੈਂਬਰ ਜਾਂ ਚੇਅਰਮੈਨ ਬਣ ਗਏ ਸਨ। ਫਿਰੋਜ਼ਪੁਰ ਅਸੀਂ ਜੋ ਪੰਜਾਬੀ ਸਾਹਿਤ ਸਭਾ ਬਣਾਈ ਹੋਈ ਸੀ, ਅਜਮੇਰ ਸਿੰਘ ਉਸਦਾ ਸਰਗਰਮ ਮੈਂਬਰ ਸੀ ਤੇ ਕਈ ਵਾਰ ਗੱਲ ਬਾਤ ਕਰਦਿਆਂ ਗਿਆਨੀ ਲਾਲ ਸਿੰਘ ਵਾਂਗ ਗੰਭੀਰ ਤਰੀਕੇ ਨਾਲ ਬੋਲਣ ਦੀ ਕੋਸ਼ਿਸ਼ ਕਰਦਾ। ਉਹਦਾ ਕਹਿਣਾ ਸੀ ਕਿ ਗਿਆਨੀ ਲਾਲ ਸਿੰਘ ਘਰਾਂ ਵਿਚੋਂ ਉਹਦਾ ਚਾਚਾ ਲਗਦਾ ਸੀ ਅਤੇ ਉਹਦੀ ਜ਼ਮੀਨ ਵੀ ਹਿੱਸੇ ਤੇ ਓਹਨਾਂ ਕੋਲ ਸੀ। ਸਾਡੇ ਸਾਹਿਤਕ ਹਲਕਿਆਂ ਵਿਚ ਇਹ ਗੱਲ ਫੈਲ ਗਈ ਸੀ ਕਿ ਅਜਮੇਰ ਸਿੰਘ ਛੇਤੀ ਆਪਣੀ ਫਸਟ ਕਲਾਸ ਐਮ. ਏ. ਦੇ ਆਧਾਰ ਤੇ ਪੰਜਾਬ ਪਬਲਕ ਸਰਵਿਸ ਕਮਿਸ਼ਨ ਜਾਂ ਪੰਜਾਬੀ ਯੂਨੀਵਰਸਿਟੀ ਵਿਚ ਚਲਾ ਜਾਵੇਗਾ। ਚੰਦ ਨੌ ਪਿੰਡ ਵਿਚ ਪੜ੍ਹਾਂਦਾ ਮੋਗੇ ਵਾਲਾ ਡਾ: ਗੁਰਦੇਵ ਸਿੰਘ ਵੀ ਟੀਚਰ ਤੋਂ ਤਰੱਕੀ ਕਰ ਕੇ ਪਹਿਲਾਂ ਗੌਰਮਿੰਟ ਕਾਲਜ ਮੁਕਤਸਰ ਤੇ ਫਿਰ ਪੰਜਾਬੀ ਯੂਨੀਵਰਸਿਟੀ ਵਿਚ ਲੈਕਚਰਰ ਲਗ ਗਿਆ ਸੀ। ਅਜਮੇਰ ਸਿੰਘ ਦੀ ਘਰਵਾਲੀ ਨੇ ਵੀ ਮੇਰੇ ਨਾਲ ਐਮ. ਏ. ਕਰਨ ਦਾ ਮਨ ਬਣਾ ਲਿਆ ਅਤੇ ਅਸੀਂ ਦੋਵੇਂ ਅਜਮੇਰ ਸਿੰਘ ਕੋਲੋਂ ਉਹਦੇ ਬਣਾਏ ਨੋਟਸ ਦੇ ਆਧਾਰ ਤੇ ਪੜ੍ਹਦੇ। ਗੌਰਮਿੰਟ ਹਾਇਰ ਸੈਕੰਡਰੀ ਸਕੂਲ ਵਿਚ ਹੇਮ ਰਾਜ ਬਾਂਸਲ ਜਿਸ ਦੀ ਘਰ ਵਾਲੀ ਟੈਲੀਫੋਨ ਐਕਸਚੇਂਜ ਵਿਚ ਕੰਮ ਕਰਦੀ ਸੀ, ਨੇ ਵੀ ਰੀਸੋ ਰੀਸੀ ਸਾਡੇ ਨਾਲ ਐਮ. ਏ. ਕਰਨ ਦੀ ਧਾਰ ਲਈ ਤੇ ਇੰਜ ਸਾਡੀ ਛੋਟੀ ਜਹੀ ਕਲਾਸ ਜਹੀ ਬਣ ਗਈ। ਬਹੁਤ ਸਾਲ ਪਹਿਲਾਂ ਐਮ. ਏ. ਦੇ ਛੇ ਪਰਚੇ ਹੁੰਦੇ ਸਨ ਤੇ ਐਮ. ਏ. ਦਾ ਇਮਤਿਹਾਨ ਇਕੋ ਵਾਰ ਦੇਣਾ ਪੈਂਦਾ ਸੀ। ਹੁਣ ਐਮ. ਏ. ਦੇ ਦੋ ਪਾਰਟਸ ਹੋ ਗਏ ਸਨ। ਚਾਰ ਪਰਚੇ ਪਹਿਲੇ ਪਾਰਟ ਵਿਚ ਅਤੇ ਚਾਰ ਪਰਚੇ ਦੂਜੇ ਪਾਰਟ ਵਿਚ। ਇਹਨਾਂ ਪਰਚਿਆਂ ਵਿਚ ਲੇਖਕ, ਕਵੀ, ਕਹਾਣੀਕਾਰ ਤੇ ਨਾਵਲਿਸਟ ਚੁਣਨ ਦੀ ਖੁਲ੍ਹ ਸੀ। ਅਸਾਂ ਸਾਰਿਆਂ ਨੇ ਇਕ ਦਿਨ ਸਲਾਹ ਕਰ ਕੇ ਅਜਮੇਰ ਸਿੰਘ ਦੀ ਅਗਵਾਈ ਵਿਚ ਜਿਹੜੇ ਜਿਹੜੇ ਲੇਖਕ ਤੇ ਕਿਤਾਬਾਂ ਪੜ੍ਹਨੀਆਂ ਸਨ, ਉਹ ਚੁਣ ਲਏ। ਇਸ ਚੋਣ ਵਿਚ ਵਖ ਵਖ ਵਿਸ਼ੇ ਚਣੁਨ ਤੇ ਸਾਡੇ ਗਰੁੱਪ ਨੂੰ ਔਕੜ ਆ ਸਕਦੀ ਸੀ। ਬਹੁਤ ਸਾਰੇ ਲੇਖਕ ਜੋ ਐਮ. ਏ. ਵਿਚ ਲਗੇ ਹੋਏ ਸਨ ਜਿਵੇਂ ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਕਰਨਲ ਨਰਿੰਦਰਪਾਲ ਸਿੰਘ ਜਿਸਦਾ ਨਾਵਲ ਖੰਨਿਓਂ ਤਿੱਖੀ ਲੱਗਾ ਹੋਇਆ ਸੀ, ਗੁਰਬਖਸ਼ ਸਿੰਘ ਪ੍ਰੀਤ ਲੜੀ, ਨਾਟਕਕਾਰ ਬਲਵੰਤ ਗਾਰਗੀ, ਆਈ ਸੀ ਨੰਦਾ, ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ, ਗੁਰੂ ਨਾਨਕ, ਅਮ੍ਰਿਤਾ ਪ੍ਰੀਤਮ, ਪ੍ਰੋ: ਮੋਹਨ ਸਿੰਘ, ਬਾਵਾ ਬਲਵੰਤ, ਮੁਹੰਮਦ ਬਖਸ਼ ਦਾ ਮਹਾ-ਕਾਵਿ ਸੈਫਲ ਮਲੂਕ, ਸ਼ਾਹ ਮੁਹੰਮਦ ਜਿਸ ਨੇ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਦਾ ਬਹੁ ਚਰਚਤ ਕਿੱਸਾ ਲਿਖਿਆ ਸੀ, ਦਮੋਦਰ, ਵਾਰਸ ਸ਼ਾਹ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਡਾ: ਮੋਹਨ ਸਿੰਘ ਦੀਵਾਨਾ, ਪ੍ਰੀਤਮ ਸਿੰਘ ਸਫੀਰ ਦੀ ਕਵਿਤਾਵਾਂ ਦੀ ਕਿਤਾਬ ਆਦਿ ਜੁਗਾਦ ਲੱਗੀ ਹੋਈ ਸੀ। ਇਹਨਾਂ ਲਿਖਾਰੀਆਂ ਵਿਚੋਂ ਕਿਹੜੇ ਚੁਣੇ ਜਾਣ ਤੇ ਕਿਹੜੇ ਛਡੇ ਜਾਣ ਦੀ ਚੋਣ ਕਰਨੀ ਬੜੀ ਔਖੀ ਸੀ। ਖਾਸ ਕਰ ਪ੍ਰੀਤਮ ਸਿੰਘ ਸਫੀਰ ਨੂੰ ਕੋਈ ਨਹੀਂ ਪੜ੍ਹਨਾ ਚਹੁੰਦਾ ਸੀ। ਉਹ ਬਹੁਤ ਔਖਾ, ਰਹੱਸਵਾਦੀ, ਚਿੰਨ੍ਹਵਾਦੀ ਤੇ ਅਧਿਆਤਮਕਵਾਦੀ ਕਵਿਤਾਵਾਂ ਦਾ ਰਚੇਤਾ ਸੀ। 1953 ਵਿਚ ਜਦੋਂ ਮੈਂ ਗਿਆਨੀ ਕੀਤੀ ਸੀ ਤਾਂ ਓਸ ਵੇਲੇ ਵੀ ਸਫੀਰ ਦੀ ਕਿਤਾਬ ਆਦਿ ਜੁਗਾਦ ਗਿਆਨੀ ਜਿਸ ਨੂੰ "ਆਨਰਜ਼ ਇਨ ਪੰਜਾਬੀ" ਦੀ ਡਿਗਰੀ ਕਿਹਾ ਜਾਂਦਾ ਹੈ, ਲੱਗੀ ਹੋਈ ਸੀ। ਔਖਾ

ਹੋਣ ਦੇ ਬਾਵਜੂਦ ਸਫੀਰ ਮੈਨੂੰ ਬਹੁਤ ਪਸੰਦ ਸੀ। ਅਜਮੇਰ ਸਿੰਘ ਵੀ ਸਫੀਰ ਨੂੰ ਰੱਖਣ ਦੇ ਹੱਕ ਵਿਚ ਨਹੀਂ ਸੀ। ਮੈਂ ਦਲੀਲ ਦਿਤੀ ਕਿ ਸਫੀਰ ਮੈਨੂੰ ਬਹੁਤ ਸਾਰਾ ਜ਼ਬਾਨੀ ਯਾਦ ਹੈ ਅਤੇ ਉਹਦੇ ਰਹੱਸਵਾਦ ਦੀ ਮੈਨੂੰ ਕਾਫੀ ਸਮਝ ਹੈ। ਸਫੀਰ ਤੁਹਾਨੂੰ ਮੈਂ ਪੜ੍ਹਾ ਦਿਆਂਗਾ। ਮੇਰੇ ਕਾਫੀ ਜ਼ੋਰ ਪਾਉਣ ਤੇ ਉਹ ਮੰਨ ਗਏ। ਸਫੀਰ ਦੀ ਕਵਿਤਾ 'ਬਰਸਾਤ ਹੈ ਨਾ' 'ਇਕ ਮਿੱਟੀ ਦੀ ਮੁਠੀ' ਅਤੇ 'ਹਸਤਨਾਪੁਰ ਦਾ ਜ਼ਮਾਨਾ ਨਹੀਂ ਹੁਣ' ਮੈਂ ਜ਼ਬਾਨੀ ਪਾਣੀ ਵਾਂਗ ਰਟੀਆਂ ਹੋਈਆਂ ਸਨ। ਬਾਕੀ ਲੱਗੀਆਂ ਕਿਤਾਬਾਂ ਵਿਚੋਂ ਵੀ ਬਹੁਤ ਸਾਰੀਆਂ ਮੇਰੀਆਂ ਪੜ੍ਹੀਆਂ ਹੋਈਆਂ ਸਨ। ਇਹਨਾਂ ਸਾਰੀਆਂ ਕਿਤਾਬਾਂ ਤੇ ਐਮ. ਏ. ਦੇ ਪਰਚਿਆਂ ਵਿਚੋਂ ਸਭ ਤੋਂ ਪਰਚਾ ਸਭ ਨੂੰ ਔਖਾ ਲਗਦਾ ਸੀ, ਉਹ ਭਾਸ਼ਾ ਵਿਗਿਆਨ ਦਾ ਪਰਚਾ ਸੀ ਜਿਸ ਵਿਚ ਅਰਸਤੂ ਦਾ ਸਿਧਾਂਤ, ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ ਵਗੈਰਾ ਸ਼ਾਮਲ ਸਨ, ਸਮਝ ਵਿਚ ਘੱਟ ਆਉਂਦਾ ਸੀ ਤੇ ਲਿੱਪੀ ਤੇ ਬੋਲੀ ਦੀ ਉਤਪਤੀ ਤੇ ਵਿਕਾਸ ਜੋ ਹਜ਼ਾਰਾਂ ਸਾਲ ਪੁਰਾਣੀ ਸੀ, ਦਾ ਲੇਖਾ ਜੋਖਾ ਲਾਉਣਾ ਗੁੰਝਲਦਾਰ ਕਾਰਜ ਸੀ।

ਖੈਰ ਅਸੀਂ ਸਾਰਿਆਂ ਨੇ ਨਿੱਠ ਕੇ ਇਸ ਪਾਸੇ ਵੱਲ ਧਿਆਨ ਦੇਣਾ ਸ਼ੁਰੂ ਕਰ ਦਿਤਾ ਤੇ ਕਈ ਵਾਰ ਇਕ ਥਾਂ ਇਕੱਠੇ ਹੋਣ ਦੇ ਬਾਵਜੂਦ ਇਕੱਠੇ ਨਾ ਹੋ ਸਕਦੇ ਕਿਉਂਕਿ ਸਭ ਦੀਆਂ ਆਪੋ ਆਪਣੀਆਂ ਕਬੀਲਦਾਰੀਆਂ ਸਨ, ਜਿਨ੍ਹਾਂ ਵਿਚ ਬੀਵੀਆਂ ਨਾਲ ਝਗੜੇ, ਬੱਚਿਆਂ ਦੀ ਦੇਖ ਭਾਲ ਤੇ ਬੀਮਾਰੀ ਦੀ ਹਾਲਤ ਵਿਚ ਦਵਾ ਦਾਰੂ, ਘਰ ਦਾ ਰਾਸ਼ਨ ਪਾਣੀ, ਸਕੂਲ ਦੀ ਨੌਕਰੀ ਵਗੈਰਾ ਕਈ ਕੁਝ ਸ਼ਾਮਲ ਸੀ। ਭਾਵੇਂ ਪਰਾਈਵੇਟ ਬੀ. ਏ. ਜਾਂ ਐਮ. ਏ. ਦੇ ਇਮਤਿਹਾਨ ਦੇਣ ਦਾ ਰਿਵਾਜ ਕਾਫੀ ਸੀ ਅਤੇ ਟੀਚਰ ਆਪਣੀਆਂ ਤਰੱਕੀਆਂ ਲਈ ਏਧਰ ਜ਼ਿਆਦਾ ਸਰਗਰਮ ਸਨ ਪਰ ਕਾਲਜਾਂ ਜਾਂ ਯੂਨੀਵਰਸਿਟੀ ਵਿਚ ਜਾ ਕੇ ਪੜ੍ਹਾਈ ਕਰਨ ਦਾ ਮਤਲਬ ਹੋਰ ਸੀ। ਸਾਡੀ ਤਾਂ ਇਹ ਕੇਵਲ ਕਿਤਾਬੀ ਪੜ੍ਹਾਈ ਸੀ ਪਰ ਯੂਨੀਵਰਸਿਟੀ ਵਿਚ ਕੁੜੀਆਂ ਮੁੰਡਿਆਂ ਦੀਆਂ ਟੋਲੀਆਂ ਵਿਚ ਬੈਠ ਕੇ ਪ੍ਰੋਫੈਸਰਜ਼ ਦੇ ਲੈਕਚਰ ਸੁਣਨੇ, ਸਵਾਲ ਜਵਾਬ, ਟੀਕਾ ਟਿਪਣੀ, ਪੜਚੋਲ ਤੇ ਹੋਰ ਕਾਫੀ ਆਦਾਨ ਪਰਦਾਨ ਦੀ ਗੱਲ ਵਖਰੀ ਸੀ। ਇਸ ਮਾਹੌਲ ਵਿਚੋਂ ਇਕ ਵਖਰੀ ਕਲਚਰ ਦਾ ਅਧਿਅਨ ਵੀ ਹੁੰਦਾ ਸੀ। ਕਾਲਜਾਂ ਅਤੇ ਯੂਨੀਵਰਸਿਟੀਜ਼ ਦੀਆਂ ਸ਼ਰਾਰਤਾਂ ਦਾ ਵੀ ਆਪਣਾ ਇਕ ਅਨੋਖਾ ਰੰਗ ਸੀ ਤੇ ਜਵਾਨ ਕੁੜੀਆਂ ਮੁੰਡਿਆਂ ਦੇ ਇਸ਼ਕ ਮੁਸ਼ਕ ਦਾ ਵੀ। ਏਸੇ ਲਈ ਕਈ ਵਾਰ ਕਈ ਨੌਕਰੀਆਂ ਵਿਚ ਪਰਾਈਵੇਟ ਪੜ੍ਹਨ ਵਾਲਿਆਂ ਨੂੰ ਤਰਜੀਹ ਨਹੀਂ ਦਿਤੀ ਜਾਂਦੀ ਸੀ। ਸਕੂਲ ਸਿਸਟਮ ਵਿਚ ਇਕ ਬੜੀ ਵਡੀ ਖਰਾਬੀ ਇਹ ਵੀ ਸੀ ਕਿ ਜੇਕਰ ਇਕ ਜੇ. ਬੀ. ਟੀ. ਟੀਚਰ, ਕਲਾਸੀਕਲ ਲੈਂਗੂਏਜ ਟੀਚਰ, ਐਸ ਐਂਡ ਵੀ ਟੀਚਰ, ਆਰਟ ਐਂਅ ਕਰਾਫਟ ਟੀਚਰ, ਡਰਾਇੰਗ ਟੀਚਰ, ਪੀ ਟੀ ਆਈ ਟੀਚਰ ਆਦਿ ਕੈਟਗਰੀ ਵਾਲੇ ਐਮ. ਏ. ਤਾਂ ਕੀ, ਪੀ. ਐੱਚ. ਡੀ. ਵੀ ਕਰ ਲੈਣ, ਉਹਨਾਂ ਦੀ ਅਗਲੀ ਕੋਈ ਤਰੱਕੀ ਨਹੀਂ ਸੀ। ਉਹਨਾਂ ਦੀਆਂ ਤਨਖਾਹਾਂ ਵਿਚ ਕੋਈ ਵਾਧਾ ਨਹੀਂ ਹੁੰਦਾ ਸੀ। ਉਹਨਾਂ ਦੀ ਉਚੇਰੀ ਪੜ੍ਹਾਈ ਤੇ ਗਿਆਨ ਦਾ ਕੋਈ ਮੁੱਲ ਨਹੀਂ ਸੀ। ਮੈਂ ਕਈ ਅਜਿਹੇ ਟੀਚਰਜ਼ ਨੂੰ ਜਾਣਦਾ ਸਾਂ ਜੋ ਐਮ. ਏ. ਕਰ ਕੇ ਪ੍ਰਾਇਮਰੀ ਸਕੂਲਾਂ ਵਿਚ ਈ ਧੱਕੇ ਖਾ ਰਹੇ ਸਨ। ਸਿਰਫ ਉਹ ਟੀਚਰ ਜੋ ਬੀ. ਐਡ. ਹੋਣ, ਉਹਨਾਂ ਨੂੰ ਐਮ. ਏ. ਕਰਨ ਤੇ ਦੋ ਇਨਕਰੀਮੈਂਟਸ ਅਤੇ ਲੈਕਚਰਰ ਪਰੋਮੋਟ ਹੋਣ ਵਿਚ ਸਹੂਲਤ ਮਿਲਦੀ ਸੀ। ਸਿੱਖਿਆ ਵਿਭਾਗ ਵਿਚ ਹੀ ਉਚੇਰੀ ਪੜ੍ਹਾਈ ਕਰਨ ਵਾਲਿਆਂ ਨਾਲ ਕਿੰਨਾ ਵਡਾ ਧੱਕਾ ਸੀ। ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਜੋ ਪੰਜਾਬੀ ਅਤੇ ਹਿੰਦੀ ਟੀਚਰ ਜਿਨ੍ਹਾਂ ਨੇ ਓ. ਟੀ. ਕੀਤੀ ਹੋਈ ਸੀ, ਦਸਵੀਂ ਗਿਆਰਵੀਂ ਨੂੰ ਪੰਜਾਬੀ ਜਾਂ ਹਿੰਦੀ ਪੜ੍ਹਾਂਦੇ ਸਨ, ਇਹਨਾਂ ਵਿਚ ਕਈ ਪੰਜਾਬੀ ਜਾਂ ਹਿੰਦੀ ਵਿਚ ਐਮ. ਏ. ਪਾਸ ਵੀ ਸਨ ਪਰ ਉਹਨਾਂ ਲਈ ਜ਼ਿਆਦਾ ਤਨਖਾਹ ਜਾਂ ਲੈਕਚਰਰ ਬਨਣ ਦਾ ਰਾਹ ਬਿਲਕੁਲ ਬੰਦ ਸੀ। ਇਸ ਦੇ ਉਲਟ ਜਿਹੜੇ ਬੀ. ਏ. ਬੀ. ਐਡ. ਅਧਿਆਪਕ ਸਨ, ਜੋ ਐਮ. ਏ. ਪਾਸ ਕਰ ਜਾਂਦੇ ਸਨ, ਮਹਿਕਮਾ ਉਹਨਾਂ ਨੂੰ ਲੈਕਚਰਰ ਪਰੋਮੋਟ ਕਰ ਦਿੰਦਾ ਸੀ। ਦੋ ਇਨਕਰੀਮੈਂਟਸ ਵੀ ਦਿੰਦਾ ਸੀ ਜਦ ਕਿ ਗਿਆਨੀ ਟੀਚਰ ਅਤੇ ਹਿੰਦੀ ਟੀਚਰ ਉਹਨਾਂ ਦੇ ਬਰਬਰ ਦੀਆਂ ਕਲਾਸਾਂ ਨੂੰ ਹੀ ਪੜ੍ਹਾਂਦੇ ਸਨ ਅਤੇ ਬੀ. ਐਡ. ਦੇ ਮੁਕਾਬਲੇ ਤੇ ਪੜ੍ਹਾਂਦੇ ਵੀ ਅੱਛਾ ਸਨ ਕਿਉਂਕਿ ਉਹਨਾਂ ਨੇ ਆਨਰਜ਼ ਇਨ ਪੰਜਾਬੀ ਜਾਂ ਆਨਰਜ਼ ਇਨ ਹਿੰਦੀ ਕਰ ਕੇ ਹੀ ਓ. ਟੀ. ਪਾਸ ਕੀਤੀ ਸੀ।

ਖੈਰ! ਹੁਣ ਜਦ ਐਮ. ਏ. ਕਰਨ ਦਾ ਤਹਈਆ ਕਰ ਹੀ ਲਿਆ ਸੀ ਤਾਂ ਪੜ੍ਹਨਾ ਤਾਂ ਪੈਣਾ ਹੀ ਸੀ। ਦਿਨੇ ਬਹੁਤ ਸਾਰੇ ਹੋਰ ਕੰਮ ਕਰ ਕੇ ਕਈ ਵਾਰ ਦਿਮਾਗ ਅਤੇ ਜਿਸਮ ਥਕ ਜਾਂਦਾ ਸੀ ਅਤੇ ਰਾਤ ਨੂੰ ਅਜਮੇਰ ਸਿੰਘ ਦੇ ਘਰ ਕਾਂਸ਼ੀ ਨਗਰੀ ਜਾ ਕੇ ਦੋ ਘੰਟੇ ਲਾਉਣੇ ਔਖੇ ਲਗਦੇ ਸਨ। ਕਈ ਵਾਰ ਇੰਜ ਵੀ ਹੁੰਦਾ ਕਿ ਸਾਡੇ ਵਿਚੋਂ ਇਕ ਜਣਾ ਨਾ ਵੀ ਔਂਦਾ। ਇਸ ਨਾਲ ਲੜੀ ਵੀ ਟੁੱਟਦੀ ਸੀ ਤੇ ਵਿਘਨ ਵੀ ਪੈਂਦਾ ਸੀ। ਮੈਂ ਹੈਰਾਨ ਸਾਂ ਕਿ ਅਜਮੇਰ ਸਿੰਘ ਦੀ ਸੂਝ ਸਮਝ ਕਾਫੀ ਜ਼ਿਆਦਾ ਸੀ। ਵੇਖਣ ਵਿਚ ਉਹ ਥੋੜ੍ਹਾ ਖੁਸ਼ਕ ਲਗਦਾ ਸੀ ਪਰ ਉਹਦੀ ਕਾਬਲੀਅਤ ਬਹੁਤ ਡੂੰਘੀ ਸੀ। ਉਹਦੇ ਅੰਦਰ ਪੜ੍ਹਾਣ ਦੇ ਕਾਫੀ ਗੁਣ ਸਨ। ਉਸ ਨੇ ਸਾਨੂੰ ਸਾਰਿਆਂ ਨੂੰ ਇਕ ਵਾਰ ਪਹਿਲੇ ਪਾਰਟ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਲੈਣ ਲਈ ਜ਼ੋਰ ਦਿਤਾ। ਟੈਕਸਟ ਵਿਚੋਂ ਦੀ ਲੰਘਣਾ ਬਹੁਤ ਜ਼ਰੂਰੀ ਸੀ। ਮੈਂ ਭਾਵੇਂ ਇਹਨਾਂ ਵਿਚੋਂ ਬਹੁਤੀਆਂ ਕਿਤਾਬਾਂ ਪੜ੍ਹੀਆਂ ਹੋਈਆਂ ਸਨ ਪਰ ਇਮਤਿਹਾਨ ਦੇ ਨਜ਼ਰੀਏ ਤੋਂ ਪੜ੍ਹਨੀਆਂ ਹੋਰ ਗੱਲ ਸੀ ਅਤੇ ਸ਼ੌਕੀਆ ਪੜ੍ਹਨਾ ਹੋਰ ਗੱਲ ਸੀ। ਹੁਣ ਦੀਆਂ ਕਿਤਾਬਾਂ ਪੜ੍ਹਨ ਵਿਚ ਉਹਨਾਂ ਦੇ ਭਾਵ ਜਾਣਨਾ ਬਹੁਤ ਜ਼ਰੂਰੀ ਸਨ ਅਤੇ ਉਹਨਾਂ ਦੀ ਪਰਖ ਪੜਚੋਲ ਅਤੇ ਤੁਲਨਾਤਮਿਕ ਅਧਿਅਨ ਕਰਨਾ ਵੀ ਇਮਤਿਹਾਨ ਪਾਸ ਕਰਨ ਦਾ ਇਕ ਹਿੱਸਾ ਸੀ। ਇਸ ਲਈ ਮੈਂ ਅਤੇ ਬਾਕੀਆਂ ਨੇ ਵੀ ਜਿੰਨੀ ਜਲਦੀ ਹੋ ਸਕਿਆ, ਪਹਿਲੇ ਪਾਰਟ ਦੀਆਂ ਸਾਰੀਆਂ ਕਿਤਾਬਾਂ ਪੜ੍ਹ ਲਈਆਂ। ਅੰਤਰ ਇਹ ਸੀ ਕਿ ਜਦੋਂ ਸ਼ੌਕੀਆ ਪੜ੍ਹੀਆਂ ਸਨ ਤਾਂ ਉਹਨਾਂ ਦਾ ਸਵਾਦ ਮਾਣਿਆ ਸੀ

ਅਤੇ ਹੁਣ ਉਹ ਔਖੀਆਂ ਲਗਦੀਆਂ ਸਨ। ਤਨਕੀਦ ਅਤੇ ਇਮਤਿਹਾਨ ਦੇ ਪਖੋਂ ਪੜ੍ਹਨ ਦਾ ਮਤਲਬ ਬਿਲਕੁਲ ਵਖਰਾ ਸੀ। ਸ਼ਾਹ ਮੁਹਮੰਦ ਦਾ ਕਿੱਸਾ ਜੋ ਮੈਨੂੰ ਜ਼ਬਾਨੀ ਯਾਦ ਸੀ, ਉਸਦਾ ਕੋਈ ਮਤਲਬ ਨਹੀਂ ਸੀ, ਸਵਾਲ ਤਾਂ ਉਸ ਕਿੱਸੇ ਬਾਰੇ ਆਏ ਸਵਾਲਾਂ ਦਾ ਜਵਾਬ ਦੇਣਾ ਸੀ।

ਇਕ ਦਿਨ ਅਜਮੇਰ ਸਿੰਘ ਕਹਿਣ ਲੱਗਾ ਕਿ ਸ਼ਾਹ ਮੁਹਮੰਦ ਦੇ ਕਿੱਸੇ ਦਾ ਤੁਲਨਾਤਮਿਕ ਅਧਿਅਨ ਕਰ ਕੇ ਆਇਓ। ਇਹ ਸਵਾਲ ਇਮਤਿਹਾਨ ਵਿਚ ਆਵੇਗਾ ਵੀ ਜ਼ਰੂਰ। ਮੈਂ ਘਰ ਆ ਕੇ ਸੋਚਦਾ ਰਿਹਾ ਕਿ ਇਸ ਕਿੱਸੇ ਦਾ ਤੁਲਨਾਤਮਿਕ ਅਧਿਅਨ ਕਿਵੇਂ ਕੀਤਾ ਜਾਵੇ। ਇਹ ਕਿੱਸਾ ਵਾਰ ਸਾਹਿਤ ਵਿਚ ਆਉਂਦਾ ਸੀ। ਪੰਜਾਬੀ ਵਿਚ ਭਾਈ ਗੁਰਦਾਸ ਦੀਆਂ ਵਾਰਾਂ ਸਨ ਜੋ ਇਸ ਧਾਰਾ ਹੇਠ ਨਹੀਂ ਆਉਂਦੀਆਂ ਸਨ। ਚਠਿਆਂ ਦੀ ਵਾਰ ਵੀ ਸੀ ਜੋ ਕਿਸੇ ਹੱਦ ਤਕ ਇਸ ਤੁਲਨਾਤਮਿਕ ਅਧਿਅਨ ਵਿਚ ਪੇਸ਼ ਕੀਤੀ ਜਾ ਸਕਦੀ ਸੀ। ਕੁਝ ਹੋਰ ਵਾਰਾਂ ਵੀ ਸਨ ਪਰ ਇਸ ਤਰ੍ਹਾਂ ਦੀਆਂ ਜੰਗੀ ਕਿੱਸਿਆਂ ਵਾਲੀਆਂ ਵਾਰਾਂ ਨਹੀਂ ਸਨ। ਅਜਿਹੀਆਂ ਵੀ ਨਹੀਂ ਸਨ ਜਿਸ ਵਿਚ ਦੋ ਵਖ ਵਖ ਕੌਮਾਂ ਜਿਵੇਂ ਅੰਗਰੇਜ਼ ਅਤੇ ਸਿੱਖ ਲੜੇ ਹੋਣ। ਹਾਂ ਜਦ ਮੁਸਲਮਾਨਾਂ ਨੇ ਪੰਜਾਬ ਅਤੇ ਹਿੰਦੋਸਤਾਨ ਉਤੇ ਅਣਗਿਣਤ ਹਮਲੇ ਕੀਤੇ ਸਨ, ਉਹਨਾਂ ਦੇ ਧਰਮ ਵੀ ਵਖ ਵਖ ਸਨ ਪਰ ਉਹਨਾਂ ਬਾਰੇ ਵਾਰਾਂ ਉਪਲਭਦ ਨਹੀਂ ਸਨ। ਇਸੇ ਤਰ੍ਹਾਂ ਜਿਹੜੇ ਨਾਵਲ ਲੱਗੇ ਸਨ, ਉਹਨਾਂ ਨਾਵਲਾਂ ਦੇ ਤੁਲਨਾਤਮਿਕ ਅਧਿਅਨ ਵਿਚ ਜੇਕਰ ਕਿਸੇ ਪੰਜਾਬੀ ਨਾਵਲ ਦਾ ਬਦੇਸ਼ੀ ਲੇਖਕਾਂ ਜਿਵੇਂ ਲਿਊ ਟਾਲਸਟਾਏ, ਮੈਕਸਮ ਗੋਰਕੀ, ਚਾਰਲਸ ਡਿਕਨਜ਼, ਥਾਮਸ ਹਾਰਡੀ, ਹੇਮਿੰਗਜ਼ਵੇ, ਪੁਸ਼ਕਿਨ ਆਦਿ ਦੇ ਨਾਵਲਾਂ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਪੰਜਾਬੀ ਵਿਚ ਇਸ ਤਰ੍ਹਾਂ ਦਾ ਕੋਈ ਨਾਵਲ ਨਹੀਂ ਮਿਲਦਾ ਸੀ ਜਾਂ ਬਹੁਤ ਘੱਟ ਸੀ। ਜਦ ਕਿ ਬਲਵੰਤ ਗਾਰਗੀ ਦੇ ਕੁਝ ਨਾਟਕ ਬਦੇਸ਼ੀ ਨਾਟਕਕਾਰਾਂ ਦੇ ਨਾਟਕੀ ਗੁਣਾਂ ਦਾ ਕਾਫੀ ਪ੍ਰਭਾਵ ਪਾਉਂਦੇ ਸਨ ਅਤੇ ਪ੍ਰੋ: ਆਈ. ਸੀ. ਨੰਦਾ ਦੇ ਨਾਟਕਾਂ ਵਿਚ ਵੀ ਸ਼ੇਕਸਪੀਅਰ ਦੇ ਕੁਝ ਨਾਟਕਾਂ ਦਾ ਪ੍ਰਭਾਵ ਤੁਲਨਾਤਮਿਕ ਅਧਿਅਨ ਪਖੋਂ ਪੈਂਦਾ ਸੀ। ਕੁਝ ਇਸ ਕਰ ਕੇ ਵੀ ਸੀ ਕਿ ਗਾਰਗੀ ਨੇ ਲਾਹੌਰ ਤੋਂ ਐਮ. ਏ. ਅੰਗਰੇਜ਼ੀ ਕੀਤੀ ਹੋਈ ਸੀ ਅਤੇ ਪ੍ਰੋ: ਆਈ. ਸੀ. ਨੰਦਾ ਇੰਗਲੈਂਡ ਪੜ੍ਹ ਕੇ ਆਇਆ ਸੀ ਅਤੇ ਪੰਜਾਬ ਵਿਚ ਆ ਕੇ ਲਾਹੌਰ ਅੰਗਰੇਜ਼ੀ ਦਾ ਪ੍ਰੋਫੈਸਰ ਰਿਹਾ ਸੀ। ਪੰਜਾਬੀ ਵਿਚ ਪਹਿਲੀ ਵਾਰ ਨਾਟਕ ਲਿਖਣ ਦੀ ਪਿਰਤ ਵੀ ਉਹਨੇ ਹੀ ਪਾਈ ਸੀ। ਇਸ ਤੋਂ ਬਾਅਦ ਪ੍ਰੋ: ਹਰਚਰਨ ਸਿੰਘ ਅਤੇ ਬਲਵੰਤ ਗਾਰਗੀ, ਕਪੂਰ ਸਿੰਘ ਘੁਮਨ, ਹਰਸਰਨ ਸਿੰਘ, ਜਸੂਜਾ ਆਦਿ ਨੇ ਇਸ ਨੂੰ ਅਗੇ ਤੋਰ ਲਿਆ ਸੀ।

ਹੇਮ ਰਾਜ ਬਾਂਸਲ ਇਕ ਦਿਨ ਲੁਧਿਆਣੇ ਗਿਆ ਤੇ ਚੌਕ ਘੰਟਾ ਘਰ ਵਿਚ ਜੀਵਨ ਸਿੰਘ ਦੀ ਲਾਹੌਰ ਬੁਕ ਸ਼ਾਪ ਤੋਂ ਪਿਛਲੇ ਦਸਾਂ ਸਾਲਾਂ ਦੇ ਐਮ. ਏ. ਪੰਜਾਬੀ ਦੇ ਪ੍ਰਸ਼ਨ ਪੱਤਰ ਅਤੇ ਸਾਹਿਤ ਸਮਾਚਾਰ ਦੇ ਕੁਝ ਪਰਚੇ ਵੀ ਜਿਨ੍ਹਾਂ ਵਿਚ ਐਮ.ਏ. ਦੀਆਂ ਕਿਤਾਬਾਂ ਬਾਰੇ ਪੜਚੋਲ ਛਪੀ ਸੀ, ਲੈ ਆਇਆ। ਇਹ ਪ੍ਰਸ਼ਨ ਪੱਤਰਾਂ ਅਤੇ ਸਾਹਿਤ ਸਮਾਚਾਰ ਦੇ ਪਰਚਿਆਂ ਨੇ ਸਾਡੀ ਬਹੁਤ ਅਗਵਾਈ ਕੀਤੀ। ਅਸੀਂ ਇਹ ਗੱਲ ਬੜੀ ਚੰਗੀ ਤਰ੍ਹਾਂ ਸਮਝ ਗਏ ਕਿ ਇਮਤਿਹਾਨ ਵਿਚ ਪ੍ਰਸ਼ਨ ਪੱਤਰ ਕਿਸ ਤਰ੍ਹਾਂ ਦੇ ਆਉਣੇ ਹਨ ਅਤੇ ਉਹਨਾਂ ਦਾ ਕੀ ਜਵਾਬ ਦੇਣਾ ਹੈ। ਵੈਸੇ ਤਾਂ ਕੋਰਸ ਦੀਆਂ ਕਿਤਾਬਾਂ ਅਸੀਂ ਪੜ੍ਹ ਚੁਕੇ ਸਾਂ ਪਰ ਹੁਣ ਅਸੀਂ ਪ੍ਰਸ਼ਨ ਪੱਤਰਾਂ ਵਿਚੋਂ ਇਕ ਦੂਜੇ ਤੇ ਸਵਾਲ ਕਰਦੇ ਤੇ ਉਹਨਾਂ ਦੇ ਜਵਾਬ ਦਿੰਦੇ। ਮੈਨੂੰ ਜਵਾਬ ਦੇਣ ਵਾਲਿਆਂ ਵਿਚ ਉਹ ਆਗੂ ਸਮਝਦੇ ਕਿਉਂਕਿ ਮੈਂ ਇਹਨਾਂ ਵਿਚੋਂ ਬਹੁਤੀਆਂ ਕਿਤਾਬਾਂ ਪਹਿਲਾਂ ਸ਼ੌਕੀਆ ਪੜ੍ਹੀਆਂ ਹੋਈਆਂ ਸਨ ਜਿਨ੍ਹਾਂ ਦਾ ਆਖਰ ਕੁਝ ਨਾ ਕੁਝ ਪਰਭਾਵ ਮੇਰੇ ਦਿਮਾਗ ਵਿਚ ਬਾਕੀ ਸੀ। ਹੁਣ ਜਦ ਪ੍ਰੀਖਿਆ ਨੂੰ ਮੁਖ ਰਖ ਕੇ ਕਿਤਾਬਾਂ ਪੜ੍ਹੀਆਂ ਸਨ ਤਾਂ ਹਾਲਾਤ ਤੇ ਵਿਧਾ ਤਾਂ ਭਾਵੇਂ ਬਦਲ ਗਈ ਸੀ ਪਰ ਆਖਰ ਬੁਨਿਆਦੀ ਤੌਰ ਤੇ ਕਿਤਾਬ ਦਾ ਮੈਟਰ ਤਾਂ ਨਹੀਂ ਬਦਲਿਆ ਸੀ। ਮੈਂ ਇਹਨਾਂ ਸਵਾਲਾਂ ਵਿਚੋਂ ਬਹੁਤਿਆਂ ਦੇ ਜਵਾਬ ਬੜੀ ਫੁਰਤੀ ਨਾਲ ਦਿੰਦਾ ਅਤੇ ਜ਼ਬਾਨੀ ਦਿੰਦਾ। ਹੁਣ ਮੈਨੂੰ ਇਹ ਵੀ ਪਤਾ ਲੱਗ ਗਿਆ ਸੀ ਕਿ ਮੈਂ ਜਿਹੜੀਆਂ ਕਹਾਣੀਆਂ ਆਪਣੇ ਵੇਗ ਵਿਚ ਆ ਕੇ ਲਿਖਦਾ ਸਾਂ, ਉਹਨਾਂ ਦੀ ਪਰਖ ਤੇ ਤੁਲਨਾਤਮਿਕ ਅਧਿਅਨ ਪਖੋਂ ਕਿੰਨੀ ਕੁ ਸਾਹਿਤਕ ਹੈਸੀਅਤ ਸੀ ਅਤੇ ਉਹਨਾਂ ਦਾ ਸਾਹਿਤਕ ਮੁੱਲ ਕਿੰਨਾ ਕੁ ਸੀ। ਜਿਨ੍ਹਾਂ ਕਹਾਣੀਆਂ ਤੇ ਮੈਨੂੰ ਆਪ ਲਿਖੀਆਂ ਹੋਣ ਕਾਰ ਬੜਾ ਮਾਨ ਸੀ, ਹੁਣ ਐਵੇਂ ਕੱਚੀਆਂ ਪਿੱਲੀਆਂ ਜਹੀਆਂ ਲਗਦੀਆਂ। ਜੇ ਆਲੋਚਕ ਮੇਰੀਆਂ ਕਹਾਣੀਆਂ ਦੀ ਪੜਚੋਲ ਅਤੇ ਤੁਲਨਾਤਮਿਕ ਅਧਿਅਨ ਪਖੋਂ ਚੀਰ ਫਾੜ ਕਰਨ ਤਾਂ ਉਹਨਾਂ ਨੂੰ ਲੀਰੋ ਕਰ ਕੇ ਰੱਖ ਸਕਦੇ ਸਨ। ਮੈਂ ਫੈਸਲਾ ਕੀਤਾ ਕਿ ਅਗੋਂ ਤੋਂ ਜਦ ਮੈਂ ਕਹਾਣੀ ਲਿਖਾਂਗਾ ਤਾਂ ਇਹਨਾਂ ਦੇ ਮਾਪ ਦੰਡ ਦਾ ਜ਼ਰੂਰ ਖਿਆਲ ਰਖਾਂਗਾ। ਜਦ ਮੈਂ ਇਸ ਬਾਰੇ ਜਗਜੀਤ ਸਿੰਘ ਆਹੂਜੇ ਨਾਲ ਮਸ਼ਵਰਾ ਕੀਤਾ ਤਾਂ ਉਹ ਕਹਿਣ ਲੱਗਾ ਕਿ ਮੈਨੂੰ ਤਾਂ ਇੰਜ ਲਗਦਾ ਹੈ ਕਿ ਐਮ. ਏ. ਕਰਨ ਨਾਲ ਤੇਰੇ ਲੇਖਕ ਮਨ ਤੇ ਆਲੋਚਨਾ ਸਵਾਰ ਹੋ ਰਹੀ ਹੈ ਜੋ ਤੇਰੇ ਮੌਲਿਕ ਕੰਮ ਲਈ ਘਾਤਕ ਸਿੱਧ ਹੋ ਸਕਦੀ ਹੈ। ਜੇ ਕੋਈ ਲੇਖਕ ਆਲੋਚਨਾ ਨੂੰ ਸਾਹਮਣੇ ਰੱਖ ਕੇ ਲਿਖੇਗਾ ਤਾਂ ਉਹ ਉਲਝ ਜਾਵੇਗਾ। ਇਹੀ ਗੱਲ ਬਾਅਦ ਵਿਚ ਮੈਨੂੰ ਪ੍ਰੋ: ਪ੍ਰੇਮ ਪਰਕਾਸ਼ ਸਿੰਘ ਨੇ ਵੀ ਦੱਸੀ ਜੋ ਮੇਰੀਆ ਕਹਾਣੀਆਂ ਦਾ ਬੜਾ ਮੁਦਈ ਸੀ।

ਚੰਗੇ ਨੰਬਰਾਂ ਵਿਚ ਪਾਸ ਹੋਣਾ ਕਿਸ਼ਤ:-65

ਜ਼ਿੰਦਗੀ ਵਿਚ ਕਈ ਵਾਰ ਸਾਲਾਂ ਦੇ ਸਾਲ ਬੀਤ ਜਾਂਦੇ ਹਨ ਪਰ ਕੋਈ ਵੀ ਐਸੀ ਅਨੋਖੀ ਘਟਨਾ ਨਹੀਂ ਵਾਪਰਦੀ ਜੋ ਬਿਆਨ ਕਰਨ ਦੇ ਕਾਬਲ ਹੋਵੇ। ਇਹ ਤਾਂ ਪਤਾ ਨਹੀਂ ਹੁੰਦਾ ਕਿ ਐਕਸੀਡੰਟ ਹੋਣ ਵਾਂਗ ਕਦੋਂ ਅਤੇ ਕਿਥੇ ਕੀ ਕੁਝ ਹੋ ਜਾਣਾ ਹੈ ਅਤੇ ਕੀ ਭਾਣਾ ਵਰਤ ਜਾਣਾ ਹੈ। ਜੀਵਨ ਦਾ ਹਰ ਪਲ, ਹਰ ਘੜੀ, ਹਰ ਘੰਟਾ, ਹਰ ਦਿਨ, ਹਰ ਹਫਤਾ, ਹਰ ਮਹੀਨਾ ਅਤੇ ਕਈ ਵਾਰ ਹਰ ਸਾਲ ਵੀ ਸਵੈ-ਜੀਵਨੀ ਲਿਖਣ ਦਾ ਭਾਗ ਨਹੀਂ ਬਣ ਸਕਦਾ। ਇਸ ਲਈ ਮਹਤਵ ਪੂਰਨ ਘੜੀਆਂ, ਘਟਨਾਵਾਂ, ਜ਼ਿੰਦਗੀ ਵਿਚ ਆਏ ਤਰ੍ਹਾਂ ਤਰ੍ਹਾਂ ਦੇ ਲੋਕਾਂ ਨਾਲ ਵਾਹ ਪੈਣ ਦਾ ਤਜਰਬਾ ਵੀ ਸਵੈ ਜੀਵਨੀ ਦਾ ਹਿੱਸਾ ਬਣਦਾ ਹੈ। ਮੈਂ ਫਿਰੋਜ਼ਪੁਰ ਜਾਂ ਫਿਰੋਜ਼ਪੁਰ ਜ਼ਿਲੇ ਵਿਚ 1951 ਤੋਂ 1971 ਤਕ 20 ਸਾਲ ਦੇ ਕਰੀਬ ਰਿਹਾ। ਇਸ ਅਰਸੇ ਦੌਰਾਨ ਕਈਆਂ ਨਾਲ ਬਣੀ ਤੇ ਕਈਆਂ ਨਾਲ ਵਿਗੜੀ। ਇਹ ਤਾਂ ਜ਼ਿੰਦਗੀ ਦਾ ਸੱਚ ਹੀ ਹੈ ਕਿਸੇ ਵੇਲੇ ਜੋ ਦਿਲ ਦੇ ਬਹੁਤ ਨੇੜੇ ਹੁੰਦੇ ਹਨ, ਕਿਸੇ ਦਿਨ ਉਹ ਹੀ ਦਿਲ ਤੋਂ ਬਹੁਤ ਦੂਰ ਚਲੇ ਜਾਂਦੇ ਹਨ। ਇੰਜ ਜੀਵਨ ਵਿਚ ਜੇਕਰ ਖੜੋਤ ਆ ਰਹੀ ਹੋਵੇ ਤਾਂ ਉਸ ਖੜੋਤ ਵਿਚ ਵੀ ਇਕ ਤਬਦੀਲੀ ਜਾਂਦੀ ਹੈ। ਜੇ ਮੇਰੇ ਫਿਰੋਜ਼ਪੁਰ ਸ਼ਹਿਰ ਵਿਚ ਲੰਮਾ ਸਮਾਂ ਵਿਚਰਨ ਬਾਰੇ ਗੌਰ ਕੀਤਾ ਜਾਵੇ ਤਾਂ ਇਸ ਸ਼ਹਿਰ ਦਾ ਮੇਰੇ ਜੀਵਨ ਨਾਲ ਐਨਾ ਜ਼ਿਆਦਾ ਗੂੜ੍ਹਾ ਸਬੰਧ ਸੀ ਕਿ ਜੇ ਮੈਂ ਹੋਰ ਵਿਸਥਾਰ ਨਾਲ ਇਸ ਬਾਰੇ ਲਿਖਣਾ ਸ਼ੁਰੂ ਕਰ ਦਿਆਂ ਤਾਂ ਇਹ ਹਜ਼ਾਰਾਂ ਸਫਿਆਂ ਵਿਚ ਵੀ ਖਤਮ ਨਹੀਂ ਹੋ ਸਕਦਾ। ਇਸ ਦਾ ਵਡਾ ਕਾਰਨ ਮੇਰੇ ਏਥੇ ਜਵਾਨ ਹੋਣਾ, ਏਥੇ ਕਾਲਜ ਵਿਚ ਪੜ੍ਹਨਾ, ਏਥੇ ਜਵਾਨੀ ਵਿਚ ਇਸ਼ਕ ਕਰਨੇ, ਏਥੇ ਕਹਾਣੀਆਂ ਲਿਖਣਾ, ਵਿਆਹ ਕਰਵਾ ਕੇ ਬੱਚੇ ਪੈਦਾ ਕਰਨੇ, ਨੌਕਰੀ ਕਰਨੀ ਅਤੇ ਲੋਕਾਂ ਦੇ ਦਿਲਾਂ ਵਿਚ ਆਪਣੀ ਥਾਂ ਬਨਾਉਣੀ ਆਦਿ ਬਹੁਤ ਕੁਝ ਸ਼ਾਮਲ ਹੈ। ਚੰਗੇ ਮੰਦੇ ਦੀ ਪਰਖ ਕਰਨਾ ਸਿੱਖਣ ਦੀ ਕੋਸ਼ਿਸ਼ ਵੀ ਕੀਤੀ ਪਰ ਮੰਦੇ ਦੀ ਪਰਖ ਕਰਨੀ ਫਿਰ ਵੀ ਨਾ ਆਈ। ਦੁਨੀਆਦਾਰੀ ਦੇ ਦਾਅ ਪੇਚ ਸਿੱਖਣ ਦੀ ਉਮਰ ਤਾਂ ਏਥੇ ਫਿਰੋਜ਼ਪੁਰ ਵਿਚ ਹੀ ਸੀ ਪਰ ਏਸ ਪਾਸੇ ਮਨ ਕੰਮ ਹੀ ਨਹੀਂ ਕਰਦਾ ਸੀ। ਜੋ ਹੱਸ ਕੇ ਮਿਲਦਾ, ਓਸੇ ਦਾ ਹੋ ਜਾਣ ਲਈ ਦਿਲ ਕਰਨ ਲਗਦਾ ਪਰ ਮੈਂ ਨਾਟਕੀ ਦੁਨੀਆਂ ਦੇ ਅੰਦਾਜ਼ ਸਮਝਣ ਵਿਚ ਬਹੁਤ ਅਸਮਰਥ ਰਿਹਾ। ਜਿਵੇਂ ਮੈਂ ਉਪਰ ਦੱਸਿਆ ਹੈ ਕਿ ਏਸ ਸ਼ਹਿਰ ਵਿਚ ਬਤਾਈ ਜ਼ਿੰਦਗੀ ਦੇ ਹਰ ਪਲ, ਹਰ ਘੜੀ, ਹਰ ਦਿਨ, ਹਰ ਹਫਤੇ, ਹਰ ਮਹੀਨੇ, ਇਥੋਂ ਤਕ ਕਿ ਹਰ ਸਾਲ ਦਾ ਜ਼ਿਕਰ ਕਰਨਾ ਵੀ ਮੁਸ਼ਕਲ ਹੈ ਪਰ ਜੋ ਬਹੁਤਮਹਤਵ ਪੂਰਨ ਗੱਲਾਂ ਤੇ ਘਟਨਾਵਾਂ ਹਨ, ਉਹ ਮੈਂ ਸਾਂਝੀਆਂ ਕਰਦਾ ਆ ਰਿਹਾਂ ਹਾਂ ਅਤੇ ਕੁਝ ਹੋਰ ਵੀ ਕਰਾਂਗਾ। ਹਾਲੇ ਮੇਰੇ ਕੋਲ ਅਗੇ ਦੱਸਣ ਅਤੇ ਲਿਖਣ ਲਈ ਬਹੁਤ ਕੁਝ ਪਿਆ ਹੈ। ਸੰਜਮ ਅਤੇ ਸੰਕੋਚ ਤੋਂ ਕੰਮ ਲੈਂਦਿਆ ਮੈਂ ਇਸ ਨੂੰ ਸੰਖੇਪ ਕਰਨਾ ਵੀ ਚਾਹਾਂ ਤਾਂ ਮੇਰੇ ਅਗੇ ਕਈ ਕਿਸਮ ਦੀ ਮੁਸ਼ਕਲ ਪੇਸ਼ ਆਉਂਦੀ ਹੈ।

ਮੈਂ ਐਮ. ਏ. ਪੰਜਾਬੀ ਦਾ ਪਹਿਲਾ ਪਾਰਟ ਬੜੇ ਚੰਗੇ ਨੰਬਰ ਲੈ ਕੇ ਪਾਸ ਕਰ ਲਿਆ ਸੀ। ਅਜਮੇਰ ਸਿੰਘ ਦੀ ਘਰਵਾਲੀ ਦੇ ਨੰਬਰ ਵੀ ਚੰਗੇ ਆਏ ਸਨ ਪਰ ਹੇਮ ਰਾਜ ਪਾਸ ਹੋ ਗਿਆ ਸੀ ਅਤੇ ਉਹਦਾ ਨਸ਼ਾਨਾ ਸਿਰਫ ਪਾਸ ਹੋਣ ਤਕ ਹੀ ਸੀ। ਸਕੂਲ ਵਿਚ ਬਹੁਤੇ ਟੀਚਰ ਜੋ ਲਗ ਭਗ ਥਰਡ ਡਵੀਜ਼ਨ ਵਿਚ ਐਮ. ਏ. ਪਾਸ ਸਨ, ਗੱਲਾਂ ਕਰਨ ਲਗ ਪਏ ਸਨ ਕਿ ਮੈਂ ਆਪਣੀ ਲੇਖਕ ਹੋਣ ਦੀ ਵਾਕਫੀਅਤ ਦੀ ਵਰਤੋਂ ਕੀਤੀ ਸੀ ਜਿਸ ਕਾਰਨ ਮੇਰੇ ਨੰਬਰ ਜ਼ਿਆਦਾ ਆਏ ਸਨ। ਇਹ ਗੱਲ ਭਾਵੇਂ ਠੀਕ ਨਹੀਂ ਸੀ ਅਤੇ ਮੇਰੀ ਭਾਸ਼ਾ ਅਤੇ ਸਾਹਿਤ ਪ੍ਰਤੀ ਸੂਝ ਸਮਝ ਹੀ ਐਨੀ ਜ਼ਿਆਦਾ ਸੀ ਕਿ ਮੇਰੇ ਨੰਬਰ ਚੰਗੇ ਆਉਣੇ ਹੀ ਸਨ। ਮੈਂ ਉਹਨਾਂ ਦੀ ਕੋਈ ਪਰਵਾਹ ਨਾ ਕੀਤੀ ਸਗੋਂ ਇਹ ਸੋਚਣ ਲੱਗਾ ਕਿ ਮੇਰੇ ਨੰਬਰ ਮੇਰੀ ਲਿਆਕਤ ਅਨੁਸਾਰ ਘੱਟ ਆਏ ਸਨ ਅਤੇ ਹੋਰ ਜ਼ਿਆਦਾ ਆਉਣੇ ਚਾਹੀਦੇ ਸਨ। ਪਾਰਟ ਟੂ ਵਿਚੋਂ ਹੋਰ ਚੰਗੇ ਨੰਬਰ ਲੈਣ ਲਈ ਮੈਂ ਹੋਰ ਨਿੱਠ ਕੇ ਪੜ੍ਹਨ ਲੱਗਾ। ਮੈਂ ਇਕ ਦਿਨ ਬੜੀ ਗੰਭੀਰਤਾ ਨਾਲ ਸੋਚਿਆ ਕਿ ਮੇਰੇ ਹੋਰ ਜ਼ਿਆਦਾ ਨੰਬਰ ਲੈਣ ਅਤੇ ਪੜ੍ਹਾਈ ਕਰਨ ਵਿਚ ਕੀ ਕੀ ਰੁਕਾਵਟਾਂ ਹਨ। ਮੈਂ ਕੋਰਾ ਕਾਗਜ਼ ਲੈ ਕੇ ਉਹਨਾਂ ਬਾਰੇ ਲਿਖਣ ਲਗ ਪਿਆ। ਪਹਿਲੇ ਨੰਬਰ ਤੇ ਮੈਂ ਆਪਣੇ ਆਪ ਨੂੰ ਬਹੁਤ ਜ਼ਿਆਦਾ ਸ਼ਰਾਬ ਪੀਣ ਲਈ ਦੋਸ਼ੀ ਠਹਿਰਾਇਆ। ਭਾਵੇਂ ਮੈਂ ਸਮਝਦਾ ਸਾਂ ਕਿ ਮੇਰੇ ਜ਼ਿਆਦਾ ਦਾਰੂ ਪੀਣ ਪਿਛੇ ਬਹੁਤ ਸਾਰੇ ਜਜ਼ਬਾਤੀ ਕਾਰਨ ਹਨ ਜੋ ਮੈਨੂੰ ਮੇਰੇ ਦਿਮਾਗ ਦਾ ਤਵਾਜ਼ਨ ਬਰਕਰਾਰ ਰਖਣ ਵਿਚ ਸਹਾਇਤਾ ਕਰਦੇ ਹਨ। ਮੇਰਾ ਦਿਮਾਗ ਬਹੁਤ ਛੇਤੀ ਥਕ ਜਾਂਦਾ ਸੀ ਅਤੇ ਮਨ ਅਕ ਜਾਂਦਾ ਸੀ। ਪੀਣੀ ਇਸ ਵਿਚ ਸਹਾਈ ਹੁੰਦੀ ਸੀ। ਪਰੰਤੂ ਆਪਣੇ ਆਪ ਨੂੰ ਬਖਸ਼ਣ ਲਈ ਇਹ ਕੋਈ ਸਾਰਥਕ ਜਵਾਬ ਨਹੀਂ ਸੀ। ਇਹ ਤਾਂ ਚੋਰ ਮੋਰੀ ਵਿਚੋਂ ਨਿਕਲਣ ਦਾ ਇਕ ਖੂਬਸੂਰਤ ਬਹਾਨਾ ਸੀ। ਮੈਨੂੰ ਐਮ. ਏ. ਵਿਚੋਂ ਬਹੁਤ ਚੰਗੇ ਨੰਬਰ ਲੈਣ ਲਈ ਸ਼ਰਾਬ ਛਡ ਦੇਣੀ ਚਾਹੀਦੀ ਹੈ। ਮੈਂ ਇਹ ਫੈਸਲਾ ਕਰ ਲਿਆ। ਇਹ ਗੱਲ 20 ਨਵੰਬਰ, 1969 ਦੀ ਹੈ ਜਦ ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਦਿਵਸ ਮਨਾਇਆ ਜਾ ਰਿਹਾ ਸੀ। ਕਾਗਜ਼ੀ ਰੀਕਾਰਡ ਅਨੁਸਾਰ ਮੇਰਾ ਜਨਮ ਦਿਨ ਵੀ ਏਸੇ ਤਾਰੀਖ ਦਾ ਹੈ। ਮੈਂ ਮਨ ਨੂੰ ਕਿਹਾ ਕਿ ਇਸ ਮੌਕੇ ਤੇ ਸੁਲਤਾਨਪੁਰ ਲੋਧੀ ਜਾ ਕੇ ਸ਼ਰਾਬ ਛਡਣ ਦਾ ਪ੍ਰਣ ਕਰ ਲੈਣਾ ਚਾਹੀਦਾ ਹੈ। ਮੋਗੇ ਵਾਲਾ ਦਲੀਪ ਸਿੰਘ ਭੁਪਾਲ ਜੋ ਹੁਣ ਇਸ ਸੰਸਾਰ ਵਿਚ ਨਹੀਂ ਰਿਹਾ, ਮੇਰੇ ਨਾਲ ਸਕੂਲ ਵਿਚ ਸਾਇੰਸ ਟੀਚਰ ਸੀ, ਉਹ ਵੀ ਮੇਰੇ ਨਾਲ ਜਾਣ ਲਈ ਤਿਆਰ ਹੋ ਪਿਆ। ਕਿਸੇ ਨਾ ਕਿਸੇ ਘਰੇਲੂ ਜਾਂ ਜਜ਼ਬਾਤੀ ਕਾਰਨਾਂ ਕਰ ਕੇ ਅਸੀਂ ਦੋਵੇਂ ਟੀਚਰ ਸ਼ਰਾਬ ਪੀਣ ਲਈ ਬੜੇ ਬਦਨਾਮ ਸਾਂ। ਸ਼ਰਾਬ ਤਾਂ ਹੋਰ ਵੀ ਬਹੁਤ ਸਾਰੇ ਟੀਚਰ ਪੀਂਦੇ ਸਨ ਅਤੇ ਡੀ. ਈ. ਓ. ਆਫਸ ਦੇ ਬਹੁਤੇ ਕਲਰਕ ਵੀ ਪੀਂਦੇ ਸਨ ਅਤੇ ਹੋਰ ਵੀ ਹਜ਼ਾਰਾਂ ਲੋਕ ਪੀਂਦੇ ਸਨ ਪਰ "ਤੇਰੀ ਹਰ ਮਸਿਆ ਬਦਨਾਮੀ ਮੋਤੀਆਂ ਦੇ ਲੌਂਗ ਵਾਲੀਏ" ਵਾਂਗ ਸਾਡਾ ਨਾਂ ਕੁਝ ਜ਼ਿਆਦਾ ਹੀ ਲਿਆ ਜਾਂਦਾ ਸੀ। ਭੁਪਾਲ ਜੋ ਉਹਨਾਂ ਦਿਨਾਂ ਵਿਚ ਮੈਨੂੰ ਆਪਣਾ ਸਾਹਿਤਕ ਗੁਰੂ ਮੰਨਦਾ ਸੀ, ਨੂੰ ਮੈਂ

ਕਿਹਾ ਕਿ ਆਪਾਂ ਸੁਲਤਾਨਪੁਰ ਲੋਧੀ ਜਾ ਕੇ ਇਹ ਬਦਨਾਮੀ ਦਾ ਟਿੱਕਾ ਬਾਬੇ ਦੇ ਪੰਜ ਸੌ ਸਾਲਾ ਜਨਮ ਦਿਵਸ ਤੇ ਮਥਾ ਟੇਕ ਅਤੇ ਸ਼ਰਾਬ ਛਡਣ ਦੀ ਸਹੁੰ ਚੁੱਕ ਕੇ ਆਪਣੇ ਮਥੇ ਤੋਂ ਸਦਾ ਲਈ ਲਾਹ ਦਈਏ। ਉਹ ਵੀ ਮੇਰੇ ਨਾਲ ਸਹਿਮਤ ਹੋ ਗਿਆ।

ਜਲੰਧਰ ਨੂੰ ਜਾਣ ਵਾਲੀ ਗੱਡੀ ਫੜ ਕੇ ਅਸੀਂ ਸੁਲਤਾਨਪੁਰ ਲੋਧੀ ਜਾ ਉਤਰੇ। ਓਥੇ ਰੌਣਕਾਂ ਅਤੇ ਭੀੜ ਦਾ ਕੋਈ ਅੰਤ ਨਹੀਂ ਸੀ। ਪੰਜਾਬ ਦੀ ਸਾਰੀ ਸਰਕਾਰ ਓਥੇ ਆਈ ਹੋਈ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲੇ ਵਾਲਾ ਪ੍ਰੋਫੈਸਰ ਡਾ: ਗੁਰਚਰਨ ਸਿੰਘ ਜੋ ਪਹਿਲਾਂ ਮਹਿੰਦਰਾ ਕਾਲਜ ਪਟਿਆਲੇ ਵਿਚ ਪੰਜਾਬੀ ਦਾ ਲੈਕਚਰਰ ਸੀ ਅਤੇ ਹੁਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਰੀਡਰ ਸੀ, ਵੀ ਮਿਲ ਗਿਆ। ਕੰਬੋਜ ਬਰਾਦਰੀ ਦਾ ਹੋਣ ਕਰ ਕੇ ਮੇਰੇ ਨਾਲ ਬੜਾ ਸੂਤ ਸੀ ਅਤੇ ਮੇਰੀਆਂ ਕਹਾਣੀਆਂ ਵੀ ਬੜਾ ਪਰਸੰਸਕ ਸੀ। ਉਸ ਦੇ ਨਾਲ ਹੀ ਪ੍ਰੋ: ਡਾ: ਗੁਰਦੇਵ ਸਿੰਘ ਸਿੱਧੂ ਵੀ ਮਿਲ ਗਿਆ, ਉਹ ਵੀ ਹੁਣ ਡਾ: ਗੁਰਚਰਨ ਸਿੰਘ ਵਾਂਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਲੈਕਚਰਰ ਸੀ। ਇਥੇ ਅਸਾਂ ਦਲਾਈ ਲਾਮਾ ਦੇ ਦਰਸ਼ਨ ਵੀ ਕੀਤੇ। ਜਦ ਤਾਲਾਬ ਵਿਚ ਅਸ਼ਨਾਨ ਕਰਨ ਲਗੇ ਤਾਂ ਮੈਂ ਗੁਰਦੇਵ ਸਿੰਘ ਨੂੰ ਕਿਹਾ ਕਿ ਮੈਂ ਤਾਂ ਏਥੇ ਸ਼ਰਾਬ ਛਡਣ ਦੀ ਸਹੁੰ ਪਾਉਣ ਅਤੇ ਐਮ. ਏ. ਵਿਚੋਂ ਫਸਟ ਕਲਾਸ ਲੈਣ ਲਈ ਸੁੱਖਣਾ ਸੁੱਖਣ ਆਇਆ ਹਾਂ। ਗੁਰਦੇਵ ਸਿੰਘ ਮੇਰਾ ਬੜਾ ਪੁਰਾਣਾ ਆੜੀ ਸੀ ਤੇ ਮੇਰੀਆਂ ਲਿਖਤਾਂ ਦਾ ਸ਼ੈਦਾਈ। ਮੇਰਾ ਹਥ ਆਪਣੀ ਛਾਤੀ ਤੇ ਰੱਖ ਕੇ ਕਹਿਣ ਲੱਗਾ ਕਿ ਚੁੱਕ ਮੇਰੀ ਸਹੁੰ ਕਿ ਮੈਂ ਸ਼ਰਾਬ ਨਹੀਂ ਪੀਵਾਂਗਾ ਅਤੇ ਐਮ. ਏ. ਵਿਚੋਂ ਤੇਰੀ ਫਸਟ ਕਲਾਸ ਖਰੀ ਹੈ। ਯੂਨੀਵਰਸਿਟੀ ਦੀ ਨੌਕਰੀ ਤੈਨੂੰ ਉਡੀਕ ਰਹੀ ਹੈ ਕਿਉਂਕਿ ਤੂੰ ਪੰਜਾਬੀ ਸਾਹਿਤ ਵਿਚ ਬਹੁਤ ਮੌਲਿਕ ਅਤੇ ਦੂਸਰਿਆਂ ਤੋਂ ਹਟ ਕੇ ਕੰਮ ਕੀਤਾ ਹੈ ਜੋ ਬਹੁਤ ਸਾਰੇ ਹੋਰ ਲੇਖਕਾਂ ਨੇ ਨਹੀਂ ਕੀਤਾ। ਮੈਂ ਡਾ: ਗੁਰਦੇਵ ਸਿੰਘ ਦੀ ਛਾਤੀ ਤੇ ਹਥ ਰੱਖ ਦਿਤਾ। ਕੋਈ ਸਮਾਂ ਸੀ ਜਦ ਅਸੀਂ ਦੋਵੇਂ ਅਤੇ ਪਰਕਾਸ਼ ਸਿੰਙ ਜੰਮੂ ਮਾਰਚ ਤੋਂ ਮਈ 1959 ਵਿਚ ਸਟੇਟ ਕਾਲਜ ਆਫ ਐਜੂਕੇਸ਼ਨ ਪਟਿਆਲਾ ਵਿਖੇ ਪ੍ਰੌੜ ਸਿਕਸ਼ਾ ਤੇ ਬਾਲਗਾਂ ਲਈ ਕਿਤਾਬਾਂ ਲਿਖਣ ਗਏ ਸਾਂ। ਬਹਾਦਰ ਗੜ੍ਹੋਂ ਕਿਲੇ ਲਾਗਿਓਂ ਦੇਸੀ ਦਾ ਪਊਆ ਮੰਗਵਾ ਕੇ ਕਾਲਜ ਦੀ ਛੱਤ ਉਤੇ ਬੈਠ ਕੇ ਪੀਂਦੇ ਹੁੰਦੇ ਸਾਂ। ਗੁਰਦੇਵ ਸਿੰਘ ਓਦੋਂ ਮੋਗੇ ਲਾਗੇ ਚੰਦ ਨੌਂ ਪਿੰਡ ਵਿਚ ਟੀਚਰ ਹੁੰਦਾ ਸੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕਿਰਤੀਵਾਦ ਤੇ ਪੀ. ਐਚ. ਡੀ. ਹੋਣ ਦੇ ਬਾਵਜੂਦ ਅਜੇ ਤਕ ਕਿਸੇ ਕਾਲਜ ਵਿਚ ਪ੍ਰੋਫੈਸਰ ਨਹੀਂ ਲੱਗਾ ਸੀ।

ਆਪਣਾ ਇਸ਼ਟ ਪੂਜ ਕੇ ਅਸੀਂ ਸ਼ਾਮ ਤਕ ਵਾਪਸ ਫਿਰੋਜ਼ਪੁਰ ਆ ਗਏ। ਸ਼ਾਮਾਂ ਨੂੰ ਦਾਰੂ ਪੀਣ ਵੇਲੇ ਮਿਅਦੇ ਵਿਚ ਕੁਝ ਕੁਝ ਹੁੰਦਾ ਪਰ ਜਲਦੀ ਰੋਟੀ ਖਾਣ ਜਾਂ ਕੋਈ ਕਿਤਾਬ ਫੜ ਕੇ ਪੜ੍ਹਨ ਬੈਠ ਜਾਣ ਨਾਲ ਵੇਲਾ ਟਲ ਜਾਂਦਾ। ਭਾਵੇਂ ਅਸੀਂ ਰੋਜ਼ ਨਹੀਂ ਪੀਂਦੇ ਸਾਂ ਅਤੇ ਨਾ ਹੀ ਨਸ਼ੇ ਦੀ ਕੋਈ ਆਦੀ ਜਾਂ ਅਮਲੀ ਸਾਂ ਪਰ ਇਕ ਆਦਤ ਬਣੀ ਹੋਈ ਸੀ। ਪਹਿਲੇ ਕੁਝ ਦਿਨ ਬੜੇ ਔਖੇ ਲੰਘੇ। ਰਾਤ ਨੂੰ ਨੀਂਦ ਨਾ ਆਉਣ ਦੀ ਸਮਸਿਆ ਵੀ ਆਈ ਪਰ ਜਿਵੇਂ ਕਹਿੰਦੇ ਹਨ ਕਿ ਨੀਂਦ ਤਾਂ ਸੂਲੀ ਤੇ ਵੀ ਆ ਜਾਂਦੀ ਹੈ। ਹੌਲੀ ਹੌਲੀ ਬਿਨ ਪੀਤਿਆਂ ਨੀਂਦ ਆਉਣ ਲਗ ਪਈ। ਇਕ ਦਿਨ ਮੈਂ ਦਸਵੀਂ ਜਾਂ ਗਿਆਰਵੀਂ ਜਮਾਤ ਨੂੰ ਪੜ੍ਹਾ ਰਿਹਾ ਸਾਂ ਕਿ ਇਕ ਥਾਣੇਦਾਰ ਜਿਸ ਵਰਦੀ ਅਤੇ ਪਿਸਤੌਲ ਵੀ ਪਾਈ ਹੋਈ ਸੀ, ਆਪਣੇ ਮੁੰਡੇ ਨੂੰ ਦਾਖਲ ਕਰਵਾਉਣ ਲਈ ਮੇਰੀ ਕਲਾਸ ਵਿਚ ਆ ਗਿਆ। ਲੜਕੇ ਨੂੰ ਦਾਖਲ ਕਰਨ ਲਈ ਪਿੰਸੀਪਲ ਸਾਹਿਬ ਨੇ ਅਰਜ਼ੀ ਦੇ ਉਪਰਲੇ ਕੋਨੇ ਤੇ ਹਰੀ ਸਿਆਹੀ ਨਾਲ ਮੁੰਡੇ ਨੂੰ ਮੇਰੇ ਸੈਕਸ਼ਨ ਵਿਚ ਦਾਖਲ ਕਰਨ ਦੇ ਹੁਕਮ ਜਾਰੀ ਕੀਤੇ ਹੋਏ ਸਨ। ਮੈਂ ਬਣਦੀ ਫੀਸ ਲੈ ਕੇ ਮੁੰਡੇ ਨੂੰ ਆਪਣੀ ਕਲਾਸ ਵਿਚ ਦਾਖਲ ਕਰ ਲਿਆ। ਇਹ ਥਾਣੇਦਾਰ ਮਲੋਟ ਵੱਲੋਂ ਬਦਲ ਕੇ ਏਥੇ ਥਾਣਾ ਸਦਰ ਫਿਰੋਜ਼ਪੁਰ ਵਿਚ ਆਣ ਲੱਗਾ ਸੀ। ਇਕਹਿਰੇ ਬਦਨ ਦਾ ਬੜਾ ਉਚਾ ਲੰਮਾ ਜਵਾਨ ਅਤੇ ਖੂਬਸੂਰਤ ਥਾਣੇਦਾਰਦਾ ਬਹੁਤੇ ਥਾਣੇਦਾਰਾਂ ਵਾਂਗ ਢਿਡ ਵੀ ਬਹੁਤਾ ਵਧਿਆ ਹੋਇਆ ਨਹੀਂ ਸੀ। ਜਦ ਮੁੰਡਾ ਦਾਖਲ ਹੋ ਕੇ ਕਲਾਸ ਵਿਚ ਬੈਠ ਗਿਆ ਤਾਂ ਉਸ ਥਾਣੇਦਾਰ ਨੇ ਜਿਸ ਦਾ ਨਾਂ ਮਘਰ ਸਿੰਘ ਸੀ, ਨੇ ਬੜੇ ਪਿਆਰ ਨਾਲ ਮੈਨੂੰ ਇਕ ਗੱਲ ਸੁਣਨ ਲਈ ਕਲਾਸ ਤੋਂ ਬਾਹਰ ਬਰਾਂਡੇ ਵਿਚਲੇ ਬੂਹੇ ਵਿਚ ਆਉਣ ਲਈ ਕਿਹਾ। ਬੜੇ ਨਿੱਘ ਨਾਲ ਮੇਰਾ ਹਥ ਘੁੱਟ ਕੇ ਕਹਿਣ ਲੱਗਾ ਕਿ ਮੈਂ ਵੀ ਮੋਮੀ ਹਾਂ। ਮੈਂ ਕਿਹਾ ਤੂੰ ਕੰਬੋਜ ਹੈਂ ਤਾਂ ਉਸ ਜਵਾਬ ਦਿਤਾ ਕਿ ਨਹੀਂ ਮੈਂ ਚਮਿਆਰ ਹਾਂ। ਮੇਰਾ ਪਿੰਡ ਲੁਧਿਆਣੇ ਜ਼ਿਲੇ ਵਿਚ ਹੈ ਤੇ ਓਥੇ ਚਮਿਆਰਾਂ ਵਿਚ ਮੋਮੀਆਂ ਦੇ ਕਈ ਘਰ ਹਨ। ਮੈਂ ਕਿਹਾ ਮੇਰੇ ਲਈ ਤਾਂ ਇਹ ਨਵੀਂ ਜਾਣਕਾਰੀ ਹੈ। ਵੈਸੇ ਤਾਂ ਜੱਟਾਂ ਅਤੇ ਹਰੀਜਨਾਂ ਵਿਚ ਬਹੁਤ ਸਾਰੇ ਗੋਤ ਸਾਂਝੇ ਹਨ ਪਰ ਮੋਮੀ ਤੁਹਾਡੀ ਬਰਾਦਰੀ ਵਿਚ ਵੀ ਹਨ, ਮੇਰੇ ਲਈ ਹਾਲ ਦੀ ਘੜੀ ਅਚੰਭੇ ਵਾਲੀ ਗੱਲ ਹੈ। ਖੈਰ ਉਸਦੀ ਅਪਣਤ ਵਿਚ ਜੋ ਪਿਆਰ ਦਾ ਰੰਗ ਸੀ, ਓਸ ਅਨੁਸਾਰ ਇਹ ਕੋਈ ਐਡੀ ਬਖੇੜੇ ਵਾਲੀ ਗੱਲ ਨਹੀਂ ਸੀ। ਪਰ ਥਾਣੇਦਾਰ ਮਘਰ ਸਿੰਘ ਨੇ ਇਸਰਾਰ ਕੀਤਾ ਕਿ ਉਹ ਮੈਨੂੰ ਆਪਣੇ ਕਵਾਟਰ ਵਿਚ ਜੋ ਥਾਣੇ ਦੇ ਨਾਲ ਹੀ ਪੈਂਦਾ ਸੀ, ਇਕ ਦਿਨ ਖਾਣੇ ਲਈ ਬੁਲਾਵੇਗਾ ਅਤੇ ਮੈਂ ਨਾਂਹ ਨਾ ਕਰਾਂ। ਸਦਰ ਥਾਣਾ ਸਕੂਲ ਦੇ ਨੇੜੇ ਹੀ ਸੀ, ਬੱਸ ਰਾਹ ਵਿਚ ਰੈੱਡ ਕਰਾਸ ਦਾ ਦਫਤਰ ਅਤੇ ਨਹਿਰੂ ਪਾਰਕ ਦੀ ਗਰਾਊਂਡ ਹੀ ਸੀ। ਜਿਸ ਅਪਣੱਤ ਨਾਲ ਓਸ ਕਿਹਾ ਸੀ, ਮੈਂ ਕਿਸੇ ਦਿਨ ਆਉਣ ਦੀ ਹਾਂ ਕਰ ਦਿਤੀ। ਕੁਝ ਦਿਨਾਂ ਬਾਅਦ ਉਹਦੇ ਮੁੰਡੇ ਨੇ ਸੁਨੇਹਾ ਦਿਤਾ ਕਿ ਭਾਪਾ ਜੀ ਕਹਿੰਦੇ ਸਨ ਕਿ ਅੱਜ ਸ਼ਾਮੀਂ ਸਾਡੇ ਘਰ ਜ਼ਰੂਰ ਆਇਓ। ਜਦ ਮੈਂ ਗਿਆ ਤਾਂ ਓਸ ਨੇ ਆਪਣੀ ਘਰ ਵਾਲੀ ਅਤੇ ਹੋਰ ਪਰਵਾਰ ਨਾਲ ਮਿਲਾਇਆ। ਘਰ ਦੀ ਕਢੀ ਵਧੀਆ ਸ਼ਰਾਬ ਤੋਂ ਇਲਾਵਾ ਅੰਗਰੇਜ਼ੀ ਵਿਸਕੀ ਦੀ ਬੋਤਲ ਅਤੇ ਥਰੀ ਐਕਸ ਰਮ ਦੀ ਬੋਤਲ ਵੀ ਪਈ ਸੀ। ਉਬਲੇ ਹੋਏ ਆਂਡਿਆਂ ਦੇ ਨਾਲ ਕੱਟਿਆ ਹੋਇਆ ਸਲਾਦ, ਸੁੱਕਾ ਭੁੱਜਾ ਮੁਰਗਾ ਅਤੇ ਹੋਰ ਵੀ ਕਈ ਕੁਝ ਮੇਜ਼ ਤੇ ਲਗਾਇਆ ਹੋਇਆ ਸੀ।

ਏਨੇ ਨੂੰ ਕੁਝ ਹੋਰ ਥਾਣੇਦਾਰ ਵੀ ਓਥੇ ਆ ਗਏ। ਮੇਰੀ ਉਹਨਾਂ ਨਾਲ ਜਾਣ ਪਛਾਣ ਕਰਾਈ ਅਤੇ ਸਾਰੇ ਪੀਣ ਪਿਲਾਣ ਅਤੇ ਆਪਣੀਆ ਗੱਲਾਂ ਕਰਨ ਲਗ ਪਏ। ਮੈਂ ਪੀਣੋ ਨਾਂਹ ਕਰ ਦਿਤੀ। ਮੈਂ ਕਿਹਾ ਕਿ ਮੈਂ ਬਾਬੇ ਨਾਨਕ ਦੇ ਜਨਮ ਦਿਨ ਤੇ ਸੁਲਤਾਨਪੁਰ ਲੋਧੀ ਜਾ ਕੇ ਸ਼ਰਾਬ ਛਡ ਦਿਤੀ ਹੈ। ਤੁਸੀਂ ਆਪਣੌ ਆਪਣੀ ਪੀਓ ਤੇ ਅਨੰਦ ਮਾਣੋ। ਉਹਨਾਂ ਬੜਾ ਜ਼ੋਰ ਲਾਇਆ ਪਰ ਮੈਂ ਅੜ ਗਿਆ। ਮੇਰਾ ਸੁਭਾਅ ਬਿਲਕੁਲ ਅੜੀਅਲ ਨਹੀਂ ਹੈ ਅਤੇ ਬੜੀ ਛੇਤੀ ਢੈਲਾ ਪੈ ਜਾਣ ਵਾਲਾ ਹੈ। ਪਰ ਮੈਂ ਆਪਣੇ ਅੰਦਰ ਸ਼ਕਤੀ ਪੈਦਾ ਕੀਤੀ ਅਤੇ ਸ਼ਰਾਬ ਬਿਲਕੁਲ ਨਾ ਪੀਤੀ। ਜਦ ਉਹ ਸ਼ਰਾਬੀ ਹੋ ਗਏ ਤੇ ਮੈਂ ਉਹਨਾਂ ਵਿਚ ਸੋਫੀ ਬੈਠਾ ਸਾਂ ਤਾਂ ਉਹ ਬੜੀਆਂ ਵਿੰਗੀਆਂ ਤੜਿੰਗੀਆਂ, ਪੁਠੀਆਂ ਸਿੱਧੀਆਂ ਅਤੇ ਉਖੜੀਆਂ ਗੱਲਾਂ ਕਰਨ ਲਗੇ ਤਾਂ ਮੈਨੂੰ ਜਾਪਿਆ ਕਿ ਜਦੋਂ ਮੈਂ ਸ਼ਰਾਬ ਪੀਂਦਾ ਹੁੰਦਾ ਸਾਂ ਤਾਂ ਜ਼ਰੂਰ ਇਹੋ ਜਹੀਆਂ ਫਜ਼ੂਲ ਗੱਲਾਂ ਕਰਦਾ ਹੋਵਾਂਗਾ ਜੋ ਨਿਸਚੇ ਹੀ ਸ਼ਰਾਬ ਨਾ ਪੀਣ ਵਾਲਿਆਂ ਨੂੰ ਨਾਗਵਾਰ ਲਗਦੀਆਂ ਹੋਣਗੀਆਂ। ਰੋਟੀ ਖਾ ਕੇ ਮੈਂ ਬਾਹਰ ਆ ਗਿਆ ਅਤੇ ਮਘਰ ਸਿੰਘ ਤੇ ਬਾਕੀ ਥਾਣੇਦਾਰ ਮੈਨੂੰ ਬੜੇ ਆਦਰ ਨਾਲ ਬਾਹਰ ਤਕ ਛਡਣ ਆਏ। ਮਘਰ ਸਿੰਘ ਨੇ ਮੈਨੂੰ ਇਕ ਥੈਲਾ ਫੜਾ ਦਿਤਾ ਜਿਸ ਵਿਚ ਮੈਂ ਘਰ ਆ ਕੇ ਵੇਖਿਆ ਲੌਂਗਾਂ ਦਾ ਇਕ ਲਿਫਾਫਾ ਭਰਿਆ ਹੋਇਆ ਸੀ। ਕਹਿਣ ਲੱਗਾ ਬਾਰਡਰ ਤੇ ਰੇਡ ਕੀਤਾ ਸੀ ਤੇ ਪਾਕਿਸਤਾਨੋਂ ਆਉਂਦੇ ਸਮਗਲਰਾਂ ਤੋਂ ਇਹ ਲੌਂਗ ਬਰਾਮਦ ਹੋਏ ਸਨ। ਏਸੇ ਤਰ੍ਹਾਂ ਇਕ ਦਿਨ ਓਸ ਨੇ ਜੰਗਲੀ ਸੂਰ ਦੇ ਮੀਟ ਦਾ ਬੜਾ ਸਵਾਦੀ ਆਚਾਰ ਭੇਜ ਦਿਤਾ। ਪਾਕਸਤਾਨ ਦੀ ਹੱਦ ਤੋਂ ਭਜਾਏ ਇਹ ਸੂਰ ਭਾਰਤ ਅੰਦਰ ਦਾਖਲ ਹੋ ਗਏ ਤੇ ਬਾਰਡਰ ਤੇ ਸੂਰਾਂ ਦੀ ਡਾਰ ਵਿਚੋਂ ਰਾਏ ਸਿੱਖਾਂ ਨੇ ਇਕ ਸੂਰ ਬਰਛਿਆਂ ਨਾਲ ਵਿੰਨ੍ਹ ਕੇ ਮਾਰ ਲਿਆ ਸੀ। ਮੈਨੂੰ ਪਤਾ ਸੀ ਕਿ ਰਾਏ ਸਿੱਖ ਬਰਛਿਆਂ ਨਾਲ ਸੂਰ ਦਾ ਸ਼ਿਕਾਰ ਕਰਨ ਵਿਚ ਬੜੇ ਮਾਹਰ ਸਨ। ਜਦੋਂ ਅਸੀਂ ਬੇਰੀਆਂ ਵਾਲੇ ਖੂਹ ਤੇ ਰਿਹਾ ਕਰਦੇ ਸਾਂ ਤਾਂ ਸਾਡੇ ਰਾਏ ਸਿੱਖ ਮੁਜ਼ਾਰੇ ਸੂਰ, ਬਟੇਰੇ, ਸਈਅੜ, ਮਛੀ ਅਤੇ ਤਿੱਤਰ ਦੇ ਸ਼ਿਕਾਰ ਕਰਨ ਵਿਚ ਬੜੇ ਮਾਹਰ ਸਨ। ਉਹਨਾਂ ਦੇ ਛੋਟੇ ਛੋਟੇ ਮੁੰਡੇ ਵੀ ਡੰਗਰ ਚਾਰਨ ਗਏ ਘੋੜੇ ਦੇ ਵਾਲਾਂ ਦੀਆਂ ਫਾਹੀਆਂ ਬਣਾ ਕੇ ਤਿੱਤਰਾਂ ਦੇ ਲਾਂਘਿਆਂ ਵਿਚ ਰੱਖ ਦਿੰਦੇ ਸਨ ਅਤੇ ਕਾਲੇ ਤੇ ਭੂਰੇ ਤਿੱਤਰਾਂ ਦੇ ਪਹੁੰਚੇ ਜਦੋਂ ਇਹਨਾਂ ਫਾਹੀਆਂ ਵਿਚ ਫਸ ਜਾਂਦੇ ਤਾਂ ਫਿਰ ਉਹ ਉਡਾਰੀ ਨਹੀਂ ਮਾਰ ਸਕਦੇ ਸਨ। ਰਾਏ ਸਿੱਖਾਂ ਦੇ ਨਿਕੀ ਉਮਰੇ ਹੀ ਸ਼ਿਕਾਰੀ ਬਣੇ ਮੁੰਡੇ ਇਹਨਾਂ ਨੂੰ ਜ਼ਿੰਦਾ ਹੀ ਫੜ ਲੈਂਦੇ, ਕੁਝ ਘਰ ਤਰਕਾਰੀ ਬਨਾਉਣ ਦੇ ਕੰਮ ਆਉਂਦੇ ਅਤੇ ਬਾਕੀ ਦੇ ਕਈ ਵਾਰ ਵੇਚ ਵੀ ਦਿਤੇ ਜਾਂਦੇ। ਓਦੋਂ ਕਾਲੇ ਤਿੱਤਰ ਇਕ ਰੁਪੈ ਦੇ ਦੋ, ਭੂਰੇ ਤਿੱਤਰ ਇਕ ਰੁਪੈ ਦੇ ਤਿੰਨ ਅਤੇ ਬਟੇਰੇ ਜੋ ਕਣਕਾਂ ਵੇਲੇ ਜਾਲ ਲਾ ਕੇ ਫੜੇ ਜਾਂਦੇ ਸਨ, ਇਕ ਰੁਪੈ ਦੇ ਪੰਜ ਵਿਕ ਜਾਂਦੇ ਸਨ। ਕਈ ਵਾਰ ਇਹ ਮੁੰਡੇ ਜਾਲ ਲਾ ਕੇ ਤਿਲੀਅਰ ਵੀ ਫੜਦੇ ਜੋ ਡਾਰਾਂ ਬਣ ਕੇ ਛੋਲਿਆਂ ਦੇ ਵਢ ਵਿਚ ਡਿਗੀਆਂ ਟਾਟਾਂ ਚੁਗਣ ਆਉਂਦੇ ਸਨ। ਜਦੋਂ ਇਹਨਾਂ ਦੇ ਵਡੇਰੇ ਭੱਠੀ ਲਾ ਕੇ ਦੇਸੀ ਦਾਰੂ ਕਢਦੇ ਤਾਂ ਰਾਏ ਸਿੱਖਾਂ ਦੇ ਇਹ ਨਿਕੇ ਨਿਕੇ ਮੁੰਡੇ ਬਲਦੀ ਭੱਠੀ ਵਿਚ ਸੁਕੀਆਂ ਪਛੀਆਂ ਸਰਕੜੇ ਦੇ ਬਾਲਣ ਦਾ ਝੋਕਾ ਵੀ ਲਾਉਂਦੇ ਅਤੇ ਪੁਲਸ ਦਾ ਛਾਪਾ ਪੈਣ ਤੇ ਡਬਾਂ ਵਿਚ ਬੋਤਲਾਂ ਲੁਕਾ ਕੇ ਛੱਪਣ ਛਊਆ ਵੀ ਹੋ ਜਾਂਦੇ।

## ਕਿਸ਼ਤ:-66- ਸਕੂਲ ਵਿਚ ਸਾਇੰਸ ਦੇ ਪ੍ਰੈਕਟੀਕਲ-

ਏਸੇ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਵਿਚ 1963-71 ਦੌਰਾਨ ਪੜ੍ਹਾਂਦਿਆਂ ਹੋਇਆ ਇਕ ਬੜੀ ਦਿਲਚਸਪ ਘਟਨਾ ਹੋਰ ਵਾਪਰੀ। ਸਾਲਾਨਾ ਇਮਤਿਹਾਨਾਂ ਪਿਛੋਂ ਦਸਵੀਂ ਗਿਆਰਵੀਂ ਦੇ ਜਮਾਤਾਂ ਦੀਆਂ ਪ੍ਰੀਖਿਆਵਾਂ ਹੋਣ ਪਿਛੋਂ ਸਾਇੰਸ ਦੇ ਵਿਸ਼ਿਆਂ ਵਿਚ ਫਿਜ਼ਕਸ ਅਤੇ ਕੈਮਿਸਟਰੀ ਆਦਿ ਦੇ ਪ੍ਰੈਕਟੀਕਲ ਚੱਲ ਰਹੇ ਸਨ। ਪ੍ਰੈਕਟੀਕਲ ਲੈਣ ਲਈ ਮੋਗੇ ਵੱਲ ਦਾ ਇਕ ਸਾਇੰਸ ਟੀਚਰ ਆ ਗਿਆ ਜਿਸ ਦਾ ਨਾਂ ਸ਼ਾਮ ਲਾਲ ਸੀ। ਪੱਕੇ ਨਹੀਂ ਸਗੋਂ ਥੋੜ੍ਹੇ ਕਾਲੇ ਰੰਗ ਦਾ ਪ੍ਰੈਕਟੀਕਲ ਲੈਣ ਆਇਆ ਇਹ ਟੀਚਰ ਦਾ ਜਿਸ ਦਾ ਨਾਂ ਭਾਵੇਂ ਸ਼ਾਮ ਲਾਲ ਸੀ ਪਰ ਦਿਖ ਵਿਚ ਉਹ ਪੂਰਾ ਸਰਦਾਰ ਸੀ। ਸਿਰ ਤੇ ਪਗੜੀ ਬੰਨ੍ਹੀ ਹੋਈ ਸੀ। ਉਸ ਨੇ ਸਕੂਲ ਦੇ ਸਾਇੰਸ ਮਾਸਟਰ ਦਲੀਪ ਸਿੰਘ ਭੁਪਾਲ ਨੂੰ ਉਹਦੀ ਲੈਬ ਵਿਚੋਂ ਬਾਹਰ ਭੇਜ ਦਿਤਾ ਤੇ ਵਿਦਿਆਰਥੀਆਂ ਦੀਆਂ ਛੋਟੀਆਂ ਛੋਟੀਆਂ ਟੋਲੀਆਂ ਬਣਾ ਕ ਉਹਨਾਂ ਨੂੰ ਅੰਦਰ ਬੁਲਾ ਕੇ ਕੁਝ ਸਖਤੀ ਨਾਲ ਪ੍ਰੈਕਟੀਕਲ ਟੈਸਟ ਲੈ ਕੇ ਨੰਬਰ ਲਾਉਣ ਲੱਗਾ। ਪ੍ਰੈਕਟੀਕਲ ਪ੍ਰੀਖਿਆ ਭਾਵੇਂ ਸਾਇੰਸ ਦੀ ਹੋਵੇ, ਮਿਊਜ਼ਕ ਦੀ ਹੋਵੇ, ਫਿਜ਼ੀਕਲ ਐਜੂਕੇਸ਼ਨ ਦੀ ਹੋਵੇ, ਡਰਾਇੰਗ, ਪੇਂਟਿੰਗ ਆਦਿ ਦੀ ਹੋਵੇ, ਇਸ ਵਿਚ ਬੜਾ ਉਹਲਾ ਹੁੰਦਾ ਹੈ। ਟੀਚਰ ਦੀ ਜ਼ਮੀਰ ਅਤੇ ਮਰਜ਼ੀ ਹੁੰਦੀ ਹੈ ਕਿ ਜਿੰਨੇ ਮਰਜ਼ੀ ਘੱਟ ਜਾਂ ਵਧ ਨੰਬਰ ਲਾ ਦੇਵੇ। ਅਕਸਰ ਸਬੰਧਤ ਵਿਸ਼ਾ ਪੜ੍ਹਾਨ ਵਾਲੇ ਟੀਚਰ ਆਪਣੇ ਵਿਦਿਆਰਥੀਆਂ ਦੇ ਚੰਗੇ ਨਤੀਜੇ ਵਿਖਾਉਣ ਲਈ ਆਪਣੇ ਰਸੂਖ ਨਾਲ ਪ੍ਰੈਕਟੀਕਲ ਲੈਣ ਆਏ ਟੀਚਰ ਤੋਂ ਜ਼ਿਆਦਾ ਨੰਬਰ ਲਵਾ ਲੈਂਦੇ ਹਨ। ਪਰ ਇਸ ਮਾਅਟਰ ਸ਼ਾਮ ਲਾਲ ਨੂ ਜੋ ਵੀ ਜਾ ਕੇ ਕਿਹੰਦਾ ਸੀ ਕਿ ਮੇਰੇ ਵਿਦਿਆਰਥੀ ਦਾ ਖਿਆਲ ਰਖਿਓ ਤਾਂ ਉਹ ਅਗੋਂ ਉਹਨਾਂ ਨੂੰ ਕੁੱਦ ਕੁੱਦ ਪੈਂਦਾ ਸੀ। ਜੋ ਵੀ ਉਹਦੇ ਕੋਲ ਵੱਧ ਨੰਬਰ ਲਾਉਣ ਦੀ ਸਿਫਾਰਸ਼ ਕਰਨ ਜਾਂਦਾ ਸੀ, ਉਸ ਕੋਲੋਂ ਬੇਇੱਜ਼ਤੀ ਕਰਵਾ ਕੇ ਆਉਂਦਾ ਸੀ। ਪ੍ਰਿੰਸੀਪਲ ਦਾ ਮੁੰਡਾ ਵੀ ਇਹਨਾਂ ਵਿਚ ਸ਼ਾਮਲ ਸੀ। ਉਸ ਨੇ ਪ੍ਰਿੰਸੀਪਲ ਦੇ ਮੁੰਡੇ ਦੇ ਵੀ ਜ਼ਿਆਦਾ ਨੰਬਰ ਲਾਉਣੋਂ ਇਨਕਾਰ ਕਰ ਦਿਤਾ। ਉਹਦੀ ਸਖਤੀ ਦਾ ਸਕੂਲ ਵਿਚ ਹੀ ਨਹੀ, ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ। ਪ੍ਰਿੰਸੀਪਲ ਨੇ ਮੈਨੂੰ ਬੁਲਾ ਕੇ ਕਿਹਾ ਕਿ ਮੋਮੀ ਸਾਹਿਬ ਤੁਸੀਂ ਬੜੇ ਬਾਰਸੂਖ ਆਦਮੀ ਹੋ, ਇਸ ਟੀਚਰ ਤੋਂ

ਨੰਬਰ ਲਵਾਉਣ ਦਾ ਕੋਈ ਤਰੀਕਾ ਲਭੋ। ਉਹ ਤਾਂ ਕਿਸੇ ਦੀ ਮੰਨਦਾ ਹੀ ਨਹੀਂ ਹੈ। ਮੈਂ ਬਤੌਰ ਪ੍ਰਿੰਸੀਪਲ ਕਹਿੰਦਾ ਚੰਗਾ ਨਹੀਂ ਲਗਦਾ। ਮੈਂ ਕਿਹਾ ਮੈਂ ਕੋਸ਼ਿਸ਼ ਕਰਦਾ ਹਾਂ।

ਮੈਂ ਦੋ ਤਿੰਨ ਵਾਰ ਲੈਬ ਦੇ ਦਰਵਾਜ਼ੇ ਤਕ ਗਿਆ ਜੋ ਉਸ ਨੇ ਅੰਦਰੋਂ ਬੰਦ ਕੀਤਾ ਹੋਇਆ ਸੀ। ਸ਼ੀਸ਼ੇ ਥਾਣੀਂ ਬਾਹਰ ਖੜ੍ਹਾ ਬੰਦਾ ਦਿਸਦਾ ਸੀ। ਮੇਰਾ ਹੌਸਲਾ ਨਾ ਪਵੇ ਕਿ ਮੈਂ ਲੈਬ ਅੰਦਰ ਜਾ ਕੇ ਉਹਦੇ ਨਾਲ ਗੱਲ ਕਰਾਂ। ਜਿਵੇਂ ਉਹ ਦੂਜਿਆਂ ਦੇ ਗਲ ਪੈ ਰਿਹਾ ਸੀ, ਮੇਰੀ ਵੀ ਬੇਇਜ਼ਤੀ ਕਰ ਸਕਦਾ ਸੀ। ਮੈਨੂੰ ਦਰਵਾਜ਼ੇ ਅਗੇ ਬਾਰ ਬਾਰ ਆਉਂਦੇ ਓਸ ਵੇਖ ਲਿਆ ਸੀ। ਆਖਰ ਉਸ ਨੇ ਬੂਹਾ ਖੋਲ੍ਹ ਦਿਤਾ ਤੇ ਮੈਨੂੰ ਕਹਿਣ ਲੱਗਾ, ਲਗਦਾ ਤੁਸੀਂ ਮੇਰੇ ਨਾਲ ਕੋਈ ਗੱਲ ਕਰਨਾ ਚਹੁੰਦੇ ਹੋ। ਮੈਂ ਡਰਦਿਆਂ ਡਰਦਿਆਂ ਕਿਹਾ ਤੁਸੀਂ ਠੀਕ ਕਿਹਾ ਹੈ। ਓਸ ਮੈਨੂੰ ਅੰਦਰ ਆਉਣ ਦਿਤਾ ਅਤੇ ਦਰਵਾਜ਼ਾ ਫਿਰ ਬੰਦ ਕਰ ਦਿਤਾ। ਮੈਂ ਕਿਹਾ ਮੈਂ ਇਸ ਸਕੂਲ ਵਿਚ ਪੰਜਾਬੀ ਟੀਚਰ ਹਾਂ ਅਤੇ ਮੇਰਾ ਨਾਂ ਬਲਬੀਰ ਸਿੰਘ ਮੋਮੀ ਹੈ। ਉਹ ਕਹਿਣ ਲੱਗਾ ਮੈਂ ਤੁਹਾਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਤੁਹਾਡੀਆਂ ਲਿਖੀਆਂ ਕਹਾਣੀਆਂ ਰਸਾਲਿਆਂ ਵਿਚ ਪੜ੍ਹਦਾ ਰਹਿੰਦਾ ਹਾਂ ਅਤੇ ਤੁਹਾਡੀਆਂ ਸਾਰੀਆਂ ਕਿਤਾਬਾਂ ਵੀ ਪੜ੍ਹੀਆਂ ਹੋਈਆਂ ਹਨ। ਸਿਰਫ ਆਪਾਂ ਕਦੇ ਮਿਲੇ ਹੀ ਨਹੀਂ ਹਾਂ। ਦੱਸੋ ਕਿਸ ਦੇ ਨੰਬਰ ਵਧਾਉਣੇ ਹਨ। ਮੈਂ ਬਹੁਤ ਡਰਦਿਆ ਡਰਦਿਆਂ ਕਿ ਕਿਤੇ ਗੱਲ ਪੁਠੀ ਨਾ ਪੈ ਜਾਵੇ, ਗੱਲ ਵਲ ਕੇ ਕਿਹਾ ਕਿ ਤੁਸੀਂ ਠਹਿਰੇ ਕਿਥੇ ਹੋ। ਉਹ ਕਹਿਣ ਲੱਗਾ ਅਜੇ ਤਕ ਮੇਰਾ ਠਹਿਰਣ ਦਾ ਕੋਈ ਪਰੋਗਰਾਮ ਨਹੀਂ ਬਣਿਆ ਤੇ ਕਹੋ ਤਾਂ ਮੈਂ ਤੁਹਾਡੇ ਕੋਲ ਠਹਿਰ ਜਾਵਾਂਗਾ। "ਮੇਰੇ ਲਈ ਇਸ ਤੋਂ ਵਧ ਖੁਸ਼ੀ ਦੀ ਗੱਲ ਹੋਰ ਕੀ ਹੋ ਸਕਦੀ ਹੈ, ਠੀਕ ਹੈ ਤੁਸੀਂ ਮੇਰੇ ਪਾਸ ਠਹਿਰੋ"। ਮੈਂ ਤੁਰਤ ਜਵਾਬ ਦਿਤਾ।

"ਮੈਨੂੰ ਏਥੇ ਪ੍ਰੈਕਟੀਕਲ ਲੈਂਦਿਆਂ ਦੇਰ ਹੋ ਜਾਣੀ ਹੈ, ਤੁਸੀਂ ਮੈਨੂੰ ਸ਼ਾਮ ਨੂੰ ਲੈਣ ਲਈ ਲੇਟ ਆ ਜਾਣਾ। ਮੈਂ ਖਾਣਾ ਵੀ ਤੁਹਾਡੇ ਕੋਲ ਖਾਵਾਂਗਾ। ਬਾਕੀ ਮੈਂ ਰਾਤੀਂ ਲਿਸਟ ਤੁਹਾਡੇ ਅਗੇ ਰੱਖ ਦਿਆਂਗਾ, ਜੀਹਦੇ ਜਿੰਨੇ ਮਰਜ਼ੀ ਨੰਬਰ ਲਵਾਣੇ ਹਨ, ਲਵਾ ਲੈਣੇ। ਬੇਸ਼ਕ ਆਪਣੇ ਹਥ ਨਾਲ ਆਪ ਲਾ ਲੈਣੇ। ਭਾਵੇਂ ਤੀਹਾਂ ਵਿਚੋਂ ਤੀਹ ਲਾ ਲੈਣੇ। ਆਂਨਸਰ ਸ਼ੀਟ ਤੁਹਾਡੇ ਅਗੇ ਹੋਵੇਗੀ। ਜੇ ਹੁਣੇ ਲਾਉਣੇ ਹਨ ਤਾਂ ਹੁਣ ਲਾ ਲਵੋ। ਜੋ ਕੁਝ ਸ਼ਾਮ ਲਾਲ ਨੇ ਕਿਹਾ ਸੀ, ਮੇਰੇ ਕੰਨ ਉਸ ਨੂੰ ਸੁਣ ਕੇ ਚਕਾਚੌਂਦ ਹੋ ਗਏ। ਬਾਹਰ ਇਸ ਟੀਚਰ ਦੀ ਸਖਤੀ ਬਾਰੇ ਕੀ ਕੁਝ ਸੁਣਨ ਲਈ ਮਿਲ ਰਿਹਾ ਸੀ ਤੇ ਇਹ ਕੀ ਕਹਿ ਰਿਹਾ ਸੀ। ਇਹ ਤਾਂ ਸਾਰੀ ਕਹਾਣੀ ਹੀ ਬੜੇ ਅਜੀਬ ਤਰੀਕੇ ਨਾਲ ਉਲਟ ਗਈ ਸੀ। ਮੈਨੂੰ ਉਸਦੇ ਪਲਟੇ ਸੁਭਆ ਉਤੇ ਬੜੀ ਹੈਰਾਨੀ ਹੋ ਰਹੀ ਸੀ। ਕਿਥੇ ਉਹ ਸਕੂਲ ਦੇ ਬੜੇ ਸਿਨੀਅਰ ਟੀਚਰਜ਼ ਅਤੇ ਪ੍ਰਿੰਸੀਪਲ ਦੇ ਆਖੇ ਵੀ ਨਹੀਂ ਲੱਗ ਰਿਹਾ ਸੀ ਤੇ ਕਿਥੇ ਐਨਾ ਦਿਆਲ ਹੋ ਗਿਆ ਸੀ ਕਿ ਮੈਨੂੰ ਆਪਣੀ ਮਰਜ਼ੀ ਨਾਲ ਆਂਸਰ ਸ਼ੀਟਸ ਤੇ ਨੰਬਰ ਲਾਉਣ ਦੀ ਓਸ ਖੁਲ੍ਹ ਦੇ ਦਿਤੀ ਸੀ।

ਮੈਂ ਤੇ ਦਲੀਪ ਸਿੰਘ ਭੁਪਾਲ ਨੇ ਸ਼ਾਮ ਲਾਲ ਦੀ ਸੇਵਾ ਵਾਸਤੇ ਰਾਤ ਦੀ ਦਾਰੂ ਪਾਣੀ ਤੇ ਮੁਰਗੇ ਦਾ ਠੋਕ ਕੇ ਇੰਤਜ਼ਾਮ ਕਰ ਦਿਤਾ। ਪਤਾ ਨਹੀਂ ਲੋਕਾਂ ਨੂੰ ਇਸ ਗੱਲ ਦਾ ਕਿਵੇਂ ਪਤਾ ਲੱਗ ਗਿਆ ਕਿ ਉਹ ਮੇਰੇ ਕੋਲ ਠਹਿਰੇਗਾ ਤਾਂ ਪ੍ਰੈਕਟੀਕਲ ਦੇ ਵਧ ਨੰਬਰ ਲਵਾਉਣ ਵਾਲਿਆਂ ਦੀਆਂ ਭੀੜਾਂ ਮੇਰੇ ਘਰ ਅਗੇ ਇਕਠੀਆਂ ਹੋ ਗਈਆਂ। ਜਦ ਸ਼ਾਮੀਂ ਲੇਟ ਮੈਂ ਤੇ ਭੁਪਾਲ ਉਹਨੂੰ ਲੈ ਕੇ ਆਪਣੇ ਘਰ ਆਏ ਤਾਂ ਉਹ ਕਹਿਣ ਲੱਗਾ ਕਿ ਮੈਂ ਪਹਿਲਾਂ ਦੋ ਤਿੰਨ ਤਕੜੇ ਪੈਗ ਪੀਊਂਗਾ ਤੇ ਫਿਰ ਦੋ ਘੰਟੇ ਪਾਠ ਕਰੂੰਗਾ। ਉਸ ਤੋਂ ਬਾਅਦ ਰੋਟੀ ਖਾਂਊਂਗਾ। ਜੇ ਮੇਰਾ ਪਾਠ ਲੰਮਾ ਹੋ ਗਿਆ ਤਾਂ ਰਾਤ ਦੇ ਬਾਰਾਂ ਹੀ ਵੱਜ ਸਕਦੇ। ਪਾਠ ਦੇ ਅਖੀਰ ਤੇ ਜੇ ਕਿਸੇ ਨੇ ਮੇਰੇ ਕੋਲੋਂ ਆਪਣੇ ਭਵਿਸ਼ ਬਾਰੇ ਕੋਈ ਸਵਾਲ ਪੁਛਣਾ ਹੋਵੇ ਤਾਂ ਮੈਂ ਉਹ ਵੀ ਦੱਸਾਂਗਾ। ਮੈਨੂੰ ਜੋਤਿਸ਼ ਵੀ ਆਉਂਦਾ ਹੈ। ਮੈਂ ਕਿਹਾ ਸ਼ਾਮ ਲਾਲ ਜੀ ਗੱਲ ਇਹ ਹੈ ਕਿ ਜਿਵੇਂ ਤੁਹਾਡਾ ਜੀ ਕਰਦਾ ਹੈ ਕਰੋ, ਮੈਂ ਤੇ ਭੁਪਾਲ ਨੇ ਤਾਂ ਸੁਲਤਾਨਪੁਰ ਲੋਧੀ ਜਾ ਕੇ ਸ਼ਰਾਬ ਛਡੀ ਹੋਈ ਹੈ ਅਤੇ ਤੁਹਾਡੀ ਕੰਪਨੀ ਲਈ ਸਾਡੇ ਕੋਲ ਬੰਦਾ ਹੈ। ਤੁਸੀਂ ਆਪਣੀ ਮਰਜ਼ੀ ਨਾਲ ਪਾਓ, ਪੀਓ ਅਤੇ ਆਪਣਾ ਪਾਠ ਕਰੋ। ਸ਼ਾਮ ਲਾਲ ਨੇ ਦੋ ਤਿੰਨ ਤਕੜੇ ਪੈਗ ਪਾਏ ਅਤੇ ਜਦ ਉਸਦੀਆਂ ਅਖਾਂ ਦਾ ਰੰਗ ਕੁਛ ਬਦਲਣ ਲੱਗਾ ਤਾਂ ਓਸ ਨੇ ਅਖਾਂ ਬੰਦ ਕਰ ਲਈਆਂ ਤੇ ਪਾਠ ਕਰਨਾ ਸ਼ੁਰੂ ਕਰ ਦਿਤਾ। ਕਈ ਬਾਣੀਆਂ ਦਾ ਜ਼ਬਾਨੀ ਪਾਠ ਕਰਦਿਆਂ ਰਾਤ ਦੇ ਗਿਆਰਾਂ ਵਜ ਗਏ। ਜਦ ਉਹਨੇ ਬਿਰਤੀ ਖੋਲ੍ਹੀ ਤਾਂ ਉਹਦੇ ਚਿਹਰੇ ਤੇ ਬੜੀ ਅਜੀਬ ਜਹੀ ਚਮਕ ਸੀ। ਪੁੱਛਾਂ ਲੈਣ ਵਾਲੇ ਦੇਰ ਦੇ ਤੜੇ ਬੈਠੇ ਸਨ। ਉਹਨੇ ਕਈਆਂ ਦੇ ਮਨਾਂ ਵਿਚ ਆਈਆਂ ਪੁੱਛਾਂ ਦਾ ਬੜਾ ਠੀਕ ਉਤਰ ਦਿਤਾ ਤੇ ਬਾਕੀ ਅਗਲੇ ਦਿਨ ਤੇ ਛਡ ਦਿਤਾ।

ਉਹ ਦੋ ਰਾਤਾਂ ਸਾਡੇ ਕੋਲ ਰਿਹਾ ਅਤੇ ਇਕ ਪਾਸੇ ਨੰਬਰ ਲਵਾਣ ਵਾਲੇ ਤੇ ਦੂਜੇ ਪਾਸੇ ਪੁੱਛਾਂ ਵਾਲੇ ਉਹਦੇ ਦਵਾਲੇ ਘੇਰਾ ਪਾਈਂ ਰਖਦੇ। ਨੰਬਰ ਵਧਾਉਣ ਵਾਲਿਆਂ ਨੂੰ ਕਹਿੰਦਾ ਕਿ ਆਪਣੇ ਨਾਂ ਮੋਮੀ ਸਾਹਿਬ ਜਾਂ ਭੁਪਾਲ ਸਾਹਿਬ ਨੂੰ ਲਿਖਾ ਦਿਓ ਅਤੇ ਪੁੱਛਾਂ ਵਾਲੇ ਇਕ ਇਕ ਕਰ ਕੇ ਪੁੱਛੀ ਚਲੋ। ਮੈਂ ਹੈਰਾਨ ਸਾਂ ਕਿ ਪੀ ਕੇ ਸਮਾਧੀ ਲਾ ਕੇ ਬਿਰਤੀ ਟਿਕਾਣ ਵਿਚ ਉਸ ਨੂੰ ਕਮਾਲ ਹਾਸਲ ਸੀ। ਜਿਸ ਦਿਨ ਉਹਨੇ ਜਾਣਾ ਸੀ, ਮੇਰੇ ਅਗੇ ਆਂਸਰ ਸ਼ੀਟ ਰੱਖ ਦਿਤੀ ਤੇ ਕਹਿਣ ਲਗਾ ਜਿਸ ਦੇ ਜਿੰਨੇ ਜੀ ਕਰਦਾ ਹੈ, ਨੰਬਰ ਲਾ ਦਿਓ। ਤੁਸੀਂ ਮੈਨੂੰ ਨਹੀਂ ਜਾਣਦੇ ਪਰ ਮੈਂ ਬੜੀ ਦੇਰ ਦਾ ਤੁਹਾਡਾ ਨਾਂ ਸੁਣਿਆ ਹੋਇਆ ਹੈ। ਮਿਲੇ ਆਪਾਂ ਪਹਿਲੀ ਵਾਰ ਹਾਂ। ਤੁਸੀਂ ਵੀ ਮੋਮੀ ਹੋ ਅਤੇ ਮੈਂ ਵੀ ਮੋਮੀ ਹਾਂ। ਮੈਂ ਪੁਛਿਆ ਤੁਸੀਂ ਕੰਬੋਜ ਹੋ ਤਾਂ ਕਹਿਣ ਲੱਗਾ ਨਹੀਂ

ਮੈਂ ਚਮਿਆਰ ਹਾਂ। ਸਾਡੇ ਵਿਚ ਵੀ ਮੋਮੀ ਹਨ। ਮੈਨੂੰ ਮੇਰੀ ਜੋਤਿਸ਼ ਵਿਦਿਆ ਅਨੁਸਾਰ ਪਹਿਲਾਂ ਹੀ ਪਤਾ ਸੀ ਕਿ ਜਦ ਮੈਂ ਫਿਰੋਜ਼ਪੁਰ ਸਕੂਲ ਵਿਚ ਆਵਾਂਗਾ ਤਾਂ ਤੁਸੀਂ ਮੈਨੂੰ ਓਥੇ ਮਿਲੋਗੇ ਅਤੇ ਮੈਂ ਤੁਹਾਡੇ ਕੋਲ ਠਹਿਰਾਂਗਾ। ਇਹ ਪ੍ਰੈਕਟੀਕਲ ਨੰਬਰ ਲਾਉਣ ਦੀ ਸ਼ਕਤੀ ਸਾਲਾਨਾ ਜਾਂ ਸਪਲੀਮੈਂਟਰੀ ਇਮਤਿਹਾਨਾਂ ਵਿਚ ਕਦੀ ਕਦੀ ਹੀ ਆਉਂਦੀ ਹੈ। ਇਹਦੇ ਤੇ ਮਾਣ ਨਹੀਂ ਕਰਨਾ ਚਾਹੀਦਾ। ਅਸਲੀ ਤਾਂ ਗੁਰਾਂ ਦੀ ਭਗਤੀ ਤੇ ਤਪ ਹੈ ਜੋ ਮਨ ਇਕਾਗਰ ਕਰ ਕੇ ਕਰਨਾ ਚਾਹੀਦਾ ਹੈ। ਮੈਂ ਹੁਣ ਜਦੋਂ ਵੀ ਫਿਰੋਜ਼ਪੁਰ ਆਇਆ ਤਾਂ ਤੁਹਾਡੇ ਪਾਸ ਠਹਿਰਿਆ ਕਰਾਂਗਾ। ਜ਼ਿਲਾ ਹੈਡ ਕਵਾਰਟਰ ਹੋਣ ਕਰ ਕੇ ਏਥੇ ਡੀ. ਈ. ਓ. ਦਫਤਰ ਅਤੇ ਹੋਰ ਕਈ ਦਫਤਰਾਂ ਵਿਚ ਕੰਮ ਪੈਂਦੇ ਹੀ ਰਹਿੰਦੇ ਹਨ। ਮੋਗੇ ਲਾਗੇ ਬੁੱਟਰ ਪਿੰਡ ਦੇ ਸ਼ਾਮ ਰੰਗ ਦੇ ਸ਼ਾਮ ਲਾਲ ਨੂੰ ਉਹਦੇ ਜਾਣ ਬਾਅਦ ਮੈਂ ਕਈ ਦਿਨ ਯਾਦ ਕਰਦਾ ਰਿਹਾ। ਕੋਈ ਦਿਨ ਐਸਾ ਨਾ ਜਾਂਦਾ ਜਿਸ ਦਿਨ ਮੈਂ ਤੇ ਭੁਪਾਲ ਉਹਦੀਆਂ ਗੱਲਾਂ ਨਾ ਕਰਦੇ।

ਸ਼ਰਾਬ ਛਡਣ ਅਤੇ ਸਖਤ ਪੜ੍ਹਾਈ ਨਾਲ ਮੇਰਾ ਸਿਰ ਥਕ ਜਾਂਦਾ। ਰਾਤ ਨੂੰ ਨੀਂਦ ਨਾ ਆਉਂਦੀ ਅਤੇ ਜੇ ਆਉਂਦੀ ਤਾਂ ਦਿਨੇ ਪੜ੍ਹੇ ਲੇਖਕਾਂ ਬਾਰੇ ਸਵਾਲ ਜਵਾਬ ਬੜੇ ਪੁਠੇ ਸਿੱਧੇ ਹੋ ਕੇ ਮੇਰੇ ਸੁਪਨਿਆਂ ਵਿਚ ਆਉਂਦੇ ਜਿਵੇਂ ਬਲਵੰਤ ਗਾਰਗੀ ਤੇ ਬਲਰਾਜ ਸਾਹਨੀ ਹੁਸੈਨੀ ਵਾਲਾ ਬਾਰਡਰ ਤੇ ਸ਼ਹੀਦ ਭਗਤ ਸਿੰਘ ਦੀ ਸਮਾਧ ਲਾਗੇ ਸ਼ਰਾਬ ਦੀ ਭੱਠੀ ਲਾ ਕੇ ਦੇਸੀ ਸ਼ਰਾਬ ਕਢਦੇ ਫੜੇ ਗਏ। ਨਾਨਕ ਸਿੰਘ ਤੇ ਗੁਰਬਖਸ਼ ਸਿੰਘ ਪ੍ਰੀਤ ਨਗਰ ਵਿਚ ਕੋਠੀਆਂ ਦੇ ਕਬਜ਼ੇ ਨੂੰ ਲੈ ਕੇ ਲੜ ਪਏ। ਕਰਨਲ ਨਰਿੰਦਰਪਾਲ ਸਿੰਘ ਨੂੰ ਬਾਬਾ ਬੰਦਾ ਬਹਾਦਰ ਨੇ ਆਪਣੀ ਖਾਲਸਈ ਫੌਜ ਵਿਚ ਭਰਤੀ ਕਰ ਲਿਆ। ਸਰਹਿੰਦ ਵਾਲਾ ਨਵਾਬ ਅਫੀਮ ਖਾ ਕੇ ਮਰ ਗਿਆ। ਪ੍ਰੋ: ਆਈ. ਸੀ. ਨੰਦਾ ਨੂੰ ਡਰਾਮਿਆਂ ਦੇ ਪਲਾਟ ਚੋਰੀ ਕਰਨ ਦੇ ਦੋਸ਼ ਵਿਚ ਸ਼ੇਕਸਪੀਅਰ ਨੇ ਕੋਰਟ ਵਿਚ ਖਿਚ ਲਿਆ। ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਨੂੰ ਕੋਹ ਕੋਹ ਕੇ ਮਾਰਨ ਲਈ ਮਹਾਰਾਜਾ ਰਣਜੀਤ ਸਿੰਘ ਤੋਂ ਮੁਆਫੀ ਮੰਗੀ। ਸ਼ਾਹ ਹੁਸੈਨ ਤੇ ਮਾਧੋ ਲਾਲ ਹੁਸੈਨ ਦੀ ਵਿਗੜ ਗਈ। ਵਾਰਸ ਸ਼ਾਹ ਤੇ ਬੁਲ੍ਹੇ ਸ਼ਾਹ ਆਪਣੇ ਗੁਰੂ ਮਖਦੂਮ ਕਸੂਰੀ ਦੀ ਗੱਦੀ ਦੀ ਮਾਲਕੀ ਪਿਛੇ ਕਾਜ਼ੀ ਕੋਲ ਪਹੁੰਚੇ। ਅਮ੍ਰਿਤਾ ਪ੍ਰੀਤਮ ਨੇ ਬੰਬਈ ਜਾ ਕੇ ਫਿਲਮਾਂ ਵਿਚ ਕੰਮ ਕਰਨਾ ਸ਼ੁਰੂ ਕਰਨ ਲਈ ਅਚਲਾ ਸਚਦੇਵ ਨੂੰ ਕਹਿ ਕੇ ਸਾਹਿਰ ਲੁਧਿਆਣਵੀ ਨਾਲ ਗੱਲ ਬਨਾਉਣ ਦੀ ਮਦਦ ਮੰਗੀ। ਸਾਹਿਰ ਲੁਧਿਆਣਵੀ ਬੰਬਈ ਵਿਚੋਂ ਰੂਪੋਸ਼ ਹੋ ਗਿਆ। ਜਗਤਾਰ ਪਪੀਹਾ ਤੇ ਹਸਰਤ ਘਸੁੰਨ ਮੁੱਕੀ। ਭਾਈ ਵੀਰ ਸਿੰਘ ਤੇ ਪ੍ਰੋ: ਪੂਰਨ ਸਿੰਘ ਨੈਕਸਲਾਈਟ ਸ਼ਾਇਰਾਂ ਦੀਆਂ ਜ਼ਮਾਨਤਾਂ ਦੇਣ ਲਈ ਤਿਆਰ। ਸੁਪਨੇ ਤਾਂ ਸ਼ਰਾਬ ਦੇ ਨਸ਼ੇ ਵਿਚ ਸੁਤਿਆਂ ਵੀ ਆਉਂਦੇ ਸਨ ਪਰ ਸਰੀਰ ਘੂਕ ਸੁਤਾ ਪਿਆ ਹੁੰਦਾ ਸੀ। ਮਘਰ ਸਿੰਘ ਅਤੇ ਸ਼ਾਮ ਲਾਲ ਵਾਲੀਆਂ ਮੁਲਾਕਾਤਾਂ ਤੋਂ ਬਾਅਦ ਵੀ ਕਈ ਵਾਰ ਸ਼ਰਾਬ ਪੀਣ ਦੇ ਬਹੁਤ ਮੌਕੇ ਅਗੇ ਆਏ ਅਤੇ ਮੈਂ ਔਖਾ ਵੀ ਬਹੁਤ ਹੋਇਆ ਪਰ ਮੈਂ ਓਨਾ ਚਿਰ ਤਕ ਸ਼ਰਾਬ ਨਾ ਪੀਤੀ ਜਿੰਨਾ ਚਿਰ ਤਕ ਮੈਂ ਐਮ. ਏ. ਪਾਰਟ ਟੂ ਦਾ ਇਮਤਿਹਾਨ ਨਾ ਦੇ ਦਿਤਾ। ਸ਼ਾਇਦ ਏਸੇ ਲਈ ਐਮ. ਏ. ਪਾਰਟ ਟੂ ਵਿਚੋਂ ਫਸਟ ਕਲਾਸ ਦੀ ਹੱਦ ਤੋਂ ਵੀ ਮੇਰੇ ਸੋਲਾਂ ਨੰਬਰ ਜ਼ਿਆਦਾ ਸਨ ਜੋ ਉਹਨਾਂ ਦਿਨਾਂ ਵਿਚ ਕਾਫੀ ਅਨੋਖੀ ਗੱਲ ਸੀ।

ਵਿਚੋਂ ਮੇਰੇ ਨੰਬਰ ਬਹੁਤ ਅਛੇ ਆਏ ਸਨ। ਸਕੂਲ ਦੇ ਸਾਰੇ ਮਾਸਟਰ ਜੋ ਐਮ. ਏ. ਪਾਸ ਸਨ, ਉਹਨਾਂ ਨਾਲੋਂ ਮੇਰੇ ਐਮ. ਏ. ਨੰਬਰ ਕਿਤੇ ਜ਼ਿਆਦਾ ਸਨ। ਸਕੂਲ ਸਟਾਫ ਨੇ ਚੰਗੇ ਨੰਬਰਾਂ ਤੇ ਪਾਸ ਹੋਣ ਤੇ ਮੈਨੂੰ ਪਾਰਟੀ ਦਿਤੀ ਜਿਸਦੀ ਅਗਵਾਈ ਹਿਸਟਰੀ ਦੀ ਲੈਕਚਰਰ ਗੁਲਸ਼ਰਾਜ ਕੌਰ ਨੇ ਕੀਤੀ। ਗੁਲਸ਼ਨ ਜੋ ਓਸ ਵੇਲੇ ਆਪਣੇ ਆਪ ਨੂੰ ਨੂਤਨ ਤੇ ਮਧੂਬਾਲਾ ਨਾਲੋਂ ਘੱਟ ਨਹੀਂ ਸੀ ਸਮਝਦੀ, ਸਾਰੇ ਸਕੂਲ ਵਿਚ ਟੀਚਰਾਂ ਅਤੇ ਵਿਦਿਆਰਥੀਆਂ ਦੇ ਸਾਹਮਣੇ ਮੇਰੀ ਬਾਂਹ ਫੜ ਕੇ ਕਹਿਣ ਲੱਗੀ ਕਿ ਬਲਬੀਰ ਹੁਣ ਇਸ ਸਕੂਲ ਵਿਚ ਨਹੀਂ ਰਹੇਗਾ, ਬਹੁਤ ਅਗੇ ਨਿਕਲ ਜਾਵੇਗਾ। ਉਹਦੀ ਆਪਣੀ ਐਮ. ਏ. ਵਿਚੋਂ ਥਰਡ ਕਲਾਸ ਸੀ। ਮੈਨੂੰ ਕਹਿੰਦੀ ਮੈਨੂੰ ਵੀ ਪੰਜਾਬੀ ਦੀ ਐਮ. ਏ. ਕਰਵਾ ਦੇ ਪਰ ਘਟੋ ਘੱਟ ਮੇਰੀ ਸੈਕੰਡ ਕਲਾਸ ਤਾਂ ਆਉਣੀ ਚਾਹੀਦੀ ਹੈ। ਫਿਰ ਵੇਖ ਮੈਂ ਸਿੱਧੀ ਪੀ. ਈ. ਐਸ. ਵਿਚ ਕਿਵੇਂ ਆਉਂਦੀ ਹਾਂ। ਮੈਂ ਕਿਹਾ ਕਰਵਾ ਦਿਆਂਗਾ ਤੇ ਅਸੀਂ ਬੜੇ ਨਿਘੇ ਦੋਸਤ ਬਣ ਗਏ। ਉਹ ਮਰਦਾਂ ਨਾਲੋਂ ਜ਼ਿਆਦਾ ਦਲੇਰ ਔਰਤ ਸੀ ਤੇ ਉਸ ਨੂੰ ਆਪਣੇ ਹੁਸਨ ਅਤੇ ਪ੍ਰਤਿਭਾ ਉਤੇ ਗੁਮਾਨ ਵੀ ਸੀ। ਉਸ ਨੂੰ ਮੇਰੀ ਕਹਾਣੀਆਂ ਦੀ ਕਿਤਾਬ "ਜੇ ਮੈਂ ਮਰ ਜਾਵਾਂ" ਦੀਆਂ ਕਈ ਕਹਾਣੀਆਂ ਜ਼ੁਬਾਨੀ ਯਾਦ ਸਨ ਜੋ ਕਿਤਾਬ ਮੈਂ ਉਸ ਦੇ ਘਰ ਵਾਲੇ ਅਵਤਾਰ ਸਿੰਘ ਨੂੰ ਓਸ ਵੇਲੇ ਦੇ ਕੇ ਆਇਆਂ ਸਾਂ ਜਦ ਉਹ ਤਲਵੰਡੀ ਭਾਈ ਵਿਚ ਹਾਇਰ ਸੈਕੰਡਰੀ ਸਕੂਲ ਦਾ ਪ੍ਰਿੰਸੀਪਲ ਹੁੰਦਾ ਸੀ। ਗੁਲਸ਼ਨ ਦਸਦੀ ਕਿ ਉਸਦੀ ਇਕ ਟੀਚਰ ਸਹੇਲੀ ਜੋ ਆਪਣੇ ਘਰੇਲੂ ਹਾਲਾਤਾਂ ਤੋਂ ਤੰਗ ਆ ਕੇ ਖੁਦਕਸ਼ੀ ਕਰਨ ਲੱਗੀ ਸੀ, ਨੇ ਮੇਰੀ ਕਿਤਾਬ ਪੜ੍ਹ ਕੇ ਖੁਦਕਸ਼ੀ ਦਾ ਇਰਾਦਾ ਬਦਲ ਦਿਤਾ ਸੀ ਤੇ ਇਹ ਵੀ ਕਿਹਾ ਕਿ ਇਕ ਦਿਨ ਉਹ ਮੈਨੂੰ ਓਸ ਟੀਚਰ ਨੂੰ ਵੀ ਮਿਲਾਏਗੀ।

ਬਿੰਦੂ ਨੇ ਵੀ ਮੇਰੇ ਐਮ. ਏ. ਵਿਚੋਂ ਬਹੁਤ ਅਛੇ ਨੰਬਰਾਂ ਵਿਚ ਪਾਸ ਹੋਣ ਤੇ ਅਜਿਹੀ ਯਾਦਗਾਰੀ ਵਧਾਈ ਦਿਤੀ ਜੋ ਸਿਰਫ ਮੈਂ ਤੇ ਉਹ ਹੀ ਸਮਝ ਸਕਦੇ ਸਾਂ। ਓਸ ਮੈਨੂੰ ਅਧੁਨਿਕ ਨਾਰੀ, ਸੰਕਲਪ ਅਤੇ ਅਸਤਿਤਵਾਦ ਦੇ ਵਿਸ਼ੇ ਤੇ ਅਗੇ ਪੀ. ਐਚ. ਡੀ. ਕਰਨ ਲਈ ਹਲਾ ਸ਼ੇਰੀ ਦਿਤੀ। ਮੈਂ ਕਿਹਾ ਕਿ ਪੀ. ਐਚ. ਡੀ. ਕਰਨ ਤੋਂ ਪਹਿਲਾਂ ਮੈਨੂੰ ਐਮ. ਲਿਟ. ਜਾਂ ਐਮ. ਫਿਲ. ਕਰਨੀ ਪਵੇਗੀ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਹੋ ਸਕੇਗੀ। ਇਸ ਬਾਰੇ ਮੈਨੂੰ ਯੂਨੀਵਰਸਿਟੀ ਜਾ ਕੇ ਕਿਸੇ ਗਾਈਡ ਨਾਲ ਵਿਚਾਰ ਕਰਨੀ ਹੋਵੇਗੀ। ਦਾਖਲੇ ਦੀਆਂ ਫੀਸਾਂ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਵਿਚੋਂ ਮਾਈਗਰੇਸ਼ਨ ਵੀ

ਕਰਵਾਣੀ ਹੋਵੇਗੀ। ਮੈਨੂੰ ਪਤਾ ਸੀ ਕਿ ਪਰਕਾਸ਼ ਸਿੰਘ ਜਮੂੰ ਪੀ. ਐਚ. ਡੀ. ਕਰ ਕੇ ਪੰਜਾਬੀ ਯੂਨੀਵਰਸਿਟੀ ਦੇ ਸੋਸ਼ਿਆਲੋਜੀ ਵਿਭਾਗ ਵਿਚ ਲੈਕਚਰਰ ਲਗ ਗਿਆ ਸੀ। ਉਹ ਵੀ ਮੇਰੇ ਵਾਂਗ ਪਹਿਲਾਂ ਸਕੂਲ ਟੀਚਰ ਹੁੰਦਾ ਸੀ ਤੇ ਸੋਸ਼ਿਆਲੋਜੀ ਵਿਚ ਐਮ. ਏ. ਕਰ ਕੇ ਪਹਿਲਾਂ ਐਂਪਲਾਏਮੈਂਟ ਐਕਸਚੇਂਜ ਦਫਤਰ ਵਿਚ ਨੌਕਰੀ ਲਭਣ ਅਤੇ ਫਿਰ ਯੂਨੀਵਰਸਿਟੀ ਵਿਚ ਐਂਟਰ ਹੋਣ ਵਿਚ ਸਫਲ ਹੋ ਗਿਆ ਸੀ। ਉਸ ਨੂੰ ਯੂਨੀਵਰਸਿਟੀ ਵਿਚ ਕਵਾਟਰ ਵੀ ਮਿਲ ਗਿਆ ਸੀ ਤੇ ਉਹਨੇ ਪਟਿਆਲੇ ਲੱਗੀ ਇਕ ਐਮ. ਏ., ਬੀ. ਟੀ. ਲੇਡੀ ਟੀਚਰ ਨਾਲ ਵਿਆਹ ਵੀ ਕਰਵਾ ਲਿਆ ਸੀ। ਦੋ ਤਨਖਾਹਾਂ ਨਾਲ ਸ਼ਹਿਰ ਵਿਚ ਰਹਿਣ ਦਾ ਸਵਾਦ ਹੀ ਵਖਰਾ ਸੀ।

## ਕਿਸ਼ਤ:-67-ਖੋਜ ਅਤੇ ਮੁਲਅੰਕਣ ਅਫਸਰ ਚੰਡੀਗੜ੍ਹ ਲਈ ਅਰਜ਼ੀ

ਚੰਗੇ ਨੰਬਰਾਂ ਵਿਚ ਐਮ. ਏ. ਕਰਨ ਅਤੇ ਪੰਜਾਬੀ ਭਾਸ਼ਾ ਵਿਚ ਸਾਹਿਤ ਦੀਆਂ ਕਈ ਮੌਲਿਕ ਕਿਤਾਬਾਂ ਦੇ ਲੇਖਕ ਹੋਣ ਦੇ ਬਾਵਜੂਦ ਮੈਨੂੰ ਕਿਸੇ ਸਰਕਾਰੀ ਜਾਂ ਗੈਰ ਸਰਕਾਰੀ ਕਾਲਜ ਵਿਚ ਲੈਕਚਰਰ ਦੀ ਨੌਕਰੀ ਨਾ ਮਿਲੀ। ਮੈਂ ਸਾਲ ਭਰ ਬਹੁਤ ਕੋਸ਼ਿਸ਼ ਕੀਤੀ ਅਤੇ ਮਦਦ ਕਰਨ ਵਾਲੇ ਆਪਣੇ ਸਾਰੇ ਵਸੀਲੇ ਵੀ ਵਰਤੇ ਜਿਵੇਂ ਬਲਵੰਤ ਸਿੰਘ ਖਜ਼ਾਨਾ ਮੰਤਰੀ, ਗੁਰਮੀਤ ਸਿੰਘ ਖਰ੍ਹਾਕ ਅਤੇ ਸਪਲਾਈ ਮੰਤਰੀ, ਗੁਰਦੇਵ ਸਿੰਘ ਬਾਦਲ ਐਮ. ਐਲ. ਏ., ਧੰਨਾ ਸਿੰਘ ਗੁਲਸ਼ਨ ਮੈਂਬਰ ਪਾਰਲੀਮੈਂਟ, ਕੁਲਵੰਤ ਸਿੰਘ ਵਿਰਕ, ਜਸਟਿਸ ਮਹਿੰਦਰ ਸਿੰਘ ਜੋਸ਼ੀ, ਗੁਰਦੇਵ ਸਿੰਘ ਗਿੱਲ ਆਈ. ਏ. ਐਸ., ਅਵਤਾਰ ਸਿੰਘ ਗਿੱਲ ਅਡੀਸ਼ਨਲ ਸੈਸ਼ਨ ਜੱਜ, ਪ੍ਰਿੰਸੀਪਲ ਇੰਦਰਜੀਤ ਕੌਰ ਸੰਧੂ ਜੋ ਬਾਅਦ ਵਿਚ ਪੰਜਾਬੀ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਬਣੀ ਅਤੇ ਹੋਰ ਵੀ ਬਹੁਤ ਸਾਰੇ ਜਿਨ੍ਹਾਂ ਦਾ ਹੁਣ ਚੇਤਾ ਵੀ ਨਹੀਂ ਆ ਰਿਹਾ, ਪਰ ਮੇਚ ਦੀ ਜੌਬ ਲਭਣ ਵਿਚ ਮੈਨੂੰ ਕੋਈ ਸਫਲਤਾ ਨਾ ਮਿਲੀ। ਨਵੀਂ ਦਿੱਲੀ ਵਿਚ ਨੈਸ਼ਨਲ ਬੁੱਕ ਟਰਸਟ ਵਿਚ ਐਡੀਟਰ ਪੰਜਾਬੀ ਬੁਕਸ ਦੀ ਚੰਗੇ ਗਰੇਡ ਦੀ ਨੌਕਰੀ ਦਾ ਇਸ਼ਤਿਹਾਰ ਨਿਕਲਿਆ ਤਾਂ ਮੈਂ ਉਸ ਲਈ ਵੀ ਅਪਲਾਈ ਕਰ ਦਿਤਾ। ਕਰਤਾਰ ਸਿੰਘ ਦੁੱਗਲ ਉਸ ਵੇਲੇ ਇਸ ਅਦਾਰੇ ਦੇ ਸੈਕਰਟਰੀ ਸਨ। ਇਹ ਅਦਾਰੇ ਦਾ ਕੰਮ ਭਾਰਤ ਦੀਆਂ ਵਖ ਵਖ ਭਾਸ਼ਾਵਾਂ ਵਿਚ ਰਚੇ ਮਿਆਰੀ ਸਾਹਿਤ ਦੀਆਂ ਕਿਤਾਬਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਉਹਨਾਂ ਕਿਤਾਬਾਂ ਨੂੰ ਛਾਪਣਾ ਤੇ ਅਗੇ ਵੇਚਣਾ ਸੀ। ਇਹ ਪੋਸਟ ਮੇਰੇ ਲੇਖਕ ਹੋਣ ਦੇ ਕੰਮ ਨਾਲ ਕਾਫੀ ਸਬੰਧਤ ਅਤੇ ਮੇਲ ਖਾਂਦੀ ਸੀ। ਇਸ ਇਕ ਪੋਸਟ ਤੇ ਚੁਣੇ ਜਾਣ ਲਈ ਬੜੀ ਵਡੀ ਸਿਫਾਰਸ਼ ਦੀ ਲੋੜ ਸੀ। ਦਿੱਲੀ ਵਿਚ ਪ੍ਰੋ: ਡਾ: ਹਰਭਜਨ ਸਿੰਘ ਜੋ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਅਤੇ ਭਾਸ਼ਾਵਾਂ ਦੇ ਡੀਨ ਸਨ, ਮੈਨੂੰ ਜਾਣਦੇ ਸਨ। ਉਹਨਾਂ ਤੋਂ ਇਲਾਵਾ ਅਮ੍ਰਿਤਾ ਪ੍ਰੀਤਮ ਨਾਲ ਵੀ ਮੇਰੀ ਵਾਕਫੀਅਤ ਸੀ ਕਿਉਂਕਿ ਉਹਦੇ ਪਰਚੇ ਨਾਗਮਣੀ ਲਈ ਮੈਂ ਫਿਰੋਜ਼ਪੁਰ ਵਿਚੋਂ ਸੌ ਤੋਂ ਵਧ ਚੰਦੇ ਇਕਠੇ ਕਰ ਕੇ ਪਰਚੇ ਦੇ ਗਾਹਕ ਬਣਾਏ ਸਨ। ਇੰਟਰਵਿਊ ਤੋਂ ਪਹਿਲਾਂ ਮੈਂ ਡਾ: ਹਰਭਜਨ ਸਿੰਘ ਨੂੰ ਮਿਲਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਸ ਨਾਲ ਮੇਲ ਨਾ ਹੋ ਸਕਿਆ। ਫਿਰ ਮੈਂ ਅਮ੍ਰਿਤਾ ਪ੍ਰੀਤਮ ਨੂੰ ਉਹਦੇ 25 ਹੌਜ਼ ਖਾਸ ਵਾਲੇ ਘਰ ਵਿਚ ਜਾ ਕੇ ਮਿਲਿਆ ਤਾਂ ਉਹ ਕਹਿਣ ਲੱਗੀ ਕਿ ਮੈਂ ਦੁੱਗਲ ਸਾਹਿਬ ਨੂੰ ਫੋਨ ਤਾਂ ਕਰ ਦਿੰਦੀ ਹਾਂ ਤੇ ਜੇ ਉਸ ਨੇ ਤੈਨੂੰ ਰਖਣਾ ਵੀ ਹੋਇਆ ਤਾਂ ਮੇਰੇ ਫੋਨ ਕਰਨ ਤੋਂ ਬਾਅਦ ਬਿਲਕੁਲ ਹੀ ਨਹੀਂ ਰਖੇਗਾ। ਅਜ ਕੱਲ ਸਾਡੀ ਆਪਸ ਵਿਚ ਵਿਗੜੀ ਹੋਈ ਹੈ।

ਦਿੱਲੀ ਵਿਚ ਮੈਂ ਹਾਈ ਕੋਰਟ ਦੇ ਜੱਜ ਜਸਟਿਸ ਮਹਿੰਦਰ ਸਿੰਘ ਜੋਸ਼ੀ ਕੋਲ ਠਹਿਰਿਆ ਹੋਇਆ ਸਾਂ। ਉਹ ਇਹ ਤਾਂ ਚਹੁੰਦੇ ਸਨ ਕਿ ਮੈਂ ਇਸ ਮਹਤਵ ਪੂਰਨ ਆਸਾਮੀ ਲਈ ਚੁਣਿਆਂ ਜਾਵਾਂ ਪਰ ਕਿਸੇ ਨੂੰ ਕਹਿਣ ਲਈ ਤਿਆਰ ਨਹੀਂ ਸਨ। ਉਹਨਾਂ ਹੌਸਲੇ ਨਾਲ ਇੰਟਰਵਿਊ ਤੇ ਜਾਣ ਲਈ ਕਿਹਾ। ਮੇਰੀ ਇੰਟਰਵਿਊ ਤਾਂ ਬਹੁਤ ਅਛੀ ਹੋਈ ਅਤੇ ਦੁੱਗਲ ਸਾਹਿਬ ਨੂੰ ਮੈਂ ਆਪਣੀ ਉਹ ਕਿਤਾਬ ਵੀ ਵਿਖਾਈ ਜਿਸ ਵਿਚ ਮੈਂ ਉਹਨਾਂ ਲੇਖਕਾਂ ਦਾ ਜ਼ਿਕਰ ਕੀਤਾ ਸੀ ਜਿਨ੍ਹਾਂ ਤੋਂ ਮੈਂ ਪ੍ਰਭਾਵਤ ਸਾਂ ਅਤੇ ਉਹਨਾਂ ਵਿਚ ਕਰਤਾਰ ਸਿੰਘ ਦੁੱਗਲ ਦਾ ਨਾਂ ਵੀ ਸੀ। ਕਾਲਜ ਪੜ੍ਹਦੇ ਸਮੇਂ ਮੈਂ ਦੁੱਗਲ ਸਾਹਿਬ ਦਾ ਇਕ ਇਕਾਂਗੀ ਨਾਟਕ "ਇਕ ਸਿਫਰ ਸਿਫਰ" ਵੀ ਖੇਡਿਆ ਸੀ ਜਿਸ ਦੀਆਂ ਮੇਰੇ ਕੋਲ ਕੁਝ ਤਸਵੀਰਾਂ ਵੀ ਸਨ। ਇੰਟਰਵਿਊ ਵਿਚ ਮੈਂ ਇਹ ਸਾਰਾ ਕੁਝ ਦਸਿਆ। ਹਿੰਦੀ ਅਤੇ ਉਰਦੂ ਦੇ ਮਸ਼ਹੂਰ ਲੇਖਕ ਜੋ ਮੈਂ ਪੜ੍ਹੇ ਹੋਏ ਸਨ, ਉਹਨਾਂ ਦਾ ਅਤੇ ਉਹਨਾਂ ਦੀਆਂ ਪ੍ਰਸਿਧ ਲੇਖਣੀਆਂ ਦਾ ਜ਼ਿਕਰ ਵੀ ਕੀਤਾ ਜਿਵੇਂ ਸਰਤ ਚੰਦਰ ਦੇ ਨਾਵਲ ਦੇਵਦਾਸ ਅਤੇ ਆਰ. ਕੇ. ਨਾਰਾਇਨ ਦੇ ਨਾਵਲ ਗਾਈਡ, ਕੁਰਤੁਲਐਨ ਹੈਦਰ ਦੇ ਆਗ ਕਾ ਦਰਿਆ ਅਤੇ ਜੈਨੇਂਦਰ ਦੇ ਨਾਵਲ ਤਿਆਗ ਪੱਤਰ ਆਦਿ ਦਾ। ਹੋਰਨਾਂ ਭਾਰਤੀ ਭਾਸ਼ਾਵਾਂ ਵਿਚੋਂ ਅਨੁਵਾਦ ਹੋਈਆਂ ਕਿਤਾਬਾਂ ਦਾ ਹਵਾਲੇ ਵੀ ਦਿਤੇ। ਜਿਵੇਂ ਕਿ ਮੈਨੂੰ ਆਸ ਸੀ ਕਿ ਮੈਂ ਚੁਣਿਆ ਜਾਵਾਂਗਾਂ ਅਤੇ ਮੇਰੇ ਵਰਗੇ ਹੋਰ ਵੀ ਕਈ ਸਾਰੇ ਉਮੀਦਵਾਰ ਸਨ। ਚੰਡੀਗੜ੍ਹ ਨਾਲ ਸਬੰਧਤ ਇਕ ਕੁੜੀ ਮਿਸਜ਼ ਸਿੱਧੂ ਵੀ ਸੀ ਜਿਸ ਦੇ ਚੁਣੇ ਜਾਣ ਦੀਆਂ ਬੜੀਆਂ ਅਫਵਾਹਾਂ ਸਨ। ਦਿੱਲੀ ਤੋਂ ਵਾਪਸ ਆਉਣ ਤੋਂ ਪਹਿਲਾਂ ਜਕ ਮੈਂ ਇਕ ਪੰਜਾਬੀ ਲੇਖਕ ਸੁਰਿੰਦਰ ਸਿੰਘ ਜੌਹਰ ਜੋ ਮੈਨੂੰ ਜਾਣਦਾ ਸੀ ਅਤੇ ਕਿਸੇ ਮਹਤਵ ਪੂਰਨ ਦਫਤਰ ਵਿਚ ਅਫਸਰ ਸੀ, ਮਿਲਣ ਗਿਆ ਤਾਂ ਉਸ ਨੇ ਸਾਫ ਹੀ ਕਹਿ ਦਿਤਾ ਕਿ ਇਸ ਪੋਸਟ ਤੇ ਇਕ ਕੁੜੀ ਨੂੰ ਰੱਖਣ ਦੀ ਗੱਲ ਪਹਿਲਾਂ ਹੀ ਤਹਿ ਹੋ ਚੁਕੀ ਹੈ ਅਤੇ ਇਹ ਇੰਟਰਵਿਊ ਤਾਂ ਐਵੇਂ ਖਾਨਾਪੂਰੀ ਕਰਨ ਲਈ ਕੀਤੀ ਗਈ ਹੈ। ਉਸਦੀ ਗੱਲ ਬਿਲਕੁਲ ਦਰੁਸਤ ਨਿਕਲੀ ਅਤੇ ਉਹੋ ਮਿਸਜ਼ ਸਿੱਧੂ ਨੂੰ ਰਖ

ਲਿਆ ਗਿਆ। ਉਹ ਆਪ ਤਾਂ ਖਤਰੀ ਘਰਾਣੇ ਨਾਲ ਸਬੰਧਤ ਸੀ ਪਰ ਉਸ ਨੇ ਵਿਆਹ ਇਕ ਜੱਟ ਮੁੰਡੇ ਸਿੱਧੂ ਨਾਲ ਕਰਵਾਇਆ ਹੋਇਆ ਸੀ ਜੋ ਬਾਅਦ ਵਿਚ ਕਿਸੇ ਬਾਹਰਲੇ ਮੁਲਕ ਨੂੰ ਚਲਾ ਗਿਆ ਸੀ ਤੇ ਸ਼ਾਇਦ ਮੁੜ ਮੁੜਿਆ ਹੀ ਨਹੀਂ ਸੀ। ਪਿਛੋਂ ਮੈਂ ਆਪਣੇ ਮਨ ਨੂੰ ਸਮਝਾਇਆ ਕਿ ਚੰਗਾ ਹੋਇਆ ਦਿੱਲੀ ਦੀ ਇਹ ਨੌਕਰੀ ਨਹੀਂ ਮਿਲੀ। ਹਜ਼ਾਰ ਰੁਪੈ ਮਹੀਨੇ ਦੀ ਤਨਖਾਹ ਵਿਚ ਦਿੱਲੀ ਵਿਚ ਗੁਜ਼ਾਰਾ ਹੋਣਾ ਵੀ ਬੜਾ ਮੁਸ਼ਕਲ ਸੀ। ਤਨਖਾਹ ਦਾ ਬਹੁਤਾ ਹਿੱਸਾ ਤਾਂ ਮਕਾਨ ਦੇ ਕਿਰਾਏ ਵਿਚ ਹੀ ਚਲੇ ਜਾਣਾ ਸੀ ਅਤੇ ਰੋਟੀ ਲਈ ਪੈਸੇ ਕਿਥੋਂ ਬਚਣੇ ਸਨ। ਵੈਸੇ ਵੀ ਦੂਰ ਦੂਰ ਤਕ ਫੈਲਿਆ ਇਹ ਸ਼ਹਿਰ ਜੋ ਸ਼ਹਿਰ ਘੱਟ ਅਤੇ ਮੁਲਕ ਜ਼ਿਆਦਾ ਸੀ, ਮੇਰੇ ਵਰਗੇ ਪਛੜੇ ਇਲਾਕੇ ਦੇ ਰਹਿਣ ਵਾਲੇ ਬੰਦੇ ਦੇ ਸੁਭਾਅ ਦੇ ਅਨੁਕੂਲ ਵੀ ਨਹੀਂ ਸੀ। ਬਹੁਤ ਪਿਛੋਂ ਜਾ ਕੇ ਮੈਨੂੰ ਪਤਾ ਲੱਗਾ ਕਿ ਮੇਰੀ ਇਹ ਸੋਚ ਗਲਤ ਸੀ ਕਿਉਂਕਿ ਜਿੰਨਾ ਵਡਾ ਸ਼ਹਿਰ ਹੋਵੇ, ਹੋਰ ਰੁਜ਼ਗਾਰ ਮਿਲਣ ਅਤੇ ਪੈਸੇ ਕਮਾਉਣ ਦੇ ਮੌਕੇ ਓਨੇ ਹੀ ਜ਼ਿਆਦਾ ਹੁੰਦੇ ਹਨ।

ਇਸ ਪਿਛੋਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਿਚ "ਚੰਗੀ ਖੇਤੀ" ਪਰਚੇ ਦੇ ਐਡੀਟਰ ਦੀ ਨੌਕਰੀ ਅਖਬਾਰ ਵਿਚ ਨਿਕਲੀ। ਇਹ ਨੌਕਰੀ ਮੇਰੇ ਬਹੁਤ ਨੇੜੇ ਸਮਝੇ ਜਾਂਦੇ ਕੁਲਵੰਤ ਸਿੰਘ ਵਿਰਕ ਦੇ ਥਲੇ ਸੀ। ਮੈਨੂੰ ਆਸ ਸੀ ਕਿ ਇਕ ਕਿਰਸਾਣੇ ਟੱਬਰ ਵਿਚ ਜੰਮਣ ਕਰ ਕੇ ਮੈਂ ਪੰਜਾਬ ਦੀ ਵਸੋਂ ਦੇ ਵਡੇ ਭਾਗ ਦੇ ਅਰਥਚਾਰੇ ਨੂੰ ਸਮਝਦਾ ਸਾਂ। ਇਸ ਲਈ ਇਹ ਨੌਕਰੀ ਮੈਨੂੰ ਮਿਲ ਜਾਵੇਗੀ। ਪੰਜਾਬ ਦੇ ਇਹਨਾਂ ਕਿਸਾਨਾਂ ਦੀਆਂ ਕੀ ਕੀ ਔਕੜਾਂ ਸਨ ਅਤੇ ਉਹਨਾਂ ਨੂੰ ਚੰਗੀ ਖੇਤੀ ਬਾਰੇ ਗਿਆਨ ਦੇ ਕੇ ਆਪਣੇ ਜੀਵਨ ਨੂੰ ਕਿਸਾਨੀ ਕਿੱਤੇ ਪਖੋਂ ਕਿਵੇਂ ਕਾਮਯਾਬ ਕੀਤਾ ਜਾ ਸਕਦਾ ਹੈ, ਇਸ ਨੌਕਰੀ ਦੇ ਮਿਲਣ ਨਾਲ ਇਸ ਨੂੰ ਵਿਕਸਿਤ ਕਰਨਾ ਕੋਈ ਔਖਾ ਕੰਮ ਨਹੀਂ ਸੀ। ਜਦ ਇੰਟਰਵਿਊ ਹੋਈ ਤਾਂ ਇੰਟਰਵਿਊ ਕਰਨ ਲਈ ਬੈਠੇ ਬੋਰਡ ਦੇ ਹੋਰ ਵਡੇ ਵਡੇ ਅਫਸਰ ਖੇਤੀ ਬਾੜੀ ਦੇ ਗਿਆਨ ਵਿਚ ਬਾਹਰਲੇ ਦੇਸ਼ਾਂ ਵਿਚੋਂ ਪੀ. ਐਚ. ਡੀ. ਕਰ ਕੇ ਆਏ ਸਨ। ਉਹਨਾਂ ਲਈ ਮੇਰਾ ਸਾਹਿਤਕ ਗਿਆਨ, ਪੰਜਾਬੀ ਦੀ ਐਮ. ਏ. ਅਤੇ ਕਿਰਸਾਨੀ ਵਿਛੋਕੜ ਦਾ ਕੋਈ ਅਰਥ ਨਹੀਂ ਸੀ। ਫਸਲਾਂ ਵੀਜਣ ਵੇਲੇ ਕਿਹੜੇ ਵਿਕਸਤ ਬੀਜ, ਕਿਹੜੀਆਂ ਖਾਦਾਂ, ਕਿਹੜੀਆਂ ਕੀੜੇ ਮਾਰ ਦਵਾਈਆਂ ਅਤੇ ਸਭ ਦੀ ਮਾਤਰਾ ਆਦਿ ਤੇ ਫਸਲਾਂ ਦੇ ਚੰਗੇ ਝਾੜ ਬਾਰੇ ਮੈਨੂੰ ਜਦ ਇਸ ਤਰ੍ਹਾਂ ਦੇ ਸਵਾਲ ਪੁਛੇ ਗਏ ਤਾਂ ਮੇਰਾ ਗਿਆਨ ਉਹਨਾਂ ਦੇ ਮੇਚ ਦਾ ਨਹੀਂ ਸੀ। ਇਸ ਪੋਸਟ ਵਿਚ ਚੰਗੀ ਖੇਤੀ ਲਈ ਜਲੰਧਰ ਰੇਡੀਓ ਲਈ ਇਕ ਫੀਚਰ ਲਿਖਣਾ ਵੀ ਸੀ ਜੋ ਪ੍ਰਸਾਰਤ ਕਰ ਕੇ ਪਿੰਡਾਂ ਦੇ ਕਿਸਾਨਾਂ ਤਕ ਪੁਚਾਇਆ ਜਾਂਦਾ ਸੀ। ਇਸ ਤੋਂ ਇਲਾਵਾ ਜਦ ਮੈਨੂੰ ਇਹ ਪੁਛਿਆ ਗਿਆ ਕਿ ਚੰਗੀ ਖੇਤੀ ਪਰਚੇ ਵਿਚ ਜੋ ਸਵਾਲਾਂ ਦੇ ਜਵਾਬ ਕਿਸਾਨ ਪੁਛਦੇ ਹਨ, ਉਹਨਾਂ ਸਵਾਲਾਂ ਅਤੇ ਜਵਾਬਾਂ ਬਾਰੇ ਕੀ ਕਰੋਗੇ। ਟੈਕਨੀਕਲੀ ਤਾਂ ਮੇਰੇ ਕੋਲ ਇਸ ਬਾਰੇ ਨਾਲਜ ਨਹੀਂ ਸੀ। ਇਸ ਨੌਕਰੀ ਲਈ ਤਾਂ ਮੈਨੂੰ ਐਗਰੀਕਲਚਰ ਦੀ ਐਮ. ਐਸ. ਸੀ. ਹੋਣਾ ਚਾਹੀਦਾ ਸੀ। ਤਦ ਹੀ ਮੈਂ ਇਹਨਾਂ ਸਵਾਲਾਂ ਦੇ ਜਵਾਬ ਦੇ ਸਕਦਾ ਸਾਂ। ਸਿਰਫ ਪੇਂਡੂ ਪਿਛੋਕੜ ਹੋਣਾ ਜਾਂ ਪੇਂਡੂ ਜੀਵਨ ਤੇ ਕਹਾਣੀਆਂ ਲਿਖਣਾ ਕਾਫੀ ਨਹੀਂ ਸੀ। ਵੈਸੇ ਇੰਟਰਵਿਊ ਬੋਰਡ ਵੱਲੋਂ ਪੁਛੇ ਸਵਾਲ ਬਾਰੇ ਮੈਂ ਕਿਹਾ ਕਿ ਕਿਸਾਨਾਂ ਵੱਲੋਂ ਅਕਸਰ ਪੁਛੇ ਜਾਣ ਵਾਲੇ ਸਵਾਲ ਮੈਂ ਖੁਦ ਹੀ ਤਿਆਰ ਕਰਾਂਗਾ ਅਤੇ ਉਹਨਾਂ ਸਵਾਲਾਂ ਦੇ ਜਵਾਬ ਵੀ ਖੁਦ ਹੀ ਲਿਖ ਕੇ ਪਰਚੇ ਵਿਚ ਛਾਪਾਂਗਾ। ਚੋਣ ਬੋਰਡ ਦੇ ਅਧਿਕਾਰੀਆਂ ਨੇ ਕੁਲਵੰਤ ਸਿੰਘ ਵਿਰਕ ਜੋ ਉਸ ਵੇਲੇ ਐਗਰੀਕਲਚਰ ਯੂਨੀਵਰਸਿਟੀ ਵਿਚ ਅਸਿਸਟੰਟ ਡਾਇਰੈਕਟਰ ਇਨਫਰਮੇਸ਼ਨ ਸੀ ਅਤੇ ਜਿਸ ਦੇ ਥਲੇ ਇਹ ਜੌਬ ਸੀ, ਨੂੰ ਕਿਹਾ ਗਿਆ ਕਿ ਉਹ ਵੀ ਮੇਰੇ ਤੋਂ ਕੋਈ ਸਵਾਲ ਪੁਛੇ। ਵਿਰਕ ਨੇ ਮੇਰੇ ਤੇ ਕੋਈ ਸਵਾਲ ਨਾ ਕੀਤਾ ਅਤੇ ਸਿਰਫ ਏਨਾ ਹੀ ਕਿਹਾ ਕਿ ਘਰ ਦੇ ਜੰਮਿਆਂ ਦੇ ਕਿਹੜਾ ਦੰਦ ਗਿਣੀ ਦੇ ਹਨ। ਇਸ ਇੰਟਰਵਿਊ ਦਾ ਹਾਲ ਵੀ ਦਿੱਲੀ ਵਰਗਾ ਹੀ ਹੋਇਆ। ਇਥੇ ਵੀ ਮੇਰੀ ਚੋਣ ਨਾ ਹੋ ਸਕੀ ਅਤੇ ਹੌਲੀ ਹੌਲੀ ਮੈਨੂੰ ਇੰਜ ਮਹਿਸੂਸ ਹੋਣ ਲਗ ਪਿਆ ਕਿ ਇਹ ਮੇਰਾ ਭੁਲੇਖਾ ਸੀ ਕਿ ਚੰਗੇ ਨੰਬਰਾਂ ਵਿਚ ਐਮ. ਏ. ਪਾਸ ਕਰਨ ਨਾਲ ਚੰਗੀ ਨੌਕਰੀ ਮਿਲ ਸਕਦੀ ਹੈ। ਸਗੋਂ ਮੈਨੂੰ ਲਗਦਾ ਕਿ ਮੇਰੇ ਭਾਗਾਂ ਵਿਚ ਸਕੂਲ ਟੀਚਰੀ ਹੀ ਲਿਖੀ ਹੈ ਅਤੇ ਅਗੇ ਵਧਣਾ ਸ਼ੇਖ ਚਿਲੀ ਵਾਲੀਆਂ ਗੱਲਾਂ ਹੀ ਹਨ। ਵਧ ਤੋਂ ਵਧ ਪੰਜਾਬ ਪਬਲਕ ਸਰਵਿਸ ਕਮਿਸ਼ਨ ਜਦ ਕਿਤੇ ਪੰਜਾਬੀ ਦੇ ਲੈਕਚਰਰ ਦੀਆਂ ਆਸਾਮੀਆਂ ਕਢੇ ਤਾਂ ਓਥੇ ਅਰਜ਼ੀ ਦੇ ਕੇ ਕਿਸਮਤ ਅਜ਼ਮਾਈ ਜਾ ਸਕਦੀ ਹੈ। ਕਮਿਸ਼ਨ ਵਿਚ ਵੀ ਤਕੜੀ ਸਿਫਾਰਸ਼ ਜਾਂ ਪੈਸੇ ਚਾਹੀਦੇ ਸਨ ਜੋ ਮੇਰੇ ਵੱਸੋਂ ਬਾਹਰ ਸਨ। ਇਕ ਦਿਨ ਬੀ. ਡੀ. ਓ. ਦੀ ਨੌਕਰੀ ਦਾ ਇਕ ਇਸ਼ਤਿਹਾਰ ਛਪਿਆ ਤਾਂ ਮੈਂ ਉਸ ਲਈ ਅਪਲਾਈ ਕਰ ਦਿਤਾ ਪਰ ਏਥੇ ਵੀ ਕਾਮਯਾਬੀ ਨਾ ਹੋਈ। ਇਸੇ ਤਰ੍ਹਾਂ ਨਵੇਂ ਬਣੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਵਿਚ ਐਡੀਟਰ ਦੀ ਇਕ ਆਸਾਮੀ ਨਿਕਲੀ ਤਾਂ ਮੈਂ ਓਥੇ ਵੀ ਅਪਲਾਈ ਕਰ ਦਿਤਾ। ਡਾ: ਜਸਬੀਰ ਸਿਮਘ ਆਹਲੂਵਾਲੀਆ ਪੀ. ਸੀ. ਐਸ. ਜੋ ਮੈਨੂੰ ਫਿਰੋਜ਼ਪੁਰ ਤੋਂ ਜਾਣਦਾ ਸੀ, ਇਸ ਬੋਰਡ ਦਾ ਪਹਿਲਾ ਡਾਇਰੈਕਟਰ ਸੀ। ਇੰਟਰਵਿਊ ਤੋਂ ਪਹਿਲਾਂ ਮੈਂ ਉਸ ਨੂੰ ਵਜ਼ੀਰ ਗੁਰਮੀਤ ਸਿੰਘ ਤੋਂ ਫੋਨ ਵੀ ਕਰਵਾਇਆ ਪਰ ਓਸ ਅਗੋਂ ਜਵਾਬ ਦਿਤਾ ਕਿ ਮੁਖ ਮੰਤਰੀ ਪਰਕਾਸ਼ ਸਿੰਘ ਬਾਦਲ ਦੀ ਸਿਫਾਰਸ਼ ਵਾਲਾ ਬੰਦਾ ਰਖਿਆ ਜਾ ਰਿਹਾ ਹੈ। ਜਦ ਮੈਂ ਇੰਟਰਵਿਊ ਤੇ ਗਿਆ ਤਾਂ ਸੰਤ ਸਿੰਘ ਸੇਖੋਂ ਵੀ ਆਪਣੀ ਲੜਕੀ ਦੀ ਸਿਫਾਰਸ਼ ਲੈ ਕੇ ਆਇਆ ਹੋਇਆ ਸੀ ਅਤੇ ਹੋਰ ਵੀ ਕਈ ਨਾਮਵਰ ਲੋਕ ਓਥੇ ਬੈਠੇ ਸਨ। ਉਮੀਦਵਾਰਾਂ ਵਿਚ ਹੋਰ ਵੀ ਬੜੇ ਮਹਾਰਥੀ ਸਨ ਜਿਨ੍ਹਾਂ ਵਿਚ ਕਈ ਖੂਬਸੂਰਤ ਔਰਤਾਂ ਵੀ ਸਨ। ਘੁਸਰ ਮੁਸਰ ਹੋ ਰਹੀ ਸੀ ਕਿ ਡਾ: ਆਹਲੂਵਾਲੀਆ ਕਿਸੇ ਖੂਬਸੂਰਤ ਕੁੜੀ ਨੂੰ ਇਹ ਨੌਕਰੀ ਦੇਵੇਗਾ ਕਿਉਂਕਿ ਉਸ ਦੀ ਰੰਗੀਨ ਤਬੀਅਤ ਦੇ ਕਿੱਸੇ ਅਕਸਰ ਸੁਣਨ ਵਿਚ ਆਉਂਦੇ ਰਹਿੰਦੇ ਸਨ। ਇਹ ਨੌਕਰੀ ਵੀ ਮੈਨੂੰ ਮਿਲ ਨਾ ਸਕੀ।

ਕਿਸੇ ਚੰਗੀ ਨੌਕਰੀ ਦੀ ਆਸ ਮੈਂ ਲਾਹ ਦਿਤੀ ਅਤੇ ਕੁਝ ਨਵੀਆਂ ਕਹਾਣੀਆਂ ਅਤੇ ਦੂਜਾ ਨਾਵਲ ਪੀਲਾ ਗੁਲਾਬ ਲਿਖਣ ਲਈ ਵਿਓਂਤ ਬਨਾਉਣ ਲਗਾ। ਇਸ ਨਾਵਲ ਦਾ ਪਲਾਟ, ਚੌਗਿਰਦਾ, ਪਾਤਰ ਅਤੇ ਘਟਨਾਵਾਂ ਪੂਰਬੀ ਅਤੇ ਪੱਛਮੀ ਪੰਜਾਬ ਦੀ ਧਰਤੀ ਤੇ ਵਸਦੇ ਲੋਕਾਂ ਅਤੇ ਦੇਸ਼ ਦੀ ਵੰਡ ਨਾਲ ਜੁੜੀਆਂ ਹੋਈਆਂ ਸਨ। ਦਰਅਸਲ ਦੇਸ਼ ਦੀ ਵੰਡ ਨੂੰ ਮੇਰੇ ਅੰਦਰਲੇ ਮਨ ਨੇ ਕਬੂਲ ਨਹੀਂ ਸੀ ਕੀਤਾ। 1965 ਦੀ ਹਿੰਦ ਪਾਕ ਜੰਗ ਨਾਲ ਇਹ ਪਾੜਾ ਹੋਰ ਵੀ ਵਧ ਗਿਆ ਸੀ। ਸੰਨ 1961 ਅਤੇ 62 ਵਿਚ ਮੈਂ ਦੋ ਚੱਕਰ ਪਾਕਿਸਤਾਨ ਦੇ ਲਾਏ ਸਨ ਅਤੇ ਓਧਰੋਂ ਉਜੜ ਕੇ ਭਾਰਤ ਆਣ ਤੋਂ ਬਾਅਦ ਇਕ ਨਵੀਂ ਪੀੜ ਨੇ ਮੇਰੇ ਅੰਦਰ ਜਨਮ ਲੈ ਲਿਆ ਸੀ। ਸੂਹਾ ਖਿੜਿਆ ਹਸਦਾ ਵਸਦਾ ਪੰਜਾਬ ਦਾ ਫੁੱਲ ਪੀਲਾ ਪੈ ਗਿਆ ਸੀ ਜਿਸ ਨੂੰ ਮੈਂ ਇਕ ਪੀਲੀ ਕਲਚਰ ਦਾ ਨਾ ਦੇਣਾ ਚਹੁੰਦਾ ਸਾਂ। ਮੈਂ ਇਸ ਨਾਵਲ ਦੇ ਕੁਝ ਚੈਪਟਰ ਲਿਖੇ ਅਤੇ ਫਿਰ ਪਾੜ ਦਿਤੇ ਕਿਉਂਕਿ ਧਾਗੇ ਦਾ ਅਸਲ ਸਿਰਾ ਮੇਰੇ ਹਥ ਨਹੀਂ ਆ ਰਿਹਾ ਸੀ। ਇੰਜ ਮੇਰੇ ਨਾਲ ਕਈ ਵਾਰ ਹੋਇਆ ਕਿ ਮੈਂ ਨਾਵਲ ਦੇ ਕੁਝ ਚੈਪਟਰ ਲਿਖਦਾ ਤੇ ਪਸੰਦ ਨਾ ਆਉਣ ਤੇ ਪਾੜ ਦਿੰਦਾ। ਦਰਅਸਲ ਨਾਵਲ ਤੇ ਕਹਾਣੀ ਦੇ ਕੈਨਵਸ ਵਿਚ ਬਹੁਤ ਅੰਤਰ ਹੁੰਦਾ ਹੈ। ਕਹਾਣੀ ਤੇਜ਼ੀ ਨਾਲ ਆਪਣੇ ਸਿਖਰ ਵੱਲ ਭਜਦੀ ਹੈ ਜਦ ਕਿ ਨਾਵਲ ਦਾ ਖਿਲਾਰਾ ਵਡਾ ਹੋਣ ਕਰ ਕੇ ਪਾਤਰ ਅਤੇ ਘਟਨਾਵਾਂ ਦੇ ਸੁਮੇਲ ਨੂੰ ਇਕਠੇ ਕਰਨ ਵਿਚ ਔਕੜ ਪੇਸ਼ ਆ ਰਹੀ ਸੀ। ਇਹ ਸੋਚ ਕੇ ਕਿਸੇ ਵੇਲੇ ਕੁਝ ਸੰਸਾਰ ਪ੍ਰਸਿਧ ਨਾਵਲ ਪੜ੍ਹ ਕੇ ਅਤੇ ਉਹਨਾਂ ਦਾ ਟਾਕਰਾ ਪੰਜਾਬ ਦੇ ਕਿਰਦਾਰਾਂ ਤੇ ਘਟਨਾਵਾਂ ਨਾਲ ਕਰ ਕੇ ਮੁੜ ਹੰਭਲਾ ਮਾਰਾਂਗਾ। ਹੇਮਿੰਗਜ਼ਵੇ ਦਾ ਨਾਵਲ ਓਲਡ ਮੈਨ ਐਂਡ ਦੀ ਸੀ ਅਤੇ ਗੋਰਕੀ ਦਾ ਨਾਵਲ ਮਾਲਵਾ ਮੈਂ ਪੜ੍ਹੇ ਵੀ ਪਰ ਲਿਖਣ ਲਈ ਉਤਸ਼ਾਹ ਦੇਣ ਵਿਚ ਸਪਾਰਕ ਪੈਦਾ ਨਾ ਕਰ ਸਕੇ। ਹਾਂ ਸਰਤ ਚੰਦਰ ਦਾ ਨਾਵਲ ਦੇਵ ਦਾਸ, ਆਰ ਕੇ ਨਾਰਾਇਨ ਦਾ ਗਾਈਡ ਅਤੇ ਜੈਨੇਂਦਰ ਦਾ ਨਾਵਲ ਤਿਆਗ ਪੱਤਰ ਮੈਂ ਕਈ ਵਾਰ ਪੜ੍ਹਿਆ ਅਤੇ ਮੈਨੂੰ ਲੱਗਣ ਲੱਗਾ ਕਿ ਕੁਝ ਕੁਝ ਅੰਦਰ ਧੁਖਣਾ ਸ਼ੁਰੂ ਹੋ ਗਿਆ ਹੈ।

ਇਕ ਦਿਨ ਮੈਂ ਗਿਆਰਵੀਂ ਕਲਾਸ ਨੂੰ ਪੜ੍ਹਾ ਰਿਹਾ ਸਾਂ ਕਿ ਚਪੜਾਸੀ ਆ ਕੇ ਕਹਿਣ ਲੱਗਾ ਕਿ ਬੀਬੀ ਗੁਲਸ਼ਰਾਜ ਕੌਰ ਜੋ ਓਸ ਦਿਨ ਐਕਟਿੰਗ ਪ੍ਰਿੰਸੀਪਲ ਸੀ, ਨੇ ਦਫਤਰ ਵਿਚ ਸੱਦਿਆ ਹੈ। ਜਦ ਮੈਂ ਗਿਆ ਤਾਂ ਬੜੀ ਖੁਸ਼ ਹੋ ਕੇ ਕਹਿਣ ਲੱਗੀ ਕਿ ਤੇਰੇ ਲਈ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿਚ ਬੜੀ ਚੋਟੀ ਦੀ ਨੌਕਰੀ ਨਿਕਲੀ ਹੈ ਅਤੇ ਇਸ ਲਈ ਛੇਤੀ ਤੋਂ ਛੇਤੀ ਅਪਲਾਈ ਕਰ ਦੇਣਾ ਚਾਹੀਦਾ ਹੈ। ਤੂੰ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈਂ। ਓਸ ਡੀ. ਪੀ. ਆਈ. ਪੰਜਾਬ ਚੰਡੀਗੜ੍ਹ ਵੱਲੋਂ ਆਇਆ ਸਰਕੂਲਰ ਪੜ੍ਹਨ ਲਈ ਮੇਰੇ ਅਗੇ ਕਰ ਦਿਤਾ। ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨੇ ਡੀ. ਪੀ. ਆਈ. ਪੰਜਾਬ ਰਾਹੀਂ ਪੰਜਾਬ ਦੇ ਸਾਰੇ ਸਰਕਾਰੀ ਕਾਲਜਾਂ ਅਤੇ ਸਰਕਾਰੀ ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਜ਼ ਨੂੰ ਲਿਖਿਆ ਸੀ ਕਿ ਬੋਰਡ ਨੂੰ ਇਕ "ਰੀਸਰਚ ਐਂਡ ਇਵੈਲੀਉਏਸ਼ਨ ਅਫਸਰ" (ਖੋਜ ਅਤੇ ਮੁਲਅੰਕਣ ਅਫਸਰ) ਅਤੇ ਬੋਰਡ ਦੇ ਰਸਾਲੇ "ਪੰਖੜੀਆਂ" ਲਈ ਐਡੀਟਰ ਡੈਪੂਟੇਸ਼ਨ ਉੱਤੇ ਚਾਹੀਦਾ ਹੈ। ਯੋਗ ਉਮੀਦਵਾਰ ਡੀ. ਪੀ. ਆਈ. ਪੰਜਾਬ ਰਾਹੀਂ ਅਰਜ਼ੀਆਂ ਭੇਜਣ। ਯੋਗਤਾ ਵਿਚ ਉਚੇ ਨੰਬਰਾਂ ਵਿਚ ਐਮ. ਏ. ਦੀ ਡਿਗਰੀ, 10 ਸਾਲ ਦਾ ਪੜ੍ਹਾਣ ਦਾ ਤਜਰਬਾ ਅਤੇ ਦਸ ਕਿਤਾਬਾਂ ਛਪੀਆਂ ਹੋਣ ਦੀ ਸ਼ਰਤ ਰਖੀ ਹੋਈ ਸੀ। ਸਰਕੂਲਰ ਮੁਤਾਬਕ ਮੈਂ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਸਾਂ। ਗੁਲਸ਼ਨਰਾਜ ਕਹਿਣ ਲੱਗੀ ਕਿ ਹੁਣੇ ਅਰਜ਼ੀ ਲਿਖ ਪਰ ਮੈਂ ਕਿਹਾ ਠੀਕ ਮੈਂ ਬੋਰਡ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹਾਂ ਪਰ ਚੰਡੀਗੜ੍ਹ ਵਿਚ ਨਿਕਲੀ ਇਸ ਤਰ੍ਹਾਂ ਦੀ ਸਿਰਫ ਇਕ ਪੋਸਟ ਤੇ ਲੱਗਣ ਲਈ ਬਹੁਤ ਵਡੀ ਸਿਫਾਰਸ਼ ਚਾਹੀਦੀ ਹੈ। ਏਥੇ ਸਾਰੇ ਪੰਜਾਬ ਦੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚੋਂ ਸੈਂਕੜੇ ਅਰਜ਼ੀਆਂ ਪਹੁੰਚ ਜਾਣਗੀਆਂ। ਮੇਰੇ ਵਰਗੇ ਬੰਦੇ ਨੂੰ ਕੌਣ ਰਖੇਗਾ। ਓਸ ਮੈਨੂੰ ਹੌਸਲਾ ਦਿੰਦਿਆਂ ਕਿਹਾ ਕਿ ਤੇਰੇ ਵੱਲੋਂ ਅਰਜ਼ੀ ਮੈਂ ਲਿਖਣ ਲੱਗੀ ਹਾਂ। ਤੂੰ ਦਸਤਤਖਤ ਕਰ ਅਤੇ ਆਪਣੇ ਸਾਰੇ ਸਰਟੀਫਿਕੇਟਾਂ ਦੀਆਂ ਕਾਪੀਆਂ ਅਟੈਸਟ ਕਰਵਾ ਕੇ ਨਾਲ ਲਾ ਤੇ ਅਰਜ਼ੀ ਚੰਡੀਗੜ੍ਹ ਨੂੰ ਰਵਾਨਾ ਕਰ ਦਈਏ। ਓਸ ਬਹੁਤ ਖੂਬਸੂਰਤ ਹੈਂਡਰਾਈਟਿੰਗ ਵਿਚ ਅਰਜ਼ੀ ਲਿਖੀ, ਮੈਂ ਦਸਤਖਤ ਕੀਤੇ ਅਤੇ ਖੋਜ ਅਤੇ ਮੁਲਅੰਕਣ ਅਫਸਰ ਦੀ ਪੋਸਟ ਤੇ ਡੈਪੂਟੇਸ਼ਨ ਤੇ ਜਾਣ ਲਈ ਅਰਜ਼ੀ ਚੰਡੀਗੜ੍ਹ ਨੂੰ ਭੇਜ ਦਿਤੀ।

### ਕਿਸ਼ਤ:68-ਚੰਡੀਗੜ੍ਹ ਅਰਜ਼ੀ ਦਾ ਪਿਛਾ ਕਰਨਾ ਅਤੇ ਇੰਟਰਵਿਊ:-

ਅਪਰੈਲ 1971 ਦੇ ਸ਼ੁਰੂ ਦੇ ਦਿਨ ਸਨ ਜਦ ਗੁਲਸ਼ਨਰਾਜ ਕੌਰ ਕਹਿਣ ਲੱਗੀ ਕਿ ਮੈਨੂੰ ਚੰਡੀਗੜ੍ਹ ਸਕੂਲ ਐਜੂਕੇਸ਼ਨ ਬੋਰਡ ਦੇ ਦਫਤਰ ਵਿਚ ਜਾ ਕੇ ਡੈਪੂਟੇਸ਼ਨ ਤੇ ਜਾਣ ਵਾਲੀ ਆਪਣੀ ਅਰਜ਼ੀ ਅਤੇ ਇੰਟਰਵਿਊ ਬਾਰੇ ਪਤਾ ਕਰਨਾ ਚਾਹੀਦਾ ਹੈ। ਉਸ ਦੀ ਗੱਲ ਮੇਰੇ ਵੀ ਦਿਲ ਲੱਗੀ। ਮੈਂ ਛੁੱਟੀ ਲਈ ਤੇਂ ਫਿਰੋਜ਼ਪੁਰ ਤੋਂ ਬਾਅਦ ਦੋਪਹਿਰ ਦੀ ਬੱਸ ਲੈ ਕੇ ਰਾਤੀਂ ਨੌਂ ਵਜੇ ਦੇ ਕਰੀਬ 28 ਸੈਕਟਰ ਵਿਚ ਆਪਣੇ ਦੋਸਤ ਚੌਧਰੀ ਦੇਵੀ ਲਾਲ ਦੇ ਕੋਲ ਚੰਦੀਗੜ ਪਹੁੰਚ ਗਿਆ। ਇਹ ਉਹੀ ਚੌਧਰੀ ਦੇਵੀ ਲਾਲ ਸੀ ਜਿਸ ਦੇ ਅਬੋਹਰ ਤੋਂ 12 ਮੀਲ ਦੂਰ ਮਟੀਲੀ ਰੋਡ ਤੇ ਪੈਂਦੇ ਪਿੰਡ ਭਾਗੂ ਵਿਖੇ ਮੈਂ 1956 ਤੋਂ 1959 ਤਕ ਟੀਚਰ ਰਿਹਾ ਸਾਂ। ਉਹਦੇ ਤਿੰਨ ਛੋਟੇ ਭਰਾ ਮੇਰੇ ਕੋਲ ਪੜ੍ਹੇ ਸਨ। ਮੇਰੀ ਰਿਹਾਇਸ਼ ਵੀ ਉਹਨਾਂ ਦੇ ਘਰ ਰਹੀ ਸੀ ਅਤੇ ਰੋਟੀ ਪਾਣੀ ਵੀ। ਇਸ ਲੈਂਡਲਾਰਡ ਚੌਧਰੀ ਪਰਵਾਰ ਨੇ ਬਤੌਰ ਟੀਚਰ ਮੈਨੂੰ ਬਹੁਤ ਸਤਕਾਰ ਦਿਤਾ ਸੀ। ਭਾਵੇਂ ਮੈਂ ਓਥੋਂ ਬਦਲ ਕੇ ਪਹਿਲਾਂ ਲਖੋ ਕੇ ਬਹਿਰਾਮ ਅਤੇ ਫਿਰ ਗੌਰਮਿੰਟ ਹਾਇਰ ਸੈਕੰਡਰੀ ਸਕੂਲ ਫਿਰੋਜ਼ਪੁਰ ਆ ਗਿਆ ਸਾਂ ਪਰ ਸਾਡਾ ਪਿਆਰ

ਅਤੇ ਮੇਲ ਜੋਲ ਸਦਾ ਹੀ ਚਲਦਾ ਰਿਹਾ। ਦੇਵੀ ਲਾਲ ਨੇ ਸ਼ਿਮਲੇ ਤੋਂ ਐਮ. ਏ. ਕੀਤੀ ਸੀ ਪਰ ਓਸ ਨੂੰ ਕੋਈ ਵਡੀ ਨੌਕਰੀ ਨਹੀਂ ਮਿਲੀ ਸੀ। 1965 ਦੀ ਜੰਗ ਤੋਂ ਪ੍ਰਭਾਵਤ ਹੋ ਕੇ ਉਸ ਅਤੇ ਉਹਦੇ ਇਕ ਰਿਸ਼ਤੇਦਾਰ ਚੌਧਰੀ ਕ੍ਰਿਸ਼ਨ ਕੁਮਾਰ ਢਾਕਾ ਨੇ 28 ਸੈਕਟਰ ਚੰਡੀਗੜ੍ਹ ਵਿਚ ਸ਼ਾਪ ਕਮ ਫਲੈਟ ਲੈ ਕੇ ਲਕਸ਼ਮੀ ਮਸ਼ੀਨਰੀ ਸਟੋਰ ਖੋਲ੍ਹ ਲਿਆ ਸੀ। ਥੱਲੇ ਦੁਕਾਨ ਅਤੇ ਉਪਰਲੀ ਮੰਜ਼ਲ ਤੇ ਰਿਹਾਇਸ਼ ਸੀ। ਇਸ ਤੋਂ ਪਹਿਲਾਂ ਜਦੋਂ ਕਦੇ ਵੀ ਮੈਂ ਚੰਡੀਗੜ੍ਹ ਜਾਂਦਾ ਤਾਂ ਚੌਧਰੀ ਦੇਵੀ ਲਾਲ ਕੋਲ ਹੀ ਠਹਿਰਦਾ ਹੁੰਦਾ ਸਾਂ। ਉਹਦੇ ਘਰ ਵਿਚ ਸਾਰੇ ਮੈਨੂੰ ਗਿਆਨੀ ਜੀ ਕਹਿ ਕੇ ਬੁਲਾਂਦੇ ਸਨ ਪਰ ਦੇਵੀ ਲਾਲ ਮੈਨੂੰ ਮੋਮੀ ਸਾਹਿਬ ਕਹਿ ਕੇ ਬੁਲਾਂਦਾ ਸੀ। ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ "ਮਸਾਲੇ ਵਾਲਾ ਘੋੜਾ" ਛਪਵਾਣ ਵਿਚ ਵੀ ਉਸ ਨੇ ਮੇਰੀ ਬਹੁਤ ਮਦਦ ਕੀਤੀ ਸੀ। ਉਸ ਨੂੰ ਮੇਰੀ ਹਰ ਕਹਾਣੀ ਜ਼ਬਾਨੀ ਯਾਦ ਸੀ ਅਤੇ ਉਸ ਨੂੰ ਅੰਗਰੇਜ਼ੀ ਨਾਵਲ ਪੜ੍ਹਨ ਦਾ ਐਨਾ ਸ਼ੌਕ ਸੀ ਕਿ ਕਈ ਵਾਰ ਮਸ਼ੀਨਰੀ ਸਟੋਰ ਤੋਂ ਸਾਮਾਨ ਲੈਣ ਆਇਆ ਗਾਹਕ ਭਾਵੇਂ ਮੁੜ ਜਾਂਦਾ ਪਰ ਦੇਵੀ ਲਾਲ ਨਾਵਲ ਪੜ੍ਹਨ ਵਿਚ ਮਗਨ ਰਹਿੰਦਾ। ਪਿੰਡਾਂ ਦੇ ਚੌਧਰੀਆਂ ਦੀ ਪਿਤਾ ਪੁਰਖੀ ਪਿਰਤ ਵਾਂਗ ਚੰਡੀਗੜ੍ਹ ਸ਼ਹਿਰ ਵਿਚ ਵੀ ਦੇਵੀ ਲਾਲ ਦੇ ਉਪਰਲੇ ਫਲੈਟ ਵਿਚ ਖਾਣਾ ਦੇਸੀ ਘਿਓ ਵਿਚ ਬਣਦਾ ਸੀ। ਅਬੋਹਰ, ਫਾਜ਼ਿਲਕਾ, ਹਰੀਪੁਰ, ਹਨੂਮਾਨਗੜ੍ਹ ਆਦਿ ਦੇ ਦੂਰ ਨੇੜੇ ਦੇ ਰਿਸ਼ਤੇਦਾਰ ਚੌਧਰੀਆਂ ਦਾ ਅਕਸਰ ਉਹਦੇ ਘਰ ਇਕਠ ਬੱਝਾ ਰਹਿੰਦਾ। ਇਹ ਲੋਕ ਰੋਟੀ ਬਾਹਰ ਨਹੀਂ ਖਾਂਦੇ ਸਨ। ਭਾਵੇਂ ਅਧੀ ਰਾਤ ਹੋਵੇ, ਦੇਸੀ ਘਿਓ ਦਾ ਖਾਣਾ ਆਏ ਪ੍ਰਹੁਣਿਆਂ ਨੂੰ ਖਵਾਇਆ ਜਾਂਦਾ ਸੀ। ਬਾਗੜੀ ਭਾਸ਼ਾ ਵਿਚ ਪ੍ਰਹੁਣਿਆਂ ਨੂੰ ਬਟਾਊ ਕਹਿੰਦੇ ਸਨ। ਦਿਨੇ ਦੇਵੀ ਲਾਲ ਆਏ ਬਟਾਊਆਂ ਨੂੰ ਆਪਣੀ ਕਾਰ ਜਾਂ ਮੋਟਰਸਾਈਕਲ ਤੇ ਚੰਡੀਗੜ੍ਹ ਘੁਮਾ ਕੇ ਵੀ ਲਿਆਉਂਦਾ। ਇਹ ਚੌਧਰੀ ਲੋਕ ਪਿਕਚਰਾਂ ਵੇਖਣ ਦੇ ਬੜੇ ਸ਼ੁਕੀਨ ਸਨ ਅਤੇ ਚੰਡੀਗੜ੍ਹ ਲਗੀਆਂ ਸਾਰੀਆਂ ਪਿਕਚਰਾਂ ਵੇਖ ਕੇ ਈ ਵਾਪਸ ਆਪਣੇ ਪਿੰਡਾਂ ਨੂੰ ਮੁੜਦੇ। ਮੈਂ ਕਈ ਵਾਰ ਸੋਚਦਾ ਕਿ ਚੌਧਰੀ ਦੇਵੀ ਲਾਲ ਭਾਵੇਂ ਪਿਛੋਂ ਸੌਖਾ ਸੀ ਪਰ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਰੋਜ਼ ਦੀ ਐਨੀ ਜ਼ਿਆਦਾ ਪ੍ਰਾਹੁਣਚਾਰੀ ਇਸ ਦੇ ਬਿਜ਼ਨਸ ਨੂੰ ਫੇਲ ਕਰ ਕੇ ਰਖ ਦੇਵੇਗੀ ਅਤੇ ਇਸਦਾ ਅੰਤ ਹੋਇਆ ਵੀ ਇਸੇ ਤਰ੍ਹਾਂ।

ਸਵੇਰੇ ਦੇਵੀ ਲਾਲ ਮੈਨੂੰ ਆਪਣੇ ਮੋਟਰ ਸਾਈਕਲ ਤੇ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਚੰਡੀਗੜ੍ਹ ਦੇ ਮੁਖ ਦਫਤਰ ਕੋਠੀ ਨੰਬਰ 72, ਸੈਕਟਰ 8-ਏ ਵਿਚ ਛਡ ਗਿਆ। ਬੋਰਡ ਦੇ ਬਹੁਤੇ ਦਫਤਰ ਸੈਕਟਰ 17 ਵਿਚ ਸਨ ਪਰ ਬੋਰਡ ਦੇ ਦੋ ਵਡੇ ਅਫਸਰ ਚੇਅਰਮੈਨ ਅਤੇ ਵਾਈਸ ਚੇਅਰਮੈਨ ਜੋ ਦੋਵੇਂ ਆਈ. ਏ. ਐਸ. ਸਨ, ਕੋਠੀ ਨੰਬਰ 72 ਵਿਚ ਬੈਠਦੇ ਸਨ। ਇਹਨਾਂ ਤੋਂ ਇਲਾਵਾ ਡਾਇਰੈਕਟਰ ਇਵੈਲੂਏਸ਼ਨ ਐਂਡ ਅਕੈਡਮਿਕ ਪਲੈਨਿੰਗ, ਓ. ਐਸ. ਡੀ. ਅਤੇ ਐਸਟੈਬਲਿਸ਼ਮੈਂਟ ਸਟਾਫ ਵੀ ਇਸੇ ਕੋਠੀ ਵਿਚ ਬੈਠਦਾ ਸੀ। ਮੈਂ ਦੂਜੀ ਮੰਜ਼ਲ ਤੇ ਐਸਟੈਬਲਿਸ਼ਮੈਂਟ ਦੇ ਦਫਤਰ ਵਿਚ ਜਾ ਕੇ ਸੁਪਰਡੰਟ ਸ਼ਮਸ਼ੇਰ ਸਿੰਘ ਨੂੰ ਮਿਲਿਆ ਜੋ ਖੁਦ ਵੀ ਪੰਜਾਬ ਸਿਵਲ ਸੈਕਟਰੀਏਟ ਵਿਚੋਂ ਡੈਪੂਟੇਸ਼ਨ ਤੇ ਆਇਆ ਹੋਇਆ ਸੀ। ਮੈਂ ਆਪਣੀ ਅਰਜ਼ੀ ਬਾਰੇ ਪੁਛਿਆ ਤਾਂ ਕਹਿਣ ਲੱਗਾ ਅਹਿ ਨਾਲ ਹੀ ਮਿਸਟਰ ਸਵਰਨ ਸਿੰਘ ਘੁੰਮਣ ਅਸਿਸਟੰਟ ਸੈਕਸ਼ਨਲ ਅਫਸਰ ਬੈਠੇ ਹਨ, ਅਰਜ਼ੀਆਂ ਨੂੰ ਇਹ ਡੀਲ ਕਰਦੇ ਹਨ, ਇਹਨਾਂ ਤੋਂ ਪਤਾ ਕਰ ਲਵੋ। ਘੁੰਮਣ ਸਾਹਿਬ ਵੀ ਬੜੇ ਪਿਆਰ ਨਾਲ ਮਿਲੇ। ਮੇਰੇ ਲੇਖਕ ਹੋਣ ਬਾਰੇ ਉਹਨਾਂ ਨੂੰ ਪਤਾ ਸੀ। ਪੰਜਾਬ ਭਾਸ਼ਾ ਵਿਭਾਗ ਪਟਿਆਲਾ ਵਿਚ ਕੰਮ ਕਰਦਾ ਨਾਟਕਕਾਰ ਕਪੂਰ ਸਿੰਘ ਘੁੰਮਣ ਉਹਨਾਂ ਦਾ ਕਜ਼ਨ ਸੀ। ਉਹਨਾਂ ਫਾਈਲ ਵੇਖ ਕੇ ਦਸਿਆ ਕਿ ਅਰਜ਼ੀਆਂ ਤਾਂ ਬਹੁਤ ਆਈਆਂ ਸਨ ਪਰ ਮੇਰੀ ਅਰਜ਼ੀ ਤਾਂ ਪਹੁੰਚੀ ਹੀ ਨਹੀਂ ਸੀ। ਮੈਨੂੰ ਫਿਕਰ ਪੈ ਗਿਆ। ਉਹਨਾਂ ਸਲਾਹ ਦਿਤੀ ਕਿ ਮੈਂ ਫੌਰਨ ਡੀ. ਪੀ. ਆਈ. ਦਫਤਰ ਪੰਜਾਬ ਵਿਚ ਜਾ ਕੇ ਆਪਣੀ ਅਰਜ਼ੀ ਬੋਰਡ ਨੂੰ ਭੇਜਣ ਲਈ ਕਹਾਂ। ਘੁੰਮਣ ਸਾਹਿਬ ਨੇ ਮੈਨੂੰ ਚਾਹ ਵੀ ਪਿਆਈ ਅਤੇ ਦਸਿਆ ਕਿ ਉਹ ਵੀ ਸੈਕਟਰੀਏਟ ਤੋਂ ਬੋਰਡ ਵਿਚ ਡੈਪੂਟੇਸ਼ਨ ਤੇ ਆਏ ਹਨ ਤੇ ਮੇਰੀ ਅਗਵਾਈ ਕਰਨ ਦੀ ਹਾਂ ਵੀ ਭਰੀ। ਨਵਾਂ ਨਵਾਂ ਬੋਰਡ ਬਣਨ ਕਰ ਕੇ ਕਾਫੀ ਸਟਾਫ ਪੰਜਾਬ ਯੂਨੀਵਰਸਿਟੀ, ਸੈਕਟਰੀਏਟ ਅਤੇ ਕੁਝ ਹੋਰ ਮਹਿਕਮਿਆਂ ਤੋਂ ਮੰਗਵਾਇਆ ਗਿਆ ਸੀ। ਮੈਂ ਓਥੋਂ ਰਿਕਸ਼ਾ ਲੈ ਕੇ 17 ਸੈਕਟਰ ਡੀ. ਪੀ. ਆਈ. ਦੇ ਦਫਤਰ ਆ ਗਿਆ ਤੇ ਐਡਮਿਨਸਟਰੇਟਰ ਜੋ ਇਕ ਪੀ. ਸੀ. ਐਸ. ਅਫਸਰ ਸੀ, ਨੂੰ ਮਿਲ ਕੇ ਆਪਣੀ ਅਰਜ਼ੀ ਬਾਰੇ ਪੁਛਿਆ। ਉਸ ਆਪਣੇ ਪੀ. ਏ. ਨੂੰ ਬੁਲਾ ਕੇ ਅਰਜ਼ੀ ਨਾ ਭੇਜਣ ਦਾ ਕਾਰਨ ਪੁਛਿਆ ਤਾਂ ਓਸ ਫਾਈਲ ਵੇਖ ਕੇ ਦਸਿਆ ਕਿ ਅਸੀਂ ਇਹਨਾਂ ਦੀ ਅਰਜ਼ੀ ਨਹੀਂ ਭੇਜੀ ਕਿਉਂਕਿ ਇਹ ਬੀ. ਐਡ. ਨਹੀਂ ਹਨ। ਮੈਂ ਕਿਹਾ ਕਿ ਅਰਜ਼ੀ ਦੇਣ ਵੇਲੇ ਬੀ. ਐਡ. ਹੋਣ ਦੀ ਕੋਈ ਸ਼ਰਤ ਨਹੀਂ ਸੀ ਅਤੇ ਮੈਂ ਇਸ ਪੋਸਟ ਲਈ ਆਪਣੇ ਆਪ ਨੂੰ ਹਰ ਪਖੋਂ ਯੋਗ ਸਮਝਦਾ ਹਾਂ। ਪੀ. ਏ. ਨੇ ਕੋਲੋਂ ਕਿਹਾ ਕਿ ਜਦ ਆਈਆਂ ਅਰਜ਼ੀਆਂ ਭੇਜਣ ਬਾਰੇ ਮੀਟਿੰਗ ਹੋਈ ਸੀ ਤਾਂ ਓਸ ਵਿਚ ਮਹਿਕਮੇ ਨੇ ਫੈਸਲਾ ਲਿਆ ਸੀ ਕਿ ਸਿਰਫ ਬੀ. ਐਡ. ਪਾਸ ਉਮੀਦਵਾਰਾਂ ਦੀਆਂ ਅਰਜ਼ੀਆਂ ਭੇਜੀਆਂ ਜਾਣ। ਹੁਣ ਇਹ ਫੈਸਲਾ ਬਦਲਿਆ ਨਹੀਂ ਜਾ ਸਕਦਾ। ਕੋਈ ਚਾਰਾ ਚਲਦਾ ਨਾ ਵੇਖ ਮੈਂ ਅਸਿਸਟੰਟ ਡਾਇਰੈਕਟਰ ਸ. ਮਨਮੋਹਨ ਸਿੰਘ ਦੇ ਕੋਲ ਆ ਗਿਆ ਤੇ ਸਾਰੀ ਗੱਲ ਦੱਸੀ। ਉਹ ਕਹਿਣ ਲਗਾ ਕਿ ਸਿਰਫ ਇਕੋ ਤਰੀਕਾ ਹੈ ਕਿ ਜੇਕਰ ਐਜੂਕੇਸ਼ਨ ਮਨਿਸਟਰ ਸੁਰਜੀਤ ਸਿੰਘ ਬਰਨਾਲਾ ਮੇਰੀ ਅਰਜ਼ੀ ਬੋਰਡ ਨੂੰ ਭੇਜਣ ਬਾਰੇ ਫੋਨ ਕਰ ਦੇਵੇ ਤਾਂ ਡੀ. ਪੀ. ਆਈ. ਦਫਤਰ ਨੂੰ ਅਰਜ਼ੀ ਭੇਜਣੀ ਪਵੇਗੀ। ਮੈਂ ਸ. ਮਨਮੋਹਨ ਸਿੰਘ ਦੇ ਦਫਤਰ ਵਿਚੋਂ ਹੀ ਸ. ਗੁਰਮੀਤ ਸਿੰਘ ਨੂੰ ਫੋਨ ਮਿਲਾਇਆ ਜੋ ਓਸ ਵੇਲੇ ਪੰਜਾਬ ਦੇ ਖੁਰਾਕ ਅਤੇ ਸਪਲਾਈ ਮੰਤਰੀ ਸਨ ਅਤੇ ਕਿਹਾ ਕਿ ਤੁਸੀਂ ਬਰਨਾਲਾ ਸਾਹਿਬ ਨੂੰ ਕਹਿ ਕੇ ਮੇਰੀ ਅਰਜ਼ੀ ਬੋਰਡ ਕੋਲ ਪੁਜਦੀ ਕਰਵਾਓ। ਗੁਰਮੀਤ ਸਿੰਘ ਨੇ ਕਿਹਾ ਕਿ ਓਸ ਅਫਸਰ ਦਾ ਨਾਂ ਅਤੇ ਫੋਨ ਨੰਬਰ ਦੱਸੋ ਜਿਸ ਨੂੰ ਕਹਿਣਾ ਹੈ। ਇਸ ਨੂੰ ਮੁਅਜਜ਼ਾ ਹੀ ਕਹਿਣਾ ਚਾਹੀਦਾ ਹੈ ਕਿ ਸ. ਗੁਰਮੀਤ ਸਿੰਘ ਨੇ ਖੁਦ ਵੀ

ਐਡਮਿਨਸਟਰੇਟਰ ਅਫਸਰ ਨੂੰ ਫੋਨ ਕਰ ਦਿਤਾ ਅਤੇ ਬਰਨਾਲਾ ਸਾਹਿਬ ਤੋਂ ਵੀ ਫੋਨ ਕਰਵਾ ਦਿਤਾ ਅਤੇ ਮੇਰੀ ਅਰਜ਼ੀ ਸਕੂਲ ਬੋਰਡ ਦੇ ਸਬੰਧਤ ਅਫਸਰਾਂ ਤਕ ਪੁਜ ਗਈ।

ਵਾਪਸ ਫਿਰੋਜ਼ਪੁਰ ਆ ਕੇ ਜਦ ਮੈਂ ਸਾਰੀ ਗੱਲ ਗੁਲਸ਼ਨਰਾਜ ਕੌਰ ਨੂੰ ਦੱਸੀ ਤਾਂ ਉਹ ਕਹਿਣ ਲੱਗੀ ਕਿ ਮੈਂ ਪਹਿਲਾਂ ਹੀ ਕਿਹਾ ਸੀ ਕਿ ਮੈਂ ਚੰਡੀਗੜ੍ਹ ਜਾ ਕੇ ਆਪਣੀ ਅਰਜ਼ੀ ਦਾ ਪਿਛਾ ਕਰਾਂ। ਤੂੰ ਫਿਕਰ ਨਾ ਕਰ ਇਹ ਪੋਸਟ ਤੈਨੂੰ ਜ਼ਰੂਰ ਮਿਲੇਗੀ। ਹੁਣ ਮੈਂ ਇੰਟਰਵਿਊ ਲੈਟਰ ਦੀ ਉਡੀਕ ਕਰਨ ਲਗਾ। ਆਖਰ ਇਕ ਦਿਨ ਇੰਟਰਵਿਊ ਲੈਟਰ ਵੀ ਆ ਗਿਆ। ਗੁਲਸ਼ਨਰਾਜ ਨੇ ਫਿਰ ਕਿਹਾ ਕਿ ਇਸ ਪੋਸਟ ਲਈ ਮੁਕਾਬਲਾ ਬਹੁਤ ਤਕੜਾ ਹੋਵੇਗਾ, ਤੂੰ ਆਪਣੀ ਭਜ ਨਠ ਕਰ। ਗੁਰਮੀਤ ਸਿੰਘ ਤੇ ਬਲਵੰਤ ਸਿੰਘ ਕੋਲੋਂ ਅਫਸਰਾਂ ਨੂੰ ਟੈਲੀਫੋਨ ਕਰਵਾ ਤੇ ਇੰਟਰਵਿਊ ਦੀ ਤਿਆਰੀ ਵੀ ਕਰ। ਇਹ ਪਤਾ ਲਗ ਚੁਕਾ ਸੀ ਕਿ ਇੰਟਰਵਿਊ ਮਿਸਟਰ ਸੇਨ ਨੇ ਲੈਣੀ ਹੈ ਜੋ ਬਹੁਤ ਕਾਬਲ, ਬਾ-ਰਅਬ ਤੇ ਤਿਖਾ ਅਫਸਰ ਸੀ। ਆਈ. ਏ. ਐਸ. ਵਿਚ ਆਉਣ ਤੋਂ ਪਹਿਲਾਂ ਕਲਕੱਤੇ ਇਕਨਾਮਿਕਸ ਦਾ ਪ੍ਰੋਫੈਸਰ ਰਿਹਾ ਸੀ। ਇੰਟਰਵਿਊ ਲੈਟਰ ਲੈ ਕੇ ਚੰਡੀਗੜ੍ਹ ਪਹੁੰਚ ਮੈਂ ਪਹਿਲਾਂ ਸਵਰਨ ਸਿੰਘ ਘੁੰਮਨ ਨੂੰਬੋਰਡ ਵਿਚ ਮਿਲਿਆ ਤੇ ਫਿਰ ਗੁਰਮੀਤ ਸਿੰਘ ਨੂੰ ਮਿਲ ਕੇ ਸਾਰੀ ਗੱਲ ਦੱਸੀ। ਓਸ ਤੁਰਤ ਵਾਈਸ ਚੇਅਰਮੈਨ ਮਿਸਟਰ ਏ. ਸੀ. ਸੇਨ, ਆਈ. ਏ. ਐਸ. ਨੂੰ ਮੇਰੀ ਕਾਬਲੀਅਤ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਫੋਨ ਕਰ ਦਿਤਾ। ਗੁਰਮੀਤ ਸਿੰਘ ਨੇ ਇਹ ਵੀ ਕਿਹਾ ਕਿ ਇਹ ਬਹੁਤ ਸਖਤ ਅਫਸਰ ਹੈ ਅਤੇ ਮੈਨੂੰ ਪੂਰੀ ਤਿਆਰੀ ਕਰ ਕੇ ਇੰਟਰਵਿਊ ਵਿਚ ਜਾਣਾ ਚਾਹੀਦਾ ਹੈ। ਉਹ ਏਨਾ ਸਖਤ ਸੀ ਕਿ ਸਾਰਾ ਬੋਰਡ ਉਹਦੇ ਕੋਲੋਂ ਡਰਦਾ ਸੀ। ਚੇਅਰਮੈਨ ਸੋਢੀ ਸਾਹਿਬ ਰੀਟਾਇਰਡ ਆਈ. ਏ. ਐਸ. ਅਫਸਰ ਸਨ ਜੋ ਦੋ ਸਾਲ ਲਈ ਬੋਰਡ ਦੇ ਪਹਿਲੇ ਚੇਅਰਮੈਨ ਲਗੇ ਸਨ। ਉਹਨਾਂ ਆਪਣੀਆਂ ਸਾਰੀਆਂ ਪਾਵਰਜ਼ ਵਾਈਸ ਚੇਅਰਮੈਨ ਨੂੰ ਦੇ ਰਖੀਆਂ ਸਨ। ਇਵੈਲੂਏਸ਼ਨ ਅਤੇ ਅਕੈਡਿਮਿਕ ਪਲੈਨਿੰਗ ਦੇ ਡਾਇਰੈਕਟਰ ਸ. ਜਗਦੀਸ਼ ਸਿੰਘ ਸਨ ਜੋ ਕਦੇ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਐਕਟਿਵਟੀ ਸਕੂਲ ਵਿਚ ਪੜ੍ਹਾਂਦੇ ਰਹੇ ਸਨ ਅਤੇ ਉਹਨਾਂ ਨੇ ਬਚਿਆਂ ਬਾਰੇ ਕਈ ਕਿਤਾਬਾਂ ਵੀ ਲਿਖੀਆਂ ਸਨ। ਦਿੱਲੀ ਵਿਚ ਸੈਂਟਰ ਦੇ ਐਜੁਕੇਸ਼ਨ ਮਹਿਕਮੇ ਵਿਚੋਂ ਰੀਟਾਇਰ ਹੋਣ ਪਿਛੋਂ ਕਿਸੇ ਵਡੀ ਸਿਫਾਰਸ਼ ਨਾਲ ਸਿੱਧੇ ਬੋਰਡ ਵਿਚ ਡਾਇਰੈਕਟਰ ਆ ਲਗੇ ਸਨ। ਮੈਂ ਉਹਨਾਂ ਨੂੰ ਵੀ ਇੰਟਰਵਿਊ ਤੋਂ ਪਹਿਲਾਂ ਮਿਲਿਆ ਅਤੇ ਆਪਣੇ ਬਾਰੇ ਦਸਿਆ। ਕਹਿਣ ਲੱਗੇ ਮੈਂ ਤੁਹਾਨੂੰ ਜਾਣਦਾ ਹਾਂ ਅਤੇ ਤੁਹਾਡੀਆਂ ਕਿਤਾਬਾਂ ਵੀ ਪੜ੍ਹੀਆਂ ਹਨ। ਜਿਨ੍ਹਾਂ ਉਮੀਦਵਾਰਾਂ ਨੂੰ ਇੰਟਰਵਿਊ ਤੇ ਬੁਲਾਇਆ ਗਿਆ ਹੈ, ਉਹਨਾਂ ਦੀਆਂ ਅਰਜ਼ੀਆਂ ਦੀ ਚੋਣ ਮੈਂ ਹੀ ਕੀਤੀ ਹੈ। ਅਰਜ਼ੀਆਂ ਬਹੁਤ ਸਨ ਪਰ ਅਸੀਂ ਥੋੜ੍ਹੇ ਉਮੀਦਵਾਰਾਂ ਨੂੰ ਬੁਲਾਇਆ ਹੈ। ਤੁਸੀਂ ਤਿਆਰੀ ਕਰ ਕੇ ਆਉਣਾ ਅਤੇ ਮੁਲਅੰਕਣ ਬਾਰੇ ਵਧ ਤੋਂ ਵਧ ਕਿਤਾਬਾਂ ਪੜ੍ਹ ਕੇ ਪੂਰੀ ਤਿਆਰੀ ਨਾਲ ਆਉਣਾ, ਤੁਹਾਡੀ ਇੰਟਰਵਿਊ ਅੰਗਰੇਜ਼ੀ ਵਿਚ ਹੋਣੀ ਹੈ ਕਿਉਂਕਿ ਸੇਨ ਸਾਹਿਬ ਬੰਗਾਲੀ ਹਨ ਅਤੇ ਉਹਨਾਂ ਨੂੰ ਪੰਜਾਬੀ ਬਹੁਤ ਘੱਟ ਆਉਂਦੀ ਹੈ। ਬਲਵੰਤ ਸਿੰਘ ਦੌਰੇ ਤੇ ਗਿਆ ਹੋਣ ਕਰ ਕੇ ਮਿਲ ਨਾ ਸਕਿਆ ਤੇ ਮੈਂ ਚਿਠੀ ਲਿਖ ਕੇ ਉਸ ਦੇ ਪੀ ਏ ਨੂੰ ਫੜਾ ਆਇਆ। ਕੁਝ ਦਿਨਾਂ ਪਿਛੋਂ ਬਲਵੰਤ ਸਿੰਘ ਦੀ ਚਿਠੀ ਆ ਗਈ ਕਿ ਓਹਨੇ ਚੇਅਰਮੈਨ ਨੂੰ ਫੋਨ ਕਰ ਦਿਤਾ ਸੀ।

ਇੰਟਰਵਿਊ ਵਾਲੇ ਦਿਨ ਮੈਨੂੰ ਬੜਾ ਡਰ ਲਗ ਰਿਹਾ ਸੀ। ਇੰਟਰਵਿਊ ਲਈ ਬੁਲਾਏ ਉਮੀਦਵਾਰ ਸਕੂਲਾਂ ਕਾਲਜਾਂ ਦੇ ਅਜਿਹੇ ਲੈਕਚਰਰ ਸਨ ਜੋ ਲੇਖਕ ਵੀ ਸਨ ਅਤੇ ਪੜ੍ਹਾਣ ਦਾ ਤਜਰਬਾ ਰਖਦੇ ਸਨ। ਇਹਨਾਂ ਵਿਚ ਮੜ੍ਹੀ ਦੇ ਦੀਵੇ ਵਾਲਾ ਨਾਵਲਕਾਰ ਗੁਰਦਿਆਲ ਸਿੰਘ ਅਤੇ ਕਵੀ ਸੁਰਜੀਤ ਰਾਮਪੁਰੀ ਵੀ ਸੀ। ਹੋਰ ਵੀ ਬਹੁਤ ਸਨ ਜਿਨ੍ਹਾਂ ਨੂੰ ਮੈਂ ਜ਼ਿਆਦਾ ਨਹੀਂ ਜਣਾਦਾ ਸਾਂ। ਵਾਰੀ ਆਣ ਤੇ ਕੰਬਦਾ ਕੰਬਦਾ ਮੈਂ ਅੰਦਰ ਗਿਆ। ਮਿਸਟਰ ਸੇਨ ਇੰਟਰਵਿਊ ਚੇਅਰ ਕਰ ਰਹੇ ਸਨ ਤੇ ਉਹਨਾਂ ਦੇ ਸਜੇ ਖਬੇ ਬੋਰਡ ਦੇ ਸੈਕਟਰੀ ਪ੍ਰੋ: ਸਰਵਨ ਸਿੰਘ ਜੋ ਐਜੁਕੇਸ਼ਨ ਮਮਿਸਟਰ ਬਰਨਾਲਾ ਸਾਹਿਬ ਦੇ ਬਹਿਨੋਈ ਸਨ ਅਤੇ ਡਾਇਰੈਕਟਰ ਜਗਦੀਸ਼ ਸਿੰਘ ਬੈਠੇ ਸਨ। 45 ਮਿੰਟ ਚੱਲੀ ਇਸ ਇੰਟਰਵਿਊ ਵਿਚ ਇਹਨਾਂ ਦੋਹਾਂ ਅਫਸਰਾਂ ਨੇ ਸਾਰੀ ਇੰਟਰਵਿਊ ਦੌਰਾਨ ਮੈਨੂੰ ਕੋਈ ਸਵਾਲ ਨਾ ਕੀਤਾ। ਮਿਸਟਰ ਸੇਨ ਨੇ ਸਭ ਤੋਂ ਪਹਿਲਾਂ ਮੇਰੀਆ ਸਾਰੀਆਂ ਛਪੀਆਂ ਕਿਤਾਬਾਂ ਜਿਨ੍ਹਾਂ ਵਿਚ ਕਹਾਣੀਆਂ, ਨਾਵਲ, ਡਰਾਮੇ ਤੇ ਬਚਿਆਂ ਦੀਆਂ ਕਿਤਾਬਾਂ ਸਨ, ਬੜੇ ਗਹੁ ਨਾਲ ਘੋਖੀਆਂ। ਕਹਾਣੀਆਂ ਦੀ ਕਿਤਾਬ "ਜੇ ਮੈਂ ਮਰ ਜਾਵਾਂ" ਜੋ ਸ਼ਿਵ ਕੁਮਾਰ ਬਟਾਲਵੀ ਨੇ ਐਡਿਟ ਕੀਤੀ ਸੀ, ਸੇਨ ਸਾਹਿਬ ਨੇ ਬੜੀ ਗੰਭੀਰਤਾ ਨਾਲ ਵੇਖੀ ਅਤੇ ਕਿਤਾਬ ਦੀ ਜੈਕਟ ਤੇ ਵਖ ਵਖ ਲੇਖਕਾਂ ਦੇ ਰੀਮਾਰਕਸ ਪੜ੍ਹੇ। ਇਹ ਰੀਮਾਰਕਸ ਲਿਖਣ ਵਾਲਿਆਂ ਵਿਚ ਬਲਵੰਤ ਗਾਰਗੀ, ਹਰਬੰਸ ਸਿੰਘ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਕੁਲਵੰਤ ਸਿੰਘ ਵਿਰਕ, ਗੁਰਮਖ ਸਿੰਘ ਜੀਤ ਆਦਿ ਹੋਰ ਵੀ ਕਈ ਵਿਦਵਾਨ ਸਨ। ਇਹ ਕਿਤਾਬਾਂ ਵੇਖਣ ਤੇ ਕਾਫੀ ਸਮਾਂ ਲਗ ਗਿਆ। ਫਿਰ ਸੇਨ ਸਾਹਿਬ ਨੇ ਜੋ ਤਾਬੜ ਤੋੜ ਸਵਾਲ ਮੈਥੋਂ ਅੰਗਰੇਜ਼ੀ ਵਿਚ ਪੁਛੇ, ਉਹਨਾਂ ਦਾ ਪੰਜਾਬੀ ਵਿਚ ਕੁਝ ਵਿਸਥਾਰ ਇਸ ਤਰ੍ਹਾਂ ਹੈ। ਬੋਰਡ ਸਾਰੀਆਂ ਤਿਕਾਬਾਂ ਨਵੇਂ ਸਿਰੇ ਤੋਂ ਲਿਖਵਾ ਰਿਹਾ ਹੈ, ਤੁਸੀਂ ਇਸ ਵਿਚ ਕੀ ਕਰੋਗੇ। ਮੈਂ ਕਿਹਾ ਕਿ ਪਹਿਲਾਂ ਵਿਸ਼ਿਆਂ ਅਨੁਸਾਰ ਸਬੰਧਤ ਵਿਸ਼ੇ ਮਾਹਰਾਂ ਦੀਆਂ ਕਮੇਟੀਆਂ ਬਣਾ ਸਲੇਬਸ ਸੋਧੇ ਜਾਣਗੇ ਅਤੇ ਫਿਰ ਸੋਧੇ ਸਲੇਬਸ ਅਨੁਸਾਰ ਵਿਸ਼ੇ ਨਾਲ ਸਬੰਧਤ ਲੇਖਕਾਂ ਅਤੇ ਵਿਦਵਾਨਾਂ ਤੋਂ ਨਵੀਆਂ ਕਿਤਾਬਾਂ ਲਿਖਵਾਈਆਂ ਜਾਣਗੀਆਂ। ਫਿਰ ਇਹਨਾਂ ਖਰੜਿਆਂ ਦੀ ਵੈਟਿੰਗ ਕਰਵਾਈ ਜਾਵੇਗੀ। ਪਰ ਇਹ ਕੰਮ ਤਾਂ ਬਹੁਤ ਗੰਭੀਰ ਅਤੇ ਜ਼ਿੰਮੇਵਾਰੀ ਵਾਲਾ ਹੈ। ਸਰ, ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ। ਬਦਲ ਰਹੀਆਂ ਸਮਾਜਕ, ਵਿਗਿਆਨਕ, ਆਰਥਕ ਤੇ ਇਤਹਾਸਿਕ ਕੀਮਤਾਂ ਅਨੁਸਾਰ ਸਲੇਬਸ ਸੋਧੇ ਜਾਣੇ ਬੜੇ ਜ਼ਰੂਰੀ ਹਨ। ਸਾਨੂੰ ਦੂਜੇ

ਸੂਬਿਆਂ ਦੇ ਬੋਰਡਾਂ ਦੀਆਂ ਕਿਤਾਬਾਂ ਅਤੇ ਸਲੇਬਸ ਦੀ ਤੁਲਆਤਮਿਕ ਸਟੱਡੀ ਵੀ ਕਰਨੀ ਜ਼ਰੂਰੀ ਹੋਵੇਗੀ। ਬਦੇਸ਼ੀ ਐਜੂਕੇਸ਼ਨ ਸਿਸਟਮ ਵਿਚ ਹੋ ਰਹੀਆਂ ਤਬਦੀਲੀਆਂ ਬਾਰੇ ਵੀ ਜਾਣਕਾਰੀ ਲੈਣੀ ਪਵੇਗੀ ਜਿਵੇਂ ਬਦੇਸ਼ਾਂ ਵਿਚ ਸਕੂਲ ਲੈਵਲ ਤੇ ਸੈਕਸ ਬਾਰੇ ਵਿਦਿਆਰਥੀ ਦੀ ਉਮਰ ਅਨੁਸਾਰ ਸਹਿੰਦੀ ਸਹਿੰਦੀ ਜਣਕਾਰੀ ਦਿਤੀ ਜਾਂਦੀ ਹੈ। ਸੇਨ ਸਾਹਿਬ ਨੇ ਫੌਰਨ ਟੋਕ ਕੇ ਕਿਹਾ ਕਿ ਇਹ ਤਾਂ ਬਹੁਤ ਕੰਟਰੋਵਰਸ਼ਲ ਵਿਸ਼ਾ ਹੈ। ਮੈਂ ਜਵਾਬ ਦਿਤਾ ਕਿ ਸਾਨੂੰ ਇਸ ਤਰ੍ਹਾਂ ਦੀਆਂ ਕਹਾਣੀਆਂ, ਨਾਵਲ ਆਦਿ ਰਾਹੀਂ ਇਹ ਵਿਦਿਆ ਦੇਣ ਦੀ ਕੋਸ਼ਿਸ਼ ਕਰਨੀ ਹੋਵੇਗੀ।

ਸਵਾਲ ਤਾਂ ਉਹਨਾਂ ਨੇ ਬਹੁਤ ਪੁਛੇ ਅਤੇ ਮੈਨੂੰ ਪਸੀਨਾ ਆ ਗਿਆ ਪਰ ਉਹ ਬਾਰ ਬਾਰ ਇਵੈਲੂਏਸ਼ਨ ਬਾਰੇ ਬਹੁਤ ਕੁਝ ਪੁਛ ਰਹੇ ਸਨ ਜੋ ਦੱਸਣ ਵਿਚ ਮੈਂ ਅਸਮਰੱਥ ਹੁੰਦਾ ਜਾ ਰਿਹਾ ਸਾਂ। ਇਵੈਲੂਏਸ਼ਨ ਤੋਂ ਉਹਨਾਂ ਦਾ ਭਾਵ ਕੇਵਲ ਇਮਤਿਹਾਨੀ ਸੁਧਾਰ ਹੀ ਨਹੀਂ ਸੀ, ਸਗੋਂ ਇਕ ਵਿਦਿਆਰਥੀ ਲਈ ਯੋਗ ਸਲੇਬਸ, ਪੁਸਤਕਾਂ, ਪ੍ਰਸ਼ਨ ਪੱਤਰ ਅਤੇ ਮਾਰਕਿੰਗ ਵਿਚ ਤਬਦੀਲੀ ਲਿਆਉਣੀ ਸੀ। ਖੈਰ ਇੰਟਰਵਿਊ ਦੇ ਕੇ ਮੈਂ ਬਾਹਰ ਆ ਕੇ ਆਪਣਾ ਪਸੀਨਾ ਪੂੰਝਿਆ ਅਤੇ ਕੁਝ ਚਿਰ ਲਈ ਘੁੰਮਨ ਸਾਹਿਬ ਦੇ ਕਮਰੇ ਵਿਚ ਆ ਕੇ ਬੈਠ ਗਿਆ। ਉਹਨਾਂ ਨੂੰ ਇੰਟਰਵਿਊ ਬਾਰੇ ਸਭ ਦਸਿਆ ਅਤੇ ਉਹਨਾਂ ਜੱਟ ਜਿਗਰੇ ਨਾਲ ਕਿਹਾ ਕਿ ਮੇਰੇ ਚੁਣੇ ਜਾਣ ਦੀ ਕਾਫੀ ਆਸ ਹੈ। ਚਪੜਾਸੀ ਆ ਕੇ ਕਹਿ ਗਿਆ ਸੀ ਕਿ ਮੈਂ ਅਜੇ ਇੰਤਜ਼ਾਰ ਕਰਾਂ। ਲੰਚ ਤੋਂ ਬਾਅਦ ਚੋਣ ਦਾ ਫੈਸਲਾ ਹੋ ਜਾਣਾ ਹੈ। ਮੈਂ ਚੁਣਿਆ ਗਿਆ ਸਾਂ ਅਤੇ ਸੇਨ ਸਾਹਿਬ ਨੇ ਮੈਨੂੰ ਆਪਣੇ ਕਮਰੇ ਵਿਚ ਬੁਲਾ ਕੇ ਖੋਜ ਅਤੇ ਮੁਲਅੰਕਣ ਅਫਸਰ ਦੇ ਤੌਰ ਤੇ ਡੈਪੂਟੇਸ਼ਨ ਤੇ ਆਣ ਦਾ ਨਿਯੁਕਿਤੀ ਪੱਤਰ ਦਿੰਦਿਆਂ ਬੜੇ ਰੁਅਬ ਨਾਲ ਕਿਹਾ ਕਿ ਮੈਂ ਤੁਰਤ ਜਾਇਨ ਕਰਨ ਦੀ ਕੋਸ਼ਿਸ਼ ਕਰਾਂ। ਡੀ. ਪੀ. ਆਈ. ਦਫਤਰ ਵਿਚ ਕੋਈ ਰੁਕਾਵਟ ਹੋਵੇ ਤਾਂ ਮੈਂ ਉਹਨਾਂ ਨੂੰ ਦੱਸਾਂ। ਇਵੈਲੂਏਸ਼ਨ ਬਾਰੇ ਹਰ ਹਫਤੇ ਇਕ ਕਿਤਾਬ ਪੜ੍ਹ ਕੇ ਉਹਨਾਂ ਨੂੰ ਰੀਪੋਰਟ ਭੇਜਾਂ। ਉਹਨਾਂ ਦਾ ਥੈਂਕਯੂ ਕਰ ਕੇ ਮੈਂ ਬਾਹਰ ਆ ਗਿਆ। ਘੁੰਮਨ ਸਾਹਿਬ ਨੇ ਮੈਨੂੰ ਮੇਰਾ ਕਮਰਾ ਵਖਾਇਆ ਅਤੇ ਇਕ ਹੋਰ ਖੋਜ ਅਤੇ ਮੁਲਅੰਕਣ ਅਫਸਰ ਮਿਸਟਰ ਗੁਰਬਚਨ ਸਿੰਘ ਧਾਮੀ ਨਾਲ ਮਿਲਾਇਆ। ਓਸੇ ਕਮਰੇ ਵਿਚ ਮਿਸਟਰ ਨਰਿੰਦਰ ਸਿੰਘ ਵੀ ਬੈਠਦੇ ਸਨ ਜੋ ਡੀ. ਪੀ. ਆਈ. ਦਫਤਰ ਤੋਂ ਡੈਪੂਟੇਸ਼ਨ ਤੇ ਆਫੀਸਰ ਆਨ ਸਪੈਸ਼ਲ ਡਿਊਟੀ ਦੇ ਤੌਰ ਤੇ ਇਮਤਿਹਾਨਾਂ ਦੇ ਤੌਰ ਤਰੀਕਿਆਂ ਦੀ ਰੀਪੋਰਟ ਤਿਆਰ ਕਰ ਰਹੇ ਸਨ। ਮੇਰੇ ਲਈ ਇਹ ਸੁਫਨ ਜਾਲ ਜਿਹਾ ਹੀ ਸੀ। ਸਰਦਾਰ ਨਰਿੰਦਰ ਸਿੰਘ ਨੇ ਕੋਕ ਮੰਗਵਾ ਕੇ ਪਿਲਾਇਆ ਅਤੇ ਛੇਤੀ ਜਾਇਨ ਕਰਨ ਲਈ ਕਿਹਾ ਕਿਉਂਕਿ ਸਟਾਫ ਘੱਟ ਹੋਣ ਕਰ ਕੇ ਕੰਮ ਬਹੁਤ ਪਿਆ ਸੀ। ਮੈਂ ਸ. ਜਗਦੀਸ਼ ਸਿੰਘ ਡਾਇਰੈਕਟਰ ਸਾਹਿਬ ਨੂੰ ਵੀ ਮਿਲਿਆ ਅਤੇ ਉਹਨਾਂ ਨੇ ਵੀ ਮੈਨੂੰ ਜਲਦੀ ਤੋਂ ਜਲਦੀ ਜਾਇਨ ਕਰਨ ਦੀ ਤਾਕੀਦ ਕੀਤੀ ਕਿਉਂਕਿ ਮੇਰੇ ਵਾਲਾ ਦਫਤੀ ਕੰਮ ਉਹਨਾਂ ਨੂੰ ਖੁਦ ਕਰਨਾ ਪੈ ਰਿਹਾ ਸੀ। ਮੈਂ ਕਿਹਾ ਜੀ ਮੈਂ ਜਲਦੀ ਜਾਇਨ ਕਰਨ ਦੀ ਕੋਸ਼ਿਸ਼ ਕਰਾਂਗਾ ਪਰ ਸਬੰਧਤ ਮਹਿਕਮਿਆਂ, ਬਰਾਂਚਾਂ ਅਤੇ ਮੇਰੇ ਸਕੂਲ ਦੇ ਪ੍ਰਿੰਸੀਪਲ ਨੂੰ ਚਿਠੀਆਂ ਪੁਜਣੀਆਂ ਚਾਹੀਦੀਆਂ ਹਨ। ਜਿੰਨਾ ਚਿਰ ਉਹਨਾਂ ਕੋਲ ਹੁਕਮ ਨਹੀਂ ਪੁਜਦੇ ਅਤੇ ਉਹ ਮੈਨੂੰ ਪਹਿਲੀ ਨੌਕਰੀ ਤੋਂ ਰੀਲੀਵ ਨਹੀਂ ਕਰਦੇ, ਓਨਾ ਚਿਰ ਮੈਂ ਕਿਵੇਂ ਹਾਜ਼ਰ ਹੋ ਸਕਦਾ ਹਾਂ।

ਫਿਰੋਜ਼ਪੁਰ ਆ ਕੇ ਚੰਡੀਗੜ੍ਹ ਦੀ ਨੌਕਰੀ ਲਈ ਚੁਣੇ ਜਾਣ ਦੀ ਖਬਰ ਮੈਂ ਆਪਣੇ ਪਰਵਾਰ, ਸਕੂਲ ਅਤੇ ਬਿੰਦੂ ਨੂੰ ਸੁਣਾਈ। ਬਿੰਦੂ ਦੀਆਂ ਅਖਾਂ ਵਿਚ ਖੁਸ਼ੀ ਦੇ ਅਥਰੂ ਆ ਗਏ ਤੇ ਫਿਰ ਉਹ ਬਹੁਤ ਗੰਭੀਰ ਹੋ ਗਈ। ਕੀ ਗੱਲ ਹੈ? ਓਸ ਕੋਈ ਜਵਾਬ ਨਾ ਦਿਤਾ। ਉਤਸ਼ਾਹ ਦੀ ਰਾਣੀ ਦਾ ਉਦਾਸਿਆ ਚਿਹਰਾ ਸੱਤ ਸਮੁੰਦਰਾਂ ਵਿਚ ਗਰਕ ਹੁੰਦਾ ਜਾ ਰਿਹਾ ਸੀ। ਮੈਂ ਓਸ ਦਾ ਹਥ ਫੜ ਕੇ ਪਲੋਸਿਆ ਪਰ ਮੇਰੇ ਹਥ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਮੈਂ ਕਿਸੇ ਮੁਰਦੇ ਦਾ ਹਥ ਪਲੋਸ ਰਿਹਾ ਹੋਵਾਂ। ਮੈਂ ਕੁਝ ਬੋਲ ਇਕਠੇ ਕੀਤੇ ਤੇ ਕਿਹਾ ਕਿ ਤੂੰ ਕਹਿੰਦੀ ਹੁੰਦੀ ਸੈਂ ਕਿ ਮੈਂ ਤੈਨੂੰ ਇਕ ਅਫਸਰ ਬਣਿਆ ਵੇਖਣਾ ਚਹੁੰਦੀ ਹਾਂ ਅਤੇ ਮੈਂ ਦਿਨ ਦੂਣੀ ਰਾਤ ਚੌਗਣੀ ਤਰੱਕੀ ਕਰਾਂ। ਹੰਝੂ ਉਸਦੀਆਂ ਪਲਕਾਂ ਵਿਚ ਆ ਕੇ ਅਟਕ ਗਏ। ਕੁਝ ਚਿਰ ਬਾਅਦ ਉਹ ਹੁਬਕੀਂ ਹੁਬਕੀਂ ਰੋਣ ਲਗ ਪਈ। ਮੇਰੇ ਹੌਸਲੇ ਦੇ ਸ਼ਬਦ ਲੋਹ ਚੱਕਰ ਤੇ ਘਰੂਟ ਬਣਦੇ ਜਾ ਰਹੇ ਸਨ। "ਤੁਸੀਂ ਜਾਓ ਤੇ ਖੁਸ਼ ਰਹੋ" ਕਹਿ ਕੇ ਓਹ ਲੇਟ ਗਈ ਤੇ ਚਾਦਰ ਨਾਲ ਮੂੰਹ ਸਿਰ ਢਕ ਲਿਆ। ਠੀਕ 20 ਸਾਲ ਪਹਿਲਾਂ ਇਸੇ ਤਰ੍ਹਾਂ ਦਾ ਸੀਨ ਮਹਿਕ ਨੂੰ ਆਖਰੀ ਵਾਰ ਮਿਲਣ ਗਿਆਂ ਵਾਪਰਿਆ ਸੀ।

## ਕਿਸ਼ਤ:69-ਸਕੂਲ ਵੱਲੋਂ ਪਾਰਟੀ ਤੇ ਫਿਰੋਜ਼ਪੁਰ ਨੂੰ ਅਲਵਿਦਾ

ਫਿਰੋਜ਼ਪੁਰ ਦੇ ਸਕੂਲ ਵਿਚੋਂ ਮੈਂ ਆਪਣਾ ਚਾਰਜ ਦੇ ਦਿਤਾ ਅਤੇ ਮਈ 1971 ਦੇ ਦੂਜੇ ਹਫਤੇ ਦੇ ਅਖੀਰ ਵਿਚ ਮੈਨੂੰ ਸਕੂਲ ਵਿਚੋਂ ਰੀਲੀਵ ਕਰ ਦਿਤਾ ਗਿਆ। ਪ੍ਰਿੰਸੀਪਲ ਸ. ਹਰੀ ਸਿੰਘ, ਵਾਈਸ ਪ੍ਰਿੰਸੀਪਲ ਮਿਸਟਰ ਐਮ. ਐਲ. ਸਚਦੇਵਾ, ਲੈਕਚਰਰ ਗੁਲਸ਼ਨਰਾਜ ਕੌਰ, ਲੈਕਚਰਰ ਸੁਰਜੀਤ ਸਿੰਘ ਮਲ੍ਹੀ, ਲੈਕਚਰਰ ਕਾਬਲ ਸਿੰਘ, ਪਵਿਤਰ ਸਿੰਘ, ਕੇ. ਕੇ. ਤਰੇਹਨ, ਪਿਆਰਾ ਸਿੰਘ, ਦਲੀਪ ਸਿੰਘ ਭੁਪਾਲ, ਪ੍ਰੀਤਮ ਸਿੰਘ ਐਨ. ਡੀ. ਐਸ. ਬਲਬੀਰ ਸਿੰਘ ਐਨ. ਡੀ. ਐਸ. ਅਤੇ ਬਾਕੀ ਸਟਾਫ ਵੱਲੋਂ ਬੜੀ ਨਿਘੀ ਅਲਵਿਦਾ ਪਾਰਟੀ ਦਿਤੀ ਗਈ। ਪ੍ਰਿੰਸੀਪਲ ਹਰੀ ਸਿੰਘ, ਗੁਲਸ਼ਨਰਾਜ ਕੌਰ, ਸੁਰਜੀਤ

ਸਿੰਘ ਮਲ੍ਹੀ, ਕੇ. ਕੇ. ਤਰੇਹਨ ਆਦਿ ਨੇ ਬੜੇ ਪ੍ਰਭਾਵਸ਼ਾਲੀ ਸ਼ਬਦ ਕਹੇ ਅਤੇ ਦਲੀਪ ਸਿੰਘ ਭੁਪਾਲ ਨੇ ਕਿਹਾ ਕਿ ਮੋਮੀ ਸਾਹਿਬ ਦੇ ਅਨਪੜ੍ਹ ਕਿਸਾਨ ਬਾਪ ਦਾ ਸੁਪਨਾ ਸੀ ਕਿ ਮੇਰਾ ਪੁੱਤ ਸੋਲਾਂ ਜਮਾਤਾਂ ਪੜ੍ਹੇ ਤੇ ਫਿਰ ਕਿਤੇ ਡਿਪਟੀ ਕਮਿਸ਼ਨਰ ਲਗੇ। ਮੋਮੀ ਸਾਹਿਬ ਸੋਲਾਂ ਜਮਾਤਾਂ ਪੜ੍ਹ ਕੇ ਭਾਵੇਂ ਡਿਪਟੀ ਕਮਿਸ਼ਨਰ ਤਾਂ ਨਹੀਂ ਲਗ ਸਕੇ ਪਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਅਫਸਰ ਲਗ ਕੇ ਜਾ ਰਹੇ ਹਨ ਜਿਥੇ ਪੰਜਾਬ ਦੇ ਸਾਰੇ ਜ਼ਿਲਿਆਂ ਦੇ ਸਕੂਲ ਤੇ ਕਾਲਜ ਇਹਨਾਂ ਦੇ ਅਧਿਕਾਰ ਖੇਤਰ ਵਿਚ ਹੋਣਗੇ ਅਤੇ ਇਹ ਆਪਣੀ ਕਾਬਲੀਅਤ ਨਾਲ ਨਵੀਆਂ ਬਣਨ ਵਾਲੀਆਂ ਪਾਠ ਪੁਸਤਕਾਂ ਵਿਚ ਆਪਣਾ ਯੋਗਦਾਨ ਪਾ ਸਕਣਗੇ। ਆਪਣੀਆਂ ਰਚਨਾਵਾਂ ਨਾਲ ਸਕੂਲ ਬੋਰਡ ਦੇ ਪਰਚੇ ਪੰਖੜੀਆਂ ਦੇ ਚੰਗੇ ਸੰਪਾਦਕ ਸਿੱਧ ਹੋਣਗੇ। ਬਹੁਤ ਸਾਰੇ ਟੀਚਰਜ਼ ਇਸ ਲਈ ਵੀ ਖੁਸ਼ ਸਨ ਕਿ ਮੇਰੇ ਚੰਡੀਗੜ੍ਹ ਜਾਣ ਨਾਲ ਉਹਨਾਂ ਦੇ ਕਈ ਸਰਕਾਰੀ ਕੰਮ ਹੋ ਜਾਇਆ ਕਰਨਗੇ ਜਾਂ ਰਾਤ ਰਹਿਣ ਲਈ ਟਿਕਾਣਾ ਵੀ ਮਿਲ ਜਾਇਆ ਕਰੇਗਾ। ਪਹਿਲਾਂ ਮੈਂ ਇਕੱਲੇ ਨੇ ਹੀ ਚੰਡੀਗੜ੍ਹ ਜਾ ਕੇ ਨਵੀਂ ਨੌਕਰੀ ਤੇ ਹਾਜ਼ਰ ਹੋਣਾ ਸੀ। ਓਥੇ ਬਚਿਆਂ ਦੇ ਸਕੂਲਾਂ ਅਤੇ ਦਫਤਰ ਦੇ ਲਾਗੇ ਕਿਰਾਏ ਦਾ ਮਕਾਨ ਲਭ ਕੇ ਫਿਰ ਬਾਅਦ ਵਿਚ ਬੱਚਿਆਂ ਨੂੰ ਚੰਡੀਗੜ੍ਹ ਲੈ ਕੇ ਆਉਣਾ ਸੀ। ਜਿੰਨਾ ਚਿਰ ਤਕ ਕਿਰਾਏ ਦਾ ਮਕਾਨ ਨਹੀਂ ਸੀ ਮਿਲਦਾ, ਓਨਾ ਚਿਰ ਤਕ ਮੈਂ 28 ਸੈਕਟਰ ਵਿਚ ਆਪਣੇ ਦੋਸਤ ਚੌਧਰੀ ਦੇਵੀ ਲਾਲ ਦੇ ਕੋਲ ਹੀ ਰਹਿਣਾ ਸੀ। ਮੈਨੂੰ ਇਕੱਲੇ ਨੂੰ ਜੋ ਕੁਝ ਚਾਹੀਦਾ ਸੀ, ਮੈਂ ਤਿਆਰ ਕਰ ਰਿਹਾ ਸਾਂ, ਮਤਲਬ ਪਹਿਨਣ ਵਾਲੇ ਕਪੜੇ ਆਦਿ। ਬੱਚਿਆਂ ਨੂੰ ਹਾਲ ਦੀ ਘੜੀ ਫਿਰੋਜ਼ਪੁਰ ਦੇ ਸਕੂਲਾਂ ਵਿਚ ਪੜ੍ਹਦੇ ਰਹਿਣ ਦਿਤਾ ਗਿਆ। ਵਡੀ ਬੇਟੀ ਨੇ ਦਸਵੀਂ ਦਾ ਇਮਤਿਹਾਨ ਦਿਤਾ ਹੋਇਆ ਸੀ ਪਰ ਅਜੇ ਨਤੀਜਾ ਨਹੀਂ ਸੀ ਨਿਕਲਿਆ। ਬੱਚਿਆਂ ਨੂੰ ਚੰਡੀਗੜ੍ਹ ਦੇ ਕਿਹੜੇ ਕਿਹੜੇ ਸਕੂਲਾਂ ਵਿਚ ਦਾਖਲ ਕਰਵਾਉਣਾ ਹੈ, ਇਹ ਸਭ ਦਾ ਫੈਸਲਾ ਰਿਹਾਇਸ਼ ਮਿਲਣ ਤੋਂ ਬਾਅਦ ਹੀ ਹੋ ਸਕਦਾ ਸੀ। ਬੱਚੇ ਖੁਸ਼ ਸਨ ਕਿ ਉਹ ਇਕ ਖੂਬਸੂਰਤ ਸ਼ਹਿਰ ਵਿਚ ਜਾ ਰਹੇ ਸਨ ਤੇ ਚੰਡੀਗੜ੍ਹ ਦੇ ਚੰਗੇ ਸਕੂਲਾਂ ਵਿਚ ਪੜ੍ਹਨਗੇ। ਚੰਡੀਗੜ੍ਹ ਓਸ ਵੇਲੇ ਭਾਰਤ ਦਾ ਨਾ ਸਹੀਂ, ਪਰ ਕਮ ਅਜ਼ ਕਮ ਪੰਜਾਬ ਦਾ ਸਭ ਤੋਂ ਜ਼ਿਆਦਾ ਖੂਬਸੂਰਤ ਅਤੇ ਸਾਫ ਸੁਥਰਾ ਸ਼ਹਿਰ ਸੀ ਜੋ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਵਿਚ 1950 ਵਿਚ ਬਣਨਾ ਸ਼ੁਰੂ ਹੋਇਆ ਸੀ ਅਤੇ ਅਜੇ ਤਕ ਬਣੀ ਜਾ ਰਿਹਾ ਸੀ। ਜਿਥੇ ਵਡੇ ਵਡੇ ਸਰਕਾਰੀ ਦਫਤਰ ਸਨ ਅਤੇ ਪੰਜਾਬ ਸਰਕਾਰ ਦੇ ਹਰ ਮਹਿਕਮੇ ਦੇ ਵਡੇ ਅਫਸਰ ਏਥੇ ਬੈਠਦੇ ਸਨ। ਕਈ ਦਫਤਰਾਂ ਵਿਚ ਸੀਮਤ ਸਮੇਂ ਵਿਚ ਪਾਸ ਬਣਾ ਕੇ ਅੰਦਰ ਜਾਣ ਦਿਤਾ ਜਾਂਦਾ ਸੀ। ਪੰਜਾਬ ਅਤੇ ਹਰਿਆਣਾ ਦੀ ਵਿਧਾਨ ਸਭਾ, ਸੈਕਟਰੀਏਟ, ਹਾਈਕੋਰਟ, ਸੁਖ਼ਣਾ ਲੇਕ, ਨੇਕ ਚੰਦ ਦਾ ਰੌਕ ਗਾਰਡਨ, ਪੰਜਾਬ ਅਤੇ ਹਰਿਆਣਾ ਦੇ ਗਵਰਨਰ ਹਾਊਸਜ਼, ਪੰਜਾਬ ਯੂਨੀਵਰਸਿਟੀ, ਪੀ. ਜੀ. ਆਈ., ਜਨਰਲ ਹਸਪਤਾਲ ਸੈਕਟਰ 16, ਰੋਜ਼ ਗਾਰਡਨ, ਟੈਗੋਰ ਥੇਟਰ, ਵਡੇ ਵਡੇ ਸਿਨਮੇ, ਇੰਟਰ ਸਟੇਟ ਬੱਸ ਸਟੇਂਡ, ਹੋਟਲ ਮਾਊਂਟ ਵਿਊ ਅਤੇ ਹੋਰ ਕਈ ਹੋਟਲ, ਸਤਾਰਾਂ ਸੈਕਟਰ ਦੀ ਮਾਰਕੀਟ, ਨੀਲਮ ਸਿਮਨਾ ਅਤੇ ਜਗਤ ਥੇਟਰ, ਗੌਰਮਿੰਟ ਕਾਲਜ ਆਫ ਆਰਟ, ਮਿਊਜ਼ੀਅਮ, ਰੋਜ਼ਾਨਾ ਟ੍ਰਿਬਿਊਨ ਅਤੇ ਇੰਡੀਅਨ ਐਕਸਪ੍ਰੈੱਸ ਅਖਬਾਰਾਂ ਦੇ ਦਫਤਰ ਆਦਿ ਤੋਂ ਇਲਾਵਾ ਸ਼ਹਿਰ ਵਿਚ ਬੜੇ ਖੂਬਸੂਰਤ ਦਰਖਤ ਲਗੇ ਹੋਏ ਸਨ ਅਤੇ ਇੰਡਸਟਰੀਅਲ ਏਰੀਏ ਤੇ ਸ਼ਹਿਰ ਨੂੰ ਕਟਦੀ ਸੜਕ ਤੇ ਬੜੇ ਲੰਮੇ ਥਾਂ ਵਿਚ ਇਕ ਪਾਸੇ ਅੰਬਾਂ ਦੇ ਰੁੱਖ ਲਗੇ ਹੋਏ ਸਨ। ਇਸ ਤੋਂ ਇਲਾਵਾ ਪਰ੍ਹਾਂ ਪਹਾੜਾਂ ਵੱਲ ਪੰਚਕੂਲਾ, ਚੰਡੀ ਮੰਦਰ, ਮਿਲਟਰੀ ਦੀ ਛਾਉਣੀ, ਸੂਰਜਪੁਰ ਸੀਮੈਂਟ ਫੈਕਟਰੀ, ਐਚ. ਐਮ. ਟੀ. ਫੈਕਟਰੀ, ਪਿੰਜੌਰ ਗਾਰਡਨ ਜਿਸ ਨੂੰ ਯਾਦਵਿੰਦਾ ਗਾਰਡਨ ਜਾਂ ਮੁਗਲ ਗਾਰਡਨ ਵੀ ਕਹਿੰਦੇ ਹਨ, ਪੁਰਾਤਨ ਮੰਦਰ ਅਤੇ ਕਾਲਕਾ ਸ਼ਹਿਰ ਸੀ ਜਿਥੋਂ ਸ਼ਿਮਲੇ ਨੂੰ ਜਾਂਦੀਆਂ ਪਹਾੜੀਆਂ ਦੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ।

ਭਾਵੇਂ ਫਿਰੋਜ਼ਪੁਰ ਨੂੰ ਛਡਣ ਲਗਿਆਂ ਮੇਰੇ ਦਿਲ ਨੂੰ ਹੌਲ ਪੈਂਦੇ ਸਨ ਕਿਉਂਕਿ ਮੈਂ ਆਪਣੀ ਉਮਰ ਦਾ 20 ਸਾਲ ਤੋਂ ਵੱਧ ਦਾ ਸਮਾਂ ਏਥੇ ਗੁਜ਼ਾਰਿਆ ਸੀ ਅਤੇ ਇਹ ਸ਼ਹਿਰ, ਇਸ ਸ਼ਹਿਰ ਦੀਆਂ ਗਲੀਆਂ ਮੁਹੱਲੇ, ਆਲੇ ਦਵਾਲੇ ਦੇ ਪਿੰਡ, ਇਲਾਕਾ ਤੇ ਉਹਨਾਂ ਵਿਚ ਰਹਿਣ ਵਾਲੇ ਲੋਕ, ਸਤਲੁਜ ਦਰਿਆ, ਹਿੰਦ ਪਾਕ ਨੂੰ ਵੰਡਦਾ ਹੁਸੈਨੀ ਵਾਲਾ ਬਾਰਡਰ, ਸ਼ਹੀਦ ਭਗਤ, ਰਾਜਗੁਰੂ ਅਤੇ ਸੁਖਦੇਵ ਦੀਆਂ ਸਮਾਧੀਆਂ, ਇਥੋਂ ਦੀ ਮਿੱਟੀ, ਹਵਾ ਤੇ ਬਾਰਡਰ ਤੇ ਰਹਿਣ ਵਾਲਿਆਂ ਦਾ ਲੋਕ ਜੀਵਨ ਤੇ ਇਥੇ ਸ਼ਿਕਾਰ ਖੇਡਣਾ ਮੇਰੀਆਂ ਯਾਦਾਂ ਦਾ ਅਹਿਮ ਹਿੱਸਾ ਸਨ। ਇਹ ਸਭ ਮੇਰੇ ਰੋਮ ਰੋਮ ਵਿਚ ਵੱਸੇ ਹੋਏ ਸਨ। ਉਹਨਾਂ ਦਿਨਾਂ ਵਿਚ ਫਿਰੋਜ਼ਪੁਰ ਛਾਉਣੀ ਤੋਂ ਪਿਆਰਾ ਸਿੰਘ ਦੇ ਪੈਟਰੋਲ ਪੰਪ ਤੋਂ ਸਵੇਰੇ ਚਾਰ-ਪੰਜ ਵਜੇ ਦੇ ਕਰੀਬ ਟ੍ਰਿਬਿਊਨ ਅਖਬਾਰ ਦੀਆਂ ਗੱਡੀਆਂ ਹਾਕਰਾਂ ਨੂੰ ਅਖਬਾਰਾਂ ਸੁਟ ਕੇ ਵਾਪਸ ਚੰਡੀਗੜ੍ਹ ਨੂੰ ਜਾਂਦੀਆਂ ਸਨ। ਆਉਣ ਲਗਿਆਂ ਤਾਂ ਇਹ ਗਡੀਆਂ ਅਖਬਾਰਾਂ ਨਾਲ ਭਰੀਆਂ ਹੁੰਦੀਆਂ ਸਨ ਪਰ ਵਾਪਸੀ ਤੇ ਲੁਧਿਆਣੇ ਅਤੇ ਚੰਡੀਗੜ੍ਹ ਦੀਆਂ ਸਵਾਰੀਆਂ ਚੁਕਦੀਆਂ ਸਨ ਅਤੇ ਅਕਸਰ ਤਿੰਨਾਂ ਘੰਟਿਆਂ ਵਿਚ ਚੰਡੀਗੜ੍ਹ ਲਾ ਦੇਂਦੀਆਂ ਸਨ। ਇਹਨਾਂ ਨੂੰ ਦਿਨ ਲੁਧਿਆਣੇ ਜਾ ਕੇ ਚੜ੍ਹਦਾ ਸੀ। ਇਹਨਾਂ ਦਾ ਕਿਰਾਇਆ ਬੱਸਾਂ ਨਾਲੋਂ ਥੋੜ੍ਹਾ ਜਿਹਾ ਵਧ ਹੁੰਦਾ ਸੀ ਪਰ ਇਹਨਾਂ ਵਿਚ ਸੀਟ ਮਿਲ ਜਾਣ ਨਾਲ ਸਫਰ ਬਹੁਤ ਜਲਦੀ ਤਹਿ ਹੋ ਜਾਂਦਾ ਸੀ। ਫਿਰੋਜ਼ਪੁਰ ਤੋਂ ਚੰਡੀਗੜ੍ਹ ਬੱਸ ਤੇ ਜਾਣ ਨਾਲ ਦੇ ਲਗ ਭਗ 6 ਘੰਟੇ ਲਗਦੇ ਸਨ ਅਤੇ ਇਹ ਬੱਸਾਂ ਰਾਹ ਵਿਚ ਅਨੇਕਾਂ ਅਡਿਆਂ ਤੇ ਰੁਕਦੀਆ, ਸਵਾਰੀਆਂ ਚੜ੍ਹਾਉਂਦੀਆਂ ਤੇ ਲਾਹੁੰਦੀਆਂ ਜਾਂਦੀਆਂ ਬੜਾ ਸਮਾਂ ਖਰਾਬ ਕਰਦੀਆਂ ਸਨ। ਇਹ ਟ੍ਰੀਬਿਊਨ ਟੈਕਸੀਆਂ ਜੋ ਆਮ ਤੌਰ ਤੇ ਐਮਬੈਸੇਡਰ ਗੱਡੀਆ ਹੁੰਦੀਆਂ ਸਨ, ਵਿਚ ਜਾਣ ਦੀ ਇਕ ਬੜੀ ਵਡੀ ਮੁਸੀਬਤ ਇਹ ਵੀ ਹੁੰਦੀ ਸੀ ਕਿ ਇਹਨਾਂ ਵਿਚ ਗੱਡੇ ਜਾਂ ਟਰੱਕ ਤੇ ਤੁੰਨ ਤੁੰਨ ਕੇ ਲੱਦੀ ਤੂੜੀ ਵਾਂਗ ਸਵਾਰੀਆਂ ਵੀ ਤੁੰਨ ਤੁੰਨ ਕੇ ਲੱਦੀਆਂ ਹੁੰਦੀਆਂ ਸਨ ਅਤੇ ਕਈ ਵਾਰ ਸਾਹ ਲੈਣਾ ਵੀ ਔਖਾ ਹੋ ਜਾਂਦਾ ਸੀ। ਰਾਹ ਵਿਚ ਜੇ ਪੇਸ਼ਾਬ ਆ

ਜਾਵੇ ਤਾਂ ਇਹਨਾਂ ਨੂੰ ਰੋਕ ਕੇ ਜਿਥੇ ਉਤਰਣਾ ਬੜਾ ਔਖਾ ਸੀ, ਓਥੇ ਇਹਨਾਂ ਵਿਚ ਦੋਬਾਰਾ ਚੜ੍ਹਨਾ ਵੀ ਬੜਾ ਔਖਾ ਸੀ। ਅਜੀਤ ਅਤੇ ਹਿੰਦ ਸਮਾਚਾਰ ਤੇ ਪੰਜਾਬ ਕੇਸਰੀ ਅਖਬਾਰਾਂ ਦੀਆਂ ਗਡੀਆਂ ਵੀ ਫਿਰੋਜ਼ਪੁਰ ਆਉਂਦੀਆਂ ਸਨ ਪਰ ਵਾਪਸੀ ਤੇ ਸਿਰਫ ਲੁਧਿਆਣਾ ਤੇ ਜਲੰਧਰ ਦੀਆਂ ਸਵਾਰੀਆਂ ਹੀ ਚੁਕਦੀਆਂ ਸਨ।

ਮੈਂ ਟ੍ਰੀਬਿਊਨ ਟੈਕਸੀ ਤੇ ਚੰਡੀਗੜ੍ਹ ਜਾਣ ਦਾ ਫੈਸਲਾ ਕਰ ਲਿਆ ਪਰ ਇਸ ਵਿਚ ਔਕੜ ਇਹ ਸੀ ਕਿ ਇਹ ਟੈਕਸੀ ਫਿਰੋਜ਼ਪੁਰ ਸ਼ਹਿਰ ਵਿਚ ਘੱਟ ਆਉਂਦੀ ਸੀ ਕਿਉਂਕਿ ਇਸ ਨੂੰ ਫਿਰੋਜ਼ਪੁਰ ਛਾਉਣੀ ਤੋਂ ਹੀ ਵਾਧੂ ਸਵਾਰੀਆਂ ਮਿਲ ਜਾਂਦੀਆਂ ਸਨ। ਸਵੇਰੇ ਸਵੇਰੇ ਸ਼ਹਿਰ ਤੋਂ ਛਾਉਣੀ ਜਾਣ ਦੀ ਬੜੀ ਦਿੱਕਤ ਸੀ। ਬਹੁਤ ਸਵਖਤੇ ਰਿਕਸ਼ਾ ਵੀ ਘੱਟ ਹੀ ਮਿਲਦਾ ਸੀ। ਮੇਰੀ ਪਤਨੀ ਕਹਿਣ ਲੱਗੀ ਕਿ ਤੁਸੀਂ ਰਾਤ ਛਾਉਣੀ ਭੈਣ ਜੀ ਕੋਲ ਜਾ ਕੇ ਠਹਿਰ ਜਾਓ ਤੇ ਸਵੇਰੇ ਚਾਰ ਵਜੇ ਟੈਕਸੀ ਫੜ ਕੇ ਅਠ ਵਜੇ ਤੋਂ ਪਹਿਲਾਂ ਚੰਡੀਗੜ੍ਹ ਪਹੁੰਚ ਜਾਣਾ। ਜੇ ਬੱਸ ਤੇ ਜਾਓਗੇ ਤਾਂ ਦੋ ਵਜੇ ਬਾਅਦ ਦੋਪਹਿਰ ਤੋਂ ਪਹਿਲਾਂ ਨਹੀਂ ਪਹੁੰਚ ਸਕੋਗੇ। ਇਕ ਤਰੀਕਾ ਇਹ ਵੀ ਸੀ ਕਿ ਰਾਤੀਂ ਦਸ ਵਜੇ ਦੇ ਕਰੀਬ ਫਿਰੋਜ਼ਪੁਰ ਛਾਉਣੀ ਤੋਂ ਚੰਡੀਗੜ੍ਹ ਨੂੰ ਰੇਲ ਗਡੀ ਚਲਦੀ ਸੀ। ਵਾਇਆ ਬਠਿੰਡਾ ਤੇ ਅੰਬਾਲਾ ਜਾਣ ਵਾਲੀ ਇਸ ਗੱਡੀ ਤੇ ਜਾਣ ਨਾਲ ਰਸਤੇ ਵਿਚ ਸਾਰੀ ਰਾਤ ਜਾਗਣਾ ਪੈਂਦਾ ਸੀ। ਲੰਮਾ ਰੂਟ ਹੋਣ ਕਰ ਕੇ ਇਸਦਾ ਕਿਰਾਇਆ ਵੀ ਬੱਸ ਨਾਲੋਂ ਜ਼ਿਆਦਾ ਸੀ। ਇਸ ਗਡੀ ਤੇ ਜਾਣ ਵਾਲੇ ਕਈ ਲੋਕ ਪਟਿਆਲੇ ਤੋਂ ਉਤਰ ਕੇ ਬਸ ਫੜ ਕੇ ਜਲਦੀ ਚੰਡੀਗੜ੍ਹ ਪਹੁੰਚ ਜਾਂਦੇ ਸਨ।

ਆਖਰ ਫਿਰੋਜ਼ਪੁਰ ਜਿਥੇ ਮੈਂ 20 ਸਾਲ ਰਿਹਾ ਸਾਂ, ਨੂੰ ਅਲਵਿਦਾ ਕਹਿਣ ਦਾ ਦਿਨ ਆ ਹੀ ਗਿਆ। ਮੈਂ ਲੋੜੀਂਦਾ ਜ਼ਰੂਰੀ ਸਾਮਾਨ ਬੈਗ ਵਿਚ ਪਾਇਆ ਤੇ ਲੇਟ ਸ਼ਾਮੀਂ ਫਿਰੋਜ਼ਪੁਰ ਛਾਉਣੀ ਬਿੰਦੂ ਦੇ ਘਰ ਆ ਗਿਆ। ਓਸ ਨੂੰ ਪਤਾ ਸੀ ਕਿ ਮੈਂ ਜਲਦੀ ਫਿਰੋਜ਼ਪੁਰ ਛਡ ਕੇ ਚੰਡੀਗੜ੍ਹ ਜਾ ਰਿਹਾ ਹਾਂ। ਚੰਡੀਗੜ੍ਹ ਵਿਚ ਅਫਸਰ ਚੁਣੇ ਜਾਣ ਤੋਂ ਬਾਅਦ ਬਿੰਦੂ ਨੂੰ ਮੈਂ ਦੂਜੀ ਜਾਂ ਤੀਜੀ ਵਾਰ ਮਿਲ ਰਿਹਾ ਸਾਂ। ਓਸ ਥੋੜ੍ਹਾ ਮੁਸਕਰਾ ਕੇ ਸਵਾਗਤ ਕੀਤਾ ਪਰ ਓਸ ਮੁਸਕਾਣ ਵਿਚੋਂ ਜ਼ਿੰਦਗੀ ਦੀ ਚਿਣਗ ਗੈਰ ਹਾਜ਼ਰ ਸੀ। ਠੰਡੇ ਪਾਣੀ ਦਾ ਗਲਾਸ ਪਿਆਇਆ ਤੇ ਰਾਤ ਦੇ ਖਾਣੇ ਬਾਰੇ ਪੁਛਿਆ। ਮੈਂ ਆਪਣਾ ਪਰੋਗਰਾਮ ਦੱਸ ਦਿਤਾ ਕਿ ਮੈਂ ਸਵੇਰੇ ਚਾਰ ਵਜੇ ਟ੍ਰੀਬਿਊਨ ਟੈਕਸੀ ਤੇ ਚੰਡੀਗੜ੍ਹ ਨਵੀਂ ਨੌਕਰੀ ਜਾਇਨ ਕਰਨ ਜਾ ਰਿਹਾ ਹਾਂ। ਬਾਰਾਂ ਵਜੇ ਤੋਂ ਪਹਿਲਾਂ ਦਫਤਰ ਹਾਜ਼ਰ ਹੋ ਜਾਵਾਂਗਾ। ਖਾਣਾ ਠਹਿਰ ਕੇ ਖਾਵਾਂਗਾ। ਉਸ ਦਾ ਜਵਾਬ ਸੀ ਕਿ ਜੋ ਖਾਣਾ ਹੈ ਮੈਂ ਬਣਾ ਦਿਆਂਗੀ ਪਰ ਸਵੇਰੇ ਰਸਤੇ ਵਿਚ ਭੁਖ ਲਗੇਗੀ ਅਤੇ ਦਿਨ ਨੂੰ ਨਵੀਂ ਥਾਂ ਤੇ ਪਤਾ ਨਹੀਂ ਰੋਟੀ ਕਿਥੇ ਖਾਣ ਜਾਓਗੇ। ਪਰੌਂਠੇ ਤਿਆਰ ਕਰ ਕੇ ਨਾਲ ਆਚਾਰ ਜਾਂ ਆਂਡਿਆਂ ਦੀ ਭੁਰਜੀ ਬਣਾ ਕੇ ਬੰਨ੍ਹ ਦਿਆਂਗੀ। ਮੈਂ ਕਿਹਾ ਬਿਲਕੁਲ ਠੀਕ ਰਹੇਗਾ। ਮਈ ਦਾ ਮਹੀਨਾ ਹੋਣ ਕਰ ਕੇ ਗਰਮੀ ਬਹੁਤ ਜ਼ਿਆਦਾ ਸੀ। ਛੱਤ ਦੇ ਪਖੇ ਵਿਚੋਂ ਵੀ ਗਰਮ ਹਵਾ ਆ ਰਹੀ ਸੀ। ਮੈਂ ਹਲਕਾ ਭੋਜਨ ਕਰ ਕੇ ਸੌਂ ਜਾਣਾ ਚਹੁੰਦਾ ਸਾਂ ਕਿਉਂਕਿ ਸਵੇਰੇ ਬਹੁਤ ਜਲਦੀ ਉਠ ਕੇ ਤਿਆਰ ਹੋਣਾ ਸੀ। ਰਾਤ ਪੈਣੀ ਸ਼ੁਰੂ ਹੋ ਗਈ ਸੀ। ਬਿੰਦੂ ਦੀ ਆਦਤ ਤਾਂ ਪਹਿਲਾਂ ਹੀ ਬਹੁਤ ਘੱਟ ਬੋਲਣ ਦੀ ਸੀ ਅਤੇ ਗੰਭੀਰਤਾ ਹੀ ਉਸਦੇ ਅਸਤਿਤਵ ਅਤੇ ਹੁਸਨ ਦਾ ਗਹਿਣਾ ਸੀ। ਰੋਟੀ ਖਾਣ ਤੀਕ ਰਾਤ ਦੇ ਦਸ ਵਜ ਗਏ ਸਨ। ਬਿਜਲੀ ਚਲੀ ਗਈ ਤੇ ਜਿਥੇ ਹਨੇਰਾ ਹੋ ਗਿਆ, ਓਥੇ ਅਤਿ ਦੀ ਗਰਮੀ ਵੀ ਜਾਨ ਕਢਣ ਲੱਗੀ। ਮੈਂ ਪਲੰਘ ਤੇ ਲੇਟਿਆ ਹੋਇਆ ਸਾਂ ਤੇ ਓਸ ਮੋਮ ਬੱਤੀ ਜਗਾ ਕੇ ਹਲਕੀ ਰੋਸ਼ਨੀ ਕੀਤੀ ਅਤੇ ਮੇਰੇ ਲਾਗੇ ਬੈਠ ਪਖੀ ਝੱਲਣ ਲੱਗੀ। ਗਰਮੀ ਤੋਂ ਕੁਝ ਰਾਹਤ ਮਹਿਸੂਸ ਹੋਈ। ਮੋਮ ਬੱਤੀ ਦੀ ਰੋਸ਼ਨੀ ਵਿਚ ਉਹਦੇ ਚਿਹਰੇ ਤੇ ਆਉਂਦੇ ਕਈ ਕਿਸਮ ਦੇ ਉਤਰਾ ਚੜ੍ਹਾ ਨਜ਼ਰ ਆ ਰਹੇ ਸਨ। ਉਹਦੇ ਗੁਲਾਬੀ ਬੁਲ੍ਹ ਤੇ ਨਾਸਾਂ ਫਰਕ ਰਹੀਆਂ ਸਨ। ਲੱਗ ਰਿਹਾ ਸੀ ਕਿ ਉਹ ਕੋਈ ਗੱਲ ਕਰਨਾ ਚਹੁੰਦੀ ਹੈ ਪਰ ਅੰਦਰੋਂ ਗੱਲ ਨਿਕਲਣ ਤੋਂ ਪਹਿਲਾਂ ਉਹਦੇ ਬੁਲ੍ਹਾਂ ਤੇ ਆ ਕੇ ਰੁਕ ਜਾਂਦੀ ਹੈ। ਉਹਦੀਆਂ ਅੱਖਾਂ ਵੀ ਪੱਥਰ ਹੁੰਦੀਆਂ ਜਾ ਰਹੀਆਂ ਸਨ। ਉਹਦਾ ਪਰੀਆਂ ਵਰਗਾ ਰੂਪ, ਹੁਸਨ ਤੇ ਕਿਤਾਬੀ ਚਿਹਰਾ ਅਜੀਬ ਜਹੀ ਡਰਾਉਣੀ ਸ਼ਕਲ ਵਿਚ ਵਟਦਾ ਜਾ ਰਿਹਾ ਸੀ। ਉਸ ਨੂੰ ਬਹੁਤ ਹਿਤਾਸ਼ ਹੁੰਦੇ ਵੇਖ ਮੈਂ ਹੌਲੀ ਜਹੀ ਪੁਛਿਆ, ਬਿੰਦੂ ਕੀ ਗੱਲ ਹੈ? ਤੂੰ ਐਨੀ ਉਦਾਸ ਕਿਉਂ ਹੈਂ? ਅਚਾਣਕ ਓਸ ਹੁਬਕੀਂ ਹੁਬਕੀਂ ਰੋਣਾ ਸ਼ੁਰੂ ਕਰ ਦਿਤਾ ਤੇ ਆਪਣਾ ਸਿਰ ਤੇ ਚਿਹਰਾ ਮੇਰੀ ਛਾਤੀ ਵਿਚ ਗੱਡ ਦਿਤਾ। ਉਸਦਾ ਰੋਣਾ ਬੰਦ ਨਹੀਂ ਹੋ ਰਿਹਾ ਸੀ। ਮੈਂ ਹੌਲੇ ਹੌਲੇ ਤੇ ਬਹੁਤ ਪੋਲਾ ਪੋਲਾ ਉਸਦਾ ਸਿਰ ਪਲੋਸ ਰਿਹਾ ਸਾਂ ਪਰ ਉਸਦਾ ਰੋਣਾ ਬੰਦ ਨਹੀਂ ਹੋ ਰਿਹਾ ਸੀ। ਮੈਂ ਉਹਦਾ ਸਿਰ ਉਤਾਂਹ ਚੁਕਣ ਦੀ ਕੋਸ਼ਿਸ਼ ਕੀਤੀ ਪਰ ਉਸ ਪੂਰੇ ਜ਼ੋਰ ਨਾਲ ਆਪਣੇ ਹੱਥਾਂ ਦੀ ਗਲਵਕੜੀ ਦੀ ਜਕੜ ਮੇਰੇ ਤਨ ਦਵਾਲੇ ਮਜ਼ਬੂਤ ਕਰ ਦਿਤੀ। ਉਸ ਦਾ ਰੋਣ ਕਦੀ ਉਚਾ ਹੋ ਜਾਂਦਾ ਕਦੀ ਨੀਵਾਂ। ਮੈਂ ਮਹਿਸੂਸ ਕਰ ਰਿਹਾ ਸਾਂ ਕਿ ਮੇਰੀ ਛਾਤੀ ਨੂੰ ਢਕਦੀ ਮੇਰੀ ਬਨੈਣ ਉਹਦੇ ਅਥਰੂਆਂ ਨਾਲ ਭਿਜ ਗਈ ਸੀ। ਉਹਦੇ ਸਿਰ ਤੇ ਫਿਰਦੇ ਮੇਰੇ ਹਥ ਹੁਣ ਉਸਦੀ ਕੰਡ ਤੇ ਫਿਰ ਰਹੇ ਸਨ। ਉਸਦਾ ਜਿਸਮ ਮੇਰੇ ਜਿਸਮ ਨਾਲ ਚਿੰਬੜ ਜਾਣ ਨਾਲ ਉਹਦੀ ਹੁਬਕਣ ਅਤੇ ਉਖੜੇ ਸਾਹ ਮੇਰੀ ਛਾਤੀ ਵਿਚ ਵਜ ਰਹੇ ਸਨ। ਬਹੁਤ ਦੇਰ ਰੋਣ ਤੋਂ ਬਾਅਦ ਉਸਨੇ ਆਪਣਾ ਸਿਰ ਉਚਾ ਚੁਕਿਆ ਤੇ ਮੈਂ ਵੇਖਿਆ ਕਿ ਉਹਦੀਆਂ ਅਖਾਂ ਦਾ ਰੰਗ ਲਾਲ ਹੋ ਗਿਆ ਸੀ। ਓਸ ਤਰਲੇ ਲੈਂਦਿਆਂ ਕਿਹਾ, "ਤੂੰ ਚੰਡੀਗੜ੍ਹ ਨਾ ਜਾ, ਜਿੰਨੀ ਵਧ ਤਨਖਾਹ ਓਥ ਮਿਲਣੀ ਹੈ, ਓਨੇ ਪੈਸੇ ਮੈਥੋਂ ਲੈ ਲਿਆ ਕਰ"।
"ਇਹ ਕਿਵੇਂ ਹੋ ਸਕਦਾ ਹੈ, ਮੈਂ ਇਕ ਛੋਟਾ ਮੋਟਾ ਅਫਸਰ ਬਣ ਕੇ ਚੰਡੀਗੜ੍ਹ ਜਾ ਰਿਹਾ ਹਾਂ। ਏਥੇ ਫਿਰੋਜ਼ਪੁਰ ਵਿਚ ਮੇਰਾ ਕੋਈ ਭਵਿਸ਼ ਨਹੀਂ ਹੈ"।

"ਮੈਂ ਸੋਚਿਆ ਸੀ ਕਿ ਮੇਰੀ ਬਾਕੀ ਉਮਰ ਤੇਰੇ ਅਤੇ ਤੇਰੇ ਪਰਵਾਰ ਦੇ ਸਚੇ ਪਿਆਰ ਦੇ ਆਸਰੇ ਨਿਕਲ ਜਾਵੇਗੀ। ਮੈਂ ਸਭ ਦੀ ਸੇਵਾ ਕਰਾਂਗੀ। ਹੋਰ ਹੁਣ ਏਸ ਦੁਨੀਆ ਵਿਚ ਮੇਰਾ ਕੌਣ ਹੈ? ਤੇਰੀ ਹਰ ਅਦਾ ਮੇਰੀ ਪਸੰਦ ਸੀ, ਚੰਗੀ ਜਾਂ ਮਾੜੀ।"
ਉਸਦੇ ਬੋਲ ਮੇਰੇ ਸੀਨੇ ਵਿਚ ਗੋਲੀ ਵਾਂਗ ਵਜ ਰਹੇ ਸਨ। ਉਸ ਦੇ ਉਤਸ਼ਾਹ ਨਾਲ ਮੈਂ ਅਗੇ ਵਧਿਆ ਸਾਂ ਤੇ ਹੁਣ ਉਹ ਮੈਨੂੰ ਰੁਕਣ ਲਈ ਕਹਿ ਰਹੀ ਸੀ।
"ਇਹ ਨਹੀਂ ਹੋ ਸਕਦਾ। ਤੇਰੇ ਦੁਖ ਸੁਖ ਵਿਚ ਸ਼ਾਮਲ ਹੁੰਦੇ ਰਹਾਂਗੇ ਪਰ ਹੁਣ ਮੈਂ ਰੁਕ ਨਹੀਂ ਸਕਦਾ। ਮੈਂ ਸਵੇਰੇ ਹਰ ਹਾਲਤ ਵਿਚ ਜਾਣਾ ਹੈ ਅਤੇ ਅਗੇ ਜਾ ਕੇ ਨਵੀਂ ਨੌਕਰੀ ਦਾ ਚਾਰਜ ਲੈਣਾ ਹੈ। ਜੇ ਤੂੰ ਵਾਕਿਆ ਹੀ ਇਕ ਸੱਚੀ ਦੋਸਤ ਹੈਂ ਤਾਂ ਮੈਨੂੰ ਆਪਣੀਆਂ ਸ਼ੁਭ ਇਛਾਵਾਂ ਦੇ। ਮੈਂ ਕੋਈ ਦੇਸ਼ ਛਡ ਕੇ ਨਹੀਂ ਜਾ ਰਿਹਾ, ਸਿਰਫ ਸ਼ਹਿਰ ਛਡ ਕੇ ਹੀ ਜਾ ਰਿਹਾ ਹਾਂ ਜੋ ਸਿਰਫ ਛੇ ਘੰਟੇ ਦੀ ਦੂਰੀ ਤੇ ਹੈ। ਸ਼ਾਇਦ ਮਹੀਨੇ ਵਿਚ ਇਕ ਅਧ ਵਾਰ ਮੁਲਾਕਾਤ ਹੁੰਦੀ ਰਹੇਗੀ। ਜਦੋਂ ਮੈਂ ਓਥੇ ਮਕਾਨ ਲੈ ਲਿਆ ਤਾਂ ਸਾਨੂੰ ਓਥੇ ਮਿਲਣ ਆਂਦੇ ਰਹਿਣਾ। ਸਾਰਾ ਪਰਵਾਰ ਤੁਹਾਡਾ ਆਪਣਾ ਹੈ। ਇਕ ਦੂਜੇ ਦੇ ਦੁਖ ਸੁਖ ਦੇ ਭਾਈਵਾਲ ਰਹੇ ਹਾਂ ਅਤੇ ਰਹਾਂਗੇ। ਤੂੰ ਆਪ ਹੀ ਤਾਂ ਕਿਹਾ ਸੀ ਕਿ ਮੈਂ ਤੈਨੂੰ ਇਕ ਅਫਸਰ ਬਣਿਆ ਵੇਖਣਾ ਚਹੁੰਦੀ ਹਾਂ। ਹੁਣ ਇਹ ਹੰਝੂਆਂ ਭਰੀ ਵਿਦਾਇਗੀ ਬੰਦ ਕਰੋ"।

ਬਿਜਲੀ ਆ ਗਈ ਸੀ ਅਤੇ ਬਿੰਦੂ ਨੇ ਰੋਣਾ ਬੰਦ ਕਰ ਦਿਤਾ। ਮੈਂ ਹੰਝੂਆਂ ਭਰੀ ਬਨੈਣ ਲਾਹ ਕੇ ਪਾਸੇ ਰੱਖ ਦਿਤੀ। ਉਹ ਉਠੀ, ਬਨੈਣ ਧੋਤੀ ਤੇ ਨਿਚੋੜ ਕੇ ਸੁਕਣੇ ਪਾ ਦਿਤੀ। ਆਪਣੇ ਗਮਗੀਨ ਚਿਹਰੇ ਵਾਲਾ ਸਿਰ ਫਿਰ ਮੇਰੀ ਛਾਤੀ ਵਿਚ ਗੱਡ ਦਿਤਾ। ਇਕ ਪੜ੍ਹੀ ਲਿਖੀ, ਹੁਸੀਨ, ਪ੍ਰਤਿਭਾਵਾਨ, ਪਵਿਤਰ ਤੇ ਕੋਮਲ ਦੇਵੀ ਜਿਸ ਦੀ ਆਤਮਾ ਠੰਡੇ ਪਰਬਤ ਦੇ ਹਿੰਮ ਬੁੱਤ ਤੇ ਨਗਨ ਖੜ੍ਹੀ ਸੀ, ਆਪਣੇ ਅੰਦਰਲੇ ਮਘਦੇ ਅੰਗਿਆਰਾਂ ਦੇ ਫੁੱਲ ਬਣ ਕੇ ਮੇਰੇ ਮਕਰੀ ਪਾਣੀਆਂ ਅੰਦਰ ਡੁਬ ਰਹੀ ਸੀ। ਮੈਂ ਉਹਦੇ ਵੈਣ ਸੁਣਨ ਦੇ ਕਾਬਲ ਨਹੀਂ ਸਾਂ ਕਿਉਂਕਿ ਦੁਧ ਤਾਂ ਪਥਰਾਂ ਤੇ ਰੁੜ੍ਹਦਾ ਜਾ ਰਿਹਾ ਸੀ। ਗੰਗਾ, ਜਮਨਾ, ਪਦਮ, ਸਰੀ ਦੇ ਕਿੰਨੇ ਰੰਗਲੇ ਰੇਸ਼ਮ ਮੇਰੇ ਤਨ ਮਨ ਦਵਾਲੇ ਵਲੇ ਗਏ ਸਨ। ਏਨਾ ਕੁਝ ਮੇਰੀ ਸੋਚ ਸ਼ਕਤੀ ਦੀ ਹੱਦ ਤੋਂ ਬਾਹਰ ਸੀ। ਸਾਰੀ ਰਾਤ ਮੇਰੀ ਛਾਤੀ ਤੇ ਚੋਏ ਉਸਦੇ ਦਰਦ ਨੇ ਭਾਵੇਂ ਮੈਨੂੰ ਹਿਲਾ ਕੇ ਰੱਖ ਦਿਤਾ ਸੀ ਪਰ ਉਹ ਤਾਂ ਆਪਣੇ ਪਾਕ ਪਵਿਤਰ ਨਾਂ ਥਲੇ ਸੁਰਜੀਤ ਹੋਣ ਦੀ ਥਾਂ ਛਲੀ ਗਈ ਸੀ। ਉਸ ਨੂੰ ਇਸ ਘੜੀ ਦਾ ਪਤਾ ਨਹੀਂ ਸੀ ਕਿ ਸਿਖਰਾਂ ਖੋਰੇ ਪਰਬਤ ਨੇ ਵੀ ਸਮੇਂ ਦੇ ਨਾਲ ਉਡ ਜਾਣਾ ਹੈ। ਬਿੰਦੂ ਬੂੰਦ ਬਣੀ, ਬਰਖਾਂ ਦੀ ਕਣੀ ਬਣੀ ਤੇ ਸਾਗਰ ਵਿਚ ਡੁਬ ਕੇ ਸਾਗਰ ਬਣ ਗਈ। ਉਸਦੀ ਅੰਦਰਲੀ ਮਿੱਟੀ ਨੂੰ ਮੋਤੀ ਤੇ ਉਸਦੇ ਅੰਦਰਲੇ ਜਲ ਦੇ ਕਿਣਕੇ ਨੂੰ ਅਮ੍ਰਿਤ ਬਣਨਾ ਆਉਂਦਾ ਸੀ।

ਪਖੇ ਦੀ ਹਵਾ ਨਾਲ ਸਵੇਰ ਤਕ ਬਨੈਣ ਸੁੱਕ ਗਈ ਸੀ। ਮੈਂ ਜਦ ਸਵੇਰੇ ਦੂਜੀ ਬਨੈਣ ਪਾਉਣ ਲੱਗਾ ਤਾਂ ਬਿੰਦੂ ਨੇ ਰਾਤ ਦੇ ਹੰਝੂਆਂ ਵਾਲੀ ਧੋਤੀ ਬਨੈਣ ਮੇਰੇ ਗਲ ਪਾ ਦਿਤੀ। ਉਹ ਬਨੈਣ ਪਾ ਕੇ ਮੈਂ ਟੈਕਸੀ ਵਿਚ ਬੈਠ ਜਦੋਂ ਚੰਡੀਗੜ੍ਹ ਨੂੰ ਜਾ ਰਿਹਾ ਸਾਂ ਤਾਂ ਧੋਤੇ ਜਾਣ ਦੇ ਬਾਵਜੂਦ ਬਨੈਣ ਵਿਚ ਸਮੋਏ ਉਹਦੇ ਕੋਸੇ ਹੰਝੂ ਮੇਰੇ ਪਿੰਡੇ ਨੂੰ ਚੁਭ ਰਹੇ ਸਨ ਤੇ ਤਿਪ ਤਿਪ ਕਰ ਕੇ ਮੇਰੀ ਆਤਮਾ ਦੇ ਅਹਿਸਾਸਾਂ ਉਤੇ ਡਿਗ ਰਹੇ ਸਨ। ਬਿੰਦੂ ਦੇ ਇਹਨਾਂ ਹੰਝੂਆਂ ਦੀ ਬਰਸਾਤ ਨੂੰ ਜ਼ਿੰਦਗੀ ਵਿਚ ਮੈਂ ਕਦੀ ਵੀ ਭੁੱਲ ਨਾ ਸਕਿਆ। ਇਸ ਤਰ੍ਹਾਂ ਦੀ ਸਥਿਤੀ ਦੇ ਪਥਰ ਹੋਈਆਂ ਅਖਾਂ ਵਿਚੋਂ ਕਿਰੀ ਬਰਸਾਤ ਦੇ ਹੰਝੂ ਮੇਰੀ ਵਿਕੋਲਿਤਰੀ ਜ਼ਿੰਦਗੀ ਵਿਚ ਦੋ ਵਾਰ ਆਏ ਸਨ, ਇਕ ਵਾਰ ਓਸ ਵੇਲੇ ਜਦ ਮੈਂ ਮਹਿਕ ਨੂੰ ਉਸ ਦੇ ਵਿਆਹ ਤੋਂ ਪਹਿਲਾਂ ਆਖਰੀ ਵਾਰ ਮਿਲਣ ਲਈ ਗਿਆ ਸਾਂ ਅਤੇ ਦੂਜੀ ਵਾਰ ਇਸ ਵੇਲੇ ਜਦ ਮੈਂ ਬਿੰਦੂ ਤੇ ਫਿਰੋਜ਼ਪੁਰ ਨੂੰ ਅਲਵਿਦਾ ਕਹਿ ਰਿਹਾ ਸਾਂ। ਟੈਕਸੀ ਪੂਰੀ ਸਪੀਡ ਨਾਲ ਭੱਜੀ ਜਾ ਰਹੀ ਸੀ ਅਤੇ ਮੇਰੇ ਖਿਆਲਾਂ ਦਾ ਤਾਣਾ ਬਾਣਾ ਫਿਰੋਜ਼ਪੁਰ ਤੋਂ ਚੰਡੀਗੜ੍ਹ ਪਹੁੰਚ ਕੇ ਨਵਾਂ ਜੀਵਨ ਸ਼ੁਰੂ ਕਰਨ ਦੇ ਚੱਕਰ ਕਢਣ ਲਗ ਪਿਆ ਸੀ। ਜਿਥੇ ਟੈਕਸੀ ਨੇ ਮੈਨੂੰ ਲਾਹਿਆ, ਓਥੋਂ ਥਰੀ ਵੀਲਰ ਲੈ ਕੇ ਮੈਂ ਚੌਧਰੀ ਦੇਵੀ ਲਾਲ ਦੇ ਘਰ 28 ਸੈਕਟਰ ਵਿਚ ਪਹੁੰਚ ਗਿਆ। ਸਾਮਾਨ ਉਸ ਦੇ ਘਰ ਰਖਿਆ, ਮੂੰਹ ਹਥ ਧੋ ਕੇ ਚਾਹ ਦਾ ਕੱਪ ਪੀਤਾ। ਦੇਵੀ ਲਾਲ ਆਪਣੇ ਮੋਟਰ ਸਾਈਕਲ ਤੇ ਮੈਨੂੰ ਦਫਤਰ ਦੇ ਬਾਹਰ ਛਡ ਆਇਆ ਤੇ ਬਾਰਾਂ ਵਜੇ ਤੋਂ ਪਹਿਲਾਂ ਮੈਂ ਪੰਜਾਬ ਸਕੂਲ ਸਿਖਿਆ ਬੋਰਡ ਦੇ ਕੋਠੀ ਨੰਬਰ 72, ਸੈਕਟਰ 8 ਵਿਚ ਜਾ ਕੇ ਆਪਣੀ ਹਾਜ਼ਰੀ ਰੀਪੋਰਟ ਦੇ ਦਿਤੀ। ਡਾਇਰੈਕਟਰ ਜਗਦੀਸ਼ ਸਿੰਘ ਨੇ ਓ. ਐਸ. ਡੀ. ਨੂੰ ਬੁਲਾ ਕੇ ਕਿਹਾ ਕਿ ਮੈਨੂੰ ਮੇਰਾ ਕਮਰਾ ਵਖਾਇਆ ਜਾਵੇ। ਓ. ਐਸ. ਡੀ. ਸ. ਪਿਰਥੀਪਾਲ ਸਿੰਘ ਨੇ ਮੈਨੂੰ ਮੇਰਾ ਕਮਰਾ ਵਿਖਾਇਆ, ਬਰਾਂਚ ਦੇ ਇਨਚਾਰਜ ਅਸਿਸਟੰਟ ਸੈਕਸ਼ਨ ਅਫਸਰ ਵੀਰਭਾਨ ਸਿੰਘ ਨਾਲ ਮਿਲਾਇਆ। ਸੁਪਰਡੰਟ ਅਡਮਿੰਸਟਰੇਸ਼ਨ ਜਸਪਾਲ ਸਿੰਘ ਨੂੰ ਫੋਨ ਤੇ ਹਦਾਇਤ ਦਿਤੀ ਕੇ ਮੇਰਾ ਟੇਬਲ, ਸਟੇਸ਼ਨਰੀ, ਘੰਟੀ, ਨੇਮ ਪਲੇਟ ਆਦਿ ਤੁਰਤ ਮੁਹਈਆ ਕੀਤੇ ਜਾਣ। ਇਕ ਨੌਜਵਾਨ ਲੜਕੀ ਕਿਰਨ ਬਾਲਾ ਨੇ ਆ ਕੇ ਕਿਹਾ "ਸਰ ਮੈਂ ਤੁਹਾਡੀ ਸਟੈਨੋ ਹਾਂ। ਤੁਸੀਂ ਜਦੋਂ ਡਿਕਟੇਸ਼ਨ ਦੇਣੀ ਹੋਵੇ ਤਾਂ ਚਪੜਾਸੀ ਭੇਜ ਕੇ ਮੈਨੂੰ ਬੁਲਾ ਲੈਣਾ"। ਏਨੇ ਵਿਚ ਡਾਇਰੈਕਟਰ ਸਾਹਿਬ ਨੇ ਮੈਨੂੰ ਤੇ ਮਿਸਟਰ ਧਾਮੀ ਨੂੰ ਇਕਠੇ ਬੁਲਾ ਕੇ ਕਿਹਾ ਕਿ ਮਿਸਟਰ ਧਾਮੀ ਆਰ ਈ ਓ 1 ਅਤੇ ਮਿਸਟਰ ਮੋਮੀ ਆਰ ਈ ਓ 2 ਹੋਣਗੇ। ਫਾਈਲਾਂ ਮਾਰਕ ਹੋਣ ਵੇਲੇ ਇਹ ਸਾਡੀ ਪਛਾਣ ਹੋਵੇਗੀ। ਫਿਰ ਉਹਨਾਂ ਕਿਹਾ ਕਿ ਦਫਤਰ ਨਵਾਂ ਹੈ, ਕੰਮ ਬਹੁਤ ਹੈ ਅਤੇ ਸਾਨੂੰ ਸਾਰਿਆਂ ਨੂੰ ਟੀਮ ਬਣਾ ਕੇ ਕੰਮ ਕਰਨਾ ਹੋਵੇਗਾ। ਅਸੀਂ ਯੈਸ ਸਰ ਕਹਿ ਕੇ ਉਪਰ ਆ ਗਏ। ਕੁਝ ਚਿਰ ਬਾਅਦ ਚਪੜਾਸੀ ਥੱਬਾ ਕਾਗਜ਼ਾਂ ਦਾ ਮੇਰੇ ਮੇਜ਼ ਤੇ ਰਖ ਗਿਆ ਜਿਸ ਤੇ ਅੰਗਰੇਜ਼ੀ ਵਿਚ ਆਰ.

ਈ. ਓ. 2 ਮਾਰਕ ਕੀਤਾ ਹੋਇਆ ਸੀ ਅਤੇ ਖਰੜਿਆਂ ਦਾ ਸਾਰਾ ਥੱਬਾ ਪੜ੍ਹ ਕੇ ਉਸ ਵਿਚੋਂ ਵਿਚੋਂ ਮਈ ਮਹੀਨੇ ਦੇ ਪੰਖੜੀਆਂ ਦੇ ਮੈਗਜ਼ੀਨ ਲਈ ਮੈਟਰ ਤਿਆਰ ਕਰਨਾ ਸੀ।

ਅਗਲੀ ਵਾਰ ਪੜ੍ਹੋ:-ਨਵਾਂ ਦਫਤਰ-ਨਵਾਂ ਸ਼ਹਿਰ-ਨਵੀਆਂ ਗੱਲਾਂ:-